# ਸਿੱਖ ਮਿਸਲਾਂ ਦਾ ਇਤਿਹਾਸ

ੴ ਸਤਿਗੁਰੂ ਪ੍ਰਸਾਦਿ ॥

# ਸਿੱਖ ਮਿਸਲਾਂ ਦਾ ਇਤਿਹਾਸ

ਲੇਖਕ
**ਡਾ. ਪਰਮਜੀਤ ਸਿੰਘ 'ਮਾਨਸਾ'**

*Sikh Mislan Da Itihaas*

*by*

**Dr Parmjeet Singh Mansa ©**
# 104 ਬਾਬਾ ਦੀਪ ਸਿੰਘ ਨਗਰ,
ਢੁਡੀਆਂ ਵਾਲ ਰੋਡ, ਵਾਰਡ ਨੰ. 4
ਸਾਹਮਣੇ ਗੇਟ ਨੰ. 2,
ਰੇਲ ਕੋਚ ਫੈਕਟਰੀ, ਕਪੂਰਥਲਾ– 144602
ਮੋ. 9988351990

**ISBN :**
**Rs. 000/-**
**2024**
*Printed and Bound In India*

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

**ਸਮਰਪਣ**

ਉਨ੍ਹਾਂ ਮਹਾਨ ਸਿੰਘ ਸਿੰਘਣੀਆਂ ਨੂੰ ਜਿਨ੍ਹਾਂ ਨੇ
ਖ਼ਾਲਸਾ ਪੰਥ ਦੀ ਆਨ ਤੇ ਸ਼ਾਨ ਬਰਕਰਾਰ
ਰੱਖਣ ਲਈ ਬੇਅੰਤ ਅਸਹਿ ਤੇ ਅਕਹਿ
ਤਸੀਹੇ ਝੱਲੇ
ਤੇ
ਸ਼ਹਾਦਤਾਂ ਦਿੱਤੀਆਂ

# ਤਤਕਰਾ


ਭੂਮਿਕਾ ..... 9

**ਅਧਿਆਇ ਪਹਿਲਾ**

1. ਸਿੱਖ ਪੰਥ ਦਾ ਆਦਿ ਤੇ ਵਿਕਾਸ ..... 13

**ਅਧਿਆਇ ਦੂਜਾ**

2. ਖ਼ਾਲਸਾ ਰਾਜ ਦਾ ਸੰਸਥਾਪਕ : ਬਾਬਾ ਬੰਦਾ ਸਿੰਘ ਬਹਾਦਰ..... 44

**ਅਧਿਆਇ ਤੀਜਾ**

3. ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ..... 65
ਤੋਂ ਬਾਅਦ ਦੀਆਂ ਪਰਸਥਿਤੀਆਂ

**ਅਧਿਆਇ ਚੌਥਾ**

4. ਸਿੱਖ ਮਿਸਲਾਂ ਦਾ ਅਰੰਭ ਤੇ ਵਿਕਾਸ (ਸੰਖਿਪਤ)..... 111

**ਅਧਿਆਇ ਪੰਜਵਾਂ**

5. ਸਿੱਖ ਮਿਸਲਾਂ ਦਾ ਇਤਿਹਾਸ
ਭੰਗੀ ਮਿਸਲ ..... 121
ਆਹਲੂਵਾਲੀਆ ਮਿਸਲ ..... 132
ਰਾਮਗੜ੍ਹੀਆ ਮਿਸਲ ..... 177
ਕਨ੍ਹਈਆ ਮਿਸਲ ..... 213
ਨਕਈ ਮਿਸਲ ..... 219
ਡੱਲੇਵਾਲੀਆ ਮਿਸਲ ..... 223
ਸਿੰਘਪੁਰੀਆ ਮਿਸਲ ..... 228
ਨਿਸ਼ਾਨਾਂ ਵਾਲੀ ਮਿਸਲ ..... 235
ਸ਼ੁਕਰਚੱਕੀਆ ਮਿਸਲ ..... 237

ਮਹਾਰਾਜਾ ਰਣਜੀਤ ਸਿੰਘ : ਜੀਵਨ 'ਤੇ ਇੱਕ ਝਾਤ..... 254

ਮਹਾਰਾਜਾ ਰਣਜੀਤ ਸਿੰਘ ਦੀਆਂ ਮੁਹਿੰਮਾਂ ..... 273

ਕਰੋੜੀਆ ਮਿਸਲ ..... 333
ਮਿਸਲ ਸ਼ਹੀਦਾਂ ..... 340
ਫੂਲਕੀਆਂ ਮਿਸਲ ..... 346
ਰਿਆਸਤ ਪਟਿਆਲ਼ਾ ..... 352
ਰਿਆਸਤ ਨਾਭਾ ..... 420
ਰਿਆਸਤ ਜੀਂਦ ..... 431

**ਅਧਿਆਇ ਛੇਵਾਂ**

6. ਸਿੱਖ ਮਿਸਲਾਂ ਦਾ ਪ੍ਰਬੰਧਕੀ ਤੇ ਫ਼ੌਜੀ ਢਾਂਚਾ ..... 443

# ਭੂਮਿਕਾ

## ਹਉ ਮੂਰਖੁ ਕਾਰੈ ਲਾਈਆ

ਸੰਨ 1765 ਈ. ਦਾ ਸਾਲ ਪੰਜਾਬ ਦੀ ਧਰਤੀ ਉੱਤੇ ਸਿੱਖ ਸਰਦਾਰਾਂ ਦੀ ਰਾਜ ਸ਼ਕਤੀ ਦੀ ਸ਼ੁਰੂਆਤ ਦਾ ਸਾਲ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਲੈ ਕੇ ਇੱਕ ਲੰਮੀ ਖ਼ੂਨੀ ਜਦੋ ਜ਼ਹਿਦ ਅਤੇ ਅਨੇਕ ਉਤਰਾਵਾਂ ਚੜ੍ਹਾਵਾਂ ਵਿਚੋਂ ਇਹ ਸਮਾਂ ਪਰਾਪਤ ਹੋਇਆ ਸੀ। ਇਹ ਪਰਾਪਤੀ ਸਿੱਖ ਸਰਦਾਰਾਂ ਦੇ ਉਸ ਵਿਸ਼ਵਾਸ ਦੀ ਪਰਾਪਤੀ ਸੀ, ਜਿਸ ਤਹਿਤ ਉਨ੍ਹਾਂ ਨੇ ਹੱਸ-ਹੱਸ ਕੇ ਦੁੱਖ-ਤਸੀਹੇ ਝੱਲਦੇ ਹੋਇਆਂ ਨੇ ਸ਼ਹਾਦਤਾਂ ਦਿੱਤੀਆਂ ਸਨ। ਖ਼ਾਲਸੇ ਦਾ ਵਿਸ਼ਵਾਸ ਸੀ ਕਿ ਦਸਮ ਪਾਤਸ਼ਾਹ ਆਪਣੇ ਪੰਥ ਨੂੰ ਇੱਕ ਦਿਨ ਜ਼ਰੂਰ ਪੰਜਾਬ ਦੀ ਧਰਤੀ ਦਾ ਹੁਕਮਰਾਨ ਬਣਾਵੇਗਾ। ਇਹ ਜਿੱਤ ਸਿੱਖ ਸਰਦਾਰਾਂ ਦੀ ਉਸ ਦਰਿੜ੍ਹਤਾ ਦਾ ਪਰਤੀਕ ਸੀ, ਜਿਸ ਰਾਹੀਂ ਉਹ ਖ਼ੂਨੀ ਘੱਲੂਘਾਰਿਆਂ ਵਿੱਚੋਂ ਚਟਾਨ ਵਾਂਗ ਅਡੋਲ ਰਹਿੰਦਿਆਂ ਵਿਚਰੇ ਸਨ। ਖ਼ਾਲਸੇ ਦਾ ਭਰੋਸਾ ਸੀ ਕਿ ਉਸ ਨੂੰ ਸਿਰਫ਼ ਰਾਜ ਕਰਨ ਲਈ ਹੀ ਸਾਜਿਆ ਗਿਆ ਹੈ ਅਤੇ ਗ਼ਰੀਬਾਂ ਨੂੰ ਉੱਪਰ ਚੁੱਕਣਾ ਹੀ ਉਸ ਦਾ ਮਨੋਰਥ ਹੈ।

ਸਿੱਖ ਮਿਸਲਾਂ ਦੇ ਉਥਾਨ ਨਾਲ ਹੀ ਅਕਾਲੀ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਬਣ ਕੇ ਸਾਹਮਣੇ ਆ ਗਏ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716 ਈ.) ਤੋਂ ਲੈ ਕੇ ਮਿਸਲਾਂ ਦੇ ਰਾਜ ਦੀ ਸਥਾਪਤੀ ਤਕ ਪੰਜਾਬ ਦੀ ਧਰਤੀ 'ਤੇ ਜੋ ਵੀ ਸੰਘਰਸ਼ ਚੱਲਿਆ, ਉਸ ਵਿੱਚ ਸਿਰਫ਼ ਸਿੱਖ ਹੀ ਸ਼ਾਮਲ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਸਿੱਖ ਪੰਥ ਲਈ ਬੜੀ ਵਧੀਆ ਅਤੇ ਹਰ ਪੱਖ ਤੋਂ ਯੋਗ ਤੇ ਮਜ਼ਬੂਤ ਅਗਵਾਈ ਸੀ। ਇਸ ਕਰ ਕੇ ਇਸ ਸਮੇਂ ਦੌਰਾਨ (1706-1716) ਸ੍ਰੀ ਅਕਾਲ ਤਖ਼ਤ ਵਰਗੀ ਸੰਸਥਾ 'ਤੇ ਕੋਈ ਵੀ ਵੱਡੀ ਘਟਨਾ ਸਾਹਮਣੇ ਨਹੀਂ ਆਉਂਦੀ। ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਚਲੇ ਜਾਣ ਨਾਲ ਪੰਜਾਬ ਵਿੱਚ ਸਿੱਖੀ ਵਿੱਚ ਜ਼ਰੂਰ ਫ਼ਰਕ ਆ ਗਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਨਾਲ ਪੰਜਾਬ ਵਿੱਚ ਸਿੱਖੀ ਨੂੰ ਇੱਕ ਨਵੀਂ ਊਰਜਾ ਪ੍ਰਾਪਤ ਹੋਈ। ਢਹਿੰਦੀ ਕਲਾ ਵਿੱਚ ਜਾਂਦੀ-ਜਾਂਦੀ ਸਿੱਖੀ ਫਿਰ ਚੜ੍ਹਦੀ ਕਲਾ

ਵਿੱਚ ਆ ਗਈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਤੇ ਜ਼ੁਲਮਾਂ ਦੇ ਕਹਿਰ ਦੀ ਹਨੇਰੀ ਝੁੱਲਣ ਲੱਗੀ। ਸਿਰਾਂ ਦੇ ਮੁੱਲ ਪੈ ਗਏ। ਖੋਪਰੀਆਂ ਤਕ ਉੱਤਰ ਗਈਆਂ। ਬੰਦ-ਬੰਦ ਕੱਟੇ ਗਏ। ਮਨੂੰ ਦੀਆਂ ਜੇਲ੍ਹਾਂ ਵਿੱਚ ਸਵਾ-ਸਵਾ ਮਣ ਦੇ ਪੀਸਣ ਪੀਸੇ। ਉਹ ਵੀ ਆਪਣੇ ਬੱਚਿਆਂ ਨੂੰ ਝੋਲੀਆਂ ਵਿੱਚ ਪਾ ਕੇ ਖੰਨੇ-ਖੰਨੇ ਰੋਟੀ ਤੇ ਗੁਜ਼ਾਰਾ ਕੀਤਾ। ਆਪਣੀਆਂ ਅੱਖਾਂ ਸਾਹਮਣੇ ਬੱਚਿਆਂ ਨੂੰ ਜਿਊਂਦੇ-ਜੀਅ ਨੇਜ਼ਿਆਂ 'ਤੇ ਟੰਗਵਾਇਆ ਤੇ ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਕੇ ਮਾਵਾਂ ਦੇ ਗਲ਼ਾਂ ਵਿੱਚ ਪਾਏ ਗਏ। ਸਿੱਖਾਂ ਨੂੰ ਚਰਖੜੀਆਂ 'ਤੇ ਚੜ੍ਹਾਇਆ ਗਿਆ। ਦਰਬਾਰ ਸਾਹਿਬ ਦੀ ਬੇਹੁਰਮਤੀ ਮੱਸੇ ਰੰਘੜ ਨੇ ਕੀਤੀ। ਅਜਿਹੇ ਸਮੇਂ ਵਿੱਚ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਲਈ। ਭਾਈ ਮਨੀ ਸਿੰਘ ਜੀ ਨੇ ਸਮੁੱਚੇ ਪੰਥ ਨੂੰ ਯੋਗ ਅਗਵਾਈ ਪ੍ਰਦਾਨ ਕੀਤੀ। ਕਪੂਰ ਸਿੰਘ ਫ਼ੈਜ਼ਲਪੁਰੀਏ ਨੂੰ ਸਮੁੱਚੀ ਸਿੱਖ ਕੌਮ ਦਾ ਆਗੂ (ਜਥੇਦਾਰ) ਚੁਣਿਆ ਗਿਆ। ਸ੍: ਕਪੂਰ ਸਿੰਘ ਦੀ ਯੋਗ ਅਗਵਾਈ ਨੇ ਖ਼ਾਲਸਾ ਪੰਥ ਨੂੰ ਤਰੁਣਾ ਦਲ ਅਤੇ ਬੁੱਢਾ ਦਲ ਵਿੱਚ ਸੰਗਠਿਤ ਕੀਤਾ। ਸ੍: ਕਪੂਰ ਸਿੰਘ ਨੇ ਲਾਹੌਰ ਦੇ ਨਵਾਬ ਵਾਂਗ ਆਪਣੇ ਆਪ ਨੂੰ ਨਵਾਬ ਕਪੂਰ ਸਿੰਘ ਅਖਵਾਉਣਾ ਸ਼ੁਰੂ ਕੀਤਾ। ਉਹਨਾਂ ਤੋਂ ਬਾਅਦ ਸ੍. ਜੱਸਾ ਸਿੰਘ ਆਹਲੂਵਾਲੀਆ ਨੂੰ ਕੌਮ ਦਾ ਆਗੂ ਚੁਣਿਆ ਗਿਆ। ਸ੍. ਜੱਸਾ ਸਿੰਘ ਆਹਲੂਵਾਲੀਆ ਪੰਥ ਦਾ ਸੁਲਤਾਨ-ਉਲ-ਕੌਮ ਬਣ ਕੇ ਉਭਰਿਆ।

ਸਿੱਖ ਮਿਸਲਾਂ ਦਾ ਰਾਜ ਸਥਾਪਿਤ ਹੋਣ 'ਤੇ ਸਿੱਖ ਮਿਸਲਦਾਰ ਆਪੋ-ਆਪਣੇ ਇਲਾਕਿਆਂ ਦੇ ਸੁਤੰਤਰ ਹੁਕਮਰਾਨ ਸਨ। ਇਹ ਮਿਸਲਾਂ ਦਾ ਵਰਗੀਕਰਨ ਵੀ ਨਵਾਬ ਕਪੂਰ ਸਿੰਘ ਨੇ ਹੀ ਕੀਤਾ ਸੀ। ਸਿੱਖ ਮਿਸਲਾਂ ਹੀ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਮੂੰਹ-ਤੋੜ ਜੁਆਬ ਦਿੰਦੀਆਂ ਸਨ। ਮਿਸਲਾਂ ਦੇ ਸਰਦਾਰ ਭਾਵੇਂ ਗੁਰੀਲਾ ਯੁੱਧ ਹੀ ਲੜਦੇ ਸਨ, ਪਰ ਅਬਦਾਲੀ ਨੂੰ ਸਤਾਉਂਦੇ ਬਹੁਤ ਸਨ। ਉਹ ਦਿੱਲੀਓਂ ਮਾਲ-ਅਸਬਾਬ ਲੁੱਟ ਕੇ ਲਿਆਉਂਦਾ ਸੀ ਸਿੱਖ ਮਿਸਲਾਂ ਦੇ ਸਰਦਾਰ ਉਸ ਨੂੰ ਬਿਆਸ ਤੇ ਜਿਹਲਮ ਦਰਿਆ ਦੇ ਵਿਚਕਾਰ ਹੀ ਲੁੱਟ ਲੈਂਦੇ ਸਨ।

ਸਿੱਖ ਮਿਸਲਾਂ ਦੇ ਸਰਦਾਰਾਂ ਦੀਆਂ ਉਸ ਵਕਤ ਕੀਤੀਆਂ ਪ੍ਰਾਪਤੀਆਂ ਕਾਰਨ ਹੀ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ, ਜਿਸ ਨੂੰ ਖ਼ਾਲਸਾ ਰਾਜ ਕਿਹਾ ਜਾਂਦਾ ਹੈ। ਸਿੱਖ ਮਿਸਲਾਂ ਦਾ ਇਤਿਹਾਸ ਸਿੱਖ ਕੌਮ ਦੇ ਇਤਿਹਾਸ ਦੀ ਰੀੜ੍ਹ ਦੀ ਹੱਡੀ ਹੈ। ਸਿੱਖ ਇਤਿਹਾਸ ਦੀ ਗੌਰਵਤਾ ਹੈ ਸਿੱਖ ਮਿਸਲਾਂ ਦਾ ਇਤਿਹਾਸ। ਸਿੱਖ ਕੌਮ ਲਈ ਇੱਕ ਸੁਨਹਿਰੀ ਇਤਿਹਾਸ ਹੈ, ਪਰੰਤੂ ਇਹ ਇਤਿਹਾਸ ਪੰਜਾਬੀ ਵਿੱਚ ਬਹੁਤ ਘੱਟ ਪ੍ਰਾਪਤ ਹੁੰਦਾ ਸੀ।

ਮੇਰੇ ਲਈ ਇਹ ਇੱਕ ਬਹੁਤ ਔਖਾ ਕਾਰਜ ਸੀ। ਕਿਉਂਕਿ ਮੈਂ ਸਿੱਖ ਸੰਪਰਦਾਵਾਂ ਤੇ ਕੰਮ ਕਰਨ ਵਿੱਚ ਪ੍ਰਬੀਨਤਾ ਤਾਂ ਰੱਖਦਾ ਹਾਂ, ਪਰ ਇਤਿਹਾਸ ਦੇ ਮਾਮਲੇ ਵਿੱਚ

ਮੈਨੂੰ ਲਿਖਣਾ ਬਹੁਤ ਔਖਾ ਲਗਦਾ ਹੈ। ਤਦ ਵੀ ਮੈਂ ਇਹ ਸੰਕਲਪ ਲੈ ਚੁਕਿਆ ਸੀ ਕਿ ਸਿੱਖ ਮਿਸਲਾਂ ਦਾ ਇਤਿਹਾਸ ਲਿਖਿਆ ਜਾਵੇ। ਸੰਕਲਪ ਲੈਣਾ ਹੀ ਪਹਿਲਾਂ ਤਾਂ ਔਖਾ ਹੈ, ਫੇਰ ਅਜਿਹੇ ਕੰਮ ਲਈ ਸੰਕਲਪ ਲਿਆ ਜਾਵੇ, ਜੋ ਪਹਾੜ ਵਰਗਾ ਹੋਵੇ ਤੇ ਉਚਾਈ ਵੀ ਹਿਮਾਲੀਆ ਪਰਬਤ ਵਰਗੀ ਹੋਵੇ, ਫੇਰ ਮੇਰੇ ਵਰਗੇ ਦੇ ਪਸੀਨੇ ਛੁੱਟਣ ਲੱਗੇ। ਇਹ ਕੰਮ ਕਿਸ ਤਰ੍ਹਾਂ ਹੋਵੇਗਾ। ਅਜੇ ਇਹ ਉਧੇੜ-ਬੁਣ ਚੱਲ ਹੀ ਰਹੀ ਸੀ ਕਿ ਮੈਂ 10 ਫ਼ਰਵਰੀ, 2024 ਨੂੰ ਐਕਟਿਵਾ ਤੋਂ ਗਿਰ ਗਿਆ ਤੇ ਪੈਰ 'ਤੇ ਫਰੈਕਚਰ ਆ ਗਿਆ। ਹੁਣ ਹੋਰ ਵੀ ਮੁਸ਼ਕਲ ਹੋ ਗਿਆ। ਲੱਤ 'ਤੇ ਪਲਸਤਰ ਲੱਗ ਗਿਆ। ਬੈਠਣਾ ਵੀ ਔਖਾ ਹੋ ਗਿਆ। ਨਾ ਬਹੁਤਾ ਬੈਠ ਸਕਦੇ ਸੀ, ਨਾ ਹੀ ਬਹੁਤਾ ਪਿਆ ਜਾਂਦਾ ਸੀ। ਦੋ ਮਹੀਨੇ ਇਸੇ ਤਰ੍ਹਾਂ ਨਿਕਲ ਗਏ, ਪਰ ਮੈਂ ਮਿਸਲਾਂ ਨਾਲ ਸੰਬੰਧਿਤ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਫੇਰ ਹੌਲ਼ੀ-ਹੌਲ਼ੀ ਸਮੱਸਿਆ ਇਹ ਵੀ ਆਈ ਕਿ ਸ਼ੁਰੂਆਤ ਕਿੱਥੋਂ ਕਰਾਂ। ਕੁਝ ਨਾ ਸੁੱਝੇ। ਫਿਰ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ ਜਾ ਕੇ ਅਰਦਾਸ ਕੀਤੀ। ਗੁਰੂ ਨਾਨਕ ਜੀ ਮਹਾਰਾਜ ਨੇ ਬੜੀ ਕਿਰਪਾ ਕੀਤੀ, ਗੁਰੂ ਸਾਹਿਬ ਦਾ ਬਚਨ ਚੇਤੇ ਆ ਗਿਆ।

***"ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਏ॥ ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ॥੨॥"*** *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦਾ ਬਚਨ ਹੈ "ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ ਅੰਧੁਲੇ ਤ੍ਰਿਭਵਨ ਸੂਝਿਆ ਗੁਰ ਭੇਟਿ ਪੁਨੀਤਾ॥੧॥" ਇਸ ਕਥਨ ਅਨੁਸਾਰ ਫੇਰ ਖ਼ਾਲਸੇ ਦੀ ਉਤਪਤੀ ਕਿਵੇਂ ਹੋਈ, ਇੱਥੋਂ ਲਿਖਣਾ ਸ਼ੁਰੂ ਕਰ ਦਿੱਤਾ। ਦਸ ਗੁਰੂ ਸਾਹਿਬਾਨ ਤਕ ਸੰਖੇਪ ਵਿੱਚ ਗੁਰ ਇਤਿਹਾਸ ਲਿਖਿਆ ਤੇ ਖ਼ਾਲਸੇ ਦੀ ਸਾਜਨਾ 'ਤੇ ਪਹੁੰਚੇ। ਫਿਰ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਯਾਦ ਕੀਤਾ ਗਿਆ। ਬਾਬਾ ਬੰਦਾ ਜੀ ਬਾਰੇ ਵੀ ਲਿਖਣਾ ਬਹੁਤ ਜ਼ਰੂਰੀ ਸੀ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ 1716 ਈ. ਵਿੱਚ ਹੋ ਜਾਂਦੀ ਹੈ। ਫੇਰ 1746 ਤਕ ਸਿੱਖਾਂ ਤੇ ਜੋ ਕਹਿਰ ਝੁੱਲਿਆ, ਉਸ ਹਾਲਾਤ ਨੂੰ ਵੀ ਅੰਕਿਤ ਕੀਤਾ ਗਿਆ। ਉਸ ਤੋਂ ਬਾਅਦ ਸਿੱਖ ਮਿਸਲਾਂ ਦਾ ਇਤਿਹਾਸ ਵਿਸਤਾਰ ਸਹਿਤ ਲਿਖਿਆ। ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਮੁਹਿੰਮਾਂ ਤੇ ਉਨ੍ਹਾਂ ਦੇ ਜੀਵਨ ਬਾਰੇ ਵੀ ਕੁਝ ਸ਼ਬਦ ਲਿਖੇ। ਮੈਂ ਪਹਿਲਾਂ ਵੀ ਲਿਖ ਆਇਆ ਹਾਂ ਕਿ ਮੈਂ ਕੋਈ ਇਤਿਹਾਸਕਾਰ ਨਹੀਂ ਹਾਂ। ਮੇਰੇ ਕੋਲੋਂ ਇਸ ਪੁਸਤਕ ਵਿੱਚ ਕਈ ਉਕਾਈਆਂ ਰਹਿ ਗਈਆਂ ਹੋਣਗੀਆਂ। ਇੱਕ ਨਿਪੁੰਨ ਇਤਿਹਾਸਕਾਰ ਹੀ ਵਧੀਆ ਇਤਿਹਾਸ ਲਿਖ ਸਕਦਾ ਹੈ। ਮੈਂ ਇਸ ਤੋਂ ਪਹਿਲਾਂ ਜਨਰਲ ਜੋਰਾਵਰ ਸਿੰਘ ਦਾ ਜੀਵਨ ਤੇ ਇਤਿਹਾਸ ਲਿਖਿਆ ਸੀ। ਫੇਰ ਮੈਂ 'ਸਿੰਘ ਸਭਾ ਲਹਿਰ ਦਾ ਅਰੰਭ ਤੇ ਵਿਕਾਸ' ਪੁਸਤਕ ਲਿਖੀ। ਹੁਣ ਇਤਿਹਾਸ ਨਾਲ ਸੰਬੰਧਿਤ ਇਹ ਤੀਸਰੀ ਪੁਸਤਕ ਹੈ। ਮੈਂ ਡਾ. ਸੁਖਦਿਆਲ ਸਿੰਘ ਜੀ ਦੀ ਇਤਿਹਾਸਕਾਰੀ ਤੋਂ ਪ੍ਰੇਰਨਾ ਲੈ ਕੇ ਲਿਖਦਾ ਹਾਂ। ਡਾ. ਸੁਖਦਿਆਲ ਸਿੰਘ ਜੀ ਇੱਕ ਵਧੀਆ

ਇਤਿਹਾਸਕਾਰ ਹਨ। ਉਹ ਮੈਨੂੰ ਸਮੇਂ-ਸਮੇਂ 'ਤੇ ਯੋਗ ਅਗਵਾਈ ਵੀ ਦਿੰਦੇ ਹਨ। ਉਹ ਮੇਰੇ ਪ੍ਰੇਰਨਾ-ਸਰੋਤ ਹਨ। ਡਾ. ਪਰਮਵੀਰ ਸਿੰਘ ਜੀ ਵੀ ਮੈਨੂੰ ਇਤਿਹਾਸ ਦੀਆਂ ਕਈ ਗੱਲਾਂ ਸਮਝਾਉਂਦੇ ਹਨ। ਸਿੱਖ ਇਤਿਹਾਸ ਵਿੱਚ ਬਹੁਤ ਰਲਾ ਹੈ। ਇਸ ਲਈ ਨਿਰਪੱਖ ਹੋ ਕੇ ਲਿਖਣਾ ਬਹੁਤ ਔਖਾ ਕਾਰਜ ਹੋ ਜਾਂਦਾ ਹੈ, ਪਰ ਵਾਹਿਗੁਰੂ ਜੀ ਦੀ ਕਿਰਪਾ ਸਦਕਾ ਇਹ ਔਖਾ ਕਾਰਜ ਸੰਪੂਰਨ ਹੋ ਗਿਆ। ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਸੋ, ਇਸ ਹਾਲਾਤ ਵਿੱਚ ਇਹ ਕਾਰਜ ਦਿਨ-ਰਾਤ ਇੱਕ ਕਰ ਕੇ ਸੰਪੂਰਨ ਹੋਇਆ।

ਇਸ ਕਾਰਜ ਲਈ ਮੈਨੂੰ ਵੱਧ ਤੋਂ ਵੱਧ ਸਹਿਯੋਗ ਮੇਰੀ ਧਰਮ-ਪਤਨੀ ਤੋਂ ਮਿਲਿਆ, ਜਿਨ੍ਹਾਂ ਨੇ ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਮੇਰੇ ਇਸ ਕਾਰਜ ਵਿੱਚ ਬਹੁਤ ਮਦਦ ਕੀਤੀ। ਅੰਗਰੇਜ਼ੀ ਵਿੱਚ ਮੇਰਾ ਹੱਥ ਬਹੁਤ ਤੰਗ ਹੈ ਪਰ ਧਰਮ-ਪਤਨੀ ਡਾ. ਜਸਵਿੰਦਰ ਕੌਰ ਨੇ ਇਸ ਕੰਮ ਨੂੰ ਬਾਖ਼ੂਬੀ ਨਿਭਾਇਆ। ਅੰਗਰੇਜ਼ੀ ਤੋਂ ਪੰਜਾਬੀ ਵਿੱਚ ਤਰਜਮਾ ਕਰਨਾ ਮੇਰੇ ਲਈ ਔਖਾ ਕਾਰਜ ਸੀ। ਮੈਂ ਧੰਨਵਾਦੀ ਹਾਂ ਪੰਜਾਬੀ ਯੂਨੀਵਰਸਿਟੀ ਦੇ ਹਿਸਟਰੀ ਡਿਪਾਰਟਮੈਂਟ ਦਾ। ਉੱਥੋਂ ਦੇ ਲਾਇਬਰੇਰੀਅਨ ਸਾਹਿਬ ਸ. ਅਮਨਪ੍ਰੀਤ ਸਿੰਘ ਜੀ ਨੇ ਮੇਰੀ ਇਸ ਕਾਰਜ ਵਿੱਚ ਬਹੁਤ ਸਹਾਇਤਾ ਕੀਤੀ। ਸ੍ਰ: ਬਲਦੀਪ ਸਿੰਘ ਰਾਮੂਵਾਲੀਆ ਦਾ ਵੀ ਧੰਨਵਾਦ ਜਿਨ੍ਹਾਂ ਨੇ ਆਪਣੇ ਕੀਮਤੀ ਵਿਚਾਰ ਇਸ ਕਾਰਜ ਲਈ ਦਿੱਤੇ।

ਸੰਤ ਜਗਜੀਤ ਸਿੰਘ ਜੀ ਹਰਖੋਵਾਲ (ਸੁਲਤਾਨਪੁਰ ਲੋਧੀ) ਜੀ ਦਾ ਮੈਂ ਤਹਿ-ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਹਰ ਪੱਖੋਂ ਹੌਸਲਾ-ਅਫ਼ਜ਼ਾਈ ਕੀਤੀ ਹੈ। ਇਸ ਕੰਮ ਲਈ ਮੈਨੂੰ ਪ੍ਰੇਰਨਾ ਵੀ ਦਿੱਤੀ ਤੇ ਅਸ਼ੀਰਵਾਦ ਵੀ ਦਿੱਤਾ।

ਅਖੀਰ ਵਿੱਚ ਇੱਕ ਵਾਰ ਫੇਰ ਸਾਰੇ ਸਹਿਯੋਗੀਆਂ ਦਾ ਬਹੁਤ ਧੰਨਵਾਦ। ਗੁਰੂ ਨਾਨਕ ਦੇਵ ਜੀ ਦਾ ਅਸ਼ੀਰਵਾਦ, ਉਹਨਾਂ ਦਾ ਸ਼ੁਕਰਾਨਾ।

**—ਡਾ. ਪਰਮਜੀਤ ਸਿੰਘ ਮਾਨਸਾ**

ਅਧਿਆਇ ਪਹਿਲਾ

# ਸਿੱਖ ਪੰਥ ਦਾ ਆਦਿ ਤੇ ਵਿਕਾਸ

ਸਿੱਖ ਮਿਸਲਾਂ ਦਾ ਇਤਿਹਾਸ ਲਿਖਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਿੱਖ ਪੰਥ ਦੇ ਆਦਿ ਤੇ ਵਿਕਾਸ ਬਾਰੇ ਅਧਿਐਨ ਕੀਤਾ ਜਾਵੇ। ਸਿੱਖ ਪੰਥ ਦਾ ਆਰੰਭ ਕਿੱਥੋਂ ਹੁੰਦਾ ਹੈ ਤੇ ਕਿਵੇਂ ਸਿੱਖ ਪੰਥ ਵਿਕਾਸ ਕਰਦਾ ਹੈ ਤੇ ਸਿੱਖ ਮਿਸਲਾਂ ਤਕ ਪਹੁੰਚਦਾ ਹੈ, ਇਹ ਇੱਕ ਵਿਸਤ੍ਰਿਤ ਪ੍ਰਕ੍ਰਿਆ ਹੈ ਤੇ ਇਸ ਬਾਰੇ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੋ ਜਾਂਦਾ ਹੈ। ਕਿਵੇਂ ਸਿੱਖ ਯੋਧੇ ਬਣੇ, ਜਰਨੈਲ ਬਣੇ, ਉਨ੍ਹਾਂ ਨੂੰ ਇਸ ਪਾਸੇ ਵੱਲ ਪ੍ਰੇਰਿਤ ਕਰਨ ਵਾਲੀ ਕਿਹੜੀ ਸ਼ਕਤੀ ਸੀ? ਸੋ, ਇਸ ਲਈ ਅਸੀਂ ਸਭ ਤੋਂ ਪਹਿਲਾਂ ਸਿੱਖ ਧਰਮ ਦੇ ਵਿਕਾਸ ਬਾਰੇ ਅਧਿਐਨ ਕਰਨਾ ਜ਼ਰੂਰੀ ਸਮਝਾਂਗੇ।

ਪੰਜਾਬ ਦੀ ਧਰਤੀ ਜ਼ਰਖ਼ੇਜ਼ ਧਰਤੀ ਰਹੀ ਹੈ। ਇਹ ਧਰਤੀ ਪੰਜ ਦਰਿਆਵਾਂ ਦੀ ਧਰਤੀ ਕਹੀ ਜਾਂਦੀ ਹੈ। ਬਾਹਰਲੇ ਮੁਲਕਾਂ ਤੋਂ ਆਉਣ ਵਾਲੇ ਮੁਗ਼ਲ ਜਾਂ ਅਫ਼ਗ਼ਾਨੀ ਪਠਾਨ ਜਦੋਂ ਹਿੰਦੁਸਤਾਨ 'ਤੇ ਹਮਲੇ ਕਰਦੇ ਸਨ, ਤਾਂ ਉਹ ਪੰਜਾਬ ਦੀ ਧਰਤੀ ਤੋਂ ਹੀ ਹੋ ਕੇ ਜਾਂਦੇ ਸਨ ਤੇ ਵਾਪਸ ਵੀ ਇੱਥੋਂ ਹੀ ਜਾਂਦੇ ਸਨ। ਇਸ ਕਾਰਨ ਇਹ ਧਾੜਵੀ ਆਉਣ ਅਤੇ ਹਿੰਦੁਸਤਾਨ ਨੂੰ ਲੁੱਟ ਕੇ ਵਾਪਸ ਜਾਣ ਸਮੇਂ ਪੰਜਾਬ ਦੀ ਧਰਤੀ ਤੋਂ ਜਾਂਦੇ ਸਨ। ਕਹਿਣ ਤੋਂ ਭਾਵ ਸਭ ਤੋਂ ਪਹਿਲਾਂ ਇਹਨਾਂ ਧਾੜਵੀਆਂ ਦਾ ਮੁਕਾਬਲਾ ਪੰਜਾਬ ਦੇ ਲੋਕਾਂ ਨਾਲ ਹੀ ਹੁੰਦਾ ਸੀ। ਇਸੇ ਕਾਰਨ ਹੀ ਪੰਜਾਬੀ ਸਡੌਲ ਤੇ ਸੁਡੌਲ ਦੇ ਖੁੱਲ੍ਹੇ-ਡੁੱਲ੍ਹੇ ਤੇ ਵੱਡੇ ਜਿਗਰੇ ਵਾਲੇ ਬਣ ਚੁੱਕੇ ਸਨ।

ਫ਼ੌਜੀ ਪੱਖੋਂ ਐਨਾ ਮਹੱਤਵਪੂਰਨ ਸੂਬਾ ਪੰਜਾਬ, ਜੋ ਕਿ ਸ਼ਕਤੀਸ਼ਾਲੀ ਮਨੁੱਖੀ ਸ਼ਕਤੀ ਰੱਖਦਾ ਸੀ, ਫਿਰ ਵੀ ਦਿੱਲੀ ਦੇ ਸੁਲਤਾਨਾਂ ਦੇ ਅਧੀਨ ਸੀ। ਦਿੱਲੀ ਦੇ ਬਾਦਸ਼ਾਹਾਂ ਨੂੰ ਪੰਜਾਬ ਵਿਚੋਂ ਇਤਨੀ ਫ਼ੌਜੀ ਸ਼ਕਤੀ ਪ੍ਰਾਪਤ ਹੋ ਜਾਂਦੀ ਸੀ, ਜਿਹੜੀ ਕਿ ਜਜ਼ਬਾਤੀ ਤੌਰ 'ਤੇ ਉਹਨਾਂ ਦੇ ਨਾਲ ਹੀ ਮਿਲ ਜਾਂਦੀ ਸੀ। ਇਸ ਨਾਲ ਇੱਕ ਗੱਲ ਦਾ ਵਾਧਾ ਹੁੰਦਾ ਸੀ ਕਿ ਪੰਜਾਬ ਦੀ ਫ਼ੌਜੀ ਤਾਕਤ ਵਧ ਜਾਂਦੀ ਸੀ। ਜਦੋਂ ਫ਼ੌਜੀ ਤਾਕਤ ਦੀ ਮਹੱਤਤਾ ਵਧਦੀ, ਤਾਂ ਇੱਥੇ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਫ਼ੌਜਾਂ ਵੀ ਰੱਖੀਆਂ ਜਾਂਦੀਆਂ ਸਨ। ਇਸ ਤਰ੍ਹਾਂ ਇਹ ਸੂਬਾ ਜਾਂ ਤਾਂ ਬਾਦਸ਼ਾਹ ਦੀ ਆਪਣੀ ਦੇਖ-ਰੇਖ ਹੇਠ ਹੀ ਹੁੰਦਾ ਸੀ ਜਾਂ ਫਿਰ ਇੱਥੇ ਵਲੀ ਅਹਿਦ ਜੈਸਾ ਬਾਦਸ਼ਾਹ ਨਿਗਰਾਨ ਦੇ ਤੌਰ 'ਤੇ ਨਿਯੁਕਤ ਕੀਤਾ ਜਾਂਦਾ ਸੀ। ਕਾਬਲ ਤੋਂ ਯੋਗ ਜਰਨੈਲ ਇੱਥੇ ਨਿਯੁਕਤ ਕੀਤੇ ਜਾਂਦੇ ਸਨ। ਸੋ, ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਾਰਾ ਪੰਜਾਬ ਹੀ ਫ਼ੌਜੀ ਛਾਉਣੀ

ਬਣਿਆ ਹੁੰਦਾ ਸੀ। ਇਸ ਗੱਲ ਬਾਰੇ ਵੀ ਇਤਿਹਾਸਿਕ ਹਵਾਲੇ ਮਿਲਦੇ ਹਨ ਕਿ ਸਿੰਧ ਦਰਿਆ ਤੋਂ ਲੈ ਕੇ ਘੁੜਾਮ (ਘੱਗਰ) ਤਕ ਕਿਲ੍ਹਿਆਂ ਦੀ ਇੱਕ ਪੂਰੀ ਲੜੀ ਬਣੀ ਹੋਈ ਸੀ ਜਾਂ ਕਾਇਮ ਕੀਤੀ ਹੋਈ ਸੀ। ਇਹਨਾਂ ਕਿਲ੍ਹਿਆਂ ਵਿੱਚ ਵਧੀਆ ਤੋਂ ਵਧੀਆ ਸੈਨਾ ਰੱਖੀ ਹੁੰਦੀ ਸੀ, ਤਾਂ ਜੁ ਲੋੜ ਪੈਣ 'ਤੇ ਇਹਨਾਂ ਫ਼ੌਜੀਆਂ ਦੀ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਘੁੜਾਮ, ਸੁਨਾਮ, ਸਮਾਣਾ, ਬਅਿੰਡਾ, ਸਰਹਿੰਦ, ਰੋਪੜ, ਕਾਂਗੜਾ, ਲਾਹੌਰ, ਮੁਲਤਾਨ, ਸ਼ੇਰ ਕੋਟ, ਦੀਪਾਲਪੁਰ, ਸਿਆਲਕੋਟ, ਪਿਸ਼ਾਵਰ, ਭੇਰਾ, ਵੈਹਿੰਦ ਆਦਿ ਥਾਵਾਂ ਸੈਨਿਕ ਕੇਂਦਰ ਸਨ। ਇਤਨੇ ਫ਼ੌਜੀ ਅੱਡੇ ਜਾਂ ਸੈਨਿਕ ਕੇਂਦਰ ਕਿਸੇ ਹੋਰ ਸੂਬੇ ਵਿੱਚ ਨਹੀਂ ਸਨ। ਇਸ ਤਰ੍ਹਾਂ ਸੁਲਤਾਨਾਂ ਦੇ ਰਾਜ ਵਿੱਚ ਪੰਜਾਬ ਦੀ ਸੈਨਿਕ ਸ਼ਕਤੀ ਨੂੰ ਦੇਖਿਆ ਜਾ ਸਕਦਾ ਹੈ।

ਪੰਜਾਬ ਦੀ ਜੋ ਮਹੱਤਤਾ ਪੋਰਸ ਦੇ ਸਮੇਂ ਜਾਂ ਕੁਝ ਹਿੰਦੂ ਸ਼ਾਹੀ ਹਾਕਮਾਂ ਦੇ ਸਮੇਂ ਸੀ, ਉਹ ਮੁੜ ਕੇ ਪ੍ਰਾਪਤ ਨਹੀਂ ਹੋਈ। ਮੰਗੋਲਾਂ ਦੇ ਅਨੇਕ ਹਮਲੇ ਹੋਏ, ਜਿਨ੍ਹਾਂ ਨੇ ਪੰਜਾਬ ਨੂੰ ਤਬਾਹ ਵੀ ਕੀਤਾ ਅਤੇ ਪੰਜਾਬੀਆਂ ਨੂੰ ਸੈਨਿਕ ਤੌਰ 'ਤੇ ਜਾਗ੍ਰਿਤ ਵੀ ਕੀਤਾ। ਇਹੀ ਪ੍ਰਭਾਵ ਤੈਮੂਰ ਦੇ ਹਮਲੇ ਦਾ ਵੀ ਪਿਆ ਸੀ। ਤੈਮੂਰ ਦਾ ਹਮਲਾ ਐਨਾ ਤਕੜਾ ਸੀ ਕਿ ਉਸ ਨੇ ਪੰਜਾਬ ਦੇ ਸਾਰੇ ਸੈਨਿਕ ਅਤੇ ਪ੍ਰਬੰਧਕੀ ਸਥਾਨਾਂ ਨੂੰ ਨਸ਼ਟ ਕਰ ਸੁੱਟਿਆ ਸੀ। ਸੋ, ਇਸ ਤਰ੍ਹਾਂ ਪੰਜਾਬ ਹਮੇਸ਼ਾ ਹੀ ਜੰਗ ਦਾ ਮੈਦਾਨ ਬਣਿਆ ਰਿਹਾ ਹੈ। ਜਿੱਥੇ ਐਨੀ ਤਬਾਹੀ ਹੋਈ ਹੋਵੇ ਅਤੇ ਲੜਾਈ ਦਾ ਅਖਾੜਾ ਬਣਿਆ ਹੋਇਆ ਹੋਵੇ, ਉਸ ਸਟੇਟ ਵਿੱਚ ਖ਼ੁਸ਼ਹਾਲੀ ਅਤੇ ਅਮੀਰ ਵਿਰਾਸਤ ਦੇ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ, ਪਰ ਇਹ ਵੀ ਇੱਕ ਅਟੱਲ ਸਚਾਈ ਹੈ ਕਿ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ ਤੇ ਹਰ ਤਸਵੀਰ ਦੇ ਦੋ ਪੱਖ ਹੁੰਦੇ ਹਨ ਇਸੇ ਤਰ੍ਹਾਂ ਲੜਾਈ ਦਾ ਅਖਾੜਾ ਬਣਨ ਵਾਲੇ ਪ੍ਰਾਂਤ ਨੂੰ ਵੀ ਨਫ਼ਾ ਅਤੇ ਨੁਕਸਾਨ ਦੋਵੇਂ ਹੀ ਹੁੰਦੇ ਹਨ। ਇਹ ਵੱਖਰੀ ਗੱਲ ਹੈ ਕਿ ਨਫ਼ਾ ਕਿਸ ਤਰ੍ਹਾਂ ਦਾ ਹੋਇਆ ਤੇ ਨੁਕਸਾਨ ਕਿਸ ਤਰ੍ਹਾਂ ਦਾ। ਲਗਾਤਾਰ ਲੜਾਈ ਦਾ ਮੈਦਾਨ ਬਣੇ ਰਹਿਣ ਦਾ ਪੰਜਾਬ ਨੂੰ ਮੁੱਖ ਫ਼ਾਇਦਾ ਇਹ ਹੋਇਆ ਸੀ ਕਿ ਇੱਥੋਂ ਦੇ ਲੋਕਾਂ ਵਿੱਚ ਜੰਗਜੂ ਬਿਰਤੀਆਂ ਘਰ ਕਰ ਗਈਆਂ ਸਨ। ਇਹਨਾਂ ਦੀ ਸੋਚ ਵਿੱਚ, ਇਹਨਾਂ ਦੇ ਰੋਜ਼ਾਨਾ ਦੇ ਕੰਮਾਂ-ਕਾਜਾਂ ਵਿੱਚ, ਨਿੱਤ ਦੀ ਬੋਲ-ਚਾਲ ਵਿੱਚ, ਗੀਤਾਂ ਵਿੱਚ, ਕਹਾਣੀਆਂ ਵਿੱਚ, ਲੜਾਈਆਂ ਆਦਿ ਸੂਰਮਗਤੀ ਦੀਆਂ, ਸ਼ਹਾਦਤਾਂ ਦੀਆਂ ਗੱਲਾਂ ਸਮਾ ਗਈਆਂ ਸਨ। ਭਾਵ ਕਿ ਲੋਕ ਲੜਾਕੇ ਅਤੇ ਬਹਾਦਰ ਬਣ ਗਏ ਸਨ। ਜੇ ਲੜਾਈ ਤੋਂ ਮੁਕਤ ਖੇਤਰਾਂ ਨੇ ਕਲਾ, ਸਾਹਿਤ ਅਤੇ ਆਰਥਿਕ ਪੱਖੋਂ ਤਰੱਕੀ ਕੀਤੀ ਹੈ, ਤਾਂ ਉੱਥੇ ਦੂਜਾ ਮਾੜਾ ਪ੍ਰਭਾਵ ਇਹ ਵੀ ਪਿਆ ਹੈ ਕਿ ਉੱਥੋਂ ਦੇ ਲੋਕ ਡਰਪੋਕ ਕਿਸਮ ਦੇ ਬਣ ਗਏ ਸਨ। ਅਜਿਹੇ ਲੋਕਾਂ ਵਿੱਚ ਦਾਸ ਭਾਵਨਾ, ਭਾਵ ਕਿ ਗ਼ੁਲਾਮੀ ਦੀ ਭਾਵਨਾ ਪੈਦਾ ਹੋ ਗਈ ਸੀ।

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਜਾਂ 'ਖਾਧਾ ਪੀਤਾ ਲਾਹੇ ਦਾ ਬਾਕੀ

ਅਹਿਮਦ ਸ਼ਾਹੇ ਦਾ' ਆਦਿ ਕਹਾਵਤਾਂ ਇਸੇ ਕਰ ਕੇ ਹੀ ਪ੍ਰਚਲਿਤ ਹੋਈਆਂ ਹਨ। ਇਸ ਕਰ ਕੇ ਲੜਾਈਆਂ ਦੇ ਮਾਹੌਲ ਨੇ ਜੋ ਪੰਜਾਬ ਦੇ ਅਮੀਰ ਸਾਹਿਤਿਕ ਅਤੇ ਸੱਭਿਆਚਾਰਿਕ ਵਿਰਸੇ ਨੂੰ ਪਨਪਣ ਨਹੀਂ ਦਿੱਤਾ ਸੀ, ਤਾਂ ਇਸ ਨੇ ਪੰਜਾਬੀਆਂ ਦੇ ਦਿਮਾਗਾਂ ਵਿੱਚ ਜੰਗਜੂ ਭਾਵਨਾ ਤਾਂ ਭਰੀ ਹੀ ਸੀ ਅਤੇ ਇਹਨਾਂ ਲੋਕਾਂ ਦੇ ਸਰੀਰਿਕ ਜੁੱਸਿਆਂ ਨੂੰ ਕੱਦਾਵਰ ਵੀ ਬਣਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਪੰਜਾਬ ਦੀਆਂ ਰਾਜਨੀਤਿਕ ਪਰਸਥਿਤੀਆਂ ਬਹੁਤ ਉਥਲ-ਪੁਥਲ ਵਾਲੀਆਂ ਸਨ। ਦਿੱਲੀ ਵਿੱਚ ਰਾਜ ਕਰ ਰਹੀ ਰਾਜਨੀਤਿਕ ਸ਼ਕਤੀ ਵਿੱਚ ਸਥਿਰਤਾ ਨਹੀਂ ਸੀ। ਉਸ ਸਮੇਂ ਦਿੱਲੀ ਬਹਿਲੋਲ ਲੋਧੀ ਰਾਜ ਦੇ ਅੰਦਰ ਸੀ। ਬਹਿਲੋਲ ਨੇ ਸੰਨ 1489 ਈ. ਤਕ ਰਾਜ ਕੀਤਾ। ਇਸ ਤੋਂ ਬਾਅਦ ਇਸ ਦਾ ਪੁੱਤਰ ਸਿਕੰਦਰ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ। ਇਸ ਨੇ 1517 ਈ. ਤਕ ਰਾਜ-ਭਾਗ ਨਿਭਾਇਆ। ਇਸ ਤੋਂ ਬਾਅਦ ਇਬਰਾਹੀਮ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ ਅਤੇ ਇਸ ਨੇ ਸੰਨ 1526 ਈ. ਤਕ ਰਾਜ ਕੀਤਾ। ਇਹਨਾਂ ਲੋਧੀ ਹਾਕਮਾਂ ਦੇ ਅਧੀਨ ਸਾਰਾ ਪੰਜਾਬ ਵੀ ਸੀ। ਦੂਜੀ ਗੱਲ ਇਹ ਹੈ ਕਿ ਇਹ ਸੈਨਿਕ ਸ਼ਕਤੀ ਵੀ ਪੰਜਾਬ ਵਿੱਚੋਂ ਹੀ ਇਕੱਠੀ ਕਰਦੇ ਰਹੇ ਸਨ। ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਸਾਰਾ ਪੰਜਾਬ ਇਹਨਾਂ ਦੇ ਅਧੀਨ ਨਹੀਂ ਸੀ। ਇੱਕ ਹੋਰ ਖ਼ਾਸ ਗੱਲ ਇਹ ਵੀ ਹੈ ਕਿ ਪੰਜਾਬ ਭੂਗੋਲਿਕ ਤੌਰ 'ਤੇ ਇੱਕ ਇਕਾਈ ਵਿੱਚ ਨਹੀਂ ਸੀ, ਬਲਕਿ ਇਸ ਨੂੰ ਕੁਝ ਖੇਤਰਾਂ ਵਿੱਚ ਵੰਡਿਆ ਹੋਇਆ ਸੀ। ਇਸ ਤਰ੍ਹਾਂ ਇੱਥੇ ਪ੍ਰਬੰਧ ਕੀਤਾ ਜਾਂਦਾ ਸੀ। ਇਹ ਖ਼ਾਸ ਖੇਤਰ ਸਨ: ਲਾਹੌਰ, ਮੁਲਤਾਨ, ਦੀਪਾਲਪੁਰ, ਸਰਹਿੰਦ ਅਤੇ ਜਲੰਧਰ। ਇਹਨਾਂ ਸਭ ਖੇਤਰਾਂ ਦੇ ਵੱਖ-ਵੱਖ ਗਵਰਨਰ ਨਿਯੁਕਤ ਕੀਤੇ ਹੋਏ ਸਨ। ਗਵਰਨਰਾਂ ਨੂੰ ਹੀ ਆਮ ਤੌਰ 'ਤੇ ਬਾਕੀ ਦੇ ਸਾਰੇ ਖੇਤਰਾਂ ਦੀ ਦੇਖ-ਭਾਲ ਤੇ ਪ੍ਰਬੰਧ ਕਰਨ ਦੇ ਅਧਿਕਾਰ ਪ੍ਰਾਪਤ ਸਨ। ਪੰਜਾਬ ਦੀ ਪੱਛਮੀ ਹੱਦ ਮੁੱਖ ਤੌਰ 'ਤੇ ਜਿਹਲਮ ਦਰਿਆ ਹੀ ਸੀ, ਪਰ ਕਈ ਵਾਰ ਦਿੱਲੀ ਅਤੇ ਪੰਜਾਬ ਦੇ ਵਧੀਆ ਸੰਬੰਧ ਹੋਣ ਕਾਰਨ ਜਿਹਲਮ ਦਰਿਆ ਦੇ ਪਾਰ ਦਾ ਇਲਾਕਾ ਵੀ ਪੰਜਾਬ ਵਿੱਚ ਸ਼ਾਮਲ ਕਰ ਲਿਆ ਜਾਂਦਾ ਸੀ। ਲੋਧੀ ਬਾਦਸ਼ਾਹਾਂ ਦੇ ਸਮੇਂ ਸਿਰਫ਼ ਬਹਿਲੋਲ ਲੋਧੀ ਦੇ ਅਖੀਰਲੇ ਸਮੇਂ ਹੀ ਜਿਹਲਮ ਦਰਿਆ ਦੇ ਪਾਰ ਦਾ ਇਲਾਕਾ, ਜਿਸ ਨੂੰ ਭੇਰਾ ਵੀ ਕਿਹਾ ਜਾਂਦਾ ਸੀ, ਪੰਜਾਬ ਵਿੱਚ ਸ਼ਾਮਲ ਕੀਤਾ ਗਿਆ ਸੀ।

ਸੰਨ 1469 ਈ. ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਕੁਤਬਦੀਨ ਲੰਗਾਹ ਦਾ ਪੁੱਤਰ ਸ਼ਾਹ ਹੁਸੈਨ ਲੰਗਾਹ ਸੁਤੰਤਰ ਹਾਕਮ ਬਣਿਆ ਹੋਇਆ ਸੀ। ਇਸ ਦੇ ਰਾਜ ਨੂੰ ਮੁਲਤਾਨ ਦੀ ਬਾਦਸ਼ਾਹਤ ਵੀ ਕਿਹਾ ਜਾਂਦਾ ਹੈ। ਸੋ, ਇੱਥੋਂ ਇੱਕ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਮੁਲਤਾਨ ਦਾ ਇਲਾਕਾ ਲੋਧੀ ਬਾਦਸ਼ਾਹਾਂ ਦੀ ਬਾਦਸ਼ਾਹਤ ਤੋਂ ਅਜ਼ਾਦ ਸੀ। ਸ਼ਾਹ ਹੁਸੈਨ 1502 ਤਕ ਮੁਲਤਾਨ 'ਤੇ ਰਾਜ ਕਰਦਾ ਰਿਹਾ।

ਖ਼ੈਰ, ਅਸੀਂ ਇਤਿਹਾਸ ਦੇ ਇਸ ਪੱਖ ਵੱਲ ਬਹੁਤਾ ਨਹੀਂ ਜਾਣਾ। ਹਾਂ, ਅਸੀਂ ਸੰਨ 1520 ਤੋਂ ਲੈ ਕੇ 1526 ਈ. ਦੇ ਸਮੇਂ ਦੇ ਇਤਿਹਾਸ 'ਤੇ ਜ਼ਰੂਰ ਨਿਗਾਹ ਮਾਰਾਂਗੇ। ਉਸ ਸਮੇਂ ਦੇ ਪੰਜਾਬ ਦੇ ਰਾਜਨੀਤਿਕ ਹਾਲਾਤ ਬਾਰੇ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ ਅਤੇ ਇਸ ਸਮੇਂ ਦੇ ਹਾਲਾਤ ਬਾਰੇ ਬਾਬਰ ਨੇ ਵੀ ਆਪਣੇ ਰੋਜ਼ਨਾਮਚੇ ਵਿੱਚ ਬਿਆਨ ਅੰਕਿਤ ਕੀਤੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨਾ ਤਾਂ ਰਾਜਨੀਤਿਕ ਸਿਆਸਤਦਾਨ ਸਨ ਅਤੇ ਨਾ ਹੀ ਮੁਗ਼ਲਾਂ ਤੇ ਪਠਾਣਾਂ ਵਿੱਚੋਂ ਕਿਸੇ ਇੱਕ ਧਿਰ ਨਾਲ ਸੰਬੰਧਿਤ ਸਨ। ਅਸੀਂ ਉਪਰੋਕਤ ਵਾਰਤਾ ਇਸ ਲਈ ਲਿਖੀ ਹੈ ਕਿ ਪੰਜਾਬ ਦੀ ਪ੍ਰਿਸ਼ਟ ਭੂਮੀ ਕੀ ਸੀ, ਕਿਵੇਂ ਪੰਜਾਬ ਦੇ ਲੋਕ ਬਹਾਦਰ ਬਣੇ ? ਹੁਣ ਅਸੀਂ ਸਿੱਖ ਗੁਰੂਆਂ ਨੇ ਪੰਜਾਬ ਦੀ ਧਰਤੀ 'ਤੇ ਪੈਦਾ ਹੋਣ ਵਾਲੀ ਅਬਾਦੀ ਨੂੰ ਕਿਵੇਂ ਸਿੰਜਿਆ ਤੇ ਖ਼ਾਲਸਾ ਪੰਥ ਦਾ ਉਥਾਨ ਕੀਤਾ, ਉਸ ਬਾਰੇ ਵਿਚਾਰ ਕਰਾਂਗੇ। ਸਭ ਤੋਂ ਪਹਿਲਾਂ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਬਾਰੇ ਅਧਿਐਨ ਕਰਾਂਗੇ ਕਿ ਕਿਵੇਂ ਉਹਨਾਂ ਨੇ ਇੱਥੋਂ ਦੀਆਂ ਪਰਸਥਿਤੀਆਂ ਨੂੰ ਜਾਂਚਿਆ ਤੇ ਬਹੁਤ ਹੀ ਨਿਰਬਲ ਹੋ ਚੁੱਕੇ ਅਤੇ ਗ਼ੁਲਾਮ ਹੋ ਚੁੱਕੇ ਮਨੁੱਖ ਦੀ ਮਾਨਸਿਕਤਾ ਨੂੰ ਟੁੰਬਿਆ।

## ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੰਜਾਬ ਦੀ ਧਰਤੀ 'ਤੇ ਰਾਏ ਭੋਇੰ ਦੀ ਤਲਵੰਡੀ, ਜਿਸ ਨੂੰ ਅੱਜ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਮਿਤੀ 15 ਅਪ੍ਰੈਲ, ਸੰਨ 1469 ਈ. ਨੂੰ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਕਾਲੂ ਦਾਸ ਜੀ ਜਿਨ੍ਹਾਂ ਨੂੰ ਕਲਿਆਣ ਦਾਸ ਵੀ ਕਿਹਾ ਜਾਂਦਾ ਹੈ, ਦੇ ਗ੍ਰਿਹ ਵਿਖੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਖ ਧਰਮ ਦੇ ਪਹਿਲੇ ਗੁਰੂ ਹੋਣ ਦਾ ਮਾਣ ਪ੍ਰਾਪਤ ਹੈ ਜਿਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ। ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਕ੍ਰਾਂਤੀਕਾਰੀ ਗੁਰੂ ਸਨ, ਜਿਨ੍ਹਾਂ ਨੇ ਹਿੰਦੁਸਤਾਨ ਦੀ ਮਰ ਰਹੀ ਮਾਨਸਿਕਤਾ ਨੂੰ ਪਹਿਚਾਣਿਆ ਤੇ ਗ਼ੁਲਾਮ ਹੋਈ ਮਾਨਸਿਕਤਾ ਵਿੱਚੋਂ ਲੋਕਾਈ ਨੂੰ ਕੱਢਣ ਲਈ ਸਮਾਜ ਵਿੱਚ ਕਰਮ-ਕਾਂਡਾਂ ਦੇ ਨਾਮ 'ਤੇ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਅਹਿਦ ਲਿਆ। ਕਰਮਕਾਂਡ ਗ਼ੁਲਾਮੀ ਦੇ ਪ੍ਰਤੀਕ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਕਰਮਕਾਂਡਾਂ ਨੂੰ ਆਪਣੀ ਬਾਣੀ ਰਾਹੀਂ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਿਆ ਤੇ ਇਹਨਾਂ ਦੀ ਨਿਰਾਰਥਕਤਾ ਨੂੰ ਲੋਕਾਂ ਦੇ ਸਨਮੁਖ ਰੱਖ ਕੇ ਇੱਕ ਨਵੀਂ ਤੇ ਨਰੋਈ ਵਿਚਾਰਧਾਰਾ, ਜਿਹੜੀ ਇੱਕ ਅਕਾਲ ਪੁਰਖ ਨਾਲ ਜੋੜਦੀ ਸੀ, ਦੇ ਲੜ ਲਾਇਆ। ਉਸ ਸਮੇਂ ਸਮਾਜ ਵਿੱਚ ਜਾਤ-ਪਾਤ ਦਾ ਕੋਹੜ ਬੁਰੀ ਤਰ੍ਹਾਂ ਫੈਲਿਆ ਹੋਇਆ ਸੀ। ਗੁਰੂ ਸਾਹਿਬ ਨੇ ਜਾਤਪਾਤ ਨੂੰ ਵੀ ਆਪਣੀ ਬਾਣੀ ਰਾਹੀਂ ਜ਼ੋਰਦਾਰ ਸ਼ਬਦਾਂ ਵਿੱਚ ਭੰਡਿਆ। ਉੱਚੀਆਂ ਜਾਤੀਆਂ ਵਾਲੇ ਨੀਵੀਆਂ ਜਾਤਾਂ ਵਾਲਿਆਂ ਨੂੰ ਬੰਦੇ ਹੀ ਨਹੀਂ ਸਮਝਦੇ ਸਨ, ਪਰ ਗੁਰੂ ਸਾਹਿਬ

ਨੇ ਆਪਣੇ-ਆਪ ਨੂੰ ਨੀਚ ਜਾਤ ਦਾ ਕਹਿ ਕੇ ਸਮਾਜ ਵਿੱਚ ਦੁਰਕਾਰੇ ਲੋਕਾਂ ਦੀ ਬਾਂਹ ਫੜ ਕੇ ਉਹਨਾਂ ਨਾਲ ਖੜ੍ਹਨ ਦੀ ਗੱਲ ਕੀਤੀ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**

**ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** *(ਅੰਗ: ੧੫)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੇ ਮਨੁੱਖ ਨੂੰ ਅਜ਼ਾਦ ਸੋਚ ਬਖ਼ਸ਼ੀ ਤੇ ਉਹਨਾਂ ਨੇ ਉਸ ਦੇ ਆਲੇ-ਦੁਆਲੇ ਫੈਲੀਆਂ ਸਾਰੀਆਂ ਫੋਕਟ ਰਸਮਾਂ ਨੂੰ ਦੂਰ ਕਰਨ ਦਾ ਭਰਪੂਰ ਯਤਨ ਕੀਤਾ। ਜਿਤਨੀ ਦੇਰ ਮਨੁੱਖ ਕਰਮਕਾਂਡਾਂ ਦਾ, ਵਹਿਮਾਂ-ਭਰਮਾਂ ਦਾ, ਧਰਮਾਂ ਦੇ ਫੋਕਟ ਪਾਖੰਡਾਂ ਦਾ ਧਾਰਨੀ ਹੈ, ਉਤਨੀ ਦੇਰ ਉਸ ਦੀ ਸੋਚ, ਉਸ ਦੀ ਮਾਨਸਿਕਤਾ ਆਜ਼ਾਦ ਹੋ ਹੀ ਨਹੀਂ ਸਕਦੀ। ਉਹ ਅਜ਼ਾਦੀ ਦੀ ਗੱਲ ਕਰ ਹੀ ਨਹੀਂ ਸਕਦਾ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਗ਼ੁਲਾਮੀ ਦੀਆਂ ਉਹਨਾਂ ਜ਼ੰਜੀਰਾਂ ਨੂੰ ਕੱਟਿਆ, ਜਿਨ੍ਹਾਂ ਕਰ ਕੇ ਉਹ ਗ਼ੁਲਾਮ ਮਾਨਸਿਕਤਾ ਦਾ ਧਾਰਨੀ ਬਣਿਆ ਹੋਇਆ ਸੀ।

ਇਹ ਗ਼ੁਲਾਮ ਮਾਨਸਿਕਤਾ ਪ੍ਰਚਾਰਨ ਵਾਲੇ ਧਰਮ ਦੇ ਆਗੂ ਹੀ ਸਨ। ਇਹ ਧਰਮ ਦੇ ਆਗੂ ਕਾਜ਼ੀ, ਜੋਗੀ ਤੇ ਬ੍ਰਾਹਮਣ ਸਨ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਤਿੰਨਾਂ ਨੂੰ ਹੀ ਕਰੜੇ ਸ਼ਬਦਾਂ ਰਾਹੀਂ ਨਿੰਦਿਆ ਤੇ ਇਹਨਾਂ ਦੇ ਚੁੰਗਲ ਵਿੱਚ ਫਸੇ ਲੋਕਾਂ ਨੂੰ ਨਵੀਂ ਬਾਣੀ ਤੇ ਨਵੀਂ ਜੀਵਨ-ਜਾਚ ਬਖ਼ਸ਼ ਕੇ ਮੁਕਤ ਕਰਵਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਵਿੱਚ ਏਕਤਾ ਪੈਦਾ ਕਰਨ ਲਈ ਇੱਕ ਅਕਾਲ ਪੁਰਖ ਦੇ ਲੜ ਲਾਇਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੈਲੀ ਆਪਸੀ ਖਿਚੋਤਾਣ ਤੇ ਵੰਡ ਦਾ ਵਿਰੋਧ ਕੀਤਾ। ਸਾਰੇ ਵਿਸ਼ਵ ਦਾ ਕਰਤਾ ਇੱਕ ਅਕਾਲ ਪੁਰਖ ਹੈ, ਹੋਰ ਕੋਈ ਵੱਖਰੀ ਸ਼ਕਤੀ ਨਹੀਂ ਹੈ। ਜਿਹੜੀਆਂ ਸ਼ਕਤੀਆਂ ਦੀ ਗੱਲ ਕੀਤੀ ਜਾਂਦੀ ਸੀ ਕਿ ਪੈਦਾ ਕਰਨ ਵਾਲੀ, ਪਾਲਣ ਵਾਲੀ ਤੇ ਮਾਰਨ ਵਾਲੀ ਸ਼ਕਤੀ ਵੱਖੋ-ਵੱਖਰੀ ਹੈ, ਗੁਰੂ ਸਾਹਿਬ ਨੇ ਕਿਹਾ ਕਿ ਇਹ ਸਾਰੀਆਂ ਤਾਕਤਾਂ ਉਸ ਅਕਾਲ ਪੁਰਖ ਦੇ ਨਿਯੰਤਰਣ ਅਧੀਨ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਲਈ ਇਹ ਇੱਕ ਐਸਾ ਕਾਰਜ ਸੀ, ਜਿਸ ਵਿੱਚ ਚਿੱਕੜ ਦੀ ਦਲ ਦਲ ਵਿੱਚ ਧਸੀ ਹੋਈ ਜਨਤਾ ਨੂੰ ਬਾਹਰ ਕੱਢ ਕੇ ਇੱਕ ਆਦਰਸ਼ਕ ਮਨੁੱਖ ਦੀ ਘਾੜਤ ਘੜਨੀ ਸੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਭਾਰਤ ਵਰਸ਼ ਦੀ ਸੜ-ਬਲ ਰਹੀ ਧਰਤੀ ਨੂੰ ਨੀਝ ਲਾ ਕੇ ਦੇਖਦੇ ਹਨ ਤੇ ਲੋਕਾਈ ਦਾ ਸੁਧਾਰ ਕਰਨ ਹਿਤ ਤਿੰਨ ਜਾਂ ਚਾਰ ਉਦਾਸੀਆਂ ਦਾ ਅਰੰਭ ਕਰਦੇ ਹਨ। ਅਸਲ ਵਿੱਚ ਲੋਕਾਈ ਨੂੰ ਅੰਧਕਾਰ ਵਿੱਚੋਂ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਲੈ ਕੇ ਕਮਰਕੱਸੇ ਕਰ ਲਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਤੀ ਦਾ ਭ੍ਰਮਣ ਕਰਦਿਆਂ ਮਨੁੱਖਾਂ ਵਿੱਚ

ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਜਿਤਨੀ ਦੇਰ ਮਨੁੱਖ ਆਪਸ ਵਿੱਚ ਲੜਦੇ-ਮਰਦੇ ਰਹਿਣਗੇ, ਉਹ ਕਿਵੇਂ ਗ਼ੁਲਾਮੀ ਤੋਂ ਅਜ਼ਾਦੀ ਪ੍ਰਾਪਤ ਕਰ ਸਕਦੇ ਹਨ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਧਾਰਮਿਕ ਤੌਰ 'ਤੇ ਅਜਿਹੀ ਵਿਚਾਰਧਾਰਾ ਦਾ ਆਗਾਜ਼ ਕੀਤਾ, ਜਿਸ ਨਾਲ ਮਨੁੱਖ ਨੂੰ ਇੱਕ ਨਵੀਂ ਚੇਤਨਾ ਪ੍ਰਾਪਤ ਹੋਈ। ਨਵੀਂ ਚੇਤਨਾ ਧਰਮ ਵਿੱਚੋਂ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਰਾਜਨੀਤਿਕ ਸ਼ਕਤੀ ਦੀ ਗ਼ੁਲਾਮੀ ਤੇ ਰਾਜਿਆਂ ਦੀ ਅਰਾਜਕਤਾ ਦੇ ਖ਼ਿਲਾਫ਼ ਬੋਲਣ ਦੇ ਅਤੇ ਅਜ਼ਾਦੀ ਪ੍ਰਾਪਤ ਕਰਨ ਦੇ ਸਮਰੱਥ ਬਣਾਇਆ। ਗੁਰੂ ਸਾਹਿਬ ਨੇ ਰਾਜਿਆਂ ਨੂੰ ਸੀਂਹ ਕਿਹਾ ਤੇ ਉਹਨਾਂ ਦੇ ਵਜ਼ੀਰਾਂ ਨੂੰ ਕੁੱਤੇ ਤਕ ਕਿਹਾ। ਗੁਰੂ ਜੀ ਦਾ ਵਾਕ ਹੈ:

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥**

*ਸ੍ਰੀ ਗੁਰੂ ਗ੍ਰੰਥ ਸਾਹਿਬ ੧੨੮੮*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚੋਂ ਊਚ ਨੀਚ ਦੇ ਫ਼ਰਕ ਨੂੰ ਮਿਟਾਉਣ ਲਈ ਸਭ ਤੋਂ ਪਹਿਲਾਂ ਸੰਗਤ ਕਾਇਮ ਕੀਤੀ। ਇਹ ਸੰਗਤ ਦਾ ਸੰਕਲਪ ਭਾਰਤ ਵਿੱਚ ਪਹਿਲਾਂ ਵੀ ਸਥਾਪਿਤ ਸੀ। ਇਹ ਸੰਗਤ ਰਿਸ਼ੀ-ਮੁਨੀਆਂ ਵੱਲੋਂ ਕਾਇਮ ਕੀਤੀ ਗਈ ਸੀ, ਪਰ ਇਸ ਸੰਗਤ ਵਿੱਚ ਕੇਵਲ ਉੱਚ ਜਾਤੀਏ ਬ੍ਰਾਹਮਣ ਹੀ ਬੈਠ ਸਕਦੇ ਸਨ। ਸਮਾਜ ਦੇ ਦੁਰਕਾਰੇ ਦਲਿਤ ਸਮਾਜ ਨੂੰ ਇਸ ਸੰਗਤ ਵਿੱਚ ਬੈਠਣ ਦਾ ਕੋਈ ਅਧਿਕਾਰ ਨਹੀਂ ਸੀ। ਸ਼ੂਦਰ ਤਾਂ ਇਹਨਾਂ ਦੇ ਨੇੜਿਓਂ ਵੀ ਨਹੀਂ ਲੰਘ ਸਕਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਸੰਗਤ ਕਾਇਮ ਕੀਤੀ ਉਸ ਵਿੱਚ ਸਮਾਜ ਦੇ ਹਰ ਇੱਕ ਵਰਗ ਦਾ ਪ੍ਰਾਣੀ ਮਾਤਰ ਬੈਠ ਸਕਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੋਂ ਅੱਗੇ ਇੱਕ ਹੋਰ ਪਿਰਤ ਪਾਈ, ਤੇ ਉਹ ਸੀ ਪੰਗਤ ਦੀ ਪਿਰਤ। ਪੰਗਤ ਤੋਂ ਭਾਵ ਲੰਗਰ ਵਿੱਚ ਬੈਠਣ ਵਾਲੀ ਸੰਗਤ ਬਿਨਾਂ ਕੋਈ ਜਾਤ-ਗੋਤ ਵਿਚਾਰੇ ਇੱਕ ਸਮਾਨ ਪੰਗਤ ਵਿੱਚ ਬੈਠ ਕੇ ਲੰਗਰ ਛਕ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਇਹ ਇਨਕਲਾਬੀ ਕਦਮ ਸਨ, ਜਿਨ੍ਹਾਂ ਨੂੰ ਉਹਨਾਂ ਨੇ ਅਮਲੀ ਰੂਪ ਦਿੱਤਾ। ਜਦੋਂ ਲੋਕਾਂ ਵਿੱਚ ਇਹ ਨਵਾਂ ਸਿਧਾਂਤ ਸਥਾਪਿਤ ਹੋ ਗਿਆ, ਤਾਂ ਸੁਭਾਵਿਕ ਹੀ ਸੀ ਕਿ ਸਮਾਜ ਦੇ ਦੱਬੇ-ਕੁਚਲੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਵੱਲੋਂ ਚਲਾਏ ਇਸ ਨਵੇਂ ਮਿਸ਼ਨ ਵਿੱਚ ਸ਼ਾਮਲ ਹੋਣ ਲੱਗ ਪਏ। ਇਸ ਨਾਲ ਲੋਕਾਂ ਨੇ ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤੀ ਮਰਯਾਦਾ ਤੇ ਸੰਸਥਾ ਨੂੰ ਅਪਨਾਉਣਾ ਸ਼ੁਰੂ ਦਿੱਤਾ। ਸੋ, ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਥਾਪਿਤ ਕੀਤੇ ਸਿਧਾਂਤ ਤੋਂ ਵੱਖਰਾ ਸਿਧਾਂਤ ਸਥਾਪਿਤ ਕਰ ਕੇ ਇੱਕ ਨਵੇਂ ਕ੍ਰਾਂਤੀਕਾਰੀ ਧਰਮ ਦੀ ਸਥਾਪਨਾ ਕੀਤੀ, ਜਿਸ ਵਿੱਚ ਮਨੁੱਖ ਨੂੰ ਬਰਾਬਰੀ ਦਾ ਹੱਕ ਮਿਲਿਆ। ਇਸ ਦੇ ਨਾਲ ਹੀ ਭਾਰਤ ਵਿੱਚ ਔਰਤ ਦੀ ਮਾੜੀ ਦਸ਼ਾ ਨੂੰ ਸੁਧਾਰਨ ਲਈ ਵੀ ਪੁਰਜ਼ੋਰ ਅਵਾਜ਼ ਬੁਲੰਦ ਕੀਤੀ। ਔਰਤ ਨੂੰ ਮਰਦ ਦੇ ਬਰਾਬਰ ਹੋਣ ਦਾ ਸਨਮਾਨ, 'ਸੋ ਕਿਉਂ

ਮੰਦਾ' ਕਹਿ ਕੇ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਨਾਲ ਪੰਜਾਬ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਇਹ ਨਵਾਂ ਯੁੱਗ ਪੰਜਾਬ ਲਈ ਬੜਾ ਕੁਝ ਨਵਾਂ ਲੈ ਕੇ ਆਇਆ ਸੀ। ਇਸ ਨੇ ਪੰਜਾਬ ਵਿੱਚ ਇੱਕ ਨਵੀਂ ਪਛਾਣ ਦਿੱਤੀ ਸੀ। ਇਸ ਨੇ ਪੰਜਾਬੀ ਜੀਵਨ ਦੀ ਪਰਿਭਾਸ਼ਾ ਨੂੰ ਹੀ ਬਦਲ ਦਿੱਤਾ ਸੀ। ਸਭ ਤੋਂ ਵਧ ਕੇ ਸਿੱਖ ਧਰਮ ਪੰਜਾਬ ਦੀ ਸਾਂਝ ਸੀ। ਪੰਜਾਬ ਦਾ ਇੱਕ ਐਸਾ ਰੂਪ ਸੀ, ਜਿਹੜਾ ਹਿੰਦੂ ਅਤੇ ਮੁਸਲਮਾਨ ਦੋਹਾਂ ਵਿੱਚੋਂ ਸਾਂਝ ਦੇ ਰੂਪ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਇਕਰੂਪਤਾ ਲੈ ਕੇ ਸਾਹਮਣੇ ਆਇਆ ਸੀ। ਸਿੱਖ ਨਾ ਹਿੰਦੂ ਸੀ, ਨਾ ਹੀ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਵੱਖਰਾ ਕੋਈ ਹੋਰ ਫ਼ਿਰਕਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਕਲਪ ਨੂੰ ਪੂਰਾ ਕਰਨ ਹਿਤ ਗੁਰੂ ਅੰਗਦ ਦੇਵ ਜੀ (1539–1552) ਵਿੱਚ ਆਪਣੀ ਜੋਤ ਟਿਕਾ ਕੇ ਭਾਈ ਲਹਿਣਾ ਤੋਂ ਅੰਗਦ ਬਣਾ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਵਧਾਇਆ ਤੇ ਜਿੱਥੇ ਬਾਣੀ ਦੀ ਰਚਨਾ ਕੀਤੀ, ਉੱਥੇ ਗੁਰਮੁੱਖੀ ਦੇ ਪੈਂਤੀਸ ਅੱਖਰਾਂ ਨੂੰ ਕ੍ਰਮਬਧ ਕਰ ਕੇ ਪ੍ਰਚਾਰਿਆ। ਇਹ ਉਹਨਾਂ ਦੀ ਮਹਾਨ ਦੇਣ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਨੂੰ ਸੰਭਾਲਿਆ ਤੇ ਲੰਗਰ ਦੀ ਪ੍ਰਥਾ ਨੂੰ ਹੋਰ ਵਧੇਰੇ ਸੁਚਾਰੂ ਰੂਪ ਵਿੱਚ ਪ੍ਰਸਾਰਿਆ। ਇਸ ਕਾਰਜ ਵਿੱਚ ਬੀਬੀ ਖੀਵੀ ਜੀ ਵੀ ਖ਼ਾਸ ਤੌਰ 'ਤੇ ਦਿਲਚਸਪੀ ਲੈਂਦੇ ਸਨ।

ਸਤੇ ਬਲਵੰਡ ਨੇ ਗੁਰੂ ਅੰਗਦ ਦੇਵ ਜੀ ਦੀ ਵਡਿਆਈ ਆਪਣੀ ਵਾਰ ਵਿੱਚ ਇਸ ਤਰ੍ਹਾਂ ਕੀਤੀ ਹੈ:

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**
**ਝੁਲੇ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥**
**ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥...**
**ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥**
**ਹੋਵੈ ਸਿਫਤਿ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ ॥**
**ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥**
**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥**
**ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥**
**ਦਿਲਿ ਖੋਟੈ ਆਕੀ ਫਿਰਨ੍, ਬੰਨ੍ ਭਾਰੁ ਉਚਾਇਨ੍ ਛਟੀਐ ॥**
**ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਬਟੀਐ ॥**
**ਕਉਣੁ ਹਾਰੇ ਕਿਨਿ ਉਢਟੀਐ ॥੨ ॥**

*(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸੱਤੇ ਡੂਮ ਆਖੀ ਅੰਗ ੯੬੬)*

ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਪਹਿਲਾਂ ਦੇਵੀ

ਭਗਤ ਤੇ ਧਾਰਮਿਕ ਭਾਵਾਂ ਵਾਲੇ ਨੇਕ ਸੁਭਾਅ ਦੇ ਧਾਰਨੀ ਸਨ। ਗੁਰੂ ਅੰਗਦ ਦੇਵ ਜੀ ਨੇ ਜਦੋਂ ਭਾਈ ਜੋਧ (ਖਡੂਰ ਵਾਸੀ) ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਮ੍ਰਿਤਮਈ ਨਵੀਂ ਬਾਣੀ ਸ਼੍ਰਵਣ ਕੀਤੀ, ਤਾਂ ਆਪ ਜੀ ਦੇ ਅੰਦਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਤੀਖਣ ਖਿੱਚ ਪਈ। ਜਦੋਂ ਗੁਰੂ ਅੰਗਦ ਦੇਵ ਜੀ ਜਥਾ ਲੈ ਕੇ ਜਵਾਲਾ ਮੁਖੀ ਦੇਵੀ ਦੇ ਦਰਸ਼ਨਾਂ ਨੂੰ ਜਾ ਰਹੇ ਸਨ, ਤਾਂ ਆਪ ਸਾਥੀਆਂ ਦਾ ਡੇਰਾ ਬਾਹਰ ਲਗਵਾ ਕੇ ਆਪ ਘੋੜੀ 'ਤੇ ਸਵਾਰ ਹੋ ਕੇ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਕੋਲ ਪਹੁੰਚੇ, ਗੁਰੂ ਨਾਨਕ ਦੇਵ ਜੀ ਤੋਂ ਨਵੀਂ ਵਿਚਾਰਧਾਰਾ ਸ਼੍ਰਵਣ ਕੀਤੀ ਤੇ ਨਿਪੁੰਸਕ ਵਿਚਾਰਧਾਰਾ ਨੂੰ ਤਿਆਗ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਦੇ ਹੀ ਭੌਰੇ ਹੋ ਗਏ।

ਭਾਈ ਲਹਿਣਾ ਜੀ ਨੇ ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੇ ਦਰ 'ਤੇ ਕਰੜੀ ਘਾਲਣਾ ਘਾਲੀ, ਉਹ ਆਪਣੀ ਮਿਸਾਲ ਆਪ ਹੈ। ਆਖ਼ਰ ਭਾਈ ਲਹਿਣਾ ਜੀ ਨੂੰ ਹਰ ਪੱਖੋਂ ਯੋਗ ਸਮਝ ਕੇ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਗੁਰਗੱਦੀ 14 ਜੂਨ, 1539 ਨੂੰ ਬਖ਼ਸ਼ਸ਼ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾ ਕੇ ਖਡੂਰ ਸਾਹਿਬ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ। ਇੱਥੇ ਹੀ ਸ਼ੇਰ ਸ਼ਾਹ ਸੂਰੀ ਦਾ ਭਜਾਇਆ ਹੋਇਆ ਹੁਮਾਯੂੰ ਗੁਰੂ ਜੀ ਦੀ ਸ਼ਰਨ ਆਇਆ। ਗੁਰੂ ਜੀ ਉਸ ਵਕਤ ਬਾਲਕਾਂ ਦੀਆਂ ਖੇਡਾਂ ਦੇਖ ਰਹੇ ਸਨ। ਜਦੋਂ ਹੁਮਾਯੂੰ ਘੋੜੇ ਉੱਤੇ ਚੜ੍ਹਿਆ ਹੋਇਆ ਗੁਰੂ ਜੀ ਪਾਸ ਪੁੱਜਿਆ, ਤਾਂ ਗੁਰੂ ਜੀ ਨੇ ਉਸ ਵੱਲ ਵਿਸ਼ੇਸ਼ ਧਿਆਨ ਨਾ ਦਿੱਤਾ। ਇਸ ਨੂੰ ਆਪਣੀ ਨਿਰਾਦਰੀ ਸਮਝਦਾ ਹੋਇਆ ਹੁਮਾਯੂੰ ਕ੍ਰੋਧਿਤ ਹੋ ਕੇ ਤਲਵਾਰ ਸੂਤਣ ਲੱਗਾ, ਤਾਂ ਗੁਰੂ ਜੀ ਨੇ ਅੱਗੋਂ ਮੁਸਕਰਾ ਕੇ ਕਿਹਾ, ਜਿਹੜੀ ਤਲਵਾਰ ਫ਼ਕੀਰਾਂ ਉੱਤੇ ਕੱਢੀ ਜਾ ਰਹੀ ਹੈ, ਇਹ ਸ਼ੇਰ ਸ਼ਾਹ ਸੂਰੀ ਵੇਲੇ ਕਿੱਥੇ ਸੀ ?

ਹੁਮਾਯੂੰ ਨੇ ਆਪਣੀ ਭੁੱਲ ਮੰਨ ਕੇ ਖਿਮਾ ਮੰਗੀ ਤੇ ਨਿਰਮਾਣਤਾ ਵਿੱਚ ਗੁਰੂ ਜੀ ਤੋਂ ਮਾਫ਼ੀ ਮੰਗੀ, ਗੁਰੂ ਜੀ ਨੇ ਅਸ਼ੀਰਵਾਦ ਦਿੱਤਾ।

ਗੁਰੂ ਜੀ ਨੇ ਖਡੂਰ ਸਾਹਿਬ ਵਿਖੇ ਮਲ ਅਖਾੜਾ ਵੀ ਕਾਇਮ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ 62 ਸਲੋਕ ਅੰਕਿਤ ਹਨ। ਸ੍ਰੀ ਗੁਰੂ ਅਮਰਦਾਸ ਜੀ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥**
**ਜਹ ਕਹ ਤਹ ਭਰਪੂਰ ਸਬਦੁ ਦੀਪਕਿ ਦੀਪਾਯਉ ॥**
**ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥**
**ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥**
**ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਭੁਅ ॥੨ ॥੧੩ ॥**

ਕਵਿ ਭੱਟ ਭਲ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤ ਕਰਦੇ ਹੋਏ ਲਿਖਦੇ

ਹਨ :

**ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥**
**ਰਵਿ ਸਸਿ ਕਿਰਣਿ ਉਦਰ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥**
**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਹ ਉਨਹ ਜੁ ਗਾਵੈ ॥**
**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧ ॥੨੨ ॥**

*(ਅੰਗ : ੧੩੯੬)*

ਐਸੇ ਸਤਿਗੁਰ ਸ੍ਰੀ ਗੁਰੂ ਅਮਰਦਾਸ ਜੀ ਨੇ ਵੀਹ ਵਾਰ ਸ੍ਰੀ ਗੰਗਾ ਜੀ ਦੀ ਯਾਤਰਾ ਕਰਨ ਦੀ ਕਠਿਨ ਘਾਲਣਾ ਘਾਲੀ। ਆਖ਼ਰੀ ਯਾਤਰਾ ਦੀ ਵਾਪਸੀ 'ਤੇ ਜਦ ਇੱਕ ਵੈਸ਼ਨਵ ਬ੍ਰਹਮਚਾਰੀ ਸਾਧੂ ਨੇ ਆਪ ਜੀ ਤੋਂ ਕੌਣ ਗੁਰੂ ? ਦੀ ਗੱਲ ਪੁੱਛੀ ਅਤੇ ਆਪ ਜੀ ਦੇ ਨਿਗੁਰੇ ਹੋਣ ਉੱਤੇ ਵੱਡਾ ਸ਼ੋਕ ਅਤੇ ਕੀਤੇ ਸੰਗ ਉੱਤੇ ਪਛਤਾਵਾ ਪ੍ਰਗਟ ਕੀਤਾ, ਤਾਂ ਆਪ ਜੀ ਦੇ ਮਨ ਅੰਦਰ ਸੱਚੇ ਗੁਰੂ ਦੀ ਭਾਲ ਲਈ ਇੱਕ ਡੂੰਘੀ ਖੋਹ, ਤਾਂਘ, ਬੇਚੈਨੀ ਤੇ ਵੈਰਾਗ ਨੇ ਆ ਵਾਸ ਕੀਤਾ। ਕਈ ਸਾਧੂ-ਸੰਤਾਂ ਨੂੰ ਮਿਲੇ, ਆਖ਼ਿਰ ਇੱਕ ਦਿਨ ਅੰਮ੍ਰਿਤ ਵੇਲੇ ਉਹਨਾਂ ਨੇ ਬੀਬੀ ਅਮਰੋ, ਜੋ ਕਿ ਉਹਨਾਂ ਦੇ ਛੋਟੇ ਭਰਾ ਦੀ ਨੂੰਹ ਸੀ, ਜੋ ਕਿ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ, ਪਾਸੋਂ ਮਿੱਠੀ ਸੁਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਕੰਨੀ ਸੁਣਿਆ :

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕੀਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ।**
**ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧ ॥ ਰਹਾਉ ॥**
**ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥**
**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨ ॥**
**ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥**
**ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩ ॥**
**ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪ ॥੩ ॥**

*(ਅੰਗ : ੯੮੦)*

ਦਿਨ ਚੜ੍ਹੇ ਆਪ ਜੀ ਬੀਬੀ ਅਮਰੋ ਨੂੰ ਮਿਲੇ ਤੇ ਪੁੱਛਿਆ ਕਿ ਉਹ ਅੰਮ੍ਰਿਤ ਵੇਲੇ ਕਿਸ ਮਹਾਂਪੁਰਸ਼ ਦੀ ਬਾਣੀ ਪੜ੍ਹ ਰਹੀ ਸੀ। ਬੀਬੀ ਜੀ ਨੇ ਉੱਤਰ ਦਿੱਤਾ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਉਹਨਾਂ ਦੀ ਗੱਦੀ 'ਤੇ ਐਸ ਵੇਲੇ ਉਸ ਦੇ ਪਿਤਾ ਜੀ ਬਿਰਾਜਮਾਨ ਹਨ।

ਇਹ ਗੱਲ ਸੁਣਦਿਆਂ ਹੀ ਅਮਰਦਾਸ ਜੀ ਨੇ ਗੁਰੂ ਜੀ ਦੇ ਦਰਸ਼ਨ ਕਰਨ ਤੇ ਉਹਨਾਂ ਨੂੰ ਗੁਰੂ ਧਾਰਨ ਕਰਨ ਦਾ ਪੱਕਾ ਮਨ ਬਣਾ ਲਿਆ। ਉਹ ਬੀਬੀ ਅਮਰੋ ਨੂੰ

ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ। ਆਪ ਜੀ ਦੀ ਉਮਰ ਉਸ ਵੇਲੇ 62 ਕੁ ਸਾਲ ਦੀ ਸੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ 36 ਕੁ ਸਾਲ ਦੀ ਸੀ।

ਖਡੂਰ ਸਾਹਿਬ ਪੁੱਜ ਕੇ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ-ਦੀਦਾਰ ਕੀਤੇ, ਤਾਂ ਦਰਸ਼ਨਾਂ ਦੀ ਪਹਿਲੀ ਝਲਕ ਨਾਲ ਹੀ ਛਾਤੀ ਸੀਤਲ ਤੇ ਮਨ ਸ਼ਾਂਤ-ਚਿੱਤ ਹੋ ਗਏ। ਮੱਥਾ ਟੇਕਿਆ ਤਾਂ ਗੁਰੂ ਜੀ ਨੇ ਆਪਣੇ ਹਸਤ ਕੰਵਲਾਂ ਨਾਲ ਸਿਰ ਉੱਪਰ ਚੁੱਕਿਆ। ਇਸ ਛੋਹ ਨਾਲ ਇੱਕ ਅਕਹਿ ਰਸ ਤੇ ਮਿੱਠੀ ਰੌਂ ਨੇ ਅੰਦਰ ਆ ਪ੍ਰਵੇਸ਼ ਕੀਤਾ। ਉਸ ਵਕਤ ਗਦ-ਗਦ ਹੋ ਗਏ ਤੇ ਅਨੰਦਿਤ ਹੋ ਗਏ, ਤੇ ਬੋਲੇ, ਸਾਈਂ ਜੀਉ ਆਪ ਜੀ ਦੀ ਸੇਵਾ ਵਿੱਚ ਕੁੜਮ ਬਣ ਕੇ ਨਹੀਂ, ਇੱਕ ਸੇਵਕ ਬਣਕੇ ਹਾਜ਼ਰ ਹੋਇਆ ਹਾਂ। ਚਰਣੀ ਲਾਉਣ ਦੀ ਰਹਿਮਤ ਕਰੋ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਮਸਤ ਸੰਸਾਰ ਲਈ 'ਹੁਕਮ ਮੰਨਣ' ਦੇ ਪੂਰਨੇ ਪਾਏ। ਜਦੋਂ ਸ੍ਰੀ ਅਮਰਦਾਸ ਜੀ ਨੇ ਉਹਨਾਂ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਇਹ ਦਰਸਾਇਆ ਕਿ ਲੋਕ-ਲਾਜ ਤੇ ਮਾਨ-ਰਹਿਤ ਹੋ ਕੇ ਸਗਲ ਸੇਵਾ ਕਿਵੇਂ ਕਮਾਈਦੀ ਹੈ ਅਤੇ ਅਨਿੰਨ ਸੇਵਕ ਤੇ ਸਿੱਖ ਕਿਵੇਂ ਬਣੀਦਾ ਹੈ, ਆਪ ਜੀ ਨੇ 62 ਸਾਲ ਦੀ ਵਡੇਰੀ ਉਮਰ ਵਿੱਚ ਸ੍ਰੀ ਗੁਰੂ ਜੀ ਦੀ ਕਰੜੀ ਸੇਵਾ ਸੰਭਾਲੀ ਅਤੇ 72 ਕੁ ਸਾਲ ਦੀ ਉਮਰ ਤਕ, ਮਾਨ-ਅਪਮਾਨ ਤੋਂ ਉੱਪਰ ਉੱਠ ਕੇ, ਪੂਰੇ ਸਿਦਕ, ਸਬਰ, ਪ੍ਰੇਮ ਤੇ ਉਤਸ਼ਾਹ ਨਾਲ ਨਿਭਾਈ।

ਪ੍ਰੇਮ, ਸ਼ਰਧਾ, ਸਿਦਕ, ਘਾਲ ਕਮਾਈ ਤੇ ਯੋਗਤਾ ਪੱਖੋਂ ਹੱਕਦਾਰ ਸਮਝਦਿਆਂ ਹੋਇਆਂ ਗੁਰੂ ਜੀ ਨੇ ਚੇਤ ਸੁਦੀ 4 (3 ਵੈਸਾਖ) ਸੰਮਤ 1609 (1552) ਨੂੰ ਸੰਗਤਾਂ ਦੇ ਸਾਹਮਣੇ ਸ੍ਰੀ ਅਮਰਦਾਸ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ ਅਤੇ ਗੁਰਿਆਈ ਦਾ ਤਿਲਕ ਲਾਉਣ ਦਾ ਮਾਣ ਬਾਬਾ ਬੁੱਢਾ ਜੀ ਨੂੰ ਬਖ਼ਸ਼ਿਆ। ਸਾਰੀ ਸੰਗਤ ਨੇ ਹੁਕਮ ਮੰਨ ਕੇ, ਸ੍ਰੀ ਗੁਰੂ ਅਮਰਦਾਸ ਜੀ ਅੱਗੇ ਸੀਸ ਨਿਵਾਇਆ।

ਗੁਰਗੱਦੀ 'ਤੇ 22 ਸਾਲ ਬਿਰਾਜਮਾਨ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਤਿੰਨ ਵੱਡੇ ਕਾਰਜ ਕੀਤੇ।

**1. ਜਾਤ-ਪਾਤ ਦਾ ਖੰਡਨ :** ਪਹਿਲੇ ਤੇ ਦੂਜੇ ਗੁਰੂ ਸਾਹਿਬਾਨ ਜਨਮ ਤੋਂ ਜਾਤੀ ਮੰਨੇ ਜਾਣ ਦੇ ਕੱਟੜ ਵਿਰੋਧੀ ਸਨ। *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦਾ ਫੁਰਮਾਨ ਹੈ:

(ੳ) **ਫਕੜ ਜਾਤੀ ਫਕੜੁ ਨਾਉਂ॥ ਸਭਨਾ ਜੀਆ ਇਕਾ ਛਾਉ॥** *(ਅੰਗ : 83)*

(ਅ) **ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥ ਰਹਾਉ॥**

*ਅੰਗ : 349*

(ੲ) **ਜਾਤਿ ਜਨਮੁ ਨਹ ਪੂਛੀਐ ਸਚੁ ਘਰੁ ਲੇਹੁ ਬਤਾਇ॥**
**ਸਾ ਜਾਤਿ, ਸਾ ਪਤਿ ਹੈ ਜੇਹੇ ਕਰਮ ਕਮਾਇ॥** *(ਅੰਗ : 1330)*

(ਸ) **ਜਾਤੀ ਦੈ ਕਿਆ ਹਥਿ ਸਚੁ ਪਰਖੀਐ॥** *(ਮਾਝ ਦੀ ਵਾਰ)*

ਤੀਸਰੇ ਸਤਿਗੁਰੂ ਜੀ ਨੇ ਇਸ ਦਾ ਪੁੱਜ ਕੇ ਵਿਰੋਧ ਕੀਤਾ। ਇੱਕ ਜਾਤ

ਅਭਿਮਾਨੀ ਬ੍ਰਾਹਮਣ ਨੂੰ ਆਪ ਜੀ ਫੁਰਮਾਉਂਦੇ ਹਨ :

**ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧ ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥**

*(ਭੈਰਉ ਅੰਗ : ੧੧੨੭)*

**2. ਛੂਤ-ਛਾਤ :** ਸਤਿਗੁਰਾਂ ਵੱਲੋਂ ਪ੍ਰੇਮੇ ਕੁਸ਼ਟੀ ਦਾ ਵਿਆਹ ਸ਼ੀਹੋਂ ਉੱਪਲ ਦੀ ਬੇਟੀ ਨਾਲ ਕਰਨਾ ਵੀ ਜਾਤ-ਪਾਤ ਤੋੜਨ ਵੱਲ ਇੱਕ ਅਹਿਮ ਕਦਮ ਸੀ। ਜਾਤ ਅਭਿਮਾਨ ਤੇ ਛੂਤ-ਛਾਤ ਦਾ ਸਮਾਜਿਕ ਕੋਹੜ ਦੂਰ ਕਰਨ ਲਈ ਆਪ ਨੇ ਨਾ ਕੇਵਲ ਲੰਗਰ ਦੀ ਪਹਿਲੇ ਸਤਿਗੁਰੂ ਜੀ ਵਲੋਂ ਚਲਾਈ ਪ੍ਰਥਾ ਨੂੰ ਜਾਰੀ ਰੱਖਿਆ ਬਲਕਿ ਸਖ਼ਤ ਤੌਰ 'ਤੇ ਇਹ ਆਗਿਆ ਕਰ ਦਿੱਤੀ ਕਿ ਜੋ ਉਹਨਾਂ ਦੇ ਦਰਸ਼ਨਾਂ ਨੂੰ ਆਵੇ, ਉਹ ਪਹਿਲੋਂ ਲੰਗਰ ਵਿੱਚੋਂ ਪੰਗਤ ਨਾਲ ਬੈਠ ਕੇ ਪ੍ਰਸਾਦਿ ਛਕੇ। ਇਸ ਨੇਮ ਉੱਤੇ ਇਤਨੀ ਸਖ਼ਤੀ ਨਾਲ ਵਰਤੋਂ ਹੋਈ ਕਿ ਮੁਗਲ ਸਮਰਾਟ ਅਕਬਰ ਅਤੇ ਹਰੀਪੁਰ ਦੇ ਰਾਜੇ ਤੇ ਰਾਣੀਆਂ ਨੂੰ ਵੀ ਛੋਟ ਨਾ ਦਿੱਤੀ ਗਈ।

**3. ਸਤੀ ਦੀ ਰਸਮ ਦਾ ਅਭਾਵ :** ਦੇਸ਼ ਵਿੱਚ ਚਿਰਾਂ ਤੋਂ ਪ੍ਰਚਲਿਤ ਸਤੀ ਦੀ ਰਸਮ ਦਾ ਵਿਰੋਧ ਕਰਨਾ ਅਤੇ ਸਹੀ ਸਤੀਆਂ ਦੀ ਪਰਿਭਾਸ਼ਾ ਇਉਂ ਕੀਤੀ। ਆਪ ਜੀ ਦਾ ਇਸਤ੍ਰੀ ਜਾਤੀ ਉੱਤੇ ਇੱਕ ਵੱਡਾ ਉਪਕਾਰ ਸੀ :

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥**
**ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟਿ ਮਰੰਨਿ ॥**
**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥**
**ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਲੰਨਿ ॥੨ ॥** *(ਅੰਗ : ੭੮੭)*

ਸਤਿਗੁਰਾਂ ਨੇ ਇਸਤ੍ਰੀ ਜਾਤੀ ਨੂੰ ਸੰਗਤ ਤੇ ਪੰਗਤ ਵਿੱਚ ਸਮਾਨ ਦਰਜਾ ਦਿੱਤਾ। ਸੰਗਤ ਵਿੱਚ ਇਸਤ੍ਰੀ ਨੂੰ ਘੁੰਡ ਕੱਢ ਕੇ ਆਉਣ ਦੀ ਮਨਾਹੀ ਸੀ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਪਰਦੇ ਦੀ ਅਨੁਚਿਤ ਰਸਮ ਦਾ ਵਿਰੋਧ ਕੀਤਾ। ਇਹ ਇੱਕ ਵੱਡਾ ਇਨਕਲਾਬੀ ਕਦਮ ਸੀ। ਉਸ ਸਮੇਂ ਪੀਡੀਆਂ ਹੋ ਚੁੱਕੀਆਂ ਰਸਮਾਂ-ਰਿਵਾਜਾਂ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਨੀ, ਕਿੰਨੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਤੁਲ ਹੈ। ਇਸ ਲਈ ਗੁਰੂ ਸਾਹਿਬ ਦਾ ਇਹ ਇੱਕ ਇਨਕਲਾਬੀ ਕਦਮ ਸੀ। ਸਤਿਗੁਰੂ ਜੀ ਨੇ ਮਨੁੱਖਾਂ ਤੇ ਮਾਲ-ਡੰਗਰਾਂ ਲਈ ਪਾਣੀ ਦਾ ਪੱਕਾ ਪ੍ਰਬੰਧ ਕਰਨ ਹਿਤ ਸੰਕੇਤ ਵਜੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਸਿੱਖੀ ਦੇ ਪ੍ਰਚਾਰ ਵੱਲ ਵੀ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਅਤੇ ਸਾਰੇ ਇਲਾਕੇ ਵਿੱਚ ਪ੍ਰਚਾਰ ਕਰਨ ਹਿਤ 22 ਮੰਜੀਆਂ ਦੀ ਸਥਾਪਨਾ ਕੀਤੀ। ਇਹਨਾਂ ਬਾਈ ਮੁਖੀਆਂ ਵਿੱਚ ਵੱਖ-ਵੱਖ ਜਾਤੀਆਂ ਦੇ ਪ੍ਰਚਾਰਕ ਵੀ ਸਨ। ਇੱਕ ਸਿੱਖ ਬਣਿਆ ਮੁਸਲਮਾਨ ਅੱਲਾ ਯਾਰ ਖ਼ਾਂ ਵੀ ਇਹਨਾਂ ਵਿੱਚ ਸ਼ਾਮਲ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਆਪ ਜੀ ਨੇ 22 ਮੰਜੀਆਂ ਤੋਂ ਇਲਾਵਾ ਇਸਤ੍ਰੀ

ਪ੍ਰਚਾਰਕਾਂ ਨੂੰ 52 ਪੀੜ੍ਹੀਆਂ ਬਖ਼ਸ਼ਕੇ, ਸਿੱਖੀ ਪ੍ਰਚਾਰ ਦੇ ਖੇਤਰ ਨੂੰ ਵਧਾਇਆ। ਸਤਿਗੁਰੂ ਜੀ ਆਪ ਵੀ ਤੀਰਥਾਂ ਦੇ ਦਰਸ਼ਨਾਂ ਨੂੰ ਗਏ, ਪ੍ਰੰਤੂ ਇਹ ਉੱਦਮ ਕੇਵਲ ਪ੍ਰਚਾਰ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ, ਤੀਰਥੀਂ ਨਾਵਣ ਦੇ ਪ੍ਰਚਲਿਤ ਪੁੰਨ ਵਿਚਾਰ ਨੂੰ ਪੱਕਿਆਂ ਕਰਨ ਲਈ ਨਹੀਂ। ਚੌਥੇ ਗੁਰੂ, ਗੁਰੂ ਰਾਮਦਾਸ ਜੀ ਦਾ ਇਸ ਯਾਤਰਾ ਬਾਰੇ ਸਪੱਸ਼ਟ ਫੁਰਮਾਨ ਹੈ :

**ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥**

*(ਅੰਗ : ੧੧੧੬)*

ਸ੍ਰੀ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿੱਚ ਬਾਣੀ ਦੇ 907 ਸ਼ਬਦ ਰਚੇ। ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਕਾ ਚੱਕ (ਅੰਮ੍ਰਿਤਸਰ) ਵਸਾਉਣ ਦਾ ਆਦੇਸ਼ ਭੀ ਆਪ ਜੀ ਨੇ ਹੀ ਦਿੱਤਾ ਸੀ। ਅਨੰਦ ਬਾਣੀ ਦੇ ਰਚੇਤਾ ਸਤਿਗੁਰੂ ਜੀ ਦੀ ਉਪਮਾ ਬਾਰੇ ਭੱਟ ਭੱਲ ਇਉਂ ਬਚਨ ਉਚਾਰਦਾ ਹੈ :

**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥੧॥੨੨॥**

**ਸ੍ਰੀ ਗੁਰੂ ਰਾਮਦਾਸ ਜੀ :** ਬਾਲ ਯਤੀਮ ਜੇਠਾ ਜੀ ਘੁੰਙਣੀਆਂ ਦਾ ਥਾਲ ਲੈ ਕੇ ਪਿੰਡਾਂ ਦੀਆਂ ਗਲੀਆਂ ਵਿੱਚ ਮਿੱਠੀ ਸੁਰ ਨਾਲ ਇਹ ਹੋਕਾ ਦਿੰਦੇ ਸਨ :

**ਮਸਾਲੇਦਾਰ ਘੁੰਙਣੀਆਂ। ਰਾਮ ਜਪਾਵਣ ਘੁੰਙਣੀਆਂ।**

ਅਵਾਜ਼ ਸੁਣ ਕੇ ਲੋਕ ਘੁੰਙਣੀਆਂ ਖ਼ਰੀਦਦੇ ਕਿ ਉਹ ਇੱਕ ਵੇਰ ਮੁੜ ਰਸ ਭਰੀ ਅਵਾਜ਼ ਵਿੱਚ ਹੋਕਾ ਸੁਣ ਸਕਣ।

ਇਹ ਭੋਲ਼ੇ ਲੋਕ ਨਹੀਂ ਜਾਣਦੇ ਸਨ ਕਿ ਇਹ ਹੋਕਾ ਦੇਣ ਵਾਲਾ ਯਤੀਮ ਬੱਚਾ ਸਮਾਂ ਪਾ ਕੇ ਦੁਨੀਆਂ ਦਾ ਸੱਚਾ ਪਾਤਸ਼ਾਹ ਬਣੇਗਾ। ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਕੱਤਕ ਵਦੀ 2 (25 ਅੱਸੂ) 1591, 24 ਸਤੰਬਰ, 1534 ਨੂੰ ਚੂਨਾ ਮੰਡੀ, ਲਾਹੌਰ ਵਿਖੇ ਹੋਇਆ। ਮਾਤਾ ਦਾ ਨਾਮ ਸ੍ਰੀ ਦਇਆ ਕੌਰ ਜੀ ਅਤੇ ਪਿਤਾ ਜੀ ਦਾ ਨਾਮ ਸ੍ਰੀ ਹਰਦਾਸ ਜੀ ਹੈ। ਆਪ ਜੀ ਦੀ ਸੰਤਾਨ ਵਿੱਚ ਸ੍ਰੀ ਪ੍ਰਿਥੀ ਚੰਦ, ਸ੍ਰੀ ਮਹਾਂ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਸਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਵਿੱਚ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਹਿਤ ਕਈ ਉੱਘੇ ਤੇ ਸੰਸਾਰ ਪ੍ਰਸਿੱਧ ਨਗਰ ਵੀ ਅਬਾਦ ਕੀਤੇ; ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ), ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ (ਜਲੰਧਰ) ਤੇ ਸ੍ਰੀ ਤਰਨਤਾਰਨ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰੂਸਰ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਅਨੰਦਪੁਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੇ ਸ੍ਰੀ ਅਬਚਲ ਨਗਰ ਵਰਗੇ ਉੱਘੇ ਅਸਥਾਨਾਂ ਦੀ ਰਚਨਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਐਸੇ ਮਹਾਨ ਇਨਕਲਾਬੀ ਸਨ, ਜਿਸ ਦਾ ਅੱਜ ਦੇ ਮਨੁੱਖ ਲਈ ਠੀਕ ਅਨੁਮਾਨ ਲਗਾ ਸਕਣਾ ਮੁਸ਼ਕਲ ਹੈ। ਅਸੰਗ ਹੈ ਗੁਰੂ ਕਾ ਚੱਕ, 'ਰਾਮਦਾਸ ਪੁਰ'– ਸ੍ਰੀ ਅੰਮ੍ਰਿਤਸਰ– ਜੋ ਪਰਉਪਕਾਰੀ, ਨਿਮਰਤਾ ਤੇ ਸੇਵਾ ਦੇ ਪੁਤਲੇ ਸਤਿਗੁਰੂ ਰਾਮਦਾਸ ਜੀ ਦੀ ਪਾਵਨ ਤੇ ਅਦੁੱਤੀ ਦੇਣ ਹੈ। ਸ੍ਰੀ ਅੰਮ੍ਰਿਤਸਰ ਸਿੱਖੀ ਦਾ ਕੇਂਦਰ ਹੈ। ਇਹੀ ਕਾਰਨ ਹੈ ਕਿ ਹਰੇਕ ਸਿੱਖ ਅਰਦਾਸ ਵਿੱਚ ਨਿੱਤ ਜਿਥੇ ਜਹਾਂ ਜਹਾਂ ਰਛਿਆ ਰਿਐਤ ਦੀ ਕਾਮਨਾ ਕਰਦਾ ਹੈ, ਉੱਥੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਦੀਦਾਰ ਲਈ ਵੀ ਰੋਜ਼ਾਨਾ ਅਰਦਾਸ ਵਿੱਚ ਜਾਚਨਾ ਕਰਦਾ ਹੈ। ਸ੍ਰੀ ਅੰਮ੍ਰਿਤਸਰ ਜੀ ਦੀ ਖ਼ਾਲਸੇ ਦੀ ਉਤਪਤੀ ਵਿੱਚ ਬਹੁਤ ਹੀ ਅਹਿਮ ਭੂਮਿਕਾ ਹੈ। 'ਅੰਮ੍ਰਿਤਸਰ ਸਿਫਤੀ ਦਾ ਘਰੁ' ਹੈ ਅਤੇ ਇਸ ਦੀ ਉਪਮਾ ਪੰਜਵੇਂ ਸਤਿਗੁਰੂ ਜੀ ਨੇ ਇਸ ਤਰ੍ਹਾਂ ਕੀਤੀ ਹੈ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥**
**ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥**
**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦ ॥** *(ਅੰਗ : ੧੩੬੨)*

**ਗੁਰੂ ਅਰਜਨ ਦੇਵ ਜੀ :** ਸ੍ਰੀ ਗੋਇੰਦਵਾਲ ਸਾਹਿਬ ਵਿਖੇ ਵੈਸਾਖ ਵਦੀ 7 (19 ਵੈਸਾਖ ਸੰਨ 1620) ਨੂੰ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਹੋਇਆ। ਆਪ ਜੀ ਦੇ ਗ੍ਰਿਹ ਵਿਖੇ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਆਪ ਜੀ ਨੇ ਕਰਤਾਰਪੁਰ (ਜਲੰਧਰ) ਵਸਾਇਆ, ਤਰਨਤਾਰਨ ਸਾਹਿਬ, ਸ੍ਰੀ ਹਰਿਗੋਬਿੰਦਪੁਰਾ, ਬਾਉਲੀ ਸਾਹਿਬ ਲਾਹੌਰ, ਰਾਮਸਰ ਅੰਮ੍ਰਿਤਸਰ ਦੀ ਉਸਾਰੀ ਕਰਵਾਈ। ਸਭ ਤੋਂ ਵੱਡਾ ਕਾਰਜ, ਆਪ ਜੀ ਨੇ *ਆਦਿ ਗ੍ਰੰਥ ਸਾਹਿਬ* ਜੀ ਦੀ ਸੰਪਾਦਨਾ ਕੀਤੀ ਤੇ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ 1 ਸੰਮਤ 1661 ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਗੁਰੂ ਸਾਹਿਬਾਨ ਅਤੇ 15 ਭਗਤਾਂ, 11 ਭੱਟਾਂ ਦੀ ਅਤੇ ਸੱਤੇ ਬਲਵੰਡ ਦੀ ਵਾਰ ਨੂੰ ਵੀ ਅੰਕਿਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੁੱਲ ਸ਼ਬਦ 2218 ਹਨ।

ਆਪ ਜੀ ਦੀ ਬਾਣੀ ਸੁਖਮਨੀ ਸਾਹਿਬ ਅਤੇ ਬਾਰਾਮਾਹਾ ਬਹੁਤ ਹੀ ਹਰਮਨ–ਪਿਆਰੀਆਂ ਬਾਣੀਆਂ ਹਨ, ਜਿਨ੍ਹਾਂ ਵਿਚੋਂ ਸੁਖਮਨੀ ਸਾਹਿਬ ਜੀ ਦਾ ਪਾਠ ਨਿਤਾਪ੍ਰਤੀ ਹਰ ਗੁਰਦਵਾਰੇ ਵਿੱਚ ਹੁੰਦਾ ਹੈ।

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਵਿੱਚ ਪਹਿਲੀ ਸ਼ਹਾਦਤ ਦਿੱਤੀ। ਪ੍ਰਿਥੀ ਚੰਦ ਸ਼ੁਰੂ ਤੋਂ ਹੀ ਆਪ ਜੀ ਦੀ ਵਿਰੋਧਤਾ ਕਰਦਾ ਆ ਰਿਹਾ ਸੀ। ਉਹ ਸਮੇਂ ਦੇ ਸਮਰਾਟ ਜਹਾਂਗੀਰ ਦੇ ਕੰਨ ਵੀ ਗੁਰੂ ਜੀ ਦੇ ਖ਼ਿਲਾਫ਼ ਭਰਦਾ ਰਹਿੰਦਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਸਿੱਖ ਪੰਥ ਵਿੱਚ ਇੱਕ ਨਵਾਂ ਮੋੜ ਲਿਆਂਦਾ। ਸਮੇਂ ਦੀ ਹਕੂਮਤ ਵੱਲੋਂ ਗੁਰੂ ਸਾਹਿਬ 'ਤੇ ਝੂਠੇ ਇਲਜ਼ਾਮ ਲਗਾਏ ਗਏ।

ਹੋਰ ਵੀ ਕਈ ਕਾਰਨ ਸਨ, ਜਿਨ੍ਹਾਂ ਵਿੱਚ ਸ਼ਾਹ ਹੁਸੈਨ, ਕਾਦਿਰ ਯਾਰ, ਸ਼ੇਖ ਸਰਹੰਦੀ ਤੇ ਨਗਾਹੀਏ ਵਾਲਾ ਪੀਰ ਵਰਗੇ ਲੋਕ ਗੁਰੂ ਸਾਹਿਬ ਦੀ ਵਧਦੀ ਪ੍ਰਤਿਭਾ ਤੋਂ ਖਿਝਦੇ ਹੋਏ ਜਹਾਂਗੀਰ ਦੇ ਕੰਨ ਭਰਦੇ ਸਨ। ਆਖ਼ਰ ਨੂੰ ਦਾਰਾ ਸ਼ਿਕੋਹ ਦੀ ਬਗ਼ਾਵਤ ਨੂੰ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ, ਜਿੱਥੇ ਉਹਨਾਂ ਨੂੰ ਕੈਦ ਕਰ ਕੇ ਅਸਹਿ ਤੇ ਅਕਹਿ ਤਸੀਹੇ ਦਿੱਤੇ ਗਏ। ਆਖ਼ਿਰ ਉਹਨਾਂ 30 ਮਈ, ਸੰਨ 1606 ਨੂੰ ਤੱਤੀ ਤਵੀ 'ਤੇ ਬਿਠਾ ਕੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਸ਼ਹਾਦਤ ਨਾਲ ਸਿੱਖ ਸਮਾਜ ਵਿੱਚ ਇੱਕ ਇਨਕਲਾਬੀ ਮੋੜ ਆਇਆ। ਇਸ ਸ਼ਹਾਦਤ ਨੇ ਸਿੱਖਾਂ ਨੂੰ ਹਥਿਆਰਬੰਦ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਵੀ ਹੋਈ।

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ** : ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਇਹ ਸ਼ਬਦ ਉਚਾਰੇ:

**ਪੰਜਿ ਪਿਆਲੇ ਪੰਜ ਪੀਰ ਛਟਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ॥**
**ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।**
**ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**
**ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।**
**ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।**
**ਕਲਿਯੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ॥**
**ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥੪੮॥** *(ਵਾਰ: ੧ ਪਉੜੀ: ੪੮)*

ਛਟਮੁ ਪੀਰ, 'ਮੀਰੀ ਪੀਰੀ' ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ 19 ਜੂਨ, 1555 (ਸੰਮਤ 1652) ਨੂੰ ਬਾਬਾ ਬੁੱਢਾ ਜੀ ਦੀ ਅਰਦਾਸ ਨਾਲ ਮਾਤਾ ਗੰਗਾ ਜੀ ਦੀ ਕੁੱਖੋਂ ਗੁਰੂ ਕੀ ਵਡਾਲੀ, ਅੰਮ੍ਰਿਤਸਰ ਵਿਖੇ ਹੋਇਆ। ਤਾਇਆ ਪ੍ਰਿਥੀ ਚੰਦ ਅਤੇ ਤਾਈ ਕਮਲੋਂ ਨੇ ਤਿੰਨ ਵਾਰ ਬਾਲ ਗੁਰੂ ਉੱਤੇ ਕੀਤੇ, ਪਰੰਤੂ ਅਕਾਲ ਪੁਰਖ ਨੇ ਹਰ ਵਾਰ ਆਪ ਜੀ ਦੀ ਰੱਖਿਆ ਕੀਤੀ। ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ 25 ਮਈ, ਸੰਨ 1606 ਨੂੰ 11 ਸਾਲ ਦੀ ਅਵਸਥਾ ਵਿੱਚ ਤਿਲਕ ਲਾਇਆ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ।

ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਗੁਰੂ ਜੀ ਨੇ ਸੰਗਤਾਂ ਤੇ ਮਸੰਦਾਂ ਨੂੰ ਹੁਕਮਨਾਮੇ ਭੇਜੇ ਕਿ ਅੱਗੇ ਤੋਂ ਜੋ ਸਾਨੂੰ ਭੇਟ ਕਰਨੀ ਹੈ, ਉਸ ਵਿੱਚ ਖ਼ਾਸ ਤੌਰ 'ਤੇ ਵਧੀਆ ਘੋੜੇ ਤੇ ਸ਼ਸਤਰ ਵੀ ਲਿਆਂਦੇ ਜਾਣ। ਪਰਸਥਿਤੀਆਂ ਵੀ ਅਜਿਹੀਆਂ ਸਨ ਕਿ ਅਣਖ ਨਾਲ ਜਿਊਣ ਲਈ ਤੇ ਸੂਰਮਿਆਂ ਦੀ ਮੌਤ ਮਰਨ ਲਈ ਇਹ ਇੱਕ ਲੋੜੀਂਦਾ ਸਾਧਨ ਸੀ। ਗੁਰੂ ਜੀ ਨੇ ਸਿੱਖਾਂ ਵਿੱਚ ਬੀਰ ਰਸ ਭਰਨ ਲਈ ਹਰ ਹੀਲੇ

ਯਤਨ ਅਰੰਭੇ। ਉਹਨਾਂ ਨੇ ਢਾਡੀ ਵਾਰਾਂ ਦਾ ਪ੍ਰਚਲਨ ਕੀਤਾ। ਸਿੱਖਾਂ ਨੂੰ ਸ਼ਸਤਰ ਵਿੱਦਿਆ ਤੇ ਘੋੜ-ਸਵਾਰੀ ਦਾ ਅਭਿਆਸ ਵੀ ਕਰਵਾਇਆ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਮੱਲ ਅਖਾੜਾ ਬਣਾ ਕੇ ਸਿੱਖਾਂ ਨੂੰ ਸਰੀਰਿਕ ਤੌਰ 'ਤੇ ਬਲਵਾਨ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਤੁਰੰਤ ਬਾਅਦ ਬਾਦਸ਼ਾਹ ਜਹਾਂਗੀਰ ਨੇ 'ਬ-ਸਯਾਸਤ ਵ ਬਾ ਯਾਸਾਰਸਾਨੰਦ' ਦਾ ਹੁਕਮ ਜਾਰੀ ਕਰਨ ਵੇਲੇ ਬਖ਼ਸ਼ੀ ਫ਼ਰੀਦ (ਮੁਰਤਜ਼ਾ ਖ਼ਾਨ) ਨੂੰ ਵੀ ਇਹ ਹੀ ਆਗਿਆ ਕੀਤੀ ਸੀ ਕਿ ਗੁਰੂ ਸਾਹਿਬ ਦਾ ਮਾਲ ਮਤਾਅ ਜ਼ਬਤ ਕਰ ਕੇ ਸਤਿਗੁਰਾਂ ਦੇ ਪਰਿਵਾਰ ਨੂੰ ਆਪਣੀ ਦੇਖ-ਰੇਖ ਵਿੱਚ ਰੱਖੇ। ਇਸੇ ਹੁਕਮ ਤੇ ਨੀਤੀ ਅਧੀਨ ਬਾਦਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਰੱਖਿਆ ਤੇ ਆਖ਼ਿਰ ਹਜ਼ਰਤ ਮੀਆਂ ਮੀਰ ਤੇ ਵਜ਼ੀਰ ਖ਼ਾਂ ਦੇ ਸਮਝਾਉਣ 'ਤੇ ਗੁਰੂ ਸਾਹਿਬ ਨੂੰ ਕਿਲ੍ਹੇ ਤੋਂ ਰਿਹਾਅ ਕੀਤਾ ਗਿਆ। ਜਦੋਂ ਗੁਰੂ ਜੀ ਨੇ ਇਕੱਲਿਆਂ ਰਿਹਾਅ ਹੋਣ ਤੋਂ ਨਾਂਹ ਕਰ ਦਿੱਤੀ, ਤਾਂ ਕਿਲ੍ਹੇ ਵਿੱਚ ਕੈਦ 52 ਰਾਜਿਆਂ ਨੂੰ ਵੀ ਕੈਦ ਤੋਂ ਮੁਕਤ ਕਰਵਾਇਆ। ਤਾਹੀਓਂ ਸਤਿਗੁਰੂ ਜੀ ਬੰਦੀ ਛੋੜ ਅਖਵਾਏ।

ਜਹਾਂਗੀਰ ਨੇ ਗੁਰੂ ਸਾਹਿਬ ਨਾਲ ਮਿੱਤਰਤਾ ਬਣਾ ਲਈ। ਇਸ ਤਰ੍ਹਾਂ ਗੁਰੂ ਸਾਹਿਬ ਨਾਲ ਕਿਸੇ ਪ੍ਰਕਾਰ ਦੀ ਕੋਈ ਕੁੜੱਤਣ ਨਾ ਵਧੀ, ਪਰ ਜਹਾਂਗੀਰ ਦੀ ਮੌਤ ਤੋਂ ਬਾਅਦ ਜਦੋਂ ਸ਼ਾਹਜਹਾਨ ਗੱਦੀ 'ਤੇ ਬਿਰਾਜਮਾਨ ਹੋਇਆ, ਤਾਂ ਗੁਰੂ ਘਰ ਦੇ ਵਿਰੋਧੀਆਂ ਨੇ ਫੇਰ ਕੰਨ ਚੁੱਕਣੇ ਸ਼ੁਰੂ ਕਰ ਦਿੱਤੇ। ਗੁਰੂ ਸਾਹਿਬ ਨਾਲ ਵੈਰ-ਵਿਰੋਧ ਦੀ ਭਾਵਨਾ ਫੇਰ ਵਧ ਗਈ। ਸ਼ਾਹਜਹਾਨ ਦੀਆਂ ਫ਼ੌਜਾਂ ਨਾਲ ਗੁਰੂ ਸਾਹਿਬ ਦੇ ਚਾਰ ਯੁੱਧ ਸ੍ਰੀ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ, ਗੁਰੂਸਰ ਮਹਿਰਾਜ ਤੇ ਕਰਤਾਰਪੁਰ ਸਾਹਿਬ ਵਿਖੇ ਹੋਏ। ਇਹਨਾਂ ਚਾਰੇ ਯੁੱਧਾਂ ਵਿੱਚ ਦਲ ਭੰਜਨ ਗੁਰ ਸੂਰਮਾ, ਸ੍ਰੀ ਹਰਿਗੋਬਿੰਦ ਸਾਹਿਬ ਜੀ ਦੀ ਫ਼ਤਿਹ ਹੀ ਹੋਈ।

ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਜਿਥੇ ਚਾਰ ਯੁੱਧ ਲੜੇ, ਉੱਥੇ ਸਿੱਖੀ ਦੇ ਪ੍ਰਚਾਰ ਵੱਲ ਵੀ ਖ਼ਾਸ ਧਿਆਨ ਦਿੱਤਾ। ਉਹਨਾਂ ਨੇ ਕਸ਼ਮੀਰ ਤੋਂ ਲੈ ਕੇ ਨਾਨਕਮਤਾ (ਯੂ.ਪੀ.) ਤਕ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਜੀ ਦੀਆਂ ਕੁਝ ਖ਼ਾਸ ਗੱਲਾਂ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ ਕਿ ਗੁਰੂ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਬੱਧੀਆਂ ਤੇ ਇਸ ਤਰ੍ਹਾਂ ਨਾਲ ਗੁਰੂ ਸਾਹਿਬ ਜੀ ਨੇ ਸਿੱਖ ਫ਼ੌਜ ਦੀ ਨੀਂਹ ਰੱਖੀ, ਬਲਕਿ ਭਗਤੀ ਤੇ ਸ਼ਕਤੀ ਦਾ, ਸੰਤ ਤੇ ਸਿਪਾਹੀ ਦਾ ਅਤਿ ਉੱਤਮ ਤੇ ਲੋੜੀਂਦਾ ਸੁਮੇਲ ਵੀ ਕੀਤਾ। ਗੁਰੂ ਸਾਹਿਬ ਨੇ ਭਗਤੀ (ਧਰਮ) ਤੇ ਰਾਜਨੀਤੀ ਨੂੰ ਮੀਰੀ ਪੀਰੀ ਦੀਆਂ ਤਲਵਾਰਾਂ ਪਾ ਕੇ ਇਕੱਠਾ ਕੀਤਾ। ਸਿੱਖੀ ਵਿੱਚ ਧਰਮ ਨਾ ਕੇਵਲ ਰਾਜਨੀਤੀ ਦੀ ਹੀ ਆਧਾਰਸ਼ਿਲਾ ਹੈ, ਬਲਕਿ ਜੀਵਨ ਦੇ ਹਰ ਪਹਿਲੂ ਤੇ ਹਰ ਸਵਾਸ ਦੀ ਵੀ। ਮੀਰੀ ਦੀ ਤਲਵਾਰ ਦੀ ਵਰਤੋਂ ਕੇਵਲ 'ਪੀਰੀ' ਦੀ ਤਲਵਾਰ ਦੀ ਸਹਾਇਤਾ ਲਈ ਕਰਨੀ ਹੈ। ਨਿਸ਼ਾਨਾ ਅਸਲ ਵਿੱਚ 'ਪੀਰੀ' ਅਥਵਾ ਧਰਮ ਹੀ ਹੈ।

ਹਰ ਹਾਲਤ ਵਿੱਚ ਇਸ ਦੇ ਅਸਥਾਪਣ ਜਾਂ ਰੱਖਿਆ ਲਈ ਸ਼ਕਤੀ ਦੀ ਵਰਤੋਂ ਕੀਤੀ ਜਾਣੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਵੇਂ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਹਿਨੀਆਂ, ਇਸ ਤਰ੍ਹਾਂ ਆਤਮਿਕ ਤੇ ਸੰਸਾਰਿਕ ਜੀਵਨ ਨੂੰ ਅਨਿੱਖੜਵਾਂ ਕਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕਰ ਕੇ ਇੱਕ ਹੋਰ ਵਿਲੱਖਣ ਕਾਰਜ ਕੀਤਾ ਤੇ ਇਸ ਨੁਕਤੇ ਨੂੰ ਹੋਰ ਵੀ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਨਿਰਬਾਣ ਤੇ ਅਖੰਡ ਕੀਰਤਨ ਲਈ ਹੈ, ਪ੍ਰੰਤੂ ਸ੍ਰੀ ਅਕਾਲ ਤਖ਼ਤ ਹਰ ਪ੍ਰਕਾਰ ਦੇ ਪੰਥਕ ਗੁਰੂ ਮਤਿਆਂ ਲਈ ਹੈ। ਸੰਨ 1630 ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਸਲਮਾਨਾਂ ਲਈ ਮਸੀਤ ਵੀ ਤਿਆਰ ਕਰਵਾਈ ਸੀ। ਸਤਿਗੁਰਾਂ ਦੀ ਫ਼ੌਜ ਵਿੱਚ ਅਨੇਕ ਮੁਸਲਮਾਨ ਵੀ ਸਨ।

ਆਪ ਜੀ ਨੇ ਲੋਹਗੜ੍ਹ ਤੇ ਸ੍ਰੀ ਅਕਾਲ ਤਖ਼ਤ ਸਾਹਿਬ, ਕੌਲਸਰ, ਬਿਬੇਕਸਰ ਦੀ ਰਚਨਾ ਕਰਵਾਈ। ਗੁਰਦੁਆਰਾ ਡੇਰਾ ਸਾਹਿਬ ਲਾਹੌਰ, ਕੀਰਤਪੁਰ (ਹੁਸ਼ਿਆਰਪੁਰ) ਹੁਣ ਰੋਪੜ (ਅਨੰਦਪੁਰ ਸਾਹਿਬ) ਤੇ ਮਹਿਰਾਜ ਨਗਰ ਵਸਾਏ।

ਸੋ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਅਜਿਹੇ ਪਹਿਲੇ ਗੁਰੂ ਸਨ, ਜਿਨ੍ਹਾਂ ਨੇ ਸ਼ਸਤਰਬੱਧ ਹੋ ਕੇ ਚਾਰ ਜੰਗ ਲੜੇ, ਖ਼ਾਲਸੇ ਦੀ ਉਤਪਤੀ ਵਿੱਚ ਅਹਿਮ ਭੂਮਿਕਾ ਨਿਭਾਈ। ਗੁਰੂ ਨਾਨਕ ਦੇਵ ਜੀ ਤੋਂ ਚਲਿਆ ਪੰਥ ਹੁਣ ਸਮੇਂ ਦੀਆਂ ਪਰਸਥਿਤੀਆਂ ਨੂੰ ਜਾਂਚਦਾ ਪਰਖਦਾ ਸ਼ਸਤਰਧਾਰੀ ਹੋ ਕੇ ਜੰਗ-ਯੁੱਧ ਕਰਨ ਦੇ ਸਮਰੱਥ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਵਿਖੇ 2 ਮਾਰਚ, ਸੰਨ 1644 ਨੂੰ ਜੋਤੀ-ਜੋਤ ਸਮਾਏ।

ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ) ਦੇ ਸਪੁੱਤਰ ਹਰਿ ਰਾਇ ਜੀ ਵੱਲ ਝਾਤ ਮਾਰ ਕੇ ਦੇਖਿਆ, ਤਾਂ ਉਹਨਾਂ ਨੇ ਇਹ ਅਨੁਭਵ ਕੀਤਾ ਕਿ ਸਾਡੇ ਤੋਂ ਬਾਅਦ ਹਰਿ ਰਾਇ ਜੀ ਸਿੱਖ ਸੰਗਤਾਂ ਦੀ ਗੁਰੂ ਦੇ ਰੂਪ ਵਿੱਚ ਯੋਗ ਅਗਵਾਈ ਕਰ ਸਕਦੇ ਹਨ। ਇਸ ਲਈ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਹਰਿ ਰਾਇ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰ ਕੇ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ। ਸ੍ਰੀ ਗੁਰੂ ਹਰਿ ਰਾਇ ਜੀ ਉਹਨਾਂ ਸਭ ਗੁਣਾਂ ਦੇ ਮਾਲਕ ਸਨ, ਜੋ ਇੱਕ ਆਦਰਸ਼ਕ ਗੁਰ ਵਿਅਕਤੀ ਵਿੱਚ ਹੋਣੇ ਚਾਹੀਦੇ ਹਨ। ਗੁਰੂ ਹਰਿਗੋਬਿੰਦ ਜੀ ਨੇ ਆਪ ਜੀ ਨੂੰ ਆਗਿਆ ਕੀਤੀ ਕਿ "ਫ਼ੌਜ ਰੱਖਣੀ ਪਰ ਲੜਨਾ ਨਹੀਂ।" ਸੋ, 2200 ਸੂਰਬੀਰ ਹਮੇਸ਼ਾ ਆਪ ਜੀ ਨਾਲ ਹਮ-ਰਕਾਬ ਰਹੇ। ਇਹ ਇੱਕ ਤਰ੍ਹਾਂ ਨਾਲ ਨਿਰਭੈਤਾ ਅਤੇ ਨੀਤੀ ਦਾ ਸੁਮੇਲ ਸੀ। ਆਪ ਜੀ ਦੇ ਜੀਵਨ ਦੀ ਇਹ ਅਹਿਮ ਘਟਨਾ ਇਹ ਸਿੱਧ ਕਰਦੀ ਹੈ ਕਿ ਖ਼ਾਲਸੇ ਦੀ ਸਿਰਜਣਾ ਵਿੱਚ ਕਿਸੇ ਪ੍ਰਕਾਰ ਦਾ ਖੋਟ ਨਹੀਂ ਹੋਣਾ ਚਾਹੀਦਾ। ਇਹ ਬਿਲਕੁਲ ਨਿਰੋਲ ਤੇ ਸ਼ੁੱਧ ਖ਼ਾਲਸ ਹੋਣਾ ਚਾਹੀਦਾ ਹੈ। ਇਸ ਲਈ ਆਪ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮ ਰਾਇ ਨੂੰ ਬਾਦਸ਼ਾਹ ਔਰੰਗਜ਼ੇਬ ਦੀ ਖ਼ੁਸ਼ਾਮਦ ਵਿੱਚ ਆ ਕੇ ਜਾਣ ਬੁੱਝ ਕੇ ਗੁਰਬਾਣੀ ਦੀ ਪੰਕਤੀ ਮਿਟੀ ਮੁਸਲਮਾਨ ਕੀ ਨੂੰ ਮਿਟੀ ਬੇਈਮਾਨ

ਕੀ ਕਹਿਣ ਕਾਰਨ ਮੂੰਹ ਨਹੀਂ ਲਾਇਆ ਅਤੇ ਸਦਾ ਲਈ ਤਿਆਗ ਦਿੱਤਾ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਲ ਤੇ ਭਾਈ ਭਗਤੂ ਜੀ ਨੂੰ ਮਸੰਦ ਥਾਪਿਆ। ਇਸ ਦੇ ਨਾਲ ਹੀ ਤਿੰਨ ਬਖ਼ਸ਼ਸ਼ਾਂ ਜੋ ਕਿ ਉਦਾਸੀ ਪੰਥ ਨਾਲ ਸੰਬੰਧਿਤ ਸਨ, ਸਿੱਖੀ ਦੇ ਪ੍ਰਚਾਰ ਲਈ ਸਥਾਪਨਾ ਵੀ ਕੀਤੀ। ਇਹ ਸਨ : ਸੁਥਰੇ ਸ਼ਾਹ ਜੀ, ਭਗਤ ਭਗਵਾਨ ਜੀ ਤੇ ਸੰਗਤ ਸਾਹਿਬ ਜੀ।

ਆਪ ਜੀ ਨੇ ਆਪਣੇ ਪੰਜ ਕੁ ਸਾਲ ਦੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਦਾ ਵਾਰਸ ਨਿਯੁਕਤ ਕੀਤਾ। ਧਾਰਮਿਕ ਜਗਤ ਵਿੱਚ ਇੱਕ ਐਸੀ 'ਬਜ਼ੁਰਗੀ ਬ-ਅਕਲ, ਨ ਬਸਾਲ' ਦੀ ਮਿਸਾਲ ਕਾਇਮ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਸਾਵਣ ਵਦੀ 20 ਸੰਮਤ 1713 ਮੁਤਾਬਕ ਜੁਲਾਈ, 1656 ਨੂੰ 'ਸ਼ੀਸ਼ ਮਹਿਲ' ਕੀਰਤਪੁਰ ਰੋਪੜ ਵਿਖੇ ਗੁਰੂ ਹਰਿ ਰਾਇ ਜੀ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ।

ਗੁਰੂ ਘਰ ਦੀ ਇਹ ਮਰਯਾਦਾ ਰਹੀ ਹੈ ਕਿ ਗੁਰਗੱਦੀ, ਅਥਵਾ ਸਰਦਾਰੀ ਦੁਨੀਆ ਦੀ ਰੀਤ ਦੇ ਵਿਪਰੀਤ, ਯੋਗਤਾ ਦੇ ਆਧਾਰ ਉੱਤੇ ਹੀ ਬਖ਼ਸ਼ੀ ਗਈ ਹੈ। ਅਕਤੂਬਰ, ਸੰਨ 1661 ਵਿੱਚ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪ ਜੀ ਨੂੰ ਗੁਰਗੱਦੀ ਬਖ਼ਸ਼ੀ। ਗੁਰਗੱਦੀ ਮਿਲਣ ਤੋਂ ਬਾਅਦ ਆਪ ਜੀ ਨੂੰ ਦਿੱਲੀ ਤੋਂ ਬਾਦਸ਼ਾਹ ਨੇ ਸਿੱਧਾ ਸੱਦਾ ਨਾ ਦੇ ਕੇ ਮਿਰਜਾ ਜੈ ਸਿੰਘ ਵਲੋਂ ਗੁਰੂ ਜੀ ਨੂੰ ਦਿੱਲੀ ਫੇਰੀ ਪਾਉਣ ਹਿਤ ਪੱਤਰ ਲਿਖਵਾਇਆ, ਪੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਜਦੋਂ ਦਿੱਲੀ ਦੀਆਂ ਸੰਗਤਾਂ ਦੀ ਦਰਸ਼ਨਾਂ ਹਿਤ ਲਿਖੀ ਚਿੱਠੀ ਰਾਜੇ ਦੇ ਅਹਿਲਕਾਰਾਂ ਨੇ ਪੜ੍ਹ ਕੇ ਸੁਣਾਈ, ਤਾਂ ਆਪ ਜੀ ਨੇ ਕਿਹਾ, "ਜਿੱਥੇ ਸੰਗਤ ਯਾਦ ਕਰੇਗੀ, ਉੱਥੇ ਅਸੀਂ ਜਰੂਰ ਪੁੱਜਾਂਗੇ।" ਦਿੱਲੀ ਵਿੱਚ ਘਟੀਆਂ ਸਾਰੀਆਂ ਘਟਨਾਵਾਂ ਵਿਚੋਂ ਇਹ ਘਟਨਾ ਬੜੀ ਅਲੌਕਿਕ ਅਤੇ ਸਤਿਗੁਰੂ ਜੀ ਦੀ ਪ੍ਰਤਿਭਾ ਨੂੰ ਵਧਾਉਣ ਵਾਲੀ ਹੈ :

ਗੁਰੂ ਜੀ ਨੇ ਪਹਿਲੀ ਰਾਤ ਪੰਜੋਖਰੇ ਕੱਟੀ। ਉੱਥੋਂ ਦਾ ਹੰਕਾਰੀ ਪੰਡਤ ਲਾਲ ਚੰਦ ਆਪ ਜੀ ਨੂੰ ਮਿਲਿਆ ਤੇ ਕਹਿਣ ਲੱਗਾ, "ਤੁਸੀਂ ਆਪਣੇ-ਆਪ ਨੂੰ ਗੁਰੂ ਹਰਿਕ੍ਰਿਸ਼ਨ ਅਖਵਾਉਂਦੇ ਹੋ, ਵੱਡੇ ਬਣਦੇ ਹੋ। ਉਹਨਾਂ ਤਾਂ ਗੀਤਾ ਦੀ ਰਚਨਾ ਕੀਤੀ ਸੀ ਤੁਸੀਂ ਉਸ ਦਾ ਅਰਥ ਹੀ ਕਰ ਕੇ ਵਿਖਾਓ ਅਤੇ ਮੇਰੇ ਨਾਲ ਸ਼ਾਸਤਰਾਰਥ ਕਰ ਲਵੋ।"

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨਿਮਰਤਾ ਸਹਿਤ ਬੋਲੇ, "ਭਾਈ, ਅਸੀਂ ਤੇ ਅਕਾਲ ਪੁਰਖ ਦੇ ਸੇਵਕ ਹਾਂ ਤੇ ਕਲਾ ਅਕਾਲ ਪੁਰਖ ਨੇ ਹੀ ਵਰਤਾਣੀ ਹੈ। ਅਸੀਂ ਤੇਰੇ ਨਾਲ ਸ਼ਾਸਤਰਾਰਥ ਤਾਂ ਬਾਅਦ ਵਿੱਚ ਕਰਾਂਗੇ ਪਹਿਲਾਂ ਤੂੰ ਆਪਣੀ ਮਰਜ਼ੀ ਦਾ ਕੋਈ ਬੰਦਾ ਲੈ ਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਤੇ ਮੇਹਰ ਦੁਆਰਾ ਉਹ ਗੀਤਾ ਦੇ ਅਰਥ ਕਰ ਕੇ ਤੇਰੀ ਨਿਸ਼ਾ ਕਰੇਗਾ।"

ਪੰਡਿਤ ਲਾਲ ਚੰਦ ਪਿੰਡ ਵਿੱਚ ਗਿਆ ਤੇ ਝੀਵਰ ਛੱਜੂ ਨੂੰ, ਜੋ ਮੂਲੋਂ ਅਨਪੜ੍ਹ ਤੇ ਮਹਾਂ ਮੂਰਖ ਸੀ, ਨਾਲ ਲੈ ਆਇਆ। ਸਤਿਗੁਰਾਂ ਨੇ ਉਸ ਨੂੰ ਨਦਰੀ ਨਦਰ ਨਿਹਾਲ

ਕੀਤਾ ਤੇ ਕਿਹਾ ਕਿ ਪੰਡਿਤ ਜੀ ਦੀ ਨਿਸ਼ਾ ਕਰੋ। ਗੁਰੂ ਜੀ ਨੇ ਉਸ ਦੇ ਨੇਤਰਾਂ ਵਿੱਚ ਨੇਤਰ ਪਾਏ ਅਤੇ ਸਿਰ 'ਤੇ ਆਪਣੀ ਸੋਟੀ ਰੱਖ ਦਿੱਤੀ। ਪੰਡਿਤ ਜੀ ਨੇ ਗੀਤਾ ਦੇ ਅੱਖੇ ਤੋਂ ਔਖੇ ਸਲੋਕ ਪੁੱਛੇ, ਜਿਨ੍ਹਾਂ ਦੇ ਛੱਜੂ ਨੇ ਤੁਰੰਤ ਅਰਥ ਕਰ ਦਿੱਤੇ। ਪੰਡਿਤ ਜੀ ਇਹ ਨਜ਼ਾਰਾ ਦੇਖ ਕੇ ਸਤਿਗੁਰੂ ਜੀ ਦੇ ਚਰਨੀ ਲੱਗਾ, ਮਾਫ਼ੀ ਮੰਗੀ ਤੇ ਸਿੱਖ ਬਣਿਆ।

ਦਿੱਲੀ ਵਿਖੇ ਪਹੁੰਚ ਕੇ ਗੁਰੂ ਜੀ ਰਾਜਾ ਜੈ ਸਿੰਘ ਦੇ ਬੰਗਲੇ, ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਵਿੱਚ ਠਹਿਰੇ ਸਨ। ਬਾਦਸ਼ਾਹ ਨੇ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ, ਤਾਂ ਆਪ ਜੀ ਨੇ ਪਿਤਾ ਜੀ ਵੱਲੋਂ ਮਿਲੀ ਹਿਦਾਇਤ ਅਨੁਸਾਰ ਬਾਦਸ਼ਾਹ ਨੂੰ ਉੱਤਰ ਭੇਜਿਆ ਕਿ ਉਨ੍ਹਾਂ ਦਾ ਵੱਡਾ ਭਰਾ ਬਾਦਸ਼ਾਹ ਪਾਸ ਹੈ। ਰਾਜਨੀਤਿਕ ਮਸਲਿਆਂ ਬਾਬਤ ਉਸ ਨਾਲ ਗੱਲਬਾਤ ਕਰ ਲਈ ਜਾਵੇ। ਸਾਡਾ ਮਾਇਆਧਾਰੀ ਬਾਦਸ਼ਾਹ ਨਾਲ ਕੀ ਮੇਲ। ਦੂਸਰੀ ਗੱਲ ਸਾਨੂੰ ਸੰਗਤਾਂ ਤੇ ਰੋਗੀਆਂ ਦੀ ਸੇਵਾ ਤੋਂ ਵੇਹਲ ਕਿੱਥੇ ਹੈ। ਜਦ ਸ਼ਾਹਜ਼ਾਦਾ ਮੁਅੱਜਜ਼ ਆਪ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਨੂੰ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ।

ਸਾਹਿਬਜ਼ਾਦੇ ਨਾਲ ਮੁਲਾਕਾਤ ਤੋਂ ਬਾਅਦ ਬਾਦਸ਼ਾਹ ਵੀ ਗੁਰੂ ਜੀ ਦੀ ਅਧਿਆਤਮਿਕ ਸ਼ਕਤੀ ਦਾ ਜਲੌਅ ਦੇਖ ਕੇ ਗੁਰੂ ਜੀ ਦਾ ਕਾਇਲ ਹੋ ਗਿਆ, ਪਰੰਤੂ ਬਾਦਸ਼ਾਹ ਇਸਲਾਮਿਕ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਕਰ ਕੇ ਗੁਰੂ ਜੀ ਦੀ ਕਰਾਮਾਤੀ ਸ਼ਕਤੀ ਨੂੰ ਵੀ ਪਰਖਣਾ ਚਾਹੁੰਦਾ ਸੀ। ਉਸ ਨੇ ਇਸ ਕਾਰਜ ਲਈ ਰਾਜਾ ਜੈ ਸਿੰਘ ਦੀ ਜ਼ਿੰਮੇਵਾਰੀ ਨਿਯੁਕਤ ਕੀਤੀ। ਰਾਜਾ ਗੁਰੂ ਜੀ ਨੂੰ ਆਪਣੇ ਮਹਿਲਾਂ ਵਿੱਚ ਲੈ ਗਿਆ ਕਿ ਉੱਥੇ ਪਟਰਾਣੀ ਤੇ ਹੋਰ ਪਰਵਾਰ ਉਹਨਾਂ ਦੇ ਦਰਸ਼ਨ ਕਰਨਾ ਲੋਚਦਾ ਹੈ। ਮਹਿਲਾਂ ਵਿੱਚ ਪਹੁੰਚ ਕੇ ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਪਰਿਵਾਰ ਵਿਚੋਂ ਪਟਰਾਣੀ ਦੀ ਪਹਿਚਾਣ ਕਰਨ। ਆਪ ਜੀ ਹਰੇਕ ਦੇ ਸਿਰ ਉੱਤੇ ਸੋਟੀ ਰੱਖਦੇ ਹੋਏ ਇਹ ਨਹੀਂ ਜਾਣ ਕੇ 'ਇਹ ਪਟਰਾਣੀ ਨਹੀਂ' ਪ੍ਰੰਤੂ ਜਦ ਪਟਰਾਣੀ ਦੇ ਸਿਰ ਉੱਤੇ ਸੋਟੀ ਰੱਖੀ ਤਾਂ ਇਹ ਕਿਹਾ, 'ਇਹ ਪਟਰਾਣੀ ਹੈ', ਉਪਰੰਤ ਉਸ ਦੀ ਗੋਦ ਵਿੱਚ ਬੈਠ ਗਏ ਅਤੇ ਪੁੱਤਰ ਦੀ ਮਨੋਕਾਮਨਾ ਪੂਰੀ ਹੋਣ ਲਈ ਵਰ ਵੀ ਦਿੱਤਾ।

ਉਹਨਾਂ ਦਿਨਾਂ ਵਿੱਚ ਦਿੱਲੀ ਵਿੱਚ ਬੁਖ਼ਾਰ ਤੇ ਚੇਚਕ ਦੀ ਬਿਮਾਰੀ ਦੀ ਮਹਾਂਮਾਰੀ ਫੈਲ ਗਈ। ਸਤਿਗੁਰੂ ਜੀ ਨੇ ਰੋਗੀਆਂ ਦੀ ਦਿਨ-ਰਾਤ ਇੱਕ ਕਰ ਕੇ ਸੇਵਾ ਕੀਤੀ। ਉਹਨਾਂ ਦੇ ਪਾਵਨ ਦਰਸ਼ਨਾਂ ਨਾਲ ਤਨ ਤੇ ਮਨ ਦੇ ਰੋਗ ਦੂਰ ਹੁੰਦੇ ਗਏ। ਰੋਗੀਆਂ ਦੇ ਰੋਗ ਦੂਰ ਕਰਨ ਹਿਤ ਆਪ ਜੀ ਬੰਗਲੇ ਦੇ ਨਾਲ ਇੱਕ ਚਬੱਚਾ ਬਣਵਾਇਆ, ਜਿੱਥੇ ਚਰਣਾਮ੍ਰਿਤ ਪੀ ਕੇ ਰੋਗੀ ਤੰਦਰੁਸਤ ਹੋਣ ਲੱਗੇ। ਸੂਰਜ ਪ੍ਰਕਾਸ਼ ਅਨੁਸਾਰ :

**ਚਰਨਾਮ੍ਰਿਤ ਹਮਰਾ ਜੋ ਪੀਵੈ ॥ ਸੋ ਜਨ ਤੁਰਤ ਰੋਗ ਬਿਨ ਥੀਵੈ ॥**
**ਜਿਨੇ ਚੁਬੱਚੇ ਕਾ ਜਲ ਪੀਓ ॥ ਸੋ ਉਬਰਿਓ ਗੁਰਜਸ ਬਡ ਥੀਓ ॥**

ਲੋਕਾਈ ਨੂੰ ਰੋਗ-ਮੁਕਤ ਕਰਦੇ ਹੋਏ ਸਤਿਗੁਰੂ ਜੀ ਵੀ ਚੇਚਕ ਦੇ ਰੋਗ ਨਾਲ ਗੰਭੀਰ ਰੂਪ ਵਿੱਚ ਬਿਮਾਰ ਹੋ ਗਏ। ਆਪ ਜੀ ਨੇ ਰੱਬੀ ਰਜ਼ਾ ਵਿੱਚ ਰਹਿੰਦਿਆਂ

ਸੰਗਤਾਂ ਨੂੰ ਧੀਰਜ ਦਿੱਤਾ ਅਤੇ ਭਾਣਾ ਮੰਨਣ ਲਈ ਭਰਪੂਰ ਪ੍ਰੇਰਨਾ ਦਿੱਤੀ। ਗੁਰੂ ਜੀ ਨੇ ਆਪਣੀ ਸੰਸਾਰਿਕ ਫੇਰੀ ਸੱਤ ਸਾਲ ਤੇ ਅੱਠ ਮਹੀਨੇ ਤੇ ਤੇਈ ਦਿਨ ਵਿੱਚ ਸੰਪੂਰਨ ਕੀਤੀ। ਆਪ ਜੀ 30 ਮਾਰਚ ਸੰਨ 1664 ਨੂੰ ਦਿੱਲੀ ਵਿਖੇ ਜੋਤੀ ਜੋਤਿ ਸਮਾਏ। ਅੰਤ ਸਮੇਂ ਆਪ ਜੀ ਪੰਜ ਪੈਸੇ ਤੇ ਨਰੇਲ ਹੱਥ ਵਿੱਚ ਲੈ ਕੇ ਬਾਂਹ ਨੂੰ ਤਿੰਨ ਵਾਰ ਉੱਚਾ ਕਰ ਕੇ ਘੁਮਾਇਆ ਤੇ ਕਿਹਾ, ਬਾਬਾ ਬਕਾਲੇ। ਸਤਿਗੁਰੂ ਜੀ ਦੀਆਂ ਤਨ-ਮਨ ਦਾ ਰੋਗ ਦੂਰ ਕਰਨ ਵਾਲੀਆਂ ਸ਼ਕਤੀਆਂ ਨੂੰ ਅਨੁਭਵ ਕਰਦਿਆਂ ਫੁਰਮਾਇਆ ਹੈ :

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥**
ਸ੍ਰੀ ਗੁਰੂ ਤੇਗ਼ ਬਹਾਦਰ :
**ਤੇਗ਼ ਬਹਾਦਰ ਧਰਮਧੁਜ ਹਰਤਾ ਤੁਰਕਨ ਮੂਲ ॥**
**ਚਰਨ ਸਰਨਿ ਤਾਰਨ ਤਰਨ, ਨਮੋ ਹੋਇ ਅਨੁਕੂਲ ॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼)*

[ਇਸ ਉਪਰੋਕਤ ਕਥਨ ਦੇ ਅਰਥ ਹਨ : ਸ੍ਰੀ ਗੁਰੂ ਤੇਗ਼ ਬਹਾਦਰ ਜੀ ਧਰਮ ਦੀ ਧੁਜਾ (ਝੰਡਾ) ਹਨ। ਉਹ ਤੁਰਕਾਂ ਦੀ ਜੜ੍ਹ (ਮੂਲ) ਦੇ ਉਖੇੜਨ ਵਾਲੇ ਹਨ। ਉਹਨਾਂ ਦੇ ਚਰਨਾਂ ਦੀ ਸ਼ਰਨ ਦੇ ਅਨੁਕੂਲ (ਮੁਤਾਬਕ, ਯੋਗ) ਹੋ ਕੇ ਉਹਨਾਂ ਪ੍ਰਤਿ ਨਮਸਕਾਰ ਕਰਦਾ ਹਾਂ।]

**ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸੰਸਾਰ ਫੇਰੀ**

ਜਨਮ : ਵਿਸਾਖ ਵਦੀ 5 (5 ਵੈਸਾਖ) ਸੰਮਤ 1678 (ਸੰਨ 1621) ਵਿੱਚ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ।
ਮਾਤਾ-ਪਿਤਾ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ।
ਵਿਆਹ : ਸ੍ਰੀ ਮਾਤਾ ਗੁਜਰੀ ਸਪੁੱਤਰੀ ਸ੍ਰੀ ਲਾਲ ਚੰਦ (ਕਰਤਾਰਪੁਰ)
ਗੁਰਿਆਈ : ਚੇਤ ਸੁਦੀ 14 (3 ਵੈਸਾਖ) ਸੰਮਤ 1721 (ਸੰਨ 1664)
ਗੁਰਗੱਦੀ 'ਤੇ ਬਿਰਾਜਮਾਨ ਹੋਏ : ਚੇਤ ਸੁਦੀ 14 (23 ਚੇਤ) ਸੰਮਤ 1721 ਸੰਨ 1665
ਸੰਤਾਨ : ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਨਗਰ ਵਸਾਇਆ : ਸ੍ਰੀ ਅਨੰਦਪੁਰ ਸਾਹਿਬ
ਸ਼ਹਾਦਤ : ਮੱਘਰ ਸੁਦੀ 5 (11 ਮੱਘਰ) ਸੰਮਤ 1732, ਚਾਂਦਨੀ ਚੌਕ, ਦਿੱਲੀ।

**ਪ੍ਰਗਟ ਭਏ ਗੁਰ ਤੇਗ਼ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।**
**ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਯੁਗ ਮੈਂ ਸਾਖੀ ॥੧੪ ॥**
**ਸਗਲ ਸ੍ਰਿਸਟਿ ਜਾਕਾ ਜਸ ਭਯੋ। ਜਿਹ ਤੇ ਸਰਬ ਧਰਮ ਬੰਚਯੋ।**

*(ਸੈਨਾਪਤਿ ਸ੍ਰੀ ਗੁਰ ਸੋਭਾ)*

'ਸ਼ਹੀਦ' ਅਰਬੀ ਦੇ ਤੁਸ਼ਾਹਦ ਸ਼ਬਦ ਤੋਂ ਬਣਿਆ ਹੈ। ਇਸ ਦੇ ਅਰਥ ਹਨ : 'ਗਵਾਹੀ ਦੇਣਾ'। ਸ਼ਹੀਦ ਦੇ ਅਰਥ ਹਨ : 'ਗਵਾਹੀ' ਦੇਣ ਵਾਲਾ।

ਸ਼ਹੀਦ ਆਪਣੀ ਸ਼ਹਾਦਤ ਨਾਲ ਇਹ ਸਾਖੀ ਭਰਦਾ ਹੈ ਕਿ ਸੁਆਰਥ ਸਿਧਕਦਾਰੀ ਤੇ ਕਾਇਰਤਾ ਦੇ ਜੀਵਨ ਨਾਲੋਂ ਖ਼ੁੱਦਦਾਰੀ, ਪਰਸੁਆਰਥ ਤੇ ਉਪਕਾਰ ਦੇ ਜੀਵਨ ਦਾ ਇੱਕ ਛਿੰਨ ਭੀ ਹਜ਼ਾਰ ਗੁਣਾ ਬੇਹਤਰ ਹੈ। ਸ਼ਹੀਦ ਸੰਸਾਰ ਦੀ ਸ਼ਮਾਂ ਵਿੱਚ ਆਪਣੀ ਚਰਬੀ ਢਾਲ ਕੇ ਜੀਵਨ ਦੀਆਂ ਉੱਚਤਮ ਰਾਹਾਂ ਨੂੰ ਰੁਸ਼ਨਾਉਂਦਾ ਅਤੇ ਮਨੁੱਖ ਨੂੰ ਮੋਹ ਮਾਇਆ ਦੇ ਅੰਧਕਾਰ ਵਿੱਚੋਂ ਠੇਡੇ ਖਾਣੋਂ ਬਚਾਉਂਦਾ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਗੁਰੂ ਹਨ। ਦਿੱਲੀ ਦੇ ਚਾਂਦਨੀ ਚੌਕ ਵਿੱਚ ਹਿੰਦ ਭਰ ਦੇ ਦੀਨ-ਦੁਖੀਆਂ ਲਈ ਕੀਤੀ ਕੁਰਬਾਨੀ ਦੇ ਕਾਰਨ ਉਹਨਾਂ ਨੂੰ 'ਹਿੰਦ ਦੀ ਚਾਦਰ', ਭਾਵ 'ਹਿੰਦ ਦੇ ਰਖਛੱਕ' ਕਰ ਕੇ ਸਨਮਾਨਿਆ ਜਾਂਦਾ ਹੈ। ਉਹਨਾਂ ਦੀ ਇਸ ਘਟਨਾ ਦੀ ਅਹਿਮੀਅਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ ਕਥਾ 'ਬਚਿਤ੍ਰ ਨਾਟਕ' ਵਿੱਚ ਇਉਂ ਬਿਆਨ ਕੀਤਾ ਹੈ :

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥**
**ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰੁ ਸੀ ਨ ਉਚਰੀ ॥੧੩ ॥**
**ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰੁ ਸਿਰਰੁ ਨ ਦੀਆ ॥**
**ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪ ॥**

ਦੋਹਰਾ ॥ **ਠੀਕਰ ਫੋਰਿ ਦਿਲੀਸ ਸਿਰਿ ਪ੍ਰਭੁ ਪੁਰਿ ਕੀਯਾ ਪਯਾਨ ॥**
**ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫ ॥**
**ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬ ॥**

ਕਸ਼ਮੀਰ ਦੇ ਹਿੰਦੂ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਾਜ਼ਰ ਹੋ ਕੇ ਫ਼ਰਯਾਦੀ ਹੋਏ ਅਤੇ ਉਹਨਾਂ ਦੇ 'ਤਿਲਕ, ਜੰਞੂ', ਅਥਵਾ ਧਾਰਮਿਕ ਅਕੀਦੇ ਦੀ ਰਾਖੀ ਲਈ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਇਹ ਸ਼ਹਾਦਤ ਦਿੱਤੀ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸੀਸ ਤਾਂ ਵਾਰ ਦਿੱਤਾ, ਪਰੰਤੂ ਸਿਰਰੁ ਨਾ ਛੱਡਿਆ। ਧਰਮ ਹੱਠ ਨਾ ਤਿਆਗਿਆ। ਇਹ ਸ਼ਹਾਦਤ ਖ਼ਾਲਸੇ ਦੀ ਸਿਰਜਣਾ ਲਈ ਧਰਾਤਲ ਦਾ ਕੰਮ ਕਰ ਗਈ। ਆਪ ਜੀ ਨੇ ਤਿਲਕ ਜੰਞੂ ਦੀ ਰਾਖੀ ਲਈ ਜੋ ਬਚਨ ਦਿੱਤਾ ਸੀ, ਉਸ ਦੀ ਪਾਲਣਾ ਕੀਤੀ ਅਤੇ ਚਾਂਦ ਭੱਟ ਅਨੁਸਾਰ ਆਪ ਜੀ ਨੇ ਅੰਤਿਮ ਸਮੇਂ ਆਪਣਾ ਇਹ ਵਾਕ ਸਤ ਕਰ ਕੇ ਵਿਖਾਇਆ :

**ਬਾਹਿਂ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨ ਛੋਡੀਏ ॥**
**ਤੇਗ਼ ਬਹਾਦਰ ਬੋਲਿਆ ਧਰ ਪਈਏ, ਧਰਮ ਨ ਛੋਡੀਏ ॥**

ਤਾਂਹੀਓਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿੱਚ ਮਰਦ ਦੀ ਤਾਰੀਫ਼ ਕਰਦੇ ਹੋਏ ਇਸ ਤਰ੍ਹਾਂ ਲਿਖਿਆ ਹੈ :

**ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ॥**

**ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ॥**

(ਮਰਦ ਨੂੰ ਚਾਹੀਦਾ ਹੈ ਕਿ ਸੁਖਨ ਦਾ ਸੂਰਾ ਹੋਵੇ। ਉਸ ਦੇ ਦਿਲ ਵਿੱਚ ਹੋਰ ਤੇ ਢਿੱਡ ਵਿੱਚ ਹੋਰ ਗੱਲ ਨਾ ਹੋਵੇ।)

ਸਤਿਗੁਰੂ ਜੀ ਦੀ ਤਿਆਗ ਦੀ ਭਾਵਨਾ ਇਤਨੀ ਸੀ ਕਿ ਜਦੋਂ ਧੀਰ ਮੱਲ ਦੇ ਬੰਦੇ ਗੁਰੂ ਜੀ ਦੀ ਸਾਰੀ ਸੰਪਤੀ ਚੁੱਕ ਕੇ ਲੈ ਗਏ ਅਤੇ ਮੱਖਣ ਸ਼ਾਹ ਤੇ ਹੋਰ ਗੁਰੂ ਕੇ ਸਿੱਖਾਂ ਨੇ ਉਹ ਵਸਤਾਂ ਵਾਪਸ ਲੈ ਆਉਣ ਦੀ ਆਗਿਆ ਮੰਗੀ, ਤਾਂ ਤਿਆਗ ਦੀ ਮੂਰਤ ਸਤਿਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ਼ ਮਨ੍ਹਾ ਕਰ ਦਿੱਤਾ ਅਤੇ ਕਿਹਾ ਕਿ "ਸਤਿਗੁਰੂਆਂ ਨੇ ਮਾਇਆ ਇਕੱਠੀ ਕਰਨ ਹਿਤ ਇਹ ਕੋਈ ਦੁਕਾਨਦਾਰੀ ਨਹੀਂ ਖੋਲ੍ਹੀ, ਬਲਕਿ ਸਾਡਾ ਉਦੇਸ਼ ਮਾਇਆ ਪ੍ਰਾਪਤੀ ਤੋਂ ਕਿਤੇ ਉਚੇਰਾ ਹੈ।"

ਗੁਰਬਿਲਾਸ ਦਾ ਲਿਖਾਰੀ ਇਸੇ ਪ੍ਰਸੰਗ ਵਿੱਚ ਇਉਂ ਲਿਖਦਾ ਹੈ :

**"ਕਹਾ ਫੁਲ ਭਇਓ ? ਜੋ ਲੇ ਗਇਓ ਚੜ੍ਹਤ ਵੈ ?**

**ਨਹੀਂ ਕਿਛ ਚਿੰਤ ਹਮ ਕਉ ਸੁ ਗਈ ॥**

**ਦਰਬ ਕੇ ਕਾਰਨੈ ਗੁਰੂ ਮਹਾਰਾਜ ਨੇ,**

**ਨਹੀਂ ਯੇਹ ਬੈਠ ਦੁਕਾਨ ਪਾਈ ॥**

**ਰਿਧ ਔ ਸਿਧ ਪੁੰਨ ਉਸਤਤੀ ਨਿੰਦਿਆ, ਸੰਤ ਕੋ ਏਕ ਸਮ ਹੈ ਜਤਾਈ ॥**

**ਕਨਿਕ ਜੋ ਮਨਿਕ ਪੁਨ ਲੋਸਟੇ ਜਾਨੀਐ ਸੁਧਾ ਤੇ ਜ਼ਹਿਰ ਸਭ ਏਕ ਜਾਈ ॥**

*(ਗੁਰਬਿਲਾਸ ਭਾਈ ਸੁੱਖਾ ਸਿੰਘ, ਪੰਨਾ: 17)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਲੰਮੇਰੇ ਪ੍ਰਚਾਰਕ ਦੌਰਿਆਂ ਵਿੱਚ ਕਿਵੇਂ ਇੱਕ ਅਗਸ਼ੀ ਛੂਹ, ਪਿਆਰ ਤੱਕਣੀ, ਤੇਜਸਵੀ ਪ੍ਰਭਾਵ ਅਤੇ ਫ਼ਕੀਰਾਨਾ ਬੇਪਰਵਾਹੀ ਨਾਲ ਮਿੱਟੀ ਦੇ ਠੀਕਰੇ ਹੋ ਚੁੱਕੇ ਬੇਹਿਸ ਲੋਕਾਂ ਨੂੰ ਅਣਖੀ ਮਰਦਾਂ ਵਾਂਙ ਮਰਨ ਤੇ ਜੀਵਨ ਦੀ ਜਾਂਚ ਦੱਸੀ, ਆਤਮਾ ਦੇ ਅਮਰ ਹੋਣ ਦੀ ਹਕੀਕਤ ਦ੍ਰਿੜ੍ਹ ਕਰਵਾਈ ਅਤੇ ਅਸਲੀ ਫ਼ਤਿਹ ਅਤੇ ਸ਼ਿਕਸਤ ਦਾ ਰਾਜ ਸਮਝਾਇਆ, ਸਤਿਗੁਰੂ ਜੀ ਆਪਣੀ ਬਾਣੀ ਰਾਹੀਂ ਫ਼ੁਰਮਾਉਂਦੇ ਹਨ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**

**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ॥**

**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**

**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥**

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥੧ ॥**

**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨ ॥**

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩ ॥੧੧ ॥**

*(ਅੰਗ : ੬੩੩)*

ਆਪ ਜੀ ਆਪਣੀ ਬਾਣੀ ਰਾਹੀਂ ਹੋਰ ਥਾਂ ਵੀ ਫੁਰਮਾਉਂਦੇ ਹਨ ਕਿ ਭੈ ਮੰਨਣ ਤੇ ਭੈ ਦੇਣ ਤੋਂ ਮੁਕਤ ਹੋ ਕੇ ਹੀ ਅਸਲੀ ਗਿਆਨੀ, ਅਥਵਾ ਹੱਕ ਸ਼ਨਾਮ ਬਣੀਦਾ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬ ॥** *(ਅੰਗ : ੧੪੨੭)*

ਸਤਿਗੁਰ ਨਾਨਕ ਦੇਵ ਜੀ ਤੋਂ ਬਾਅਦ ਸਭ ਤੋਂ ਵੱਡੇ ਪ੍ਰਚਾਰਕ ਦੌਰੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕੀਤੇ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਨਿਰਵੈਰ, ਨਿਰਭਉ, ਨਿਰਮਲ ਅਤੇ ਵੈਰਾਗਮਈ ਉਪਦੇਸ਼ਾਂ ਦਾ ਹੀ ਸਿੱਟਾ ਸੀ ਕਿ ਉਹਨਾਂ ਦੀ ਸ਼ਹਾਦਤ ਸਮੇਂ ਨਾ ਕੇਵਲ ਉਹਨਾਂ ਦੇ ਸਿੱਖ ਸਾਥੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਸਾਬਤ-ਕਦਮ ਰਹੇ, ਬਲਕਿ ਜਦੋਂ ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਸਾਹਿਬ ਸੰਮਤ 1756 ਬਿ. ਨੂੰ ਇਤਿਹਾਸਿਕ ਵੈਸਾਖੀ ਵਾਲੇ ਦਿਨ ਸਿੱਖਾਂ ਤੋਂ ਸਿਰਾਂ ਦੀ ਮੰਗ ਕੀਤੀ, ਤਾਂ ਪਰਵਾਨੇ ਉਤਨੀ ਦੇਰ ਤਕ ਸਿਰ ਤਲੀ 'ਤੇ ਰੱਖ ਕੇ ਪ੍ਰੇਮ ਦੀ ਖੇਡ ਵਿੱਚ ਸ਼ਾਮਲ ਹੁੰਦੇ ਰਹੇ, ਜਦੋਂ ਤਕ ਗੁਰੂ ਜੀ ਵੱਲੋਂ ਸਿਰਾਂ ਦੀ ਮੰਗ ਜਾਰੀ ਰਹੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਕਰਤਾਰਪੁਰ ਦੀ ਜੰਗ ਵਿੱਚ ਬਹਾਦਰੀ ਦਾ ਥਾਪੜਾ ਪ੍ਰਾਪਤ ਕੀਤਾ ਸੀ। ਇਸ ਤੋਂ ਉਪਰੰਤ ਆਪ ਜੀ ਨੇ ਬਕਾਲੇ 20 ਸਾਲ 9 ਮਹੀਨੇ ਤੇ 13 ਦਿਨ ਭਾਰੀ ਤਪੱਸਿਆ ਕੀਤੀ। 5 ਮੱਘਰ ਸੰਮਤ 1732 ਸੰਨ 1675 ਨੂੰ ਆਪ ਜੀ ਨੇ ਦਿੱਲੀ ਵਿਖੇ ਸੀਸ ਵਾਰ ਕੇ ਵੱਡੀ ਕੁਰਬਾਨੀ ਕੀਤੀ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ :**

**ਤੈਸੋ ਨਹੀਂ ਦਾਤਾ ਕੋਊ ਮੋਸੋ ਨ ਭਿਖਾਰੀ ਦੀਨ,**
**ਤੈਸੋ ਨ ਦਯਾਲੁ, ਦੁਖੀ ਮੋਸੋ ਨ ਅਲਾਈਏ ॥**
**ਮੋਸੋ ਨ ਅਕ੍ਰਿਤਘਣ, ਤੋਸੋ ਉਪਕਾਰੀ ਨਾਹਿ,**
**ਮੋਸੋ ਨ ਅਨਾਥ ਨਾਥ, ਤੈਸੋ ਨ ਬਤਾਈਏ।**
**ਅੰਗੁਨੀ ਨ ਮੋਸੋ ਕੋਊ, ਗੁਨਵਾਨ ਤੈਸੋ ਨਹੀਂ,**
**ਜਪੁ ਤਪ ਬ੍ਰਤ ਮੋ ਮੈਂ, ਏਕ ਨਹਿੰ ਪਾਈਏ ॥**
**ਕਵਿ ਆਯੋ ਸ਼ਰਨ ਗਹਿ ਧਾਇਕੈ ਚਰਨ,**
**ਗੁਰੂ ਤਾਰਨ ਤਰਨ ਨਿਜ ਹਾਥ ਦੇ ਬਚਾਈਏ ॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼, ਕਵਿ ਸੰਤੋਖ ਸਿੰਘ ਜੀ)*

**ਛਾਇ ਜਾਤੀ ਏਕਤਾ ਅਨੇਕਤਾ ਵਿਲਾਇ ਜਾਤੀ,**
**ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।**

ਪਾਪ ਪਰਪੱਕ ਜਾਤੇ ਧਰਮ ਧਸੱਕ ਜਾਤੇ,
ਬਰਨ ਗਰਕ ਜਾਤੇ, ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਗੀਤ ਮਿੱਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤ ਨ ਹੋਤੀ ਜੋ ਪੈ ਕਰਣਾ ਨਿਧਾਨ ਕੀ। *(ਕਵਿ ਸੰਤੋਖ ਸਿੰਘ ਜੀ)*

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਖੇਪ ਜੀਵਨ ਬਿਉਰਾ**

ਪ੍ਰਕਾਸ਼ : ਪੋਹ ਸੁਦੀ 7 (23 ਪੋਹ) 1723, ਸੰਨ 1666 ਈ., ਪਟਨਾ ਸਾਹਿਬ, ਬਿਹਾਰ।

ਮਾਤਾ-ਪਿਤਾ : ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਸ੍ਰੀ ਮਾਤਾ ਗੂਜਰੀ ਜੀ।

ਗੁਰਿਆਈ : ਮੱਘਰ ਸੁਦੀ 5 (11 ਮੱਘਰ) ਸੰਮਤ 1732 ਸੰਨ 1675 ਈ.

ਸ਼ਾਦੀ : 1. ਸ੍ਰੀ ਮਾਤਾ ਜੀਤੋ ਜੀ ਨਾਲ, 23 ਹਾੜ ਸੰਮਤ 1732 ਬਿ.
2. ਸ੍ਰੀ ਮਾਤਾ ਸੁੰਦਰੀ ਜੀ ਨਾਲ, 7 ਵਿਸਾਖ ਸੰਮਤ 1741 ਬਿ.
3. ਸ੍ਰੀ ਮਾਤਾ ਸਾਹਿਬ ਕੌਰ ਜੀ ਨਾਲ, 18 ਵੈਸਾਖ ਸੰਮਤ 1757 ਬਿ.

ਸੰਤਾਨ : 1. ਬਾਬਾ ਅਜੀਤ ਸਿੰਘ ਜੀ
2. ਬਾਬਾ ਜੁਝਾਰ ਸਿੰਘ ਜੀ
3. ਬਾਬਾ ਜੋਰਾਵਰ ਸਿੰਘ ਜੀ
4. ਬਾਬਾ ਫ਼ਤਿਹ ਸਿੰਘ ਜੀ

ਖ਼ਾਲਸੇ ਦੀ ਸਾਜਨਾ : ਵੈਸਾਖ 1 ਸੰਮਤ 1756 ਬਿ. ਸੰਨ 1699 ਈ.

ਅਸਥਾਨਾਂ ਦੀ ਰਚਨਾ : ਕੇਸ ਗੜ੍ਹ, ਫ਼ਤਿਹ ਗੜ੍ਹ, ਹੋਲ ਗੜ੍ਹ, ਅਨੰਦ ਗੜ੍ਹ ਤੇ ਲੋਹ ਗੜ੍ਹ, ਪਾਉਂਟਾ ਸਾਹਿਬ, ਅਬਚਲ ਨਗਰ, ਨਾਂਦੇੜ।

ਯੁੱਧ : 1. ਭੰਗਾਣੀ, 2. ਨਦੌਣ, 3. ਗੁਲੇਰ ਜਾਂ ਹੁਸੈਨੀ, 4. ਅਨੰਦਪੁਰ, 5. ਚਮਕੌਰ, 6. ਮੁਕਤਸਰ

ਜੋਤੀ-ਜੋਤਿ ਸਮਾਏ : ਕੱਤਕ ਸੁਦੀ 5 (6 ਕੱਤਕ) ਸੰਮਤ 1765 ਸੰਨ 1708, ਨਾਂਦੇੜ, ਮਹਾਰਾਸ਼ਟਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖ਼ਸੀਅਤ ਨੂੰ ਬਹੁਤ ਸਾਰੇ ਇਤਿਹਾਸਕਾਰਾਂ ਨੇ ਮਰਦ ਅਗੰਮੜਾ, ਪੂਰਨ ਪੁਰਖ, ਪੁਰਖ ਭਗਵੰਤ, ਆਪੇ ਗੁਰ ਚੇਲਾ ਕਰ ਕੇ ਦਰਸਾਇਆ ਹੈ। ਕਈਆਂ ਨੇ ਸਰਬੰਸ ਦਾਨੀ, ਅਦੁੱਤੀ ਯੋਧਾ, ਸਾਹਿਬੇ ਕਮਾਲ, ਧਰਮ ਰੱਖਿਅਕ, ਕਿਸੇ ਨੇ ਕ੍ਰਾਂਤੀਕਾਰੀ, ਕਰਮਯੋਗੀ ਤੇ ਪੰਥ ਉਸਰੱਈਆ ਕਹਿ ਕੇ ਨਿਵਾਜਿਆ ਹੈ। ਭਾਈ ਨੰਦ ਲਾਲ ਜੀ ਆਪਣੀ ਰਚਨਾ ਗੰਜ ਨਾਮਾ ਵਿੱਚ ਦਸਮੇਸ਼ ਪਿਤਾ ਜੀ ਦੀ ਵਡਿਆਈ ਇਸ ਪ੍ਰਕਾਰ ਕਰਦੇ ਹਨ :

1. **ਨਾਸਿਰੋ ਮਨਸੂਰ ਗੁਰੂ ਗੋਬਿੰਦ ਸਿੰਘ**
**ਈਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫ ॥**
ਗੁਰੂ ਗੋਬਿੰਦ ਸਿੰਘ ਉਹ (ਹਸਤੀ) ਹਨ, ਜੋ ਹੋਰਨਾਂ ਦਾ ਮਦਦਗਾਰ (ਨਾਸਰ) ਹੈ ਅਤੇ ਜਿਸ ਨੂੰ ਅਕਾਲ ਪੁਰਖ ਦੀ ਮਦਦ ਤੇ ਮਿੱਤਰਤਾ ਪ੍ਰਾਪਤ ਹੈ, ਭਾਵ ਮਨਸੂਰ ਹੈ।

2. **ਹੱਕ ਰਾ ਰੰਜ਼ੂਰ ਗੁਰੂ ਗੋਬਿੰਦ ਸਿੰਘ।,**
**ਜੁਮਲਾ ਫ਼ੈਜ਼ਿ ਨੂਰ ਗੁਰੂ ਗੋਬਿੰਦ ਸਿੰਘ ॥੧੦੬ ॥**
ਗੁਰੂ ਜੀ ਵਾਹਿਗੁਰੂ ਜੀ ਦੇ ਖ਼ਜ਼ਾਨਚੀ (ਰੰਜ਼ੂਰ) ਹਨ ਅਤੇ ਸਾਰੀਆਂ ਬਖ਼ਸ਼ਸ਼ਾਂ ਤੇ ਪ੍ਰਕਾਸ਼ (ਗਿਆਨ-ਭੰਡਾਰ) ਦੇ ਮਾਲਕ ਹਨ।

3. **ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ**
**ਸ਼ਾਹਿ ਸ਼ਹਨਸ਼ਾਹ ਗੁਰੂ ਗੋਬਿੰਦ ਸਿੰਘ ॥੧੦੭ ॥**
ਗੁਰੂ ਜੀ ਨੂੰ ਵਾਹਿਗੁਰੂ ਜੀ ਦਾ ਗਿਆਨ ਹੈ ਅਤੇ ਉਹ ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ।

4. **ਹੱਕ ਰਾ ਮਹਿਬੂਬ ਗੁਰੂ ਗੋਬਿੰਦ ਸਿੰਘ**
**ਤਾਲਿਬੇ ਮਤਲੂਬ ਗੁਰੂ ਗੋਬਿੰਦ ਸਿੰਘ ॥੧੧੩ ॥**
ਗੁਰੂ ਜੀ ਰੱਬ ਦੇ ਪਿਆਰੇ ਹਨ। ਉਹ ਵਾਹਿਗੁਰੂ ਦੇ ਆਸ਼ਕ ਭੀ ਹਨ ਤੇ ਉਸ ਦੇ ਮਾਸ਼ੂਕ ਵੀ।

5. **ਖ਼ਾਲਿਸੋ ਬੇ-ਕੀਨਾ ਗੁਰੂ ਗੋਬਿੰਦ ਸਿੰਘ।**
**ਹੱਕ ਹੱਕ ਆਈਨਾ ਗੁਰੂ ਗੋਬਿੰਦ ਸਿੰਘ ॥੧੨੪ ॥**
ਗੁਰੂ ਜੀ ਪਵਿੱਤਰ, ਨਿਰਵੈਰ ਤੇ ਵਾਹਿਗੁਰੂ ਨੂੰ ਵਿਖਾਣ ਵਾਲੇ ਸ਼ੀਸ਼ੇ ਹਨ।

6. **ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ**
**ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥੧੨੫ ॥**
ਉਹ ਸੱਚੇ ਵਾਹਿਗੁਰੂ ਨੂੰ ਜਾਣਨ ਵਾਲੇ ਬਾਦਸ਼ਾਹ ਵੀ ਹਨ ਤੇ ਫ਼ਕੀਰ ਵੀ ਹਨ।

7. **ਕਾਦਿਰਿ ਹਰ ਕਾਰ ਗੁਰੂ ਗੋਬਿੰਦ ਸਿੰਘ**
**ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ ॥੧੩੬ ॥**
ਗੁਰੂ ਹਰ ਕਾਰਜ ਕਰਨ ਦੇ ਸਮਰੱਥ ਅਤੇ ਨਿਆਸਰਿਆਂ ਦੇ ਆਸਰੇ ਹਨ।

ਐਸੇ ਦੀਨ ਦਯਾਲੂਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਪਹਿਲੇ ਸਤਿਗੁਰੂਆਂ ਵੱਲੋਂ ਸਿਰਜੀ ਆ ਰਹੀ ਐਸੀ ਕੌਮ ਦੀ ਸੰਪੂਰਨਤਾ ਦਾ ਮਹਾਨ ਕੰਮ ਸੀ, ਜੋ ਸਦਾ-ਸਦਾ ਲਈ ਪ੍ਰਭੂ ਪਿਆਰ ਤੇ ਸਿਦਕ ਨਾਲ ਭਰਪੂਰ ਹੋਵੇ, ਜਿਨ੍ਹਾਂ ਦੇ ਮਨਾਂ ਵਿੱਚ ਸਦਾ ਪਰਮਾਤਮਾ ਦੀ ਯਾਦ ਤੇ ਨਿਰਮਲ ਭਉ ਦਿਲਾਂ

ਵਿੱਚ ਸੱਚ ਲਈ ਜੂਝਣ ਦੀ ਪ੍ਰਬਲ ਤਾਂਘ ਹੋਵੇ ਅਤੇ ਦਿਲਾਂ ਵਿੱਚ ਮਨੁੱਖਤਾ ਲਈ ਹਮਦਰਦੀ ਹੋਵੇ ਅਤੇ ਦੁਸ਼ਟਾਂ ਦਾ ਨਾਸ ਕਰਨ ਵਾਲੀ ਤੇ ਸੰਤਾਂ ਨੂੰ ਸੁੱਖ ਦੇਣ ਵਾਲੀ ਸ਼ਮਸ਼ੀਰ ਹੋਵੇ। ਉਹ ਅਣਖ ਨਾਲ ਮਰਦਾਂ ਦੀ ਮੌਤ ਮਰਨ ਤੇ ਸਚਿਆਰ ਹੋ ਕੇ ਜਿਊਣਾ ਜਾਣਦੇ ਹੋਣ। ਉਹਨਾਂ ਨੂੰ ਕੇਵਲ ਅਕਾਲ ਦੀ ਓਟ ਤੇ ਗੁਰ ਸ਼ਬਦ ਦਾ ਪਰਚਾ ਹੋਵੇ। ਅਸਲੀ ਗੱਲ ਤਾਂ ਇਹ ਹੈ ਕਿ ਉਹ ਹਰ ਪੱਖੋਂ ਸੰਪੂਰਨ ਪੁਰਖਾਂ, ਅਥਵਾ ਸੰਤ-ਸਿਪਾਹੀਆਂ ਦਾ ਪੰਥ ਹੋਵੇ।

ਆਪ ਜੀ ਨੇ ਜਾਤ, ਕੁਲ ਬਰਾਦਰੀ ਤੇ ਨਸਲ ਦੇ ਕੁਲ ਵਿਤਕਰੇ ਤੇ ਪੁਰਾਣੇ ਖੋਖਲੇ ਕਰਮ ਮਨਸੂਖ਼ ਕਰ ਕੇ ਇੱਕੋ ਇੱਕ ਖੰਡਾ ਕੁਲ ਸੰਤ ਸਿਪਾਹੀਆਂ ਦੀ ਜਮਾਤ ਕਾਇਮ ਕਰਨ ਲਈ ਸੰਮਤ 1756, ਯਾਨੀ ਕਿ ਸੰਨ 1699 ਈ. ਦੀ ਵੈਸਾਖੀ ਦਾ ਦਿਨ ਚੁਣਿਆ ਅਤੇ ਪੂਰੀ ਪਰਖ ਤੇ ਪ੍ਰੀਖਿਆ ਉਪਰੰਤ ਪਹਿਲਾਂ ਨਿੱਤਰੇ ਉਹਨਾਂ ਪੰਜਾਂ ਨੂੰ 'ਪੰਜ ਪਿਆਰੇ' ਹੋਣ ਦਾ ਮਾਣ ਬਖ਼ਸ਼ਿਆ, ਜੋ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੀ ਇਸ ਦਲੇਰੀ ਭਰੀ ਬਾਤ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦ ॥**

*(ਅੰਗ : ੧੪੧੨)*

ਨੂੰ ਮਨ ਬਚਨ ਕਰਮ ਕਰ ਕੇ ਪੂਰਨ ਰੂਪ ਵਿੱਚ ਦ੍ਰਿੜ੍ਹ ਕਰ ਚੁੱਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਵੱਲੋਂ ਪੰਜ ਪਿਆਰਿਆਂ ਦੀ ਤਲਵਾਰ ਦੀ ਧਾਰ ਉੱਤੇ ਚੋਣ ਕਰ ਕੇ ਅਤੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਸ਼ ਕਰਨ ਉਪਰੰਤ ਉਹਨਾਂ ਪਾਸੋਂ ਆਪਣੇ ਲਈ ਅੰਮ੍ਰਿਤ ਦੀ ਦਾਤ ਮੰਗਣਾ ਤੇ 'ਆਪੇ ਗੁਰ ਚੇਲਾ' ਹੋਣਾ ਇਸ ਗੱਲ ਦਾ ਸਪਸ਼ਟ ਸੰਕੇਤ ਤੇ ਸਪਸ਼ਟ ਨਿਰਣਾ ਸੀ ਕਿ ਅੱਗੇ ਲਈ ਗੁਰ-ਜੋਤੀ ਗੱਦੀ ਤੇ ਪਦਵੀ ਖ਼ਾਲਸੇ ਵਿੱਚ ਹੀ ਵਰਤੇਗੀ।

*ਸ੍ਰੀ ਗੁਰੂ ਗ੍ਰੰਥ ਸਾਹਿਬ* ਅਥਵਾ ਗੁਰ ਸ਼ਬਦ ਦੀ ਤਾਬਿਆ ਪੰਥ ਖ਼ਾਲਸਾ, ਗੁਰੂ ਹੋਵੇਗਾ। ਵਿਅਕਤੀਗਤ ਗੁਰੂ ਦਾ ਸਿਲਸਿਲਾ ਉਹਨਾਂ ਤੋਂ ਬਾਅਦ ਬੰਦ ਹੋਵੇਗਾ। ਖ਼ਾਲਸਾ ਗੁਰੂ ਜੀ ਦਾ ਖ਼ਾਸ ਰੂਪ ਹੋਵੇਗਾ। ਗੁਰੂ ਜੀ ਵੱਲੋਂ ਉਚਾਰੇ ਸਵੈਯੇ ਉਹਨਾਂ ਦੇ ਦਿਲ ਵਿੱਚ ਖ਼ਾਲਸੇ ਪ੍ਰਤੀ ਪਿਆਰ ਨੂੰ ਪ੍ਰਗਟ ਕਰਦੇ ਹਨ :

1. **ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥**
   **ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥**
   **ਇਨਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨਹੀ ਕੀ ਕ੍ਰਿਪਾ ਸਭ ਸ਼ੱਤ੍ਰ ਮਰੇ ॥**
   **ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ ॥੨ ॥**
2. **ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ ॥**
   **ਦਾਨ ਦਯੋ ਇਨਹੀ ਕੋ ਭਲੋ ਅਉਰ ਆਨ ਕੋ ਦਾਨ ਨ ਲਾਗਤ ਨੀਕੋ ॥**

**ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥**
**ਮੋ ਗ੍ਰਹਿ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥੩ ॥**

*(ਦਸਮ ਗ੍ਰੰਥ)*

ਖ਼ਾਲਸੇ ਦੀ ਪਰਿਭਾਸ਼ਾ ਆਪ ਜੀ ਇਸ ਤਰ੍ਹਾਂ ਨਿਸ਼ਚਿਤ ਕਰਦੇ ਹਨ :

**ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੌਰ ਮੜੀ ਮਠ ਭੂਲ ਨ ਮਾਨੈ ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੇ ।**
**ਪੂਰਨ ਜੋਤਿ ਜਗੈ ਘਟ ਮੈ ਤਬ ਖ਼ਾਲਸ ਤਾਹਿ ਨਖਾਲਸ ਜਾਨੈ ॥੧ ॥**

*(੩੩ ਸਵੈਯੇ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੇ ਵਿਸ਼ਵ ਨੂੰ ਅਦੁੱਤੀ ਦੇਣ ਤੇ ਮਹਾਨ ਉਪਕਾਰ ਜੋ ਉਹਨਾਂ ਨੇ ਕੀਤਾ ਹੈ, ਉਹ ਹੈ ਸੰਪੂਰਨ ਮਨੁੱਖ ਦੇ ਰੂਪ ਵਿੱਚ ਖ਼ਾਲਸੇ ਦੀ ਸਿਰਜਣਾ। ਆਪ ਜੀ ਨੇ ਖ਼ਾਲਸੇ ਨੂੰ ਹਰ ਪੱਖੋਂ ਸੰਪੂਰਨ ਬਣਾਇਆ ਅਤੇ ਏਸੇ ਸਰੂਪ ਤੇ ਤਨ ਮਨ ਦੀ ਨਿਰਮਲਤਾ ਨੂੰ ਮਨੁੱਖ ਦੀ ਉੱਨਤੀ ਤੇ ਪੂਰਨਤਾ ਦੀ ਸਿਖਰਲੀ ਮੰਜ਼ਿਲ ਕਿਹਾ। ਭਰਮ ਤੇ ਭੇਖ ਮਨੁੱਖ ਦੀ ਗਿਰਾਵਟ ਦੇ ਮੁਢਲੇ ਕਾਰਨ ਮੰਨੇ ਗਏ ਹਨ ਅਤੇ ਸਿਦਕ ਤੇ ਸਾਦਗੀ ਇਸ ਦੀ ਉੱਚਤਾ ਦੇ ਸੋਮੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਭਰਮ ਤੇ ਭੇਖ ਦੇ ਔਗੁਣਾਂ ਤੋਂ ਬਚ ਕੇ ਲੰਘ ਜਾਣ ਵਾਲੇ ਖ਼ਾਲਸੇ ਨੂੰ ਆਪਣਾ ਸਤਿਗੁਰੂ ਆਖ ਕੇ ਸਤਿਕਾਰ ਦਿੱਤਾ :

**ਖਾਲਸਾ ਖਾਸ ਕਹਾਵੈ ਸੋਈ ॥ ਜਾਂ ਕੇ ਹਿਰਦੇ ਭਰਮ ਨ ਹੋਈ ॥**
**ਭਰਮ ਭੇਖ ਤੇ ਰਹੈ ਨਿਆਰਾ ਸੋ ਖਾਲਸ ਸਤਿਗੁਰੂ ਹਮਾਰਾ ॥**

*(ਸਰਬ ਲੋਹ, ਅੰਮ੍ਰਿਤ ਕੀਰਤਨ, ਅੰਗ :੧੦੧੪)*

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਪਹਿਲੇ ਸਤਿਗੁਰ ਸਾਹਿਬਾਨ ਵੱਲੋਂ ਸੱਚੇ-ਸੁੱਚੇ ਆਚਾਰ ਅਤੇ ਸੱਤ ਦੇ ਧਾਰਨੀ ਹੋਣ ਉੱਤੇ ਜੋ ਉਪਦੇਸ਼ ਕੀਤਾ ਗਿਆ ਸੀ, ਕਲਗੀਧਰ ਪਾਤਸ਼ਾਹ ਨੇ ਖ਼ਾਲਸੇ ਦੇ ਜੀਵਨ ਵਿੱਚ ਇਸ ਨੂੰ ਹੋਰ ਪਰਪੱਕ ਕੀਤਾ। ਗੁਰੂ ਜੀ ਨੇ ਆਗਿਆ ਕੀਤੀ ਕਿ ਕੋਈ ਵੀ ਸਿੱਖ ਬਦਲਾ ਲੈਣ ਦੀ ਭਾਵਨਾ ਵਿੱਚ ਆ ਕੇ ਉਪਰੋਕਤ ਆਦਰਸ਼ ਤੋਂ ਥੱਲੇ ਨਾ ਡਿੱਗੇ। ਇਸ ਸੰਬੰਧ ਵਿੱਚ '*ਗੁਰ ਪੰਥ ਪ੍ਰਕਾਸ਼*' ਦਾ ਇਹ ਹਵਾਲਾ ਖ਼ਾਲਸੇ ਨੂੰ ਹਰ ਪਲ ਵਿਚਾਰਨ ਅਤੇ ਅਮਲਾਉਣ ਦੀ ਲੋੜ ਹੈ :

ਪ੍ਰਸ਼ਨ : ਪੁਨਿ ਸਿੰਘਨ ਬੂਝੇ ਗੁਣਖਾਣੀ। ਸਕਲ ਤੁਰਕ ਭੁਗਵੇਂ ਹਿੰਦਵਾਨੀ।
ਸਿਖ ਬਦਲਾ ਲੇ ਭਲਾ ਜਣਾਵੈ। ਗੁਰ ਸ਼ਾਸੜ੍ ਕਿਉਂ ਵਰਜ ਹਟਾਵੈ ॥
ਉੱਤਰ : ਸੁਣ ਸਤਿਗੁਰ ਬੋਲੇ ਤਿਸ ਬੇਰੇ। ਹਮ ਲੇ ਜਾਨੋ ਪੰਥ ਉਚੇਰੇ।
ਨਾਹਿ ਅਧੋਗਤਿ ਬਿਖੈ ਪਹੁੰਚਾਵੈਂ। ਯਾ ਤੇ ਕਲ ਮਲ ਕਰਤ ਹਟਾਵੈਂ ॥

ਗੁਰੂ ਜੀ ਦੇ ਸਾਜੇ-ਨਿਵਾਜੇ ਖ਼ਾਲਸੇ ਨੇ ਗੁਰੂ ਜੀ ਦੇ ਇਸ ਬਚਨ ਨੂੰ ਕਿਵੇਂ ਪਾਲ਼ਿਆ ਤੇ ਨਿਭਾਇਆ, ਇਸ ਦੀ ਗਵਾਹੀ ਅਬਦਾਲੀ ਦੇ ਸਤਵੇਂ ਹਮਲੇ ਦੇ ਸਾਥੀ

ਨਸੀਰ ਖ਼ਾਂ ਬਲੋਚ ਨਾਲ ਆਏ ਕਾਜ਼ੀ ਨੂਰ ਮੁਹੰਮਦ ਨੇ 'ਜੰਗਨਾਮੇ' ਵਿੱਚ ਦਿੱਤੀ। ਸਿੰਘਾਂ ਦਾ ਕੱਟੜ ਵੈਰੀ ਹੁੰਦਾ ਹੋਇਆ ਵੀ ਨਫ਼ਰਤ ਨਾਲ ਉਹਨਾਂ ਨੂੰ ਸਿੰਘ ਕਹਿਣ ਦੀ ਥਾਂ 'ਤੇ 'ਸਗ' (ਕੁੱਤਾ) ਲਿਖਣ ਵਾਲਾ ਇਹ ਬਲੋਚ ਇਤਿਹਾਸਕਾਰ ਆਖ਼ਰ ਖ਼ਾਲਸੇ ਦੇ ਉੱਚੇ-ਸੁੱਚੇ ਆਚਰਨ ਤੇ ਬੀਰਤਾ ਦੀ ਦਾਦ ਦੇਣੋਂ ਨਾ ਰਹਿ ਸਕਿਆ :

1. ਸਗਾਂ ਰਾ ਮਗੋ ਸੱਗ ਕਿ ਹਸਤੰਦ ਸ਼ੇਰ।
   ਬ ਮੈਦਾਨਿ ਮਰਦਾਂ ਚੂੰ ਸੇਰਾਂ ਦਲੇਰ।
2. ਕਿ ਨ ਕੁਸੰਦ, ਨਾਮਰਦ, ਰਾ ਹੇਜ ਗਾਹ।
   ਗਰੇ ਜੰਦਹ ਰਾ, ਹਮ ਨਾ ਗੀਰੰਦ ਰਾਹ।
3. ਜ਼ਰੋ ਜੇਵਰਿ ਜ਼ੁਨ, ਬਤਾਰਾਜ ਨੀਜ਼।
   ਨ ਗੀਰੰਦ, ਗਰ ਮਹ ਰੂ ਹਸਤੋ ਕਨੀਜ।
4. ਜਨਾਹਮ ਨ ਬਾਸਦ, ਮਿਆਨਿ ਸਗਾਂ।
   ਨ ਦੁਜ਼ਦੀ ਬਵੱਦ ਕਾਰਿ ਆਂ ਬਦ ਰਗਾਂ।
5. ਕਿ ਜ਼ਨ ਗਰ ਜਵਾਂ ਹਸਤ, ਵਰ ਹਸਤ ਪੀਰ।
   ਬਗੋਯੰਦ ਬੁੜੀਆ, ਬਿਰੋ ਗੋਸ਼ਹ ਗੀਰ।
6. ਬ-ਵਦ ਨਾਮ ਬੁੜੀਆ ਬਹਿੰਦੀ ਜੁਬਾਂ।
   ਬ ਮਾਅਨੀ, ਕਿ ਈਂ ਪੀਰ ਜ਼ਾਲ ਅਜ਼ ਜਨਾਂ।
7. ਨ ਦੁਜ਼ਦੀਸਤ ਹਰਗਿਜ ਮਿਆਨੇ ਸਗਾਂ।
   ਨ ਪੈਦਾਸ਼ਤ ਸਾਰਿਕ; ਦਰਾ ਬੰਦ ਰਗਾਂ।
8. ਕਿ ਜ਼ਾਨੀ ਓ ਸਾਰਕ ਨ ਦਗੰਦ ਦੋਸਤ।
   ਵਗਰ ਫੇਅਲਿ ਸ਼ਾਂ, ਜੁਮਲਗੀ ਨ ਨਿਕੋਸਤ।

ਇਸ ਦਾ ਉਲੱਥਾ ਇਸ ਪ੍ਰਕਾਰ ਹੈ :

1. ਕੁੱਤਿਤਾਂ ਨੂੰ ਕੁੱਤੇ ਨਾ ਆਖੋ, ਸੱਚ ਪੁੱਛੋ ਤਾਂ ਇਹ ਸ਼ੇਰ ਨੇ ਓਹ।
   ਰਣ ਵਿੱਚ ਜਦ ਸ਼ਸਤਰ ਹੈ ਵਹਿੰਦਾ, ਸੂਰੇ ਬਲੀ ਦਲੇਰ ਨੇ ਓਹ।
2. ਨਾਮਰਦਾਂ ਤੇ ਕਾਇਰਾਂ ਉੱਤੇ ਹਰਗਿਜ਼ ਵਾਰ ਨ ਕਰਦੇ ਨੇ।
   ਭੱਜੇ ਜਾਂਦੇ ਦੁਸ਼ਮਣ ਦੀ ਉਹ ਹਰਗਿਜ਼ ਵਾਟ ਨ ਫੜਦੇ ਨੇ।
3. ਅਇਲਾਵਾਂ ਦੇ ਗਹਿਣੇ ਟੂੰਬਾਂ ਹਰਗਿਜ਼ ਮੂਲ ਨ ਲਾਂਹਦੇ ਨੇ।
   ਰਾਣੀ ਭਾਵੇਂ ਦਾਸੀ ਹੋਵੇ ਹਰਗਿਜ਼ ਹੱਥ ਨਾ ਪਾਂਦੇ ਨੇ।
4. ਕੁੱਤਿਆਂ ਦੇ ਟੋਲੇ ਵਿੱਚ ਨਾਹੀਂ ਰਹਿੰਦਾ ਕੋਈ ਜ਼ਨਾਹੀ ਏ।
   ਚੋਗੀ ਕਰਨਾ ਉਹਨਾਂ ਤਾਈਂ, ਹਰਗਿਜ਼ ਰਵਾ ਨ ਆਈ ਏ।
5. ਚਾਹੇ ਬੁੱਢੀ ਮਾਈ ਹੋਵੇ, ਚਾਹੇ ਸੁੰਦਰ ਨਾਰੀ ਏ।
   ਹਰ ਇੱਕ ਤਾਈਂ ਬੁੱਢੀ ਆਂਹਦੇ ਸੁੰਦਰ ਮਨੋ ਵਿਸਾਰੀ ਏ।

6-7. ਬੁੱਢੀ ਦੇ ਮਾਅਨੇ ਬੁੱਢੜੀ ਹਿੰਦੀ ਬੋਲੀ ਅੰਦਰ ਨੇ।
ਤਾਹੀਏਂ ਜਾਨੀ ਚੋਰ ਨ ਦਿਸਦੇ, ਉਹਨਾਂ ਟੋਲੀ ਅੰਦਰ ਨੇ।
8. ਹੋਵੇ ਨ ਕਿਉਂ ਕਰ ਕਿ ਜਦ ਉਹ ਚੋਰ ਯਾਰ ਬਣਾਂਦੇ ਨਾ।
ਇਸ ਦੇ ਬਾਝੋਂ ਹੋਰ ਕੋਈ ਉਹ ਨੇਕੀ ਕਾਰ ਕਮਾਂਦੇ ਨਾ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸੇ ਅੰਦਰ ਪਰਪੱਕ ਕੀਤੀ ਅਜਿਹੀ ਉੱਚਤਾ, ਜਿਸ ਦਾ ਪਰਮਾਣ ਖ਼ਾਲਸੇ ਨੇ ਹਰ ਅਭੀ-ਨਭੀ ਵਿੱਚ ਦਿੱਤਾ, ਕਲਗੀਆਂ ਵਾਲੇ ਸਤਿਗੁਰੂ ਜੀ ਦਾ ਇਹ ਬੇਮਿਸਾਲ ਕਮਾਲ ਹੈ। ਖ਼ਾਲਸੇ ਦੀ ਘਾੜਤ ਘੜਨ ਲੱਗਿਆਂ ਮਹਾਰਾਜ ਜੀ ਨੇ ਹਰ ਇੱਕ ਪੱਖੋਂ ਸੰਪੂਰਨ ਕੀਤਾ। ਗੁਰੂ ਜੀ ਨੇ ਇਸ ਭੁਲੇਖੇ ਨੂੰ ਵੀ ਦੂਰ ਕੀਤਾ ਕਿ ਉਹ ਕਿਸੇ ਫ਼ਿਰਕੇ ਜਾਂ ਮੁਗ਼ਲਾਂ ਦੇ ਵਿਰੁੱਧ ਹਨ। ਉਹਨਾਂ ਦੇ ਇਹ ਬਚਨ ਕਿੰਨੇ ਸਾਰਥਿਕ ਹਨ :

(ੳ) **ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥**
**ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸਾਫ਼ੀ**
**ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥**
**ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੧੫ ॥੮੫ ॥**

(ਅ) **ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ**
**ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥**
**ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥**
**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ**
**ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥**
**ਅਲਹ ਅਭੇਦ ਸੋਈ ਪੁਰਾਨ ਔ ਕੁਰਾਨ ਓਈ**
**ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬ ॥੮੬ ॥**

*(ਅਕਾਲ ਉਸਤਤਿ)*

ਗੁਰੂ ਜੀ ਨੇ ਆਪਣੇ ਆਗਮਨ ਦਾ ਉਦੇਸ਼ ਕੇਵਲ ਧਰਮ ਦੀ ਬ੍ਰਿਧੀ ਅਤੇ ਅਧਰਮ ਦਾ ਨਾਸ਼ ਕਰਨਾ ਦੱਸਿਆ :

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖਯਨਿ ਪਕਰਿ ਪਛਾਰੋ ॥੪੨ ॥**

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਿਨ ॥੪੩ ॥**

*(ਬਚਿਤ੍ਰ ਨਾਟਕ)*

ਉਪਰੋਕਤ ਉਦੇਸ਼ ਦੀ ਪ੍ਰਾਪਤੀ ਲਈ ਆਪ ਜੀ ਨੂੰ ਜਿਸ ਨਾਲ ਵੀ ਲੋਹਾ ਲੈਣਾ ਪਿਆ, ਭਾਵੇਂ ਉਹ ਜ਼ੁਲਮੀ ਰਾਜੇ ਸਨ, ਮੁਤੱਸਬੀ ਕਾਜ਼ੀ ਤੇ ਜਾਤ ਅਭਿਮਾਨੀ ਬ੍ਰਾਹਮਣ ਸਨ, ਚਾਹੇ ਫੋਕਟ ਕਰਮੀ ਧਰਮੀ ਤੇ ਪਖੰਡੀ ਧਾਰਮਿਕ ਆਗੂ।

ਗੱਲ ਕੀ, ਕਲਗੀਆਂ ਵਾਲੇ ਸਤਿਗੁਰੂ ਜੀ, ਬਾਜ਼ਾਂ ਵਾਲੇ ਤੇ ਨੀਲੇ ਦੇ ਸ਼ਾਹ-ਸਵਾਰ ਸੱਚੇ ਪਾਤਸ਼ਾਹ ਨੇ 42 ਕੁ ਸਾਲ ਦੀ ਉਮਰ ਵਿੱਚ ਜੋ ਪੂਰਨੇ ਪਾਏ ਤੇ ਕਮਾਲ ਕਰ ਵਿਖਾਏ, ਉਹ ਸਦਾ-ਸਦਾ ਲਈ ਸੰਸਾਰੀਆਂ ਨੂੰ ਹੈਰਾਨੀ ਅਤੇ ਸੱਚ ਦੇ ਖੋਜੀਆਂ ਨੂੰ ਵਿਸਮਾਦ ਵਿੱਚ ਗਡ੍ਹੂੰਦ ਰੱਖਣ ਤੇ ਸੰਤੁਲਿਤ ਧਰਮੀ ਜੀਵਨ ਪ੍ਰਦਾਨ ਕਰਨਗੇ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਦਿ ਗੁਰੂ ਸਾਹਿਬਾਨ ਤਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਪੰਧ ਤਕ ਇਹ ਸਾਰਾ ਸਫ਼ਰ ਖ਼ਾਲਸੇ ਦੀ ਉਤਪਤੀ ਅਤੇ ਵਿਕਾਸ ਦਾ ਪੰਧ ਹੈ। ਇਸੇ ਪੰਧ ਵਿੱਚੋਂ ਖ਼ਾਲਸੇ ਦੀ ਸਿਰਜਣਾ ਹੋਈ ਹੈ।

ਅਧਿਆਇ ਦੂਜਾ

## ‘ਖ਼ਾਲਸਾ ਰਾਜ’ ਦਾ ਸੰਸਥਾਪਕ : ਬਾਬਾ ਬੰਦਾ ਸਿੰਘ ਬਹਾਦਰ

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਤੋਂ ਖ਼ਾਲਸੇ ਦੀ ਸਿਰਜਣਾ ਕੀਤੀ ਹੈ, ਉਦੋਂ ਤੋਂ ਹੀ ਖ਼ਾਲਸਾ ਰਾਜ ਦਾ ਸੰਕਲਪ ਸ਼ੁਰੂ ਹੋ ਗਿਆ ਸੀ। ਇਸ ਸੰਕਲਪ ਦੀ ਪੂਰਤੀ ਹਿਤ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਕੁਰਬਾਨ ਕਰ ਕੇ, ਨਾਂਦੇੜ ਦੀ ਧਰਤੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ, ਖੰਡੇ ਬਾਟੇ ਦੀ ਪਾਹੁਲ ਛਕਾ ਕੇ, ਪੰਜ ਸਿੰਘ ਤੇ ਪੰਜ ਤੀਰ ਦੇ ਕੇ ਪੰਜਾਬ ਵੱਲ ਨੂੰ ਤੋਰਿਆ। ਭਾਰਤ ਦੀ ਧਰਤੀ ’ਤੇ ਬਾਬਾ ਬੰਦਾ ਸਿੰਘ ਬਹਾਦਰ ਹੀ ਇੱਕ ਅਜਿਹਾ ਬਹਾਦਰ ਜਰਨੈਲ ਜਾਂ ਸੂਰਮਾ ਸੀ, ਜਿਸ ਨੇ ਮੁਗ਼ਲੀਆ ਸਲਤਨਤ ਦੀਆਂ ਡੂੰਘੀਆਂ ਜੜ੍ਹਾਂ ਨੂੰ ਹਿੰਦੁਸਤਾਨ ਵਿੱਚੋਂ ਪੁੱਟਿਆ।

ਜੇਕਰ ਅਸੀਂ ਥੋੜ੍ਹਾ ਜਿਹਾ ਪਿਛਾਂਹ ਵੱਲ ਝਾਤੀ ਮਾਰੀਏ ਤਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਭਾਰਤ ਦੇਸ਼ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਹਮੇਸ਼ਾ-ਹਮੇਸ਼ਾ ਦੇ ਲਈ ਤੋੜਨ ਲਈ ਕਰਮ-ਕਾਂਡਾਂ ਦੇ ਵਿਰੁੱਧ ਅਤੇ ਜਾਤ-ਪਾਤ ਦੇ ਖ਼ਿਲਾਫ਼ ਝੂਠੇ ਰਾਜਿਆਂ ਅਤੇ ਧਾਰਮਿਕ ਆਗੂਆਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਭਾਰਤੀ ਲੋਕਾਂ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦਿੱਤੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਮੁਗ਼ਲਾਂ ਦੇ ਜ਼ੁਲਮਾਂ ਤੋਂ ਹਿੰਦੂ ਜਨਤਾ ਅਤੇ ਹਿੰਦੂਆਂ ਦੇ ਪੁਜਾਰੀ ਵਰਗ, ਯਾਨੀ ਕਿ ਪੰਡਤਾਂ ਨੂੰ ਮੁਸਲਮਾਨ ਬਣਾਏ ਜਾਣ ਦੇ ਖ਼ਿਲਾਫ਼ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਤੇ ਕਿਹਾ ਜੇਕਰ ਔਰੰਗਜ਼ੇਬ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲਵੇਗਾ ਤਾਂ ਅਸੀਂ (ਪੰਡਿਤ) ਸਾਰੇ ਇਸਲਾਮ ਕਬੂਲ ਕਰ ਲਵਾਂਗੇ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਦੀ ਤਲਵਾਰ ਅੱਗੇ ਝੁਕਣ ਦੀ ਬਜਾਏ ਆਪਣਾ ਬਲੀਦਾਨ ਦੇ ਕੇ ਸਮੁੱਚੇ ਭਾਰਤ ਵਰਸ਼ ਦੀ ਪੱਤ ਰੱਖੀ। ਸਮੁੱਚੇ ਹਿੰਦੂਆਂ ਨੂੰ ਮੁਸਲਮਾਨ ਹੋਣ ਤੋਂ ਹਮੇਸ਼ਾ-ਹਮੇਸ਼ਾ ਦੇ ਲਈ ਬਚਾ ਲਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣਾ ਸਾਰਾ ਸਰਬੰਸ ਵਾਰ ਕੇ ਹਿੰਦੂ ਧਰਮ ਦੇ ਧਾਰਨੀਆਂ ਦੀ ਸੁੰਨਤ ਹੋਣ ਤੋਂ ਬਚਾ ਲਿਆ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਨਾਂਦੇੜ ਪਹੁੰਚੇ, ਤਾਂ ਆਪ ਜੀ ਮਾਧੋ ਦਾਸ ਵੈਰਾਗੀ ਦੇ ਡੇਰੇ ’ਤੇ ਪਹੁੰਚੇ। ਉਦੋਂ ਮਾਧੋ ਦਾਸ ਕਿਸੇ ਉੱਚੇ ਟਿੱਲੇ ’ਤੇ ਬੈਠਾ ਅਭਿਆਸ ਕਰ ਰਿਹਾ ਸੀ। ਮਾਧੋ ਦਾਸ ਜਿਸ ਦਾ ਪਹਿਲਾ ਨਾਂ ਲਛਮਣ ਦੇਵ ਸੀ, ਬਹੁਤ ਹੀ

ਬਲਵਾਨ ਜੁੱਸੇ ਤੇ ਡੀਲ-ਡੌਲ ਵਾਲਾ ਨੌਜਵਾਨ ਸੀ। ਸਰੀਰਕ ਬਣਤਰ ਪੱਖੋਂ ਵੀ ਲਛਮਣ ਦੇਵ ਬਹੁਤ ਸੁੰਦਰ ਸੀ। ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਅਜਿਹੇ ਹੀ ਬਲਵਾਨ ਪੁਰਸ਼ ਦੀ ਲੋੜ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਬੈਰਾਗੀ ਦੀ ਕੁਟੀਆ ਵਿਖੇ ਉਸ ਨੂੰ ਮਿਲਣ ਗਏ। ਉੱਥੇ ਜੋ ਕੁਝ ਵਾਪਰਿਆ, ਉਸ ਨੂੰ ਇੱਥੇ ਅੰਕਿਤ ਕਰਨ ਦੀ ਲੋੜ ਨਹੀਂ ਹੈ, ਪਰ ਲਿਖਣਾ ਬਹੁਤ ਜ਼ਰੂਰੀ ਹੈ। ਜਦੋਂ ਪੂਰਬਲੇ ਕਰਮਾਂ ਦੇ ਅੰਕੁਰ ਹਿਰਦੇ ਅੰਦਰ ਪ੍ਰਗਟ ਹੁੰਦੇ ਹਨ, ਤਾਂ ਪੂਰਨ ਗੁਰੂ ਦਾ ਮਿਲਾਪ ਹੁੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨ ॥੨ ॥੧੧੬॥**

ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਦਾ ਨਾਂ ਬਦਲ ਕੇ ਬੰਦਾ ਸਿੰਘ ਬਹਾਦਰ ਰੱਖਿਆ। ਗੁਰੂ ਜੀ ਨੇ ਮਾਧੋ ਦਾਸ ਦੇ ਅੰਦਰ ਕਰਾਮਾਤੀ ਸ਼ਕਤੀਆਂ ਦੀ ਥਾਂ 'ਤੇ ਇੱਕ ਨਵੀਂ ਤੇ ਨਰੋਈ ਸ਼ਕਤੀ ਦਾ ਸੰਚਾਰ ਕੀਤਾ, ਜਿਸ ਨੇ ਮਾਧੋ ਦਾਸ ਦਾ ਜੀਵਨ ਪਲਾਂ ਵਿੱਚ ਹੀ ਬਦਲ ਦਿੱਤਾ। ਹੁਣ ਮਾਧੋ ਦਾਸ ਇੱਕ ਸੂਰਬੀਰ ਯੋਧਾ ਤੇ ਬੰਦਾ ਸਿੰਘ ਬਹਾਦਰ ਬਣ ਗਿਆ ਸੀ। ਗੁਰੂ ਜੀ ਨੇ ਆਪਣੇ ਤੀਰਾਂ ਦੇ ਭੱਥੇ ਵਿੱਚੋਂ ਪੰਜ ਤੀਰ ਬੰਦੇ ਨੂੰ ਬਖ਼ਸ਼ੇ ਅਤੇ ਨਾਲ ਹੀ ਭਾਈ ਬਾਜ਼ ਸਿੰਘ, ਬਿਨੋਦ ਸਿੰਘ ਤੇ ਫ਼ਤਿਹ ਸਿੰਘ, ਬਾਬਾ ਕਾਹਨ ਸਿੰਘ, ਭਾਈ ਰਣ ਸਿੰਘ ਨੂੰ ਪੰਜਾਬ ਵੱਲ ਤੋਰਿਆ। ਕੁਝ ਕੁ ਹੁਕਮਨਾਮੇ ਵੀ ਗੁਰੂ ਜੀ ਨੇ ਪੰਜਾਬ ਦੇ ਸਿੱਖਾਂ ਦੇ ਨਾਮ 'ਤੇ ਭੇਜੇ, ਤਾਂ ਜੁ ਬੰਦਾ ਸਿੰਘ ਬਹਾਦਰ ਦੀ ਹਰ ਪੱਖੋਂ ਮਦਦ ਕੀਤੀ ਜਾਵੇ।

ਮਾਧੋ ਦਾਸ ਬੈਰਾਗੀ ਅੱਖ ਦੇ ਫੋਰ ਵਿੱਚ ਹੋਰ ਦਾ ਹੋਰ ਹੋ ਗਿਆ। ਹੁਣ ਉਹ ਬੈਰਾਗੀ ਸਾਧ ਨਹੀਂ ਰਿਹਾ ਸੀ। ਉਹ ਤਿਆਰ-ਬਰ-ਤਿਆਰ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਦਾ ਸੰਤ ਸਿਪਾਹੀ ਖ਼ਾਲਸਾ ਬਣ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤ ਛਕ ਕੇ ਜਦ ਪੁਰਾਣਾ ਬੈਰਾਗੀ ਮਾਧੋ ਦਾਸ ਗਾਤਰੇ, ਫੁਲਾਦੀ ਕਿਰਪਾਨ ਅਤੇ ਧੱਖ ਸਰਬ-ਲੋਹ ਦਾ ਕੜਾ ਪਹਿਨ ਕੇ ਬੰਦਾ ਸਿੰਘ ਨਾਉਂ ਦਾ ਇੱਕ ਨਵਾਂ ਮਨੁੱਖ ਬਣ ਗਿਆ, ਤਾਂ ਉਸ ਦੀਆਂ ਸੁੱਤੀਆਂ ਕਲਾਂ ਜਾਗ ਪਈਆਂ। ਉਹ ਜੋ ਜਿਊਂਦੇ ਜੀਵਨ ਦੇ ਕਰਮ ਖੇਤਰ ਤੋਂ ਡਰਦਾ 'ਹਰਿ ਹਰਿ' ਕਰਦਾ ਨਿਕਲਿਆ ਸੀ, ਸਤਿਗੁਰੂ ਦੀ ਕਿਰਪਾ ਨਾਲ ਹੁਣ ਮੁੜ ਕੌਮੀ ਸੇਵਾ ਦੇ ਸੰਗਰਾਮ ਵਿੱਚ ਆ ਨਿੱਤਰਿਆ। ਸਿੱਖੀ ਦੇ ਸਿਧਾਂਤਾਂ ਅਤੇ ਢਹਿੰਦੀਆਂ ਕਲਾਂ ਵਿੱਚ ਜਾ ਰਹੀ ਪੰਜਾਬ ਦੀ ਜਨਤਾ ਵਿਚੋਂ ਸੂਰਬੀਰਾਂ ਦੀ ਕੌਮ ਬਣਾ ਦੇਣ ਲਈ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਯਤਨਾਂ ਤੋਂ ਜਾਣੂ ਹੋਣ ਲਈ ਬੰਦਾ ਸਿੰਘ ਨੂੰ ਕੋਈ ਬਹੁਤਾ ਸਮਾਂ ਨਾ ਲੱਗਾ। ਸਿੱਖ ਧਰਮ ਦੇ ਪ੍ਰਚਾਰ ਬਦਲੇ ਕਿਵੇਂ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਕਿਵੇਂ ਔਰੰਗਜ਼ੇਬ ਦੇ ਹੁਕਮ ਨਾਲ ਧਰਮ ਮੂਰਤ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਇਹ ਸੁਣ-ਸੁਣ ਕੇ ਬੰਦਾ ਸਿੰਘ ਬਹਾਦਰ ਕੰਬ

ਉਠਿਆ ਅਤੇ ਉਸ ਦੇ ਲੂੰ-ਕੰਡੇ ਵਾਂਗੂੰ ਖੜ੍ਹੇ ਹੋ ਗਏ। ਮੁਗ਼ਲਾਂ ਦੇ ਜ਼ੁਲਮ ਨਾਲ ਲਿਤਾੜੀ ਜਾ ਰਹੀ ਹਿੰਦੂ ਜਨਤਾ ਦੀ ਤਰਸ ਯੋਗ ਹਾਲਤ ਤਾਂ ਉਸ ਨੇ ਥਾਉਂ-ਥਾਈਂ ਆਪਣੀਆਂ ਅੱਖਾਂ ਨਾਲ ਡਿੱਠੀ ਹੋਈ ਸੀ, ਪਰ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਨੂੰ ਧਰਮ ਤਿਆਗਣ ਤੋਂ ਨਾਂਹ ਕਰਨ 'ਤੇ ਜਿਉਂਦੇ-ਜੀ ਕੰਧ ਵਿੱਚ ਚਿਣ ਦੇਣ ਅਤੇ ਫੇਰ ਛੁਰੀਆਂ ਨਾਲ ਕੋਹ ਕੇ ਕਤਲ ਕਰ ਦੇਣ ਦੀ ਦੁੱਖ ਭਰੀ ਵਿਥਿਆ ਸੁਣ ਕੇ ਬੰਦਾ ਸਿੰਘ ਦੀਆਂ ਅੱਖਾਂ ਵਿਚੋਂ ਖ਼ੂਨ ਉੱਤਰ ਆਇਆ ਅਤੇ ਮੁਗ਼ਲ ਰਾਜ ਦੇ ਵਿਰੁੱਧ ਉਸ ਦਾ ਹੀਆ ਭੜਕ ਉਠਿਆ।

ਬੰਦਾ ਸਿੰਘ ਬਹਾਦਰ ਆਪਣੇ ਮਿਸ਼ਨ ਦੀ ਪੂਰਤੀ ਹਿਤ ਪੰਜਾਬ ਵੱਲ ਨੂੰ ਚੱਲ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਇੱਕ ਨਿਸ਼ਾਨ ਸਾਹਿਬ ਅਤੇ ਨਗਾਰਾ ਭੀ ਬਖ਼ਸ਼ਿਆ, ਜੋ ਕਿ ਉਸ ਦੀਆਂ ਸੰਸਾਰਿਕ ਸੱਤਾ ਦੀਆਂ ਬਾਹਰਮੁੱਖੀ ਨਿਸ਼ਾਨੀਆਂ ਸਨ।

ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੋ ਪਠਾਣਾਂ ਨੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਸੀ। ਜ਼ਖ਼ਮੀ ਹੋਣ ਤੋਂ ਬਾਅਦ-ਚਾਰ ਕੁ ਦਿਨ ਹੀ ਗੁਰੂ ਜੀ ਜੀਵਤ ਰਹੇ। ਗੁਰੂ ਜੀ 8 ਅਕਤੂਬਰ, 1708 ਈ. ਨੂੰ ਜੋਤੀ ਜੋਤਿ ਸਮਾਏ। ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਅੰਤਿਮ ਸੰਸਕਾਰ ਦੀਆਂ ਸਭ ਰਸਮਾਂ ਪੂਰੀਆਂ ਕਰ ਕੇ ਅਤੇ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਦੇ ਨਾਲ ਕੁਝ ਸਿੰਘਾਂ ਨੂੰ ਗੁਰੂ ਜੀ ਦੇ ਅੰਗੀਠੇ ਦੀ ਭਾਲ਼ ਲਈ ਨਾਂਦੇੜ ਸਾਹਿਬ ਛੱਡ ਕੇ ਪੂਰੀ ਤੇਜ਼ੀ ਨਾਲ ਆਪ ਸਮਰੱਥ ਖ਼ਾਲਸਾ ਫਹੀਰ ਨਾਲ ਪੰਜਾਬ ਨੂੰ ਰਵਾਨਾ ਹੋ ਗਿਆ ਸੀ।

ਬੰਦਾ ਸਿੰਘ ਬਹਾਦਰ ਇੱਕ ਅਜਿਹਾ ਜਰਨੈਲ ਸੀ, ਜੋ ਜੰਗੀ ਨੀਤੀਆਂ ਨੂੰ ਵੀ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ। ਦੂਸਰਾ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਵੀ ਪ੍ਰਾਪਤ ਸੀ। ਉਂਝ ਕਿਸੇ ਬੈਰਾਗੀ ਸਾਧੂ ਤੋਂ ਜੰਗ ਦੇ ਮੈਦਾਨ ਵਿੱਚ ਤਬਾਹੀ ਨਹੀਂ ਮਚਾਈ ਜਾ ਸਕਦੀ।

ਜਿਸ ਰਸਤੇ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਤੋਂ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਗਏ ਸੀ, ਉਸੇ ਰਸਤੇ ਨੂੰ ਬੰਦਾ ਸਿੰਘ ਬਹਾਦਰ ਨੇ ਅਪਣਾਇਆ। ਹਾਂ, ਇਤਨਾ ਫ਼ਰਕ ਜ਼ਰੂਰ ਸੀ ਕਿ ਜੈਪੁਰ ਤੋਂ ਨੌਹਰ-ਭਾਦੜਾ ਵੱਲ ਮੁੜਨ ਦੀ ਬਜਾਏ ਬੰਦਾ ਸਿੰਘ ਬਹਾਦਰ ਆਪਣੇ ਖ਼ਾਲਸਾ ਫਹੀਰ ਨਾਲ ਸਿੱਧਾ ਰੋਹਤਕ ਵੱਲ ਨੂੰ ਨਿਕਲ ਗਿਆ ਸੀ। ਇਹ ਸਾਰਾ ਇਲਾਕਾ ਅਬਾਦੀ ਦਾ ਸੀ ਅਤੇ ਰਾਜਪੂਤ ਰਿਆਸਤਾਂ ਵਾਲਾ ਸੀ। ਰਾਜਪੂਤਾਨੇ ਵੱਲੋਂ ਬੰਦਾ ਸਿੰਘ ਦੀ ਸਿੱਖ ਸੈਨਾ ਰੋਹਤਕ ਅਤੇ ਸੋਨੀਪਤ ਵਿਚਕਾਰ ਸਥਿਤ ਖਰਖੋੜਾ (ਖਰਖੋਦਾ) ਪਰਗਣੇ ਵਿੱਚ ਪਰਵੇਸ਼ ਕਰ ਕੇ ਸਹੇਰੀ-ਖੰਡਾ ਨਾ ਦੇ ਦੋ ਜੁੜਵੇਂ ਪਿੰਡਾਂ ਦੀ ਜੂਹ ਵਿੱਚ ਪਹੁੰਚ ਕੇ ਆਪਣਾ ਪਹਿਲਾ ਪੜਾਅ ਕਰ ਕੇ ਅਗਲਾ ਪ੍ਰਬੰਧ ਕਰਨ ਲਈ ਰੁਕੀ।

ਸਹੇਰੀ ਤੇ ਖੰਡਾ ਦੋ ਜੁੜਵੇਂ ਪਿੰਡ ਹਨ। ਦੋਵਾਂ ਵਿੱਚ ਪੰਜ ਕੁ ਕਿਲੋਮੀਟਰ ਦੀ ਦੂਰੀ ਹੈ। ਇੱਥੇ ਹੀ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਨੇ ਡੇਰਾ ਲਾਇਆ। ਇਹ ਪਿੰਡ ਜਾਟ

ਅਬਾਦੀ ਵਾਲਾ ਹੈ। ਇੱਥੇ ਹੀ ਡਾਕੂਆਂ ਨੇ ਇਹਨਾਂ ਪਿੰਡਾਂ ਨੂੰ ਲੁੱਟਣ ਦੀ ਸਕੀਮ ਬਣਾਈ, ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਦਲੇਰੀ ਸਦਕਾ ਡਾਕੂ ਇਹਨਾਂ ਪਿੰਡਾਂ ਨੂੰ ਲੁੱਟ ਨਾ ਸਕੇ। ਇਸ ਬਹਾਦਰੀ ਭਰੇ ਕਾਰਨਾਮੇ ਸਦਕਾ ਖ਼ਾਲਸਾ ਫ਼ੌਜ ਦਾ ਮਾਣ-ਸਨਮਾਨ ਇਹਨਾਂ ਪਿੰਡਾਂ ਵਿੱਚ ਹੋਰ ਵਧਿਆ।

ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਵੀ ਇਸ ਘਟਨਾ ਦਾ ਜ਼ਿਕਰ ਕਰਦਾ ਹੈ, ਜੋ ਕਿ ਇਸੇ ਪਿੰਡ ਵਿੱਚ ਵਾਪਰੀ ਸੀ। ਜਦੋਂ ਬੰਦਾ ਸਿੰਘ ਦੱਖਣ ਤੋਂ ਚੱਲ ਕੇ ਆ ਰਿਹਾ ਸੀ, ਤਾਂ ਰਸਤੇ ਵਿੱਚ ਉਸ ਨੂੰ ਲੁਬਾਣੇ ਸਿੱਖ ਵਪਾਰੀਆਂ ਦਾ ਇੱਕ ਟੋਲਾ ਮਿਲਿਆ। ਬੰਦਾ ਸਿੰਘ ਵੱਲੋਂ ਇਹਨਾਂ ਦੀ ਪੁੱਛ-ਗਿੱਛ ਕਰਨ ਤੋਂ ਪਹਿਲਾਂ ਤਾਂ ਇਹ ਲੁਬਾਣੇ ਵਪਾਰੀ ਆਪਣੀ ਪਛਾਣ ਚੰਗੀ ਤਰ੍ਹਾਂ ਨਹੀਂ ਕਰਵਾ ਰਹੇ ਸਨ, ਪਰ ਜਦੋਂ ਬੰਦਾ ਸਿੰਘ ਨੇ ਉਹਨਾਂ ਤੋਂ ਸਖ਼ਤੀ ਨਾਲ ਪੁੱਛਿਆ, ਤਾਂ ਉਹਨਾਂ ਨੇ ਦੱਸਿਆ ਕਿ ਉਹ ਗੁਰੂ ਦੇ ਸਿੱਖ ਹੀ ਹਨ। ਫਿਰ ਬੰਦਾ ਸਿੰਘ ਕਹਿੰਦਾ ਹੈ, ਉਹ ਕਾਹਦੇ ਸਿੱਖ ਹਨ ਜੇਕਰ ਆਪਣੇ ਗੁਰੂ ਦਾ ਬਦਲਾ ਨਹੀਂ ਲੈ ਸਕਦੇ। ਲੁਬਾਣਿਆਂ ਨੇ ਕਿਹਾ, ਮੁਗ਼ਲ ਸਲਤਨਤ ਬਹੁਤ ਸ਼ਕਤੀਸ਼ਾਲੀ ਹੈ, ਜਦੋਂ ਕਿ ਉਹ ਬਹੁਤ ਕਮਜ਼ੋਰ ਹਨ। ਫਿਰ ਬੰਦਾ ਸਿੰਘ ਕਹਿੰਦਾ ਹੈ ਕਿ ਮੈਂ ਤੁਹਾਡੇ ਨਾਲ ਹਾਂ, ਆਓ ਆਪਾਂ ਰਲ ਕੇ ਮੁਕਾਬਲਾ ਕਰੀਏ। ਜਾਓ ਆਪਣਾ ਮਾਲ-ਅਸਬਾਬ ਵੇਚ ਕੇ ਹਥਿਆਰ ਖ਼ਰੀਦੋ ਅਤੇ ਮੇਰੇ ਪਾਸ ਆ ਜਾਓ। ਲੁਬਾਣੇ ਵਪਾਰੀ ਇਨ੍ਹਾਂ ਹਿਦਾਇਤਾਂ ਅਨੁਸਾਰ ਮਾਲਵੇ ਵਿੱਚੋਂ ਹਥਿਆਰਬੰਦ ਹੋ ਕੇ ਬੰਦਾ ਸਿੰਘ ਨਾਲ ਆ ਰਲੇ। ਇਹਨਾਂ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਵਣਜਾਰਿਆਂ ਅਤੇ ਲੁਬਾਣਿਆਂ ਨੂੰ ਜਿੱਥੇ ਸਿੱਖ ਹੋਣ ਦਾ ਅਹਿਸਾਸ ਕਰਵਾਇਆ, ਉੱਥੇ ਉਹਨਾਂ ਨੂੰ ਹਥਿਆਰਬੰਦ ਹੋਣ ਅਤੇ ਹਕੂਮਤ ਦੇ ਖਿਲਾਫ਼ ਜਦੋ-ਜਹਿਦ ਕਰਨ ਲਈ ਵੀ ਸਾਹਮਣੇ ਲਿਆਂਦਾ। ਇੱਥੇ ਹੀ ਸਹੇਰੀ-ਖੰਡਾ ਤੋਂ ਬੰਦਾ ਸਿੰਘ ਬਹਾਦਰ ਨੇ ਸਿੱਖ ਸਰਦਾਰਾਂ ਦੇ ਨਾਂ ਪੱਤਰ ਲਿਖੇ, ਜਿਨ੍ਹਾਂ ਰਾਹੀਂ ਹਥਿਆਰਬੰਦ ਹੋ ਕੇ ਸਿੱਖ ਧੜਾਧੜ ਪਹੁੰਚਣੇ ਸ਼ੁਰੂ ਹੋ ਗਏ। ਰਵਾਇਤਾਂ ਦੱਸਦੀਆਂ ਹਨ ਕਿ ਸਿੱਖਾਂ ਨੂੰ ਜੋ ਵੀ ਮਿਲਿਆ, ਉਹ ਉਹੀ ਕੁਝ ਲੈ ਕੇ ਤੁਰ ਪਏ। ਕੋਈ ਵੀ ਐਸਾ ਸਿੱਖ ਨੌਜਵਾਨ ਨਹੀਂ ਸੀ, ਜੋ ਆਪਣੇ ਘਰ ਰਿਹਾ ਹੋਵੇ। ਗੰਡਾਸੇ, ਬਰਛੇ, ਤਲਵਾਰਾਂ ਅਤੇ ਟਕੂਏ-ਕੁਹਾੜੀਆਂ ਲੈ ਕੇ ਹੀ ਸਿੱਖਾਂ ਦੇ ਵਹੀਰ ਸਹੇਰੀ-ਖੰਡੇ ਵੱਲ ਨੂੰ ਚੱਲ ਪਏ ਸਨ। ਬੰਦਾ ਸਿੰਘ ਬਹਾਦਰ ਦਾ ਸਮਕਾਲੀ ਲੇਖਕ ਕੇਸਰ ਸਿੰਘ ਛਿੱਬਰ ਲਿਖਦਾ ਹੈ :

ਸਿੰਘਾਂ ਦੀਆਂ ਫ਼ਉਜਾਂ ਬਹੁਤੁ ਹੋਇ ਗਈਆਂ।
ਸੰਗਤਾਂ ਭੀ ਦੂਰ ਦੂਰ ਦੀਆਂ ਦੀਦਾਰ ਨੂੰ ਆਵਰਤ ਭਈਆਂ ॥੨੯॥
ਸਿੰਘਾਂ ਨੂੰ ਬੰਦਾ ਏਹ ਕਹੇ :
"ਗਰੀਬ ਦੀ ਰੱਖਿਆ ਕਰੋ, ਗੱਭਰੂ ਨ ਕੋਈ ਰਹੋ।
ਪਾਪ ਤਜੋ ਧਰਮ-ਚਾਲ ਰਾਜ ਕਰੋ।
ਵੈਰ ਗੁਰੂ ਦਾ ਲੀਜੈ ਮਲੇਛ ਕੋ ਮਾਰ ਮਕਬਰੇ ਢਾਹਿ ਧਰੋ ॥੩੦॥

ਸਿੰਘਾਂ ਦੇ ਵਹੀਰਾਂ ਦੇ ਵਹੀਰ ਬੰਦਾ ਸਿੰਘ ਬਹਾਦਰ ਨਾਲ ਰਲਣ ਲਈ ਚੱਲ ਪਏ। ਸਹੇਰੀ-ਖੰਡਾ ਬੰਦਾ ਸਿੰਘ ਬਹਾਦਰ ਦੀਆਂ ਸੈਨਿਕ ਮੁਹਿੰਮਾਂ ਦਾ ਇੱਕ ਮੁੱਢਲਾ ਕੇਂਦਰ ਬਣ ਗਿਆ। ਬੰਦਾ ਸਿੰਘ ਬਹਾਦਰ ਇੱਕ ਸ਼ੇਰ-ਦਿਲ ਜਰਨੈਲ ਸੀ। ਉਸ ਨੇ ਸਹੇਰੀ-ਖੰਡੇ ਤੋਂ ਜਲਦੀ ਹੀ ਆਪਣੇ ਸੈਨਿਕ ਹਮਲਿਆਂ ਦੀ ਸ਼ੁਰੂਆਤ ਕਰ ਦਿੱਤੀ।

ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾ ਹਮਲਾ ਸੋਨੀਪਤ ਉੱਪਰ ਕੀਤਾ। ਸੋਨੀਪਤ ਮੁਗ਼ਲ ਹਕੂਮਤ ਦੀ ਇੱਕ ਸ਼ਕਤੀਸ਼ਾਲੀ ਚੌਂਕੀ ਸੀ। ਸਿੰਘਾਂ ਨੇ ਅਰਦਾਸਾ ਸੋਧ ਕੇ ਸੋਨੀਪਤ ਉੱਪਰ ਐਸਾ ਹਮਲਾ ਕੀਤਾ ਕਿ ਸੋਨੀਪਤ ਦਾ ਫ਼ੌਜਦਾਰ ਭਾਰੀ ਫ਼ੌਜ ਹੋਣ ਦੇ ਬਾਵਜੂਦ ਦਿੱਲੀ ਵੱਲ ਨੂੰ ਭੱਜ ਗਿਆ। ਨਗਰ ਨੂੰ ਉੱਥੋਂ ਦੇ ਹੀ ਮੁਹਤਬਰ ਬੰਦਿਆਂ ਦੀ ਇੱਕ ਪੰਚਾਇਤ ਬਣਾ ਕੇ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਗਿਆ। ਬੰਦਾ ਸਿੰਘ ਲੋੜੀਂਦਾ ਨਜ਼ਰਾਨਾ ਲੈ ਕੇ ਅੱਗੇ ਪੰਜਾਬ ਵੱਲ ਨੂੰ ਤੁਰ ਪਿਆ।

ਜਦੋਂ ਬੰਦਾ ਸਿੰਘ ਬਹਾਦਰ ਦਾ ਕਾਫ਼ਲਾ ਕੈਥਲ ਕੋਲੋਂ ਲੰਘ ਰਿਹਾ ਸੀ, ਤਾਂ ਪਤਾ ਲੱਗਿਆ ਕਿ ਕੈਥਲ ਕੋਲੋਂ ਸ਼ਾਹੀ ਖ਼ਜ਼ਾਨਾ ਲਿਜਾਇਆ ਜਾ ਰਿਹਾ ਹੈ। ਫਿਰ ਦੇਰ ਕਿਹੜੀ ਗੱਲ ਦੀ ਸੀ। ਸਿੰਘਾਂ ਅੱਗੇ ਸਰਕਾਰੀ ਸੈਨਿਕਾਂ ਦੀ ਕੀ ਵਾਹ ਚਲਣੀ ਸੀ, ਅੱਖ ਦੇ ਫੋਰ ਵਿੱਚ ਹੀ ਸਿੰਘਾਂ ਨੇ ਸਰਕਾਰੀ ਖ਼ਜ਼ਾਨਾ ਲੁੱਟ ਲਿਆ। ਸਥਾਨਕ ਚੌਧਰੀਆਂ ਕੋਲੋਂ ਘੋੜੇ ਵੀ ਕਾਫ਼ੀ ਗਿਣਤੀ ਵਿੱਚ ਪ੍ਰਾਪਤ ਕਰ ਲਏ। ਸੋਨੀਪਤ ਵਾਂਗ ਕੈਥਲ ਦਾ ਪ੍ਰਬੰਧ ਸਥਾਪਿਤ ਕਰ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਿਕ ਸ਼ਕਤੀ ਲਗਾਤਾਰ ਵਧ ਰਹੀ ਸੀ। ਜਦੋਂ ਬੰਦਾ ਸਿੰਘ ਨਾਂਦੇੜ ਤੋਂ ਤੁਰਿਆ ਸੀ ਤਾਂ ਉਸ ਵੇਲੇ ਉਹਨਾਂ ਕੋਲ 25 ਸਿੰਘਾਂ ਤੋਂ ਇਲਾਵਾ ਕੋਈ ਫ਼ੌਜ ਨਹੀਂ ਸੀ। ਮੁਸਲਮਾਨ ਲਿਖਾਰੀ ਖਾਫ਼ੀ ਖ਼ਾਨ ਤੇ ਮੁਹੰਮਦ ਕਾਸਿਮ ਅਨੁਸਾਰ 4000 ਘੋੜ-ਅਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ ਸਨ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ; ਪੈਦਲ ਸੈਨਕਾਂ ਦੀ ਗਿਣਤੀ 8900 ਹੋ ਗਈ ਤੇ ਵਧਦੀ ਹੋਈ ਅੰਤ 40,000 ਤਕ ਪਹੁੰਚ ਗਈ। ਕਈ ਲੋਕ ਇਹਨਾਂ ਗੱਲਾਂ ਤੇ ਸ਼ੰਕਾ ਕਰਦੇ ਹਨ, ਪਰ ਡਾ. ਸੁਖਦਿਆਲ ਸਿੰਘ ਦੇ ਕਥਨ ਬਿਲਕੁਲ ਸਹੀ ਹਨ ਕਿ ਹਰ ਥਾਂ ਤੇ ਸਿੱਖ ਸੰਗਤਾਂ ਸਨ। ਰਸਤੇ ਵਿੱਚ ਵੀ ਉਸ ਨਾਲ ਅਨੇਕ ਸਿੰਘ ਰਲ ਗਏ ਸਨ। ਇਉਂ ਜੇਕਰ ਕੋਈ ਸਮਕਾਲੀ ਮੁਸਲਿਮ ਲੇਖਕ ਉਸ ਪਾਸ ਚਾਲ਼ੀ ਹਜ਼ਾਰ ਸਿੰਘ ਇਕੱਠਾ ਹੋਇਆ ਦੱਸਦਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚੋਂ ਪੰਜਾਬ ਦੇ ਹਰ ਇੱਕ ਵਰਗ ਦੇ ਲੋਕ ਹਿੰਦੂ, ਸਿੱਖ ਤੇ ਮੁਸਲਮਾਨ ਵੀ ਸ਼ਾਮਲ ਸਨ। ਬਾਬਾ ਜੀ ਦਾ ਇਹ ਮਨੋਰਥ ਵੀ ਸੀ ਕਿ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇੱਕ ਹੀ ਪਲੇਟਫਾਰਮ 'ਤੇ ਖੜ੍ਹਾ ਕੀਤਾ ਜਾਵੇ । ਰਵਾਇਤਾਂ ਇਹ ਵੀ ਕਹਿੰਦੀਆਂ ਹਨ ਕਿ ਬਾਬਾ ਜੀ ਦੀ ਫ਼ੌਜ ਵਿੱਚ 5000 ਦੇ ਕਰੀਬ ਮੁਸਲਮਾਨ ਵੀ ਸ਼ਾਮਲ ਸਨ। ਈਰਾਨ, ਤੁਰਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਹਜ਼ਾਰਾਂ ਦੀ ਗਿਣਤੀ ਵਿੱਚ ਬਾਬਾ ਜੀ ਨਾਲ ਆ ਰਲੇ ਸਨ। ਉਦਾਸੀ ਤੇ ਨਿਰਮਲੇ ਸੰਤਾਂ

'ਚ ਪ੍ਰਚਾਰ ਸਦਕਾ ਇਹ ਲੋਕ ਵੀ ਕਾਫ਼ੀ ਸਮੇਂ ਤੋਂ ਸਿੱਖ ਧਰਮ ਪ੍ਰਤੀ ਆਪਣੀ ਸ਼ਰਧਾ ਰੱਖਦੇ ਸਨ ਤੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿੱਚ ਆ ਕੇ ਅੰਮ੍ਰਿਤ ਛਕ ਇਹ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ ਸ਼ਾਮਲ ਹੋ ਗਏ। ਇਹਨਾਂ ਤੋਂ ਇਲਾਵਾ ਪੰਜਾਬ ਵਿੱਚੋਂ ਹੀ ਪਛੜੀਆਂ ਸ਼੍ਰੇਣੀਆਂ ਦੇ ਲੋਕ ਵੀ ਅੰਮ੍ਰਿਤ ਛਕ ਕੇ ਫ਼ੌਜ ਵਿੱਚ ਸ਼ਾਮਲ ਹੋ ਗਏ ਸਨ, ਕਿਉਂਕਿ ਉਨ੍ਹਾਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਅੰਮ੍ਰਿਤ ਛਕ ਕੇ ਸਿੱਖ ਧਰਮ ਵਿੱਚ ਜਾਤ-ਪਾਤ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਲੇਖਕ ਮੁਹੰਮਦ ਕਾਸਿਮ ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ 1722 ਈ.) ਅਨੁਸਾਰ; ''ਸਿੱਖਾਂ ਤੇ ਮੁਗ਼ਲਾਂ ਵਿਚਕਾਰ ਘੋਲ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ਼ੁਰੂ ਹੋਇਆ ਅਤੇ ਇਸ ਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।''

ਫ਼ੌਜੀ ਅਤੇ ਜੰਗੀ ਤਿਆਰੀਆਂ ਤੋਂ ਬਾਅਦ ਹੁਣ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਦਾ ਵਰਨਣ ਸੰਖੇਪ ਵਿੱਚ ਕਰਾਂਗੇ। ਸਭ ਤੋਂ ਪਹਿਲਾਂ ਅਸੀਂ ਸਮਾਣੇ ਦੀ ਜਿੱਤ ਨੂੰ ਲਵਾਂਗੇ।

ਸਮਾਣੇ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਕਈ ਪਿੰਡਾਂ 'ਤੇ ਜਿੱਤ ਪ੍ਰਾਪਤ ਕਰ ਚੁੱਕਿਆ ਸੀ। ਸਮਾਣਾ ਇੱਕ ਵੱਡਾ ਸ਼ਹਿਰ ਸੀ ਤੇ ਮੁਗ਼ਲ ਰਾਜ ਦਾ ਇੱਕ ਤਕੜਾ ਰਾਜਨੀਤਿਕ ਕੇਂਦਰ ਵੀ ਸੀ। ਸਮਾਣਾ ਸਰਹਿੰਦ ਪ੍ਰਾਂਤ ਦਾ ਇੱਕ ਪਰਗਣਾ ਵੀ ਸੀ। ਪਰਗਣਾ ਹੋਣ ਕਰ ਕੇ ਇੱਥੇ ਪਠਾਣ ਨਵਾਬ ਵੀ ਰਹਿੰਦੇ ਸਨ। ਰਵਾਇਤੀ ਤੌਰ 'ਤੇ ਇੱਥੇ ਉੱਚੇ ਰੁਤਬੇ ਵਾਲੇ ਬਾਈ ਪਠਾਣ ਨਵਾਬ ਰਹਿੰਦੇ ਸਨ, ਪਰ ਸਿੰਘਾਂ ਨੂੰ ਸਮਾਣੇ 'ਤੇ ਬਹੁਤ ਗ਼ੁੱਸਾ ਸੀ। ਇਸ ਗ਼ੁੱਸੇ ਦੇ ਕਈ ਕਾਰਨ ਸਨ। ਜਿਨ੍ਹਾਂ ਵਿੱਚੋਂ ਪਹਿਲਾ ਕਾਰਨ ਨਵੰਬਰ, 1675 ਈ. ਨੂੰ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ ਸ਼ਹੀਦ ਕਰਨ ਵਾਲਾ ਜੱਲਾਦ ਜਲਾਲ-ਉ-ਦੀਨ ਸਮਾਣੇ ਵਿੱਚ ਹੀ ਰਹਿੰਦਾ ਸੀ। ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੂੰ ਸਰਹਿੰਦ ਵਿਖੇ ਕੰਧਾਂ ਵਿੱਚ ਚਿਣ ਕੇ ਸ਼ਹੀਦ ਕਰਨ ਅਤੇ ਉਹਨਾਂ ਦੇ ਸੀਸ ਕੱਟਣ ਵਾਲੇ ਜੱਲਾਦ ਸ਼ਾਸਲ ਬੇਗ ਅਤੇ ਬਾਸਲ ਬੇਗ ਵੀ ਸਮਾਣੇ ਦੇ ਰਹਿਣ ਵਾਲੇ ਸਨ। ਸੈਂਕੜੇ ਹੀ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਵੀ ਸਮਾਣੇ ਹੀ ਰਹਿੰਦੇ ਸਨ। ਇਸੇ ਕਰ ਕੇ ਸਿੰਘਾਂ ਦਾ ਗ਼ੁੱਸਾ ਇਸ ਸ਼ਹਿਰ 'ਤੇ ਕਹਿਰ ਬਣ ਕੇ ਟੁੱਟਿਆ। ਇੱਥੇ ਇਮਾਮ ਵੀ ਵੱਸਦੇ ਸਨ, ਜਿਹੜੇ ਕਿ ਇਸਲਾਮ ਦੇ ਪ੍ਰਚਾਰਕ ਤੇ ਵਿਆਖਿਆਕਾਰ ਵੀ ਸਨ।

11 ਨਵੰਬਰ, 1709 ਨੂੰ ਸੂਰਜ ਛਿਪਣ ਦੇ ਬਾਅਦ ਹਨੇਰਾ ਹੋਣ 'ਤੇ ਬੰਦਾ ਸਿੰਘ ਬਹਾਦਰ ਦੀਆਂ ਖ਼ਾਲਸਾਈਆ ਫ਼ੌਜਾਂ ਸਮਾਣੇ ਦੀ ਜੂਹ ਵਿੱਚ ਦਾਖ਼ਲ ਹੋਈਆਂ। ਰਾਤ ਨੂੰ ਰੋਟੀ ਖਾਣ ਤੋਂ ਬਾਅਦ ਜਿਉਂ ਹੀ ਸੌਣ ਦਾ ਸਮਾਂ ਹੋਇਆ, ਬੰਦਾ ਸਿੰਘ ਨੇ ਸਮਾਣੇ ਸ਼ਹਿਰ ਉੱਪਰ ਹਮਲਾ ਕਰ ਦਿੱਤਾ। ਕਿਸੇ ਨੂੰ ਸੰਭਲਣ ਦਾ ਮੌਕਾ ਹੀ ਨਾ ਦਿੱਤਾ ਗਿਆ। ਜੋ ਸਿਪਾਹੀ ਸਿੰਘਾਂ ਦਾ ਮੁਕਾਬਲਾ ਕਰਨ ਲਈ ਅੱਗੇ ਆਏ, ਸਿੰਘਾਂ ਨੇ ਕਾਨਿਆਂ ਵਾਂਗੂੰ

ਅੱਗੇ ਰੋੜ੍ਹ ਲਏ। ਗਲ਼ੀਆਂ ਵਿੱਚ ਅੱਗਾਂ ਲੱਗੀਆਂ ਹੋਈਆਂ ਸਨ। ਅੱਗਾਂ ਇਸ ਕਰ ਕੇ ਲਗਾਈਆਂ ਸਨ ਕਿ ਘੋੜ-ਸਵਾਰ ਸਿੰਘ ਤੰਗ ਗਲ਼ੀਆਂ ਵਿੱਚੋਂ ਨਾ ਨਿਕਲ ਸਕਣ। ਜਿਹੜੇ ਲੋਕ ਅੱਗ ਤੋਂ ਬਾਹਰ ਨਿਕਲੇ, ਉਹ ਅੱਗ ਵਿੱਚ ਸੜ ਕੇ ਮਰ ਗਏ। ਜੋ ਘਰਾਂ ਵਿੱਚ ਬੂਹੇ-ਬਾਰੀਆਂ ਬੰਦ ਕਰ ਕੇ ਸਹਿਮ ਗਏ, ਉਹ ਅੱਗ ਨਾਲ ਅੰਦਰ ਹੀ ਸੜ ਕੇ ਮਰ ਗਏ ਸਨ। ਸਵੇਰੇ ਤਕ ਸਮਾਣਾ ਸੜ ਕੇ ਸੁਆਹ ਬਣ ਗਿਆ ਸੀ। ਦਿਨ ਚੜ੍ਹਦੇ ਸਾਰ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਪਿੰਡਾਂ ਵਿੱਚ ਫੈਲ ਗਈ। ਆਲ਼ੇ-ਦੁਆਲ਼ੇ ਪਿੰਡਾਂ ਦੇ ਸੈਂਕੜੇ ਲੋਕ ਵਹੀਰਾਂ ਘੱਤ ਕੇ ਸਮਾਣੇ ਵੱਲ ਚੱਲ ਪਏ। ਜੋ ਵੀ ਰਹਿੰਦ-ਖੂੰਹਦ ਬਚੀ ਸੀ, ਸਭ ਕੁਝ ਲੁੱਟ-ਪੁੱਟ ਲਿਆ ਗਿਆ। ਸੈਂਕੜੇ ਹੀ ਖ਼ਾਨਦਾਨੀ ਨਵਾਬ ਅਤੇ ਅਮੀਰ ਲੋਕ ਮਾਰੇ ਗਏ। ਉਹਨਾਂ ਦੀਆਂ ਹਵੇਲੀਆਂ ਅਤੇ ਗੜ੍ਹੀਆਂ ਰਾਖ ਦਾ ਢੇਰ ਬਣ ਗਈਆਂ। ਸਮਾਣੇ ਦੀ ਇਹ ਬਰਬਾਦੀ ਐਸੀ ਸੀ ਕਿ ਮੁੜ ਕੇ ਸਮਾਣਾ ਫਿਰ ਉਸ ਤਰ੍ਹਾਂ ਵੱਸ ਨਹੀਂ ਸਕਿਆ। ਇੱਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਇੱਕ ਹੋਰ ਵਧੀਆ ਕੰਮ ਕੀਤਾ ਕਿ ਜਾਗੀਰਦਾਰ ਲੋਟੂ ਸਮਾਜ ਦੀਆ ਜੜ੍ਹਾਂ ਪੁੱਟਣ ਲਈ ਗ਼ਰੀਬ ਮੁਜ਼ਾਰੇਦਾਰਾਂ ਨੂੰ ਕਿਹਾ ਕਿ ਉਹ ਆਪਣੇ-ਆਪਣੇ ਜਾਗੀਰਦਾਰਾਂ ਨੂੰ ਮਾਰ ਕੇ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣ ਜਾਣ। ਖ਼ਾਲਸਾ ਪੰਚਾਇਤ ਕਾਇਮ ਕੀਤੀ ਗਈ। ਮਾਲਵੇ ਤੋਂ ਭਾਈ ਫ਼ਤਿਹ ਸਿੰਘ ਬਹੁਤ ਵੱਡਾ ਦਲ ਲੈ ਕੇ ਪਹੁੰਚਿਆ ਸੀ। ਸਮਾਣੇ ਦੀ ਜਿੱਤ ਵਿੱਚ ਇਸ ਦਾ ਬਹੁਤ ਵੱਡਾ ਹੱਥ ਸੀ। ਭਾਈ ਫ਼ਤਿਹ ਸਿੰਘ ਨੂੰ ਸਮਾਣੇ ਦਾ ਹਾਕਮ ਥਾਪ ਦਿੱਤਾ ਗਿਆ। ਇੱਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਗੁਰਦੁਆਰਾ ਬਣਾਇਆ ਤੇ ਆਪਣੇ ਹੱਥੀਂ ਨਿਸ਼ਾਨ ਸਾਹਿਬ ਲਗਵਾਇਆ। ਅੱਜ-ਕੱਲ੍ਹ ਇੱਥੇ ਨਿਹੰਗ ਸਿੰਘਾਂ ਦੀ ਛਾਉਣੀ ਹੈ। ਪਿੰਡ ਵੜੈਚ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਸਮਾਣੇ ਤੋਂ ਬਾਅਦ ਬੰਦਾ ਸਿੰਘ ਬਹਾਦਰ ਦਾ ਅਗਲਾ ਨਿਸ਼ਾਨਾ ਸਢੌਰਾ ਸੀ। ਇੱਥੋਂ ਦਾ ਹਾਕਮ ਉਸਮਾਨ ਖ਼ਾਨ ਆਪਣੇ ਨਿੱਤ ਦੇ ਅੱਤਿਆਚਾਰਾਂ ਕਰ ਕੇ ਬੜਾ ਬਦਨਾਮ ਸੀ। ਇਹ ਉਹ ਹੀ ਸੀ ਜਿਸ ਨੇ ਸਢੌਰੇ ਦੇ ਨਾਮਵਰ ਮੁਸਲਮਾਨ ਪੀਰ ਸੱਯਦ ਬਦਰੂਦੀਨ ਸ਼ਾਹ ਨੂੰ, ਜਿਸ ਨੂੰ ਸੱਯਦ ਪੀਰ ਬੁੱਧੂ ਸ਼ਾਹ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ, ਇਸ ਕਰ ਕੇ ਤਸੀਹੇ ਦੇ ਕੇ ਮਰਵਾ ਦਿੱਤਾ ਸੀ ਕਿ ਉਸ ਨੇ ਭੰਗਾਣੀ ਦੇ ਜੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕੀਤੀ ਸੀ। ਉਸਮਾਨ ਖ਼ਾਨ ਹਿੰਦੂਆਂ ਦਾ ਬਹੁਤ ਵੱਡਾ ਵੈਰੀ ਸੀ ਅਤੇ ਹਰ ਤਰ੍ਹਾਂ ਨਾਲ ਉਹਨਾਂ ਦੀ ਬੇਪਤੀ ਕਰਦਾ ਸੀ। ਇੱਥੋਂ ਤਕ ਉਹਨਾਂ ਨੂੰ ਆਪਣੇ ਮੁਰਦੇ ਫੂਕਣ ਦੀ ਵੀ ਖੁੱਲ੍ਹ ਨਹੀਂ ਸੀ। ਹਿੰਦੂਆਂ ਦੇ ਘਰਾਂ ਦੇ ਬੂਹਿਆਂ ਅੱਗੇ ਕਬਰਾਂ ਬਣਾਈਆਂ ਜਾਂਦੀਆਂ ਸਨ। ਇੱਥੇ ਇਹ ਵੀ ਵਹਿਮ ਸੀ ਕਿ ਜੇ ਹਿੰਦੂ ਮੁਰਦਾ ਕੁਤਬੁਲ ਅਕਤਾਬ ਦੇ ਮਜ਼ਾਰ ਦੇ ਕੋਲ ਦੀ ਲੰਘ ਜਾਏ, ਉਸ ਨੂੰ ਅੱਗ ਨਹੀਂ ਸਾੜਦੀ। ਸ਼ਾਹਵਾਨੀ ਮੁਹੱਲੇ ਦੇ ਲੋਕਾਂ ਲਈ ਇਸ ਮੁਹੱਲੇ ਦੇ ਬਹੁਤ ਸਾਰੇ ਹਿੰਦੂ ਤੰਗ ਆ ਕੇ ਸ਼ਹਿਰ ਹੀ ਛੱਡ

ਗਏ ਸਨ। ਹਿੰਦੂਆਂ ਦੇ ਘਰਾਂ ਅੱਗੇ ਗਊ ਬੱਧ ਕੀਤਾ ਜਾਂਦਾ ਸੀ। ਲਹੂ ਅਤੇ ਆਂਦਰਾਂ ਉੱਥੇ ਹੀ ਛੱਡ ਜਾਂਦੇ ਸਨ। ਹਿੰਦੂਆਂ ਨੂੰ ਉਹਨਾਂ ਦੀਆਂ ਰਸਮਾਂ ਅਤੇ ਧਰਮ-ਕਰਮ ਕਰਨ ਦੀ ਵੀ ਪੂਰੀ ਮਨਾਹੀ ਸੀ। ਇਹ ਗੱਲਾਂ ਸੁਣ ਕੇ ਬੰਦਾ ਸਿੰਘ ਬਹਾਦਰ ਨੂੰ ਬਹੁਤ ਰੋਹ ਚੜ੍ਹਿਆ ਅਤੇ ਉਸ ਨੇ ਸਢੌਰੇ 'ਤੇ ਹੱਲਾ ਕਰਨ ਦਾ ਹੁਕਮ ਦਿੱਤਾ।

ਸਢੌਰੇ ਉੱਤੇ ਹਮਲੇ ਦੀ ਖ਼ਬਰ ਸੁਣ ਕੇ ਬਹੁਤ ਸਾਰੇ ਦੁਖੀ ਲੋਕ ਬੰਦਾ ਸਿੰਘ ਬਹਾਦਰ ਨਾਲ ਆ ਰਲੇ। ਇਹ ਸਾਰੇ ਲੋਕ ਮੁਗ਼ਲਾਂ ਦੇ ਸਤਾਏ ਹੋਏ ਗ਼ੁੱਸੇ ਨਾਲ ਭਰੇ ਪਏ ਸਨ। ਸ਼ਹਿਰ ਵਿੱਚ ਵੜਦੇ ਸਾਰ ਹੀ ਸਭ ਤੋਂ ਪਹਿਲਾਂ ਕੁਤਬੁਲ ਅਕਤਾਬ ਦੇ ਮਜ਼ਾਰ ਨੂੰ ਅੱਗ ਲਾਉਣ ਦੀ ਕੀਤੀ, ਜਿਸ ਨਾਲ ਬਜ਼ਾਰਾਂ ਵਿੱਚ ਖ਼ੂਨੀ ਲੜਾਈ ਸ਼ੁਰੂ ਹੋ ਗਈ। ਦੁਖੀ ਲੋਕਾਂ ਨੇ ਬਦਲੇ ਦੀ ਭਾਵਨਾ ਕਰ ਕੇ ਸਢੌਰੇ ਵਿੱਚ ਭੜਥੂ ਮਚਾ ਦਿੱਤਾ। ਉਹ ਮੁੱਦਤਾਂ ਤੋਂ ਚੁੱਪ-ਚੁਪੀਤੇ ਬੇਵੱਸੀ ਦੀ ਹਾਲਤ ਵਿੱਚ ਜ਼ੁਲਮ ਸਹਾਰਦੇ ਆ ਰਹੇ ਸਨ। ਹੁਣ ਜਦ ਉਹਨਾਂ ਦੀ ਵਾਰੀ ਆਈ, ਤਾਂ ਉਹਨਾਂ ਨੇ ਦਿਲ ਖੋਲ੍ਹ ਕੇ ਆਪਣੇ ਦੋਖੀਆਂ ਪਾਸੋਂ ਗਿਣ-ਗਿਣ ਕੇ ਬਦਲੇ ਲਏ ਅਤੇ ਹਰ ਪਾਸੇ ਕਤਲੇਆਮ ਮਚਾ ਦਿੱਤਾ। ਇਸੇ ਕਰ ਕੇ ਇਸ ਥਾਂ ਦਾ ਨਾਉਂ ਕਤਲਗੜ੍ਹੀ ਪੈ ਗਿਆ। ਪੀਰ ਦੀ ਗੜ੍ਹੀ ਕਤਲਗਾਹ ਦਾ ਰੂਪ ਧਾਰਨ ਕਰ ਗਈ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਘੁੜਾਮ, ਕਸੂਰੀ, ਠਸਕਾ, ਸ਼ਾਹਬਾਦ ਅਤੇ ਮੁਸਤਫ਼ਾਬਾਦ ਦੀਆਂ ਜਿੱਤਾਂ ਪ੍ਰਾਪਤ ਕੀਤੀਆਂ। ਇਹਨਾਂ ਥਾਵਾਂ 'ਤੇ ਮੁਗ਼ਲਾਂ ਦੀਆਂ ਸੈਨਿਕ ਚੌਕੀਆਂ ਸਨ, ਜਿਨ੍ਹਾਂ 'ਤੇ ਬੰਦਾ ਸਿੰਘ ਬਹਾਦਰ ਨੇ ਹਮਲੇ ਕਰ ਕੇ ਆਪਣੇ ਕਬਜ਼ੇ ਵਿੱਚ ਕੀਤੀਆਂ। ਖ਼ਾਲਸਾ ਪੰਚਾਇਤ ਸਥਾਪਿਤ ਕਰ ਕੇ ਘੁੜਾਮ ਦਾ ਪ੍ਰਬੰਧ ਭਾਈ ਫ਼ਤਹਿ ਸਿੰਘ ਨੂੰ ਸੌਂਪਿਆ ਗਿਆ। ਸਮਾਣਾ, ਸਢੌਰਾ, ਕਸੂਰੀ, ਬਨੂੜ ਆਦਿ ਸਰਹਿੰਦ ਦੇ ਖੰਭ ਸਨ। ਇਸ ਲਈ ਬੰਦਾ ਸਿੰਘ ਨੇ ਇਹਨਾਂ ਨੂੰ ਝਾੜਨ ਦਾ ਕੰਮ ਸਭ ਤੋਂ ਪਹਿਲਾਂ ਕੀਤਾ।

ਛੱਤ ਅਤੇ ਬਨੂੜ 'ਤੇ ਵੀ ਬੰਦਾ ਸਿੰਘ ਬਹਾਦਰ ਨੇ ਜ਼ਬਰਦਸਤ ਹਮਲੇ ਕੀਤੇ। ਇਹ ਦੋਵੇਂ ਪਿੰਡ, ਛੱਤ ਅਤੇ ਬਨੂੜ, ਛੇ-ਸੱਤ ਕਿਲੋਮੀਟਰ ਦੀ ਦੂਰੀ 'ਤੇ ਹਨ। ਛੱਤ ਵੱਖਰਾ ਪਿੰਡ ਹੈ ਤੇ ਬਨੂੜ ਵੱਖਰਾ ਪਿੰਡ ਹੈ। ਬਨੂੜ ਸਰਹਿੰਦ ਦੀ ਇੱਕ ਤਕੜੀ ਸੈਨਿਕ ਚੌਕੀ ਸੀ ਅਤੇ ਛੱਤ ਵਿੱਚ ਕਾਜ਼ੀ ਦੀ ਅਦਾਲਤ ਲਗਦੀ ਸੀ। ਛੱਤ ਸੰਘਣੇ ਜੰਗਲਾਂ ਦੀ ਰੱਖ ਸੀ ਅਤੇ ਇਹ ਸਰਹਿੰਦ ਤੋਂ ਸਢੌਰੇ ਜਾਣ ਦੇ ਰਸਤੇ ਵਿੱਚ ਪੈਂਦਾ ਸੀ। ਬੰਦਾ ਸਿੰਘ ਨੇ ਬਨੂੜ 'ਤੇ ਹਮਲਾ ਕਰ ਕੇ ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਨੂੰ ਇਹ ਸੰਕੇਤ ਦੇ ਦਿੱਤੇ ਸਨ ਕਿ ਖ਼ਾਲਸਾ ਜਲਦੀ ਹੀ ਸਰਹਿੰਦ ਫ਼ਤਿਹ ਕਰਨ ਵੱਲ ਵਧ ਰਿਹਾ ਹੈ। ਬਨੂੜ ਦਾ ਕਿਲ੍ਹਾ ਢਾਹ ਦਿੱਤਾ ਗਿਆ ਅਤੇ ਹਵੇਲੀਆਂ ਵੀ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ। ਜਿਹੜੀ ਲੜਾਈ ਸਿੱਧੀ ਬਨੂੜ ਤੋਂ ਹੀ ਹੋਣੀ ਸੀ, ਉਹ ਹੁਣ ਚੱਪੜਚਿੜੀ ਦੇ ਮੈਦਾਨ ਵਿੱਚ ਪਹੁੰਚ ਗਈ ਸੀ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਵਿਸ਼ਾਲ ਖਾਲਸਾ ਦਲ ਨੂੰ ਲੈ ਕੇ ਵਾਹੋਦਾਹੀ ਮਾਰੋ-ਮਾਰ ਕਰਦਾ ਹੋਇਆ ਬਨੂੜ ਤੋਂ ਚੱਪੜਚਿੜੀ ਪਹੁੰਚ

ਗਿਆ। ਵਜ਼ੀਰ ਖ਼ਾਨ ਵੀ ਆਪਣੀਆਂ ਫ਼ੌਜਾਂ ਲੈ ਕੇ ਚੱਪੜਚਿੜੀ ਦੇ ਮੈਦਾਨ ਵਿੱਚ ਪਹਿਲਾਂ ਹੀ ਪਹੁੰਚ ਚੁੱਕਾ ਸੀ, ਕਿਉਂਕਿ ਉਹ ਚਾਹੁੰਦਾ ਸੀ ਕਿ ਜਿਹੜਾ ਖਾਲਸਾ ਦਲ ਮਾਝੇ ਤੇ ਦੁਆਬੇ ਦਾ ਰੋਪੜ ਦੇ ਪੱਤਣ 'ਤੇ ਰੁਕਿਆ ਬੈਠਾ ਹੈ, ਉਸ ਨੂੰ ਬੰਦਾ ਸਿੰਘ ਬਹਾਦਰ ਨਾਲ ਮਿਲਣ ਨਾ ਦਿੱਤਾ ਜਾਵੇ। ਵਜ਼ੀਰ ਖ਼ਾਨ ਨੇ ਮਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰਖ਼ਾਨ ਨੂੰ ਲਿਖਿਆ ਕਿ ਦੋਹਾਂ ਕਾਫ਼ਲਿਆਂ ਨੂੰ ਇਕੱਠੇ ਹੋਣ ਤੋਂ ਰੋਕਿਆ ਜਾਵੇ। ਇਹ ਉਹੀ ਮੁਹੰਮਦ ਸ਼ੇਰਖ਼ਾਨ ਸੀ, ਜਿਸ ਨੇ ਸਾਹਿਬਜ਼ਾਦਿਆਂ ਦੇ ਕਤਲ ਕਰਨ ਦੀ ਵਾਰਦਾਤ ਦੀ ਲੱਗੀ ਕਚਹਿਰੀ ਵਿੱਚ ਵਜ਼ੀਰ ਖ਼ਾਨ ਨੂੰ ਵਰਜਿਆ ਸੀ, ਕਿਉਂਕਿ ਉਹ ਚਾਹੁੰਦਾ ਸੀ ਕਿ ਅਸੂਲ ਮੁਤਾਬਕ ਇਹਨਾਂ ਦੇ ਵੱਡਿਆਂ ਨਾਲ ਜੰਗ ਦੇ ਮੈਦਾਨ ਵਿੱਚ ਲੋਹਾ ਲਿਆ ਜਾਵੇ। ਮੁਹੰਮਦ ਸ਼ੇਰਖ਼ਾਨ ਨੇ ਆਪਣੇ ਭਰਾ ਖਿਜ਼ਰਖ਼ਾਨ ਅਤੇ ਦੋ ਭਤੀਜਿਆਂ ਨਸ਼ਤਰ ਖ਼ਾਨ ਤੇ ਵਲੀ ਮੁਹੰਮਦ ਖ਼ਾਨ ਸਮੇਤ ਠੀਕ ਸਮੇਂ 'ਤੇ ਆਪਣੀ ਪੂਰੀ ਸੈਨਾ ਨਾਲ ਲੈਸ ਹੋ ਕੇ ਮਾਝੇ ਤੇ ਦੁਆਬੇ ਦੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ। ਦੋਵੇਂ ਧਿਰਾਂ ਵਿਚਕਾਰ ਗਹਿਗਚਵੀਂ ਲੜਾਈ ਹੋਈ। ਪਹਿਲੇ ਦਿਨ ਦੀ ਲੜਾਈ ਦੁਪਹਿਰ ਤੋਂ ਬਾਅਦ ਸ਼ੁਰੂ ਹੋਈ ਸੀ ਜਿਹੜੀ ਰਾਤ ਪੈਣ ਤਕ ਚਲਦੀ ਰਹੀ। ਦੋਹਾਂ ਪਾਸਿਆਂ ਤੋਂ ਚੰਗੀ ਵਾਢ ਹੋਈ। ਰਾਤੋ-ਰਾਤ ਦੋਵਾਂ ਧਿਰਾਂ ਨੇ ਫੇਰ ਆਪਣੇ-ਆਪ ਨੂੰ ਸੰਭਾਲਿਆ। ਪਿੱਛੋਂ ਹੋਰ ਵੀ ਸਿੰਘ ਜਥੇ ਜੈਕਾਰੇ ਗਜਾਉਂਦੇ ਹੋਏ ਆਪਣੇ ਸਾਥੀਆਂ ਨਾਲ ਆ ਕੇ ਮਿਲ ਰਹੇ ਸਨ। ਇਸ ਨਾਲ ਸਿੰਘਾਂ ਦੇ ਹੌਸਲੇ ਵਧ ਰਹੇ ਸਨ ਤੇ ਮੁਗ਼ਲ ਫ਼ੌਜਾਂ ਦੇ ਘਟ ਰਹੇ ਸਨ। ਜਿਉਂ ਹੀ ਦੂਸਰਾ ਦਿਨ ਚੜ੍ਹਿਆ, ਤਾਂ ਦੋਵੇਂ ਧਿਰਾਂ ਫਿਰ ਗੁੱਥਮਗੁੱਥਾ ਹੋ ਗਈਆਂ। ਸਿੰਘ ਜਥਿਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲਣ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਇਸ ਲਈ ਸਿੱਖ ਜਥਿਆਂ ਦੇ ਸਾਹਮਣੇ ਮੁਗ਼ਲ ਸੈਨਿਕ ਬਹੁਤੀ ਦੇਰ ਟਿਕ ਨਾ ਸਕੇ। ਦੂਸਰੀ ਵੱਡੀ ਗੱਲ ਇਹ ਵਾਪਰੀ ਕਿ ਇਸੇ ਸਮੇਂ ਇਹ ਖ਼ਬਰ ਵੀ ਆਈ ਕਿ ਬੰਦਾ ਸਿੰਘ ਬਹਾਦਰ ਨੇ ਬਨੂੜ ਨੂੰ ਤਬਾਹ ਕਰ ਦਿੱਤਾ ਹੈ ਅਤੇ ਉਹ ਸਰਹਿੰਦ ਦੇ ਨੇੜੇ ਹੀ ਪਹੁੰਚ ਗਿਆ ਹੈ। ਇਸ ਗੱਲ ਨਾਲ ਸਿੰਘਾਂ ਦਾ ਜੋਸ਼ ਚਾਰ ਗੁਣਾਂ ਹੋਰ ਵਧ ਗਿਆ। ਖਿਜ਼ਰਖ਼ਾਨ, ਨਸ਼ਤਰ ਖ਼ਾਨ ਅਤੇ ਵਲੀ ਮੁਹੰਮਦ ਖ਼ਾਨ ਤਿੰਨ ਮੁਖੀ ਜਰਨੈਲ ਮਾਰੇ ਗਏ। ਇਸ ਨਾਲ ਸ਼ੇਰ ਮੁਹੰਮਦ ਖ਼ਾਨ ਦਾ ਲੱਕ ਟੁੱਟ ਗਿਆ ਸੀ। ਬਨੂੜ ਦੀ ਤਬਾਹੀ ਨੇ ਵੀ ਉਸ ਨੂੰ ਹੌਸਲਾਹੀਣ ਕਰ ਦਿੱਤਾ ਸੀ। ਮਲੇਰਕੋਟਲੇ ਦੀ ਫ਼ੌਜ ਭੱਜ ਗਈ ਸੀ। ਸਿੰਘ ਦਲ ਰੋਪੜ ਵਿੱਚੋਂ ਦੀ ਹਥਿਆਰ ਅਤੇ ਘੋੜੇ ਇਕੱਠੇ ਕਰਦਾ ਹੋਇਆ ਬੰਦਾ ਸਿੰਘ ਬਹਾਦਰ ਵੱਲ ਨੂੰ ਵਧਦਾ ਆ ਰਿਹਾ ਸੀ। ਉੱਧਰੋਂ ਬੰਦਾ ਸਿੰਘ ਨੂੰ ਵੀ ਸਿੰਘਾਂ ਦੇ ਵਧਦੇ ਆਉਣ ਦੀ ਖ਼ਬਰ ਮਿਲ ਗਈ ਸੀ। ਉਹ ਬਨੂੜ ਤੋਂ ਚੱਲ ਕੇ ਸਿੰਘ ਜਥਿਆਂ ਦੇ ਸੁਆਗਤ ਲਈ ਅੱਗੇ ਵਧ ਆਇਆ ਸੀ। ਦੋਵੇਂ ਧਿਰਾਂ ਚੱਪੜਚਿੜੀ ਦੇ ਮੈਦਾਨ ਵਿੱਚ ਆ ਇਕੱਠੀਆਂ ਹੋਈਆਂ। ਦਲ ਖ਼ਾਲਸਾ ਦੇ ਮਿਲ ਜਾਣ ਨਾਲ ਬੰਦਾ ਸਿੰਘ ਬਹਾਦਰ ਦੀ ਹਮਲਾ ਕਰਨ ਦੀ ਸ਼ਕਤੀ ਬਹੁਤ ਵਧ ਗਈ ਸੀ । ਇਸ ਦਾ ਉਸ ਨੂੰ ਇਹ ਲਾਭ ਹੋਇਆ ਕਿ ਉਹ ਚੱਪੜਚਿੜੀ ਦਾ ਮੈਦਾਨ ਲੜਾਈ ਦੀ ਨੀਤੀ ਤੋਂ ਸਭ ਤੋਂ ਵਧੀਆ ਹਿੱਸਾ ਰੋਕ ਕੇ ਬੈਠ ਗਿਆ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਜ਼ੀਰ ਖ਼ਾਨ ਵੀ ਇੱਕ ਚੰਗਾ ਹੌਸਲੇ ਵਾਲਾ ਲੜਾਕਾ ਸੀ। ਉਸ ਨੇ ਕਿਲ੍ਹੇ ਦੀ ਚੰਗੀ ਤਰ੍ਹਾਂ ਸੁਰੱਖਿਆ ਦਾ ਬੰਦੋਬਸਤ ਕਰ ਲਿਆ ਸੀ ਅਤੇ ਸਰਹੰਦ ਦੁਆਲੇ ਬਣੀ ਫ਼ਸੀਲ 'ਤੇ ਫ਼ੌਜ ਤੈਨਾਤ ਕਰ ਦਿੱਤੀ ਸੀ। ਵਜ਼ੀਰ ਖ਼ਾਨ ਕੋਲ ਵੱਡੀ ਗਿਣਤੀ ਵਿੱਚ ਹਾਥੀ, ਘੋੜ-ਸਵਾਰ, ਬੰਦੂਕਚੀ, ਨੇਜ਼ਾ ਬਰਦਾਰ ਅਤੇ ਤਾਕਤਵਰ ਤਲਵਾਰਚੀ ਵੀ ਸਨ। ਕੁਝ ਤੋਪਾਂ ਵੀ ਉਸ ਨੇ ਸਰਹੰਦ ਦੇ ਪਾਸ ਕਿਲ੍ਹੇ ਉੱਪਰ ਬੀੜੀਆਂ ਹੋਈਆਂ ਸਨ ਤੇ ਕੁਝ ਕੁ ਚੱਪੜਚਿੜੀ ਦੇ ਮੈਦਾਨ ਵਿੱਚ ਵੀ ਜਾ ਬੀੜੀਆਂ ਸਨ। ਇਤਨਾ ਕੁਝ ਹੋਣ ਦੇ ਬਾਵਜੂਦ ਵਜ਼ੀਰ ਖ਼ਾਨ ਦਾ ਹੌਸਲਾ ਪਸਤ ਸੀ, ਕਿਉਂਕਿ ਬੰਦਾ ਸਿੰਘ ਬਹਾਦਰ ਨੇ ਸਮਾਣਾ, ਸਢੌਰਾ ਤੇ ਬਨੂੜ ਦੀ ਤਬਾਹੀ ਕਰ ਕੇ ਉਸ ਦੇ ਪਹਿਲਾਂ ਹੀ ਪਰ ਕੱਟ ਦਿੱਤੇ ਸਨ। ਵਜ਼ੀਰ ਖ਼ਾਨ ਕੋਲ ਫੇਰ ਵੀ ਸਿੱਖਿਅਤ ਅਤੇ ਹਥਿਆਰਬੰਦ ਸੈਨਾ ਸੀ, ਪਰ ਉਹਨਾਂ ਵਿੱਚ ਸਿੰਘਾਂ ਜਿੰਨਾ ਹੌਸਲਾ ਨਹੀਂ ਸੀ।

ਬੰਦਾ ਸਿੰਘ ਬਹਾਦਰ ਪਾਸ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਮਰ ਮਿਟਣ ਵਾਲੇ ਸਿੰਘ ਸਨ। ਭਾਵੇਂ ਸਿੰਘਾਂ ਕੋਲ ਹਥਿਆਰਾਂ ਪੱਖੋਂ ਇਹ ਵਜ਼ੀਰ ਖ਼ਾਨ ਪਾਸੋਂ ਘੱਟ ਸਨ, ਪਰ ਹੌਸਲੇ ਮੁਗ਼ਲ ਸੈਨਿਕਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਬੁਲੰਦ ਸਨ। ਸਿੰਘਾਂ ਸਾਹਮਣੇ ਰਾਜਨੀਤਿਕ ਨਫ਼ੇ-ਨੁਕਸਾਨ ਦੀ ਕੋਈ ਗੱਲ ਨਹੀਂ ਸੀ। ਇਸੇ ਹੀ ਇੱਕ ਗੱਲ ਨੇ ਸਿੰਘਾਂ ਨੂੰ ਨਿਧੜਕ ਯੋਧੇ ਬਣਾ ਦਿੱਤਾ ਸੀ। ਬੰਦਾ ਸਿੰਘ ਦੇ ਸੱਜੇ-ਖੱਬੇ ਭਾਈ ਬਾਜ਼ ਸਿੰਘ, ਭਾਈ ਫ਼ਤਿਹ ਸਿੰਘ, ਆਲੀ ਸਿੰਘ, ਮਾਲੀ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ, ਬਾਵਾ ਬਿਨੋਦ ਸਿੰਘ, ਬਾਵਾ ਕਾਨ੍ਹ ਸਿੰਘ, ਭਾਈ ਰਾਮ ਸਿੰਘ ਅਤੇ ਸ਼ਾਮ ਸਿੰਘ ਆਦਿ ਸੂਰਮੇ ਸਿੰਘ ਘੋੜਿਆਂ 'ਤੇ ਅਸਵਾਰ ਹੋਏ ਖੜ੍ਹੇ ਸਨ। ਇਹਨਾਂ ਵਿੱਚ ਹੀ ਲਾਗਲੇ ਪਿੰਡ ਸਨੇਟੇ ਦਾ ਰਹਿਣ ਵਾਲਾ ਨਿਗਾਹੀਆ ਸਿੰਘ ਭੁੱਲਰ ਵੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਿੰਘਾਂ ਦੀ ਤਿਆਗੀ ਵੇਖ ਕੇ ਸੂਬਾ ਸਰਹਿੰਦ ਨੂੰ ਕਾਂਬਾ ਛਿੜ ਗਿਆ। ਸੋਹਣ ਸਿੰਘ ਆਪਣੀ ਪੁਸਤਕ 'ਬੰਦਾ ਦਿ ਬਰੇਵ' ਦੇ ਪੰਨਾ 80 ਉੱਤੇ ਲਿਖਦਾ ਹੈ, "ਜੰਗ ਸ਼ੁਰੂ ਹੋਣ ਤੋਂ ਪਹਿਲਾਂ ਸੂਬੇਦਾਰ ਵਜ਼ੀਰ ਖ਼ਾਂ ਨੇ ਆਪਣੇ ਆਖ਼ਰੀ ਪੈਂਤੜੇ ਵਜੋਂ ਬੰਦਾ ਬਹਾਦਰ ਨੂੰ ਡਰਾਉਣ ਤੇ ਧਮਕਾਉਣ ਲਈ ਇੱਕ ਧਮਕੀ ਭਰਿਆ ਸੰਦੇਸ਼ ਭੇਜਿਆ, ਪਰ ਬੰਦਾ ਬਹਾਦਰ ਵਰਗਾ ਸੂਰਮਾ ਅਜਿਹੀਆਂ ਗਿੱਦੜ-ਭਬਕੀਆਂ ਤੋਂ ਭਲਾ ਕਿੱਥੇ ਡਰਨ ਵਾਲਾ ਸੀ। ਬਾਬਾ ਬੰਦਾ ਬਹਾਦਰ ਨੇ ਆਪਣੇ ਮੋੜਵੇਂ ਜਵਾਬ ਵਿੱਚ ਸੂਬਾ ਸਰਹਿੰਦ ਨੂੰ ਖਰੀਆਂ-ਖਰੀਆਂ ਸੁਣਾਈਆਂ ਕਿਹਾ, "ਝੂਠੀ ਧੌਂਸ ਅਤੇ ਕਾਇਰਤਾ ਭਰੇ ਸੰਦੇਸ਼ ਭੇਜ ਕੇ ਉਸ ਦਾ ਅਤੇ ਆਪਣਾ ਸਮਾਂ ਬਰਬਾਦ ਨਾ ਕਰੇ, ਬਲਕਿ ਉਸ ਨਾਲ ਟੱਕਰ ਲੈਣ ਲਈ ਤਿਆਗੀ ਵਿੱਚ ਜੁੱਟ ਜਾਵੇ।"

ਵਜ਼ੀਰ ਖ਼ਾਨ ਪਾਸ ਪੰਦਰਾਂ ਹਜ਼ਾਰ ਦੀ ਆਪਣੀ ਫ਼ੌਜ ਸੀ ਤੇ ਏਨੀ ਕੁ ਉਸ ਨੇ ਆਪਣੇ ਤਾਬਿਆ ਵਿਚਲੇ ਪਰਗਣੇ ਤੋਂ ਮੰਗਵਾ ਲਈ। ਇਸ ਤੋਂ ਇਲਾਵਾ ਪਿੰਡਾਂ-ਸ਼ਹਿਰਾਂ ਵਿੱਚ ਹੋਕੇ ਦਿੱਤੇ ਗਏ ਕਿ ਜਹਾਦ ਵਿੱਚ 'ਕਾਫ਼ਰਾਂ' ਵਿਰੁੱਧ ਆਮ ਲੋਕ ਵੀ

ਭਾਗ ਲੈਣ। ਇਸ ਤਰ੍ਹਾਂ ਉਸ ਦੀ ਗਿਣਤੀ ਕਾਫੀ ਸੀ। ਉਹ ਲੂੰਬੜ-ਚਾਲਾਂ ਚੱਲਣ ਵਿੱਚ ਵੀ ਮਾਹਰ ਸੀ। ਉਸ ਨੇ ਇੱਕ ਸਾਜ਼ਿਸ਼ ਤਹਿਤ ਦੀਵਾਨ ਸੁੱਚਾ ਨੰਦ ਦੇ ਭਤੀਜੇ ਨੂੰ ਇੱਕ ਹਜ਼ਾਰ ਦੀ ਫ਼ੌਜ ਦੇ ਕੇ ਬੰਦਾ ਸਿੰਘ ਬਹਾਦਰ ਪਾਸ ਭੇਜਿਆ। ਉਸ ਨੇ ਬੰਦਾ ਸਿੰਘ ਪਾਸ ਆ ਕੇ ਕਿਹਾ, ਮੈਂ ਆਪਣੇ ਬਜ਼ੁਰਗਾਂ ਦੀਆਂ ਕਰਤੂਤਾਂ ਤੋਂ ਸ਼ਰਮਿੰਦਾ ਹੋ ਕੇ ਗੁਰੂ-ਪੰਥ ਦੀ ਸ਼ਰਣ ਆਇਆ ਹਾਂ ਅਤੇ ਵਜ਼ੀਰ ਖ਼ਾਂ ਵਿਰੁੱਧ ਬਗਾਵਤ ਕਰ ਕੇ ਆਇਆ ਹਾਂ। ਖ਼ਾਲਸਾ ਮੈਨੂੰ ਸ਼ਰਣ ਦੇਵੇ। ਉਸ ਨੂੰ ਹਿਦਾਇਤ ਸੀ ਕਿ ਚੌਕਸ ਰਹੇ, ਜਦੋਂ ਹੀ ਦਾਅ ਲੱਗੇ, ਬੰਦਾ ਸਿੰਘ ਬਹਾਦਰ ਨੂੰ ਕਤਲ ਕਰ ਦੇਵੇ। ਜੇਕਰ ਅਜਿਹਾ ਨਾ ਹੋ ਸਕਿਆ, ਤਾਂ ਯੁੱਧ ਦੇ ਮੈਦਾਨ ਵਿੱਚ ਬੰਦਾ ਸਿੰਘ ਦੇ ਬੰਦਿਆਂ 'ਤੇ ਪਿੱਛੋਂ ਹਮਲਾ ਕਰ ਦੇਵੇ। ਇਸ ਨਾਲ ਉਹਨਾਂ ਦੇ ਹੌਸਲੇ ਢਹਿ ਜਾਣਗੇ। ਬੰਦਾ ਸਿੰਘ ਨੇ ਇਸ 'ਤੇ ਇਤਬਾਰ ਕੀਤਾ।

ਵਜ਼ੀਰ ਖ਼ਾਨ ਵੱਲੋਂ ਇਹ ਫ਼ੈਸਲਾ ਲਿਆ ਗਿਆ ਕਿ ਬੰਦਾ ਸਿੰਘ ਬਹਾਦਰ ਨੂੰ ਸਰਹਿੰਦ ਪੁੱਜਣ ਹੀ ਨਹੀਂ ਦੇਣਾ, ਜਿੱਥੇ ਉਹ ਬੈਠਾ ਹੈ, ਉੱਥੇ ਹੀ ਹਮਲਾ ਕਰ ਦੇਣਾ ਹੈ। ਬੰਦਾ ਸਿੰਘ ਬਹਾਦਰ ਨੂੰ ਜਦੋਂ ਨਵਾਬ ਦੀ ਹਮਲਾ ਕਰਨ ਦੀ ਖ਼ਬਰ ਮਿਲੀ, ਤਾਂ ਉਸ ਨੇ ਸਾਥੀਆਂ ਨੂੰ ਹਿਦਾਇਤ ਕੀਤੀ- "ਜਿਹੜੇ ਈਨ ਮੰਨ ਲੈਣ, ਉਨ੍ਹਾਂ ਨੂੰ ਨਹੀਂ ਮਾਰਨਾ। ਇਸਤਰੀਆਂ ਅਤੇ ਬੱਚਿਆਂ ਉੱਪਰ ਹੱਥ ਨਹੀਂ ਚੁੱਕਣਾ।"

ਬਾਬਾ ਬੰਦਾ ਸਿੰਘ ਨੇ ਆਪਣੀਆਂ ਫ਼ੌਜਾਂ ਦੀ ਵੰਡ ਕਰ ਕੇ ਭਾਈ ਬਾਜ਼ ਸਿੰਘ, ਭਾਈ ਫ਼ਤਿਹ ਸਿੰਘ, ਭਾਈ ਧਰਮ ਸਿੰਘ, ਭਾਈ ਆਲੀ ਸਿੰਘ ਤੇ ਭਾਈ ਕਰਮ ਸਿੰਘ ਦੇ ਹੱਥ ਕਮਾਨ ਸੌਂਪ ਦਿੱਤੀ ਤੇ ਆਪ ਉਹ ਉੱਚੀ ਟਿੱਬੀ 'ਤੇ ਚੜ੍ਹ ਗਏ ਤਾਂ ਕਿ ਯੁੱਧ ਚਾਰੇ ਪਾਸਿਓਂ ਦੇਖ ਕੇ ਜ਼ਰੂਰੀ ਹਿਦਾਇਤਾਂ ਜਾਰੀ ਕਰਦੇ ਰਹਿਣ।

ਵਜ਼ੀਰ ਖ਼ਾਂ ਦੀ ਸੈਨਾ ਦੇ ਸਭ ਤੋਂ ਅੱਗੇ ਹਾਥੀ ਸਨ। ਉਸ ਦੇ ਪਿੱਛੇ ਪੈਦਲ ਫ਼ੌਜ ਸੀ। ਇਹ ਪੈਦਲ ਫ਼ੌਜ ਹਾਥੀਆਂ ਦੇ ਸਹਾਰੇ ਨਾਲ ਅੱਗੇ ਵਧ ਰਹੀ ਸੀ। ਦੋਹਾਂ ਪਾਸਿਆਂ ਤੋਂ ਘੋੜ-ਸਵਾਰ ਸੈਨਾ ਸੀ ਜਿਹੜੀ ਆਪਣੀ-ਆਪਣੀ ਸਮੁੱਚੀ ਫ਼ੌਜੀ ਸ਼ਕਤੀ ਨੂੰ ਇਕੱਠੀ ਰੱਖ ਸਕਣ ਦਾ ਕੰਮ ਕਰਦੀ ਸੀ । ਵਜ਼ੀਰ ਖ਼ਾਂ ਆਪਣੀ ਫ਼ੌਜ ਦੇ ਬਿਲਕੁਲ ਵਿਚਕਾਰ ਹਾਥੀ ਉੱਪਰ ਅਸਵਾਰ ਹੋ ਕੇ ਚੱਲ ਰਿਹਾ ਸੀ। ਬੰਦਾ ਸਿੰਘ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਬੁਲਾ ਕੇ ਸਿੰਘਾਂ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਦੇਖਦਿਆਂ ਹੀ ਦੇਖਦਿਆਂ ਸਿੰਘਾਂ ਦੇ ਦਲ ਦੁਸ਼ਮਣ ਉੱਪਰ ਟੁੱਟ ਕੇ ਪੈ ਗਏ। ਇਸੇ ਘੜੀ ਨੂੰ ਤਾਂ ਸਿੰਘ ਉਡੀਕ ਰਹੇ ਸਨ, ਨਾ ਉਹਨਾਂ ਨੂੰ ਵਜ਼ੀਰ ਖ਼ਾਂ ਦੇ ਹਾਥੀ ਰੋਕ ਰਹੇ ਸਨ, ਨਾ ਉਹਨਾਂ ਨੂੰ ਵਜ਼ੀਰ ਖ਼ਾਂ ਦੀਆਂ ਤੋਪਾਂ। ਸਿੰਘਾਂ ਲਈ ਬੰਦਾ ਸਿੰਘ ਬਹਾਦਰ ਦਾ ਉਹਨਾਂ ਦੇ ਵਿਚਕਾਰ ਹੋਣਾ ਹੀ ਕਾਫ਼ੀ ਸੀ। ਜਿਥੇ ਮੋਹਿ ਮਰਣੇ ਕਾ ਚਾਉ ਹੋਵੇ ਜਾਂ ਜਿਨ੍ਹਾਂ ਨੂੰ ਪਰਮਾਤਮਾ ਦੇ ਨਾਮ ਦਾ ਲਾਲ ਰੰਗ ਲੱਗਾ ਹੋਵੇ, ਜਿਨ੍ਹਾਂ ਨੇ ਸੀਸ ਤਲੀ 'ਤੇ ਧਰੇ ਹੋਣ ਉਹਨਾਂ ਨੂੰ ਹਾਥੀਆਂ ਦੀਆਂ ਕਤਾਰਾਂ ਨਹੀਂ ਰੋਕ ਸਕਦੀਆਂ। ਕੋਈ ਵੀ ਚੀਜ਼ ਉਹਨਾਂ ਦੇ ਰਾਹ ਦਾ ਰੋੜਾ ਨਹੀਂ ਬਣ ਸਕਦੀ। ਇਹ ਗਹਿਗਚਵੀਂ ਲੜਾਈ ਸੀ। ***"ਦਾਗੇ ਹੋਹਿ ਸੁ ਰਨ ਮਹਿ***

*ਜੂਝਹਿ ਬਿਨੁ ਦਾਗੇ ਭਗਿ ਜਾਈ।*''"ਰਣੁ ਦੇਖਿ ਸੂਰੇ ਚਿਤ ਉਲਾਸ" ਰਣ ਵਿੱਚੋਂ ਸਿਖਾਂ ਦਾ ਭੱਜਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ, ਬਲਕਿ ਸਿੰਘ ਤਾਂ ਪਹਿਲ ਕਰ ਕੇ ਆਏ ਸਨ। ਆਪਣੇ ਸਰਬੰਸਦਾਨੀ ਗੁਰੂ ਦੇ ਦੋ ਛੋਟੇ ਮਾਸੂਮ ਬੱਚਿਆਂ ਦੀ ਦਰਦ ਭਰੀ ਮੌਤ ਦਾ ਬਦਲਾ ਲੈਣ ਆਏ ਸਨ। ਇਸ ਲਈ ਸਿੰਘਾਂ ਦਾ ਜੰਗੇ-ਮੈਦਾਨ ਵਿੱਚੋਂ ਭੱਜ ਜਾਣ ਨਾਲੋਂ ਲੜ ਕੇ ਸ਼ਹੀਦ ਹੋ ਜਾਣਾ ਜ਼ਿਆਦਾ ਚੰਗਾ ਸੀ। ਇਸ ਲਈ ਖ਼ਾਲਸਾ ਫ਼ੌਜਾਂ ਸਿਰਫ਼ ਜਿੱਤਣ ਲਈ ਜਾਂ ਸ਼ਹੀਦ ਹੋਣ ਲਈ ਲੜ ਰਹੀਆਂ ਸਨ।

ਦੂਸਰੇ ਪਾਸੇ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਕੇਵਲ ਬਚਾਉ ਦੀ ਹੀ ਲੜਾਈ ਲੜ ਰਹੀਆਂ ਸਨ। ਸਵੇਰੇ ਤੋਂ ਲੈ ਕੇ ਸ਼ਾਮ ਤਕ ਲੜਾਈ ਹੁੰਦੀ ਰਹੀ। ਬੰਦਾ ਸਿੰਘ ਇੱਕ ਭੁੱਖੇ ਸ਼ੇਰ ਵਾਂਗ ਦੁਸ਼ਮਣ 'ਤੇ ਝਪਟਾਂ ਲੈ ਕੇ ਪੈਂਦਾ ਸੀ। ਭਾਈ ਬਾਜ਼ ਸਿੰਘ ਅਤੇ ਭਾਈ ਫ਼ਤਿਹ ਸਿੰਘ ਬੰਦਾ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਲੜ ਰਹੇ ਸਨ। ਬੰਦਾ ਸਿੰਘ ਵੀ ਆਪਣੇ ਸਹਾਇਕ ਕਮਾਂਡਰਾਂ ਨਾਲ ਘਿਰਿਆ ਖ਼ਾਲਸਾ ਦਲ ਦੇ ਅੱਗੇ ਸੀ ਅਤੇ ਵਜ਼ੀਰ ਖ਼ਾਂ ਵੀ ਅੱਗੇ ਹੋ ਕੇ ਆਪਣੀ ਫ਼ੌਜ ਨੂੰ ਲੜਾ ਰਿਹਾ ਸੀ। ਹੱਥੋ-ਹੱਥ ਦੀ ਲੜਾਈ ਵਿੱਚ ਵਜ਼ੀਰ ਖ਼ਾਂ ਬੰਦਾ ਸਿੰਘ ਦੇ ਸਾਹਮਣੇ ਆਇਆ। ਮੈਕਾਲਿਫ਼ ਅਨੁਸਾਰ; ਬੰਦਾ ਸਿੰਘ ਨੇ ਵਜ਼ੀਰ ਖ਼ਾਂ ਨੂੰ ਲਲਕਾਰਿਆ ਤੇ ਕਿਹਾ, "ਪਾਪੀਆ, ਤੂੰ ਮੇਰੇ ਗੁਰੂ ਗੋਬਿੰਦ ਸਿੰਘ ਦਾ ਦੁਸ਼ਮਣ ਹੈਂ, ਤੂੰ ਉਨ੍ਹਾਂ ਨੂੰ ਸਨਮਾਨ ਨਹੀਂ ਦਿੱਤਾ। ਉਹਨਾਂ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਹੈ। ਮੈਂ ਹੁਣ ਤੈਨੂੰ ਇਸ ਗੁਨਾਹ ਦੀ ਸਜ਼ਾ ਦੇਣ ਲੱਗਿਆ ਹਾਂ। ਤੇਰੀ ਫ਼ੌਜ ਅਤੇ ਤੇਰਾ ਮੁਲਕ ਹੁਣ ਮੇਰੇ ਹੱਥੋਂ ਤਬਾਹ ਹੋ ਜਾਣਗੇ, ਬੰਦਾ ਸਿੰਘ ਨੇ ਤਲਵਾਰ ਦੇ ਇੱਕੋ ਭਰਵੇਂ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਵੱਖ-ਵੱਖ ਵਿਦਵਾਨਾਂ ਨੇ ਵਜ਼ੀਰ ਖ਼ਾਂ ਨੂੰ ਭਾਈ ਫ਼ਤਿਹ ਸਿੰਘ ਦੇ ਹੱਥੋਂ ਕਤਲ ਹੋਇਆ ਲਿਖਿਆ ਹੈ। ਵਜ਼ੀਰ ਖ਼ਾਂ ਨੂੰ ਭਾਵੇਂ ਬੰਦਾ ਸਿੰਘ ਬਹਾਦਰ ਨੇ ਜਾਂ ਭਾਈ ਫ਼ਤਿਹ ਸਿੰਘ ਨੇ ਕਤਲ ਕੀਤਾ, ਇਹ ਗੱਲ ਤਾਂ ਸਹੀ ਹੈ ਕਿ ਵਜ਼ੀਰ ਖ਼ਾਂ ਨੂੰ ਪਰਲੋਕ ਭੇਜਣ ਵਾਲਾ ਖ਼ਾਲਸਾ ਹੀ ਸੀ। ਅਸਲ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਵਜ਼ੀਰ ਖ਼ਾਂ ਦੇ ਮਾਰੇ ਜਾਣ ਨਾਲ ਸਿੰਘਾਂ ਦਾ ਕਬਜ਼ਾ ਸਰਹਿੰਦ ਉੱਪਰ ਹੋ ਗਿਆ, ਜਿੱਤ ਸਿੰਘਾਂ ਦੀ ਹੋਈ ਸੀ। ਇਹ ਸਾਰੀ ਘਟਨਾ 12 ਮਈ, 1710 ਈ. ਦੀ ਹੈ। ਖਾਫ਼ੀ ਖ਼ਾਂ ਲਿਖਦਾ ਹੈ ਕਿ "ਧਨ-ਮਾਲ, ਘੋੜੇ, ਹਾਥੀ ਬੇਦੀਨਿਆਂ ਦੇ ਹੱਥ ਆਏ ਅਤੇ ਇਸਲਾਮੀ ਸੈਨਾ ਦਾ ਇੱਕ ਵੀ ਬੰਦਾ ਜਾਨ ਤੇ ਤਨ ਦੇ ਕੱਪੜਿਆਂ ਤੋਂ ਬਿਨਾਂ ਕੁਝ ਵੀ ਬਚਾਅ ਨਾ ਸਕਿਆ। ਵੱਡੀ ਗਿਣਤੀ ਵਿੱਚ ਪਿਆਦੇ ਤੇ ਘੋੜ-ਚੜ੍ਹੇ ਕਾਫ਼ਰਾਂ ਦੀਆਂ ਤਲਵਾਰਾਂ ਦਾ ਸ਼ਿਕਾਰ ਬਣੇ, ਜਿਨ੍ਹਾਂ ਨੇ ਉਹਨਾਂ ਦਾ ਸਰਹਿੰਦ ਤਕ ਪਿੱਛਾ ਕੀਤਾ।" ਵਜ਼ੀਰ ਖ਼ਾਂ ਦੀ ਫ਼ੌਜ ਬੁਰੀ ਤਰ੍ਹਾਂ ਹਾਰ ਗਈ ਸੀ। ਜੇਤੂ ਬੰਦਾ ਸਿੰਘ ਅਤੇ ਉਸ ਦੇ ਸਿੰਘ ਜੰਗ ਦੇ ਮੈਦਾਨ ਦੇ ਮਾਲਕ ਸਨ। ਉਨ੍ਹਾਂ ਨੇ ਜਿੱਤ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ 'ਫ਼ਤਿਹ' ਦੇ ਜੈਕਾਰਿਆਂ ਨਾਲ ਅਕਾਸ਼ ਵਿੱਚ ਗੂੰਜਾਂ ਪਾ ਦਿੱਤੀਆਂ ਸਨ।

ਚੱਪੜਚਿੜੀ ਵਿਖੇ ਸਥਿਤ ਵਰਤਮਾਨ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਦੀ ਹੱਦ ਅੰਦਰ ਇੱਕ ਪੁਰਾਣਾ ਜੰਡ ਦਾ ਦਰਖ਼ਤ ਹੈ। ਦੱਸਿਆ ਜਾਂਦਾ ਹੈ ਕਿ ਬੰਦਾ ਸਿੰਘ ਨੇ ਇਸ ਜੰਡ ਨਾਲ ਵਜ਼ੀਰ ਖ਼ਾਨ ਦੀ ਲਾਸ਼ ਨੂੰ ਪੁੱਠਾ ਟੰਗ ਕੇ ਰੱਖਿਆ ਸੀ। ਫਿਰ ਜਦੋਂ ਖ਼ਾਲਸਾ ਦਲ ਸਰਹਿੰਦ ਵੱਲ ਰਵਾਨਾ ਹੋਇਆ ਸੀ ਤਾਂ ਇੱਥੋਂ ਲਾਹ ਕੇ ਵਜ਼ੀਰ ਖ਼ਾਂ ਦੀ ਮੁਰਦਾ ਲਾਸ਼ ਨੂੰ ਘੋੜੇ ਦੇ ਪਿੱਛੇ ਜਾਂ ਬਲ਼ਦਾਂ ਦੇ ਪਿੱਛੇ ਰੱਸਿਆਂ ਨਾਲ ਬੰਨ੍ਹ ਕੇ ਸਰਹਿੰਦ ਤੀਕ ਘੜੀਸ ਕੇ ਲਿਆਂਦਾ ਗਿਆ। ਚੱਪੜਚਿੜੀ ਤੋਂ ਸਰਹਿੰਦ 24-25 ਕਿਲੋਮੀਟਰ ਦੂਰੀ 'ਤੇ ਹੈ। 14 ਮਈ, 1710 ਨੂੰ ਸਿੱਖ ਫ਼ੌਜਾਂ ਸਰਹਿੰਦ ਵਿੱਚ ਦਾਖ਼ਲ ਹੋਈਆਂ। ਸਰਹਿੰਦ ਵਿੱਚ ਸ਼ਹਿਰ ਦੀ ਮੋਰਚਾਬੰਦੀ ਕੀਤੀ ਹੋਈ ਸੀ ਅਤੇ ਕਿਲ੍ਹੇ ਤੋਂ ਸਿੰਘਾਂ ਉੱਪਰ ਤੋਪਾਂ ਦੇ ਗੋਲ਼ੇ ਵੀ ਸੁੱਟੇ ਗਏ ਸਨ। ਉਨ੍ਹਾਂ ਨੂੰ ਕਿਲ੍ਹੇ ਦੀਆਂ ਤੋਪਾਂ ਵੀ ਕੁਝ ਨਹੀਂ ਕਰ ਸਕੀਆਂ ਸਨ। ਦੀਵਾਨ ਸੁੱਚਾ ਨੰਦ ਵੀ ਫੜਿਆ ਗਿਆ। ਇਸ ਦੇ ਨੱਕ ਵਿੱਚੋਂ ਗਲ਼ੀ ਕੱਢ ਕੇ ਲੋਹੇ ਦਾ ਕੁੰਡਾ ਪਾਇਆ ਗਿਆ ਸੀ। ਇਸ ਕੁੰਡੇ ਨੂੰ ਰੱਸੀ ਨਾਲ ਬੰਨ੍ਹ ਕੇ ਸਰਹਿੰਦ ਦੀਆਂ ਗਲ਼ੀਆਂ ਵਿੱਚ ਫਿਰਾਇਆ ਗਿਆ ਸੀ। ਹਰ ਘਰ ਅਤੇ ਦੁਕਾਨ ਤੋਂ ਭੀਖ ਮੰਗਵਾ ਕੇ ਅਖੀਰ ਸੁੱਚਾ ਨੰਦ ਨੂੰ ਛਿੱਤਰ ਮਾਰ-ਮਾਰ ਕੇ ਮਾਰ ਦਿੱਤਾ ਗਿਆ ਸੀ। ਵਜ਼ੀਰ ਖ਼ਾਂ ਦਾ ਇੱਕ ਪੁੱਤਰ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਦਿੱਲੀ ਨੂੰ ਭੱਜ ਗਿਆ ਸੀ।

ਸਿੰਘਾਂ ਵਿੱਚ ਜਿੱਤ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਭਾਵੇਂ ਉਹਨਾਂ ਨੂੰ ਸਰਹਿੰਦ ਦੀਆਂ ਵਧੀਆ ਇਮਾਰਤਾਂ, ਮਹਿਲ ਤੇ ਧਨ-ਦੌਲਤ ਪ੍ਰਾਪਤ ਹੋਇਆ ਸੀ, ਪਰ ਸਿੰਘਾਂ ਦੇ ਮਨਾਂ ਅੰਦਰ ਰਾਜ ਕਰਨ ਦੀ ਭਾਵਨਾ ਨਾਲੋਂ ਬਦਲਾ ਲੈਣ ਦੀ ਭਾਵਨਾ ਜ਼ਿਆਦਾ ਪ੍ਰਬਲ ਸੀ। ਇਸ ਲਈ ਇਹਨਾਂ ਕਿਲ੍ਹਿਆਂ, ਮਹਿਲਾਂ ਅਤੇ ਹਵੇਲੀਆਂ ਨੂੰ ਸੁਰੱਖਿਅਤ ਰੱਖਣ ਦੀ ਗੱਲ ਵੱਲ ਸਿੰਘਾਂ ਦਾ ਧਿਆਨ ਨਹੀਂ ਸੀ, ਸਗੋਂ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦੀ ਭਾਵਨਾ ਜ਼ਿਆਦਾ ਭਾਰੂ ਸੀ। ਇਸ ਲਈ ਉਹਨਾਂ ਨੇ ਜੋ ਵੀ ਮਹਿਲ-ਮਾੜੀ ਸਾਹਮਣੇ ਆਈ, ਤੋਪਾਂ ਨਾਲ ਉਡਾ ਦਿੱਤੀ, ਹਰ ਪਾਸੇ ਤਬਾਹੀ ਮਚਾ ਦਿੱਤੀ, ਪਰ ਸਿੰਘਾਂ ਨੇ ਮੁਸਲਮਾਨਾਂ ਦੀਆਂ ਪਵਿੱਤਰ ਥਾਵਾਂ ਨੂੰ ਨਹੀਂ ਛੇੜਿਆ। ਇਹ ਅੱਜ ਵੀ ਉਸੇ ਤਰ੍ਹਾਂ ਸੁਰੱਖਿਅਤ ਹਨ। ਸਰਹਿੰਦ ਦਾ ਸੂਬੇਦਾਰ ਬਾਜ਼ ਸਿੰਘ ਨੂੰ ਥਾਪਿਆ ਗਿਆ।

ਸਰਹਿੰਦ ਦੀ ਜਿੱਤ ਤੋਂ ਬਾਅਦ ਹਕੂਮਤ ਦਾ ਲੱਕ ਟੁੱਟ ਗਿਆ ਤੇ ਕਿਧਰੇ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਸ਼ਕਲ ਪੇਸ਼ ਨਾ ਆਈ। ਇਸ ਪਿੱਛੋਂ ਘੁੜਾਣੀ, ਮਲੇਰਕੋਟਲਾ ਆਦਿ ਸ਼ਹਿਰ ਅਰਾਮ ਨਾਲ ਫ਼ਤਿਹ ਕਰ ਕੇ ਸਰਕਾਰ ਖ਼ਾਲਸਾ ਦਾ ਸਿੱਕਾ ਅਤੇ ਸੰਮਤ ਜਾਰੀ ਕੀਤਾ। ਸਿੱਕੇ ਉਪਰ ਇਹ ਸ਼ਬਦ ਉਕਰੇ ਹੋਏ ਸਨ :

**ਦੇਗੋ ਤੇਗੋ ਫਤਹਿ-ਓ-ਨੁਸਰਤਿ ਬੇ-ਦਿਰੰਗ॥**

**ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ॥**

(ਦੇਗ ਤੇਗ ਫ਼ਤਿਹ ਤੇ ਸੇਵਾ ਨਿਸਚੇ ਨਾਲ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਹੋਈ)

ਗੰਗਾ-ਜਮੁਨਾ ਤੋਂ ਲੈ ਕੇ ਰਾਵੀ ਤਕ ਤੇ ਸ਼ਿਵਾਲਕ ਪਹਾੜੀਆਂ ਤੋਂ ਲੈ ਕੇ ਰਾਜਸਥਾਨ ਦੀਆਂ ਹੱਦਾਂ ਤਕ ਖ਼ਾਲਸਾ ਫ਼ੌਜਾਂ ਦਾ ਦਬਦਬਾ ਪੂਰੀ ਤਰ੍ਹਾਂ ਕਾਇਮ ਹੋ ਗਿਆ ਅਤੇ ਸਿੰਘਾਂ ਦਾ ਇਹ ਵਿਸ਼ਵਾਸ ਪੱਕਾ ਹੋ ਗਿਆ ਕਿ ਗੁਰੂ ਜੀ ਦੇ ਬਚਨ ਅਟੱਲ ਹਨ। ਜਦੋਂ ਪਿਆਰ ਨਾਲ ਦਸਮ ਪਾਤਸ਼ਾਹ ਕਿਹਾ ਕਰਦੇ ਸਨ ਕਿ ਤੁਸੀਂ ਰਾਜ ਕਰੋਗੇ, ਇਹ ਵਾਕ ਸੱਚੇ ਹੋ ਰਹੇ ਹਨ।

ਇਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਦੀ ਬਗ਼ਾਵਤ ਦਬਾਉਣ ਲਈ ਗਿਆ ਹੋਇਆ ਸੀ। ਉਸ ਪਾਸ ਫ਼ਰਵਰੀ, 1710 ਤੋਂ ਹੀ ਵਜ਼ੀਰ ਖ਼ਾਨ ਇਤਲਾਹ ਭੇਜ ਰਿਹਾ ਸੀ ਕਿ ਪੰਜਾਬ ਵਿੱਚ ਸਿੱਖਾਂ ਤੋਂ ਮੁਸਲਮਾਨ ਨੂੰ ਭਾਰੀ ਖ਼ਤਰਾ ਪੈਦਾ ਹੋ ਗਿਆ ਹੈ। ਬਾਦਸ਼ਾਹ ਨੂੰ ਗੜਬੜ ਦਾ ਤਾਂ ਪਤਾ ਸੀ, ਪਰ ਇਹ ਏਨੀ ਭਿਆਨਕ ਤਬਾਹੀ ਮਚਾ ਦੇਣਗੇ ਕਿ ਵਜ਼ੀਰ ਖ਼ਾਨ ਸਮੇਤ ਸਾਰੀ ਸੈਨਾ ਖ਼ਤਮ ਹੋ ਜਾਵੇਗੀ, ਇਸ ਦਾ ਬਾਦਸ਼ਾਹ ਨੂੰ ਖ਼ਾਬੋ-ਖ਼ਿਆਲ ਵੀ ਨਹੀਂ ਸੀ। ਬਾਦਸ਼ਾਹ ਨੇ ਫ਼ੈਸਲਾ ਕੀਤਾ ਕਿ ਪੰਜਾਬ ਦੀ ਬਗ਼ਾਵਤ ਉਹ ਆਪ ਆ ਕੇ ਦਬਾਏਗਾ। ਬਾਦਸ਼ਾਹ ਦੇ ਇਸ ਫ਼ੈਸਲੇ ਦਾ ਪ੍ਰਧਾਨ ਮੰਤਰੀ ਮਨੱਈਅਮ ਖ਼ਾਨ ਨੇ ਡਟ ਕੇ ਵਿਰੋਧ ਕੀਤਾ ਤੇ ਕਿਹਾ ਕਿ ਇਹ ਸਾਡੀ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਦੀ ਹੱਤਕ ਹੈ ਕਿ ਬਾਦਸ਼ਾਹ ਸਲਾਮਤ ਖ਼ੁਦ ਪੰਜਾਬ ਜਾ ਕੇ ਜੰਗ ਲੜਨ। ਇਨ੍ਹਾਂ ਘਸਿਆਰਿਆਂ ਨੂੰ ਤਾਂ ਮੈਂ ਹੀ ਖਦੇੜ ਸਕਦਾ ਹਾਂ। ਬਾਦਸ਼ਾਹ ਨੂੰ ਰਾਜਸਥਾਨ ਵਿੱਚ ਰਾਜਪੂਤਾਂ ਦੀ ਬਗ਼ਾਵਤ ਦਬਾਉਣ ਜਾਣਾ ਚਾਹੀਦਾ ਹੈ, ਕਿਉਂਕਿ ਉਹ ਵਧੀਕ ਖ਼ਤਰਨਾਕ ਹਨ।

ਬਾਦਸ਼ਾਹ ਨੇ ਕਿਹਾ ਕਿ ਮੈਂ ਸਿੱਖਾਂ ਨੂੰ ਜਾਣਦਾ ਹਾਂ ਤੇ ਰਾਜਪੂਤਾਂ ਨੂੰ ਵੀ ਰਾਜਪੂਤ ਕੁਝ ਲੈ ਕੇ ਚੁੱਪ ਕਰ ਜਾਣਗੇ, ਪਰ ਸਿੱਖ ਅਜਿਹਾ ਨਹੀਂ ਕਰਦੇ। ਉਹ ਜ਼ਿਆਦਾ ਖ਼ਤਰਨਾਕ ਹਨ। ਮੈਂ ਤਾਂ ਪੰਜਾਬ ਦੀ ਬਗ਼ਾਵਤ ਦਬਾਉਣ ਜਾਵਾਂਗਾ ਹੀ ਪ੍ਰਧਾਨ ਮੰਤਰੀ ਜੀ ਵੀ ਆਪਣੇ ਜ਼ੌਹਰ ਦਿਖਾਉਣ ਲਈ ਚਲਣ। ਬਾਦਸ਼ਾਹ ਨੇ 17 ਜੂਨ 1710 ਨੂੰ ਪੰਜਾਬ ਵੱਲ ਕੂਚ ਕੀਤਾ। ਬਾਦਸ਼ਾਹ ਨੇ ਸੱਠ ਹਜ਼ਾਰ ਦੀ ਫ਼ੌਜ ਤਿਆਰ ਕਰਨ ਦਾ ਹੁਕਮ ਕੀਤਾ। ਉਸ ਨੇ ਆਪਣੇ ਵੱਡੇ ਪੁੱਤਰ ਮੁਅਜਜਦੀਨ ਨੂੰ ਵੀ ਨਾਲ ਲੈ ਲਿਆ । ਸਿੰਘਾਂ ਨਾਲ ਰਸਤੇ ਵਿੱਚ ਝੜਪਾਂ ਲੈਂਦਾ ਹੋਇਆ ਉਹ 24 ਨਵੰਬਰ, 1710 ਨੂੰ ਸਢੌਰੇ ਪੁੱਜਾ। ਏਡੇ ਵੱਡੇ ਲਸ਼ਕਰ ਨਾਲ ਸਿੱਖ ਸਿੱਧੀ ਲੜਾਈ ਨਹੀਂ ਲੜ ਸਕਦੇ ਸਨ। ਉਹ ਗੁਰੀਲਾ ਯੁੱਧ ਰਾਹੀਂ ਬਹਾਦਰ ਸ਼ਾਹ ਦੀ ਫ਼ੌਜ ਦਾ ਭਾਰੀ ਨੁਕਸਾਨ ਕਰ ਰਹੇ ਸਨ। ਦੂਸਰਾ, ਸ਼ਾਹੀ ਫ਼ੌਜਾਂ ਨੂੰ ਜੰਗਲਾਂ ਦੀਆਂ ਮੁਸੀਬਤਾਂ ਝੱਲਣ ਦੀ ਆਦਤ ਨਹੀਂ ਸੀ। ਝਾੜੀਆਂ-ਕੰਡਿਆਂ ਵਿੱਚ ਦੀ ਲੰਘਦੇ ਹੋਏ ਉਹਨਾਂ ਦੇ ਜਿਸਮ ਲਹੂ-ਲੁਹਾਣ ਹੋ ਗਏ ਤੇ ਉਹ ਸਿੰਘਾਂ ਦਾ ਪਿੱਛਾ ਨਾ ਕਰ ਸਕੇ।

ਬਾਬਾ ਬੰਦਾ ਸਿੰਘ ਲੋਹ ਗੜ੍ਹ ਦੇ ਕਿਲ੍ਹੇ ਵਿੱਚ ਸੀ ਤੇ ਇਸ ਕਿਲ੍ਹੇ ਦੀ ਮੁਰੰਮਤ ਉਸ ਨੇ ਆਪ ਹੀ ਕਰਵਾਈ ਸੀ। ਉਸ ਕਿਲ੍ਹੇ ਵਿੱਚ ਖਾਣ-ਪੀਣ ਦਾ ਵਧੇਰੇ ਸਮਾਨ ਵੀ ਨਹੀਂ ਸੀ। ਚਾਰੇ ਪਾਸੇ ਬਾਦਸ਼ਾਹ ਦੀਆਂ ਫ਼ੌਜਾਂ ਸਰਕਦੇ, ਸਰਕਦੇ ਨੇੜੇ ਹੁੰਦੀਆਂ ਗਈਆਂ।

ਇਹ ਘੇਰਾ ਮੁਨੱਈਅਮ ਖ਼ਾਨ ਦੀ ਫ਼ੌਜ ਦਾ ਸੀ। ਮੁਨੱਈਅਮ ਖ਼ਾਨ ਨੇ ਬਾਦਸ਼ਾਹ ਨੂੰ ਕਿਹਾ ਹੋਇਆ ਸੀ ਕਿ ਜਲਦੀ ਹੀ ਉਹ ਆਪ ਬੰਦਾ ਸਿੰਘ ਨੂੰ ਜਿਉਂਦਾ ਫੜ ਕੇ ਪੇਸ਼ ਕਰੇਗਾ। 9 ਦਸੰਬਰ, 1710 ਨੂੰ ਪੂਰੇ ਜ਼ੋਰ ਨਾਲ ਜਦੋਂ ਹੱਲਾ ਬੋਲਿਆ, ਤਾਂ ਫੌਜ ਕਿਲ੍ਹੇ ਵਿੱਚ ਦਾਖ਼ਲ ਹੋਈ, ਪਰ ਬੰਦਾ ਸਿੰਘ ਰਾਤੋ-ਰਾਤ ਸਖ਼ਤ ਘੇਰੇ ਵਿੱਚੋਂ ਨਿਕਲ ਚੁੱਕਿਆ ਸੀ । ਮੁਨੱਈਅਮ ਖ਼ਾਨ ਹੱਥ ਮਲਦਾ ਰਹਿ ਗਿਆ। ਉਸ ਨੂੰ ਪਤਾ ਸੀ ਕਿ ਬਾਦਸ਼ਾਹ ਸਖ਼ਤ ਨਰਾਜ਼ ਹੋਵੇਗਾ। ਉਸ ਨੇ ਬਾਦਸ਼ਾਹ ਤੋਂ ਆਗਿਆ ਮੰਗੀ, ਤਾਂ ਬਹਾਦਰ ਸ਼ਾਹ ਨੇ ਨਾਂਹ ਕਰ ਦਿੱਤੀ ਤੇ ਹੁਕਮ ਦਿੱਤਾ ਕਿ ਉਸ ਤੋਂ ਨਗਾਰਾ ਖੋਹ ਲਿਆ ਜਾਵੇ। ਉਹ ਨਗਾਰੇ ਦਾ ਹੱਕਦਾਰ ਨਹੀਂ। ਬਾਦਸ਼ਾਹ ਨੇ ਕਿਹਾ– ਹਜ਼ਾਰਾਂ ਕੁੱਤਿਆਂ ਦੇ ਘੇਰੇ ਵਿੱਚੋਂ ਗਿੱਦੜ ਬਚ ਕੇ ਕਿਵੇਂ ਲੰਘ ਗਿਆ ? ਤੁਹਾਨੂੰ ਸ਼ਰਮ ਨਹੀਂ ਆਉਂਦੀ ? ਮੁਨੱਈਅਮ ਖ਼ਾਨ ਦੇ ਸ਼ਰੀਕਾਂ ਨੇ ਉਸ ਦਾ ਰੱਜ ਕੇ ਮਜ਼ਾਕ ਉਡਾਇਆ। ਉਹ ਪ੍ਰਧਾਨ ਮੰਤਰੀ ਦੀ ਹੋਈ ਬੇਇਜ਼ਤੀ ਤੋਂ ਖ਼ੁਸ਼ ਸਨ। ਏਨੀ ਬੇਇੱਜ਼ਤੀ ਦਾ ਸਦਮਾ ਮੁਨੱਈਅਮ ਖ਼ਾਨ ਸਹਾਰ ਨਾ ਸਕਿਆ ਤੇ ਉਹ ਬਿਮਾਰ ਪੈ ਗਿਆ। ਢਾਈ-ਤਿੰਨ ਮਹੀਨਿਆਂ ਬਾਅਦ ਉਸ ਦੀ ਮੌਤ ਹੋ ਗਈ।

ਬਾਬਾ ਬੰਦਾ ਸਿੰਘ ਬਹਾਦਰ ਨਾਹਨ ਵੱਲ ਦੀਆਂ ਪਹਾੜੀਆਂ ਵਿੱਚ ਆਪਣੀਆਂ ਫ਼ੌਜਾਂ ਸਮੇਤ ਚਲਾ ਗਿਆ ਅਤੇ ਮੈਦਾਨ 'ਚ ਉਹ ਸ਼ਾਹੀ ਫ਼ੌਜਾਂ ਦਾ ਟਾਕਰਾ ਕਰਨ ਦੀ ਤਿਆਰੀ ਵਿੱਚ ਜੁੱਟ ਗਿਆ। ਪਹਾੜਾਂ ਵਿੱਚ ਵੀ ਉਹ ਟਿਕ ਕੇ ਨਹੀਂ ਬੈਠਾ। ਉਸ ਨੇ ਪਹਾੜੀ ਰਾਜਿਆਂ ਨੂੰ ਵੀ ਸਬਕ ਸਿਖਾਉਣਾ ਸੀ, ਜਿਹੜੇ ਗੁਰੂ ਜੀ ਨਾਲ ਅਕਸਰ ਕੋਈ ਨਾ ਕੋਈ ਰੇੜਕਾ ਪਾਈ ਰੱਖਦੇ ਸਨ।

9 ਅਗਸਤ 1711 ਈਸਵੀ ਨੂੰ ਬਾਦਸ਼ਾਹ ਲਗ-ਪਗ ਸਵਾ ਸਾਲ ਪਿੱਛੋਂ ਲਾਹੌਰ ਪੁੱਜਾ। ਬਾਬਾ ਬੰਦਾ ਸਿੰਘ ਅਤੇ ਸਿੱਖ ਫ਼ੌਜਾਂ ਲਗਾਤਾਰ ਉਸ ਦੇ ਕੂਚ ਵਿੱਚ ਵਿਘਨ ਪਾ ਰਹੀਆਂ ਸਨ। ਲਾਹੌਰ ਦੇ ਕਿਲ੍ਹੇ ਵਿੱਚ ਜਾ ਕੇ ਉਹ ਸੁਰੱਖਿਅਤ ਹੋ ਗਿਆ ਅਤੇ ਜਿੱਧਰ ਵੀ ਬੰਦਾ ਸਿੰਘ ਦਾ ਪਤਾ ਲੱਗਦਾ ਉਸ ਦਾ ਪਿੱਛਾ ਕਰਨ ਲਈ ਫ਼ੌਜਾਂ ਭੇਜਦਾ ਰਹਿੰਦਾ। ਉਸ ਨੇ ਸਿੱਖਾਂ ਦੇ ਵਿਰੁੱਧ ਸ਼ਾਹੀ ਫ਼ਰਮਾਨ ਵੀ ਜਾਰੀ ਕੀਤਾ। 14 ਫ਼ਰਵਰੀ, 1712 ਨੂੰ ਲਾਹੌਰ ਵਿੱਚ ਖ਼ਬਰ ਸੁਣੀ ਗਈ ਕਿ ਬਾਦਸ਼ਾਹ ਦੀ ਤਬੀਅਤ ਤਿੱਲੀ ਦੀ ਸੋਜ ਕਾਰਨ ਜ਼ਿਆਦਾ ਖ਼ਰਾਬ ਹੋ ਗਈ ਹੈ। ਸ਼ਾਹਜ਼ਾਦਿਆਂ ਵਿੱਚ ਤਖ਼ਤ ਵਾਸਤੇ ਖਾਨਾ ਜੰਗੀ ਛਿੜ ਪਈ। ਸ਼ਾਹਜਾਦਾ ਅਜ਼ੀਮੁਸਾਨ ਜਿਹੜਾ ਬਾਦਸ਼ਾਹ ਨਾਲ ਹੀ ਲਾਹੌਰ ਸਿੱਖਾਂ ਨੂੰ ਦਬਾਉਣ ਆਇਆ ਸੀ, ਨੇ ਤਖ਼ਤ ਦਾ ਮਾਲਕ ਹੋਣ ਦਾ ਐਲਾਨ ਕਰ ਦਿੱਤਾ। ਉਹ ਸਿਰ 'ਤੇ ਤਾਜ ਰੱਖ ਕੇ ਹਾਥੀ 'ਤੇ ਸਵਾਰ ਹੋ ਕੇ ਲਾਹੌਰ ਸ਼ਹਿਰ ਦਾ ਚੱਕਰ ਲਾਉਣ ਲੱਗਾ। ਸ਼ਾਹਜ਼ਾਦੇ ਦੇ ਹਾਥੀ ਨੂੰ ਤੋਪ ਦਾ ਗੋਲ਼ਾ ਲੱਗਾ, ਤਾਂ ਉਹ ਬੇਕਾਬੂ ਹੋ ਗਿਆ ਤੇ ਬੇਤਹਾਸ਼ਾ ਦੌੜਨ ਲੱਗਾ। ਉਸ ਨੇ ਰਾਵੀ ਦਰਿਆ ਵਿੱਚ ਛਾਲ ਮਾਰ ਦਿੱਤੀ। ਸੰਮਤ ਸ਼ਾਹਜ਼ਾਦੇ ਦਾ ਇਹ ਹਾਥੀ ਡੁੱਬ ਕੇ ਮਰ ਗਿਆ। ਜਹਾਨਦਾਰ ਖ਼ਾਨ ਕੁਝ ਸਮੇਂ ਲਈ ਹਿੰਦੁਸਤਾਨ ਦਾ ਬਾਦਸ਼ਾਹ ਰਿਹਾ, ਪਰ ਇਹ ਸਮਾਂ ਖਾਨਾਜੰਗੀ ਦਾ ਸੀ। ਆਖ਼ਰ 2 ਫ਼ਰਵਰੀ, 1713 ਨੂੰ

ਅਜ਼ੀਮੁਸਾਨ ਦਾ ਪੁੱਤਰ ਫ਼ਰੁੱਖ਼ਸਿਯਰ ਤਖ਼ਤ 'ਤੇ ਬੈਠਾ। ਲਗ-ਪਗ ਇੱਕ ਸਾਲ ਚੱਲੀ ਇਸ ਖ਼ਾਨਾਜੰਗੀ ਦਾ ਬਾਬਾ ਬੰਦਾ ਸਿੰਘ ਬਹਾਦਰ ਨੇ ਪੂਰਾ-ਪੂਰਾ ਲਾਭ ਉਠਾਇਆ ਅਤੇ ਜਿਹੜੇ ਟਿਕਾਣੇ ਖੁੱਸ ਗਏ ਸਨ, ਉਹਨਾਂ ਉਪਰ ਕਬਜ਼ਾ ਕਰ ਲਿਆ।

ਫ਼ਰੁੱਖ਼ਸਿਯਰ ਬਾਬਾ ਬੰਦਾ ਸਿੰਘ ਦੀਆਂ ਕਾਰਵਾਈਆਂ ਤੋਂ ਚਿੰਤਾਤੁਰ ਸੀ। ਉਸ ਨੇ ਖ਼ਜ਼ਾਨਾ ਅਤੇ ਫ਼ੌਜਾਂ ਲਾਹੌਰ ਦੇ ਸੂਬੇਦਾਰ ਅਬਦੁਲਸਮੁੱਦ ਖ਼ਾਨ ਪਾਸ ਭੇਜੀਆਂ ਕਿ ਬੰਦਾ ਸਿੰਘ ਨੂੰ ਜਿਊਂਦਾ ਜਾਂ ਮੁਰਦਾ ਪੇਸ਼ ਕੀਤਾ ਜਾਵੇ। ਉਹ ਬੜੇ ਹੱਲੇ ਕਰਦਾ, ਪਰ ਬਾਬਾ ਬੰਦਾ ਸਿੰਘ ਉਸ ਦੀ ਪਕੜ ਤੋਂ ਦੂਰ ਹੀ ਹੁੰਦਾ ਸੀ। ਆਖ਼ਰ ਉਸ ਨੇ ਰਾਜਸਥਾਨ ਵਾਲੇ ਪਾਸੇ ਭੱਟੀਆਂ ਨੂੰ ਦਬਾਉਣ ਦਾ ਫ਼ੈਸਲਾ ਕੀਤਾ। ਭੱਟੀ ਕੋਈ ਵੱਡੀ ਮੁਸੀਬਤ ਨਹੀਂ ਸਨ, ਸਗੋਂ ਨਵਾਬ ਬੰਦਾ ਸਿੰਘ ਤੋਂ ਡਰਦਾ ਟੱਲ ਗਿਆ ਸੀ। ਸੈਨਾਪਤੀਆਂ ਨੂੰ ਕਾਂਬਾ ਛਿੜਿਆ ਹੋਇਆ ਸੀ। ਉਸ ਨੂੰ ਬਾਦਸ਼ਾਹ ਨੇ ਵਾਪਸ ਆਉਣ ਦਾ ਹੁਕਮ ਦਿੱਤਾ ਕਿ ਬੰਦਾ ਸਿੰਘ ਦੀ ਬਗ਼ਾਵਤ ਦਬਾਉਣੀ ਜ਼ਰੂਰੀ ਹੈ। ਉਹ ਆ ਤਾਂ ਗਿਆ, ਪਰ ਲੱਖੀ ਜੰਗਲ ਵੱਲ ਖਿਸਕ ਜਾਂਦਾ ਸੀ, ਜਦੋਂ ਕਿ ਬਾਬਾ ਬੰਦਾ ਸਿੰਘ ਉਸ ਪਾਸੇ ਹੀ ਨਹੀਂ ਸੀ।

ਬਾਬਾ ਬੰਦਾ ਸਿੰਘ ਆਪਣੇ ਸਿੱਖ ਸਾਥੀਆਂ ਨਾਲ ਗੁਰਦਾਸਪੁਰ ਵਿੱਚ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਮੁਗ਼ਲ ਫ਼ੌਜਾਂ ਉਸ ਦਾ ਪਿੱਛਾ ਕਰਦੀਆਂ ਆ ਗਈਆਂ ਹਨ। ਗੁਰਦਾਸ ਨੰਗਲ ਨਾਮ ਦੇ ਪਿੰਡ ਵਿੱਚ ਦੁਨੀ ਚੰਦ ਦੀ ਹਵੇਲੀ ਸੀ। ਵਿਚਕਾਰ ਖੁੱਲ੍ਹਾ ਵਿਹੜਾ ਸੀ। ਬੰਦਾ ਸਿੰਘ ਨੇ ਇਸ ਦੀ ਦੀਵਾਰ ਨੂੰ ਮਜ਼ਬੂਤ ਕੀਤਾ। ਆਖ਼ਰ ਨਵਾਬ 24 ਹਜ਼ਾਰ ਦੀ ਸੈਨਾ ਲੈ ਕੇ ਆ ਗਿਆ ਤੇ ਇਸ ਕੱਚੀ ਗੜ੍ਹੀ ਨੂੰ ਘੇਰ ਲਿਆ। ਬਾਬਾ ਬੰਦਾ ਸਿੰਘ ਪਾਸ ਬਹੁਤ ਥੋੜ੍ਹੀ ਸੈਨਾ ਸੀ ਤੇ ਥੋੜ੍ਹੇ ਹਥਿਆਰ। ਖਾਣ-ਪੀਣ ਦਾ ਸਮਾਨ ਵੀ ਬਹੁਤਾ ਨਹੀਂ ਸੀ, ਪਰੰਤੂ ਹੈਰਾਨੀ ਹੁੰਦੀ ਹੈ ਕਿ 14 ਅਪ੍ਰੈਲ, 1715 ਨੂੰ ਪਿਆ ਇਹ ਘੇਰਾ, ਅੱਠ ਮਹੀਨੇ ਤਕ ਬਾਦਸ਼ਾਹੀ ਸੈਨਾ ਅੰਦਰ ਜਾਣ ਦੀ ਹਿੰਮਤ ਨਾ ਕਰ ਸਕੀ ਤੇ 7 ਦਸੰਬਰ, 1715 ਨੂੰ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਬਾਬਾ ਬਿਨੋਦ ਸਿੰਘ ਨੇ ਕਈ ਵਾਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਹਾ ਕਿ ਰਾਤ ਨੂੰ ਇੱਕ ਹੱਲਾ ਕਰ ਕੇ ਦੌੜ ਜਾਈਏ, ਪਰ ਬਾਬਾ ਬੰਦਾ ਸਿੰਘ ਨਹੀਂ ਮੰਨਿਆ। ਇੱਕ ਵਾਰ ਤਾਂ ਦੋਹਾਂ ਦਾ ਤਕਰਾਰ ਏਨਾ ਵੱਧ ਗਿਆ ਸੀ ਕਿ ਬਾਬਾ ਬਿਨੋਦ ਸਿੰਘ ਨੇ ਤਲਵਾਰ ਮਿਆਨ ਵਿੱਚੋਂ ਕੱਢ ਲਈ ਸੀ। ਉਸ ਸਮੇਂ ਬੰਦਾ ਸਿੰਘ ਨੇ ਕਿਹਾ— "ਆਪਾਂ ਨੂੰ ਲੜਨਾ ਸ਼ੋਭਦਾ ਨਹੀਂ, ਤੁਸੀਂ ਜਾਣਾ ਹੈ ਤਾਂ ਚਲੇ ਜਾਓ, ਪਰੰਤੂ ਮੈਂ ਨਹੀਂ ਜਾਵਾਂਗਾ।" ਬਿਨੋਦ ਸਿੰਘ ਦੁਸ਼ਮਣ ਦੀਆਂ ਸਫ਼ਾਂ ਚੀਰਦਾ ਹੋਇਆ ਆਪਣੇ ਸਾਥੀਆਂ ਸਮੇਤ ਨਿਕਲ ਗਿਆ।

ਜਦੋਂ ਮੁਗ਼ਲ ਫ਼ੌਜਾਂ ਤਲਵਾਰਾਂ ਧੂਹ ਕੇ ਕਿਲ੍ਹੇ ਅੰਦਰ ਵੜੀਆਂ ਤਾਂ ਮੁਕਾਬਲਾ ਕਰਨ ਦੀ ਸਿੱਖਾਂ ਵਿੱਚ ਤਾਕਤ ਨਹੀਂ ਸੀ। ਸਿੱਖ ਤਾਂ ਭੁੱਖ ਨਾਲ ਬੇਹਾਲ ਹੋਏ ਪਏ ਸਨ। ਉਹਨਾਂ ਆਪਣੇ ਘੋੜੇ ਵੀ ਮਾਰ ਕੇ ਖਾ ਲਏ ਸਨ, ਆਪਣੇ ਪੱਟਾਂ ਦਾ ਮਾਸ ਵੀ ਖਾ ਲਿਆ ਸੀ। ਕੱਚਾ ਮਾਸ ਖਾਣ ਨਾਲ ਕਈਆਂ ਨੂੰ ਖ਼ੂਨ ਦੇ ਦਸਤ ਵੀ ਲੱਗ ਗਏ ਸਨ।

ਮੁਗ਼ਲਾਂ ਨੇ ਕਈ ਸਿੱਖਾਂ ਦੇ ਪੇਟ ਇਸ ਕਰ ਕੇ ਤਲਵਾਰਾਂ ਨਾਲ ਚੀਰ ਦਿੱਤੇ ਕਿ ਸ਼ਾਇਦ ਇਹਨਾਂ ਨੇ ਸੋਨੇ ਦੀਆਂ ਮੁਹਰਾਂ ਨਿਗਲ ਲਈਆਂ ਹੋਣ। ਗੜ੍ਹੀ ਵਿੱਚੋਂ ਕੁਲ 600 ਰੁਪਏ, 23 ਸੋਨੇ ਦੀਆਂ ਮੋਹਰਾਂ ਤੇ ਥੋੜ੍ਹੇ ਜਿਹੇ ਹਥਿਆਰ ਪ੍ਰਾਪਤ ਹੋਏ।

ਅਬਦੁਲਸਮੁੱਦ ਖ਼ਾਨ, ਗਵਰਨਰ, ਲਾਹੌਰ ਖ਼ੁਦ ਦਿੱਲੀ ਬਾਬਾ ਬੰਦਾ ਸਿੰਘ ਨੂੰ ਲੈ ਕੇ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰਨਾ ਚਾਹੁੰਦਾ ਸੀ, ਪਰ ਬਾਦਸ਼ਾਹ ਨੇ ਕਿਹਾ ਕਿ ਤੁਸੀਂ ਲਾਹੌਰ ਹੀ ਰਹੋ ਤੇ ਆਪਣੇ ਬੇਟੇ ਨੂੰ ਭੇਜ ਦਿਓ। ਤਦ ਉਸ ਦਾ ਪੁੱਤਰ ਜ਼ਕਰੀਆ ਖ਼ਾਨ 740 ਬੰਦੀਆਂ ਅਤੇ ਦੋ ਸੌ ਸਿਰਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਿਆ। ਉਸ ਨੇ ਸੋਚਿਆ ਕਿ ਦੋ ਸੌ ਸਿਰ ਲੈ ਕੇ ਜਾਣਾ ਕੋਈ ਖ਼ਾਸ ਬਹਾਦਰੀ ਵਾਲੀ ਗੱਲ ਨਹੀਂ ਲੱਗਦੀ। ਇਸ ਲਈ ਉਸ ਨੇ ਸਖ਼ਤ ਹੁਕਮ ਦਿੱਤੇ ਕਿ ਜਿਵੇਂ ਮਰਜ਼ੀ ਹੋਵੇ, ਸਿੱਖਾਂ ਦੇ ਸਿਰ ਵੱਢ ਕੇ ਲਿਆਓ। ਬੇਕਸੂਰ ਲੋਕਾਂ ਦਾ ਕਤਲ ਕਰ ਕੇ ਸੱਤ ਸੌ ਗੱਡੇ ਸਿਰਾਂ ਦੇ ਭਰੇ ਗਏ ਤੇ ਦਿੱਲੀ ਨੂੰ ਕੂਚ ਕੀਤਾ ਗਿਆ।

ਬਾਬਾ ਬੰਦਾ ਸਿੰਘ ਨੂੰ ਲੋਹੇ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਪਿੰਜਰੇ ਵਿੱਚ ਬੰਦ ਕਰ ਕੇ ਹਾਥੀ ਉੱਤੇ ਬਿਠਾਇਆ ਗਿਆ ਤੇ ਉਸ ਦੇ ਨਾਲ ਹੀ ਇੱਕ ਨੰਗੀ ਤਲਵਾਰ ਫੜੀ ਸਿਪਾਹੀ ਬਿਠਾਇਆ ਗਿਆ, ਤਾਂ ਕਿ ਜ਼ੰਜੀਰਾਂ ਤੇ ਪਿੰਜਰਾ ਤੋੜ ਕੇ ਜੇ ਬੰਦਾ ਸਿੰਘ ਦੌੜਨ ਦਾ ਯਤਨ ਕਰੇ, ਤਾਂ ਉਸ ਨੂੰ ਯਕਦਮ ਕਤਲ ਕਰ ਦਿੱਤਾ ਜਾਵੇ। ਉਸ ਦੇ ਬਹੁਤ ਹੀ ਘਟੀਆ ਤੇ ਹਾਸੋਹੀਣੇ ਕੱਪੜੇ ਪੁਆਏ ਗਏ ਸਨ। ਸਿਰ 'ਤੇ ਟੋਪੀ ਪਵਾਈ ਹੋਈ ਸੀ। ਇਸੇ ਤਰ੍ਹਾਂ ਹੀ ਦੂਸਰੇ ਕੈਦੀ ਜ਼ੰਜੀਰਾਂ ਵਿੱਚ ਬੰਨ੍ਹ ਕੇ ਇੱਕ-ਦੂਜੇ ਵੱਲ ਪਿੱਠ ਕਰ ਕੇ ਦੋ-ਦੋ ਦੀ ਗਿਣਤੀ ਵਿੱਚ ਬਿਨਾਂ ਕਾਠੀ ਊਠਾਂ 'ਤੇ ਬਿਠਾਏ ਗਏ ਸਨ। ਭੇਡਾਂ ਦੀਆਂ ਖੱਲਾਂ ਦੇ ਕੋਟ ਪਹਿਨਾਏ ਤੇ ਸਿਰਾਂ 'ਤੇ ਰੰਗ-ਬਰੰਗੀਆਂ ਟੋਪੀਆਂ ਦਿੱਤੀਆਂ ਹੋਈਆਂ ਸਨ। 29 ਫ਼ਰਵਰੀ, 1716 ਨੂੰ ਵੱਡੇ ਜਲੂਸ ਦੀ ਸ਼ਕਲ ਵਿੱਚ ਦਿੱਲੀ ਲਾਲ ਕਿਲ੍ਹੇ ਕੋਲ ਦੀ ਲੰਘਾਏ ਗਏ। ਲੱਖਾਂ ਮਰਦ-ਔਰਤਾਂ ਤਮਾਸ਼ਾ ਦੇਖਣ ਲਈ ਕਤਾਰਾਂ ਵਿੱਚ ਖਲੋਤੇ ਸਨ।

ਇਸ ਸਮੇਂ ਬਹੁਤ ਸਾਰੇ ਮੁਸਲਮਾਨ ਅਤੇ ਈਸਾਈ ਇਤਿਹਾਸਕਾਰ ਚਸ਼ਮਦੀਦ ਗਵਾਹ ਦੱਸਦੇ ਹਨ ਕਿ ਉਨ੍ਹਾਂ ਨੇ ਕਿਸੇ ਇੱਕ ਵੀ ਸਿੱਖ ਦੇ ਚਿਹਰੇ 'ਤੇ ਚਿੰਤਾ ਦੇ ਜਾਂ ਕਿਸੇ ਪ੍ਰਕਾਰ ਦੇ ਢਹਿੰਦੀ ਕਲਾ ਦੇ ਚਿੰਨ੍ਹ ਦੇਖੇ ਹੋਣ। ਕੋਈ ਵੀ ਸਿੱਖ ਉਦਾਸ ਨਹੀਂ ਸੀ। ਉਹ ਗੁਰਬਾਣੀ ਦੇ ਸ਼ਬਦ ਗਾਉਂਦੇ ਹੋਏ ਪੂਰੇ ਜਾਹੋ-ਜਲਾਲ ਵਿੱਚ ਜਾ ਰਹੇ ਸਨ। ਇਨ੍ਹਾਂ ਅਣਖੀਲੇ ਯੋਧਿਆਂ ਦੀ ਸ਼ਾਨ ਹੀ ਵੱਖਰੀ ਸੀ। ਸ਼ਹਿਨਸ਼ਾਹ ਫ਼ਰੁੱਖ਼ਸਿਯਰ ਨੇ ਜ਼ਕਰੀਆ ਖ਼ਾਨ ਨੂੰ ਖ਼ਾਸ ਖ਼ਿਲਅਤ, ਹੀਰੇ ਜੜੀ ਕਲਗੀ, ਘੋੜਾ ਅਤੇ ਹਾਥੀ ਇਨਾਮ ਵਜੋਂ ਦਿੱਤੇ। ਫੜੇ ਗਏ ਹਥਿਆਰਾਂ ਦੀ ਛੋਟੀ ਜਿਹੀ ਸੂਚੀ ਨੂੰ ਵੇਖ ਕੇ ਇਰਵਿਨ ਲਿਖਦਾ ਹੈ, "ਹੈਰਾਨੀ ਹੁੰਦੀ ਹੈ ਕਿ ਇੰਨੇ ਕੁ ਸਾਮਾਨ ਨਾਲ ਉਨ੍ਹਾਂ ਨੇ ਭਾਰਤ ਦੀ ਸ਼ਕਤੀਸ਼ਾਲੀ ਹਕੂਮਤ ਨਾਲ ਕੇਵਲ ਟੱਕਰ ਹੀ ਨਹੀਂ ਲਈ, ਬਲਕਿ ਇਸ ਨੂੰ ਹਿਲਾ ਕੇ ਰੱਖ ਦਿੱਤਾ।"

ਹਰ ਰੋਜ਼ ਸੌ-ਸੌ ਦੀ ਗਿਣਤੀ ਵਿੱਚ ਆਮ ਲੋਕਾਂ ਦੇ ਸਾਹਮਣੇ ਸਿੱਖਾਂ ਨੂੰ ਕਤਲ

ਕੀਤਾ ਜਾਂਦਾ ਤੇ ਇਹ ਕਤਲੇਆਮ ਇੱਕ ਹਫ਼ਤਾ ਚੱਲਦਾ ਰਿਹਾ। 12 ਮਾਰਚ, 1716 ਨੂੰ ਸਾਰੇ ਸਿੱਖ ਬੰਦੀ ਕਤਲ ਕਰ ਦਿੱਤੇ ਗਏ। ਹਰ ਇੱਕ ਨੂੰ ਪੁੱਛਿਆ ਜਾਂਦਾ ਸੀ ਕਿ ਜੇ ਉਹ ਇਸਲਾਮ ਧਰਮ ਪ੍ਰਵਾਨ ਕਰ ਲਏ ਤਾਂ ਜਾਨ ਬਖ਼ਸ਼ ਦਿੱਤੀ ਜਾਵੇਗੀ, ਪਰ ਕਿਸੇ ਵੀ ਸਿੱਖ ਨੇ ਆਪਣਾ ਧਰਮ ਨਹੀਂ ਬਦਲਿਆ, ਭਾਵੇਂ ਕਿੰਨੇ ਹੀ ਤਸੀਹੇ ਕਿਉਂ ਨਾ ਝੱਲਣੇ ਪਏ। ਬਾਬਾ ਬੰਦਾ ਸਿੰਘ ਨੂੰ ਜੂਨ ਤਕ ਤਸੀਹੇ ਦੇ ਕੇ ਪੁੱਛਿਆ ਜਾਂਦਾ ਰਿਹਾ ਕਿ ਖ਼ਜ਼ਾਨਾ ਕਿੱਥੇ ਦੱਬਿਆ ਹੋਇਆ ਹੈ। ਬੰਦਾ ਸਿੰਘ ਨੇ ਕਦੇ ਖ਼ਜ਼ਾਨਾ ਦੱਬਿਆ ਹੀ ਨਹੀਂ ਸੀ, ਇਸ ਲਈ ਉਸ ਨੇ ਜੁਆਬ ਕੀ ਦੇਣਾ ਸੀ। ਬੰਦਾ ਸਿੰਘ ਕੋਲ ਜੋ ਕੁਝ ਵੀ ਹੁੰਦਾ ਸੀ, ਉਹ ਸਿੱਖ ਫ਼ੌਜਾਂ ਵਿੱਚ ਵੰਡ ਦਿੰਦਾ ਸੀ।

ਅੰਤ 9 ਜੂਨ, 1716 ਨੂੰ ਬਾਬਾ ਬੰਦਾ ਸਿੰਘ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਕੀਤਾ ਗਿਆ। ਉਸ ਨਾਲ ਕਈ ਸਿੱਖ ਜਰਨੈਲ ਹੋਰ ਵੀ ਸਨ ਤੇ ਇਨ੍ਹਾਂ ਸਭਨਾਂ ਨੂੰ ਪਹਿਲਾਂ ਵਾਂਗ ਹੀ ਜਲੂਸ ਦੀ ਸ਼ਕਲ ਵਿੱਚ ਕੁਤਬ ਮੀਨਾਰ ਲਾਗੇ ਲਿਜਾਇਆ ਗਿਆ। ਬਾਬਾ ਬੰਦਾ ਸਿੰਘ ਨੂੰ ਵੀ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰਨਾ ਹੈ ਜਾਂ ਮੌਤ; ਤਾਂ ਬਾਬਾ ਬੰਦਾ ਸਿੰਘ ਨੇ ਕਿਹਾ 'ਮੌਤ'। ਉਸ ਦਾ ਚਾਰ ਸਾਲਾਂ ਦਾ ਬੇਟਾ ਅਜੈਪਾਲ ਸਿੰਘ ਉਸ ਦੀ ਗੋਦ ਵਿੱਚ ਬਿਠਾਇਆ ਗਿਆ ਤੇ ਹੱਥ ਵਿੱਚ ਛੁਰਾ ਫੜਾ ਕੇ ਹੁਕਮ ਦਿੱਤਾ ਕਿ ਇਸ ਨੂੰ ਕਤਲ ਕਰੋ। ਬੰਦਾ ਸਿੰਘ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਦੇ ਸਾਹਮਣੇ ਜੱਲਾਦ ਨੇ ਉਸ ਦੀ ਛਾਤੀ ਵਿੱਚ ਛੁਰਾ ਮਾਰ ਕੇ ਉਸ ਦਾ ਤੜਪਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਦੇ ਮੂੰਹ ਵਿੱਚ ਤੁੰਨਣ ਦਾ ਯਤਨ ਕੀਤਾ। ਉਸ ਦਾ ਮਾਸ ਜੰਮੂਰਾਂ ਨਾਲ ਤੋੜਿਆ ਗਿਆ ਤੇ ਗਰਮ ਸਲਾਖਾਂ ਖਭੋਈਆਂ ਗਈਆਂ। ਉਹ ਅਹਿੱਲ, ਅਡੋਲ, ਸ਼ਾਂਤਚਿੱਤ ਰਿਹਾ। ਉਸ ਦੇ ਹੋਠਾਂ 'ਤੇ ਸਿਰਫ਼ ਵਾਹਿਗੁਰੂ ਸ਼ਬਦ ਦੀ ਧੁਨੀ ਸੀ।

ਜੱਲਾਦ ਨੇ ਪਹਿਲਾਂ ਉਸ ਦੀ ਸੱਜੀ ਅੱਖ ਕੱਢੀ, ਫਿਰ ਖੱਬੀ, ਫਿਰ ਉਸ ਦਾ ਖੱਬਾ ਪੈਰ ਵੱਢ ਦਿੱਤਾ ਗਿਆ ਤੇ ਇਸ ਤੋਂ ਬਾਅਦ ਦੋਵੇਂ ਹੱਥ ਕੱਟ ਦਿੱਤੇ ਗਏ। ਬੇਅੰਤ ਖ਼ੂਨ ਵਹਿ ਜਾਣ ਕਾਰਨ ਉਹ ਬੇਹੋਸ਼ ਹੋ ਗਿਆ, ਤਾਂ ਉਸ ਦਾ ਸਿਰ ਕੱਟ ਦਿੱਤਾ ਗਿਆ। ਫਿਰ ਉਸ ਦੇ ਸਾਰੇ ਜਿਸਮ ਦੀ ਬੋਟੀ-ਬੋਟੀ ਕਰ ਕੇ ਕਾਵਾਂ-ਕੁੱਤਿਆਂ ਦੇ ਖਾਣ ਵਾਸਤੇ ਖਿਲਾਰ ਦਿੱਤੀ ਗਈ।

ਇਤਿਹਾਸ ਵਿੱਚ ਅਜਿਹੇ ਲਾਸਾਨੀ ਸ਼ਹੀਦ ਬਹੁਤ ਘੱਟ ਹੋਏ ਹਨ। ਬੰਦਾ ਸਿੰਘ ਦੇ ਸਾਥੀਆਂ ਨੂੰ ਵੀ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਜਿਸ ਕਿਸੇ ਨੇ ਵੀ ਇਹ ਨਜ਼ਾਰਾ ਦੇਖਿਆ, ਭਾਵੇਂ ਉਹ ਹਿੰਦੂ ਸੀ ਭਾਵੇਂ ਮੁਸਲਮਾਨ ਜਾਂ ਈਸਾਈ, ਸਾਰਿਆਂ ਨੇ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਨੂੰ ਗੌਬੀ ਵਰਤਾਵੇ ਵਾਲੀ ਮੰਨਿਆ ਹੈ। ਇਹ ਘਟਨਾ ਕੋਈ ਆਮ ਨਹੀਂ ਸੀ। ਖ਼ਾਲਸਾ ਪੰਥ ਦਾ ਇੱਕ ਆਮ ਸਿੱਖ ਜਦੋਂ ਸ਼ਹੀਦ ਹੋਇਆ, ਤਾਂ ਕੇਵਲ ਅੱਠ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਉਹ ਕੌਮੀ ਹੀਰੋ ਬਣ ਗਿਆ।

ਬੇਸ਼ੱਕ ਬੰਦਾ ਸਿੰਘ ਸ਼ਹੀਦ ਹੋ ਗਿਆ ਤੇ ਬੜਾ ਘੱਟ ਸਮਾਂ ਉਸ ਨੂੰ ਹਕੂਮਤ ਕਰਨ ਦਾ ਮਿਲਿਆ, ਪਰ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਦੀਆਂ ਅੱਖਾਂ ਵਿੱਚੋਂ ਉਸ ਨੇ ਸਵੈਮਾਣ ਅਤੇ ਅਜ਼ਾਦੀ ਦੇ ਦੀਵੇ ਬਾਲ ਦਿੱਤੇ ਸਨ। ਭਾਰਤ ਵਿੱਚ ਇਹ ਪਹਿਲੀ ਵਾਰ ਪੰਜਾਬ ਵਿੱਚ ਬੰਦਾ ਸਿੰਘ ਨੇ ਕੀਤਾ ਸੀ ਕਿ ਗ਼ੁਲਾਮ ਕਿਸਾਨ, ਜਿਹੜੇ ਕਿ ਮੁਜ਼ਾਰੇ ਸਨ ਤੇ ਜ਼ਮੀਨ ਵੱਡੇ-ਵੱਡੇ ਜਾਗੀਰਦਾਰਾਂ ਦੀ ਸੀ, ਮੁਜ਼ਾਰਿਆਂ ਨੂੰ ਜਾਗੀਰਦਾਰਾਂ ਦੀ ਜ਼ਮੀਨ ਦੇ ਕੇ ਉਨ੍ਹਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਬੰਦਾ ਸਿੰਘ ਦਾ ਇਹ ਖੁੱਲ੍ਹਾ ਐਲਾਨ ਸੀ ਕਿ ਜ਼ਮੀਨ ਉਸੇ ਦੀ ਹੈ, ਜੋ ਉਸ 'ਤੇ ਹਲ ਚਲਾ ਰਿਹਾ ਹੈ। ਭਾਵੇਂ ਬੰਦਾ ਸਿੰਘ ਸ਼ਹੀਦ ਹੋ ਗਿਆ, ਪਰ ਜ਼ਮੀਨ ਦੀ ਮਾਲਕੀ ਦਾ ਹੱਕ ਹਕੂਮਤ ਕਿਸਾਨ ਤੋਂ ਖੋਹ ਨਾ ਸਕੀ।

ਸਿੱਖ ਬੀਆਬਾਨ ਜੰਗਲਾਂ ਵਿੱਚ ਰਹਿੰਦੇ ਸਨ। ਜੇ ਕੋਈ ਗ਼ਰੀਬ ਪਿੰਡ ਵਿੱਚ ਰਹਿੰਦਾ ਸੀ, ਤਾਂ ਉਹ ਵਿਰਲਾ-ਟਾਂਵਾਂ ਹੁੰਦਾ ਸੀ। ਇਹੋ ਜਿਹੇ ਗ਼ੁਲਾਮ ਗ਼ਰੀਬ ਸਿੱਖ ਜਦੋਂ ਬੰਦਾ ਸਿੰਘ ਬਹਾਦਰ ਪਾਸ ਆ ਹਾਜ਼ਰ ਹੁੰਦੇ, ਤਾਂ ਉਹ ਉਨ੍ਹਾਂ ਨੂੰ ਆਪਣਾ ਹੁਕਮਨਾਮਾ ਨਿਸ਼ਾਨ ਸਾਹਿਬ ਤੇ ਉਸ ਪਿੰਡ ਦੀ ਮਾਲਕੀ ਦਾ ਅਖ਼ਤਿਆਰ ਦੇ ਕੇ ਵਾਪਸ ਭੇਜਦਾ ਸੀ। ਪਿੰਡ ਦੇ ਇੱਜ਼ਤਦਾਰ ਤੇ ਵੱਡੇ ਖ਼ਾਨਦਾਨੀ ਮੁਸਲਮਾਨ ਕਤਾਰ ਬੰਨ੍ਹ ਕੇ ਉਸ ਦੇ ਸਵਾਗਤ ਲਈ ਖੜ੍ਹੇ ਹੁੰਦੇ ਸਨ। ਉਹ ਯੋਧੇ, ਜਿਹੜੇ ਜੰਗ ਵਿੱਚ ਜਾਨਾਂ ਵਾਰਨ ਲਈ ਨਿਕਲ ਤੁਰਦੇ ਸਨ, ਹੁਕਮ ਦੇ ਤਾਬਿਆਦਾਰ ਹੋ ਜਾਂਦੇ। ਅੱਠ ਸਾਲ ਦੇ ਸੰਖੇਪ ਸਮੇਂ ਵਿੱਚ ਬੰਦਾ ਸਿੰਘ ਨੇ ਜਿਹੜੀਆਂ ਕਰਾਮਾਤਾਂ ਵਰਤਾਈਆਂ, ਉਨ੍ਹਾਂ ਨੂੰ ਹੀ ਨਵਾਬ ਕਪੂਰ ਸਿੰਘ ਅਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅੱਗੇ ਤੋਰਿਆ ਤੇ ਇਨ੍ਹਾਂ ਜਰਨੈਲਾਂ ਦੀਆਂ ਮਾਰੀਆਂ ਹੋਈਆਂ ਤੇਗ਼ਾਂ ਦਾ ਸਦਕਾ 1799 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਹੇਠ ਲਾਹੌਰ ਦੇ ਕਿਲ੍ਹੇ ਉੱਤੇ ਨਿਸ਼ਾਨ ਸਾਹਿਬ ਲਹਿਰਾ ਕੇ ਸਰਕਾਰ ਖ਼ਾਲਸਾ ਦੀ ਸਥਾਪਨਾ ਕੀਤੀ ਗਈ।

ਡਾ. ਹਰੀ ਰਾਮ ਗੁਪਤਾ ਲਿਖਦੇ ਹਨ, "ਉਹ ਨਾ ਇਸਲਾਮ ਦਾ ਵਿਰੋਧੀ ਸੀ, ਨਾ ਮੁਸਲਮਾਨਾਂ ਦਾ। ਉਸ ਨੇ ਕਲਾਨੌਰ ਵਿੱਚ 5000 ਮੁਸਲਮਾਨ (ਸਿਪਾਹੀ) ਭਰਤੀ ਕੀਤੇ ਸਨ ਤੇ ਉਨ੍ਹਾਂ ਨੂੰ ਨਮਾਜ਼ ਪੜ੍ਹਨ ਦੀ ਪੂਰੀ ਖੁੱਲ੍ਹ ਸੀ। ਉਸ ਨੂੰ ਗ਼ੁੱਸਾ ਸੀ ਤਾਂ ਕੇਵਲ ਜ਼ਾਲਮਾਂ ਵਿਰੁੱਧ ਸੀ। ਜ਼ਾਲਮਾਂ ਦੀਆਂ ਨਜ਼ਰਾਂ ਵਿੱਚ ਉਹ ਖ਼ੂਨ ਤਿਹਾਇਆ ਰਾਖਸ਼ ਸੀ, ਦੱਬੇ-ਕੁਚਲੇ ਲੋਕਾਂ ਲਈ ਮਹਾਂਨਾਇਕ ਸੀ। ਉਹ ਰੂਹਾਨੀ, ਰਾਜਨੀਤਿਕ ਅਤੇ ਯੁੱਧਨੀਤੀ ਦਾ ਸੁਮੇਲ ਸੀ। ਭਾਵੇਂ ਉਸ ਨੂੰ ਕੋਈ ਕੁਝ ਵੀ ਕਹੇ, ਉਹ ਆਪਣੀ ਮਿਸਾਲ ਆਪ ਸੀ। ਇਹ ਬੰਦਾ ਸਿੰਘ ਬਹਾਦਰ ਹੀ ਸੀ, ਜਿਸ ਨੇ ਸਾਹ-ਸੱਤਹੀਣ ਹੋਈ ਕੌਮ ਵਿੱਚ ਮੁੜ ਨਵੀਂ ਰੂਹ ਫੂਕ ਦਿੱਤੀ। ਉਸ ਦਾ ਰੁਤਬਾ ਸੰਸਾਰ ਅੰਦਰ ਸਿਕੰਦਰ, ਨਾਦਰਸ਼ਾਹ, ਅਬਦਾਲੀ ਅਤੇ ਨੈਪੋਲੀਅਨ ਤੋਂ ਘੱਟ ਨਹੀਂ ਸੀ।"

ਅਧਿਆਇ ਤੀਜਾ

## ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦੀਆਂ ਪਰਸਥਿਤੀਆਂ

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਖ਼ਾਲਸਾ ਪੰਥ ਬਹੁਤ ਹੀ ਸੰਕਟਮਈ ਸਥਿਤੀ ਵਿੱਚ ਆ ਗਿਆ ਸੀ। ਉਸ ਵੇਲੇ ਮੁਗ਼ਲ ਹਕੂਮਤ ਵੱਲੋਂ ਸਿੱਖਾਂ ਉੱਪਰ ਕੀਤੇ ਤਸ਼ੱਦਦ ਨੂੰ ਦੇਖ ਕੇ ਰੂਹ ਕੰਬ ਜਾਂਦੀ ਹੈ। ਧੰਨ ਸਨ ਉਹ ਗੁਰੂ ਪਿਆਰੇ, ਜਿਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਅਕਹਿ ਤੇ ਅਸਹਿ ਤਸ਼ੱਦਦ ਸਹਿਣ ਕਰ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਧੰਨ ਸਨ ਬਾਬਾ ਬੰਦਾ ਸਿੰਘ ਜੀ ਬਹਾਦਰ, ਜਿਨ੍ਹਾਂ ਦੀ ਲਾਸਾਨੀ ਕੁਰਬਾਨੀ ਤੇ ਉਹਨਾਂ ਦੇ ਚਾਰ ਸਾਲ ਦੇ ਪੁੱਤਰ ਅਜੈਪਾਲ ਸਿੰਘ ਦੀ ਕੁਰਬਾਨੀ ਨੂੰ ਦੇਖ ਕੇ ਰੂਹ ਨੂੰ ਕਾਂਬਾ ਚੜ੍ਹ ਜਾਂਦਾ ਹੈ ਤੇ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਕਿੰਨੇ ਵੱਡੇ ਜਿਗਰੇ ਨਾਲ ਐਨੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਜੂਨ, ਸੰਨ 1716 ਈ. ਵਿੱਚ ਹੁੰਦੀ ਹੈ। ਬਾਬਾ ਜੀ ਦੀ ਸ਼ਹਾਦਤ ਤੋਂ ਬਾਅਦ ਦਿੱਲੀ ਦਰਬਾਰ ਵਲੋਂ ਇੱਕ ਫੁਰਮਾਨ ਜਾਰੀ ਕੀਤਾ ਗਿਆ ਸੀ ਕਿ ਸਿੱਖਾਂ ਨੂੰ ਦੇਖਦਿਆਂ ਸਾਰ ਹੀ ਗੋਲ਼ੀ ਮਾਰ ਦਿੱਤੀ ਜਾਵੇ। ਜੇਕਰ ਕਿਸੇ ਸਿੱਖ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਤਾਂ ਉਸ ਦੇ ਸਾਹਮਣੇ ਦੋ ਬਦਲ ਰੱਖੇ ਜਾਣ : ਪਹਿਲਾ ਇਹ ਕਿ ਉਹ ਇਸਲਾਮ ਕਬੂਲ ਕਰੇ, ਦੂਜਾ ਇਹ ਕਿ ਉਹ ਮੌਤ ਕਬੂਲ ਕਰੇ। ਸਿੱਖ ਲਈ ਇਸਲਾਮ ਕਬੂਲ ਕਰਨਾ ਵੀ ਮੌਤ ਦੇ ਬਰਾਬਰ ਹੀ ਹੈ। ਜੇਕਰ ਇਸਲਾਮ ਕਬੂਲ ਕਰ ਲਿਆ ਤਾਂ ਪਹਿਲੀ ਗੱਲ, ਉਹ ਆਤਮਿਕ ਮੌਤ ਮਰ ਜਾਵੇਗਾ, ਦੂਸਰਾ ਸਿੱਖਾਂ ਵੱਲੋਂ ਵੀ ਮਰਿਆ ਹੀ ਸਮਝਿਆ ਜਾਵੇਗਾ। ਇਸਲਾਮ ਕਬੂਲ ਕਰਨ 'ਤੇ ਬਹੁਤ ਸਾਰੇ ਤੋਹਫ਼ੇ ਵੀ ਦਿੱਤੇ ਜਾਂਦੇ ਸਨ। ਅਜਿਹੇ ਮਾਹੌਲ ਅੰਦਰ ਸਥਾਨਿਕ ਹਾਕਮਾਂ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਵੀ ਰੱਖ ਦਿੱਤੇ ਸਨ। ਸਿੱਖ ਦਾ ਕੱਟਿਆ ਹੋਇਆ ਸਿਰ ਲਿਆ ਕੇ ਦੇਣ ਵਾਲੇ ਨੂੰ ਪੱਚੀ ਰੁਪਏ ਅਤੇ ਜਿਊਂਦੇ ਸਿੱਖ ਨੂੰ ਪੇਸ਼ ਕਰਨ ਵਾਲੇ ਨੂੰ ਦੋ ਸੌ ਰੁਪਇਆ ਦਿੱਤਾ ਜਾਂਦਾ ਸੀ। ਸਿੱਖਾਂ ਦੀਆਂ ਕੁੜੀਆਂ ਨੂੰ ਨੌਕਰਾਣੀਆਂ ਬਣਾ ਕੇ ਰੱਖਿਆ ਜਾਂਦਾ ਸੀ। ਇੱਥੋਂ ਤਕ ਹਾਲਾਤ ਬਦਤਰ ਸਨ ਕਿ ਜਦੋਂ ਕੋਈ ਮੁਸਲਮਾਨ ਮਰਦਾ ਸੀ, ਤਾਂ ਉਸ ਦੀ ਕਬਰ ਸਿੱਖ ਨੂੰ ਪੁੱਟਣੀ ਪੈਂਦੀ ਸੀ। ਵਗਾਰ ਲਈ ਵੀ ਸਿੱਖਾਂ ਨੂੰ ਹੀ ਵਰਤਿਆ ਜਾਂਦਾ ਸੀ।

ਇਹ ਗੱਲਾਂ ਪੰਜਾਬ ਵਿੱਚ ਹੀ ਨਹੀਂ ਸਨ ਵਾਪਰਦੀਆਂ, ਬਲਕਿ ਗਵਾਂਢ ਵਿੱਚ

ਜੰਮੂ, ਹਿਮਾਚਲ ਤੇ ਰਾਜਸਥਾਨ ਦੀਆਂ ਰਾਜਪੂਤਾਂ ਦੀਆਂ ਰਿਆਸਤਾਂ ਨੂੰ ਵੀ ਹੁਕਮ ਜਾਰੀ ਕੀਤੇ ਗਏ ਸਨ ਕਿ ਸਿੱਖਾਂ ਉੱਪਰ ਵੱਧ ਤੋਂ ਵੱਧ ਸਖ਼ਤੀ ਕੀਤੀ ਜਾਵੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਾਦਸ਼ਾਹ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਹਰ ਛੋਟੇ-ਮੋਟੇ ਹਾਕਮ ਨੇ ਆਪੋ ਆਪਣੇ ਇਲਾਕਿਆਂ ਵਿੱਚ ਸਿੱਖਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਪਹਾੜੀ ਰਿਆਸਤਾਂ ਵਾਲੇ ਤਾਂ ਇੱਥੋਂ ਤਕ ਨਿੱਘਰ ਗਏ ਕਿ ਉਹ ਦਾੜ੍ਹੀ-ਕੇਸ ਵਾਲੇ ਕਿਸੇ ਸਾਧ-ਸੰਤ ਨੂੰ ਵੀ ਨਹੀਂ ਛੱਡਦੇ ਸਨ। ਹਾਲਤ ਇੱਥੋਂ ਤਕ ਨਿੱਘਰ ਗਈ ਕਿ ਕਈ ਹਿੰਦੂ ਪਰਵਾਰ ਤਾਂ ਆਪਣੀਆਂ ਛੋਟੀਆਂ ਕੁੜੀਆਂ ਨੂੰ ਮਾਰ ਕੇ ਅਤੇ ਉਨ੍ਹਾਂ ਦਾ ਸਿਰ ਲਾਹ ਕੇ ਇਲਾਕੇ ਦੇ ਹਾਕਮ ਅੱਗੇ ਪੇਸ਼ ਕਰ ਦਿੰਦੇ ਸਨ ਅਤੇ ਇਹ ਕਹਿ ਦਿੰਦੇ ਸਨ, ਇਹ ਸਿੱਖਾਂ ਦੇ ਛੋਟੇ ਬੱਚੇ ਦਾ ਸਿਰ ਹੈ। ਹਿੰਦੂ ਮੁੰਡਿਆਂ ਦੇ ਸਿਰ ਦੇ ਕੇਸ ਤਾਂ ਹੁੰਦੇ ਹੀ ਨਹੀਂ ਸਨ, ਪਰ ਲੜਕੀਆਂ ਅਤੇ ਔਰਤਾਂ ਦੇ ਕੇਸ ਹੁੰਦੇ ਸਨ। ਇਹਨਾਂ ਕੇਸਾਂ ਵਾਲੇ ਸਿਰਾਂ ਨੂੰ ਸਿੱਖਾਂ ਦੇ ਬੱਚਿਆਂ ਦੇ ਕਹਿ ਕੇ ਇਨਾਮ ਪ੍ਰਾਪਤ ਕੀਤੇ ਜਾਂਦੇ ਸਨ। ਅਬਦੁਲਸਮੁੱਦ ਖ਼ਾਂ ਨੂੰ ਇਹ ਅਧਿਕਾਰ ਪ੍ਰਾਪਤ ਸੀ ਕਿ ਉਹ ਆਪਣੀਆਂ ਗੁਆਂਢੀ ਰਿਆਸਤਾਂ ਦੇ ਕਿਸੇ ਵੀ ਅਧਿਕਾਰੀ ਤੋਂ ਸਿੱਖਾਂ ਵਿਰੁੱਧ ਕੀਤੀ ਗਈ ਰੋਜ਼ਾਨਾ ਦੀ ਕਾਰਵਾਈ ਬਾਰੇ ਪੁੱਛ ਸਕਦਾ ਸੀ। ਹਰ ਪਿੰਡ ਦੇ ਚੌਧਰੀ ਕੋਲੋਂ ਇਹ ਬਚਨ ਲਿਆ ਜਾਂਦਾ ਸੀ ਕਿ ਉਹ ਆਪਣੇ ਪਿੰਡ ਵਿੱਚ ਕਿਸੇ ਸਿੱਖ ਨੂੰ ਨਹੀਂ ਵੜਨ ਦੇਵੇਗਾ। ਸਿੱਖਾਂ ਦੇ ਆ ਜਾਣ ਦੀ ਸੂਰਤ ਵਿੱਚ ਉਹ ਹਰ ਹਾਲਤ ਵਿੱਚ ਸੰਬੰਧਿਤ ਅਧਿਕਾਰੀ ਨੂੰ ਵੀ ਇਸ ਦੀ ਜਾਣਕਾਰੀ ਦੇਵੇਗਾ। ਪਿੰਡਾਂ ਵਿੱਚ ਫ਼ੌਜ ਦੇ ਘੋੜ-ਸਵਾਰ ਸਿੱਖਾਂ ਦੀ ਭਾਲ਼ ਲਈ ਦਿਨ-ਰਾਤ ਗਸ਼ਤ ਕਰਦੇ ਰਹਿੰਦੇ ਸਨ। ਐਸੇ ਭਿਆਨਕ ਹਾਲਾਤ ਸਨ, ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇੱਕ ਪਾਸੇ ਤਾਂ ਅਜਿਹੇ ਹਾਲਾਤ ਸਨ, ਜਿਨ੍ਹਾਂ ਕਰ ਕੇ ਸਿੱਖ ਪਰਿਵਾਰ ਘਰਾਂ ਵਿੱਚੋਂ ਦੂਰ-ਦੁਰਾਡੇ ਨਿਕਲ ਗਏ ਸਨ। ਸਿੰਘਾਂ ਨੇ ਸੰਘਣੇ ਜੰਗਲਾਂ ਵੱਲ ਰੁਖ ਕਰ ਲਿਆ। ਅਜਿਹੇ ਸਮੇਂ ਵਿੱਚ ਸੰਘਣੇ ਜੰਗਲਾਂ ਦੇ ਅਜਿਹੇ ਘੋਰਨੇ ਸਿੱਖਾਂ ਦੀ ਛੁਪਣਗਾਹ ਸਨ, ਜਿੱਥੇ ਕੋਈ ਵੀ ਵਿਅਕਤੀ ਪਹੁੰਚ ਨਹੀਂ ਸਕਦਾ। ਸੰਘਣੇ ਜੰਗਲਾਂ ਵਿੱਚ ਜਾਣ ਦਾ ਹੀ ਕਿੰਨਾ ਵੱਡਾ ਡਰ ਤੇ ਖ਼ਤਰਾ ਹੁੰਦਾ ਹੈ। ਜਾਂ ਫੇਰ ਸਿੱਖਾਂ ਨੇ ਮਾਰੂਥਲਾਂ ਵੱਲ ਮੂੰਹ ਕਰ ਲਿਆ। ਇਹਨਾਂ ਮਾਰੂਥਲਾਂ ਵਿੱਚ ਪੀਣ ਲਈ ਪਾਣੀ ਨਹੀਂ ਮਿਲਦਾ ਸੀ ਅਤੇ ਨਾ ਹੀ ਖਾਣ ਲਈ ਕੋਈ ਅਹਾਰ ਮਿਲਦਾ ਸੀ। ਅਜਿਹੀਆਂ ਛੁਪਣਗਾਹਾਂ ਸਿੱਖਾਂ ਦੇ ਲੁਕਣ ਦੇ ਕੰਮ ਆਉਂਦੀਆਂ ਸਨ। ਇਹਨਾਂ ਥਾਵਾਂ 'ਤੇ ਕਿਵੇਂ ਰਹਿੰਦੇ ਹੋਣਗੇ, ਕਿਹੋ ਜਿਹਾ ਉਹਨਾਂ ਦਾ ਮਨੁੱਖੀ ਜੀਵਨ ਹੋਵੇਗਾ, ਇਸ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜਿੱਥੇ ਨਾ ਖਾਣ ਲਈ ਜ਼ਰੂਰੀ ਅਨਾਜ, ਨਾ ਪਹਿਨਣ ਲਈ ਲੋੜੀਂਦੇ ਕੱਪੜੇ, ਨਾ ਸਿਰ ਉੱਪਰ ਕੋਈ ਛੱਤ। ਅਜਿਹਾ ਸੰਕਟਮਈ ਜੀਵਨ ਸੀ ਸਿੱਖਾਂ ਦਾ। ਔਰਤਾਂ, ਬੱਚਿਆਂ, ਬਜ਼ੁਰਗਾਂ ਅਤੇ ਬਿਮਾਰਾਂ ਨੇ ਰੱਬ ਆਸਰੇ ਹੀ ਜੀਵਨ ਬਤੀਤ ਕਰਨਾ ਹੁੰਦਾ ਸੀ, ਪਰ ਸਿੱਖਾਂ ਕੋਲ ਤੰਗੀ-ਤਰੁਸ਼ੀ ਵਿੱਚ ਇੱਕ ਅਕਾਲ ਪੁਰਖ ਦਾ ਓਟ

ਆਸਰਾ ਸੀ। ਉਹਨਾਂ ਨੇ ਅਕਾਲ ਪੁਰਖ ਤੇ ਇਹ ਭਰੋਸਾ ਰੱਖਿਆ ਹੋਇਆ ਸੀ ਕਿ ਇੱਕ ਦਿਨ ਇਹ ਵੀ ਹਨ ਤੇ ਇੱਕ ਦਿਨ ਐਸਾ ਵੀ ਆਵੇਗਾ, ਜਦੋਂ ਇਹ ਸੰਕਟ ਦੇ ਗਹਿਰੇ ਬੱਦਲ ਛੱਟ ਜਾਣਗੇ। ਉਹ ਰਾਜ-ਭਾਗ ਦੇ ਜ਼ਰੂਰ ਮਾਲਕ ਬਣ ਜਾਣਗੇ। ਅਕਾਲ ਪੁਰਖ ਦਾ ਸਹਾਰਾ ਹੀ ਉਹਨਾਂ ਦੇ ਜੀਵਨ ਦਾ ਇੱਕੋ-ਇੱਕ ਸਹਾਰਾ ਸੀ।

ਰਤਨ ਸਿੰਘ ਭੰਗੂ ਸਿੱਖਾਂ ਦੇ ਇਸ ਸੰਕਟਮਈ ਜੀਵਨ ਦਾ ਚਿਤਰਨ ਇਸ ਪ੍ਰਕਾਰ ਕਰਦੇ ਹਨ :

**ਨਾਂਹਿ ਜ਼ਖੀਰੇ ਸਿੰਘਨ ਪਾਸ, ਸ਼ਸਤਰ ਬਸਤਰ-ਹੀਨ ਸੁ ਖਾਸ।**
**ਨਾਂਗੇ ਖਰੇ ਅੈਂ ਭੂਖੇ ਪਯਾਸੇ, ਦਾਰੂ ਸਿੱਕਾ ਨਹਿਂ ਕਛੁ ਪਾਸੇ ॥੨੯॥**
**ਹਾਟ ਪਟਨ ਬਾਜ਼ਾਰ ਸੁ ਨਾਹੀ, ਰੋਗੀ ਅੌਖਧ ਬਿਨ ਮਰ ਜਾਹੀਂ।**
**ਗੁਰਬਚਨਨ ਕੀ ਉਨ ਕੋ ਆਸ, ਯਹੀ ਖ਼ਜਾਨੋ ਉਨ ਕੇ ਪਾਸ ॥੩੦॥**

*(ਸ੍ਰੀ ਗੁਰ ਪੰਥ ਪ੍ਰਕਾਸ਼ ਪੰਨਾ : ੩੮੬)*

*(ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)*

ਇੱਥੇ ਹੀ ਬੱਸ ਨਹੀਂ ਸੀ, ਮੁਗ਼ਲ ਫ਼ੌਜ ਸਿੱਖਾਂ ਨੂੰ ਅਜਿਹੀਆਂ ਥਾਵਾਂ ਤੋਂ ਕੱਢਣ ਲਈ ਸੰਘਣੇ ਜੰਗਲਾਂ ਦੇ ਝੁੰਡਾਂ ਨੂੰ ਅੱਗ ਲਾ ਦਿੰਦੀ ਸੀ। ਇੱਕ ਪਾਸੇ ਅੱਗ ਦੇ ਭਾਂਬੜ ਅਤੇ ਦੂਜੇ ਪਾਸੇ ਫ਼ੌਜ ਅਤੇ ਮੁਲਖਈਆ। ਉਹ ਸਿੱਖਾਂ ਨੂੰ ਅੱਗ ਦੇ ਵਿੱਚ ਸੜਦਿਆਂ ਦੇਖ ਕੇ ਜਾਂ ਅੱਗ ਤੋਂ ਬਚ ਕੇ ਭੱਜਦਿਆਂ ਨੂੰ ਦੇਖ ਕੇ ਠਹਾਕੇ ਮਾਰ ਕੇ ਹੱਸਦੇ ਤੇ ਅਨੰਦ ਮਾਣਦੇ ਸਨ। ਜਿਹੜੇ ਸਿੱਖ ਉਹਨਾਂ ਦੇ ਕਬਜ਼ੇ ਵਿੱਚ ਆ ਜਾਂਦੇ, ਉਹਨਾਂ ਨੂੰ ਤੜਫਾ-ਤੜਫਾ ਕੇ ਮਾਰਦੇ ਸਨ।

ਇੱਕ ਪਾਸੇ ਇਹੋ ਜਿਹੇ ਸੰਕਟਮਈ ਹਾਲਾਤ ਸਨ ਤੇ ਦੂਜੇ ਪਾਸੇ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਵਰਗੇ ਖ਼ਾਨਦਾਨੀ ਸਿੱਖ ਨੇਤਾ ਸਰਕਾਰ ਕੋਲੋਂ ਨੌਕਰੀਆਂ ਅਤੇ ਜਾਗੀਰਾਂ ਪ੍ਰਾਪਤ ਕਰ ਰਹੇ ਸਨ। ਇਹਨਾਂ ਦੇ ਅਜਿਹੇ ਕਿਰਦਾਰ ਨੂੰ ਰਤਨ ਸਿੰਘ ਭੰਗੂ ਨੇ ਇਉਂ ਬਿਆਨ ਕੀਤਾ :

**ਟਿਹਣ ਬਿਨੋਦ ਸਿੰਘ ਕੋ ਭਾਈ ਕਾਨ੍ਹ ਸਿੰਘ,**
**ਕਾਨ੍ਹ ਸਿੰਘ ਕੋ ਸੁਤ ਮੀਰੀ ਭੁਜੰਗ।**
**ਲਈ ਤੁਰਕਨ ਸੋਂ ਉਨ ਜੁਗਤ ਮਿਲਾਇ,**
**ਦਈ ਸਭੀ ਉਸ ਗਲ ਸਮਝਾਇ ॥੨॥** *(ਪੰਨਾ : ੨੩੬)*
**ਕਾਨ੍ਹ ਸਿੰਘ ਕਈ ਬੰਦਯੋਂ ਜੁਦਾਈ,**
**ਲਈ ਤੁਰਕਨ ਸਯੋਂ ਬਾਤ ਬਨਾਈ।** *(ਪੰਨਾ : ੨੨੭)*
**ਰੁਪਯੇ ਪੰਜ ਸੈ ਨਿਤ ਲੈਣ ਠਹਿਰਾਯੋ,**
**ਅਸਵਾਰ ਪੰਜ ਸੈ ਸਾਥ ਰਖਾਯੋ ॥੨॥** *(ਪੰਨਾ : ੨੨੭)*
**ਅੰਮ੍ਰਿਤਸਰ ਇਨ ਦਿਓ ਪਹੁੰਚਾਇ,**
**ਰਖੇ ਹਿਫ਼ਾਜ਼ਤ ਇਨ ਕੋ ਰਾਹੁ ॥੯॥** *(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ : ੨੨੭)*

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜੋ ਪਹਿਲੀ ਦੀਵਾਲ਼ੀ ਆਈ, ਉਸ ਸਮੇਂ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਨੇ ਸਰਕਾਰ ਦੀ ਮਦਦ ਨਾਲ ਦਰਬਾਰ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਕਰਵਾਇਆ। ਜਿਹੜੇ ਸਿੱਖ ਸਰਕਾਰ ਦੇ ਪੱਖੀ ਸਨ, ਉਹਨਾਂ ਦੀ ਰੱਖਿਆ ਲਈ ਫ਼ੌਜ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਇਹ ਪ੍ਰਬੰਧ ਉਹਨਾਂ ਸਿੱਖਾਂ ਤੋਂ ਬਚਣ ਲਈ ਕੀਤੇ ਗਏ ਸਨ, ਜੋ ਬੰਦਈ ਸਿੱਖ ਸਨ। ਬੰਦਈ ਸਿੱਖਾਂ ਤੋਂ ਤੱਤ ਖ਼ਾਲਸਾ ਤੇ ਸਰਕਾਰ ਦੋਵੇਂ ਹੀ ਡਰ ਰਹੇ ਸਨ। ਅਸਲ ਵਿੱਚ ਇਹ ਬੰਦਈ ਸਿੱਖ ਉਹ ਸਨ, ਜੋ ਬਾਬਾ ਬੰਦਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਬਾਹਰ ਰਹਿ ਗਏ ਸਨ। ਉਹਨਾਂ ਨੇ ਦਿੱਲੀ ਦਰਬਾਰ ਦੀ ਈਨ ਨਹੀਂ ਸੀ ਮੰਨੀ ਅਤੇ ਹਥਿਆਰਾਂ ਸਮੇਤ ਜੰਗਲਾਂ ਤੇ ਪਹਾੜਾਂ ਵਿੱਚ ਚਲੇ ਗਏ ਸਨ। ਇਹਨਾਂ ਬਾਵਿਆਂ ਨੂੰ ਇਹ ਡਰ ਸੀ ਕਿ ਇਹ ਸਿੰਘ ਜੋ ਕਿਤੇ ਜੋੜ ਮੇਲੇ ਵਿੱਚ ਆ ਗਏ, ਤਾਂ ਇਹ ਸਰਕਾਰੀ ਸਿੱਖਾਂ ਨੂੰ ਖ਼ਤਮ ਕਰ ਦੇਣਗੇ, ਪਰ ਸੁਰੱਖਿਆ ਦੇ ਹੁੰਦਿਆਂ ਵੀ ਇਹ ਸਿੰਘ ਲੁਕਦੇ-ਲੁਕਾਉਂਦੇ ਦਰਬਾਰ ਸਾਹਿਬ ਜੋੜ ਮੇਲੇ 'ਤੇ ਆਣ ਪਹੁੰਚੇ। ਇਹਨਾਂ ਨੇ ਆਉਂਦਿਆਂ ਹੀ ਬਾਵਿਆਂ ਦੀਆਂ ਕਰਤੂਤਾਂ ਬਾਰੇ ਸਿੱਖ ਸੰਗਤਾਂ ਨੂੰ ਦੱਸਣਾ ਸ਼ੁਰੂ ਕਰ ਦਿੱਤਾ। ਉੱਥੇ ਹਾਜ਼ਰ ਸੰਗਤ ਨੂੰ ਜਦੋਂ ਬਾਵਿਆਂ ਦੀ ਅਸਲੀਅਤ ਬਾਰੇ ਪਤਾ ਲੱਗਾ, ਤਾਂ ਸਾਰੀਆਂ ਸੰਗਤਾਂ ਇਹਨਾਂ ਦੇ ਖ਼ਿਲਾਫ਼ ਹੋ ਗਈਆਂ। ਬਾਵਿਆਂ ਨੂੰ ਲੱਗਿਆ, ਹੁਣ ਸਾਡੀ ਖੇਡ ਖ਼ਤਮ ਹੋ ਗਈ ਹੈ, ਤਾਂ ਉਹਨਾਂ ਨੇ ਉੱਥੇ ਹਾਜ਼ਰ ਦਰੋਗੇ ਨੂੰ ਕਿਹਾ ਕਿ ਉਹ ਆਪਣੀ ਫ਼ੌਜੀ ਤਾਕਤ ਨਾਲ ਇਹਨਾਂ ਨੂੰ ਇੱਥੋਂ ਭਜਾਵੇ। ਦੂਸਰੇ ਪਾਸੇ ਸੰਗਤਾਂ ਵਿੱਚ ਸ਼ੋਸ਼ਾ ਫੈਲਾ ਦਿੱਤਾ ਕਿ ਅਸਲੀ ਖ਼ਾਲਸਾ ਕਿਹੜਾ ਹੈ, ਇਸ ਦਾ ਫ਼ੈਸਲਾ ਸਰੋਵਰ ਵਿੱਚ ਪਰਚੀਆਂ ਪਾ ਕੇ ਕਰ ਲੈਂਦੇ ਹਾਂ। ਕੇਸਰ ਸਿੰਘ ਛਿੱਬਰ ਇਸ ਪ੍ਰਸੰਗ ਬਾਰੇ ਇਉਂ ਲਿਖਦਾ ਹੈ :

**ਤੁਰਕ ਆਹੇ ਡਰੇ ਹੋਏ ਬੰਦੇ ਪਾਸੋਂ ਲੱਗੇ ਆਖਨ:**
**ਮਤਿ ਏਹੁ ਜਮੀਯਤੁ ਕਰਿ ਬਹਨਿ ॥੨੮ ॥**
**ਇਨ੍ਹਾਂ ਨੂੰ ਇਕੱਠੇ ਹੋਣ ਨ ਦੀਜੈ।**
**ਜੋ ਰਹਿਨ ਪਛੇ ਤਿਨ੍ਹਾਂ ਨਾਲ ਜੁੱਧ ਕਰੀਜੈ।**

*('ਬੰਸਾਵਲੀਨਾਮਾ', ਚਰਣ 13, ਬੰਦ 28-29)*

ਰਤਨ ਸਿੰਘ ਭੰਗੂ ਨੇ ਇਸ ਤਰ੍ਹਾਂ ਲਿਖਿਆ ਹੈ:

**ਬੰਦਈ ਸੰਗਤ ਯੌ ਬਧਤੀ ਭਈ ॥**
**ਬਹੁ ਕਰਾਮਾਤ ਬੰਦਿਓਂ ਲਈ ॥**
**ਬਹੁਤ ਸੰਗਤ ਬੰਦੇ ਕੀ ਭਈ ॥**
**ਦੇਖ ਬੰਦਈਅਨ ਨਜ਼ਰ ਫੁੱਲ ਗਈ ॥**
**ਬੰਦੱਯਨ ਡੇਰਾ ਇਕ ਵਲ ਲਾਯਾ ॥**
**ਝੰਡੇ ਖੁੰਗੇ ਢਿਗ ਬਗਲ ਬਗਲਾਯਾ ॥**

*(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ : ੨੨੮)*

ਚੌਪਈ ॥ **ਦੋਊ ਓਰ ਤੇ ਪਕੜਨ ਦੌੜੇ, ਫੜ ਫੜ ਸ਼ਸਤਰ ਆਗੇ ਧੌੜੇ।**
**ਤਹਿਂ ਹੁਤੇ ਦਰੋਗੇ ਤੁਰਕਨ ਕੋਊ, ਕਹੀ ਮੁਨਸਬੈਂ, ਦੇਖੈਂ ਤੇਊਂ ॥੨੬॥**
**ਤੁਰਤ ਦਰੋਗਨ ਪਕੜ ਮੰਗਾਯੋ, ਪੜ੍ਹ ਕਰ ਖ਼ਾਲਸੇ ਹੱਥ ਫੜਾਯੋ।**
**'ਫੜ੍ਹੇ ਗੁਰੂ ਕੀ ਤਰ ਆਈ', ਦੋਊ ਓਰ ਆਖ ਸੁਨਾਈ ॥੨੭॥**

*(ਰਤਨ ਸਿੰਘ ਭੰਗੂ, ਪੰਨਾ : ੨੩੩)*

ਦਰੋਗੇ ਨੇ ਆਪਣੀ ਫ਼ੌਜੀ ਟੁਕੜੀ ਉੱਥੇ ਲਿਆਂਦੀ ਅਤੇ ਉਸ ਦੀ ਮੌਜੂਦਗੀ ਵਿੱਚ ਦੋ ਪਰਚੀਆਂ ਸਰੋਵਰ ਵਿੱਚ ਸੁੱਟੀਆਂ ਗਈਆਂ। ਇੱਕ ਪਰਚੀ 'ਤੇ ਤੱਤ ਖ਼ਾਲਸਾ ਤੇ ਦੂਸਰੀ ਪਰਚੀ 'ਤੇ ਬੰਦਗੀ ਖ਼ਾਲਸਾ ਲਿਖਿਆ ਸੀ। ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖ਼ਾਲਸਾ' ਵਿੱਚ ਲਿਖਦੇ ਹਨ ਕਿ ਇੱਕ ਪਰਚੀ 'ਤੇ 'ਵਾਹਿਗੁਰੂ ਜੀ ਕੀ ਫਤੇ' ਅਤੇ ਦੂਜੀ ਪਰ 'ਦਰਸ਼ਨੀ ਫਤੇ' ਲਿਖ ਕੇ ਚਿੱਠੀਆਂ ਸਰੋਵਰ ਵਿੱਚ ਪਾਈਆਂ ਗਈਆਂ। ਜਦੋਂ ਪਰਚੀਆਂ ਸੁੱਟੀਆਂ ਗਈਆਂ ਤੇ ਦੋਵੇਂ ਧਿਰਾਂ ਦੇ ਮੁਦਈ ਅੱਗੇ ਹੋ ਕੇ ਦੇਖਣ ਲੱਗੇ, ਤਾਂ ਦਰੋਗੇ ਨੇ ਡੰਡੇ ਮਾਰ-ਮਾਰ ਕੇ ਸਭ ਨੂੰ ਪਿੱਛੇ ਕਰ ਦਿੱਤਾ ਅਤੇ ਆਪ ਹੀ ਇੱਕ ਪਰਚੀ ਚੁੱਕ ਕੇ ਐਲਾਨ ਕਰ ਦਿੱਤਾ ਕਿ ਤੱਤ ਖ਼ਾਲਸੇ ਦੀ ਪਰਚੀ ਉਪਰ ਆਈ ਹੈ ਅਤੇ ਬੰਦਈ ਖ਼ਾਲਸੇ ਦੀ ਪਰਚੀ ਡੁੱਬ ਗਈ ਹੈ। ਤੱਤ ਖ਼ਾਲਸਾ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਦਾ ਧੜਾ ਸੀ। ਬੰਦਈ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਸਿੱਖ ਸਨ। ਇਹ ਵਿਚਾਰ ਪ੍ਰੋ. ਸੁਖਦਿਆਲ ਸਿੰਘ ਜੀ ਨੇ ਲਿਖੇ ਹਨ, ਪਰੰਤੂ ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਰਤਨ ਸਿੰਘ ਭੰਗੂ ਤੇ ਗਿਆਨੀ ਗਿਆਨ ਸਿੰਘ ਦੋਵੇਂ ਇਹ ਲਿਖਦੇ ਹਨ ਕਿ ਤੱਤ ਖ਼ਾਲਸੇ ਦੀ ਪਰਚੀ ਤੈਰ ਕੇ ਉੱਪਰ ਆ ਗਈ। ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ। ਇਹ ਵੀ ਇੱਕ ਥਾਂ 'ਤੇ ਪੜ੍ਹਨ ਵਿੱਚ ਆਇਆ ਕਿ ਦਰੋਗੇ ਨੇ ਬੰਦਈਆਂ ਦੀ ਪਰਚੀ ਡੰਡੇ ਮਾਰ ਕੇ ਸਰੋਵਰ ਵਿੱਚ ਡੁਬੋ ਦਿੱਤੀ ਤੇ ਤੱਤ ਖ਼ਾਲਸੇ ਦੀ ਪਰਚੀ ਆਪ ਹੀ ਬਾਹਰ ਕੱਢ ਲਿਆਇਆ। ਸੋ, ਇਸ ਤਰ੍ਹਾਂ ਦਰੋਗੇ ਦੇ ਐਲਾਨ ਕਰਨ ਨਾਲ ਕਈਆਂ ਨੂੰ ਕੁੱਟਿਆ ਗਿਆ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਕਈਆਂ ਨੂੰ ਕੁੱਟ ਕੇ ਭਜਾ ਦਿੱਤਾ।

**ਦੋਊ ਓਰ ਤੇ ਪਕੜਨ ਦੌੜੇ, ਫੜ ਫੜ ਸ਼ਸਤਰ ਆਗੇ ਧੌੜੇ।**
**ਤਹਿਂ ਹੁਤੇ ਦਰੋਗੇ ਤੁਰਕਨ ਕੋਊ, ਕਹੀ ਮੁਨਸਬੈਂ, ਦੇਖੈਂ ਤੇਊਂ ॥੨੬॥**
**ਤੁਰਤ ਦਰੋਗਨ ਪਕੜ ਮੰਗਾਯੋ, ਪੜ੍ਹ ਕਰ ਖ਼ਾਲਸੇ ਹੱਥ ਫੜਾਯੋ।**

*(ਰਤਨ ਸਿੰਘ ਭੰਗੂ, ਪੰਨਾ : ੨੩੩)*

ਇਸੇ ਤਰ੍ਹਾਂ ਹੀ ਗਿਆਨੀ ਗਿਆਨ ਸਿੰਘ ਲਿਖਦਾ ਹੈ। ਅਸਲ ਵਿੱਚ ਇਉਂ ਲੱਗਦਾ ਹੈ ਕਿ ਗਿਆਨੀ ਗਿਆਨ ਸਿੰਘ ਨੇ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਨਕਲ ਹੀ ਕੀਤੀ ਹੈ।

**ਇਤਨੇ ਮੈਂ ਇੱਕ ਨਿਕਸੀ ਚਿੱਠੀ।**
**ਨਿਧੀ ਸਮਾਨ ਸਰਬ ਨੈ ਡਿੱਠੀ।**

ਚਖ ਚਕੋਰ-ਸਬ ਹੀ ਕੋ ਚੋਖੇ।
ਚਿਠੀ ਚਾਂਦ ਦੇਖ ਭਏ ਸੋਖੇ।
ਕੋਕ ਕੰਜ ਸਿਖ ਖਿਰੇ ਉਦਾਰੇ।
ਪਤਰ ਪ੍ਰਭਾਕਰ ਪ੍ਰਗਟ ਨਿਹਾਰੇ।
ਜਿੰਦ ਹਿੰਦੂ ਮੈਂ ਤਬ ਹੀ ਪਈ।
ਜਥਾ ਸ੍ਰਾਂਤਿ ਸੀ ਪੀ ਗਨ ਲਈ।
ਜਾਇ ਮੁਣਸਬੋਂ ਨੇ ਸੋ ਫੜੀ।
ਸਭਾ ਮੱਧ ਜਬ ਊਚੇ ਪੜੀ।
ਫਤੇ ਗੁਰੂ ਕੀ ਤਰੀ ਅਨਿਅਸ।
ਡੂਬੀ ਔਰ ਸਭਨ ਕੀ ਆਸ।
ਮਰੀ ਬੰਦਈਅਨ ਕੀ ਜਨ ਮਾਈ।
ਪਰੈ ਹਰਨਿ ਅਨਕੈ ਮੁਰਝਾਈ।
ਮਨੋ ਬਚਨ ਵਹਿ ਬੱਜਰ ਧਰਾ।
... ... ...
... ... ...
ਖਰੇ ਹੋਇ ਕਰ ਜੋਰ ਬੰਦੱਈਅਨ।
ਪਸ਼ੌਰਾ ਸਿੰਘ ਸੰਗਤ ਸਿੰਘ ਦੋਈ।
ਜਥੇਦਾਰ ਬੰਦੱਯਨ ਸੋਈ।
ਸ੍ਰਾਲ ਜਵਾਬ ਅਨੇਕ ਕਰੈਕੈ।
ਮਿਲੈ ਖ਼ਾਲਸੇ ਮੈ ਸੋ ਐਕੇ ॥੧੫॥

*(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ : ੫੩੦-੫੩੧)*

ਮਤਲਬ ਉਹਨਾਂ ਦਾ ਸਾਫ਼ ਜ਼ਾਹਰ ਹੈ ਕਿ ਉੱਥੇ ਉਹ ਹੀ ਵਿਅਕਤੀ ਹਾਜ਼ਰ ਰਹਿਣ, ਜੋ ਤੱਤ ਖ਼ਾਲਸੇ ਨਾਲ ਸੰਬੰਧਿਤ ਹੋਣ।

ਇਸ ਸਾਰੇ ਕੰਮ ਨੂੰ ਸਰਕਾਰੀ ਕਰਮਚਾਰੀਆਂ ਵੱਲੋਂ ਸਰੋਵਰ ਵਿੱਚ ਪਰਚੀਆਂ ਪਾਉਣ ਦਾ ਡਰਾਮਾ ਕਰ ਕੇ ਪੂਰਾ ਕਰ ਦਿੱਤਾ ਗਿਆ ਸੀ।

ਇਸ ਤਰ੍ਹਾਂ ਦੇ ਹੱਲੇ-ਗੁੱਲੇ ਵਿੱਚ ਬੰਦਈ ਸਿੰਘਾਂ ਦੇ ਹੌਸਲੇ ਪਸਤ ਹੋਣ ਲੱਗੇ। ਉਹ ਵਿਚਾਰੇ ਕੁਝ ਨਰਮ ਪੈ ਗਏ, ਕਿਉਂਕਿ ਉਹਨਾਂ ਦੀ ਕੋਈ ਪੇਸ਼ ਹੀ ਨਹੀਂ ਚੱਲੀ। ਉਹ ਤਾਂ ਹੱਕੇ-ਬੱਕੇ ਰਹਿ ਗਏ, ਇਹ ਸਾਰਾ ਵਰਤਾਰਾ ਦੇਖ ਕੇ। ਸੰਗਤ ਵਿੱਚ ਉਹਨਾਂ ਦੇ ਹਿਮੈਤੀ ਸਨ। ਉਹ ਕਹਿ ਰਹੇ ਸਨ ਕਿ ਇਹ ਸਾਰਾ ਸਰਕਾਰੀ ਪਖੰਡ ਜਾਣ ਬੁੱਝ ਕੇ ਕਰਵਾਇਆ ਗਿਆ ਹੈ। ਇਸ ਲਈ ਉਹਨਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਜਦੋਂ ਗੱਲ ਹੱਦੋਂ ਬਾਹਰ ਹੋਣ ਲੱਗੀ, ਤਾਂ ਤੱਤ ਖ਼ਾਲਸਾ ਵਾਲਿਆਂ ਨੇ ਕਿਹਾ ਕਿ ਬੰਦਈਆਂ ਦਾ ਬੰਦਾ ਉਹਨਾਂ ਦੇ ਬੰਦੇ ਨਾਲ ਘੁਲੇ, ਜਿਹੜਾ ਘੋਲ ਵਿੱਚ ਢਹਿ ਗਿਆ,

ਉਸ ਦਾ ਧੜਾ ਹਾਰ ਮੰਨ ਜਾਵੇ। ਬਾਬਾ ਬੰਦਾ ਸਿੰਘ ਦੀ ਵਿਚਾਰਧਾਰਾ ਨਾਲ ਓਤ-ਪੋਤ ਬੰਦਈ ਸਿੰਘ ਖਾੜਕੂ ਜੋ ਹਥਿਆਰਬੰਦ ਸਨ, ਘੋਲ ਕਰਨਾ ਮੰਨ ਗਏ। ਦੋਹਾਂ ਪਾਸਿਆਂ ਤੋਂ ਦੋ-ਦੋ ਬੰਦੇ ਘੁਲੇ। ਤੱਤ ਖ਼ਾਲਸੇ ਵਾਲੇ ਪਾਸੇ ਤੋਂ ਮੀਰੀ ਸਿੰਘ ਸੀ, ਜੋ ਕਾਹਨ ਸਿੰਘ ਦਾ ਪੁੱਤਰ ਸੀ। ਇਹ ਮੀਰੀ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸਮੇਂ ਦਿੱਲੀ ਤੋਂ ਭੱਜ ਕੇ ਆ ਗਿਆ ਸੀ। ਬੰਦਈਆਂ ਵਾਲੇ ਪਾਸੇ ਤੋਂ ਸੰਗਤ ਸਿੰਘ ਸੀ।

ਕਹਿੰਦੇ ਹਨ, ਉੱਥੇ ਹਾਜ਼ਰ ਸਰਕਾਰੀ ਬੰਦਿਆਂ ਅਤੇ ਤੱਤ ਖ਼ਾਲਸਾ ਦੇ ਹਿਮਾਇਤੀਆਂ ਨੇ ਹਾਹਾ ਹੂਹੂ ਕਰ ਕੇ ਉੱਚੀ-ਉੱਚੀ ਰੌਲਾ ਪਾ ਕੇ ਤੱਤ ਖਾਲਸੇ ਦੇ ਬੰਦੇ ਨੂੰ ਜਿੱਤਿਆ ਕਰਾਰ ਦੇ ਦਿੱਤਾ। ਤਵਾਰੀਖ਼ ਕਹਿੰਦੀ ਹੈ ਕਿ ਹਾਰ ਜਾਣ 'ਤੇ ਬੰਦਈਆਂ ਨੂੰ ਜ਼ਬਰਦਸਤੀ ਮਾਸ ਖੁਆਇਆ ਗਿਆ। ਭਾਈ ਰਤਨ ਸਿੰਘ ਭੰਗੂ ਲਿਖਦਾ ਹੈ :

**ਮੀਰੀ ਸਿੰਘ ਕਾਹਨ ਕੋ ਅੰ ਸੰਗਤ ਸਿੰਘ ਕਲਾਲ।**
**ਬੁੰਗੇ ਘੁਲੇ ਅਕਾਲ ਤਲ ਸਭ ਪੰਥ ਦੇਖਨ ਵਾਲ ॥੫ ॥**

*(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ : ੨੩੪)*

**ਮੀਰੀ ਸਿੰਘ ਜਬ ਹੱਥ ਛੁਹਾਯਾ, ਤੁਰਤ ਸੰਗਤ ਸਿੰਘ ਹੇਠਾਂ ਆਯਾ।**
**ਝਟ ਕਰ ਝਟਕੋ ਲਯੋ ਮੰਗਾਇ, ਸੂਰ ਡਲਾ ਮੁਖ ਛਡਯੋ ਪਾਇ ॥੬ ॥**
**ਇਮ ਕੀਯੋ ਭੁਜੰਗੀ ਉਸ ਕੋ ਪੂਤ, ਬਚਯੋ ਲਹੌਰਾ ਸਿੰਘ ਕਰ ਸੂਤ ॥**
**ਹਾਥ ਜੋੜ ਉਸ ਪਿਤਾ ਖਲੋਯਾ, ਮਹਾਂ ਪ੍ਰਸ਼ਾਦ ਉਨ ਨਿਜ ਬਖਸ਼ੇਯਾ ॥**

*(ਪੰਨਾ : ੨੩੪)*

ਮਾਸ ਖੁਵਾਉਣ ਵਾਲੀ ਗੱਲ ਵੀ ਇੱਥੇ ਕਾਫ਼ੀ ਰੜਕਦੀ ਹੈ। ਕੜਾਹ ਪ੍ਰਸਾਦ ਦੀ ਦੇਗ ਤਾਂ ਖੁਆਈ ਜਾ ਸਕਦੀ ਹੈ, ਮਾਸ ਐਨੀ ਕਿੰਨੀ ਕੁ ਪਵਿੱਤਰ ਚੀਜ਼ ਹੈ, ਜੋ ਜ਼ਬਰਦਸਤੀ ਖੁਆਈ ਗਈ। ਵੈਸੇ ਸਿੱਖ ਧਰਮ ਵਿੱਚ ਮਾਸ ਖਾਣ ਦੀ ਕੋਈ ਖ਼ਾਸ ਸਿੱਧੇ ਤੌਰ 'ਤੇ ਪਾਬੰਦੀ ਨਹੀਂ ਹੈ, ਪਰ ਜ਼ਬਰਦਸਤੀ ਕੋਈ ਖੁਆ ਵੀ ਨਹੀਂ ਸਕਦਾ। ਅਸਲ ਵਿੱਚ ਸਰਕਾਰੀ ਸ਼ਹਿ ਤੇ ਤੱਤ ਖ਼ਾਲਸਾ ਵੱਲੋਂ ਸਾਜ਼ਿਸ਼ ਹੇਠ ਹਰਾਏ ਗਏ ਸੰਗਤ ਸਿੰਘ ਦਾ ਅਤੇ ਉਹਨਾਂ ਦਾ ਹੌਸਲਾ ਪਸਤ ਕਰਨ ਲਈ ਇਹੋ ਜਿਹਾ ਸਲੂਕ ਕੀਤਾ ਗਿਆ। ਇਸ ਗੱਲ 'ਤੇ ਵੀ ਸਹਿਮਤ ਹੋਣ ਤੋਂ ਬਾਅਦ ਇਹ ਵੀ ਤਾਂ ਹੋ ਸਕਦਾ ਹੈ ਕਿ ਤੱਤ ਖ਼ਾਲਸਾ ਉੱਥੇ ਹੋਰ ਸਰਕਾਰੀ ਸ਼ਹਿ ਤੇ ਖ਼ੂਨ-ਖ਼ਰਾਬਾ ਵੀ ਕਰ ਸਕਦਾ ਸੀ, ਪਰੰਤੂ ਮਾਸ ਖੁਆਉਣਾ ਸਿੱਖ ਧਰਮ ਦੇ ਅਸੂਲਾਂ ਦੇ ਖ਼ਿਲਾਫ਼ ਹੈ, ਪਰ ਤੱਤ ਖ਼ਾਲਸਿਆਂ ਨੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ।

ਇਸ ਤਰ੍ਹਾਂ ਦਾ ਇੱਕ-ਪਾਸੜ ਫ਼ੈਸਲਾ ਹੋ ਜਾਣ 'ਤੇ ਬੰਦਈ ਖ਼ਾਲਸੇ ਤਾਂ ਪਿੱਛੇ ਹੱਟ ਗਏ। ਕਈ ਇਸ ਫ਼ੈਸਲੇ ਨੂੰ ਠੀਕ ਸਮਝ ਕੇ ਤੱਤ ਖ਼ਾਲਸਿਆਂ ਨਾਲ ਜਾ ਰਲੇ, ਪਰ ਭਾਈ ਅਮਰ ਸਿੰਘ ਮਹੰਤ ਨਰਾਜ਼ ਹੋ ਗਏ ਅਤੇ ਉਸ ਨੇ ਇਸ ਤਰ੍ਹਾਂ ਹੋਏ ਫ਼ੈਸਲੇ ਨੂੰ

ਪ੍ਰਵਾਨ ਕਰਨੋਂ ਨਾਂਹ ਕਰ ਦਿੱਤੀ। ਉਸ ਨੇ ਲਾਹੌਰਾ ਸਿੰਘ ਕਲਾਲ ਦੇ ਰਾਹੀਂ ਇਹ ਸੁਨੇਹਾ ਖ਼ਾਲਸੇ ਪਾਸ ਭੇਜ ਦਿੱਤਾ। ਬਾਬਾ ਕਾਹਨ ਸਿੰਘ ਨੂੰ ਡਰ ਸੀ ਕਿ ਇਸ ਫ਼ੈਸਲੇ ਨਾਲ ਫੁੱਲੇ ਹੋਏ ਤੱਤ ਖ਼ਾਲਸੇ ਕਿਧਰੇ ਮਹੰਤ ਜੀ ਉੱਪਰ ਹੱਥ ਹੀ ਨਾ ਚੁੱਕ ਲੈਣ। ਘੋਲ ਵਿੱਚ ਸੰਗਤ ਸਿੰਘ ਦੇ ਹਾਰ ਜਾਣ ਨਾਲ ਭਾਵੇਂ ਲਾਹੌਰਾ ਸਿੰਘ ਨੇ ਹੱਥ ਜੋੜ ਕੇ ਤੱਤ ਖ਼ਾਲਸੇ ਤੋਂ ਮਾਫ਼ੀ ਮੰਗ ਲਈ ਤੇ ਉਹਨਾਂ ਨਾਲ ਰਲ਼ ਗਿਆ।

ਤੱਤ ਖ਼ਾਲਸਿਆਂ ਦੇ ਹੌਸਲੇ ਹੋਰ ਵੀ ਵਧ ਗਏ। ਉਹਨਾਂ ਨੇ ਮਹੰਤ ਅਮਰ ਸਿੰਘ ਦੇ ਡੇਰੇ 'ਤੇ ਹਮਲਾ ਕਰ ਦਿੱਤਾ। ਤੱਤ ਖ਼ਾਲਸਿਆਂ ਦੀ ਗਿਣਤੀ ਜ਼ਿਆਦਾ ਸੀ, ਇਸ ਲਈ ਬੰਦਈ ਸਿੰਘਾਂ ਲਈ ਮੁਕਾਬਲੇ 'ਤੇ ਖੜ੍ਹ ਸਕਣਾ ਬਹੁਤ ਮੁਸ਼ਕਲ ਸੀ। ਬੰਦਈ ਖ਼ਾਲਸੇ ਡੇਰਾ ਖ਼ਾਲੀ ਕਰ ਗਏ। ਭਾਈ ਅਮਰ ਸਿੰਘ ਬਾਰੇ ਕਹਿੰਦੇ ਕੋਈ ਜਾਣਕਾਰੀ ਨਹੀਂ ਮਿਲਦੀ। ਸ਼ਾਇਦ ਤੱਤ ਖ਼ਾਲਸਿਆਂ ਨੇ ਉਸ ਨੂੰ ਮਾਰ ਦਿੱਤਾ ਹੋਵੇ। ਬੰਦਈ ਖ਼ਾਲਸਾ ਮਾਸਾਹਾਰੀ ਭੋਜਨ ਨਹੀਂ ਸਨ ਛਕਦੇ। ਇਸ ਲਈ ਤੱਤ ਖ਼ਾਲਸਾ ਵਾਲੇ ਮਾਸ ਦੀ ਥੋੜ੍ਹੀ ਜਿਹੀ ਤਰੀ ਖਵਾ ਕੇ ਉਹਨਾਂ ਨੂੰ ਤੱਤ ਖ਼ਾਲਸਾ ਵਿੱਚ ਸ਼ਾਮਲ ਕਰਾ ਲੈਂਦੇ ਸਨ। ਤਾਹੀਉਂ ਤੱਤ ਖ਼ਾਲਸਿਆਂ ਨੇ ਬੰਦਈਆਂ ਨੂੰ ਜਦੋਂ ਉਹ ਘੋਲ ਵਿੱਚ ਹਾਰ ਗਏ ਸਨ ਤਾਂ ਜ਼ਬਰਦਸਤੀ ਮੀਟ ਉਹਨਾਂ ਦੇ ਮੂੰਹ ਵਿੱਚ ਪਾਇਆ। ਇਸ ਤਰ੍ਹਾਂ ਨਾਲ ਢੇਸੀ ਵਾਲਾ, ਕਿਸ਼ੋਰਾ ਸਿੰਘ ਅਤੇ ਸ਼ਾਮ ਸਿੰਘ ਕਲਾਲ, ਬਖ਼ਸ਼ੀਸ਼ ਸਿੰਘ ਚਮਿਆਰੀ ਵਾਲਾ ਅਤੇ ਭਾਈ ਭਗਤੂ ਦੇ ਪੋਤਰੇ ਤੱਤ ਖ਼ਾਲਸੇ ਬਣ ਗਏ।

ਸੋ, ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਰਕਾਰੀ ਸ਼ਹਿ 'ਤੇ ਤੱਤ ਖ਼ਾਲਸਾ ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰਵਾਇਆ ਗਿਆ। ਤੱਤ ਖ਼ਾਲਸਾ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਅਤੇ ਸਰਕਾਰ ਦਾ ਪਿੱਠੂ ਜ਼ਿਆਦਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਲੋਕਾਂ ਦਾ ਕਬਜ਼ਾ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਰਵਾਇਆ ਗਿਆ ਜੋ ਕਿ ਸਰਕਾਰ ਦੇ ਪਿੱਠੂ ਬਣ ਗਏ ਸਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਵੀ ਲੜੇ ਸਨ। ਇਹਨਾਂ ਲੋਕਾਂ ਨੇ ਉਹਨਾਂ ਨੂੰ ਬੰਦਈ-ਬੰਦਈ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਵੀ ਹਥਿਆਰ ਨਹੀਂ ਸਨ ਸੁੱਟੇ। ਬਾਬਾ ਬਿਨੋਦ ਸਿੰਘ ਤੇ ਬਾਬਾ ਕਾਹਨ ਸਿੰਘ ਸਰਕਾਰ ਦੀਆਂ ਨਿਗਾਹਾਂ ਵਿੱਚ ਐਨੇ ਵਿਸ਼ਵਾਸ-ਪਾਤਰ ਸਨ ਕਿ ਜਿਨ੍ਹਾਂ ਸਿੱਖਾਂ ਦੀ ਉਹ ਸਿਫ਼ਾਰਸ਼ ਕਰਦੇ, ਉਹਨਾਂ ਨੂੰ ਸਰਕਾਰੀ ਦਫ਼ਤਰਾਂ ਤੇ ਮਹਿਕਮਿਆਂ ਵਿੱਚ ਨੌਕਰੀ ਮਿਲ ਜਾਂਦੀ ਸੀ। ਇਸ ਤਰ੍ਹਾਂ ਇਹਨਾਂ ਨੇ ਮਾਝੇ ਦੀਆਂ ਬਹੁਤ ਸਾਰੀਆਂ ਸਿੱਖ ਸੰਗਤਾਂ ਨੂੰ ਆਪਣੇ ਪਿੱਛੇ ਲਾ ਲਿਆ ਸੀ। ਇਹ ਆਪਣੇ ਜਥੇ ਬਣਾ ਕੇ ਹਥਿਆਰਬੰਦ ਸਿੰਘਾਂ ਨੂੰ ਫੜਾਉਣ ਲਈ ਸਰਕਾਰੀ ਫ਼ੌਜਾਂ ਨੂੰ ਨਾਲ ਲੈ ਕੇ ਜੰਗਲਾਂ, ਪਹਾੜਾਂ ਵਿੱਚ ਚਲੇ

ਜਾਂਦੇ ਸਨ। ਅਜਿਹੇ ਹਾਲਾਤ ਚਾਰ-ਪੰਜ ਸਾਲ ਤਕ ਬਣੇ ਰਹੇ। ਆਖ਼ਰਕਾਰ ਹਕੂਮਤ ਦਾ ਜ਼ੋਰ ਪੈ ਜਾਣ ਕਾਰਨ ਕਿਤੇ ਵੀ ਕੋਈ ਵੀ ਬੰਦਈ ਸਿੰਘ (ਖਾੜਕੂ) ਨਹੀਂ ਰਿਹਾ ਸੀ। ਪੰਜਾਬ ਵਿੱਚ ਲਗ-ਪਗ ਪੂਰਨ ਸ਼ਾਂਤੀ ਹੋ ਗਈ। ਅਬਦੁਲਸਮੁੱਦ ਖ਼ਾਂ ਦਾ ਹੰਕਾਰ ਸਿੰਘਾਂ ਨੂੰ ਦਬਾਏ ਜਾਣ ਕਾਰਨ ਇਤਨਾ ਉਤਾਂਹ ਨੂੰ ਚੜ੍ਹ ਗਿਆ ਕਿ ਉਹ ਹੌਲ਼ੀ-ਹੌਲ਼ੀ ਰਾਜ-ਭਾਗ ਵਾਲੇ ਪਾਸੇ ਤੋਂ ਅਵੇਸਲਾ ਹੋ ਗਿਆ ਤੇ ਅਯਾਸ਼ੀ ਵਿੱਚ ਗਲਤਾਨ ਹੋ ਗਿਆ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਪਹਾੜਾਂ ਤੇ ਜੰਗਲਾਂ ਵਿੱਚ ਲੁਕੇ ਸਿੰਘ ਫਿਰ ਹੌਲ਼ੀ-ਹੌਲ਼ੀ ਕਰ ਕੇ ਬਾਹਰ ਆਉਣੇ ਸ਼ੁਰੂ ਹੋ ਗਏ। ਉਹਨਾਂ ਨੇ ਆ ਕੇ ਛੋਟੀਆਂ-ਮੋਟੀਆਂ ਵਾਰਦਾਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹੌਲ਼ੀ-ਹੌਲ਼ੀ ਛੋਟੇ-ਛੋਟੇ ਜਥਿਆਂ ਵਿੱਚ ਜਥੇਬੰਦ ਹੋ ਕੇ ਸਰਕਾਰੀ ਖ਼ਜ਼ਾਨਿਆਂ ਉੱਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਰਕਾਰੀ ਚਾਕਰ ਮਾਰੇ ਜਾਣ ਲੱਗੇ। ਸਭ ਪਾਸੇ ਫਿਰ ਮਾਹੌਲ ਗੜਬੜੀ ਵਾਲਾ ਬਣ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਦਿੱਲੀ ਦਾ ਹਾਕਮ ਅਬਦੁਲਸਮੁੱਦ ਖ਼ਾਂ ਤੋਂ ਨਰਾਜ਼ ਹੋ ਕੇ ਉਸ ਦੇ ਵਿਰੁੱਧ ਹੋ ਗਿਆ।

ਦਿੱਲੀ ਵਿੱਚ ਬਾਦਸ਼ਾਹ ਦਾ ਪਰਧਾਨ ਵਜ਼ੀਰ ਕਮਰੂਦੀਨ ਸੀ। ਇਹ ਅਬਦੁਲਸਮੁੱਦ ਖ਼ਾਂ ਦਾ ਕੁੜਮ ਸੀ। ਅਬਦੁਲਸਮੁੱਦ ਖ਼ਾਂ ਦਾ ਵੱਡਾ ਪੁੱਤਰ ਜ਼ਕਰੀਆ ਖ਼ਾਂ ਕਮਰੂਦੀਨ ਦਾ ਜੁਆਈ ਸੀ। ਕਮਰੂਦੀਨ ਚਾਹੁੰਦਾ ਸੀ ਕਿ ਉਸ ਦੇ ਜਵਾਈ ਨੂੰ ਪੰਜਾਬ ਦਾ ਗਵਰਨਰ ਬਣਾਇਆ ਜਾਵੇ। ਇਸ ਲਈ ਉਸ ਨੇ 1726 ਈ. ਵਿੱਚ ਅਬਦੁਲਸਮੁੱਦ ਖ਼ਾਂ ਨੂੰ ਲਾਹੌਰ ਤੋਂ ਬਦਲ ਕੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ। ਜ਼ਕਰੀਆ ਖ਼ਾਂ ਨੇ ਆਉਂਦਿਆਂ ਹੀ ਬਿਨਾਂ ਦੇਰੀ ਸਿੱਖਾਂ ਦੇ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦਾ ਸਿੱਟਾ ਇਹ ਹੋਇਆ ਕਿ ਸਿੰਘਾਂ 'ਤੇ ਫਿਰ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਸਿੰਘ ਫੇਰ ਜੰਗਲਾਂ ਤੇ ਪਹਾੜਾਂ ਨੂੰ ਚੱਲ ਪਏ। ਹੋਰ ਕੋਈ ਉਹਨਾਂ ਕੋਲ ਆਸਰਾ ਹੀ ਨਹੀਂ ਸੀ। ਜ਼ਕਰੀਆ ਖ਼ਾਂ ਵੱਲੋਂ ਕੀਤੀ ਸਖ਼ਤੀ ਤਿੰਨ-ਚਾਰ ਸਾਲ ਚਲਦੀ ਰਹੀ। ਹੌਲ਼ੀ-ਹੌਲ਼ੀ ਜ਼ਕਰੀਆ ਖ਼ਾਂ ਦੇ ਵਿਰੁੱਧ ਵੀ ਬਗ਼ਾਵਤਾਂ ਸ਼ੁਰੂ ਕਰ ਦਿੱਤੀਆਂ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜ਼ਕਰੀਆ ਖ਼ਾਂ ਦਾ ਧਿਆਨ ਸਿੱਖਾਂ ਵੱਲੋਂ ਹਟਣਾ ਸ਼ੁਰੂ ਹੋ ਗਿਆ। ਸਿੱਖ ਇਸੇ ਮੌਕੇ ਦੀ ਭਾਲ਼ ਵਿੱਚ ਸਨ। ਉਹਨਾਂ ਨੂੰ ਮੁੜ ਇੱਕ ਵਾਰ ਫੇਰ ਜਥੇਬੰਦ ਹੋਣ ਦਾ ਮੌਕਾ ਮਿਲ ਗਿਆ। ਸਿੱਖਾਂ ਨੇ ਫੇਰ ਗੁਰੀਲਾ ਕਾਰਵਾਈਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਫੇਰ ਇੱਕ ਵਾਰ ਸਰਕਾਰ ਨੂੰ ਮਾਮਲਾ ਉਗਰਾਹੁਣਾ ਔਖਾ ਹੋ ਗਿਆ ਤੇ ਸਰਕਾਰੀ ਖ਼ਜ਼ਾਨੇ ਲੁੱਟੇ ਜਾਣ ਲੱਗੇ। ਸਿੰਘ ਹਰ ਪਿੰਡ ਵਿੱਚ ਰਹਿੰਦੇ ਸਨ। ਜਿਸ ਪਿੰਡ ਵਿੱਚ ਮਾਮਲਾ ਇਕੱਤਰ ਕੀਤਾ ਜਾਂਦਾ ਸੀ, ਉਸ ਦੀ ਸੂਹ ਸਿੰਘਾਂ ਤਕ ਪਹੁੰਚ ਜਾਂਦੀ ਸੀ। ਜਿਵੇਂ ਹੀ ਮਾਮਲਾ ਇਕੱਠਾ ਕਰਨ ਵਾਲੇ ਪਿੰਡੋਂ ਬਾਹਰ ਨਿਕਲਦੇ, ਸਿੱਖਾਂ ਦਾ ਗੁਰੀਲਾ ਜਥਾ ਬਾਜ਼ ਵਾਂਗੂੰ ਝਪਟ ਮਾਰ ਕੇ ਸਭ ਕੁਝ ਖੋਹ ਕੇ ਜੰਗਲਾਂ ਵੱਲ ਚਲਾ ਜਾਂਦਾ ਸੀ। ਇਸੇ ਪ੍ਰਕਾਰ ਅਨਾਜ ਦੇ ਭੰਡਾਰਾਂ 'ਤੇ ਵੀ ਹੱਥ ਫੇਰ ਦਿੱਤਾ ਜਾਂਦਾ ਸੀ। ਇੱਥੇ ਇੱਕ ਗੱਲ ਹੋਰ ਧਿਆਨ ਦੇਣ ਵਾਲੀ ਹੈ ਕਿ ਜਿਹੜੇ ਲੋਕ

ਸਿੰਘਾਂ ਦੀ ਸੂਹ ਸਰਕਾਰ ਤਕ ਪਹੁੰਚਾਉਂਦੇ ਸਨ, ਸਿੰਘ ਉਹਨਾਂ ਦੇ ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ ਬਰਬਾਦ ਕਰ ਦਿੰਦੇ ਸਨ। ਉਹਨਾਂ ਦਾ ਸ਼ਰੇਆਮ ਘੁੰਮਣਾ-ਫਿਰਨਾ ਵੀ ਬੰਦ ਕਰ ਦਿੰਦੇ ਸਨ।

ਜ਼ਕਰੀਆ ਖ਼ਾਂ ਦੇ ਆਪਣੇ ਅਧਿਕਾਰੀਆਂ ਵੱਲੋਂ ਬਗ਼ਾਵਤੀ ਕਾਰਵਾਈਆਂ ਅਤੇ ਸਿੰਘਾਂ ਦੇ ਜਥਿਆਂ ਦੀਆਂ ਗੁਰੀਲਾ ਕਾਰਵਾਈਆਂ ਨੇ ਪੰਜਾਬ ਦੇ ਰਾਜ ਪ੍ਰਬੰਧ ਨੂੰ ਇੱਕ ਵਾਰ ਫੇਰ ਹਲੂਣ ਕੇ ਰੱਖ ਦਿੱਤਾ। ਹਕੂਮਤ ਦਾ ਕੋਈ ਵੱਸ ਨਹੀਂ ਸੀ ਚੱਲ ਰਿਹਾ। ਇਸੇ ਹਾਲਾਤ ਦਾ ਫ਼ਾਇਦਾ ਚੁੱਕਦੇ ਹੋਏ ਸਿੰਘ ਵੀ ਹੌਲ਼ੀ-ਹੌਲ਼ੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਉਣ ਲੱਗ ਪਏ। ਸਿੰਘਾਂ ਦੀ ਪਹਿਲੀ ਕੋਸ਼ਿਸ਼ ਦਰਬਾਰ ਸਾਹਿਬ ਸਮੂਹ ਵਿੱਚੋਂ ਬਿਨੋਦ ਸਿੰਘ ਅਤੇ ਕਾਹਨ ਸਿੰਘ ਨੂੰ ਬਾਹਰ ਕੱਢਣ ਦੀ ਸੀ, ਜੋ ਕਿ ਸਰਕਾਰ ਪੱਖੀ ਸਨ। ਸਿੰਘਾਂ ਨੇ ਇਹਨਾਂ ਨੂੰ ਦਰਬਾਰ ਸਾਹਿਬ ਵਿੱਚੋਂ ਬਾਹਰ ਕੱਢਿਆ। ਇਹਨਾਂ ਸਰਕਾਰੀ ਚਮਚਿਆਂ ਨੂੰ ਬਾਹਰ ਕੱਢ ਕੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦਾ ਸਾਰਾ ਪ੍ਰਬੰਧ ਸੌਂਪਿਆ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖ ਸੰਗਤਾਂ ਸਵੇਰੇ-ਸ਼ਾਮ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਤ 'ਤੇ ਹਾਜ਼ਰੀ ਭਰਨ ਲੱਗੀਆਂ। ਜੰਗਲਾਂ ਵਿੱਚ ਲੁਕੇ ਗੁਰੀਲੇ ਸਿੱਖ ਵੀ ਇੱਥੇ ਆ ਕੇ ਇਕੱਠੇ ਹੁੰਦੇ, ਫਿਰ ਜੰਗਲਾਂ ਵਿੱਚ ਚਲੇ ਜਾਂਦੇ।

ਇਸ ਤਰ੍ਹਾਂ ਮੁੜ ਫੇਰ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਹੋ ਕੇ ਆਪਣੀਆਂ ਗਤੀਵਿਧੀਆਂ ਵਧਾ ਲਈਆਂ। ਗੁਰੀਲਾ ਯੁੱਧ ਕਰਨ ਵਾਲੇ ਸਿੱਖਾਂ ਦਾ ਉਸ ਵਕਤ ਕੋਈ ਇੱਕ ਸਾਂਝਾ ਜਥੇਦਾਰ ਨਹੀਂ ਸੀ, ਕੇਵਲ ਤੇ ਕੇਵਲ ਭਾਈ ਮਨੀ ਸਿੰਘ ਜੀ ਹੀ ਸਰਬ-ਸਾਂਝੇ ਤੇ ਕੇਂਦਰੀ ਬਿੰਦੂ ਸਨ, ਸਾਰੇ ਜਥਿਆਂ ਦੇ ਭਾਈ ਸਾਹਿਬ ਹੀ ਸਭ ਨੂੰ ਚੰਗੀ ਸਲਾਹ ਦਿੰਦੇ ਸਨ। ਜਥੇ ਵੀ ਉਹਨਾਂ ਨਾਲ ਹੀ ਸਲਾਹ ਮਸ਼ਵਰਾ ਕਰਦੇ ਸਨ। ਭਾਈ ਮਨੀ ਸਿੰਘ ਜੀ ਸਰੀਰਕ ਤੌਰ 'ਤੇ ਬਿਰਧ ਅਵਸਥਾ ਵਿੱਚ ਸਨ, ਪਰ ਉਹਨਾਂ ਵਿੱਚ ਪੰਥਕ ਜਜ਼ਬਾ ਚੜ੍ਹਦੀ ਕਲਾ ਵਾਲਾ ਸੀ। ਉਹ ਗੁਰੀਲਾ ਯੁੱਧ ਲੜਨ ਵਾਲੇ ਯੋਧਿਆਂ ਨੂੰ ਅਤੇ ਸਿੱਖ ਸੰਗਤਾਂ ਨੂੰ ਪੰਥਕ ਵਿਚਾਰਧਾਰਾ ਨਾਲ ਜੋੜੀ ਬੈਠੇ ਸਨ। ਉਹਨਾਂ ਦੀ ਉਮਰ ਉਸ ਸਮੇਂ 85-90 ਸਾਲ ਦੇ ਵਿਚਕਾਰ ਸੀ। ਭਾਈ ਮਨੀ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ 'ਤੇ ਇਕੱਠੇ ਹੋਏ ਸਿੰਘਾਂ ਨੂੰ ਬਿਨਤੀ ਕੀਤੀ ਕਿ ਆਪਣਾ ਸਰਬ-ਸਾਂਝਾ ਜਥੇਦਾਰ ਚੁਣ ਲੈਣ ਤੇ ਉਸ ਦੀ ਅਗਵਾਈ ਵਿੱਚ ਚੱਲਣ। ਭਾਈ ਸਾਹਿਬ ਦੀ ਬਿਨਤੀ ਪ੍ਰਵਾਨ ਕਰ ਕੇ ਸਾਰੇ ਜਥੇ ਅਕਾਲ ਤਖ਼ਤ 'ਤੇ ਇਕੱਠੇ ਹੋਏ ਤੇ ਸਰਬ-ਸੰਮਤੀ ਨਾਲ ਕਪੂਰ ਸਿੰਘ ਫ਼ੈਜ਼ਲਪੁਰੀਏ ਨੂੰ ਸਾਰੇ ਜਥਿਆਂ ਨੇ ਆਪਣਾ ਸਾਂਝਾ ਜਥੇਦਾਰ ਚੁਣ ਲਿਆ। ਇਹ ਵਾਕਿਆ 1733-34 ਦਾ ਹੈ। ਇੱਕ ਸਰਬ-ਸਾਂਝਾ ਜਥੇਦਾਰ ਚੁਣੇ ਜਾਣ ਨਾਲ ਸਾਰਾ ਪੰਥ ਖ਼ੁਸ਼ੀਆਂ ਮਨਾ ਰਿਹਾ ਸੀ। ਇਸ ਨਾਲ ਇੱਕ ਲਾਭ ਇਹ ਹੋਇਆ ਕਿ ਹੁਣ ਖ਼ਾਲਸਾ ਪੰਥ ਨੇ ਆਪਣੇ-ਆਪ ਨੂੰ ਪੰਜਾਬ ਸਰਕਾਰ ਦੇ ਮੁਕਾਬਲੇ 'ਤੇ ਸਰਕਾਰ ਸਮਝਣਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਇਹ ਸਵੀਕਾਰ ਕਰ

ਲਿਆ ਕਿ ਕਪੂਰ ਸਿੰਘ ਫ਼ੈਜ਼ਲਪੁਰੀਆ ਉਹਨਾਂ ਦਾ ਨਵਾਬ ਹੈ। ਇਹਨਾਂ ਸਿੱਖਾਂ ਦੀ ਇੱਕ ਖ਼ਾਸ ਗੱਲ ਜੋ ਸਾਹਮਣੇ ਆਉਂਦੀ ਹੈ ਕਿ ਉਹ ਕਪੂਰ ਸਿੰਘ ਫ਼ੈਜ਼ਲਪੁਰੀਏ ਦਾ ਹੁਕਮ ਮੰਨਣ ਨੂੰ ਹਮੇਸ਼ਾ ਤਤਪਰ ਰਹਿੰਦੇ ਸਨ। ਇਹੀ ਕਾਰਨ ਸੀ ਕਿ ਕਪੂਰ ਸਿੰਘ ਨੂੰ ਨਵਾਬ ਕਪੂਰ ਸਿੰਘ ਕਹਿ ਕੇ ਬੁਲਾਇਆ ਜਾਂਦਾ ਸੀ।

ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਸਿੰਘਾਂ ਨੇ ਫ਼ੈਸਲਾ ਕਰ ਲਿਆ ਕਿ ਪਿੰਡਾਂ ਵਿੱਚ ਸਰਕਾਰ ਨੂੰ ਮਾਮਲਾ ਨਾ ਉਗਰਾਹੁਣ ਦਿੱਤਾ ਜਾਵੇ ਅਤੇ ਸਰਕਾਰੀ ਅਧਿਕਾਰੀਆਂ ਨੂੰ ਸੋਧਾ ਲਾਇਆ ਜਾਵੇ ਅਤੇ ਉਹਨਾਂ ਤੋਂ ਘੋੜੇ ਤੇ ਸ਼ਸਤਰ ਖੋਹ ਲਏ ਜਾਣ। ਸਿੰਘਾਂ ਨੂੰ ਘੋੜਿਆਂ ਅਤੇ ਸ਼ਸਤਰਾਂ ਦੀ ਤਾਂ ਖ਼ਾਸ ਲੋੜ ਹੁੰਦੀ ਸੀ। ਇਸ ਫ਼ੈਸਲੇ ਤੋਂ ਬਾਅਦ ਸਿੰਘਾਂ ਨੇ ਗੁਰੀਲਾ ਯੁੱਧਨੀਤੀ ਤਹਿਤ ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ। ਇਸ ਤਰ੍ਹਾਂ ਦਿਨ-ਰਾਤ ਸਰਕਾਰੀ ਖ਼ਜ਼ਾਨੇ ਲੁੱਟੇ ਜਾਣ ਲੱਗੇ। ਇਸ ਨਾਲ ਪੰਜਾਬ ਦਾ ਸਾਰਾ ਪ੍ਰਬੰਧ ਹੀ ਖਿੰਡ-ਪੁੰਡ ਗਿਆ।

ਨਵਾਬ ਕਪੂਰ ਸਿੰਘ ਦੀ ਯੁੱਧਨੀਤੀ ਕਮਾਲ ਦੀ ਸੀ। ਉਹਨਾਂ ਨੇ ਸਮੁੱਚੇ ਖ਼ਾਲਸਾ ਪੰਥ ਨੂੰ ਦੋ ਜਥਿਆਂ ਵਿੱਚ ਵੰਡ ਦਿੱਤਾ ਸੀ: ਇੱਕ ਬੁੱਢਾ ਦਲ ਅਤੇ ਦੂਜਾ ਤਰੁਣਾ ਦਲ। ਬਜ਼ੁਰਗ ਸਿੱਖਾਂ ਨੂੰ ਬੁੱਢਾ ਦਲ ਵਿੱਚ ਭਰਤੀ ਕੀਤਾ ਜਾਂਦਾ ਸੀ। ਇਹਨਾਂ ਤੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ਼ ਦਾ ਕੰਮ ਲਿਆ ਜਾਂਦਾ ਸੀ। ਦੂਸਰੇ ਨੌਜੁਆਨਾਂ ਨੂੰ ਤਰੁਣਾ ਦਲ ਵਿੱਚ ਭਰਤੀ ਕੀਤਾ ਜਾਂਦਾ ਸੀ। ਇਹਨਾਂ ਦਾ ਮੁੱਖ ਕੰਮ ਗੁਰੀਲਾ ਯੁੱਧ ਕਰਨਾ ਹੁੰਦਾ ਸੀ। ਤਰੁਣਾ ਦਲ ਨੂੰ ਅੱਗੋਂ ਹੋਰ ਪੰਜ ਜਥਿਆਂ ਵਿੱਚ ਵੰਡਿਆ ਗਿਆ ਸੀ। ਇਹਨਾਂ ਪੰਜ ਜਥਿਆਂ ਦੇ ਪੰਜ ਮੁਖੀ ਸਨ: ਬਾਬਾ ਦੀਪ ਸਿੰਘ, ਭਾਈ ਧਰਮ ਸਿੰਘ, ਭਾਈ ਦਸੌਂਧਾ ਸਿੰਘ, ਬੀਰ ਸਿੰਘ ਅਤੇ ਜੀਵਨ ਸਿੰਘ। ਇਹਨਾਂ ਦੇ ਪੰਜ ਡੇਰੇ ਵੀ ਨਿਯਤ ਕੀਤੇ ਗਏ। ਨਵਾਬ ਕਪੂਰ ਸਿੰਘ ਸਮੁੱਚੇ ਖ਼ਾਲਸਾ ਪੰਥ ਦਾ ਜਥੇਦਾਰ ਸੀ। ਇਹਨਾਂ ਨਾਲ ਹਮੇਸ਼ਾ ਸ਼ਾਮ ਸਿੰਘ ਨਾਰੰਗੇ, ਗੁਰਬਖ਼ਸ਼ ਸਿੰਘ ਰੋੜਾਂਵਾਲਾ, ਬਾਘ ਸਿੰਘ ਹੱਲੋਵਾਲੀਆ ਅਤੇ ਭਾਗ ਸਿੰਘ ਰਹਿੰਦੇ ਸਨ। ਇਹ ਨਾਮਵਰ ਤੇ ਮੁਖੀ ਸਿੰਘ ਸਨ। ਤਰੁਣਾ ਦਲ ਵਾਲੇ ਸਿੰਘ ਗੁਰੀਲਾ ਯੁੱਧ ਕਰਦੇ ਕਰਦੇ ਦੂਰ ਤਕ ਨਿਕਲ ਜਾਇਆ ਕਰਦੇ ਸਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਜ਼ਕਰੀਆ ਖ਼ਾਂ ਨੇ ਆਪਣਾ ਧਿਆਨ ਹੋਰ ਪਾਸਿਆਂ ਤੋਂ ਹਟਾ ਕੇ ਫੇਰ ਸਿੰਘਾਂ ਦੀ ਸ਼ਕਤੀ ਨੂੰ ਦਬਾਉਣ 'ਤੇ ਲਗਾ ਦਿੱਤਾ।

ਇੱਕ ਵਾਰ ਜ਼ਕਰੀਆ ਖ਼ਾਂ ਦੇ ਦਰਬਾਰ ਵਿੱਚ ਭੰਡ ਨਕਲਾਂ ਦਿਖਾ ਰਹੇ ਸਨ। ਇੱਕ ਭੰਡ ਨੇ ਕਿਹਾ, ਕੱਲ੍ਹ ਬੜੀ ਜ਼ੋਰਦਾਰ ਵਰਖਾ ਹੋਈ। ਵਰਖਾ ਪਿੱਛੋਂ ਸਾਰੀ ਧਰਤੀ ਡੱਡੂਆਂ, ਕੀੜਿਆਂ-ਮਕੌੜਿਆਂ ਅਤੇ ਹੋਰ ਜੀਵਾਂ ਨਾਲ ਭਰ ਗਈ ਸੀ। ਉਸ ਨੇ ਵਰਖਾ ਤੋਂ ਪਹਿਲਾਂ ਨਾ ਹੀ ਇਹ ਜੀਵ ਦੇਖੇ ਸਨ ਅਤੇ ਨਾ ਹੀ ਵਰਖਾ ਦੇ ਵਿੱਚ ਡਿੱਗਦੇ ਵੇਖੇ ਸਨ। ਤਦ ਫਿਰ ਇਹ ਜੀਵ ਐਨੀ ਵੱਡੀ ਭਾਰੀ ਗਿਣਤੀ ਵਿੱਚ ਕਿੱਥੋਂ

ਆ ਗਏ ਸਨ ? ਦੂਜੇ ਭੰਡ ਨੇ ਜਵਾਬ ਦਿੱਤਾ ਕਿ ਪਾਣੀ, ਹਵਾ ਅਤੇ ਮਿੱਟੀ ਦੇ ਮਿਸ਼ਰਣ ਨਾਲ ਇਹ ਜੀਵ ਬਣ ਗਏ ਸਨ। ਪਹਿਲੇ ਭੰਡ ਨੇ ਫਿਰ ਸਵਾਲ ਕੀਤਾ ਕਿ ਇਹ ਤਾਂ ਠੀਕ ਹੈ ਕਿ ਇਹ ਜੀਵ ਇੱਕ ਵਿਸ਼ੇਸ਼ ਮਿਸ਼ਰਣ ਰਾਹੀਂ ਬਣੇ ਹਨ ਪਰ ਜਿਹੜੇ ਜੀਵ ਲੰਮੇ-ਲੰਮੇ ਵਾਲਾਂ ਵਾਲੇ, ਦਾੜ੍ਹੀ-ਮੁੱਛਾਂ ਵਾਲੇ, ਵੱਡੇ-ਵੱਡੇ ਕੱਦਾਂ-ਕਾਠਾਂ ਵਾਲੇ ਇਸ ਧਰਤੀ 'ਤੇ ਫਿਰ ਰਹੇ ਹਨ, ਉਹ ਭਾਰੀ ਕਤਲੇਆਮ ਕਰਨ ਤੋਂ ਬਾਅਦ ਵੀ ਕਿਵੇਂ ਇਸ ਧਰਤੀ 'ਤੇ ਤੁਰੇ ਫਿਰਦੇ ਹਨ ? ਦੂਜੇ ਭੰਡ ਨੇ ਬੜੇ ਸਹਿਜ ਵਿੱਚ ਕਿਹਾ ਕਿ ਜਿਵੇਂ ਪਾਣੀ, ਹਵਾ, ਮਿੱਟੀ ਦੇ ਮਿਸ਼ਰਣ ਨਾਲ ਕੀੜੇ-ਮਕੌੜੇ ਪੈਦਾ ਹੁੰਦੇ ਹਨ, ਉਸੇ ਤਰ੍ਹਾਂ ਹੀ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਅਤੇ ਅਕਾਲ ਤਖ਼ਤ ਦੇ ਜੋੜ ਤੋਂ ਇਹ ਸਿੰਘ ਪੈਦਾ ਹੁੰਦੇ ਹਨ।

ਜ਼ਕਰੀਆ ਖ਼ਾਂ ਨੇ ਇਸ ਗੱਲ ਨੂੰ ਆਪਣੇ ਦਿਲ 'ਤੇ ਲਾ ਲਿਆ। ਉਸ ਨੇ ਮਨ ਹੀ ਮਨ ਇਹ ਧਾਰਨ ਕਰ ਲਿਆ ਕਿ ਅੰਮ੍ਰਿਤ ਸਰੋਵਰ ਦਾ ਅਤੇ ਅਕਾਲ ਤਖ਼ਤ ਦਾ ਸੰਗਮ ਨਹੀਂ ਹੋਣ ਦੇਣਾ। ਇਸੇ ਨੀਤੀ ਤਹਿਤ ਉਸ ਨੇ ਪਹਿਲਾ ਹਮਲਾ ਭਾਈ ਮਨੀ ਸਿੰਘ ਜੀ 'ਤੇ ਕੀਤਾ। ਉਹ ਸਮਝਦਾ ਸੀ ਕਿ ਭਾਈ ਸਾਹਿਬ ਸਿੱਖਾਂ ਲਈ ਇੱਕ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ, ਕਿਉਂ ਨਾ ਇਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਜੇਕਰ ਇਹਨਾਂ ਨੂੰ ਖ਼ਤਮ ਕਰ ਦਿੱਤਾ, ਤਾਂ ਸਿੱਖਾਂ ਦਾ ਕੇਂਦਰ ਖ਼ਤਮ ਹੋ ਜਾਵੇਗਾ।

ਭਾਈ ਮਨੀ ਸਿੰਘ ਜੀ ਅੰਮ੍ਰਿਤ ਸੰਚਾਰ ਰਾਹੀਂ ਪ੍ਰਚਾਰ ਕਰ ਕੇ ਸਿੱਖਾਂ ਦੀ ਗਿਣਤੀ ਵਧਾ ਰਹੇ ਸਨ। ਭਾਈ ਮਨੀ ਸਿੰਘ ਜੀ ਦਾ ਪ੍ਰਚਾਰ ਹੀ ਇਸ ਤਰ੍ਹਾਂ ਦਾ ਸੀ ਕਿ ਉਹਨਾਂ ਨੇ ਕੌਮ ਨੂੰ ਕਮਜ਼ੋਰ ਨਾ ਹੋਣ ਦਿੱਤਾ। ਭਾਈ ਮਨੀ ਸਿੰਘ ਜੀ ਨੂੰ ਤਾਂ ਪ੍ਰਚਾਰਕਾਂ ਦੀ ਮਾਂ ਵੀ ਕਿਹਾ ਜਾਂਦਾ ਸੀ।

ਭਾਈ ਮਨੀ ਸਿੰਘ ਜੀ ਦੀ ਉਮਰ 90 ਕੁ ਵਰ੍ਹਿਆਂ ਦੀ ਹੋ ਚੁੱਕੀ ਸੀ। ਉਹਨਾਂ ਨੇ ਹੋਰ ਮੁੱਖੀ ਸਿੰਘਾਂ ਨਾਲ ਮਿਲ ਕੇ ਸਲਾਹ ਕੀਤੀ ਕਿ ਆਉਂਦੀ ਦੀਵਾਲ਼ੀ ਦੇ ਸਮੇਂ ਦੀਪਮਾਲਾ ਦਾ ਮੇਲਾ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਜਾਵੇ, ਤਾਂ ਜੁ ਦੂਰ-ਦੁਰਾਡਿਓਂ ਸਿੱਖ ਸੰਗਤਾਂ ਆਉਣ ਤੇ ਆਪਸ ਵਿੱਚ ਇਕੱਤਰ ਹੋ ਕੇ ਪੰਥ ਦੇ ਹਾਲਾਤ ਤੋਂ ਜਾਣੂੰ ਹੋ ਸਕਣ ਤੇ ਪੰਥ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਇਹ ਇਕੱਠ ਸਹਾਈ ਹੋ ਸਕੇ।

ਲਾਹੌਰ ਵਿੱਚ ਰਹਿੰਦੇ ਸ. ਸੁਬੇਗ ਸਿੰਘ, ਸ. ਸੂਰਤ ਸਿੰਘ, ਆਦਿ ਗੁਰਸਿੱਖਾਂ ਨਾਲ ਜੋੜ ਮੇਲੇ ਦਾ ਪ੍ਰਬੰਧ ਕਰਨ ਲਈ ਸਲਾਹ-ਮਸ਼ਵਰਾ ਕੀਤਾ ਗਿਆ। ਸੂਬੇ (ਜ਼ਕਰੀਆ ਖ਼ਾਂ) ਨੂੰ ਲਾਹੌਰੀ ਸਿੱਖਾਂ ਨੇ ਵਿਸ਼ਵਾਸ ਦਿਵਾਇਆ ਕਿ ਮੇਲੇ ਸਮੇਂ ਕਿਸੇ ਕਿਸਮ ਦਾ ਝਗੜਾ ਨਹੀਂ ਹੋਵੇਗਾ। ਇਸ ਗੱਲ ਦੇ ਉਹ ਜ਼ਾਮਨ ਬਣੇ। ਜ਼ਕਰੀਆ ਖ਼ਾਂ ਨੇ 10 ਹਜ਼ਾਰ ਟਕੇ ਰੁਪਏ ਮੇਲੇ ਦਾ ਟੈਕਸ ਮੰਗਿਆ, ਜੋ ਮੇਲੇ ਮਗਰੋਂ ਭਾਈ ਮਨੀ ਸਿੰਘ ਜੀ ਨੇ ਦੇਣਾ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਦਸ ਦਿਨਾਂ ਤਕ ਮੇਲਾ ਲਗਾਉਣ ਦੀ ਇਜਾਜ਼ਤ ਮਿਲ ਗਈ।

ਭਾਈ ਮਨੀ ਸਿੰਘ ਜੀ ਦੂਰ ਰਹਿ ਰਹੇ ਸਿੰਘਾਂ ਨੂੰ ਸੁਨੇਹੇ ਭੇਜ ਦਿੱਤੇ। ਓਧਰ ਲਾਹੌਰ ਦਰਬਾਰ ਵਿਖੇ ਸਿੱਖ ਪੰਥ ਦੇ ਵਿਰੋਧੀ ਹਰਿਭਗਤ ਨਿਰੰਜਨੀਆ, ਛੀਨੇ ਦਾ ਕਰਮਾ ਤੇ ਹੋਰ ਮੁਖ਼ਬਰੀਆਂ ਨੇ ਸੂਬੇ ਦੇ ਕੰਨ ਭਰੇ ਕਿ ਸਿੰਘਾਂ ਨੂੰ ਇੱਕੋ ਵਾਰੀ ਖ਼ਤਮ ਕਰਨ ਦਾ ਇਸ ਤੋਂ ਵਧੀਆ ਮੌਕਾ ਹੋਰ ਨਹੀਂ ਲੱਭਣਾ। ਲਾਹੌਰ ਦੇ ਸੂਬੇ ਜ਼ਕਰੀਆ ਖ਼ਾਂ ਨੂੰ ਇਹ ਗੱਲ ਜਚ ਗਈ। ਉਹ ਤਾਂ ਪਹਿਲਾਂ ਹੀ ਅਜਿਹਾ ਮੌਕਾ ਲੱਭ ਰਿਹਾ ਸੀ। ਉਸ ਨੇ ਸਮਝਿਆ, ਸਿੱਖ ਹੁਣ ਜਾਲ ਵਿੱਚ ਫਸ ਜਾਣਗੇ ਤੇ ਮੇਰੇ ਲਈ ਵਧੀਆ ਸ਼ਿਕਾਰ ਜਾਲ ਵਿੱਚ ਫਸੇਗਾ। ਉਸ ਦੀ ਸਕੀਮ ਸੀ ਕਿ ਜੁੜੇ ਹੋਏ ਖ਼ਾਲਸੇ ਨੂੰ ਦੀਵਾਲ਼ੀ ਵਾਲੀ ਰਾਤ ਘੇਰ ਕੇ ਤੋਪਾਂ ਨਾਲ ਉੜਾ ਦਿੱਤਾ ਜਾਏ। ਜ਼ਕਰੀਆ ਖ਼ਾਂ ਦੀ ਇਹ ਚਾਲ ਸੀ ਕਿ ਦੀਵਾਨ ਲਖਪਤ ਰਾਇ ਨੂੰ ਭਾਰੀ ਫ਼ੌਜ ਦੇ ਕੇ ਰਾਮ ਤੀਰਥ ਭੇਜਿਆ ਜਾਵੇ ਤੇ ਦੀਵਾਲ਼ੀ ਦੀ ਰਾਤ ਨੂੰ ਹਮਲਾ ਬੋਲ ਕੇ ਸਿੱਖਾਂ ਦਾ ਕਤਲੇਆਮ ਕੀਤਾ ਜਾਵੇ।

ਓਧਰ ਸੂਬਾ ਇਹ ਸਾਜ਼ਿਸ਼ ਕਰ ਰਿਹਾ ਸੀ, ਇੱਧਰ ਸਿੰਘ ਵੀ ਅੰਞਾਣ ਨਹੀਂ ਸਨ। ਇਹ ਸਾਜ਼ਿਸ਼ ਦਾ ਸਮਾਚਾਰ ਲਾਹੌਰੀ ਸਿੰਘਾਂ ਨੇ ਸੂਹੀਏ ਦੁਆਰਾ ਭਾਈ ਮਨੀ ਸਿੰਘ ਜੀ ਤਕ ਪਹੁੰਚਾ ਦਿੱਤਾ। ਭਾਈ ਮਨੀ ਸਿੰਘ ਜੀ ਨੇ ਉਸੇ ਸਮੇਂ ਦੂਰ-ਦੁਰਾਡੇ ਸਿੰਘਾਂ ਨੂੰ ਸੁਨੇਹੇ ਤੇ ਚਿੱਠੀਆਂ ਦੁਆਰਾ ਦੀਵਾਲ਼ੀ ਦੇ ਮੇਲੇ 'ਤੇ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ ਤੇ ਦੱਸ ਵੀ ਦਿੱਤਾ ਕਿ ਸੂਬੇ ਦੀ ਨੀਅਤ ਠੀਕ ਨਹੀਂ ਹੈ।

ਦੀਵਾਲ਼ੀ ਦਾ ਸਮਾਂ ਆ ਗਿਆ ਜਿਨ੍ਹਾਂ ਸਿੱਖਾਂ ਨੂੰ ਚਿੱਠੀ-ਪੱਤਰ ਜਾਂ ਸੁਨੇਹੇ ਨਾ ਮਿਲੇ, ਉਹ ਦਰਸ਼ਨਾਂ ਨੂੰ ਆ ਗਏ। ਜ਼ਕਰੀਆ ਖ਼ਾਂ ਦੀ ਸਾਜ਼ਿਸ਼ ਮੁਤਾਬਕ ਲਖਪਤ ਰਾਏ ਨੇ ਹਮਲਾ ਕਰ ਦਿੱਤਾ। ਦੀਵਾਨ ਲੱਗ ਨਾ ਸਕਿਆ। ਕਈ ਸਿੰਘ ਇਸ਼ਨਾਨ ਕਰ ਕੇ ਨਿਕਲਦੇ ਹੀ ਪਰਕਰਮਾ ਵਿੱਚ ਸ਼ਹੀਦ ਕਰ ਦਿੱਤੇ ਗਏ। ਭਾਈ ਮਨੀ ਸਿੰਘ ਜੀ ਨੇ ਰੋਸ ਮਨਾਇਆ, ਹਕੂਮਤ ਕੋਲ ਇਸ ਘਿਨਾਉਣੀ ਸਾਜ਼ਿਸ਼ ਦੀ ਨਿਖੇਧੀ ਕੀਤੀ ਗਈ, ਪਰੰਤੂ ਜ਼ਕਰੀਆ ਖ਼ਾਂ ਨੇ ਉਲਟਾ 10000 ਰੁਪਏ ਦੇਣ ਦੀ ਮੰਗ ਭੇਜ ਦਿੱਤੀ।

ਭਾਈ ਮਨੀ ਸਿੰਘ ਜੀ ਨੇ ਰੁਪਏ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਕਿ ਜਦੋਂ ਮੇਲਾ ਤਾਂ ਲੱਗਿਆ ਨਹੀਂ, ਪੈਸੇ ਕਾਹਦੇ। ਇਸੇ ਗੱਲ ਤੇ ਭਾਈ ਮਨੀ ਸਿੰਘ ਜੀ ਨੂੰ ਬਾਕੀ ਸਿੰਘਾਂ ਸਮੇਤ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਭਾਈ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰ ਕੇ ਜ਼ਕਰੀਆ ਖ਼ਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਭਾਈ ਰਤਨ ਸਿੰਘ ਭੰਗੂ ਇਸ ਪ੍ਰਕਾਰ ਲਿਖਦਾ ਹੈ:

**ਖਾਨ ਕਹਯੋ, ਹੋਹੁ ਮੁਸਲਮਾਨ,**
**ਤਦ ਛੋਡੈਂਗੇ ਤੁਮਰੀ ਜਾਨ।**
**ਸਿੰਘਨ ਕਹਯੋ, ਹਮ ਸਿਦਕ ਨ ਹਾਰੈਂ,**
**ਕਈ ਜਨਮ ਪਰ ਸਿਦਕ ਸੁ ਗਾਰੈਂ ॥੧੪੦॥**
**ਤਬ ਕਾਜ਼ੀ ਨੇ ਜਿਮ ਹੀ ਕਹਯੋ।**
**ਤਿਵੇਂ ਮੁਫ਼ਤ ਨੇ ਫਤਵਾ ਦਯੋ ॥੪੧॥**

**ਬੰਦ ਬੰਦ ਜੁਦੋ ਸਿੰਘ ਮਨੀ ਕਰਾਵੋ,**
**ਇਮ ਕਰ ਚਹੀਯਤ ਜਗਤ ਦਿਖਾਵੋ ॥੪੨ ॥**

ਭਾਈ ਸਾਹਿਬ ਨੂੰ ਸਾਥੀ ਸਿੰਘਾਂ ਸਮੇਤ ਨੱਖ਼ਾਸ ਚੌਂਕ ਵਿੱਚ ਲਿਆਂਦਾ ਗਿਆ, ਤਾਂ ਜੋ ਸਾਰੀ ਖ਼ਲਕਤ ਸਿੰਘਾਂ ਨੂੰ ਸਜ਼ਾਵਾਂ ਪਾਂਦਿਆਂ ਦੇਖ ਸਕੇ। ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਸ਼ਹੀਦ ਬਿਲਾਸ ਦੇ ਕਰਤਾ ਭਾਈ ਸੇਵਾ ਸਿੰਘ ਭੱਟ ਲਿਖਦਾ ਹੈ :

**ਹਾੜ ਸੁਦੀ ਪੰਚਮ ਥਿਤ ਆਹੀ। ਸਤ੍ਰਹ ਸੇ ਇਕਾਨਵੇ ਮਾਹੀ।**
**ਜਾਇ ਨਿਖਾਸ ਚੌਕ ਕੇ ਬੀਚ। ਸੂਬੇ ਖ਼ਾਨ ਬਹਾਦਰ ਨੀਚ।**
**ਪਹਿਲੋਂ ਮਨੀ ਸਿੰਘ ਕੇ ਤਾਈਂ। ਕਾਜੀ ਫਤਵਾ ਦੀਯੋ ਸੁਣਾਈ।**
**ਤੈਸੇ ਗਲ ਜਲਾਦੇ ਆਇ। ਬੰਦ ਬੰਦ ਦੀਯੋ ਜੁਦਾ ਕਰਾਇ।**
**ਪੀਛੇ ਸਿੰਘ ਗੁਲਜਾਰੇ ਕੇਰੀ। ਪੁੱਠੀ ਖੱਲ ਲਾਹੀ ਬਿਨ ਦੇਰੀ।**
**ਭੂਪਤ ਸਿੰਘ ਕੀ ਆਂਖ ਕਢਾਇ। ਫੇਰ ਚਰਖੜੀ ਦੀਯੋ ਚਢਾਇ ॥**
**ਜਹਾਂ ਭਯੋ ਇਹ ਸਾਕਾ ਭਾਰੀ। ਖ਼ਲਕਤ ਦੇਖਣ ਆਈ ਸਾਰੀ।**
**ਸੇਵਾ ਹਰੀ ਜਿਤਕ ਸਿੰਘ ਔਰ। ਕਰੇ ਸ਼ਹੀਦ ਦੁਸ਼ਟ ਤਿਹ ਠੌਰ ॥੨੦੩ ॥**

*(ਸ਼ਹੀਦ ਬਿਲਾਸ ਪੰਨਾ : ੯੨)*

ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦਾ ਹੈ:

**ਕਬਿਤ ਸਿੱਖਨ ਮੈਂ ਸਿੱਖ ਊਚੋ ਭਗਤਨ ਮੈਂ ਭਗਤ ਮੂਚੋ,**
**ਸਿੱਖੀ ਕੀ ਨਿਆਈ ਕਹੀਏ ਭਾਈ ਮਨੀ ਸਿੰਘ ਜੀ।**
**ਜਗਤ ਮੇ ਜੈਕਾਰ ਭਯੋ ਧਰਮ ਅਰਥ ਦੇਹ ਦਯੋ,**
**ਸਿਦਕ ਸੋ ਕਟਾਯੋ ਹੀਯੋ ਨ ਮਾਨੀ ਕਛੂ ਸੰਕ ਜੀ।**
**ਸਿੱਖ ਸੋ ਪ੍ਰਸੰਨ ਭਏ, ਦੁਸ਼ਟ ਸਭ ਭ੍ਰਿਸ਼ਟ ਭਏ,**
**ਗਿਆਨ ਕੀ ਖੜਗ ਸੋਂ, ਸੋ ਮਾਰੇ ਚੋਰੰਗ ਜੀ।**
**ਗੁਰ ਸਿੱਖ ਕਹਾਵੈ ਜੋਊ, ਕਰਨੀ ਜਿਹ ਕਮਾਵੈ ਸੋਊ,**
**ਮਨੀ ਸਿੰਘ ਤੁੱਲ ਭਯੋ ਕੋ, ਰਾਣਾ ਔ ਨ ਰੰਕ ਜੀ ॥੧ ॥**

*(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ ਤੀਜੀ ਐਡੀਸ਼ਨ, ਪੰਨਾ : ੨੨੭)*

ਭੱਟ ਭਈ ਮੁਲਤਾਨੀ ਸਿੰਧੀ ਵਿੱਚ ਭਾਈ ਸਾਹਿਬ ਸੰਬੰਧੀ ਇਸ ਤਰ੍ਹਾਂ ਲਿਖਿਆ ਮਿਲਦਾ ਹੈ :

**ਸਿਖੀ ਮੇਂ ਸੂਰਾ ਭਗਤੀ ਮੇਂ ਪੂਰਾ ਗਿਆਨ ਖੜਗ ਲੈ ਸਾਮੇਂ ਲਰਿਆ।**
**ਫਤੇ ਵਾਹਿਗੁਰੂ ਮੁਖ ਥੀਂ ਨਿਕਸੀ, ਬੰਦ ਬੰਦ ਕੱਟ ਪੋਸ਼ ਉਖਰਿਆ।**
**ਦਿਆਲ ਦਾਸ ਸਮ ਕੀਆ ਤਉ ਸਾਕਾ ਬਿਰਖ ਬੰਧ ਚੱਲੇ ਕਾ ਹਰਿਆ।**
**ਸਾਤ ਸਪੂਤ ਤ੍ਰੈਨੇ ਰਕੇ, ਏਕ ਏਕ ਲਰ ਸਾਮ੍ਹੈਂ ਮਰਿਆ।**

**ਜੈ ਜੈ ਕਾਰ ਭਯੋ ਜਗ ਤਉ ਕਾ ਧਰਮ ਹੇਤ ਦੁਖ ਦੇਹ ਤੇ ਜਰਿਆ।**
**ਰਾਨਾ ਰੰਕ ਸਮ ਕੋਈ ਨਹਿ ਤਉ ਕੇ, ਦਾਨ ਦੇਹ ਮੂੰਡ ਭਟੋਂ ਕਾ ਭਰਿਆ।**
**ਸਤ੍ਰਾਂ ਸੇ ਇਕਾਵਨ ਭਯੋ ਸਾਕਾ ਅਸਾਢ ਥਾਨ ਮੈ ਜਸ ਉਚਰਿਆ।**
**ਭੀਮ ਸਿੰਘ ਜਸ ਜੋੜ ਕੇ ਭਨਿਆਂ ਭੱਡੂ ਕੇ ਮਲਹਾਨ ਥਾਲ ਮਹਰੈ ਕਾ**
**ਭਾਗੂ ਸਿੰਘ ਆਗੇ ਲਿਆ ਧਰਿਆ।**
**ਬੇਲ ਬਧੈ ਤਉ ਬੀਰ ਸਗਰਾਮ ਸਿੰਘ ਕੀ ਭਟ ਗਾਵੈ ਦਰ ਤਉ ਤੇ ਖਰਿਆ।**

ਭਾਈ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਂ ਸ਼ਹੀਦ ਬਿਲਾਸ ਵਿੱਚ ਇਸ ਤਰ੍ਹਾਂ ਦਿੱਤੇ ਹੋਏ ਹਨ :

ਮੋਹਕਮ ਸਿੰਘ ਚੂਹੜ ਮਲ ਓਹਰੀ ਅੰਮ੍ਰਿਤਸਰ ਦਾ ਪੁੱਤਰ, ਚੈਨ ਸਿੰਘ, ਕੀਰਤ ਸਿੰਘ, ਆਲਮ ਸਿੰਘ ਅਉਲੀਆ, ਸੰਗਤ ਸਿੰਘ ਅਤੇ ਕਾਨ੍ਹ ਸਿੰਘ। ਇਹਨਾਂ ਸਭ ਸਿੰਘਾਂ ਦੀ ਸ਼ਹਾਦਤ ਦੇ ਨਾਲ-ਨਾਲ ਪਵਿੱਤਰ ਅੰਮ੍ਰਿਤਸਰ ਸਰੋਵਰ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਗਿਆ ਸੀ। ਦਰਬਾਰ ਸਾਹਿਬ ਦੀ ਵੀ ਬੇਅਦਬੀ ਕੀਤੀ ਗਈ ਸੀ। ਸਮੁੱਚਾ ਦਰਬਾਰ ਸਾਹਿਬ ਖ਼ਾਲੀ ਕਰਵਾ ਲਿਆ ਗਿਆ ਸੀ। ਇੱਥੇ ਆਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਚਿੱਟੇ ਦਿਨ ਸਿੰਘਾਂ ਦੇ ਕਤਲ ਹੋਣੇ ਸ਼ੁਰੂ ਹੋ ਗਏ ਸਨ। ਇਹ ਕਤਲੇਆਮ ਤੇ ਸਿੱਖਾਂ 'ਤੇ ਜ਼ੁਲਮ ਚਾਰ-ਪੰਜ ਸਾਲ ਤਕ ਚਲਦਾ ਰਿਹਾ। ਦਿਨੇ ਮੁਗ਼ਲ ਫ਼ੌਜਾਂ ਦਾ ਰਾਜ ਹੁੰਦਾ ਸੀ ਅਤੇ ਰਾਤ ਸਮੇਂ ਸਿੱਖਾਂ ਦੇ ਗੁਰੀਲੇ ਜਥੇ ਆਪਣਾ ਕੰਮ ਕਰ ਜਾਂਦੇ ਸਨ। ਦਿਨ ਵੇਲੇ ਲੁਕੇ ਰਹਿਣਾ ਤੇ ਰਾਤ ਨੂੰ ਨਿਕਲਣਾ, ਇਹ ਸਿੱਖਾਂ ਦਾ ਰੋਜ਼ਾਨਾ ਦਾ ਨਿੱਤ-ਨੇਮ ਤੇ ਜੀਵਨ ਸੀ। ਜੰਗਲਾਂ ਵਿੱਚ ਰਹਿਣਾ, ਜੰਗਲੀ ਦਰਖ਼ਤਾਂ ਤੋਂ ਫਲ ਵਗ਼ੈਰਾ ਖਾਣੇ ਅਤੇ ਕੱਚੀਆਂ ਸਬਜ਼ੀਆਂ ਜਾਂ ਜੜ੍ਹੀਆਂ-ਬੂਟੀਆਂ ਜਾਂ ਫੇਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਖਾ ਕੇ ਗੁਜ਼ਾਰਾ ਕਰਨਾ ਹੀ ਇੱਕੋ-ਇੱਕ ਸਾਧਨ ਸੀ। ਸਿੱਖਾਂ ਦਾ ਨਾ ਕੋਈ ਮਿੱਤਰ ਤੇ ਨਾ ਹੀ ਕੋਈ ਹਮਦਰਦ, ਸਾਰੇ ਪਾਸੇ ਦੁਸ਼ਮਣ ਹੀ ਦੁਸ਼ਮਣ ਦਿਖਾਈ ਦਿੰਦੇ ਸਨ। ਘਟੀਆ ਤੇ ਗੰਦੀਆਂ ਤੋਂ ਗੰਦੀਆਂ ਥਾਵਾਂ ਸਿੰਘਾਂ ਦੀਆਂ ਛੁਪਣਗਾਹਾਂ ਸਨ। ਅਜਿਹੀਆਂ ਥਾਵਾਂ 'ਤੇ ਬੈਦਾ ਦਿਨੇ ਜਾਣ ਤੋਂ ਵੀ ਡਰਦਾ ਸੀ। ਜੰਗਲੀ ਜਾਨਵਰ ਵੀ ਆਪਣੀ ਛੁਪਣਗਾਹ ਉੱਥੇ ਬਣਾਉਂਦੇ ਹਨ, ਜਿੱਥੇ ਖਾਣ-ਪੀਣ ਨੂੰ ਕੁਝ ਮਿਲਦਾ ਹੋਵੇ, ਪਰ ਸਿੰਘ ਅਜਿਹੀ ਥਾਂ 'ਤੇ ਲੁਕਦੇ ਸਨ ਜਿਥੇ ਖਾਣ-ਪੀਣ ਨੂੰ ਕੁਝ ਵੀ ਨਾ ਮਿਲਦਾ ਹੋਵੇ। ਜਿੱਥੇ ਨਾ ਪੀਣ ਲਈ ਪਾਣੀ ਹੁੰਦਾ ਸੀ ਤੇ ਨਾ ਹੀ ਖਾਣ ਲਈ ਕੋਈ ਵਸਤੂ ਹੁੰਦੀ ਸੀ। ਪਰ ਅਜਿਹੀਆਂ ਲੁਕਣਗਾਹਾਂ ਸੁਰੱਖਿਆ ਦੇ ਪੱਖੋਂ ਬਹੁਤ ਢੁਕਵੀਆਂ ਹੁੰਦੀਆਂ ਸਨ। ਤਾਹੀਓਂ ਸਿੰਘ ਅਜਿਹੀਆਂ ਥਾਵਾਂ ਨੂੰ ਚੁਣਦੇ ਸਨ। ਅਸੀਂ ਇਹ ਕਹਿ ਸਕਦੇ ਹਾਂ ਕਿ ਜੰਗਲੀ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਪੱਧਰ ਸੀ ਸਿੰਘਾਂ ਦਾ ਉਸ ਵਕਤ।

ਭਾਈ ਤਾਰੂ ਸਿੰਘ ਦੀ ਸ਼ਹੀਦੀ ਅਤੇ ਜ਼ਕਰੀਆ ਖ਼ਾਂ ਦੀ ਮੌਤ ਤਕ ਸਿੰਘਾਂ ਦੀ

ਇਹ ਲੁਕਣ-ਮੀਚੀ ਚਲਦੀ ਰਹੀ। ਭਾਈ ਤਾਰੂ ਸਿੰਘ ਅੰਮ੍ਰਿਤਸਰ ਪਰਗਣੇ ਦੇ ਪਿੰਡ ਪੂਹਲੇ ਦਾ ਰਹਿਣ ਵਾਲਾ ਸੀ। ਛੋਟੀ ਉਮਰੇ ਹੀ ਭਾਈ ਜੀ ਦੇ ਸਿਰੋਂ ਪਿਤਾ ਦਾ ਸਾਇਆ ਉੱਠ ਗਿਆ। ਗੁਰਸਿੱਖ ਮਾਤਾ ਨੇ ਆਪਣੇ ਬੱਚੇ ਦੀ ਰਗ-ਰਗ ਵਿੱਚ ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਸਿੱਖੀ ਲਈ ਪਿਆਰ ਭਰ ਦਿੱਤਾ। ਭਾਈ ਤਾਰੂ ਸਿੰਘ ਜਦੋਂ ਜਵਾਨ ਹੋਏ ਤਾਂ ਖੇਤੀਬਾੜੀ ਦਾ ਕੰਮ ਸ਼ੁਰੂ ਕਰ ਦਿੱਤਾ। ਜਦੋਂ ਸਿੰਘ ਬਿਪਤਾ ਦੇ ਸਮੇਂ ਵਿੱਚੋਂ ਲੰਘ ਰਹੇ ਸਨ, ਉਹਨਾਂ ਦੀ ਲੰਗਰ ਆਦਿ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਸਿੰਘ ਵੀ ਉਹਨਾਂ ਦੇ ਘਰ ਵਿੱਚ ਕਈ ਦਿਨ ਰਹਿ ਜਾਂਦੇ ਸਨ। ਭਾਈ ਸਾਹਿਬ ਦਾ ਸੁਭਾਅ ਐਨਾ ਨਿਮਰ ਸੀ ਕਿ ਉਹਨਾਂ ਦਾ ਸਤਿਕਾਰ ਮੁਸਲਮਾਨ ਤੇ ਹਿੰਦੂ ਵੀਰ ਵੀ ਕਰਿਆ ਕਰਦੇ ਸਨ। ਇਸੇ ਕਾਰਨ ਭਾਈ ਸਾਹਿਬ ਆਪਣੇ ਘਰੇ ਹੀ ਟਿਕੇ ਰਹੇ ਸਨ, ਜਦੋਂ ਸਿੰਘ ਜੰਗਲਾਂ ਵਿੱਚ ਸਿਰ ਲੁਕਾਉਂਦੇ ਫਿਰ ਰਹੇ ਸਨ।

ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦਾ ਹੈ ਕਿ ਇੱਕ ਦਿਨ ਨਵਾਬ ਜ਼ਕਰੀਆ ਖ਼ਾਂ ਨੇ ਆਪਣੇ ਅਹਿਲਕਾਰਾਂ ਤੇ ਮੁਖ਼ਬਰਾਂ ਤੋਂ ਪੁੱਛ ਕੀਤੀ ਕਿ :

**ਨ੍ਵਾਬ ਮੁਲਖਯਨ ਕੋ ਪੂਛਯੋ ਸਿੰਘ ਰਿਜ਼ਕ ਕਹਾਂ ਤੇ ਖਾਂਹਿ।**
**ਨਾਹਿਂ ਉਗਰਾਹੀ, ਹਲ-ਵਾਹੀ, ਨਹਿਂ ਚਾਕਰੀ ਬਣਜ ਕਮਾਂਹਿ।੪।**
**ਓਇ ਭੁੱਖੇ ਕਿਮ ਨਾਂਹਿ ਮਰਾਹੀਂ, ਦਾਣਾ ਪਾਣੀ ਜਿਨ ਲੱਭੈ ਨਾਹੀਂ।**
**ਫ਼ੌਜ ਟੋਲੈ ਉਨ ਬੰਨ੍ਹ ਕੇ ਰਾਹੀ, ਖੋਜ ਟੋਲ ਕੈ ਮਾਰੈਂ ਤਾਹੀਂ॥੬॥**
**ਜਿਨ ਪਿੰਡਨ ਮੈਂ ਸਿੰਘ ਕੋ ਭਯੋ। ਸੋਈ ਪਿੰਡ ਉਜਾੜ ਮੈਂ ਦਯੋ।**
**ਛੋਡ ਗਏ ਵੈ ਅਪਣੇ ਦੇਸੁ। ਭੂਖੇ ਹੋਇ ਵਟਾਵੈਂ ਭੇਸ॥੭॥**
**ਰਿਜ਼ਕ ਬਿਨਾਂ ਕੋਈ ਜੀਵੈ ਨਾਹੀਂ। ਓਇ ਕਿਮ ਜੀਵੈ ਰਿਜ਼ਕ ਬਿਨਾ ਹੀ?**
**ਪੱਤ ਸਾਗ ਖਾਇ ਮਨੁੱਖ ਕਬ ਜੀਵੈ। ਜੋ ਜੀਵੈ, ਤੁਰਨ ਜੋਗ ਕਿਮ ਥੀਵੈ?**

ਹਿੰਦਾਲਕੇ ਨਿਰੰਜਨੀਏ ਨੇ ਭਾਈ ਤਾਰੂ ਸਿੰਘ ਦੀ ਮੁਖ਼ਬਰੀ ਕੀਤੀ। ਇਹਨਾਂ ਨੇ ਹੀ ਭਾਈ ਮਹਿਤਾਬ ਸਿੰਘ ਦੀ ਮੁਖ਼ਬਰੀ ਕਰ ਕੇ ਉਹਨਾਂ ਨੂੰ ਗ੍ਰਿਫ਼ਤਾਰ ਕਰਵਾਇਆ ਸੀ।

ਪ੍ਰਾਚੀਨ ਪ੍ਰੰਥ ਪ੍ਰਕਾਸ਼ ਵਿੱਚ ਲਿਖਿਆ ਹੈ :

ਚੌਪਈ **ਹਰ ਭਗਤ ਨਿਰੰਜਨੀਏਂ ਯੌਂ ਫਿਰ ਕਹੀ॥ ਪੂਲ੍ਹੇ ਪਿੰਡ ਇੱਕ ਮਾਝੇ ਅਹੀ॥**
**ਤਾਰੂ ਸਿੰਘ ਤਹਿ ਖੇਤੀ ਕਰੈ। ਸਾਥ ਪਿੰਡ ਵਹਿ ਹਾਲਾ ਭਰੈ॥੧੭॥**
**ਦੇਹ ਹਾਕਮ ਕਛ ਥੋੜਾ ਖਾਵੈ। ਬਚੈ ਸਿੰਘਨ ਕੇ ਪਾਸ ਪੁਚਾਵੈ॥**
**ਸ਼ਬਦ ਚੌਕੀ ਗੁਰ ਅਪਨੇ ਕੀ ਕਰੇ। ਸੋ ਮਰਨੇ ਤੇ ਨੈਕ ਨ ਡਰੈ॥੨੦॥**
**ਗੰਗਾ ਜਮਨਾ ਨਿਕਟ ਨ ਜਾਵੈ॥**
**ਅਪਨੇ ਗੁਰ ਕੀ ਛਪੜੀ ਨ੍ਹਾਵੈ॥**
**ਜਗਨ ਨਾਥ ਕੋ ਟੁੰਡਾ ਆਖੈ॥ ਰਾਮ ਕਿਸ਼ਨ ਕੋ ਜਾਪ ਨ ਭਾਖੈ॥੨੧॥**

**ਦੋਹਰਾ ਰਾਤ ਤੁਰੈ ਦਿਨ ਬਹਿ ਰਹੈ, ਤੁਰਕਨ ਆਂਖ ਬਚਾਇ ॥**
**ਸਿਰ ਪਰ ਪੰਡ ਉਠਾਇਕੈ ਸਿੰਘਨ ਪਰ ਪਹੁੰਚਾਇ ॥੨੨ ॥**

ਇਸ ਤਰ੍ਹਾਂ ਨਿਰੰਜਨੀਏ ਨੇ ਹੋਰ ਵੀ ਕਈ ਗੱਲਾਂ ਵਧਾ, ਚੜ੍ਹਾਅ ਕੇ ਭਾਈ ਤਾਰੂ ਸਿੰਘ ਦੇ ਵਿਰੁੱਧ ਜ਼ਕਰੀਆ ਖ਼ਾਂ ਕੋਲ ਕੀਤੀਆਂ। ਸੋ, ਜ਼ਕਰੀਆ ਖ਼ਾਂ ਦੇ ਹੁਕਮ ਨਾਲ ਨਿਰੰਜਨੀਆ 20 ਪੈਦਲ ਸਿਪਾਹੀ ਲੈ ਕੇ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਤੁਰ ਪਿਆ। ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਸਿਪਾਹੀ ਲਾਹੌਰ ਪਹੁੰਚੇ। ਭਾਈ ਤਾਰੂ ਸਿੰਘ ਨੂੰ ਜੇਲ੍ਹ ਵਿੱਚ ਬੰਦ ਕਰ ਕੇ ਅਕਹਿ ਤੇ ਅਸਹਿ ਤਸੀਹੇ ਦਿੱਤੇ। ਉਹਨਾਂ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ ਗਿਆ। ਭਾਈ ਸਾਹਿਬ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣ ਦਾ ਉੱਤਰ ਦਿੱਤਾ। ਭਾਈ ਤਾਰੂ ਸਿੰਘ ਜੀ ਦਾ ਦ੍ਰਿੜ੍ਹ ਇਰਾਦਾ ਦੇਖ ਕੇ ਨਵਾਬ ਨੇ ਹੁਕਮ ਦਿੱਤਾ ਕਿ ਤਾਰੂ ਸਿੰਘ ਦੀ ਖੋਪਰੀ ਲਾਹ ਕੇ ਸ਼ਹੀਦ ਕਰ ਦਿੱਤਾ ਜਾਵੇ। ਸੋ, ਭਾਈ ਜੀ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਜਦੋਂ ਭਾਈ ਸਾਹਿਬ ਦੀ ਖੋਪਰੀ ਲਾਹੀ ਗਈ, ਤਾਂ ਜ਼ਕਰੀਆ ਖ਼ਾਂ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਬਥੇਰੇ ਇਲਾਜ ਕਰਵਾਏ, ਪਰ ਕੋਈ ਇਲਾਜ ਨਾ ਹੋਇਆ, ਤਾਂ ਕਿਸੇ ਨੇ ਕਿਹਾ ਕਿ ਭਾਈ ਤਾਰੂ ਸਿੰਘ ਦੀ ਜੁੱਤੀ ਨਵਾਬ ਦੇ ਸਿਰ ਵਿੱਚ ਮਾਰੀ ਜਾਵੇ ਤਾਂ ਪਿਸ਼ਾਬ ਆਊਗਾ। ਇਸੇ ਤਰ੍ਹਾਂ ਕੀਤਾ ਗਿਆ, ਜਦੋਂ ਭਾਈ ਤਾਰੂ ਸਿੰਘ ਦੀ ਜੁੱਤੀ ਖ਼ਾਂ ਦੇ ਸਿਰ ਵਿੱਚ ਵੱਜਦੀ, ਪਿਸ਼ਾਬ ਨਿਕਲ ਆਉਂਦਾ। ਇਸੇ ਤਰ੍ਹਾਂ ਭਾਈ ਸਾਹਿਬ ਦੀਆਂ ਜੁੱਤੀਆਂ ਖਾਂਦਾ-ਖਾਂਦਾ ਜ਼ਕਰੀਆ ਖ਼ਾਂ ਵੀ ਮੌਤ ਨੂੰ ਪਿਆਰਾ ਹੋ ਗਿਆ।

ਜ਼ਕਰੀਆ ਖ਼ਾਂ ਦੀ ਮੌਤ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਤੇ ਵਿਸ਼ੇਸ਼ ਕਿਸਮ ਦਾ ਖ਼ਲਾਅ ਪੈਦਾ ਹੋ ਗਿਆ। ਇਸੇ ਖ਼ਲਾਅ ਨੇ ਹੀ ਸਿੰਘਾਂ ਨੂੰ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਰੇਗਿਸਤਾਨ ਵਿੱਚੋਂ ਨਿੱਕਲ ਕੇ ਪੰਜਾਬ ਦੀ ਸਮਾਜਿਕ ਪ੍ਰਣਾਲੀ ਵਿੱਚ ਵਿਚਰਨ ਦਾ ਮੌਕਾ ਦਿੱਤਾ। ਜ਼ਕਰੀਆ ਖ਼ਾਂ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਸ਼ਾਹ ਨਿਵਾਜ਼ ਖ਼ਾਂ ਤੇ ਯਹੀਆ ਖ਼ਾਂ ਗਵਰਨਰ ਬਣੇ। ਇਹ ਆਪਸ ਵਿੱਚ ਸਕੇ ਭਰਾ ਸਨ, ਪਰ ਸਨ ਇੱਕ-ਦੂਜੇ ਦੇ ਕੱਟੜ ਵੈਰੀ। ਇਹਨਾਂ ਨੇ ਆਪਣਾ ਦੀਵਾਨ ਲਖਪਤ ਰਾਏ ਨੂੰ ਬਣਾਇਆ।

**ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ** : ਇਹ ਦੋਵੇਂ ਐਸੇ ਸੂਰਬੀਰ ਤੇ ਬਹਾਦਰ ਸਿੰਘ ਸਨ, ਜਿਨ੍ਹਾਂ ਨੇ ਆਪਣੇ ਸੂਰਬੀਰਤਾ ਭਰੇ ਕਾਰਨਾਮਿਆਂ ਨਾਲ ਸਿੱਖਾਂ ਲਈ ਕੁਰਬਾਨੀ ਭਰਿਆ ਇਤਿਹਾਸ ਸਿਰਜਿਆ। ਨਾਦਰਸ਼ਾਹ ਨੇ ਜਦੋਂ ਪਹਿਲਾ ਹਮਲਾ 1739 ਈ. ਵਿੱਚ ਕੀਤਾ, ਤਾਂ ਇਸ ਵਿੱਚ ਨਾਦਰਸ਼ਾਹ ਹਾਰ ਗਿਆ ਸੀ। ਉਸ ਵਕਤ ਮੁਹੰਮਦ ਸ਼ਾਹ ਰੰਗੀਲਾ ਦਿੱਲੀ ਦਾ ਬਾਦਸ਼ਾਹ ਸੀ। ਇਸ ਹਮਲੇ ਦੌਰਾਨ ਨਾਦਰਸ਼ਾਹ ਪੰਜ ਮਹੀਨੇ ਦਿੱਲੀ ਵਿੱਚ ਰਿਹਾ, ਤਾਂ ਸਿੰਘਾਂ ਨੇ ਪੰਜਾਬ ਵਿੱਚ ਆਪਣੇ ਦੁਸ਼ਮਣ

ਮੁਸਲਮਾਨਾਂ ਅਤੇ ਹਿੰਦੂਆਂ ਤੋਂ, ਜੋ ਕਿ ਸਿੱਖਾਂ ਦੀ ਮੁਖ਼ਬਰੀ ਕਰਦੇ ਸਨ, ਗਿਣ-ਗਿਣ ਕੇ ਬਦਲੇ ਲਏ। ਜਦੋਂ ਨਾਦਰਸ਼ਾਹ ਦਿੱਲੀ ਤੋਂ ਵਾਪਸ ਆ ਰਿਹਾ ਸੀ, ਤਾਂ ਸਿੱਖਾਂ ਨੇ ਸ਼ਾਹੀ ਸੜਕ 'ਤੇ ਛਾਪੇ ਮਾਰ ਕੇ ਉਸ ਦਾ ਖ਼ੂਬ ਸਾਮਾਨ ਲੁੱਟਿਆ।

ਜਨਰਲ ਗਾਰਡਨ ਦੀ ਪੁਸਤਕ 'ਦਿ ਸਿਖਸ' ਦੇ ਸਫ਼ਾ 58 'ਤੇ ਇਨ੍ਹਾਂ ਹਾਲਾਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਸਿੰਘਾਂ ਦੇ ਹੱਲਿਆਂ ਤੋਂ ਤੰਗ ਆ ਕੇ ਗ਼ੁੱਸੇ ਭਰੇ ਨਾਦਰ ਸ਼ਾਹ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਂ ਨੂੰ ਕਿਹਾ, "ਇਹ ਲੰਮੇ ਵਾਲਾਂ (ਕੇਸਾਂ) ਵਾਲੇ ਜੰਗਲੀ ਲੋਕ, ਜਿਨ੍ਹਾਂ ਮੈਨੂੰ ਤੰਗ ਕਰਨ ਦੀ ਦਲੇਰੀ ਕੀਤੀ ਹੈ, ਇਹਨਾਂ ਤੇ ਇਹਨਾਂ ਦੇ ਘਰਾਂ ਨੂੰ ਤਬਾਹ ਕਰ ਦਿਓ।" ਜ਼ਕਰੀਆ ਖ਼ਾਂ ਨੇ ਜਵਾਬ ਦਿੱਤਾ, "ਜਨਾਬ! ਇਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹਨ। ਮੁਹੰਮਦ ਇਹਨਾਂ ਦਾ ਬਲੀ ਹੋਇਆ ਹੈ। ਉਸ ਨੇ ਇਹਨਾਂ ਨੂੰ ਕੋਈ ਆਬੇ ਹਯਾਤ (ਅੰਮ੍ਰਿਤ) ਦਿੱਤਾ ਹੈ। ਉਸ ਦਾ ਐਸਾ ਅਸਰ ਦੇਖਿਆ ਹੈ ਕਿ ਜੇ ਕੋਈ ਬੁਜ਼ਦਿਲ ਪੀ ਲੈਂਦਾ ਹੈ ਤਾਂ ਉਹ ਸ਼ੇਰ ਬਣ ਜਾਂਦਾ ਹੈ। ਇਹ ਬਹੁਤ ਸਿਫ਼ਤਾਂ ਦੇ ਮਾਲਕ ਹਨ। ਇਨ੍ਹਾਂ ਦਾ ਉੱਚ-ਕੋਟੀ ਦਾ ਆਚਰਨ ਹੈ। ਇਹ ਦੁੱਖ-ਸੁੱਖ ਨੂੰ ਬਰਾਬਰ ਸਮਝਦੇ ਹਨ। ਇਹਨਾਂ ਨੂੰ ਅਸੀਂ ਮਾਰ-ਮਾਰ ਕੇ ਥੱਕ ਗਏ ਹਾਂ, ਪਰ ਇਹ ਵਧੀ ਜਾਂਦੇ ਹਨ। ਇਹਨਾਂ ਨੂੰ ਕੇਵਲ ਮਰਨ ਦਾ ਹੀ ਚਾਅ ਹੈ।" ਇਹਨਾਂ ਗੱਲਾਂ ਨੂੰ ਸੁਣ ਕੇ ਨਾਦਰ ਸ਼ਾਹ ਨੇ ਕਿਹਾ, "ਉਹ ਸਮਾਂ ਨੇੜੇ ਹੀ ਹੈ, ਜਦ ਇਹ ਮੁਲਕ ਸੰਭਾਲ ਲੈਣਗੇ।"

ਗਿਆਨੀ ਗਿਆਨ ਸਿੰਘ ਨੇ ਇਹ ਸਾਰੀ ਵਿਥਿਆ ਜੋ ਜ਼ਕਰੀਆ ਖ਼ਾਂ ਨੇ ਸੁਣਾਈ, ਪੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਅੰਕਿਤ ਕੀਤੀ ਹੈ :

**ਗਾਂਮ ਕਿਸੀ ਸ਼ੈ ਸੋਨ ਬਸੈਹੈ, ਰਾਤ ਕਿਤੈ ਦਿਨ ਕਿਤੈ ਬਤੈਹੈ।**
**ਇਕ ਹੀ ਬਰਤਨ ਮੇ ਸਭ ਕਾਹੂੰ। ਆਬਹਿਯਾਤ ਪਿਲਾਵਤ ਤਾਹੂੰ।**
**ਜਾਤਿ ਗੋਤ ਕੁਲ ਕਿਰਿਆ ਨਾਮ। ਪਿਛਲੇ ਸੋ ਤਜ ਦੇਤ ਤਮਾਮ।**
**ਜਬ ਕੋਈ ਮਜਬ ਇਨੋ ਕਾ ਸੈਹੈਂ, ਵਾਹਿਗੁਰੂ ਕੀ ਫਤੇ ਗਜੈਹੈਂ।**
**ਪਿਛਲਾ ਭੇਸ ਦੌੜ ਉਤਰੈਹੈ। ਕਛ ਕ੍ਰਿਪਾਨ ਕੇਸ ਰਖ ਵੈਹੈ।**
**ਇਕ ਅਕਾਲ ਕੀ ਕਰਤ ਬੰਦਗੀ ? ਸ਼ਸਤ੍ਰ ਬਿਜਗਾ ਬਹੁ ਪਸਿੰਦਗੀ।**
**ਨਾਮ ਸਿੰਘ ਬਨ ਮਜਬ ਖ਼ਾਲਸਾ। ਛੋੜ ਦੇਤ ਸਭ ਜਗਤ ਜਾਲਸਾ।**
**ਸਿਰ ਪਰ ਚਕ੍ ਕਰਦਾ ਤੋੜੇ। ਔਰੇ ਸ਼ਸਤ੍ਰ ਰਖਹ ਨ ਥੋੜੇ।**
**ਪੇਟੀ ਟੋਪ ਸੰਜੋਇ ਚਿਰਾਨੇ। ਮਣ ਮਣ ਲੋਹਾ ਰਖਤ ਮਹਾਂਨੇ।**
**ਧਾਵਾ ਮਾਰਤ ਕੋਸ ਪਚਾਸਕ। ਲੇਲੀ ਲੜਾਈ ਦੇ ਬਡ ਆਸ਼ਕ।**
**ਸੋਵਤ ਫਿਰਤੇ ਟੁਰਤੇ ਖੈਹੈ। ਪੀਠ ਲਗਾਇਨ ਧਰ ਪਰ ਪੈਹੈ।**
**ਖਟ ਰਸ ਖਾਵਹਿ ਸ੍ਵਾਦ ਨ ਜਾਨੈ। ਕਪੜਾ ਔਰਨ ਤਨ ਪਰ ਠਾਨੈਂ।**
**ਕਮਰ ਜਾਂਘੀਆ ਇਕ ਸਿਰ ਪਟਕਾ ਭੂਰੇ ਗਿਲਤੀ ਬਾਣਾ ਜਟਕਾ।**

ਘਾਸ ਫੂਸ ਫਲਮੂਲ ਅਹਾਰ। ਖੈਹੈ ਕੱਚੇ ਹੀ ਮ੍ਰਿਗਮਾਰ।
ਪਜਾਰੀ ਅੰਰੇ ਵਸਤਨ ਕਾਈ। ਇੱਕ ਸ਼ਸਤ੍ਰ ਇੱਕ ਚਹਿਤ ਲੜਾਈ।
ਮਾਰਤ ਇਨਕੋ ਹਮ ਥਕ ਗਏ। ਏ ਨਿਤ ਬਢਤ ਜਾਤ ਹੈ ਨਏ।
ਮਰਨ ਮਾਰਨੋ ਜਰਾ ਨ ਡਰਹੈ। ਮੌਤ ਚਰਾਗ ਪਤੰਗੇ ਪਰ ਹੈ।
ਚਾਹਿਤ ਨਿਸ ਦਿਨ ਲੈਨ ਸ਼ਹੀਦੀ। ਟਰਤਨ ਰਣਤੈ ਹ੍ਵੈ ਕਰ ਗੀਦੀ।
ਸਾਥ ਹਜਾਰਨ ਬੀਸਕ ਲਰਹੈ। ਟਾਰੇ ਟਰਤ ਨ ਮਾਰੇ ਮਰਤ ਹੈ।
ਬਲਕੇ ਜੋਊ ਦੀਨ ਮੈ ਐਹੈ। ਮੌਕਾ ਪਾ ਫਿਰ ਇਨ ਮੈਂ ਜੈਹੈ।
ਤਿਸਕੋ ਭੀ ਏਹ ਸੁਧਾ ਛਕਾਇ। ਲੇਤ ਮਜਬ ਮੈ ਤੁਰੰਤ ਮਿਲਾਇ।
ਮੁਰਸ਼ਦ ਇਨ ਕਾ ਵਲੀ ਭਯੋਹੈ। ਇਨ ਕੋ ਆਬਹਿਯਾਤ ਦਯੋ ਹੈ।
ਗਜਬ ਅਸਰ ਤਿਸ ਕਾ ਹਮ ਦੇਖਾ। ਖੁਸ਼ਦਿਲ ਹੋਵਤ ਸ਼ੇਰ ਬਿਸੇਖਾ।
ਕਾਂਣਨ ਕਾਹੂੰ ਕੀ ਇਹੁ ਰਾਖਤ। ਸ਼ਹਿਨਸ਼ਾਹ ਖੁਦ ਹੀ ਕੋ ਲਾਖਤ।
ਔਰ ਸਬਨ ਕੋ ਜੀਵ ਚੁਰਾਮੈਂ। ਮਾਂਨਤ ਆਪਤਈਂ ਅਬਨਾਸੀ।
ਤਤ ਖ਼ਾਲਸਾ ਗੁਰ ਕਾ ਜ਼ਾਹਰ। ਕਹਿਤ ਚੁਰਾਸੀ ਤੈਹੈ ਬਾਹਰ।
ਹਿੰਦੂ ਅੰਧੇ ਤੁਰਕੂ ਕਾਣੇ। ਸਿੰਘ ਗੁਰੂ ਕੇ ਸਭ ਤੇ ਸਿਆਣੇ।
ਮੁਸਲਮਾਣ ਹਿੰਦੁਨ ਤੇ ਨਜਾਰੀ। ਗੀਤੀ ਇਨੋ ਮੈਹੈ ਫਲਸਾਰੀ।
ਬੁੱਤ ਪਰਸਤੀ ਨਾ ਇਹ ਕਰਹੈ। ਦੇਵੀ ਦੇਵ ਬਨਾਇ ਨ ਧਰਹੈ।
ਪ੍ਰੇਤ ਪੀੜ ਗ੍ਰਿਹ ਪੀੜਨ ਮਾਨਤ। ਮੜੀ ਮਸਾਂਣੀ ਕੋ ਨ ਪਛਾਨਤ।
ਗੰਗਾਦਿਕ ਤੀਰਥ ਨਹਿ ਜਾਵੈ। ਸੂਤਕ ਪਾਤਕ ਨਾਂਹਿ ਮਨਾਵੈ।
ਜੰਞੂ ਤਿਲਕ ਨ ਛਾਪਾ ਧਾਰੈ। ਸੁਰਾ ਹਿੰਦੂਆਂ ਕੀ ਨਹਿ ਪਾਰੈ।
ਬੋਦੀ ਧੋਤੀ ਤੁਲਸੀ ਮਾਲੈ। ਹੋਮ ਸਰਾਧਨ ਖਜਾਹਿ ਸੰਭਾਲੈਂ।
ਰਾਮ ਰਹੀਮ ਕ੍ਰਿਸ਼ਨ ਤਜ ਨਾਮ। ਰਾਖਤ ਵਾਹਿਗੁਰੂ ਸੋਂ ਕਾਮ।
ਜਨਮੇ ਖੁਸ਼ੀਨ ਸ਼ੋਕ ਮਰੈ ਤੇ। ਲਾਭ ਹਾਨਿ ਦੁਖ ਆਨ ਪਰੇਤੈਂ।
ਇਕ ਰਸ ਖੁਸ਼ੀ ਰਹਿਤ ਹੈ ਭਾਰੇ। ਪ੍ਰਭੂ ਕਾ ਭਾਣਾ ਮਾਨਤ ਸਾਰੇ।
ਪੀਰ ਫ਼ਕੀਰ ਸਿਧ ਰਿਖੀ ਮੁਨੀ। ਇਨਕੋ ਜਾਤ ਹੋਏ ਗੁਨੀ।
ਪੰਥ ਗ੍ਰੰਥ ਰਚੇ ਉਨ ਜੇਹੈ ਉਨ ਕੋ ਭੀ ਮਾਨਤ ਨ ਏਹੈ।
ਜੋ ਗੁਰ ਨਾਨਕ ਰਟੀ ਕਲਾਮ। ਐਨ ਪਾਕ ਸੋ ਆਹਿ ਲਲਾਮ।
ਉਸਕੀ ਜਿਲਦ ਰਖੀ ਬੰਧਵਾਹੈ, *'ਗੁਰੂ ਗ੍ਰੰਥ ਸਾਹਿਬ'* ਕਹਿ ਤਾਂਹੈ।
ਹਿੰਦੂ ਕਹਿਤ ਚਿਜਜਨੈ ਅਵਤਾਰ। ਪ੍ਰਮੇਸ਼ੁਰ ਤਨ ਧਾਰੈ ਸਾਰ।
ਪ੍ਰਮੇਸ਼ੁਰ ਥਾਪ ਪੂਜਤ ਮਾਨਤ। ਭਜਨ ਧਜਾਨ ਉਨਹੀ ਕਾ ਠਾਨਤ।
ਸਿਖ ਪ੍ਰਮੇਸ਼ੁਰ ਉਨੈਨ ਮਾਨੈ, ਪ੍ਰਮੇਸ਼ੁਰ ਕੇ ਪਜਾਰੇ ਜਾਨੈਂ॥
ਦੌਲਤ ਦੁਨੀਆ ਏਹ ਨ ਚੈਹੈਂ। ਮਜਬ ਧਰਮ ਪਰ ਜਾਨਾ ਦੈਹੇ।
ਬਨੇ ਰਹਿਤ ਸਭ ਸਕੇ ਬਿਰਾਦਰ। ਇੱਕ ਦੋ ਦੇਵਤ ਦੂਸਰ ਆਦਰ।

**ਹੈ ਇਨ ਮੇ ਇਤਫ਼ਾਕ ਮਹਾਨ। ਸਿਖ ਸਿਖ ਪੈ ਧਾਰਤ ਪ੍ਰਾਨ।**
**ਭੂਖ ਦੂਖ ਮੈਂ ਰੈਹੈਂ ਰਾਜ਼ੀ। ਬਾਂਟ ਛਕ ਤਜੇ ਮਿਲਹੈ ਭਾਜੀ।**
**ਹਿੰਦੂ ਤੁਰਕਨ ਤੇ ਹੈ ਨਯਾਰਾ। ਫਿਰਕਾ ਇਨ ਕਾ ਅਪਰ ਅਪਾਰਾ।**
**ਪਰਤੀਯਾ ਸਮਝਤ ਮਾਤ ਸਮਾਨੈ। ਚੋਰੀ ਯਾਰੀ ਨਿੰਦਕ ਠਾਨੈ।**
**ਬਯਾਹ ਨਕਾਹ ਨ ਏਹ ਕਰਾਤ, ਭੁਗਤ ਅਨੰਦ ਅਨੰਦ ਪੜ੍ਹਾਤ।**
**ਸਿੰਘ ਸਿੰਘਨੀ ਜੋ ਮਰਜਾਤ, ਬਾਂਟਤ ਹਲੂਆ ਤੁਰਤ ਬਨਾਤ।**
**ਕਿਰਿਆ ਕਰਮ ਕਰਾਵਤ ਨਾਹਿ, ਹੱਡੀ ਪਾਇ ਨ ਗੰਗਾ ਮਾਹਿ।**
**ਦਗਾ ਨ ਕਾਹੂੰ ਸੰਗ ਕਰਹੈ ਹੈ, ਮਾਰਤ ਲੂਟਤ ਉਜਾਗਰ ਕੈਹੈ।**
**ਮਾਤ ਪਿਤਾ ਭਾਈ ਸੁਤ ਤੀਆ, ਇਨ ਤੇ ਪਯਾਰਾ ਸਿੰਘ ਲੱਖੀਆ।**
**ਆਪਨ ਪਯਾਰ ਜਗ ਨਾ ਧਾਰਤ, ਮਨ ਤਨ ਧਨ ਸਿੰਘਨ ਪੈ ਵਾਰਤ।**
**ਏਕ ਰੱਬ ਕੀ ਕਰਤ ਬੰਦਗੀ, ਰਖਤ ਨ ਔਸ੍ ਕੀ ਮੁਛੰਦਰੀ।**
**ਬੇਦ ਕਤੇਬ ਕੁਰਾਨ, ਪੜ੍ਹਤ ਸੁਨ, ਨਹਿ ਮਾਨਤ ਕਾਨ।**
**ਗੁਰੂ ਨਾਨਕ ਜੋ ਰਖੀ ਕਲਾਮ, ਤਾਂ ਪਰ ਰਖਤ ਇਮਾਨ ਤਮਾਮ।**

ਨਾਦਰ ਸ਼ਾਹ ਨੂੰ ਵਿਦਾਇਗੀ ਦੇਣ ਉਪਰੰਤ ਜਦ ਜ਼ਕਰੀਆ ਖ਼ਾਂ ਲਾਹੌਰ ਮੁੜਿਆ, ਤਾਂ ਹੋਰ ਕੰਮਾਂ ਤੋਂ ਵਿਹਲਾ ਹੋ ਕੇ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦਾ ਤਹੱਈਆ ਕੀਤਾ। ਗਸ਼ਤੀ ਫ਼ੌਜਾਂ ਹਰ ਪਾਸੇ ਛੱਡ ਦਿੱਤੀਆਂ ਗਈਆਂ। ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ ਸਨ। ਪਿੰਡ-ਪਿੰਡ ਵਿੱਚ ਢੰਡੋਰਾ ਪਿਟਵਾ ਦਿੱਤਾ ਗਿਆ ਕਿ ਕੋਈ ਸਿੱਖ ਜਿੰਦਾ ਨਾ ਰਹਿਣ ਦਿੱਤਾ ਜਾਵੇ। ਮੁਸਲਮਾਨਾਂ ਤੋਂ ਇਲਾਵਾ ਤਲਵੰਡੀ ਦੇ 'ਰਾਮਾ ਰੰਧਾਵਾ', ਛੀਨੇ ਦੇ 'ਕਰਮਾ' ਤੇ ਨੌਸ਼ਹਿਰੇ ਦੇ 'ਸਾਹਿਬ ਰਾਏ' ਨੇ ਮੁਸਲਮਾਨਾਂ ਦੀ ਖ਼ੁਸ਼ਨੀਦੀ ਲਈ ਸਿੱਖਾਂ 'ਤੇ ਜ਼ੁਲਮ ਦੀ ਹੱਦ ਕਰ ਦਿੱਤੀ। ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਫ਼ੁਰਮਾਨ ਜ਼ਕਰੀਆ ਖ਼ਾਂ ਨੇ ਜਾਰੀ ਕੀਤਾ ਅਤੇ ਮੰਡਿਆਲੀ ਦੇ ਚੌਧਰੀ ਮੱਸਲਾਉਦੀਨ (ਮੱਸਾ ਰੰਘੜ) ਨੂੰ ਇਹ ਖੁੱਲ੍ਹ ਦੇ ਦਿੱਤੀ ਗਈ ਕਿ ਉਹ ਹਰਿਮੰਦਰ ਸਾਹਿਬ ਦੀ ਬੇਅਦਬੀ ਕਰੇ। ਉਸ ਨੇ ਹਰਿਮੰਦਰ ਸਾਹਿਬ ਵਿੱਚ ਮੁਜਰੇ ਅਰੰਭ ਕਰਵਾ ਦਿੱਤੇ ਤੇ ਸ਼ਰਾਬਾਂ ਦੇ ਦੌਰ ਚਲਵਾ ਦਿੱਤੇ। ਇਸ ਦੀ ਖ਼ਬਰ ਸਿੰਘਾਂ ਨੂੰ ਪੁੱਜਣ 'ਤੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਨੇ ਦਿਨ-ਦਿਹਾੜੇ ਮੱਸੇ ਰੰਘੜ ਦਾ ਸਿਰ ਵੱਢ ਕੇ ਇਹ ਦੱਸ ਦਿੱਤਾ ਕਿ ਸਿੰਘ ਅਜੇ ਜਿਊਂਦੇ ਹਨ। ਇਸ ਘਟਨਾ ਤੋਂ ਬਾਅਦ ਸਿੰਘਾਂ 'ਤੇ ਹੋਰ ਵੀ ਅੱਤਿਆਚਾਰ ਵਧ ਗਿਆ।

ਸਿੱਖ ਆਪਣੇ ਕੇਂਦਰੀ ਅਸਥਾਨ ਹਰਿਮੰਦਰ ਸਾਹਿਬ ਉੱਤੇ ਆਪਣਾ ਹੱਕ ਦਰਸਾਉਣ ਲਈ ਜਦ ਵੀ ਮੌਕਾ ਲਗਦਾ ਥੋੜ੍ਹੇ-ਥੋੜ੍ਹੇ ਕਰ ਕੇ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਸਨ। ਜ਼ਕਰੀਆ ਖ਼ਾਂ ਨੇ ਸਿੱਖਾਂ 'ਤੇ ਅੰਮ੍ਰਿਤਸਰ ਵਿਖੇ ਦਾਖ਼ਲ ਹੋਣ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ, ਤਾਂ ਭਾਈ ਬੋਤਾ ਸਿੰਘ ਅਤੇ ਗਰਜਾ

ਸਿੰਘ ਰਾਜਪੂਤਾਨੇ ਤੋਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਚੱਲੇ। ਉਸ ਸਮੇਂ ਸਿੰਘ ਦਿਨੇ ਅਰਾਮ ਕਰਦੇ ਸਨ ਤੇ ਰਾਤ ਨੂੰ ਸਫ਼ਰ ਕਰਦੇ ਸਨ। ਦਿਨੇ ਜੰਗਲਾਂ-ਬੇਲਿਆਂ ਵਿੱਚ ਰਾਤ-ਕਟੀ ਕਰਦੇ ਸਨ।

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਸ਼ਾਮ ਨੂੰ ਜਦੋਂ ਜੰਗਲ ਵਿੱਚੋਂ ਨਿੱਕਲ ਕੇ ਅਗਲੇ ਸਫ਼ਰ ਦੀ ਤਿਆਰੀ ਵਿੱਚ ਸਨ, ਤਾਂ ਦੋ ਮੁਸਲਮਾਨ ਕਿਸਾਨ ਉੱਥੋਂ ਦੀ ਲੰਘੇ। ਉਹਨਾਂ ਨੇ ਝਾੜੀਆਂ ਪਿੱਛੇ ਕੁਝ ਪਰਛਾਵਾਂ ਵੇਖ ਕੇ ਇਸ ਪ੍ਰਕਾਰ ਆਪਸ ਵਿੱਚ ਗੱਲਬਾਤ ਕੀਤੀ :

ਇੱਕ ਮੁਸਲਮਾਨ, "ਇਹ ਝਾੜੀਆਂ ਪਿੱਛੇ ਸਿੱਖ ਭਾਸਦੇ ਹਨ।"

ਦੂਜਾ ਸਾਥੀ, "ਨਹੀਂ, ਉਹ ਤਾਂ ਛੁਪਣ ਵਾਲੇ ਨਹੀਂ ਹੁੰਦੇ, ਸਾਹਮਣੇ ਮੁਕਾਬਲਾ ਕਰ ਕੇ ਮਾਰਦੇ ਹਨ।"

ਪਹਿਲਾ ਕਹਿੰਦਾ, ਪਹਿਰਾਵੇ ਤੇ ਡੀਲ-ਡੌਲ ਤੋਂ ਤਾਂ ਸਿੱਖ ਹੀ ਜਾਪਦੇ ਹਨ।

ਦੂਜਾ ਸਾਥੀ, "ਸੂਬਾ ਲਾਹੌਰ ਨੇ ਢੰਡੋਰਾ ਪਿਟਵਾਇਆ ਹੈ ਕਿ ਸਿੱਖ ਸਭ ਮਾਰ ਦਿੱਤੇ ਗਏ ਹਨ ਤੇ ਹੁਣ ਪੰਜਾਬ ਵਿੱਚ ਕੋਈ ਸਿੱਖ ਨਹੀਂ ਬਚਿਆ। ਚਲ ਜ਼ਰਾ ਦੇਖੀਏ ਕੌਣ ਹਨ ?"

ਪਹਿਲਾ, "ਜੇ ਸਿੱਖ ਹੋਏ ਤਾਂ ਬਚਣਾ ਮੁਸ਼ਕਲ ਹੋਏਗਾ, ਅਸੀਂ ਕੀ ਲੈਣਾ ਹੈ ?"

ਇਹ ਗੱਲਾਂ ਕਰਦੇ ਹੋਏ ਮੁਸਲਮਾਨ ਤਾਂ ਚਲੇ ਗਏ, ਪਰ ਉਹਨਾਂ ਦੀਆਂ ਗੱਲਾਂ ਸੁਣ ਕੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੇ ਤਰਨਤਾਰਨ ਸਾਹਿਬ ਦੇ ਨੇੜੇ ਸ਼ਾਹੀ ਸੜਕ 'ਤੇ ਨੂਰਦੀਨ ਦੀ ਚੁੰਗੀ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ ਤੇ ਸੜਕ ਤੋਂ ਲੰਘਣ ਵਾਲੇ ਹਰ ਗੱਡੇ ਪਾਸੋਂ ਆਨਾ ਤੇ ਖੋਤੇ ਪਾਸੋਂ ਇੱਕ ਪੈਸਾ ਲੈਣਾ ਸ਼ੁਰੂ ਕਰ ਦਿੱਤਾ। ਨਾਲ ਇਹ ਵੀ ਦੱਸਦੇ ਰਹੇ ਕਿ ਇੱਥੇ ਖ਼ਾਲਸੇ ਦਾ ਰਾਜ ਹੈ। ਖ਼ਾਲਸਾ ਖ਼ਤਮ ਨਹੀਂ ਕੀਤਾ ਜਾ ਸਕਦਾ। ਤਿੰਨ-ਚਾਰ ਦਿਨ ਇਸੇ ਤਰ੍ਹਾਂ ਹੀ ਚਲਦਾ ਰਿਹਾ। ਫੇਰ ਸਿੰਘਾਂ ਨੇ ਇੱਕ ਚਿੱਠੀ ਜ਼ਕਰੀਆ ਖ਼ਾਂ ਨੂੰ ਇੱਕ ਮੁਸਾਫ਼ਰ ਦੇ ਰਾਹੀਂ ਲਾਹੌਰ ਭੇਜੀ, ਜਿਸ 'ਤੇ ਲਿਖਿਆ ਸੀ :

**ਚਿਠੀ ਸੁਨਹੋ ਖਾਨੂ ਕੋਤਾ। ਆਨਾ ਗੱਡਾ ਪੈਸਾ ਖੋਤਾ।**
**ਏਹੁ ਜਗਾਤ ਲੇਤ ਸਿੰਘ ਬੋਤਾ। ਹਥ ਮੇਂ ਰਾਖਤ ਸੋਟਾ ਮੋਟਾ।**
**ਮੇਰਾ ਕਹੀ ਸੁਨੇਹਾ ਜਾਇ। ਭਾਬੀ ਖਾਂਨੋ ਨੂੰ ਸਮਝਾਇ।**

*(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼)*

ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਰਤਨ ਸਿੰਘ ਭੰਗੂ ਵੀ ਇਸ ਤਰ੍ਹਾਂ ਲਿਖਦਾ ਹੈ :

**ਚਿਠੀ ਲਿਖੈ ਯੌ ਸਿੰਘ ਬੋਤਾ, ਹਥ ਹੈ ਸੋਟਾ, ਵਿਚ ਰਾਹ ਖੜੋਤਾ।**
**ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ।**
**ਆਖ ਭਾਬੀ ਖਾਨੋਂ ਨੂੰ ਯੌ ਆਖੈ ਸਿੰਘ ਬੋਤਾ ॥੧੪॥**

*ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ : ੩੧੯ (ਸ਼੍ਰੋਮਣੀ ਗੁ.ਪ੍ਰੰ.ਕਮੇਟੀ)*

ਜਦੋਂ ਜ਼ਕਰੀਆ ਖ਼ਾਂ ਨੂੰ ਇਹ ਖ਼ਬਰ ਪਹੁੰਚੀ, ਉਸ ਨੇ ਦੋ ਸੌ ਸਿਪਾਹੀਆਂ ਦਾ ਦਸਤਾ ਤੁਰੰਤ ਉੱਥੇ ਭੇਜਿਆ। ਇਹਨਾਂ ਨੇ ਆ ਕੇ ਚੁੰਗੀ ਨੂੰ ਘੇਰਾ ਪਾ ਲਿਆ। ਦੋਵੇਂ ਸਿੰਘ ਦੋ ਸੌ ਮੁਗ਼ਲਾਂ ਨਾਲ ਲੜਦੇ ਹੋਏ ਤੇ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਏ, ਪਰ ਇਹ ਦੱਸ ਗਏ ਕਿ ਸਿੰਘ ਅਜੇ ਜਿਊਂਦੇ ਹਨ।

**ਭਾਈ ਤਾਰਾ ਸਿੰਘ ਵਾਂ ਦੀ ਬਹਾਦਰੀ ਤੇ ਸ਼ਹਾਦਤ :** ਭਾਈ ਤਾਰਾ ਸਿੰਘ ਵਾਂ 'ਵਾਂ' ਪਿੰਡ ਦਾ ਰਹਿਣ ਵਾਲਾ ਸੀ। ਭਾਈ ਤਾਰਾ ਸਿੰਘ ਵਾਂ ਦਾ ਜਨਮ ਭਾਈ ਗੁਰਦਾਸ ਦੇ ਘਰ ਸੰਨ 1702 ਨੂੰ ਹੋਇਆ। ਦੱਸਿਆ ਜਾਂਦਾ ਹੈ, ਇਹਨਾਂ ਦੀ ਮਾਤਾ ਜੀ ਦੇ ਨਾਮ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਗੁਰਦਾਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਸਿੱਖੀ ਬਾਣਾ ਧਾਰਨ ਕੀਤਾ ਸੀ। ਭਾਈ ਤਾਰਾ ਸਿੰਘ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਭਾਈ ਤਾਰਾ ਸਿੰਘ ਇੱਕ ਚੰਗਾ ਘੋੜ-ਸਵਾਰ, ਤੀਰ-ਅੰਦਾਜ਼ ਤੇ ਤਲਵਾਰ ਚਲਾਉਣ ਦਾ ਮਾਹਰ ਸੀ। ਇਹ ਵੀ ਪਤਾ ਲਗਦਾ ਹੈ ਕਿ ਭਾਈ ਤਾਰਾ ਸਿੰਘ ਬਾਬਾ ਬੰਦਾ ਸਿੰਘ ਜੀ ਦੀਆਂ ਮੁਹਿੰਮਾਂ ਵਿੱਚ ਅੱਗੇ ਹੋ ਕੇ ਲੜਦੇ ਰਹੇ। ਬਹੁਤ ਦਿਆਲੂ ਸੁਭਾਅ ਦੇ ਮਾਲਕ ਸਨ। ਆਪਣੇ ਪਿੰਡ ਵਾਂ ਵਿਖੇ ਕਰੀਰ ਅਤੇ ਜੰਡ ਦੇ ਉੱਚੇ-ਉੱਚੇ ਦਰਖ਼ਤ ਲਾਏ ਸਨ। ਕੋਈ ਘੋੜਾ ਵੀ ਐਨੀ ਉੱਚੀ ਛਾਲ ਨਹੀਂ ਸੀ ਮਾਰ ਸਕਦਾ। ਮਕਾਨਾਂ ਲਾਗੇ ਉਸ ਨੇ ਵੱਡਾ ਟੋਆ ਪੁੱਟਿਆ ਹੋਇਆ ਸੀ, ਜਿਸ ਵਿੱਚ ਦਰਖ਼ਤਾਂ ਦੇ ਮੁੱਢ ਵੱਢ ਕੇ ਸੁੱਟੇ ਹੋਏ ਸਨ। ਸਰਦੀ ਦੇ ਮੌਸਮ ਵਿੱਚ ਸਿੰਘ ਰਾਤਾਂ ਨੂੰ ਆਉਂਦੇ ਤੇ ਆਪਣੇ ਹੱਡ ਸੇਕ ਕੇ ਤੇ ਪ੍ਰਸ਼ਾਦਾ-ਪਾਣੀ ਛਕ ਕੇ ਚਲੇ ਜਾਂਦੇ ਸਨ।

**ਜੋ ਮੁਖਿ ਤੇ ਵਹੁ ਬਚਨ ਉਚਾਰੇ ਸੋਊ ਠੀਕ ਪੁਗਾਵੈ।**
**ਸਿਰੋਂ ਪਰੇ ਡੇਰਾ ਨਿਤ ਰਾਖੈ, ਮਰਨੋ ਨਹਿਂ ਸੰਕਾਵੈ।**
**ਦੰਗਾ ਜਾਤਿ ਗੋਤ ਨਿਜਿ ਭਾਖੈ, ਧਾੜੇ ਮਾਰ ਲਿਆਵੈ।**
**ਰਸਤੇ ਜਾਂਦੀ ਬੋਲਿ ਬਲਾਕੇ ਅਪਨੇ ਪਾਸ ਟਿਕਾਵੈ ॥੪॥**
**ਬੰਦਾ ਹੁਤੋ ਜੀਵਤਾ ਜਬਿ ਤਬਿ ਤੁਰਕ ਘਣੇ ਤਿਨ ਮਾਰੇ।**
**ਹਸਤੀ ਮਸਤ ਸਮਾਨ ਜੰਗ ਮੈ, ਸਬਤੇ ਜਾਤ ਅਗਾਰੇ।**
**ਮੁਖੀਏ ਸਿੰਘਨ ਕੋ ਦੀਨੀ ਥੀ, ਤੁਰਕਨ ਤਬੈ ਜਗੀਰੈਂ।**
**ਤਾਂਹਿ ਸਮੈਂ ਥੀ ਤਾਰਾ ਸਿੰਘ ਕੋ, ਮਿਲੀ ਜਗੀਰ ਗੰਭੀਰੈਂ ॥੫॥**
**ਰਚਿ ਰਾਖਜੋ ਥਾ ਬੁੰਗਾ ਬਡ ਤਹਿਂ, ਲੰਗਰ ਅਧਿਕ ਚਲਾਵੈ।**

*(ਪੰਥ ਪ੍ਰਕਾਸ਼, ਪੰਨਾ : ੫੫੭, ਭਾਸ਼ਾ ਵਿਭਾਗ, ਪਟਿਆਲਾ)*

ਭਾਈ ਤਾਰਾ ਸਿੰਘ ਦਾ ਸਿੰਘਾਂ ਵਿੱਚ ਬਹੁਤ ਆਦਰ-ਸਨਮਾਨ ਸੀ। ਅਬਦੁਸ ਖ਼ਾਂ ਦੇ ਸਮੇਂ ਤਾਰਾ ਸਿੰਘ ਦਾ ਬੁੰਗਾ ਸਿੰਘਾਂ ਦਾ ਬਹੁਤ ਵੱਡਾ ਸਹਾਰਾ ਸੀ। ਸੰਨ 1726 ਵਿੱਚ ਜਦੋਂ ਜ਼ਕਰੀਆ ਖ਼ਾਂ ਗਵਰਨਰ ਬਣਿਆ ਤਾਂ ਨੌਸ਼ਹਿਰੇ ਦੇ ਚੌਧਰੀ ਨੇ ਸਿੰਘਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਭੜਾਣੇ ਪਿੰਡ ਦੇ ਦੋ ਸਿੰਘਾਂ ਮਾਲੀ ਸਿੰਘ ਤੇ

ਗੁਰਬਖ਼ਸ਼ ਸਿੰਘ ਦੇ ਖੇਤਾਂ ਵਿੱਚ ਸਾਹਿਬ ਰਾਏ ਆਪਣੀਆਂ ਘੋੜੀਆਂ ਛੱਡਣ ਲੱਗ ਪਿਆ। ਸਿੰਘਾਂ ਨੇ ਉਸ ਨੂੰ ਬਹੁਤ ਰੋਕਿਆ ਕਿ ਸਾਡੀਆਂ ਫ਼ਸਲਾਂ ਨਾ ਉਜਾੜੇ ਪਰ ਉਹ ਨਾ ਹਟਿਆ। ਬਲਕਿ ਇੱਕ ਦਿਨ ਲਵੀਆਂ ਕਣਕਾਂ ਵਿੱਚ ਆਪਣੀਆਂ ਘੋੜੀਆਂ ਛੱਡ ਦਿੱਤੀਆਂ। ਸਿੰਘਾਂ ਨੇ ਚੌਧਰੀ ਨੂੰ ਆਪਣੀਆਂ ਘੋੜੀਆਂ ਸਾਂਭਣ ਲਈ ਕਿਹਾ, ਤਾਂ ਅੱਗੋਂ ਹੋਰ ਰੋਹ ਵਿੱਚ ਆ ਕੇ ਕਹਿਣ ਲੱਗਾ, ਮੈਂ ਤੁਹਾਡਾ ਲਿਹਾਜ਼ ਕਰਦਾ ਰਿਹਾ ਹਾਂ, ਜੋ ਤੁਹਾਨੂੰ ਕਤਲ ਨਹੀਂ ਕਰਵਾ ਦਿੱਤਾ। ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਹੀ ਇਹਨਾਂ ਘੋੜੀਆਂ ਨੂੰ ਬੰਨ੍ਹਾਂਗਾ।

ਦੋਹਰਾ– **ਹੁਤੋ ਨੁਸ਼ਹਿਰੋ ਪੁਰ ਬਡੋ ਮਧ ਪੰਨੂ ਜੱਟ ਬਸਾਹਿ।**
**ਸਾਹਿਬ ਰਾਇ ਬਡ ਚੌਧਰੀ, ਹੁਤੋ ਉਸੈ ਕੇ ਮਾਂਹਿ॥੧੨॥**

ਚੌਪਈ– **ਦੁਇ ਘੋੜੀ ਉਸ ਘਰ ਥੀ ਚੰਗੀ, ਪਰ-ਖੇਤੀ ਚਰਾਵਤ ਨਹਿੰ ਸੰਗੀ।**
**ਤਹਿੰ ਭੀ ਦੁਇ ਸਿੰਘ ਖੇਤੀ ਕਰਾਵਤ, ਸੋ ਘੋੜੀ ਚੌਧਰੀ ਚਰ ਜਾਵਤ॥੧੩॥**
**ਤੌ ਸਿੰਘ ਸਾਹਿਬ ਰਾਇ ਪਹਿ ਗਏ, 'ਥੰਨ੍ਹੋ ਘੋੜੀ ਤੋ ਹਮ ਖੇਤ ਰਹੇ'।**
**ਤੌ ਚੌਧਰੀ ਕਹੀ ਸਿੰਘਨ, ਉਚਾਰ, 'ਤੁਮ ਘੋੜੀ ਰਖਾਵੋ, ਹਮ ਮੁੰਨੈ ਚਹੈਂ ਤੁਮ ਵਾਰ।'**

ਇਹ ਬੋਲੀ ਸਿੰਘਾਂ ਦੇ ਸੀਨੇ ਚੀਰ ਗਈ। ਉਹਨਾਂ ਨੇ ਲਾਗਲੇ ਪਿੰਡ ਤੁਸੇ ਦੇ ਸਰਦਾਰ ਬਘੇਲ ਸਿੰਘ ਤੇ ਅਮਰ ਸਿੰਘ ਨੂੰ ਸਾਰੀ ਵਿਥਿਆ ਸੁਣਾਈ। ਉਨ੍ਹਾਂ ਨੇ ਉਸੇ ਸਮੇਂ ਸਾਹਿਬ ਰਾਇ ਦੀਆਂ ਘੋੜੀਆਂ ਖੋਹ ਲਈਆਂ ਤੇ ਵਲਟੋਹੇ ਪਿੰਡ ਦੇ ਲਾਗਲੇ ਘਰਿਆਲ ਪਿੰਡ ਦੇ ਸਰਦਾਰ ਆਲਾ ਸਿੰਘ ਪਾਸ ਪਟਿਆਲ਼ੇ ਵੇਚ ਆਇਆ ਤੇ ਰਕਮ ਦੀ ਰਸਦ ਲੈ ਕੇ ਸਰਦਾਰ ਤਾਰਾ ਸਿੰਘ ਦੇ ਲੰਗਰ ਵਿੱਚ ਪਾ ਦਿੱਤੀ।

**ਸੁਨ ਸਿੰਘਨ ਤਨ ਮਨ ਲਗੀ ਆਗ, ਕਹੈਂ ਕਹਾਂ ਕਰੈਂ ਕਿਛ ਕਾਬੂ ਨ ਲਾਗ।**
**ਬਹੁ ਟੱਬਰਦਾਰੀ ਹੈ ਪਿੰਡ ਮਾਂਹਿ, ਨਹੀਂ ਮਾਰ ਮਾਰਤ ਤੁਮ ਕੋ ਅਬ ਥਾਇ॥੧੫॥**
**ਸੋ ਗਏ ਸਿੰਘ ਦੁਖਤ ਭੁਸਯੋ ਗਿਰਾਇ, ਹੁਤ ਬਘੇਲਸਿੰਘ ਅਮ੍ ਸਿੰਘ ਢਿੱਲੋਂ ਥਾਇ।**
**ਸੱਦ ਉਨ ਕੋ ਦਈ ਘੋੜੀ ਕਢਾਇ, ਉਨ ਅਗੇ ਦਈ ਘਰਯਾਲੇ ਪੁਚਾਏ॥**

*(ਪੰਨਾ : ੨੫੮)*

**ਅਗੋਂ ਲੈ ਲਖਮੀਰ ਸਿੰਘ ਸੰਧੂ ਜੰਗਲ ਬੇਚੀ ਜਾਇ॥**
**ਫਿਰ ਬਾਂਇ ਤਾਰੈ ਸਿੰਘ ਪਹਿ ਦਏ ਲੰਗਰ ਪੈਸੇ ਪਾਇ॥੧੭॥**

*(ਰਤਨ ਸਿੰਘ ਭੰਗੂ, ੨੫੮)*

ਗੱਲ ਕਾਫ਼ੀ ਵਧ ਗਈ ਸੀ। ਸਿੰਘ ਵੀ ਜਾਣ ਗਏ ਸਨ ਕਿ ਚੌਧਰੀ ਹੁਣ ਟਿਕ ਕੇ ਬੈਠਣ ਵਾਲਾ ਨਹੀਂ। ਉਹ ਸਿੱਧਾ ਹੀ ਤਾਰਾ ਸਿੰਘ ਵਾਂ ਦੇ ਵਾੜੇ ਵਿੱਚ ਆ ਗਿਆ ਤੇ ਅਬਾ-ਤਬਾ ਬੋਲਣ ਲੱਗਿਆ ਤੇ ਕਹਿੰਦਾ, ਮੇਰੀਆਂ ਘੋੜੀਆਂ ਦੇ ਚੋਰ ਮੇਰੇ ਹਵਾਲੇ ਕਰੋ। ਤਾਰਾ ਸਿੰਘ ਜੀ ਕਹਿੰਦੇ, ਇੱਥੇ ਕੋਈ ਚੋਰ ਨਹੀਂ, ਬਘੇਲ ਸਿੰਘ ਜੀ ਇੱਕ ਚੰਗੇ

ਗੁਰਸਿੱਖ ਹਨ। ਤਾਰਾ ਸਿੰਘ ਨੇ ਚੌਧਰੀ ਨੂੰ ਕਿਹਾ, ਤੂੰ ਇੱਥੇ ਆ ਕੇ ਸਾਨੂੰ ਧਮਕੀਆਂ ਨਾ ਦੇਹ, ਬਲਕਿ ਡੇਰੇ ਵਿੱਚੋਂ ਬਾਹਰ ਨਿਕਲ ਜਾ।

ਚੌਧਰੀ ਨੇ ਗ਼ੁੱਸੇ ਵਿੱਚ ਆ ਕੇ ਤਾਰਾ ਸਿੰਘ ਨੂੰ ਮੰਦੇ ਬੋਲ ਬੋਲੇ। ਐਨੇ ਵਿੱਚ ਕੁਝ ਗੱਭਰੂ ਉੱਠੇ ਤੇ ਚੌਧਰੀ ਨੂੰ ਚੰਗਾ ਚਾਟਾ ਛਕਾਇਆ। ਸਿੰਘਾਂ ਤੋਂ ਕੁੱਟ ਖਾ ਕੇ ਸਿੱਧਾ ਪੱਟੀ ਦੇ ਚੌਧਰੀ ਜਾਫ਼ਰ ਬੇਗ ਕੋਲ ਗਿਆ। ਉਹ ਪਹਿਲਾਂ ਹੀ ਚਾਹੁੰਦਾ ਸੀ ਕਿ ਸਿੱਖਾਂ ਨੂੰ ਮਾਰ ਮੁਕਾਇਆ ਜਾਵੇ। ਉਸ ਨੂੰ ਇਹ ਮੌਕਾ ਹੋਰ ਮਿਲ ਗਿਆ। ਉਹ 200 ਸਵਾਰਾਂ ਦੇ ਨਾਲ ਹੀ ਮੂੰਹ ਹਨੇਰੇ ਤਾਰਾ ਸਿੰਘ ਦੇ ਡੇਰੇ ਪੁੱਜ ਗਿਆ। ਇੱਥੇ ਚੰਗੀ ਲੜਾਈ ਹੋਈ। ਸ. ਬਘੇਲ ਸਿੰਘ ਦੇ ਨੇਜ਼ੇ ਨਾਲ ਕਈ ਮੁਗ਼ਲ ਮਾਰੇ ਗਏ। ਜਾਫ਼ਰ ਬੇਗ ਦਾ ਭਤੀਜਾ ਵੀ ਇਸ ਮੁੱਠਭੇੜ ਵਿੱਚ ਮਾਰਿਆ ਗਿਆ। ਕੁੱਟ ਖਾ ਕੇ ਜਾਫ਼ਰ ਬੇਗ ਲਾਹੌਰ ਵੱਲ ਨੂੰ ਭੱਜਿਆ ਤੇ ਜ਼ਕਰੀਆ ਖ਼ਾਂ ਨੂੰ ਸਾਰਾ ਹਾਲ ਸੁਣਾਇਆ। ਜ਼ਕਰੀਆ ਖ਼ਾਂ ਸਿੰਘਾਂ ਦੇ ਵੱਡੇ ਵੈਰੀਆਂ ਵਿੱਚੋਂ ਇੱਕ ਸੀ। ਉਸ ਨੇ ਮੋਮਨ ਖ਼ਾਂ ਨੂੰ ਹੁਕਮ ਦਿੱਤਾ ਕਿ ਉਹ ਫ਼ੌਜ ਲੈ ਕੇ ਚੜ੍ਹਾਈ ਕਰੇ। ਮੋਮਨ ਖ਼ਾਂ ਨੇ ਦੋ ਹਜ਼ਾਰ ਫ਼ੌਜ ਲੈ ਕੇ ਗਿਣਤੀ ਦੇ ਸਿੰਘਾਂ 'ਤੇ ਚੜ੍ਹਾਈ ਕਰ ਦਿੱਤੀ। ਮੋਮਨ ਖ਼ਾਂ ਨੇ ਕਸਮ ਖਾਧੀ ਕਿ ਮੈਂ ਸਿੰਘਾਂ ਦਾ ਖੁਰਾ-ਖੋਜ ਮਿਟਾ ਕੇ ਹੀ ਵਾਪਸ ਮੁੜਾਂਗਾ। ਇਤਨੇ ਵਿੱਚ ਲਾਹੌਰ ਤੋਂ ਇੱਕ ਸਿੰਘ ਨੇ ਫ਼ੁਰਤੀ ਨਾਲ ਸਾਰੀ ਖ਼ਬਰ ਤਾਰਾ ਸਿੰਘ ਨੂੰ ਆਣ ਸੁਣਾਈ। ਤਾਰਾ ਸਿੰਘ ਨੇ 50 ਕੁ ਸਿੰਘਾਂ ਨਾਲ ਸਲਾਹ ਕਰ ਕੇ ਦੋ ਹਜ਼ਾਰ ਫ਼ੌਜ ਨਾਲ ਜੂਝਣ ਦਾ ਫ਼ੈਸਲਾ ਲਿਆ। ਭਾਈ ਤਾਰਾ ਸਿੰਘ ਦੇ ਇਹ ਬਚਨ ਸੁਣ ਕੇ ਸਿੰਘ ਮਰਨ-ਮਾਰਨ ਲਈ ਤਿਆਰ ਹੋ ਗਏ। ਇਹਨਾਂ ਵਿੱਚੋਂ ਮੁਖੀ ਸਿੰਘ ਇਹ ਸਨ : ਲਖਮੀਰ ਸਿੰਘ ਘਰਿਆਲਾ, ਮਾਲੀ ਸਿੰਘ, ਗੁਰਬਖ਼ਸ਼ ਸਿੰਘ (ਭੜਾਣੇ ਦਾ), ਭਾਮ ਸਿੰਘ, ਬਾਦਲ ਸਿੰਘ (ਰੱਤੋਕੇ ਦੇ), ਮੇਘ ਸਿੰਘ (ਮੱਦਰਾਂ), ਹਰਾ ਸਿੰਘ (ਚੁੱਘ ਪਿੰਡ), ਬਲਾਕਾ ਸਿੰਘ (ਸਮਾਣਾ ਪਿੰਡ), ਜੋਧ ਸਿੰਘ (ਨਾਰੋਵਾਲ), ਮੇਹਰ ਸਿੰਘ (ਤੁੰਗ ਪਿੰਡ), ਜੋਗਾ ਸਿੰਘ, ਸੁੰਦਰ ਸਿੰਘ, ਨਿਰੰਜਨ ਸਿੰਘ, ਰਾਜ ਸਿੰਘ (ਪਿੰਡ ਚਾਹਲ), ਕੇਹਰ ਸਿੰਘ (ਪਿੰਡ ਹੇਹਰ), ਸ਼ੇਰ ਸਿੰਘ, ਸੂਬਾ ਸਿੰਘ (ਪਿੰਡ ਕੰਗਾਂ ਦੇ), ਸਰਨ ਸਿੰਘ ਆਦਿ। ਸਿੰਘਾਂ ਨੇ ਡੇਰਿਓਂ ਬਾਹਰ ਆ ਕੇ ਮੋਰਚੇ ਪੁੱਟ ਲਏ ਤੇ ਮੋਮਨ ਖ਼ਾਂ ਦੀ ਉਡੀਕ ਕਰਨ ਲੱਗੇ।

ਮੋਮਨ ਖ਼ਾਂ ਦੋ ਹਜ਼ਾਰ ਫ਼ੌਜ ਲੈ ਕੇ ਲਾਹੌਰ ਤੋਂ ਚੜ੍ਹਿਆ ਸੀ। ਰਸਤੇ ਵਿੱਚ ਚੌਧਰੀਆਂ ਦੀਆਂ ਧਾੜਾਂ ਵੀ ਨਾਲ ਰਲ਼ ਗਈਆਂ। ਪਿੰਡ ਵਾਂ ਤੋਂ ਥੋੜ੍ਹੀ ਦੂਰ ਆਣ ਕੇ ਡੇਰੇ ਕੀਤੇ। ਮੋਮਨ ਖ਼ਾਂ ਨੇ ਸਕੀਮ ਬਣਾਈ ਕਿ ਸਿੰਘਾਂ ਦੇ ਸੁੱਤਿਆਂ ਪਿਆਂ 'ਤੇ ਹੀ ਜਾ ਕੇ ਹਮਲਾ ਕੀਤਾ ਜਾਵੇ ਤੇ ਸਾਰਿਆਂ ਨੂੰ ਖ਼ਤਮ ਕਰ ਦਿੱਤਾ ਜਾਵੇ, ਪਰ ਜਿਉਂ ਹੀ ਮੋਮਨ ਖ਼ਾਂ ਅੱਗੇ ਵਧਿਆ ਸਿੰਘਾਂ ਨੇ ਮੋਰਚਿਆਂ ਵਿੱਚ ਬੈਠਿਆਂ ਨੇ ਗੋਲ਼ੀਆਂ ਦੀ ਐਸੀ ਵਰਖਾ ਕੀਤੀ ਕਿ ਮੋਮਨ ਖ਼ਾਂ ਦੀ ਪਹਿਲੀ ਕਤਾਰ ਦੇ ਫ਼ੌਜੀਆਂ ਦੀਆਂ ਲਾਸ਼ਾਂ ਦਾ ਢੇਰ ਲੱਗ ਗਿਆ। ਆਪਣੇ-ਆਪ ਨੂੰ ਸੰਭਾਲਦਾ ਹੋਇਆ ਮੋਮਨ ਖ਼ਾਂ ਪਿੱਛੇ ਨੂੰ ਮੁੜਿਆ ਤੇ ਫ਼ੌਜਾਂ ਪਿੱਛੇ ਹਟਾਈਆਂ। ਸੂਰਜ ਚੜ੍ਹ ਚੁੱਕਾ ਸੀ ਤੇ ਦੋਹਾਂ ਪਾਸਿਆਂ ਤੋਂ ਗਹਿਗੱਚ

ਲੜਾਈ ਸ਼ੁਰੂ ਹੋ ਗਈ ਸੀ ਸਿੱਖਾਂ ਨੇ ਮੋਮਨ ਖ਼ਾਂ ਦੀ ਫ਼ੌਜ ਵਿੱਚ ਭਾਜੜ ਪਾ ਦਿੱਤੀ। ਮੋਮਨ ਖ਼ਾਂ ਨੇ ਤੱਕੀ ਬੇਗ ਨੂੰ ਹੁਕਮ ਕੀਤਾ ਕਿ ਉਹ ਤਾਰਾ ਸਿੰਘ ਵਾਂ ਦਾ ਟਾਕਰਾ ਕਰੇ। ਤੱਕੀ ਬੇਗ ਬੜਾ ਮੰਨਿਆ-ਪ੍ਰਮੰਨਿਆ ਸੂਰਮਾ ਸੀ। ਤੱਕੀ ਬੇਗ ਤੀਰਾਂ ਦੀ ਵਰਖਾ ਕਰਦਾ ਭਾਈ ਤਾਰਾ ਸਿੰਘ ਵੱਲ ਵਧਿਆ। ਦੋਵੇਂ ਸੂਰਮੇ ਲੋਥਾਂ ਦੇ ਢੇਰ ਲਾਉਂਦੇ ਹੋਏ ਆਹਮਣੇ-ਸਾਹਮਣੇ ਆ ਗਏ। ਤੱਕੀ ਬੇਗ ਨੇ ਯਾ ਅਲੀ ਦਾ ਨਾਹਰਾ ਮਾਰ ਕੇ ਤਾਰਾ ਸਿੰਘ 'ਤੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ। ਉਸ ਦਾ ਕੋਈ ਵੀ ਨਿਸ਼ਾਨਾ ਖ਼ਾਲੀ ਨਹੀਂ ਸੀ ਜਾ ਰਿਹਾ, ਪਰ ਤਾਰਾ ਸਿੰਘ ਜੀ ਫੁਰਤੀ ਨਾਲ ਆਪਣੀ ਢਾਲ 'ਤੇ ਉਸ ਦੇ ਵਾਰ ਰੋਕ ਰਹੇ ਸਨ ਤੇ ਆਪਣਾ ਬਚਾ ਕਰ ਰਹੇ ਸਨ। ਭਾਈ ਤਾਰਾ ਸਿੰਘ ਆਪਣੇ ਘੋੜੇ ਨੂੰ ਅੱਗੇ ਵਧਾ ਰਹੇ ਸਨ ਤੇ ਮੌਕਾ ਦੇਖਦੇ ਹੀ ਉਹਨਾਂ ਨੇ ਤੱਕੀ ਬੇਗ ਦੇ ਮੂੰਹ 'ਤੇ ਨੇਜ਼ਾ ਮਾਰਿਆ। ਤੱਕੀ ਬੇਗ ਦੇ ਮੂੰਹ ਵਿੱਚੋਂ ਖ਼ੂਨ ਦਾ ਫ਼ੁਹਾਰਾ ਨਿਕਲਿਆ। ਉਹ ਦਰਦ ਨਾਲ ਕੁਰਲਾ ਉੱਠਿਆ ਤੇ ਛੇਤੀ ਨਾਲ ਹਾਥੀ ਨੂੰ ਪਿਛਾਂਹ ਵੱਲ ਮੋੜ ਕੇ ਜਾਨ ਬਚਾਉਣ ਦੀ ਕੀਤੀ। ਮੋਮਨ ਖ਼ਾਂ ਨੇ ਤੱਕੀ ਬੇਗ ਨੂੰ ਆਉਂਦੇ ਦੇਖ ਕੇ ਠੱਠੇ ਨਾਲ ਕਿਹਾ "ਖ਼ਾਨ ਸਾਹਿਬ! ਪਾਨ ਚਬਾ ਰਹੇ ਹੋ।"

ਕ੍ਰੋਧ ਨਾਲ ਸੜੇ-ਬਲੇ ਤੱਕੀ ਬੇਗ ਨੇ ਅੱਗੋਂ ਕਿਹਾ "ਹਾਂ ਜੀ, ਸ. ਤਾਰਾ ਸਿੰਘ ਅੱਗੇ ਬੀੜੇ ਵੰਡ ਰਿਹਾ ਹੈ। ਅੰਦਰ ਗ਼ੈਰਤ ਹੈ ਤਾਂ ਅੱਗੇ ਵਧ ਕੇ ਆਪ ਵੀ ਬੀੜਾ ਲੈ ਲਵੋ।" ਤੱਕੀ ਬੇਗ ਦੇ ਜ਼ਖ਼ਮ ਬਹੁਤ ਡੂੰਘਾ ਸੀ। ਉਹ ਤੜਫ਼-ਤੜਫ਼ ਕੇ ਮਰ ਗਿਆ। ਮੋਮਨ ਖ਼ਾਂ ਨੂੰ ਇਸ 'ਤੇ ਬਹੁਤ ਗ਼ੁੱਸਾ ਆਇਆ ਤੇ ਉਹਨੇ ਆਪਣੇ ਭਤੀਜੇ ਮੁਰੀਦ ਖ਼ਾਂ ਨੂੰ ਲਲਕਾਰਿਆ। ਉਹ ਚੜ੍ਹਦੀ ਜਵਾਨੀ ਵਿੱਚ ਸੀ। ਲਲਕਾਰੇ ਤੇ ਨਾਹਰੇ ਮਾਰਦਾ ਅੱਗੇ ਨੂੰ ਅੱਗੇ ਸਿੰਘਾਂ ਤੋਂ ਕਿਵੇਂ ਬਚ ਕੇ ਨਿਕਲਦਾ, ਅੱਗੋਂ ਭੀਮ ਸਿੰਘ ਟੱਕਰ ਗਿਆ। ਉਸ ਨੇ ਮੁਰੀਦ ਖ਼ਾਂ ਨੂੰ ਕਿਹਾ, ਆਪਣੇ ਅੱਲਾ ਨੂੰ ਯਾਦ ਕਰ ਲੈ, ਤੇਰਾ ਕਾਲ ਆ ਗਿਆ ਹੈ। ਇਸ ਤਰ੍ਹਾਂ ਭੀਮ ਸਿੰਘ ਨੇ ਹਾਥੀ ਦੀ ਪੂਛ ਫੜ ਕੇ ਹਾਥੀ 'ਤੇ ਚੜ੍ਹ ਕੇ ਮੁਰੀਦ ਖ਼ਾਂ ਨੂੰ ਅਗਲੇ ਜਹਾਨ ਤੋਰਿਆ।

ਭਤੀਜੇ ਦੀ ਮੌਤ ਦੇਖ ਕੇ ਮੋਮਨ ਖ਼ਾਂ ਹੋਰ ਭੜਕ ਪਿਆ। ਉਸ ਨੇ ਸਾਰੀ ਫ਼ੌਜ ਨੂੰ ਇੱਕੋ ਹੱਲੇ ਵਿੱਚ ਸਿੰਘਾਂ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ। ਬਸ ਫੇਰ ਕੀ ਸੀ! ਅੰਧਾ-ਧੁੰਦ ਤਲਵਾਰ ਚੱਲਣ ਲੱਗ ਪਈ। ਸੋ, ਸਾਰੇ ਸਿੰਘ ਲੜਦੇ ਹੋਏ ਸ਼ਹੀਦੀਆਂ ਪਾ ਗਏ। ਦੂਸਰੇ ਪਾਸੇ ਮੋਮਨ ਖਾਂ, ਤੱਕੀ ਬੇਗ, ਮੁਰੀਦ ਖ਼ਾਂ, ਦਇਆ ਰਾਮ ਤੇ ਮਨਸਾ ਰਾਮ ਆਦਿਕ ਚੋਣਵੇਂ ਅਫ਼ਸਰ ਵੀ ਇਸ ਜੰਗ ਵਿੱਚ ਤਿੰਨ ਕੁ ਸੌ ਸਿਪਾਹੀਆਂ ਸਮੇਤ ਮਾਰੇ ਗਏ। ਇਹ ਲੜਾਈ 1726 ਨੂੰ ਹੋਈ। ਤਾਰਾ ਸਿੰਘ ਦੀ ਸ਼ਹਾਦਤ ਨੇ ਸਿੰਘਾਂ ਵਿੱਚ ਨਵਾਂ ਜੋਸ਼ ਪੈਦਾ ਕਰ ਦਿੱਤਾ ਤੇ ਉਹਨਾਂ ਨੇ ਹਕੂਮਤ ਵਿਰੁੱਧ ਤਲਵਾਰਾਂ ਚੁੱਕ ਲਈਆਂ।

ਜ਼ਕਰੀਆ ਖ਼ਾਂ ਦੀ ਮੌਤ ਤੋਂ ਪਿੱਛੋਂ ਉਸ ਦਾ ਪੁੱਤ ਬਿਜੈ ਖ਼ਾਨ ਲਾਹੌਰ ਦਾ ਸੂਬਾ ਬਣਿਆ। ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ :

**ਖਾਨ ਬਹਾਦਰ ਮਰਿਓ ਜਬਹੀ,**
**ਬਿਜੈ ਖਾਨ ਸੁਤ ਤਾਂਕਾ ਤਬਹੀ।**
**ਸੂਬਾ ਭਯੋ ਲਹੌਰੈਂ ਗੌਰੈਂ**
**ਲਖਪਤ ਕਿਯ ਦਿਵਾਨ ਨਿਜ ਤੋਰੈ।**

*(ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼, ਪੰਨਾ : ੭੬੦)*

ਪੰਥ ਪ੍ਰਕਾਸ਼ ਦੇ ਸੰਪਾਦਕ ਗਿਆਨੀ ਕ੍ਰਿਪਾਲ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ :

ਸ੍ਰੈਯਾ ॥ **ਖਾਨ ਬਹਾਦਰ ਫੈਤ ਭਯੋ ਜਬਿ,**
**ਦੋ ਸੁਤ ਔਰ ਰਹੇ ਤਿਹ ਪਾਛੇ।**
**ਨਾਜ਼ਮ ਏਕ ਲਾਹੌਰ ਭਯੋ ਤਬਿ**
**ਔਰ ਭਯੋ ਮੁਲਤਾਨ ਕੋ ਆਛੈ।**
**ਨਾਮ ਹੁਤੋ ਇੱਕ ਕੋ ਅਹੀਆ,**
**ਪੁਨ ਦੂਸਰ ਸ਼ਾਹ ਨਿਵਾਜ ਕਛਾਵੈ।**
**ਸ਼ਾਹਿ ਨਿਵਾਜ ਲਾਹੌਰ ਰਹੈ,**
**ਅਹੀਆ ਮੁਲਤਾਨ ਰਹੈ ਸੁਖ ਬਾਂਛੇ।**

*(ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾ :੨੨੭੨, ਉਤਾਰਾ ਬਿਸ੍ਰਾਮ 34)*

ਸ਼ਾਹ ਨਿਵਾਜ਼ ਲਾਹੌਰ ਦਾ ਸੂਬਾ ਬਣਿਆ ਤਾਂ ਉਸ ਨੇ ਆਪਣਾ ਦੀਵਾਨ ਲਖਪਤ ਰਾਏ ਨੂੰ ਬਣਾਇਆ। ਉਸ ਸਮੇਂ ਲਾਹੌਰ ਦਾ ਕੋਤਵਾਲ ਭਾਈ ਸੁਬੇਗ ਸਿੰਘ ਸੀ। ਕੁਝ ਸਮਾਂ ਹੀ ਸ਼ਾਂਤੀ ਪੂਰਵਕ ਨਿਕਲਿਆ, ਫੇਰ ਲਖਪਤ ਰਾਏ ਨੇ ਸਿੰਘਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਜਿੱਥੇ ਹੋਰ ਸਿੰਘ ਸ਼ਹੀਦ ਕੀਤੇ ਗਏ, ਉੱਥੇ ਭਾਈ ਸੁਬੇਗ ਸਿੰਘ ਅਤੇ ਸ਼ਹਬਾਜ ਸਿੰਘ ਨੂੰ ਵੀ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਸਿੰਘਾਂ ਦੇ ਸਿਰ 'ਤੇ ਬਿਪਤਾ ਦੇ ਪਹਾੜ ਟੁੱਟ ਰਹੇ ਸਨ। ਸਿੰਘ ਆਪਣਾ ਸਿਰ ਲੁਕਾਉਣ ਲਈ ਥਾਂ-ਥਾਂ 'ਤੇ ਮਾਰੇ-ਮਾਰੇ ਫਿਰ ਰਹੇ ਸਨ। ਬਹੁਤ ਭਿਅੰਕਰ ਸਮਾਂ ਸੀ। ਜ਼ਕਰੀਆ ਖ਼ਾਂ ਦੇ ਪੁੱਤਰ ਭਾਵੇਂ ਸਕੇ ਭਰਾ ਸਨ, ਪਰ ਆਪਸ ਵਿੱਚ ਇੱਕ-ਦੂਜੇ ਦੇ ਕੱਟੜ ਵਿਰੋਧੀ ਸਨ। ਇਹ ਦੋਵੇਂ ਹੀ ਦਿੱਲੀ ਦੇ ਪ੍ਰਧਾਨ ਮੰਤਰੀ ਕਮਰੂਦੀਨ ਦੇ ਦੋਹਤੇ ਸਨ। ਕਮਰੂਦੀਨ ਵੱਡਾ ਵਜ਼ੀਰ ਹੋਣ ਦੇ ਬਾਵਜੂਦ ਆਪਣੇ ਦੋਹਤਿਆਂ ਵਿੱਚ ਸੁਲ੍ਹਾ ਨਹੀਂ ਕਰਵਾ ਸਕਿਆ। ਅਖ਼ੀਰ ਵਿੱਚ ਸ਼ਾਹ ਨਿਵਾਜ਼ ਖ਼ਾਂ ਹੀ ਅਹਿਮਦ ਸ਼ਾਹ ਅਬਦਾਲੀ ਨੂੰ ਹਮਲਾ ਕਰਨ ਲਈ ਉਕਸਾਉਣ ਵਿੱਚ ਮੁੱਖ ਜ਼ਿੰਮੇਵਾਰ ਬਣਿਆ, ਭਾਵੇਂ ਕਿ ਅਬਦਾਲੀ ਦੇ ਲਾਹੌਰ ਪਹੁੰਚਣ ਤਕ ਉਹ ਕਮਰੂਦੀਨ ਨਾਲ ਰਲ ਗਿਆ ਸੀ। ਇਹ ਗੱਲ ਵੱਖਰੀ ਹੈ ਕਿ ਅਬਦਾਲੀ ਪਹਿਲੇ ਹਮਲੇ ਵਿੱਚ ਹਾਰ ਗਿਆ ਸੀ, ਪਰ ਇਸ ਹਾਰ ਨੇ ਪੰਜਾਬ ਨੂੰ ਇੱਕ ਨਵਾਂ ਗਵਰਨਰ ਮੀਰ ਮਨੂੰ ਦੇ ਰੂਪ ਵਿੱਚ ਦੇ ਦਿੱਤਾ ਸੀ। ਯਹੀਆ ਖ਼ਾਂ ਅਤੇ ਸ਼ਾਹ ਨਿਵਾਜ ਖ਼ਾਂ ਦੀ ਗੜਬੜੀ ਨੇ ਭਰਪੂਰ ਰਾਜ ਨੂੰ ਮੀਰ ਮਨੂੰ ਰਾਹੀਂ ਸਥਿਰਤਾ

ਪ੍ਰਦਾਨ ਕੀਤੀ, ਪਰ ਇਹ ਟਿਕਾਓ ਵਾਲਾ ਵਾਤਾਵਰਣ ਸਿੰਘਾਂ ਲਈ ਬਿਪਤਾ ਬਣ ਕੇ ਆ ਗਿਆ।

**ਛੋਟਾ ਘੱਲੂਘਾਰਾ** : ਮਾਰਚ, 1746 ਨੂੰ ਵਿਸਾਖੀ ਤੋਂ ਇੱਕ ਦਿਨ ਪਹਿਲਾਂ ਦੀ ਗੱਲ ਹੈ ਕਿ ਏਮਨਾਬਾਦ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਰੋੜੀ ਸਾਹਿਬ ਵਿਖੇ ਸਿੰਘ ਜਾ ਠਹਿਰੇ। ਸਿੰਘ ਉੱਥੇ ਵੈਸਾਖੀ ਮਨਾਉਣ ਗਏ ਸੀ। ਲੰਗਰ ਤਿਆਰ ਕਰ ਰਹੇ ਸਨ। ਉਸ ਇਲਾਕੇ ਦੇ ਫ਼ੌਜਦਾਰ ਲਖਪਤ ਰਾਏ ਦਾ ਭਰਾ ਜਸਪਤ ਰਾਏ ਸੀ। ਉਹ ਹਾਥੀ 'ਤੇ ਸਵਾਰ ਹੋ ਕੇ ਸੌ ਕੁ ਫ਼ੌਜੀ ਲੈ ਕੇ ਉੱਥੇ ਆ ਟਪਕਿਆ ਤੇ ਸਿੰਘਾਂ ਨੂੰ ਉੱਥੋਂ ਚਲੇ ਜਾਣ ਲਈ ਕਹਿਣ ਲੱਗਿਆ। ਸਿੰਘਾਂ ਨੇ ਕਿਹਾ ਕਿ ਉਹ ਲੰਗਰ ਛਕ ਕੇ ਤੇ ਰਾਤ ਰਹਿ ਕੇ ਵੈਸਾਖੀ ਦੇ ਪੁਰਬ 'ਤੇ ਸਰੋਵਰ ਵਿੱਚ ਇਸ਼ਨਾਨ ਕਰ ਕੇ ਚਲੇ ਜਾਣਗੇ। ਜਸਪਤ ਨੇ ਰੋਹਬ ਨਾਲ ਕਿਹਾ, "ਹੁਣੇ ਹੀ ਉੱਠੋ, ਨਹੀਂ ਤਾਂ ਮੈਂ ਜ਼ਬਰਦਸਤੀ ਉਠਾ ਦਿਆਂਗਾ। ਇੱਕ ਇੱਕ ਨੂੰ ਫੜ ਕੇ ਹੁੱਕੇ ਦਾ ਪਾਣੀ ਪਾ ਕੇ ਸਿਰ ਮੁੰਨਵਾ ਦਿਆਂਗਾ।"

ਜਸਪਤ ਦੇ ਇਹ ਬੋਲ ਸਿੰਘਾਂ ਦੇ ਸੀਨੇ ਸਾੜ ਗਏ। ਫੇਰ ਕਿਹੜੀ ਦੇਰ ਹੋਣੀ ਸੀ, ਸੋ ਜੋ ਹੋਣਾ ਸੀ ਉਹ ਹੋ ਗਿਆ। ਸਿੰਘ ਅਕਾਲ-ਅਕਾਲ ਕਰਦੇ ਜਸਪਤ ਦੀ ਫ਼ੌਜ 'ਤੇ ਜਾ ਪਏ। ਇੱਕ ਗੋਲ਼ੀ ਹਾਥੀ ਤੇ ਬੈਠੇ ਜਸਪਤ ਦੇ ਜਾ ਵੱਜੀ ਤੇ ਇੱਕ ਨਿਬਾਹੂ ਸਿੰਘ ਨਾਮੀ ਸਿੰਘ ਨੇ ਹਾਥੀ ਦੀ ਪੂਛ ਫੜ੍ਹ ਕੇ ਹਾਥੀ ਦੇ ਉੱਪਰ ਚੜ੍ਹ ਕੇ ਜਸਪਤ ਦਾ ਸਿਰ ਵੱਢ ਲਿਆ। ਜਸਪਤ ਦੇ ਸਾਰੇ ਸਾਥੀ ਉਸ ਦੀ ਲੋਥ ਲੈ ਕੇ ਦੌੜ ਗਏ ਤੇ ਸਿੰਘ ਉਹਨਾਂ ਦਾ ਪਿੱਛਾ ਕਰਦਿਆਂ ਏਮਨਾਬਾਦ ਨੂੰ ਜਾ ਪਏ। ਜੋ ਅੜਿਆ ਸੋ ਝੜਿਆ! ਸਿੰਘਾਂ ਨੇ ਏਮਨਾਬਾਦ ਨੂੰ ਖ਼ੂਬ ਲੁੱਟਿਆ। ਜਸਪਤ ਦਾ ਸਿਰ ਸਿੰਘਾਂ ਕੋਲ ਸੀ, ਇਸ ਲਈ ਉਸ ਦੀ ਲੋਥ ਦਾ ਸਸਕਾਰ ਨਹੀਂ ਹੋ ਰਿਹਾ ਸੀ। ਲਖਪਤ ਰਾਏ ਤੇ ਜਸਪਤ ਰਾਏ ਦੇ ਗੁਰੂ ਗੁਸਾਈਂ ਜਗਤ ਭਗਤ ਨੇ ਵਿੱਚ ਪੈ ਕੇ, ਪੰਜ ਸੌ ਰੁਪਏ ਭੇਟਾ ਦੇ ਕੇ ਸਿੰਘਾਂ ਪਾਸੋਂ ਜਸਪਤ ਦਾ ਸਿਰ ਲਿਆ ਤੇ ਫੇਰ ਜਾ ਕੇ ਸਸਕਾਰ ਕੀਤਾ ਗਿਆ।

ਜਦੋਂ ਲਖਪਤ ਰਾਏ ਨੂੰ ਇਹ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਸਿਰ ਤੋਂ ਪੱਗ ਲਾਹ ਕੇ ਭਰੇ ਦੀਵਾਨ ਵਿੱਚ ਸੁੱਟ ਦਿੱਤੀ ਤੇ ਕਸਮ ਖਾ ਕੇ ਕਹਿੰਦਾ, "ਜਿੰਨਾ ਚਿਰ ਮੈਂ ਸਿੰਘਾਂ ਦਾ ਬੀ ਨਾਸ ਨਹੀਂ ਕਰ ਲੈਂਦਾ, ਓਨਾ ਚਿਰ ਮੈਂ ਆਪਣੀ ਪੱਗ ਸਿਰ 'ਤੇ ਨਹੀਂ ਰੱਖਾਂਗਾ।" ਇਹ ਸੁਣ ਕੇ ਸੂਬੇਦਾਰ ਖ਼ੁਸ਼ ਹੋਇਆ ਤੇ ਆਖਿਆ, "ਅਸੀਂ ਵੀ ਇਹੋ ਚਾਹੁੰਦੇ ਹਾਂ ਕਿ ਜੋ ਤੂੰ ਆਖਿਆ ਹੈ, ਜੋ ਤੈਨੂੰ ਸਹਾਇਤਾ ਚਾਹੀਦੀ ਹੈ, ਲਵੇ ਤੇ ਸਿੰਘਾਂ ਦੀ ਜੜ੍ਹ ਪੁੱਟੇ।" ਸੂਬੇਦਾਰ ਦੀ ਇਹ ਗੱਲ ਸੁਣ ਕੇ ਲਖਪਤ ਰਾਏ ਗ਼ੁੱਸੇ ਵਿੱਚ ਬੋਲਿਆ, "ਮੈਨੂੰ ਖੱਤਰੀ ਦਾ ਬੀ ਤਾਂ ਜਾਣਿਓ, ਜਦੋਂ ਮੈਂ ਇਹਨਾਂ ਦਾ ਬੀ ਨਾਸ ਨਹੀਂ ਕਰ ਦਿੰਦਾ। ਇਹ ਪੰਥ ਗੋਬਿੰਦੇ ਖੱਤਰੀ (ਧੰਨ ਗੁਰੂ ਗੋਬਿੰਦ ਸਿੰਘ ਜੀ) ਨੇ ਬਣਾਇਆ ਸੀ ਤੇ ਮੈਂ ਖੱਤਰੀ ਹੀ ਹੁਣ ਇਸ ਦਾ ਨਾਮ-ਨਿਸ਼ਾਨ ਮਿਟਾ ਦਿਆਂਗਾ। ਫੇਰ ਹੀ ਮੈਂ ਅੰਨ ਖਾਵਾਂਗਾ।" ਉਸ ਨੇ ਵਿਸ਼ੇਸ਼ ਹੁਕਮ ਜਾਰੀ ਕੀਤਾ, "ਜਿੱਥੇ ਕਿਤੇ ਵੀ ਸਿੱਖ ਦਿਸਣ,

ਉਹਨਾਂ ਦੀ ਖ਼ਬਰ ਕਰੋ। ਕੋਈ *ਸ੍ਰੀ ਗੁਰੂ ਗ੍ਰੰਥ ਸਾਹਿਬ* ਜਾਂ ਕਿਸੇ ਹੋਰ ਪੋਥੀ ਦਾ ਪਾਠ ਨਾ ਕਰੇ ਤੇ ਨਾ ਹੀ ਆਪਣੇ ਪਾਸ ਰੱਖੇ। ਕੋਈ ਗੁਰੂ ਦਾ ਨਾਮ ਨਾ ਲਵੇ। 'ਗੁੜ' ਨੂੰ ਵੀ ਭੇਲੀ ਜਾਂ ਰੋੜੀ ਕਿਹਾ ਜਾਵੇ, ਕਿਉਂਕਿ ਗੁੜ ਸ਼ਬਦ 'ਗੁਰ' ਨਾਲ ਮਿਲਦਾ-ਜੁਲਦਾ ਹੋਣ ਕਰ ਕੇ ਗੁਰੂ ਦੀ ਯਾਦ ਆ ਸਕਦੀ ਹੈ।"

ਲਖਪਤ ਦੇ ਹੁਕਮਾਂ ਨਾਲ ਸਿੱਖਾਂ 'ਤੇ ਜ਼ੁਲਮਾਂ ਦਾ ਅਰੰਭ 13 ਮਾਰਚ, 1746 ਨੂੰ ਲਾਹੌਰ ਦੇ ਬੇਦੋਸ਼ੇ ਅਤੇ ਕਿਰਤੀ ਮਜ਼ਦੂਰਾਂ ਦੇ ਕਤਲ ਨਾਲ ਸ਼ੁਰੂ ਹੋਇਆ। ਗੁਰਬਾਣੀ ਦੀਆਂ ਪੋਥੀਆਂ ਅਤੇ ਗ੍ਰੰਥ ਲੱਭ ਕੇ ਅਗਨ ਭੇਂਟ ਕੀਤੇ ਗਏ, ਧਰਮਸ਼ਾਲਾਵਾਂ ਢੂਹਾ ਦਿੱਤੀਆਂ ਗਈਆਂ। ਪਵਿੱਤਰ ਰਾਮਦਾਸ ਸਰੋਵਰ ਮਿੱਟੀ ਨਾਲ ਪੂਰ ਕੇ ਉੱਥੇ ਖੇਤੀ ਬਿਜਵਾ ਦਿੱਤੀ ਗਈ। ਉਪਰੰਤ ਪੰਜਾਬ ਭਰ ਦੇ ਮੁਸਲਮਾਨਾਂ ਤੇ ਸੂਬੇ ਦੀ ਭਾਰੀ ਫ਼ੌਜ ਨੇ ਲੜਾਈ ਦਾ ਸਾਮਾਨ ਅਤੇ ਤੋਪਖ਼ਾਨਾ ਆਦਿ ਲੈ ਕੇ ਸਿੰਘਾਂ ਮਗਰ ਚੜ੍ਹਾਈ ਕਰ ਦਿੱਤੀ। ਜਿੱਥੇ ਵੀ ਕਿਧਰੇ ਕੋਈ ਸਿੰਘ ਦਿਖਾਈ ਦਿੰਦਾ, ਉਸ ਨੂੰ ਪਕੜ ਕੇ ਕਤਲ ਕੀਤਾ ਜਾਂਦਾ। ਪਿੰਡਾਂ ਦੇ ਚੌਧਰੀ ਮੁਖ਼ਬਰੀਆਂ ਕਰ-ਕਰ ਕੇ ਸਿੰਘਾਂ ਨੂੰ ਪਕੜਾਉਂਦੇ ਅਤੇ ਇਨਾਮ ਪਾਉਂਦੇ। ਗੱਲ ਕੀ ਪੱਤਾ-ਪੱਤਾ ਸਿੱਖਾਂ ਦਾ ਵੈਰੀ ਹੋ ਗਿਆ ਸੀ। ਭਾਵੇਂ 30-35 ਸਾਲਾਂ ਤੋਂ ਸਿੱਖ ਤਲਵਾਰ ਦੀ ਧਾਰ ਹੇਠ ਸਨ, ਪਰੰਤੂ ਇਸ ਦੇ ਬਾਵਜੂਦ ਇਹਨਾਂ ਦੀ ਗਿਣਤੀ 40-50 ਹਜ਼ਾਰ ਦੇ ਕਰੀਬ ਸੀ। ਲਾਹੌਰ ਨੇੜੇ ਰਹਿਣਾ ਖ਼ਤਰੇ ਵਿੱਚ ਜਾਣਾ ਸੀ। ਇਸ ਲਈ ਇਹਨਾਂ ਨੇ ਕਾਹਨੂੰਵਾਨ, ਬਸੰਲੀ ਅਤੇ ਕਠੂਹੇ ਵੱਲ ਜਾਣ ਦਾ ਰੁਖ਼ ਕੀਤਾ। ਸਿੰਘਾਂ ਨੇ ਗੁਰਮਤਾ ਕੀਤਾ ਅਤੇ ਕਾਹਨੂੰਵਾਨ ਦੇ ਛੰਭ ਵਿੱਚ ਇਕੱਤਰ ਹੋ ਗਏ ਅਤੇ ਚੜ੍ਹੀ ਹੋਈ ਆਫ਼ਤ ਹਨੇਰੀ ਨੂੰ ਰੋਕਣ ਲਈ ਡਟ ਗਏ:

**ਕਰਨਾ ਜ਼ੁਲਮ ਦਾ ਟਾਕਰਾ ਹੋ ਤਕੜੇ**
**ਤੇਗਾਂ ਸਾਨਾਂ ਦੇ ਉੱਤੇ ਚੜ੍ਹਾਈਆਂ ਜੀ।**
**ਯਾ ਰਹੇਗਾ ਪੰਥ ਯਾ ਜ਼ੁਲਮ ਰਹੂ**
**ਸਿੱਖਾਂ ਇਹੋ ਦਲੀਲਾਂ ਠਹਿਰਾਈਆਂ ਜੀ।**

ਲਖਪਤ ਦੀਆਂ ਫ਼ੌਜਾਂ ਜਿਉਂ ਹੀ ਝੱਲਾਂ ਵਿੱਚ ਵੜੀਆਂ ਤਾਂ ਸਿੰਘਾਂ ਨੇ ਮੂੰਹ-ਤੋੜ ਜਵਾਬ ਦਿੱਤਾ। ਸਿੰਘ ਤਾਂ ਗਾੜ੍ਹੇ ਕੰਡਿਆਲੇ ਜੰਗਲਾਂ ਦੇ ਭੇਤੀ ਸਨ ਅਤੇ ਫੁਰਤੀਲੀ ਪੋਸ਼ਾਕ ਕਾਰਨ ਇੱਧਰ-ਉੱਧਰ ਮਿਰਗਾਂ ਵਾਂਗ ਭੱਜ-ਨੱਠ ਸਕਦੇ ਸਨ, ਪਰੰਤੂ ਅਜਨਬੀ ਮੁਗ਼ਲਾਂ ਦੀਆਂ ਧਾੜਾਂ ਬੁਰੀ ਤਰ੍ਹਾਂ ਕੜਿੱਕੀ ਵਿੱਚ ਆਣ ਫਸੀਆਂ। ਲਖਪਤ ਨੇ ਦੇਖਿਆ ਕਿ ਹੁਣ ਕੋਈ ਪੇਸ਼ ਨਹੀਂ ਜਾ ਰਹੀ, ਉਸ ਨੇ ਤੋਪਾਂ ਬੀੜ ਕੇ ਖ਼ਾਲਸੇ 'ਤੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਜੰਗਲਾਂ ਨੂੰ ਕਟਵਾਉਣਾ ਸ਼ੁਰੂ ਕਰ ਦਿੱਤਾ, ਤਾਂ ਜੋ ਖ਼ਾਲਸੇ ਦੇ ਨੇੜੇ ਪਹੁੰਚਿਆ ਜਾ ਸਕੇ, ਪਰ ਦਰਖ਼ਤ ਕੱਟਣੇ ਕਿਹੜਾ ਕੋਈ ਸੌਖਾ ਕੰਮ ਸੀ। ਇਸ ਕੰਮ ਵਿੱਚ ਵੀ ਬਹੁਤ ਸ਼ਕਤੀ ਨਸ਼ਟ ਹੋ ਰਹੀ ਸੀ। ਜਦੋਂ ਇਸ ਕੰਮ ਵਿੱਚ ਲਖਪਤ ਨੂੰ ਕਾਮਯਾਬੀ ਨਾ ਮਿਲੀ ਤਾਂ ਉਸ ਨੇ ਜੰਗਲ ਨੂੰ ਅੱਗ ਲਗਵਾ ਦਿੱਤੀ, ਇਹ ਸੋਚ ਕੇ ਕਿ ਸਿੰਘ ਬੁਰੀ ਤਰ੍ਹਾਂ ਘਿਰ ਜਾਣਗੇ ਤੇ ਜੰਗਲ ਛੱਡ ਕੇ ਕਿੱਧਰ ਨੂੰ ਜਾਣਗੇ।

ਲਖਪਤ ਨੇ ਸਿੰਘਾਂ 'ਤੇ ਹਰ ਪ੍ਰਕਾਰ ਦਾ ਕਹਿਰ ਵਰਤਾਉਣ ਦਾ ਯਤਨ ਕੀਤਾ, ਜਿਸ ਨਾਲ ਸਿੰਘਾਂ 'ਤੇ ਬੜੀ ਵੱਡੀ ਮੁਸੀਬਤ ਆਣ ਪਈ। ਦੋ-ਤਿੰਨ ਮਹੀਨੇ ਘੇਰੇ ਪਏ ਨੂੰ ਹੋ ਗਏ ਸਨ। ਸਿੰਘਾਂ ਕੋਲ ਰਾਸ਼ਨ-ਪਾਣੀ ਖ਼ਤਮ ਹੋ ਚੁੱਕਾ ਸੀ। ਸ਼ਸਤਰ ਵੀ ਖੁੰਢੇ ਹੋ ਗਏ ਸਨ। ਬਸਤਰ ਵੀ ਮਸਤਾਨੇ ਹੋ ਚੁੱਕੇ ਸਨ। ਸੋ ਸਿੰਘ ਲੜਦੇ-ਭਿੜਦੇ ਬਸੌਲੀ ਵੱਲ ਨੂੰ ਨਿਕਲੇ ਤਾਂ ਪਹਾੜੀਆਂ ਨੇ ਅੱਗਿਓਂ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪਹਾੜੀਏ ਸਿੰਘਾਂ 'ਤੇ ਪੱਥਰਾਂ ਨਾਲ ਵੀ ਹਮਲੇ ਕਰ ਰਹੇ ਸਨ। ਕਈ ਸਿੰਘਾਂ ਦੀਆਂ ਪੱਥਰਾਂ ਦੀ ਮਾਰ ਨਾਲ ਲੱਤਾਂ-ਬਾਹਾਂ ਵੀ ਟੁੱਟ ਗਈਆਂ। ਪੱਥਰ ਉੱਪਰੋਂ ਐਨੀ ਜ਼ੋਰ ਦੀ ਮਾਰ ਕਰ ਰਹੇ ਸਨ ਜਿਵੇਂ ਤੋਪ ਵਿੱਚੋਂ ਗੋਲ਼ਾ ਨਿਕਲਦਾ ਹੈ। ਸਿੰਘ ਹੁਣ ਇਸ ਹਾਲਤ ਵਿੱਚ ਸਨ ਕਿ ਦੋ ਪਾਸੇ ਬਸੌਲੀ ਅਤੇ ਕਠੂਹੇ ਵੱਲ ਪਹਾੜੀਏ ਰਾਹ ਰੋਕੀ ਖੜ੍ਹੇ ਸਨ। ਦੂਸਰੇ ਪਾਸੇ ਬਿਆਸ ਆਪਣੇ ਪੂਰੇ ਵੇਗ ਨਾਲ ਵਹਿ ਰਿਹਾ ਸੀ ਅਤੇ ਪਿਛਲੇ ਬੰਨੇ ਤੋਂ ਲੱਖੂ ਦਾ ਸ਼ਾਹੀ ਕਟਕ ਚੜ੍ਹਿਆ ਆ ਰਿਹਾ ਸੀ। ਉੱਤੋਂ ਭੁੱਖ ਅਤੇ ਜੇਠ ਮਹੀਨੇ ਦੀ ਧੁੱਪ ਕੜਿੱਲ ਕੱਢ ਰਹੀ ਸੀ। ਪਹਿਲਾਂ ਸਿੰਘਾਂ ਨੇ ਦਰਿਆ ਪਾਰ ਕਰਨ ਦਾ ਇਰਾਦਾ ਬਣਾਇਆ ਅਤੇ ਜਦੋਂ ਡੂੰਘਾਈ ਜਾਣਨ ਲਈ ਸ੍. ਗੁਰਦਿਆਲ ਸਿੰਘ ਡੱਲੇਵਾਲੀਆ ਤੇ ਉਸ ਦੇ ਭਰਾ ਨੇ ਦਰਿਆ ਵਿੱਚ ਘੋੜੇ ਠੇਲ੍ਹ ਦਿੱਤੇ ਤਾਂ ਉਹ ਘੋੜੇ ਸਮੇਤ ਦਰਿਆ ਦੇ ਵਹਿਣ ਵਿੱਚ ਰੁੜ੍ਹ ਗਏ। ਤਦ ਨਵਾਬ ਕਪੂਰ ਸਿੰਘ ਤੇ ਸ੍. ਸੁੱਖਾ ਸਿੰਘ ਮਾੜੀ ਕੰਬੋ ਵਾਲੇ ਨੇ ਅਤੇ ਹੋਰ ਜਥੇਦਾਰਾਂ ਨੇ ਸਲਾਹ ਕੀਤੀ ਕਿ ਦਰਿਆ ਵਿੱਚ ਅਜਾਈਂ ਰੁੜ੍ਹਨ ਨਾਲੋਂ ਕਿਉਂ ਨਾ ਮੁਗ਼ਲਾਂ ਨਾਲ ਹੱਥੋ-ਹੱਥੀ ਸਿੱਧੀ ਟੱਕਰ ਲਈ ਜਾਵੇ।

ਜਿਵੇਂ ਹੀ ਪੁਰਜਾ-ਪੁਰਜਾ ਕੱਟ ਮਰਨ ਦਾ ਫ਼ੈਸਲਾ ਹੋਇਆ, ਸਿੰਘ ਵੈਰੀ ਦਲ 'ਤੇ ਟੁੱਟ ਕੇ ਪੈ ਗਏ। ਬਹੁਤ ਜ਼ਬਰਦਸਤ ਮੁੱਠਭੇੜ ਹੋਈ ਤੇ ਕੱਟਾ-ਵੱਢੀ ਹੋਈ ਕਿ ਮੁਗ਼ਲਾਂ ਦੇ ਨੱਕ ਵਿੱਚ ਦਮ ਲੈ ਆਂਦਾ। ਸਿੰਘ ਉਹਨਾਂ ਦੇ ਸੱਥਰ ਵਿਛਾਉਂਦੇ ਹੋਏ ਪਾਰ ਨਿਕਲ ਗਏ। ਇਸ ਮੁੱਠਭੇੜ ਵਿੱਚ ਜਸਪਤ ਦਾ ਬੇਟਾ ਤੇ ਲੱਖੂ ਦਾ ਭਤੀਜਾ ਹਰਭਜ ਰਾਇ, ਬਿਜੈ ਖ਼ਾਂ ਦਾ ਬੇਟਾ ਫ਼ੌਜਦਾਰ ਨਾਹਰ ਖਾਂ, ਕਰਮ ਬਖ਼ਸ਼ ਅਤੇ ਅਸਗਰ ਖ਼ਾਂ ਆਦਿ ਮੁਖੀ ਜਰਨੈਲ ਜੰਗ ਵਿੱਚ ਮਾਰੇ ਗਏ। ਸਿੰਘ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦ ਹੋਏ। ਭਾਈ ਸੁੱਖਾ ਸਿੰਘ ਦੀ ਖੱਬੀ ਲੱਤ 'ਤੇ ਇੱਕ ਗੋਲ਼ਾ ਲੱਗਣ ਨਾਲ ਇੱਕ ਲੱਤ ਟੁੱਟ ਗਈ। ਸੁੱਖਾ ਸਿੰਘ ਨੇ ਪੱਗ ਪਾੜ ਕੇ ਲੱਤ ਨੂੰ ਕਾਠੀ ਦੇ ਹੰਨੇ ਨਾਲ ਬੰਨ੍ਹ ਲਿਆ ਅਤੇ ਇੰਜ ਹੀ ਘੋੜਾ ਦੁੜਾਉਂਦੇ ਹੋਏ ਵੈਰੀ ਨਾਲ ਲੜਦੇ ਘਮਾਸਾਨ ਮਚਾਉਂਦੇ ਅਤੇ ਖ਼ਾਲਸਾ ਫ਼ੌਜ ਨੂੰ ਹੱਲਾਸ਼ੇਰੀ ਦਿੰਦੇ ਰਹੇ। ਅਜਿਹੇ ਹੋਰ ਵੀ ਕਈ ਸਿੰਘ ਸਨ, ਜਿਨ੍ਹਾਂ ਦੇ ਡੂੰਘੇ ਜ਼ਖ਼ਮ ਲੱਗੇ ਹੋਏ ਸਨ। ਸਿੰਘਾਂ ਨੇ ਗੁਰਮਤਾ ਕੀਤਾ ਕਿ ਰਾਤ ਨੂੰ ਜ਼ਖ਼ਮ ਅੰਡੇ ਹੋਣ ਕਰ ਕੇ ਵਧੇਰੇ ਕਸ਼ਟ ਹੋਵੇਗਾ ਤੇ ਸਾਡੇ ਲੜਨ ਦੀ ਤਾਕਤ ਵੀ ਘਟ ਜਾਵੇਗੀ ਤੇ ਦੁਸ਼ਮਣ ਵੀ ਸਾਨੂੰ ਚਾਰ-ਚੁਫੇਰਿਓਂ ਘੇਰ ਲਵੇਗਾ। ਹੁਣੇ ਹੀ ਬੇਖ਼ਬਰ ਤੁਰਕਾਣੀ ਫ਼ੌਜ ਉੱਪਰ ਹਮਲਾ ਬੋਲ ਦਿੱਤਾ ਜਾਵੇ। ਸੁੱਖਾ ਸਿੰਘ ਨੇ ਕਿਹਾ, ਧੌਲੇ ਬੀਜਣ ਦੀ ਕਿਹੜੀ ਰੁੱਤ ਹੁੰਦੀ ਹੈ। ਇਸ ਲਈ ਹੁਣੇ ਹੀ ਤੱਤੇ ਘਾਅ ਦੁਸ਼ਮਣ ਦਾ

ਸ਼ਿਕਾਰ ਕਰੀਏ ਤੇ ਲੜਦੇ-ਭਿੜਦੇ ਕਿਸੇ ਪਾਸੇ ਨਿਕਲ ਚੱਲੀਏ। ਇਸੇ ਸਲਾਹ ਅਨੁਸਾਰ ਸੱਤ ਹਜ਼ਾਰ ਸਿੰਘਾਂ ਨੇ ਇੱਕਦਮ ਤੁਰਕ ਸੈਨਾ 'ਤੇ ਹੱਲਾ ਬੋਲ ਦਿੱਤਾ ਤੇ ਤੁਰਕਾਂ ਨੂੰ ਅੱਲਾ ਯਾਦ ਕਰਵਾ ਦਿੱਤਾ। ਅੱਧੀ ਰਾਤ ਨੂੰ ਸਿੰਘ ਗੁੱਸਾ ਖਾ ਕੇ ਬਿਜਲੀ ਵਾਂਗ ਉਹਨਾਂ ਉੱਪਰ ਜਾ ਪਏ। ਸਿੰਘਾਂ ਨੇ ਉਹਨਾਂ ਦੇ ਵਾਹਵਾ ਹਥਿਆਰ ਅਤੇ ਘੋੜੇ ਕਾਬੂ ਕਰ ਲਏ। ਸਿੰਘਾਂ ਨੇ ਝੱਟ-ਪੱਟ ਲੁੱਟ ਦਾ ਮਾਲ ਸਾਂਭਿਆ ਤੇ ਚਾਨਣ ਹੋਣ ਤੋਂ ਪਹਿਲਾਂ ਹੀ ਜੰਗਲ ਵਿੱਚ ਅਲੋਪ ਹੋ ਗਏ।

ਦੁਸ਼ਟ ਲਖਪਤ ਨੇ ਗੁੱਸੇ ਵਿੱਚ ਆ ਕੇ ਜੰਗਲ ਨੂੰ ਅੱਗ ਲਗਵਾ ਦਿੱਤੀ। ਸਿੰਘਾਂ 'ਤੇ ਹੋਰ ਬਿਪਤਾ ਆਣ ਬਣੀ। ਜਦੋਂ ਸਿੰਘ ਝੱਲ ਵਿੱਚੋਂ ਨਿਕਲੇ ਤਾਂ ਅੱਗਿਓਂ ਚੌਧਰੀ ਰਾਮੇ ਰੰਧਾਵੇ ਦਾ ਇਲਾਕਾ ਆ ਗਿਆ। ਜਿਸ ਨੇ ਪਹਿਲਾਂ ਹੀ ਬਹੁਤ ਸਾਰੇ ਸਿੰਘ ਮਰਵਾ ਕੇ ਤੁਰਕਾਂ ਤੋਂ ਇਨਾਮ ਹਾਸਲ ਕੀਤੇ ਸਨ। ਉਸ ਸਮੇਂ ਮਝੈਲਾਂ ਵਿੱਚ ਇਹ ਬੋਲੀ ਪ੍ਰਸਿੱਧ ਹੋ ਗਈ ਸੀ :

**ਦੇਸ ਨਾ ਰਾਮੇ ਕੇ ਤੁਮ ਜਾਇਓ ॥ ਡੇਲਾ ਬਾਟਾ ਮਾਝੇ ਖਾਇਓ ॥**

ਪਿੱਛੋਂ ਤੁਰਕ ਸਿੰਘਾਂ ਨੂੰ ਦੱਬੀ ਆ ਰਹੇ ਸਨ, ਅੱਗਿਓਂ ਸਾਰਾ ਵੈਰੀ ਦੇਸ ਆ ਗਿਆ। ਫਿਰ ਸਿੰਘਾਂ ਨੇ ਘੱਟ ਨਾ ਗੁਜ਼ਾਰੀ ਤੇ ਹੱਲਾ ਕਰ ਕੇ ਜੱਟਾਂ ਉੱਪਰ ਪੈ ਗਏ। ਕੁਝ ਮਾਰ ਦਿੱਤੇ ਤੇ ਕੁਝ ਜ਼ਖ਼ਮੀ ਹੋ ਗਏ। ਫਿਰ ਸਿੰਘਾਂ ਨੇ ਚੰਗਾ ਸੋਧਾ ਲਾਇਆ ਤੇ ਇਲਾਕਾ ਵੀ ਚੰਗੀ ਤਰ੍ਹਾਂ ਲੁੱਟਿਆ। ਪਠਾਨਕੋਟ ਨੂੰ ਲੁੱਟ ਕੇ ਪੰਥ ਹਰਿਗੋਬਿੰਦਪੁਰੇ ਵੱਲ ਚੱਲ ਪਿਆ। ਪਿੱਛੋਂ ਲਖਪਤ ਤੁਰਕੀ ਫ਼ੌਜ ਨਾਲ ਪੈੜਾਂ ਨੱਪੀ ਆ ਰਿਹਾ ਸੀ। ਜਦੋਂ ਸਿੰਘ ਬਿਆਸ ਦਰਿਆ ਦੇ ਕਿਨਾਰੇ ਪੁੱਜੇ ਤਾਂ ਪਿੱਛੋਂ ਲੱਖੂ ਬਹੁਤ ਸਾਰੀ ਫ਼ੌਜ ਲੈ ਕੇ ਆ ਗਿਆ। ਜੇਠ ਦਾ ਮਹੀਨਾ ਤੇ ਦੁਪਹਿਰ ਦਾ ਸਮਾਂ ਸੀ। ਦਰਿਆ ਵੀ ਬਹੁਤ ਚੜ੍ਹਿਆ ਹੋਇਆ ਸੀ। ਸਿੰਘਾਂ ਨੇ ਅਰਦਾਸਾ ਸੋਧਿਆ ਤੇ ਹੱਠ ਕਰ ਕੇ ਸਿੰਘ ਦਰਿਆ ਵਿੱਚ ਉੱਤਰ ਗਏ। ਪੰਥ ਦਰਿਆ ਪਾਰ ਕਰ ਕੇ ਦਰਿਆਓਂ ਪਾਰ ਉੱਤਰਿਆ ਤਾਂ ਅੱਗੇ ਤਿੰਨ ਕੋਹ ਤਕ ਭੱਠ ਵਾਂਗ ਤਪਦੀ ਬਰੇਤੀ ਸੀ। ਜੰਗ ਦੌਰਾਨ ਜੁੱਤੀਆਂ ਤਾਂ ਗਵਾਚ ਚੁੱਕੀਆਂ ਸਨ ਤੇ ਸਿੰਘ ਨੰਗੇ ਪੈਰੀਂ ਸਨ। ਬਾਕੀ ਭੁੱਖ-ਤੇਹ ਨੇ ਸਿੰਘ ਬਹੁਤ ਲਾਚਾਰ ਕੀਤੇ ਹੋਏ ਸਨ। ਸਿੰਘਾਂ ਨੇ ਪੱਗਾਂ ਪਾੜ-ਪਾੜ ਕੇ ਪੈਰਾਂ ਦੁਆਲੇ ਲਪੇਟੀਆਂ। ਇਸ ਤਰ੍ਹਾਂ ਮੁਸੀਬਤਾਂ ਝੱਲ ਕੇ ਸਿੰਘਾਂ ਨੇ ਬਰੇਤੀ ਨੂੰ ਪਾਰ ਕੀਤਾ। ਦੁਆਬੇ ਦੇਸ ਦੇ ਇੱਕ ਪਿੰਡ ਦੇ ਨੇੜੇ ਸਿੰਘ ਜਾ ਪਹੁੰਚੇ। ਪਿੱਛਿਓਂ ਲੱਖੂ ਵੀ ਦਰਿਆ ਪਾਰ ਕਰ ਕੇ ਸਿੰਘਾਂ ਦੇ ਪਿੱਛੇ ਆ ਰਿਹਾ ਸੀ। ਸਿੰਘ ਕਈਆਂ ਨੂੰ ਲੁੱਟਦੇ ਹੋਏ ਸਤਲੁਜ ਦਰਿਆ ਨੂੰ ਪਾਰ ਕਰ ਗਏ। ਇੱਥੋਂ ਲੱਖੂ ਵਾਪਸ ਲਾਹੌਰ ਨੂੰ ਮੁੜ ਗਿਆ। ਰੱਬ ਦਾ ਸ਼ੁਕਰ ਕਰਦੇ ਹੋਏ ਸਿੰਘ ਮਾਲਵੇ ਵਿੱਚ ਪਹੁੰਚ ਗਏ। ਭਾਈ ਸੁੱਖਾ ਸਿੰਘ ਜੈਤੋ ਵਿੱਚ ਜਾ ਉਤਰਿਆ। ਕੋਟਕਪੂਰੇ ਭਾਈ ਜੱਸਾ ਸਿੰਘ, ਫੂਲੇ ਕੇ ਵਿੱਚ ਨਵਾਬ ਕਪੂਰ ਸਿੰਘ, ਦਿਆਲਪੁਰੇ ਹਰੀ ਸਿੰਘ ਆਦਿ ਚਲੇ ਗਏ। ਬਾਬਾ ਦੀਪ ਸਿੰਘ ਆਦਿ ਕੁਝ ਬਅੰਡੇ ਵੱਲ ਚਲੇ ਗਏ। ਸ੍. ਚੜ੍ਹਤ ਸਿੰਘ ਪੱਕੇ ਪਥਰਾਲੇ, ਹਰੀ ਸਿੰਘ ਵੱਡੇ ਪਿੰਡ ਰੁਕਿਆ। ਬਹੁਤੇ ਤਿਹਾੜੇ ਤੇ

ਡਰੋਲ਼ੀ ਦੇ ਆਲ਼ੇ-ਦੁਆਲ਼ੇ ਰੁਕੇ। ਇੱਥੇ ਜ਼ਖ਼ਮੀ ਸਿੰਘਾਂ ਦਾ ਪੂਰਾ ਇਲਾਜ ਕਰਵਾਇਆ। ਮਾਲਵੇ ਵਿੱਚ ਰਹਿ ਕੇ ਸਿੰਘਾਂ ਨੇ ਮੁੜ ਤਾਕਤ ਹਾਸਲ ਕੀਤੀ। ਸੱਤ ਕੁ ਹਜ਼ਾਰ ਸਿੰਘ ਇਸ ਘੱਲੂਘਾਰੇ ਵਿੱਚ ਸ਼ਹੀਦ ਹੋਏ। ਇਸੇ ਕਰ ਕੇ ਇਸ ਜੰਗ ਨੂੰ 'ਘੱਲੂਘਾਰੇ' ਦਾ ਨਾਂ ਦਿੱਤਾ ਹੈ। ਇਹ ਜੰਗ 1746 ਦੇ ਮਾਰਚ ਤੋਂ ਸ਼ੁਰੂ ਹੋ ਕੇ ਜੂਨ ਤਕ ਦੇ ਸਮੇਂ ਦੌਰਾਨ ਹੋਇਆ। ਇੱਥੇ ਸਿੰਘਾਂ ਦਾ ਕਾਫ਼ੀ ਨੁਕਸਾਨ ਹੋਇਆ। 3000 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਉੱਥੇ ਨੱਖ਼ਾਸ ਚੌਂਕ ਵਿੱਚ ਉਹਨਾਂ ਨੂੰ ਸ਼ਹੀਦ ਕਰ ਕੇ ਟੋਏ ਵਿੱਚ ਦੱਬ ਦਿੱਤਾ ਗਿਆ। ਇਸੇ ਥਾਂ ਦਾ ਨਾਮ ਬਾਅਦ ਵਿੱਚ ਸ਼ਹੀਦ ਗੰਜ ਪਿਆ।

ਮੁਫ਼ਤੀ ਅਲੀ-ਉ-ਦੀਨ ਆਪਣੀ ਪੁਸਤਕ 'ਇਬਰਤਨਾਮਾ' ਵਿੱਚ ਲਿਖਦਾ ਹੈ ਕਿ ਨਵਾਬ ਮੁਈਨੁਲ ਮੁਲਕ (ਮੀਰ ਮਨੂੰ) ਨੇ ਇਸ ਫ਼ਿਰਕੇ ਨੂੰ ਜੜ੍ਹੋਂ ਪੁੱਟ ਦੇਣ ਲਈ ਬੜੇ ਯਤਨ ਕੀਤੇ, ਸੈਂਕੜੇ ਹੀ ਸਿੱਖ ਕਤਲ ਕਰ ਦਿੱਤੇ ਅਤੇ ਉਹਨਾਂ ਦੇ ਸਿਰਾਂ ਨਾਲ ਖੂਹ ਭਰ ਦਿੱਤੇ। ਮੀਰ ਮਨੂੰ ਨੇ ਜੇਲ੍ਹ ਵਿੱਚ ਸਿੱਖ ਬੀਬੀਆਂ ਤੋਂ ਸਵਾ ਮਣ ਦੇ ਪੀਸਣ ਪਿਸਵਾਏ, ਤੇ ਉਹ ਵੀ ਗਿੱਲੇ ਪੀਹਣ ਦੇ। ਅੱਧੀ-ਅੱਧੀ ਰੋਟੀ ਉਹਨਾਂ ਨੂੰ ਖਾਣ ਨੂੰ ਦਿੱਤੀ ਜਾਂਦੀ ਸੀ। ਕਈ ਬੀਬੀਆਂ ਦੀ ਗੋਦ ਵਿੱਚ ਦੁੱਧ ਚੁੰਘਦੇ ਬੱਚੇ ਵੀ ਸਨ, ਜਿਨ੍ਹਾਂ ਨੂੰ ਮੀਰ ਮਨੂੰ ਨੇ ਉਹਨਾਂ ਮਾਵਾਂ ਦੇ ਸਾਹਮਣੇ ਹੀ ਕਤਲ ਕਰ ਦਿੱਤਾ ਸੀ। ਬੀਬੀਆਂ ਨੂੰ ਇਸਲਾਮ ਕਬੂਲ ਕਰਵਾਉਣ ਲਈ ਉਹਨਾਂ ਦੀਆਂ ਅੱਖਾਂ ਸਾਹਮਣੇ ਹੀ ਬੱਚਿਆਂ ਨੂੰ ਗੋਦ ਵਿੱਚੋਂ ਚੁੱਕ ਕੇ ਉੱਪਰ ਉਛਾਲ ਦਿੱਤਾ ਜਾਂਦਾ ਸੀ ਤੇ ਹੇਠਾਂ ਨੇਜ਼ਾ ਕਰ ਦਿੱਤਾ ਜਾਂਦਾ ਸੀ। ਬੱਚਾ ਨੇਜ਼ੇ ਵਿੱਚ ਪਰੋ ਦਿੱਤਾ ਜਾਂਦਾ ਸੀ। ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਮਾਵਾਂ ਦੇ ਗਲ਼ਾਂ ਵਿੱਚ ਹਾਰ ਬਣਾ ਕੇ ਪਾਏ ਗਏ। ਪਰ ਧੰਨ ਸਨ ਉਹ ਬੀਬੀਆਂ, ਜਿਹੜੀਆਂ ਆਪਣੇ ਧਰਮ ਨੂੰ ਕਮਾ ਗਈਆਂ, ਆਪਣੇ ਧਰਮ ਤੋਂ ਨਾ ਡੋਲੀਆਂ। ਸੋ, ਮੀਰ ਮਨੂੰ ਦੇ ਜ਼ੁਲਮਾਂ ਨੇ ਸਿੰਘਾਂ ਵਿੱਚ ਇਹ ਅਖਾਣ ਮਸ਼ਹੂਰ ਕਰ ਦਿੱਤਾ ਸੀ :

**ਮਨੂੰ ਅਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ।**
**ਜਿਉਂ ਜਿਉਂ ਮਨੂੰ ਵਢਦਾ ਅਸੀਂ ਦੂਣ ਸਵਾਏ ਹੋਏ।**

ਸੋ, ਸਿੰਘਾਂ ਨੇ 40-41 ਸਾਲਾਂ ਵਿੱਚ ਅਜਿਹੇ ਦੁਖੜੇ ਸਹਾਰੇ ਅਤੇ ਕਈ ਕਤਲੇਆਮ ਵੇਖੇ ਸਨ, ਇਸ ਲਈ ਕੋਈ ਦੁੱਖ ਅਤੇ ਤਸੀਹੇ ਉਹਨਾਂ ਨੂੰ ਡਰਾ ਨਹੀਂ ਸਨ ਸਕਦੇ। ਉਹਨਾਂ ਵਾਸਤੇ ਇਹ ਇੱਕ ਆਉਣ ਵਾਲੀ ਤੇ ਜਾਣ ਵਾਲੀ ਗੱਲ ਸੀ, ਜਿਸ ਦੇ ਟਾਕਰੇ ਲਈ ਉਹ ਹਰ ਵੇਲੇ ਅਤੇ ਹਰ ਹਾਲਾਤ ਵਿੱਚ ਤਿਆਰ-ਬਰ-ਤਿਆਰ ਰਹਿੰਦੇ ਸਨ। ਇਸ ਲਈ ਸਿੰਘ ਕਦੇ ਘਬਰਾਏ ਨਹੀਂ ਅਤੇ ਵੇਲਾ ਲੰਘਾਉਣ ਲਈ ਪਹਿਲਾਂ ਵਾਂਙ ਸ਼ਿਵਾਲਕ ਪਹਾੜ ਦੀਆਂ ਆਪਣੀਆਂ ਪੁਰਾਣੀਆਂ ਜਾਣੂ ਖੱਡਾਂ ਵੱਲ ਨਿਕਲ ਗਏ। ਜਿੱਥੇ ਦਾਉ ਲੱਗਦਾ ਜਾਂ ਜਿੱਧਰ ਕਿਧਰਿਓਂ ਸਰਕਾਰੀ ਕਰਮਚਾਰੀਆਂ ਦੀਆਂ ਵਧੀਕੀਆਂ ਵਿਰੁੱਧ ਕੋਈ ਫ਼ਰਿਆਦ ਆ ਕਰਦਾ, ਉੱਥੇ ਜਾ ਹੱਲੇ ਕਰਦੇ। ਇਸ ਤਰ੍ਹਾਂ ਨਾਲ ਉਹਨਾਂ ਨੂੰ ਆਮ ਲੋਕਾਂ ਦੀ ਹਮਦਰਦੀ ਮਿਲ ਜਾਂਦੀ, ਪਰ ਸਿੰਘਾਂ 'ਤੇ ਇਹ ਸਮਾਂ

ਬਹੁਤ ਸਖ਼ਤੀ ਭਰਿਆ ਸੀ। ਸਿੰਘਾਂ ਦੇ ਵਿਸ਼ਵਾਸ ਨੂੰ ਮੀਰ ਮਨੂੰ ਦਾ ਸਖ਼ਤੀ ਦਾ ਦੌਰ ਵੀ ਤੋੜ ਨਾ ਸਕਿਆ, ਬਲਕਿ ਉਸ ਦਾ ਕੱਟੜ ਮੁਗਲ ਸ਼ਾਸਨ ਵੀ ਨਾ ਅੜ ਸਕਿਆ। ਇਸ ਸਮੇਂ ਵਿੱਚ ਸਿੰਘਾਂ ਨੇ ਆਪਣੇ-ਆਪ ਨੂੰ ਜਥੇਬੰਦ ਕਰ ਲਿਆ ਸੀ। ਇਹ ਸਮਾਂ 1745 ਤੋਂ 1748 ਈ. ਤਕ ਦਾ ਸੀ। ਇਸ ਤੋਂ ਪਹਿਲਾਂ 1733-34 ਦੇ ਸਾਲਾਂ ਦੌਰਾਨ ਨਵਾਬ ਕਪੂਰ ਸਿੰਘ ਨੇ ਖ਼ਾਲਸੇ ਦੀ ਸਮੁੱਚੀ ਸ਼ਕਤੀ ਨੂੰ ਦੋ ਭਾਗਾਂ ਬੁੱਢਾ ਦਲ ਅਤੇ ਤਰੁਣਾ ਦਲ ਵਿਚਕਾਰ ਵੰਡ ਦਿੱਤਾ ਸੀ ਜਿਸ ਦੇ ਵਧੀਆ ਨਤੀਜੇ ਨਿਕਲੇ ਸਨ।

**ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ** : ਖ਼ਾਲਸਾ ਪੰਥ ਅਨੇਕ ਕਸ਼ਟ ਸਹਾਰਦਾ ਹੋਇਆ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਪ੍ਰਵਾਨ ਕਰਦਾ ਰਿਹਾ। ਇਹ ਦਿਸ਼ਾ-ਨਿਰਦੇਸ਼ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਉੱਪਰ ਸਰਬੱਤ ਖ਼ਾਲਸਾ ਸਮਾਗਮਾਂ ਰਾਹੀਂ ਪ੍ਰਾਪਤ ਹੁੰਦੇ ਸੀ। ਇਸ ਸੰਕਟਮਈ ਦੌਰ ਅੰਦਰ ਸਿੱਖਾਂ ਵਿੱਚ ਜੋ ਵੀ ਲੀਡਰਸ਼ਿਪ ਸੀ ਜਾਂ ਜੋ ਵੀ ਜਥੇਬੰਦਕ ਢਾਂਚਾ ਸੀ, ਉਹ ਸਭ ਸ੍ਰੀ ਅਕਾਲ ਤਖ਼ਤ ਉੱਪਰ ਹੋਏ ਗੁਰਮਤਿ ਸਮਾਗਮਾਂ ਦੀ ਹੀ ਦੇਣ ਸੀ। ਇਸ ਲਈ ਖ਼ਾਲਸਾ ਪੰਥ ਉਸ ਸਮੇਂ ਹਰ ਮਸਲੇ ਦੇ ਹੱਲ ਲਈ ਸ੍ਰੀ ਅਕਾਲ ਤਖ਼ਤ 'ਤੇ ਇਕੱਠੇ ਹੋ ਕੇ ਗੁਰਮਤਿ ਸਮਾਗਮ ਕਰ ਕੇ ਹੀ ਸੇਧ ਲੈਂਦਾ ਸੀ। ਇਹ ਵੀ ਜ਼ਰੂਰੀ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਾ ਹੋਈ ਲੀਡਰਸ਼ਿਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਅਗਵਾਈ ਲੈਣੀ ਸੀ। ਇਸ ਲਈ ਖ਼ਾਲਸੇ ਦੀ ਲੀਡਰਸ਼ਿਪ ਨੇ ਇਸ ਸਮੇਂ ਦੌਰਾਨ ਸਾਲ ਵਿੱਚ ਦੋ ਵਾਰ ਇਕੱਠੇ ਹੋਣ ਦੇ ਰੱਖੇ ਸਨ, ਤੇ ਉਹ ਇਹ ਸਨ : ਇੱਕ ਵੈਸਾਖੀ ਤੇ ਦੂਸਰਾ ਦੀਵਾਲ਼ੀ 'ਤੇ। ਭਾਵੇਂ ਲਾਹੌਰ ਦਰਬਾਰ ਤੇ ਦਿੱਲੀ ਦਰਬਾਰ ਸਿੰਘਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਇਕੱਠਾ ਹੋਣ ਤੋਂ ਹਰ ਹੀਲੇ ਰੋਕਦੇ ਸੀ ਪਰ ਖ਼ਾਲਸਾ ਦੇ ਵਹੀਰ ਨੂੰ ਹਕੂਮਤ ਰੋਕ ਨਾ ਸਕੀ। ਇੱਥੋਂ ਹੀ ਸਰਬੱਤ ਖ਼ਾਲਸਾ ਸਮਾਗਮਾਂ ਦੀ ਸ਼ੁਰੂਆਤ ਹੋਈ।

**1746 ਦੀ ਦੀਵਾਲ਼ੀ 'ਤੇ ਸਰਬੱਤ ਖ਼ਾਲਸਾ ਸਮਾਗਮ** : ਇਹ ਖ਼ਾਲਸਾ ਜੀ ਦੁਆਰਾ ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠ 1746 ਨੂੰ ਦੀਵਾਲ਼ੀ ਦੇ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਖ਼ਾਲਸਾ ਪੰਥ ਇਕੱਠਾ ਹੋਇਆ। ਇਸ ਸਰਬੱਤ ਖ਼ਾਲਸੇ ਵਿੱਚ ਸਾਰੇ ਖਿੰਡੇ-ਪੁੰਡੇ ਜਥਿਆਂ ਨੂੰ 25 ਜਥਿਆਂ ਵਿੱਚ ਜਥੇਬੰਦ ਕਰਨ ਦਾ ਗੁਰਮਤਾ ਪਾਸ ਕੀਤਾ ਗਿਆ। ਇਹ 25 ਜਥੇ ਇਸ ਪ੍ਰਕਾਰ ਸਨ :

1. ਸ੍. ਸ਼ਾਮ ਸਿੰਘ ਨਾਰੋਕੇ,
2. ਸ੍. ਗੁਰਬਖ਼ਸ਼ ਸਿੰਘ ਕਲਸੀਆਂ,
3. ਸ੍. ਕਰੋੜਾ ਸਿੰਘ ਪੈਜਗੜ੍ਹ,
4. ਸ੍. ਕਰਮ ਸਿੰਘ ਪੈਜਗੜ੍ਹ,
5. ਸ੍. ਗੁਰਦਿਆਲ ਸਿੰਘ ਡੱਲੇਵਾਲ,
6. ਸ੍. ਨੌਧ ਸਿੰਘ ਸ਼ੁਕਰਚੱਕੀਆ,
7. ਸ੍. ਚੰਦਾ ਸਿੰਘ ਸੰਧਾਵਾਲੀਆ,
8. ਸ੍. ਕਾਲਾ ਸਿੰਘ,
9. ਸ੍. ਖਿਆਲਾ ਸਿੰਘ ਕੰਗ,
10. ਸ੍. ਧਰਮ ਸਿੰਘ ਮੁਜੰਗ,

11. ਸ੍. ਬਾਘ ਸਿੰਘ,
12. ਸ੍. ਜੱਸਾ ਸਿੰਘ ਆਹਲੂਵਾਲੀਆ,
13. ਸ੍. ਹਰੀ ਸਿੰਘ ਭੰਗੀ,
14. ਸ੍. ਛੱਜਾ ਸਿੰਘ ਪੰਜਵੜ,
15. ਸ੍. ਦੀਪ ਸਿੰਘ ਸ਼ਹੀਦ,
16. ਸ੍. ਭੋਮਾ ਸਿੰਘ,
17. ਸ੍. ਜੈ ਸਿੰਘ ਕਾਹਨਾ ਕਾਛਾ,
18. ਸ੍. ਸਦਾ ਸਿੰਘ ਦੋਦੀਆਂ,
19. ਸ੍. ਹੀਰਾ ਸਿੰਘ ਨਕਈ,
20. ਸ੍. ਅਘੜ ਸਿੰਘ,
21. ਸ੍. ਸੁੱਖਾ ਸਿੰਘ,
22. ਸ੍. ਮਦਨ ਸਿੰਘ ਮਜ਼ਹਬੀ,
23. ਬੀਰ ਸਿੰਘ ਮਜ਼ਹਬੀ,
24. ਕਰਮ ਸਿੰਘ ਨਾਰਲੀ ਅਤੇ
25. ਨਵਾਬ ਕਪੂਰ ਸਿੰਘ (Hari Ram Gupta, Vol-II op. cit P.71)

ਇਹੀ ਸਿੰਘ ਸਰਦਾਰ ਪਿੱਛੋਂ ਜਾ ਕੇ ਮਿਸਲਾਂ ਦੀ ਬੁਨਿਆਦ ਬਣੇ ਸਨ। ਪਿੱਛੋਂ ਜਾ ਕੇ ਇਹ ਜਥੇਦਾਰ ਹੀ ਮਿਸਲਦਾਰ ਬਣੇ ਸਨ।

ਸੋਹਣ ਸਿੰਘ ਸੀਤਲ ਨੇ ਇਹਨਾਂ ਜਥੇਦਾਰਾਂ ਦੀ ਗਿਣਤੀ ਤੀਹ ਦੱਸੀ ਹੈ। ਪੱਚੀ ਨਾਮ ਅਸੀਂ ਉੱਪਰ ਲਿਖੇ ਹਨ। ਇਹਨਾਂ ਤੋਂ ਇਲਾਵਾ ਪੰਜ ਨਾਮ ਹੋਰ ਹਨ :

ਸ੍. ਦਿਆਲ ਸਿੰਘ, ਸ੍. ਸੁਧਾ ਸਿੰਘ 'ਸ਼ਹੀਦ', ਸ੍. ਜੱਸਾ ਸਿੰਘ ਤਖਾਣ, ਸ੍. ਹਕੀਕਤ ਸਿੰਘ ਕਨ੍ਹਈਆ ਤੇ ਸ੍. ਜਿਉਣ ਸਿੰਘ 'ਮਜ਼ਹਬੀ'। ਇਹ ਜਥੇ ਆਪਣੇ-ਆਪਣੇ ਜਥੇਦਾਰਾਂ ਦੇ ਮਾਤਹਿਤ ਹਮਲੇ ਕਰਨ ਵਿੱਚ ਅਜ਼ਾਦ ਸਨ, ਪਰ ਜਦੋਂ ਪੰਥ 'ਤੇ ਭੀੜ ਬਣਦੀ ਸੀ, ਤਾਂ ਸਾਰੇ ਜਥੇਦਾਰ ਇਕੱਠੇ ਹੋ ਕੇ ਇੱਕ ਜਥੇਦਾਰ ਜੋ ਕਿ ਸਾਂਝਾ ਹੁੰਦਾ ਸੀ, ਦੇ ਅਧੀਨ ਸਮਝੇ ਜਾਂਦੇ ਸਨ। ਸਾਰੇ ਜਥੇਦਾਰ ਤੇ ਸਿਘ-ਸਿੰਘਣੀਆਂ ਸ੍ਰੀ ਅਕਾਲ ਤਖ਼ਤ ਵੱਲੋਂ ਜਾਰੀ ਹੁੰਦੇ ਹੁਕਮਨਾਮਿਆਂ ਨੂੰ ਤੇ ਸਰਬਤ ਖ਼ਾਲਸਾ ਵਿੱਚ ਪਾਸ ਕੀਤੇ ਗੁਰਮਤਿਆਂ ਨੂੰ ਪ੍ਰਵਾਨ ਕਰਦੇ ਸਨ।

ਨਵਾਬ ਕਪੂਰ ਸਿੰਘ ਸਾਰੇ ਜਥਿਆਂ ਦੇ ਸੁਪਰੀਮ ਕਮਾਂਡਰ ਸਨ, ਭਾਵ ਕਿ ਸਭ ਤੋਂ ਵੱਡੇ ਤੇ ਸਭ ਤੋਂ ਵੱਧ ਸਤਿਕਾਰੇ ਜਾਂਦੇ ਜਥੇਦਾਰ ਸਨ। ਉਹਨਾਂ ਦੀ ਅਗਵਾਈ ਹੇਠ ਸਾਰਾ ਖ਼ਾਲਸਾ ਪੰਥ ਇੱਕ ਪ੍ਰਭਾਵਸ਼ਾਲੀ ਰਾਜਨੀਤਿਕ ਤਾਕਤ ਦੇ ਤੌਰ 'ਤੇ ਵੀ ਉੱਭਰਿਆ ਸੀ। ਪੰਜਾਬ ਦੇ ਕਿਸਾਨੀ ਕਰਨ ਵਾਲੇ ਲੋਕ ਵੀ ਸਿੰਘਾਂ ਦੇ ਹਿਮਾਇਤੀ ਸਨ। ਸਰਕਾਰਾਂ ਕਿਸਾਨਾਂ ਤੋਂ ਵੱਧ ਤੋਂ ਵੱਧ ਮਸੂਲ ਵਸੂਲ ਕਰਦੀਆਂ ਸਨ, ਜਿਸ ਨਾਲ ਕਿਰਸਾਨੀ ਤਬਕੇ ਦੇ ਨੱਕ ਵਿੱਚ ਦਮ ਆਇਆ ਪਿਆ ਸੀ। ਸਰਕਾਰੀ ਕਰਮਚਾਰੀ ਪੈਸੇ ਇਕੱਠੇ ਕਰਨ ਲਈ ਕਿਰਸਾਨਾਂ ਨੂੰ ਲੁੱਟਦੇ ਸਨ। ਇਸੇ ਕਾਰਨ ਕਿਰਸਾਨ ਸਰਕਾਰ ਤੋਂ ਦੁਖੀ ਹੋ ਕੇ ਉਸ ਦੇ ਦੁਸ਼ਮਣ ਬਣੇ ਬੈਠੇ ਸਨ। ਸਿੰਘ ਜਥੇ ਰਾਤਾਂ ਨੂੰ ਖੇਤਾਂ ਵਿੱਚ ਅਤੇ ਜੰਗਲਾਂ ਵਿੱਚ ਨਿਵਾਸ ਕਰਦੇ ਸਨ। ਜਿਹੜੇ ਵੀ ਸਰਕਾਰੀ ਕਰਮਚਾਰੀ ਕਿਸਾਨਾਂ ਤੋਂ ਅਨਾਜ ਦੇ ਰੂਪ ਵਿੱਚ ਮਾਮਲਾ ਉਗਰਾਹੁਣ ਆਉਂਦੇ ਸਨ, ਸਿੱਖ ਉਹਨਾਂ ਨੂੰ ਮਾਰ ਮੁਕਾਉਂਦੇ ਸਨ। ਇੱਥੋਂ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਿੰਘਾਂ ਤੇ ਕਿਸਾਨਾਂ ਦਾ ਦੁਸ਼ਮਣ ਸਾਂਝਾ ਹੀ ਸੀ। ਸਿੰਘਾਂ ਨੇ ਸ਼ੁਰੂ ਸ਼ੁਰੂ ਵਿੱਚ ਇੱਕਾ-

ਦੁੱਕਾ ਵਾਰਦਾਤਾਂ ਕਰ ਕੇ ਆਪਣੀਆਂ ਗੁਪਤ ਜਥੇਬੰਦੀਆਂ ਬਣਾ ਕੇ ਆਪਣੀ ਤਾਕਤ ਨੂੰ ਸੁਰਜੀਤ ਕੀਤਾ। ਉਹ ਦਸ-ਦਸ, ਵੀਹ-ਵੀਹ ਦੀ ਗਿਣਤੀ ਵਿੱਚ ਜਥੇ ਬਣਾ ਕੇ ਆਉਣ-ਜਾਣ ਵਾਲੇ ਰਸਤਿਆਂ 'ਤੇ ਹਮਲੇ ਕਰਦੇ, ਪਿੰਡਾਂ ਅਤੇ ਸ਼ਹਿਰਾਂ ਵਿਚਲੇ ਸਰਕਾਰੀ ਕਰਮਚਾਰੀਆਂ ਨੂੰ ਲੁੱਟ ਲੈਂਦੇ ਸਨ। ਹਕੂਮਤ ਦੇ ਅਵੇਸਲੇਪਣ ਨੇ ਇਹਨਾਂ ਜਥਿਆਂ ਦੀਆਂ ਗਤੀਵਿਧੀਆਂ ਨੂੰ ਵਧਾਉਣ ਵਿੱਚ ਬਹੁਤ ਸਹਾਇਤਾ ਕੀਤੀ। ਇਸ ਤਰ੍ਹਾਂ ਲੁੱਟ ਦੇ ਮਾਲ ਨਾਲ ਆਗੂਆਂ ਨੇ ਵੱਧ ਤੋਂ ਵੱਧ ਘੋੜੇ ਅਤੇ ਹਥਿਆਰ ਇਕੱਠੇ ਕੀਤੇ ਅਤੇ ਆਪੋ-ਆਪਣੇ ਜਥੇ ਦੀ ਨਵੀਂ ਭਰਤੀ ਕਰ ਕੇ ਨਫ਼ਰੀ ਵੀ ਵਧਾਈ। ਸਿੰਘਾਂ ਵੱਲੋਂ ਕੀਤੀਆਂ ਗਈਆਂ ਲੁੱਟਾਂ ਨੇ ਨੌਜਵਾਨ ਸਿੱਖਾਂ ਨੂੰ ਬਹੁਤ ਪ੍ਰੇਰਿਤ ਕੀਤਾ। ਇਸ ਤਰ੍ਹਾਂ ਇਹਨਾਂ ਜਥਿਆਂ ਦੀ ਤਾਕਤ ਦਿਨ-ਬ-ਦਿਨ ਵਧਦੀ ਚਲੀ ਗਈ। ਸਮੇਂ ਦੀਆਂ ਪਰਸਥਿਤੀਆਂ ਦਾ ਸਿੰਘਾਂ ਨੇ ਪੂਰਾ-ਪੂਰਾ ਫ਼ਾਇਦਾ ਉਠਾਇਆ। ਉਹ ਹੁਣ ਲੁਕਣਗਾਹਾਂ ਵਿੱਚੋਂ ਬਾਹਰ ਆਉਣੇ ਸ਼ੁਰੂ ਹੋ ਗਏ ਅਤੇ ਰਾਜ ਪ੍ਰਬੰਧ ਨੂੰ ਵੀ ਪ੍ਰਭਾਵਿਤ ਕਰਨ ਲੱਗੇ। ਸਿੰਘਾਂ ਦੇ ਗੁਰੀਲਾ ਜਥਿਆਂ ਨੇ ਲਾਹੌਰ ਦਰਬਾਰ ਦੇ ਨੱਕ ਵਿੱਚ ਦਮ ਕਰ ਦਿੱਤਾ।

ਸਿੰਘਾਂ ਨੇ ਆਪਣੀ ਤਾਕਤ ਨੂੰ ਭਾਂਪਦਿਆਂ ਖੁੱਲ੍ਹੇਆਮ ਆਪਣੀ ਸ਼ਕਤੀ ਨੂੰ ਕੇਂਦਰਿਤ ਕਰਨ ਦਾ ਮਨ ਬਣਾ ਲਿਆ। 30 ਮਾਰਚ, 1747 ਨੂੰ ਸਾਰੇ ਜਥੇ ਨਵਾਬ ਕਪੂਰ ਸਿੰਘ ਦੀ ਕਮਾਨ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ ਅਤੇ ਗੁਰਮਤਾ ਕੀਤਾ ਕਿ ਖ਼ਾਲਸੇ ਨੂੰ ਆਪਣੀ ਇੱਕ ਐਸੀ ਕਿਲ੍ਹੇ ਵਰਗੀ ਇੱਕ ਗੜ੍ਹੀ ਉਸਾਰ ਲੈਣੀ ਚਾਹੀਦੀ ਹੈ, ਜਿੱਥੇ ਉਹ ਆਪਣਾ ਜੰਗੀ ਸਮਾਨ ਅਤੇ ਰਾਸ਼ਨ (ਅਨਾਜ) ਇਕੱਠਾ ਕਰ ਕੇ ਰੱਖ ਸਕਣ। ਸਿੰਘਾਂ ਨੇ ਮੌਕਾ ਦੇਖਦਿਆਂ ਹੀ ਅੰਮ੍ਰਿਤਸਰ ਵਿਖੇ ਹੀ ਉਸੇ ਅਸਥਾਨ 'ਤੇ ਕੱਚੀ ਗੜ੍ਹੀ ਉਸਾਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਲ੍ਹਾ ਲੋਹਗੜ੍ਹ ਬਣਾ ਕੇ ਸਮੇਂ ਦੇ ਹਾਕਮਾਂ ਨਾਲ ਜੰਗ ਲੜਿਆ ਸੀ। ਇਸ ਥਾਂ ਦੇ ਆਲ੍ਹੇ-ਦੁਆਲ੍ਹੇ ਡੂੰਘੀ ਖਾਈ ਪੁੱਟ ਕੇ ਵਗਲਿਆ ਗਿਆ ਸੀ। ਖਾਈ ਵਿੱਚੋਂ ਨਿਕਲੀ ਮਿੱਟੀ ਦੀ ਹੀ ਕੱਚੀ ਕੰਧ ਉਸਾਰ ਲਈ ਗਈ ਸੀ। ਇਸ ਦੇ ਵਿਚਕਾਰ ਮਿੱਟੀ ਦੀਆਂ ਹੀ ਕੋਠੜੀਆਂ ਦੀ ਉਸਾਰੀ ਕੀਤੀ ਗਈ। ਇਸ ਦਾ ਨਾਮ ਸ੍ਰੀ ਗੁਰੂ ਰਾਮਦਾਸ ਜੀ ਦੀ ਯਾਦ ਵਿੱਚ ਰਾਮ ਰੌਣੀ ਰੱਖਿਆ ਗਿਆ।

ਰਾਮ ਰੌਣੀ ਦਾ ਅੰਮ੍ਰਿਤਸਰ ਵਿਖੇ ਬਣਾਉਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਸਿੱਖਾਂ ਦਾ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਦੇ ਦਰਬਾਰ ਸਾਹਿਬ ਵਿੱਚ ਅਟੁੱਟ ਵਿਸ਼ਵਾਸ ਸੀ। ਉਹ ਸਿੰਘ ਇਹ ਜਾਣਦੇ ਸਨ ਕਿ ਇਸ ਅਸਥਾਨ ਦੇ ਨੇੜੇ ਰਹਿ ਕੇ ਉਹਨਾਂ ਨੂੰ ਇੱਕ ਖ਼ਾਸ ਅਲੌਕਿਕ ਸ਼ਕਤੀ ਪ੍ਰਾਪਤ ਹੁੰਦੀ ਹੈ ਤੇ ਗੁਰੂ ਉਹਨਾਂ ਦੇ ਅੰਗ-ਸੰਗ ਹੁੰਦਾ ਹੈ, ਤੇ ਜਿਹੜੇ ਸਿੰਘ ਲੜਦੇ ਹੋਏ ਸ਼ਹੀਦ ਹੁੰਦੇ ਹਨ, ਉਹ ਸਿੱਧੇ ਗੁਰੂ ਦੇ ਦਰਬਾਰ ਸਚਖੰਡ ਵਿੱਚ ਪਹੁੰਚਦੇ ਹਨ। ਜਦੋਂ ਉਹ ਜਿੱਤਦੇ ਹਨ ਤਾਂ ਰਾਜ-ਭਾਗ ਦੇ ਮਾਲਕ ਬਣਦੇ ਹਨ। ਇਤਿਹਾਸ ਨੇ ਸਿੰਘਾਂ ਦੇ ਇਸ ਵਿਸ਼ਵਾਸ ਨੂੰ ਪੂਰਾ ਕਰ

ਕੇ ਦਿਖਾਇਆ ਵੀ। ਸਿੰਘ ਲਾਹੌਰ ਦੀ ਬੁੱਕਲ ਅੰਮ੍ਰਿਤਸਰ ਵਿੱਚ ਹੋਣ ਦੇ ਬਾਵਜੂਦ ਕਈ ਵਾਰ ਯੁੱਧ ਲੜਨ ਤੋਂ ਬਾਅਦ ਆਖ਼ਰ ਜੇਤੂ ਹੋ ਕੇ ਲਾਹੌਰ ਦੇ ਕਿਲੇ ਤੇ ਕਾਬਜ਼ ਵੀ ਹੋਏ ਤੇ ਹੁਕਮਰਾਨ ਵੀ ਬਣੇ। ਰਾਮ ਰੌਣੀ ਦੀ ਉਸਾਰੀ ਕਰਨ ਦੀ ਭਾਵਨਾ ਨੇ ਉਹਨਾਂ ਅੰਦਰ ਰਾਜ ਕਰਨ ਤੇ ਹੁਕਮਰਾਨ ਬਣਨ ਦੀ ਭਾਵਨਾ ਨੂੰ ਵੀ ਸੁਰਜੀਤ ਕੀਤਾ।

ਨਵਾਬ ਕਪੂਰ ਸਿੰਘ ਨੇ ਆਪਣਾ ਜਥੇਦਾਰੀ ਦਾ ਬਹੁਤ ਸਾਰਾ ਕੰਮਕਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਪੁਰਦ ਕਰ ਦਿੱਤਾ ਸੀ। ਖ਼ਾਲਸਾ ਦਲ ਦੇ ਸਿਰਕੱਢ ਯੋਧਿਆਂ ਵਿੱਚ ਜੱਸਾ ਸਿੰਘ ਆਹਲੂਵਾਲੀਏ ਦਾ ਨਾਮ ਮੋਹਰੀਆਂ ਵਿੱਚ ਲਿਆ ਜਾਂਦਾ ਸੀ। ਮਾਰਚ ਸੰਨ 1748 ਵਿੱਚ ਅਹਿਮਦ ਸ਼ਾਹ ਦੁਰਾਨੀ ਨੂੰ ਭਾਂਜ ਦੇ ਕੇ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਦੇ ਪੁੱਤਰ ਸ਼ਾਹਜ਼ਾਦਾ ਅਹਿਮਦ ਸ਼ਾਹ ਨੇ ਮੀਰ ਮੁਈਨ ਦੀਨ ਮੀਰ ਮਨੂੰ ਨੂੰ ਪੰਜਾਬ ਦਾ ਹਾਕਮ ਨਿਯੁਕਤ ਕੀਤਾ ਤੇ ਆਪ ਵਾਪਸ ਦਿੱਲੀ ਚਲਾ ਗਿਆ।

ਮੀਰ ਮਨੂੰ ਨੇ ਲਾਹੌਰ ਪੁੱਜ ਕੇ ਦੁਰਾਨੀ ਵੱਲੋਂ ਮੁਕੱਰਰ ਜਲੌਖ਼ਾਨ ਤੇ ਦੀਵਾਨ ਲਖਪਤ ਰਾਏ ਨੂੰ ਕੈਦ ਕਰ ਦਿੱਤਾ। ਦੀਵਾਨ 'ਤੇ ਤੀਹ ਲੱਖ ਰੁਪੈ ਦੀ ਚੱਟੀ ਲਾਈ ਅਤੇ ਉਸ ਦੀ ਜਗ੍ਹਾ ਦੀਵਾਨ ਕੌੜਾ ਮੱਲ ਨੂੰ ਆਪਣਾ ਨਾਇਬ ਅਤੇ ਦੀਵਾਨ ਅਦਾਲਤ ਨਿਯਤ ਕੀਤਾ। ਤੀਹ ਲੱਖ ਵਿੱਚੋਂ ਅਠਾਰਾਂ ਲੱਖ ਤਾਂ ਲਖਪਤ ਰਾਏ ਨੇ ਭਰ ਦਿੱਤਾ। ਦੋ ਲੱਖ ਵਿੱਚ ਉਸ ਦਾ ਘਰ-ਘਾਟ ਤੇ ਜਾਇਦਾਦ ਕੁਰਕ ਹੋ ਗਏ। ਬਾਕੀ ਦਸ ਲੱਖ ਲਈ ਉਸ ਨੂੰ ਉਮਰ ਕੈਦ ਬੋਲੀ ਗਈ।

ਦੀਵਾਨ ਕੌੜਾ ਮੱਲ ਨੂੰ ਪਤਾ ਸੀ ਕਿ ਕਿਵੇਂ ਲਖਪਤ ਰਾਏ ਨੇ ਨਾ-ਹੱਕ ਹਜ਼ਾਰਾਂ ਬੇਦੋਸ਼ੇ ਸਿੰਘਾਂ ਨੂੰ ਕਤਲ ਕਰਵਾਇਆ ਅਤੇ ਕਸ਼ਟ ਦਿੱਤੇ ਸਨ। ਇਸ ਲਈ ਉਸ ਨੇ ਬਾਕੀ ਦਾ ਦਸ ਲੱਖ ਰੁਪਇਆ ਇਸ ਸ਼ਰਤ 'ਤੇ ਆਪਣੇ ਕੋਲੋਂ ਦੇ ਦੇਣਾ ਪ੍ਰਵਾਨ ਕਰ ਲਿਆ ਕਿ ਲਖਪਤ ਰਾਏ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਮੀਰ ਮਨੂੰ ਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ ਸੀ। ਸੋ, ਕੌੜਾ ਮੱਲ ਨੇ ਇਹ ਰਕਮ ਲਿਖ ਦਿੱਤੀ ਅਤੇ ਲਖਪਤ ਰਾਏ ਨੂੰ ਲੈ ਕੇ ਸਿੰਘਾਂ ਦੇ ਹਵਾਲੇ ਕਰ ਦਿੱਤਾ। ਸਿੰਘਾਂ ਨੇ ਉਸ ਦੀਆਂ ਮੁਸ਼ਕਾਂ ਤਾੜ ਕੇ ਇੱਕ ਸੇਧਖ਼ਾਨੇ ਵਿੱਚ ਬੰਦ ਕਰ ਕੇ ਬੈਨ੍ਹ ਦਿੱਤਾ ਤੇ ਉੱਪਰੋਂ ਛੱਤ ਵਿੱਚ ਮੋਰੀ ਕਰ ਦਿੱਤੀ, ਜੋ ਕਿ ਲਖਪਤ ਦੇ ਐਨ ਸਿਰ ਉੱਤੇ ਸੀ। ਸਭ ਸਿੱਖਾਂ ਨੂੰ ਹੁਕਮ ਕੀਤਾ ਗਿਆ ਕਿ ਉਹ ਜੰਗਲ-ਪਾਣੀ ਛੱਤ ਦੀ ਮੋਰੀ 'ਤੇ ਜਾਇਆ ਕਰਨ। ਇਉਂ ਇਸ ਕੁੰਭੀ ਨਰਕ ਵਿੱਚ ਲਖਪਤ ਦੀ ਮੌਤ ਹੋਈ ਅਤੇ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪਈ।

**ਸਿੰਘਾਂ 'ਤੇ ਮੁੜ ਸਖ਼ਤੀ ਦਾ ਦੌਰ** : ਮੀਰ ਮਨੂੰ ਲਾਹੌਰ ਦੀ ਸੂਬੇਦਾਰੀ 'ਤੇ ਜਦੋਂ ਚੰਗੀ ਤਰ੍ਹਾਂ ਕਾਬਜ਼ ਹੋ ਗਿਆ, ਤਾਂ ਉਸ ਨੇ ਸਿੰਘਾਂ ਦੀ ਵਧ ਰਹੀ ਤਾਕਤ, ਜਿਸ ਦੇ ਨਿਸ਼ਾਨ ਰਾਮ ਰੌਣੀ ਦੇ ਮੁਨਾਰਿਆਂ ਤੋਂ ਦਿਸ ਰਹੇ ਸਨ, ਦਾ ਗਲ਼ਾ ਘੁੱਟਣ ਬਲਕਿ ਉਹਨਾਂ ਦਾ ਖੁਰਾ-ਖੋਜ ਮਿਟਾ ਦੇਣ ਲਈ ਗਸ਼ਤੀ ਫ਼ੌਜ ਦੇ ਦਸਤੇ ਪਿੰਡਾਂ ਅਤੇ

ਇਲਾਕਿਆਂ ਵਿੱਚ ਭੇਜ ਦਿੱਤੇ। ਉਹਨਾਂ ਨੂੰ ਤਾਕੀਦੀ ਹੁਕਮ ਦਿੱਤੇ ਕਿ ਜਿੱਥੇ ਵੀ ਸਿੰਘ ਮਿਲਣ, ਉਨ੍ਹਾਂ ਨੂੰ ਫੜ ਕੇ ਉਨ੍ਹਾਂ ਦੇ ਕੇਸ ਅਤੇ ਦਾੜ੍ਹੇ ਕਤਲ ਕਰ ਦੇਣ।

ਸਿੰਘ ਫੇਰ ਘਰ-ਘਾਟ ਛੱਡ ਕੇ ਜੰਗਲਾਂ ਅਤੇ ਪਹਾੜਾਂ ਨੂੰ ਚੜ੍ਹ ਗਏ, ਪਰ ਉੱਥੇ ਵੀ ਉਹਨਾਂ ਨੂੰ ਸੁੱਖ ਦਾ ਸਾਹ ਨਾ ਲੈਣ ਦਿੱਤਾ ਗਿਆ। ਮੀਰ ਮਨੂੰ ਨੇ ਇਲਾਕਿਆਂ ਦੇ ਚੌਧਰੀਆਂ ਅਤੇ ਪਹਾੜੀ ਰਾਜਿਆਂ ਦੇ ਨਾਮ ਕਰੜੇ ਹੁਕਮ ਜਾਰੀ ਕਰ ਦਿੱਤੇ ਕਿ ਉਹ ਸਿੰਘਾਂ ਨੂੰ ਜਕੜ ਕੇ ਲਾਹੌਰ ਪਹੁੰਚਾ ਦੇਣ। ਥੋੜ੍ਹੇ ਸਮੇਂ ਵਿੱਚ ਹੀ ਗਸ਼ਤੀ ਫ਼ੌਜਾਂ ਨੇ ਬੇਅੰਤ ਸਿੰਘ ਫੜ-ਫੜ ਕੇ ਮਾਰੇ ਅਤੇ ਉਹਨਾਂ ਦੀਆਂ ਦਾਹੜੀਆਂ ਅਤੇ ਕੇਸ ਜਬਰੀ ਕਤਲ ਕੀਤੇ ਗਏ। ਇਲਾਕਿਆਂ ਵਿੱਚ ਚੌਧਰੀਆਂ ਅਤੇ ਪਹਾੜੀਆਂ ਨੇ ਹਜ਼ਾਰਾਂ ਹੀ ਸਿੰਘ ਲਾਹੌਰ ਬੰਨ੍ਹ-ਬੰਨ੍ਹ ਕੇ ਪਹੁੰਚਾਏ, ਜਿੱਥੇ ਉਹ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਦਿੱਲੀ ਦਰਵਾਜ਼ੇ ਦੇ ਬਾਹਰ ਘੋੜਾ ਮੰਡੀ ਵਿੱਚ ਸ਼ਹੀਦ ਗੰਜ ਦੇ ਅਸਥਾਨ 'ਤੇ ਬੇਸ਼ੁਮਾਰ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਕਤਲ ਕੀਤੇ ਜਾਂਦੇ ਸਨ। ਸਿੰਘਾਂ ਦੇ ਸਿਰਾਂ ਨਾਲ ਖੂਹ ਭਰੇ ਜਾਂਦੇ ਅਤੇ ਉਹਨਾਂ ਦੇ ਬੇ-ਸਿਰ ਧੜ ਉੱਥੇ ਸ਼ਹੀਦ ਗੰਜ ਵਾਲੀ ਥਾਂ 'ਤੇ ਦਬਾ ਦਿੱਤੇ ਜਾਂਦੇ ਸਨ।

ਅਦੀਨਾ ਬੇਗ ਬਹੁਤ ਚਲਾਕ ਬੰਦਾ ਸੀ, ਉਸ ਨੇ ਜੱਸਾ ਸਿੰਘ ਆਹਲੂਵਾਲੀਆ ਨਾਲ ਮੁਲਾਕਾਤ ਦਾ ਸਮਾਂ ਮੰਗਿਆ। ਸਿੰਘ ਵੀ ਉਸ ਦੀਆਂ ਚਲਾਕੀਆਂ ਨੂੰ ਜਾਣਦੇ ਸਨ। ਅਦੀਨਾ ਬੇਗ ਮੁਲਾਕਾਤ ਦੇ ਬਹਾਨੇ ਜੱਸਾ ਸਿੰਘ ਜੀ ਨੂੰ ਮੀਰ ਮਨੂੰ ਦੇ ਹਵਾਲੇ ਕਰਨਾ ਚਾਹੁੰਦਾ ਸੀ, ਤਾਂ ਜੁ ਉਹ ਜੱਸਾ ਸਿੰਘ ਨੂੰ ਤਸੀਹੇ ਦੇ ਕੇ ਕਤਲ ਕਰ ਦੇਵੇ। ਜੱਸਾ ਸਿੰਘ ਜੀ ਨੇ ਅਦੀਨਾ ਬੇਗ ਨੂੰ ਜਵਾਬ ਭੇਜਿਆ ਕਿ ਸਾਡੀ-ਤੁਹਾਡੀ ਮੁਲਾਕਾਤ ਜੰਗ ਦੇ ਮੈਦਾਨ ਵਿੱਚ ਹੋਵੇਗੀ। ਜਿਸ ਵੇਲੇ ਹਥਿਆਰ ਚੱਲਣਗੇ, ਉਸ ਵੇਲੇ ਦਿੱਲੀ ਗੱਲਾਂ ਹੋਣਗੀਆਂ। ਅਸੀਂ ਆਪੇ ਤਲਵਾਰ ਦੀ ਤਾਕਤ ਨਾਲ ਮੁਲਕ ਦੀ ਵਾਗਡੋਰ ਸੰਭਾਲ ਲਵਾਂਗੇ। ਤੁਹਾਡੇ ਕੋਲੋਂ ਮੁਲਾਕਾਤ ਰਾਹੀਂ ਮੁਲਖ ਲੈਣਾ ਸਾਨੂੰ ਪਸੰਦ ਨਹੀਂ। ਇਹ ਫ਼ੈਸਲਾ ਜੰਗ ਦੇ ਮੈਦਾਨ ਵਿੱਚ ਹੋਵੇਗਾ। ਅਸੀਂ ਤਲਵਾਰ ਚੁੱਕੀ ਹੈ : ਤੁਸੀਂ ਸੁਲ੍ਹਾ ਦੀਆਂ ਗੱਲਾਂ ਕਰਦੇ ਹੋ ਜਦ ਅੱਗੇ ਵਧਾਂਗੇ, ਆਪੇ ਮੁਲਕ ਮਾਰ ਲਵਾਂਗੇ।

**ਰਾਮ ਰੌਣੀ ਦਾ ਘੇਰਾ :** ਜਦੋਂ ਅਦੀਨਾ ਬੇਗ ਖ਼ਾਨ ਦੀ ਗੱਲ ਸਿਰੇ ਨਾ ਚੜ੍ਹੀ ਤਾਂ ਅਦੀਨਾ ਬੇਗ ਖ਼ਾਨ ਨੇ ਅਤੇ ਸਦੀਕ ਖ਼ਾਨ ਨੇ ਰਾਮ ਰੌਣੀ ਨੂੰ ਘੇਰ ਲੈਣ ਦੀ ਤਿਆਰੀ ਕਰ ਲਈ। ਮੀਰ ਮਨੂੰ ਦੇ ਹੁਕਮ ਨਾਲ ਦੀਵਾਨ ਕੌੜਾ ਮੱਲ, ਮਿਰਜ਼ਾ ਅਜ਼ੀਜ਼ ਖ਼ਾਨ ਬਖ਼ਸ਼ੀ, ਨਾਸਰ ਅਲੀ ਖ਼ਾਨ ਜਲੰਧਰੀ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਮਿਲ ਕੇ ਹੱਲਾ ਕਰ ਦਿੱਤਾ। ਰਾਮ ਰੌਣੀ ਦੇ ਬੁਰਜਾਂ 'ਤੇ ਸਿੰਘਾਂ ਦੇ ਨਗਾਰਿਆਂ ਦੀ ਅਵਾਜ਼ ਸੁਣ ਕੇ ਨੇੜੇ-ਤੇੜੇ ਤੋਂ ਖ਼ਾਲਸੇ ਦੇ ਕੁਝ ਜਥੇ ਵੀ ਆ ਪਹੁੰਚੇ ਅਤੇ ਰਾਮਸਰ ਦੀਆਂ ਝਾੜੀਆਂ ਵਿੱਚ ਮੋਰਚੇ ਲਾ ਕੇ ਬੈਠ ਗਏ।

ਲਾਹੌਰੀ ਫ਼ੌਜ ਕੋਲ ਤੋਪਾਂ ਅਤੇ ਬੇਅੰਤ ਹਥਿਆਰ ਤੇ ਫ਼ੌਜੀ ਸਮਾਨ ਸੀ। ਉਹਨਾਂ ਨੇ ਸੁਰੰਗਾਂ ਪੁੱਟ ਕੇ ਵਿੱਚ ਬਾਰੂਦ ਭਰ ਕੇ ਰੌਣੀ ਨੂੰ ਉਡਾਉਣ ਦਾ ਇਰਾਦਾ ਬਣਾ ਲਿਆ।

ਸਿੰਘਾਂ ਨੇ ਇੱਕ ਡੂੰਘੀ ਖਾਈ ਪੁੱਟ ਲਈ ਅਤੇ ਇਸ ਵਿੱਚ ਬੈਠ ਕੇ ਸੁਰੰਗ ਦੀ ਤੋਰ ਰੋਕ ਲਈ, ਪਰ ਅੰਦਰ ਰਾਸ਼ਨ-ਪਾਣੀ ਖ਼ਤਮ ਹੋ ਜਾਣ ਕਾਰਨ ਸਿੰਘਾਂ ਨੇ ਬਾਹਰ ਨਿਕਲ ਕੇ ਸਿੱਧਾ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ। ਇਸ ਗੱਲ ਦਾ ਪਤਾ ਜਦੋਂ ਅਦੀਨਾ ਬੇਗ ਖ਼ਾਨ ਦੇ ਨਾਲ ਆਏ ਸਿੰਘਾਂ ਅਤੇ ਸਰਦਾਰ ਜੱਸਾ ਸਿੰਘ ਈਚੋਗਿੱਲੀਏ (ਰਾਮਗੜ੍ਹੀਏ) ਨੂੰ ਲੱਗਾ ਤਾਂ ਉਹ ਅਦੀਨਾ ਬੇਗ ਦਾ ਸਾਥ ਛੱਡ ਕੇ ਆਪਣੇ ਸਿੰਘ ਭਰਾਵਾਂ ਨਾਲ ਆ ਰਲ਼ੇ ਅਤੇ ਦੀਵਾਨ ਕੌੜਾ ਮੱਲ ਨੂੰ ਸੁਨੇਹਾ ਭੇਜਿਆ ਕਿ ਘੇਰੇ ਵਿੱਚ ਫਸੇ ਸਿੰਘਾਂ ਦੀ ਮਦਦ ਕਰੇ।

ਇਹਨਾਂ ਹੀ ਦਿਨਾਂ ਵਿੱਚ ਮੀਰ ਮਨੂੰ ਨੂੰ ਦੋ ਵੱਡੀਆਂ ਮੁਸੀਬਤਾਂ ਆਣ ਪਈਆਂ। ਇੱਕ ਤਾਂ ਇਹ ਕਿ ਦਿੱਲੀ ਦੀ ਮੁਗ਼ਲ ਸਰਕਾਰ ਦੀ ਸ਼ਹਿ ਅਤੇ ਸਹਾਇਤਾ ਨਾਲ ਲਾਹੌਰ ਦੇ ਪੁਰਾਣੇ ਸੂਬੇਦਾਰ ਸ਼ਾਹ ਨਿਵਾਜ਼ ਖ਼ਾਨ ਨੇ ਮੁਲਤਾਨ 'ਤੇ ਕਬਜ਼ਾ ਕਰ ਕੇ ਮਨੂੰ ਨੂੰ ਉੱਥੋਂ ਬੇਦਖ਼ਲ ਕਰ ਦਿੱਤਾ ਅਤੇ ਲਾਹੌਰ ਵਲ ਵਧਣ ਦੀਆਂ ਤਿਆਰੀਆਂ ਕਰਨ ਲੱਗ ਪਿਆ। ਦੂਸਰੇ ਅਹਿਮਦ ਸ਼ਾਹ ਦੁਰਾਨੀ ਦੇ ਹਿੰਦੁਸਤਾਨ 'ਤੇ ਮੁੜ ਹਮਲਾ ਕਰਨ ਲਈ ਤੁਰ ਪੈਣ ਦੀਆਂ ਖ਼ਬਰਾਂ ਆਉਣ ਲੱਗ ਪਈਆਂ। ਇਹਨਾਂ ਦੋਵੇਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਅਤੇ ਦੂਸਰੇ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕੀਤਾ। ਕੌੜਾ ਮੱਲ ਨੇ ਸਲਾਹ ਦਿੱਤੀ ਕਿ ਇਸ ਵੇਲੇ ਇਹਨਾਂ ਮੁਸੀਬਤਾਂ ਤੋਂ ਬਚਣ ਦਾ ਇੱਕੋ ਹੀ ਰਾਹ ਹੈ ਕਿ ਰਾਮ ਰੌਣੀ ਦਾ ਘੇਰਾ ਉਠਾ ਲਿਆ ਜਾਵੇ, ਉੱਥੋਂ ਫ਼ੌਜਾਂ ਵਾਪਸ ਬੁਲਾ ਕੇ ਨਵਾਬ ਸਾਹਿਬ (ਮੀਰ ਮਨੂੰ) ਆਪ ਅਹਿਮਦ ਸ਼ਾਹ ਦੁਰਾਨੀ ਦਾ ਮੁਕਾਬਲਾ ਕਰਨ ਲਈ ਜਾਣ ਅਤੇ ਮੌਂ ਸ਼ਾਹ ਨਿਵਾਜ਼ ਦੇ ਵਿਰੁੱਧ ਮੁਲਤਾਨ ਜਾਂਦਾ ਹਾਂ। ਦੀਵਾਨ ਕੌੜਾ ਮੱਲ ਨੇ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਮੀਰ ਮਨੂੰ ਤੋਂ ਇਹ ਗੱਲ ਵੀ ਮੰਨਵਾ ਲਈ ਕਿ ਸਿੱਖਾਂ ਨੂੰ ਜਾਗੀਰ ਦੇ ਕੇ ਆਪਣੇ ਨਾਲ਼ ਮਿਲਾ ਲਿਆ ਜਾਵੇ ਅਤੇ ਮੀਰ ਮਨੂੰ ਪਾਸੋਂ ਪਰਗਣਾ ਪੱਟੀ ਦੇ ਮਾਮਲੇ ਦਾ ਚੌਥਾ ਹਿੱਸਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨਾਉਂ ਜਾਗੀਰ ਲਿਖਵਾ ਦਿੱਤਾ ਅਤੇ ਗੁਰੂ ਚੱਕ ਵਾਲੇ ਬਾਰਾਂ ਪਿੰਡਾਂ ਦਾ ਜ਼ਬਤ ਹੋ ਚੁੱਕਾ ਮਾਮਲਾ ਵੀ ਮੁੜ ਜਾਰੀ ਕਰਵਾ ਦਿੱਤਾ। ਇਸ ਤਰ੍ਹਾਂ ਮੱਘਰ 1803 ਬਿ. ਨਵੰਬਰ, ਸੰਨ 1748 ਈ. ਨੂੰ ਰਾਮ ਰੌਣੀ ਦਾ ਘੇਰਾ ਉਠਾਇਆ ਗਿਆ ਅਤੇ ਮੀਰ ਮਨੂੰ ਦੀਆਂ ਫ਼ੌਜਾਂ ਦੁਰਾਨੀ ਅਤੇ ਸ਼ਾਹ ਨਿਵਾਜ਼ ਦੇ ਵਿਰੁੱਧ ਮੁਹਿੰਮ ਦੀਆਂ ਤਿਆਰੀਆਂ ਲਈ ਲਾਹੌਰ ਪੁੱਜ ਗਈਆਂ।

**ਦੁਰਾਨੀ ਦਾ ਦੂਸਰਾ ਹਮਲਾ** : ਨਵੰਬਰ ਸੰਨ 1748 ਈ. ਨੂੰ ਅਹਿਮਦ ਸ਼ਾਹ ਨੇ ਦੂਸਰਾ ਹਮਲਾ ਪਿਛਲੇ ਹਮਲੇ ਦੀ ਹਾਰ ਦਾ ਬਦਲਾ ਲੈਣ ਲਈ ਕੀਤਾ। ਪਰ ਮੀਰ ਮਨੂੰ ਨੇ ਉਸ ਦੀ ਈਨ ਮੰਨ ਲਈ, ਤੇ ਉਸ ਨੇ ਦੁਰਾਨੀ ਨੂੰ ਸਿਆਲਕੋਟ, ਔਰੰਗਾਬਾਦ, ਗੁਜਰਾਤ ਅਤੇ ਪਸ਼ਰੂਰ ਦਾ ਮੁਆਮਲਾ ਦੇਣ ਕਰ ਕੇ ਸੁਲ੍ਹਾ ਕਰ ਲਈ। ਦੁਰਾਨੀ ਸੁਲ੍ਹਾ ਹੋਣ ਕਰ ਕੇ ਵਾਪਸ ਪਰਤ ਗਿਆ।

**ਸਿੰਘਾਂ ਵੱਲੋਂ ਦੀਵਾਨ ਕੌੜਾ ਮੱਲ ਦੀ ਸਹਾਇਤਾ :** ਸਤੰਬਰ-ਅਕਤੂਬਰ, ਸੰਨ 1749 ਈ. ਨੂੰ ਮੀਰ ਮਨੂੰ ਨੇ ਆਪਣੇ ਪੁਰਾਣੇ ਵੈਰੀ ਸ਼ਾਹ ਨਿਵਾਜ਼ ਖ਼ਾਨ (ਜੋ ਦਿੱਲੀ ਦੀ ਹਕੂਮਤ ਦੀ ਸ਼ਹਿ ਨਾਲ ਮੁਲਤਾਨ ਦਾ ਹਾਕਮ ਬਣ ਬੈਠਾ ਸੀ) ਨੂੰ ਸਰ ਕਰਨ ਲਈ ਆਪਣੇ ਦੀਵਾਨ ਕੌੜਾ ਮੱਲ ਦੀ ਕਮਾਨ ਹੇਠ ਫ਼ੌਜ ਭੇਜੀ। ਕੌੜਾ ਮੱਲ ਪਾਸ ਇਤਨੀ ਫ਼ੌਜ ਨਹੀਂ ਸੀ ਕਿ ਉਹ ਮੁਲਤਾਨ 'ਤੇ ਕਬਜ਼ਾ ਕਰ ਲੈਂਦਾ। ਇਸ ਮੌਕੇ ਦੀਵਾਨ ਕੌੜਾ ਮੱਲ ਦੇ ਦੀਵਾਨ ਨੌਨੀਤ ਰਾਏ ਨੇ ਸਲਾਹ ਦਿੱਤੀ ਕਿ ਤੁਸੀਂ ਸਿੰਘਾਂ ਪਾਸੋਂ ਸਹਾਇਤਾ ਲਵੋ। ਤੁਸੀਂ ਵੀ ਗੁਰੂ ਦੇ ਸਿੱਖ ਹੋ ਅਤੇ ਵੇਲੇ-ਕੁਵੇਲੇ ਉਹਨਾਂ ਦੀ ਬਣਦੀ ਸਹਾਇਤਾ ਵੀ ਕਰਦੇ ਹੋ। ਇਸ ਲਈ ਉਹ ਵੀ ਜ਼ਰੂਰ ਤੁਹਾਡੀ ਸਹਇਤਾ ਕਰਨਗੇ। ਸੋ, ਦੀਵਾਨ ਕੌੜਾ ਮੱਲ ਦੇ ਮੋਹਤਬਰ ਜਦ ਸਿੰਘਾਂ ਕੋਲ ਅੰਮ੍ਰਿਤਸਰ ਪਹੁੰਚੇ ਤਾਂ ਸਿੰਘਾਂ ਨੇ ਦੀਵਾਨ ਕੌੜਾ ਮੱਲ ਦੀ ਮਦਦ ਕਰਨ ਦਾ ਫ਼ੈਸਲਾ ਲਿਆ। ਸ੍. ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਦਸ ਹਜ਼ਾਰ ਸਿੰਘਾਂ ਦੀ ਫ਼ੌਜ ਨੇ ਤਿਆਰੇ ਦੇ ਜੈਕਾਰੇ ਗੁੰਜਾ ਦਿੱਤੇ। ਫ਼ੌਜ ਦੇ ਖ਼ਰਚ ਲਈ ਅੱਠ ਆਨੇ ਰੋਜ਼ ਪਿਆਦਾ ਇੱਕ ਰੁਪਈਆ ਘੋੜ ਚੜ੍ਹਾ ਅਤੇ ਪੰਜ ਰੁਪਏ ਰੋਜ਼ ਸਰਦਾਰ ਦੇ ਹਿਸਾਬ ਨਾਲ ਮੁਕੱਰਰ ਹੋਏ ਅਤੇ ਦੋ ਮਹੀਨੇ ਦਾ ਖ਼ਰਚ ਪੇਸ਼ਗੀ ਲਿਆ। ਇਸ ਦੇ ਨਾਲ ਹੀ ਇਹ ਫ਼ੈਸਲਾ ਵੀ ਹੋਇਆ ਕਿ ਜੋ ਲੁੱਟ ਜਿਸ ਦੇ ਹਿੱਸੇ ਆਵੇਗੀ ਉਸੇ ਦੀ ਹੋਵੇਗੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉਸ ਵੇਲੇ ਬਿਮਾਰ ਸੀ। ਉਸ ਨੂੰ ਰਾਮ ਰੌਣੀ ਵਿਖੇ ਛੱਡ ਕੇ ਸ੍. ਜੱਸਾ ਸਿੰਘ ਆਹਲੂਵਾਲੀਆ ਨੇ ਦਲ ਖ਼ਾਲਸੇ ਨਾਲ ਮੁਲਤਾਨ ਵੱਲ ਨੂੰ ਚਾਲੇ ਪਾਏ ਅਤੇ ਤੇਜ਼ੀ ਨਾਲ ਚਨਓਟ ਜਾ ਪੁੱਜੇ। ਕੌੜਾ ਮੱਲ ਦਲ ਖ਼ਾਲਸਾ ਨੂੰ ਲੈਣ ਲਈ ਅੱਗੇ ਆ ਗਿਆ ਨਾਲ ਹੀ ਨਕਦੀ ਅਤੇ ਮੋਜ਼ਬਾਨੀ ਦੀਆਂ ਚੀਜ਼ਾਂ ਨਜ਼ਰ ਕੀਤੀਆਂ। ਅੱਗੇ ਇੱਕ ਪੜਾਅ ਹੋਰ ਕਰ ਕੇ 'ਉੱਚ' ਡੇਰਾ ਕੀਤਾ। ਇੱਥੋਂ ਦੇ ਅਰੋੜਿਆਂ ਅਤੇ ਖੱਤਰੀਆਂ ਪਾਸੋਂ ਕੌੜਾ ਮੱਲ ਨੇ ਇੱਕ ਲੱਖ ਰੁਪਈਆ ਲਿਆ ਅਤੇ ਅੱਗੇ ਨੂੰ ਤੁਰ ਪਏ।

ਦੀਵਾਨ ਕੌੜਾ ਮੱਲ ਇਸ ਸਫ਼ਰ ਵਿੱਚ ਹਰ ਰੋਜ਼ ਕੜਾਹ ਪ੍ਰਸ਼ਾਦ ਦੇ ਬਾਟੇ ਲੈ ਕੇ ਖ਼ਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੁੰਦਾ ਅਤੇ ਗੁਰਸਿੱਖਾਂ ਵਾਂਗ ਰਹਿਰਾਸ ਅਤੇ ਅਰਦਾਸ ਸੁਣਦਾ। ਹੁੱਕਾ ਮੁਆਫ਼ ਕਰਵਾਉਣ ਲਈ ਨਿਹੰਗ ਸਿੰਘਾਂ ਨੇ ਕੌੜਾ ਮੱਲ ਨੂੰ ਪੰਜ ਰੁਪਏ ਰੋਜ਼ ਤਨਖ਼ਾਹ ਲਗਾ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਹਿਣ ਪਰ ਦੀਵਾਨ ਕੌੜਾ ਮੱਲ ਨੇ ਨਨਕਾਣਾ ਸਾਹਿਬ ਦਾ ਬਾਲ ਲੀਲ੍ਹਾ ਗੁਰਦੁਆਰਾ ਬਣਾ ਦੇਣਾ ਪਰਵਾਨ ਕਰ ਲਿਆ। ਕੌੜਾ ਮੱਲ ਨਿਹੰਗ ਸਿੰਘਾਂ ਨੂੰ ਰੋਜ਼ ਮਿੱਠੀਆਂ ਸ਼ਰਦਾਈਆਂ ਦੇ ਖੂਬ ਗੱਫ਼ੇ ਛਕਾਉਂਦਾ ਅਤੇ ਸਿੰਘ ਜੀ ਪ੍ਰਸੰਨ ਹੋ ਕੇ ਉਸ ਨੂੰ 'ਮਿੱਠਾ ਮੱਲ' ਦੇ ਨਾਂ ਨਾਲ ਬੁਲਾਉਂਦੇ।

**ਸ਼ਾਹ ਨਿਵਾਜ਼ ਖ਼ਾਨ ਨਾਲ ਜੰਗ ਅਤੇ ਮੁਲਤਾਨ 'ਤੇ ਕਬਜ਼ਾ :** ਸ਼ਾਹ ਨਿਵਾਜ਼ ਖ਼ਾਨ ਤੇ ਦੀਵਾਨ ਕੌੜਾ ਮੱਲ ਤੇ ਦਲ ਖ਼ਾਲਸਾ ਵਿਚਕਾਰ ਇਹ ਜੰਗ ਕਾਫ਼ੀ ਗਹਿਗਚ

ਰੂਪ ਧਾਰਨ ਕਰ ਗਿਆ। ਸ਼ਾਹ ਨਿਵਾਜ਼ ਖ਼ਾਨ ਦੀਆਂ ਫ਼ੌਜਾਂ ਦੀਵਾਨ ਦੀਆਂ ਫ਼ੌਜਾਂ 'ਤੇ ਭਾਰੂ ਪੈ ਰਹੀਆਂ ਸਨ। ਅਦੀਨਾ ਬੇਗ ਦੇ ਸਿਪਾਹੀ ਵੀ ਫੈਰੀ ਨਾਲ ਰਲਦੇ ਜਾ ਰਹੇ ਸਨ। ਇਹ ਦੇਖ ਕੇ ਜੱਸਾ ਸਿੰਘ ਆਹਲੂਵਾਲੀਏ ਅਤੇ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਬਹੁਤ ਜ਼ੋਰ ਦਾ ਹੱਲਾ ਬੋਲਿਆ। ਸ਼ਾਹ ਨਿਵਾਜ਼ ਦੀ ਫ਼ੌਜ ਨੇ ਦੀਵਾਨ ਕੌੜਾ ਮੱਲ ਦੀ ਫ਼ੌਜ ਦਾ ਕਾਫ਼ੀ ਨੁਕਸਾਨ ਕੀਤਾ। ਫ਼ਤਿਹ ਸ਼ਾਹ ਨਿਵਾਜ਼ ਖ਼ਾਨ ਦੀ ਹੁੰਦੀ ਦਿਖ ਰਹੀ ਸੀ। ਇਸ ਵੇਲੇ ਖੁਆਜਾ ਸ਼ਾਹ ਨਾਮੀ ਸ਼ਾਹ ਨਿਵਾਜ਼ ਖ਼ਾਨ ਦੇ ਨੌਕਰ ਦੀ ਫ਼ੌਜ ਕੌੜਾ ਮੱਲ ਦੀ ਫ਼ੌਜ ਦਾ ਸਖ਼ਤ ਨੁਕਸਾਨ ਕਰ ਰਹੀ ਸੀ। ਉਹਨਾਂ ਦਾ ਪਾਸਾ ਭਾਰੀ ਸੀ ਅਤੇ ਫ਼ਤਿਹ ਸ਼ਾਹ ਨਿਵਾਜ਼ ਦੀ ਹੁੰਦੀ ਦਿਖ ਰਹੀ ਸੀ। ਖੁਆਜਾ ਸ਼ਾਹ ਪੰਦਰਾਂ ਕੁ ਸਵਾਰਾਂ ਨਾਲ ਇੱਕ ਪਾਸੇ ਖੜ੍ਹਾ ਸੀ। ਉਸ ਨੇ ਫ਼ਤਿਹ ਦੀ ਨਜ਼ਰ ਸ਼ਾਹ ਨਿਵਾਜ਼ ਖ਼ਾਨ ਅੱਗੇ ਰੱਖੀ ਅਤੇ ਅਰਜ਼ ਕੀਤੀ ਕਿ ਹੁਣ ਦੇਰ ਕਿਸ ਗੱਲ ਦੀ ਹੈ, ਮੈਂ ਹੁਣੇ ਹੀ ਇਸ ਕਾਫ਼ਰ ਨੂੰ ਬੰਨ੍ਹ ਕੇ ਲਿਆ ਹਾਜ਼ਰ ਕਰਦਾ ਹਾਂ, ਪਰ ਕਰਤਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਦ ਖੁਆਜਾ ਸ਼ਾਹ ਨੇ ਕੌੜਾ ਮੱਲ ਵੱਲ ਨੂੰ ਵਧ ਕੇ ਲਲਕਾਰਿਆ, ਤਾਂ ਉੱਧਰੋਂ ਖ਼ਾਲਸੇ ਨੇ ਬੰਦੂਕਾਂ ਸ਼ਾਹ ਨਿਵਾਜ਼ ਵੱਲ ਨੂੰ ਸਿੱਧੀਆਂ ਕਰ ਦਿੱਤੀਆਂ। ਉਹ ਬਚਾਓ ਲਈ ਮੁੜਨ ਹੀ ਲੱਗਾ ਸੀ ਕਿ ਇੱਕ ਗੋਲ਼ੀ ਉਸ ਨੂੰ ਜਾ ਲੱਗੀ ਅਤੇ ਉਹ ਘੋੜੇ 'ਤੇ ਹੀ ਲੁੜਕ ਗਿਆ। ਇਸ ਵੇਲੇ ਭੀਮ ਸਿੰਘ ਨੇ ਉਸ ਦੇ ਡਿੱਗਦੇ ਸਾਰ ਹੀ ਤਲਵਾਰ ਨਾਲ ਸ਼ਾਹ ਨਿਵਾਜ਼ ਖ਼ਾਨ ਦਾ ਸਿਰ ਜਾ ਕੱਟਿਆ। ਇਸ ਬਹਾਦਰੀ ਲਈ ਭੀਮ ਸਿੰਘ ਨੂੰ ਕੜਿਆਂ ਦੀ ਜੋੜੀ, ਸ਼ਸਤ੍ਰ-ਬਸਤ੍ਰ ਸੰਜੋਇ ਅਤੇ ਇੱਕ ਚੰਗਾ ਘੋੜਾ ਇਨਾਮ ਵਿੱਚ ਮਿਲਿਆ।

ਸ਼ਾਹ ਨਿਵਾਜ਼ ਦੇ ਮਰਦੇ ਸਾਰ ਹੀ ਉਸ ਦੀ ਫ਼ੌਜ ਅਤੇ ਉਸ ਦੇ ਹਿਮਾਇਤੀ ਭੱਜ ਨਿਕਲੇ ਅਤੇ ਸਿੰਘਾਂ ਨੇ ਉਹਨਾਂ ਦਾ ਪਿੱਛਾ ਕਰ ਕੇ ਉਹਨਾਂ ਦੇ ਬਹੁਤ ਸਾਰੇ ਡੇਰੇ ਅਸਬਾਬ ਅਤੇ ਘੋੜੇ ਕਾਬੂ ਕਰ ਲਏ। ਕੌੜਾ ਮੱਲ ਦੇ ਸਾਥੀ ਸਰਦਾਰਾਂ ਵਿੱਚੋਂ ਅਬਦੁੱਲ ਅਜ਼ੀਜ਼ ਖ਼ਾਨ ਅਤੇ ਮਿਰਜ਼ਾ ਅਸਮਤ ਬੇਗ ਖ਼ਾਨ ਵੀ ਮਾਰੇ ਗਏ।

ਲੜਾਈ ਬੰਦ ਹੋਣ ਤੇ ਦੀਵਾਨ ਕੌੜਾ ਮੱਲ ਨੇ ਸ਼ਾਹ ਨਿਵਾਜ਼ ਖ਼ਾਨ ਦੀ ਲੋਥ ਤਲਾਸ਼ ਕਰਵਾਈ ਅਤੇ ਉਸ ਦੀ ਹੈਸੀਅਤ ਦੇ ਮੁਤਾਬਿਕ ਸ਼ਾਹੀ ਢੰਗ ਨਾਲ ਕਫ਼ਨ ਆਦਿ ਦਾ ਪ੍ਰਬੰਧ ਕਰ ਕੇ ਸੱਮਸ ਤਬਰੇਜ਼ ਦੇ ਮਕਬਰੇ ਦੇ ਅਹਾਤੇ ਵਿੱਚ ਦਫ਼ਨਾਇਆ।

ਇਸ ਤੋਂ ਬਾਅਦ ਦੀਵਾਨ ਕੌੜਾ ਮੱਲ ਮੁਲਤਾਨ ਸ਼ਹਿਰ ਵਿੱਚ ਦਾਖ਼ਲ ਹੋਇਆ ਅਤੇ ਸੂਬੇ 'ਤੇ ਕਬਜ਼ਾ ਕਰ ਲਿਆ।

ਇਸ ਫ਼ਤਿਹ ਦੀ ਖ਼ੁਸ਼ੀ ਵਿੱਚ ਕੌੜਾ ਮੱਲ ਨੇ ਗਿਆਰਾਂ ਹਜ਼ਾਰ ਰੁਪਈਆ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਅਤੇ ਸਰੋਵਰ ਦੀ ਸੇਵਾ ਲਈ ਭੇਟ ਕੀਤਾ। ਕਿਉਂਕਿ ਯਹੀਆ ਖ਼ਾਨ ਨੇ ਲਖਪਤ ਰਾਏ ਦੇ ਕਹਿਣ 'ਤੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ, ਇਸ ਰੁਪਏ ਨਾਲ ਸਰੋਵਰ ਦੀ ਮਿੱਟੀ ਕਢਵਾ ਕੇ ਸਾਫ਼ ਕਰਵਾਇਆ ਅਤੇ ਖੂਹਾਂ ਦਾ ਜਲ ਇਸ ਵਿੱਚ ਪਾਇਆ ਗਿਆ।

ਜਿੱਥੇ ਦੀਵਾਨ ਕੌੜਾ ਮੱਲ ਨੇ ਖ਼ਾਲਸੇ ਵੱਲੋਂ ਮਿਲੀ ਸਹਾਇਤਾ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਨਾਲ ਪ੍ਰਣ ਕੀਤਾ ਸੀ, ਉਹਨਾਂ ਤਿੰਨ ਲੱਖ ਰੁਪਈਆ ਖ਼ਰਚ ਕਰ ਕੇ ਸ੍ਰੀ ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦਾ ਬਾਲ ਲੀਲ੍ਹਾ ਗੁਰਦੁਆਰਾ ਅਤੇ ਉਸ ਦੇ ਨਾਲ ਇੱਕ ਬੜਾ ਵੱਡਾ ਸਰੋਵਰ ਬਣਵਾਇਆ।

ਇਸ ਸਮੇਂ ਸਿੰਘਾਂ ਪਰ ਸਖ਼ਤੀ ਕੁਝ ਘਟ ਗਈ ਸੀ। ਉਹਨਾਂ ਨੂੰ ਕੁਝ ਚਿਰ ਲਈ ਸ਼ਾਂਤੀ ਮਿਲੀ। ਇਹਨੀਂ ਦਿਨੀਂ ਸਿੰਘ ਚੰਗੇ ਵਧਣ-ਫੁੱਲਣ ਲੱਗੇ ਅਤੇ ਸ਼ਾਇਦ ਹੀ ਅਜਿਹਾ ਕੋਈ ਪਿੰਡ ਹੋਵੇਗਾ, ਜਿੱਥੇ ਚਾਰ ਘਰ ਸਿੰਘਾਂ ਦੇ ਨਾ ਹੋ ਗਏ ਹੋਣ। ਹਕੂਮਤ ਨੂੰ ਵੀ ਸਿੰਘਾਂ ਅੱਗੇ ਝੁਕ ਗਈ ਵੇਖ ਕੇ ਬਹੁਤ ਸਾਰੇ ਲੋਕ ਖੁੱਲ੍ਹਮ-ਖੁੱਲ੍ਹਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ।

ਇਸ ਤਰ੍ਹਾਂ ਹੀ ਸਿੰਘਾਂ 'ਤੇ ਕਦੇ ਸਖ਼ਤੀ ਦਾ ਦੌਰ ਤੇ ਕਦੇ ਥੋੜ੍ਹੀ-ਬਹੁਤ ਸੁੱਖ-ਸ਼ਾਂਤੀ ਦਾ ਦੌਰ ਚੱਲਦਾ ਰਿਹਾ। ਮੀਰ ਮਨੂੰ ਨੇ ਦੁਰਾਨੀ ਦਾ ਮਾਮਲਾ ਨਾ ਤਾਰਿਆ ਅਤੇ 6 ਮਾਰਚ, 1752 ਨੂੰ ਮਹਿਮੂਦ ਬੂਟੀ ਪਿੰਡ ਦੇ ਮੈਦਾਨ ਵਿੱਚ ਦੁਰਾਨੀ ਨੇ ਮੀਰ ਮਨੂੰ ਦੀਆਂ ਫ਼ੌਜਾਂ ਨੂੰ ਹਾਰ ਦਿੱਤੀ। ਇਸ ਲੜਾਈ ਵਿੱਚ ਦੀਵਾਨ ਕੌੜਾ ਮੱਲ ਮਾਰਿਆ ਗਿਆ। ਬੱਸ ਫੇਰ ਸਿੱਖਾਂ 'ਤੇ ਸਖ਼ਤੀਆਂ ਦੇ ਪਹਾੜ ਟੁੱਟ ਪਏ ਤੇ ਸਿੰਘਾਂ ਦੇ ਕਤਲੇਆਮ ਹੋਣੇ ਸ਼ੁਰੂ ਹੋ ਗਏ।

ਅਹਿਮਦ ਸ਼ਾਹ ਦੁਰਾਨੀ ਨਾਲ ਸੁਲ੍ਹਾ ਹੋ ਜਾਣ ਨਾਲ ਬਾਹਰੋਂ ਕੋਈ ਖ਼ਤਰਾ ਨਾ ਰਿਹਾ। ਇਲਾਕੇ ਵਿੱਚ ਵੀ ਅਮਨ-ਅਮਾਨ ਸੀ। ਹੁਣ ਸਿੰਘਾਂ ਨੂੰ ਦਿੱਤੀ ਹੋਈ ਜਾਗੀਰ ਉਸ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਈ। ਇਸ ਦਾ ਉਸ ਨੂੰ ਕੋਈ ਫ਼ਾਇਦਾ ਵੀ ਨਹੀਂ ਸੀ ਦਿਸਦਾ। ਉਸ ਨੂੰ ਖ਼ਿਆਲ ਸੀ ਕਿ ਜੇ ਉਹ ਉੱਠ ਵੀ ਪੈਣ, ਤਾਂ ਫ਼ੌਜ ਦੇ ਜ਼ੋਰ ਨਾਲ ਉਨ੍ਹਾਂ ਨੂੰ ਸੌਖੇ ਅਤੇ ਛੇਤੀ ਹੀ ਦਬਾਇਆ ਜਾ ਸਕੇਗਾ। ਦੀਵਾਨ ਕੌੜਾ ਮੱਲ ਦੇ ਲੜਾਈ ਵਿੱਚ ਮਾਰੇ ਜਾਣ ਨਾਲ ਸਿੰਘਾਂ ਨੂੰ ਬਹੁਤ ਘਾਟਾ ਪਿਆ ਕਿਉਂਕਿ ਹੁਣ ਉਹਨਾਂ ਦਾ ਕੋਈ ਹਿਮਾਇਤੀ ਵੀ ਨਹੀਂ ਰਿਹਾ ਸੀ। ਮੀਰ ਮਨੂੰ ਨੇ ਸਿੱਖਾਂ ਦੀ ਜਾਗੀਰ ਜ਼ਬਤ ਕਰ ਲਈ ਅਤੇ 1748 ਈ. ਵਾਲੇ ਹੁਕਮ ਫੇਰ ਜਾਰੀ ਹੋ ਗਏ : ਸਿੰਘ ਜਿੱਥੇ ਵੀ ਮਿਲਣ, ਫੜ ਕੇ ਲਾਹੌਰ ਭੇਜ ਦਿੱਤੇ ਜਾਣ, ਪਰ ਸਿੰਘ ਵੀ ਹੁਣ ਕਾਫ਼ੀ ਹੁਸ਼ਿਆਰ ਹੋ ਚੁੱਕੇ ਸਨ। ਸਿੰਘ ਫੇਰ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਜੰਗਲਾਂ ਵਿੱਚ ਜਾ ਲੁਕੇ।

ਇਹ ਸਿੰਘਾਂ ਦਾ ਸਤਵਾਂ ਕਤਲੇਆਮ ਸੀ। ਪਹਿਲਾ ਬਾਦਸ਼ਾਹ ਬਹਾਦੁਰ ਸ਼ਾਹ ਦੇ ਵੇਲੇ ਸੰਨ 1710 ਤੋਂ 1712 ਤਕ, ਦੂਸਰਾ ਫ਼ਰੁੱਖ਼ਸਿਯਰ ਅਤੇ ਨਵਾਬ ਅਬਦੁਲਸਮੁੱਦ ਖ਼ਾਨ ਦੇ ਵੇਲੇ 1715-19 ਤਕ, ਤੀਸਰਾ ਨਵਾਬ ਜ਼ਕਰੀਆ ਖ਼ਾਂ ਬਹਾਦਰ ਦੇ ਵੇਲੇ 1726-35 ਤਕ, ਚੌਥਾ ਵੀ ਜ਼ਕਰੀਆ ਖ਼ਾਂ ਦੇ ਹੀ ਸਮੇਂ ਸੰਨ 1739-1745 ਈ. ਤਕ, ਪੰਜਵਾਂ ਯਹੀਆ ਖ਼ਾਂ ਦੇ ਵੇਲੇ ਸੰਨ 1745 ਤੋਂ 1746 ਈ. ਤਕ, ਛੇਵੀਂ ਵਾਰੀ ਮੀਰ

ਮਨੂੰ ਦੇ ਵੇਲੇ 1748 ਅਤੇ ਸਤਵੀਂ ਵਾਰ ਫੇਰ ਮੀਰ ਮਨੂੰ ਵੱਲੋਂ ਹੀ ਮਾਰਚ, 1752 ਤੋਂ ਨਵੰਬਰ, 1758 ਤਕ, ਜਦ ਕਿ ਸਿੰਘਾਂ ਦਾ ਸ਼ਿਕਾਰ ਕਰਦੇ-ਕਰਦੇ ਉਸ ਦਾ ਖ਼ੁਦ ਮੌਤ ਦੇ ਫ਼ਰਿਸ਼ਤੇ ਨੇ ਸ਼ਿਕਾਰ ਕਰ ਲਿਆ।

ਇਹ ਸਤਵੀਂ ਕਤਲੇਆਮ ਪਿਛਲੇ ਸਾਰਿਆਂ ਨਾਲੋਂ ਜ਼ਿਆਦਾ ਭਿਆਨਕ ਤੇ ਵਧੇਰੇ ਲਪੇਟਵੀਂ ਸੀ। ਪਹਿਲੇ ਕਤਲਾਮਾਂ ਵਿੱਚ ਤਾਂ ਉਹ ਰਾਠ ਸਿੰਘ ਹੀ ਫੜੇ ਜਾਂਦੇ ਅਤੇ ਕਤਲ ਕੀਤੇ ਜਾਂਦੇ ਸਨ, ਜੋ ਸਿੱਧੇ ਸਰਕਾਰਾਂ ਦੇ ਵਿਰੁੱਧ ਲੜਦੇ ਸਨ ਅਤੇ ਆਪਣੇ ਨਿਸ਼ਚੇ ਅਨੁਸਾਰ ਦੇਸ਼ ਨੂੰ ਮੁਗ਼ਲ ਸਰਕਾਰਾਂ ਦੇ ਅੱਤਿਆਚਾਰਾਂ ਤੋਂ ਬਚਾਉਣ ਲਈ ਉਸ ਦੀ ਥਾਂ ਪੰਜਾਬ ਵਿੱਚ ਲੋਕਾਂ ਦਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ। ਬਾਅਦ ਵਿੱਚ ਉਹ ਗੁਰਮੁਖ ਅਤੇ ਚਕਰੈਲ ਸਿੰਘ ਵੀ ਫੜੇ ਜਾਣ ਲੱਗੇ, ਜੋ ਜੰਗਲਾਂ-ਬੇਲਿਆਂ ਵਿੱਚ ਦਿਨ-ਕਟੀ ਕਰ ਰਹੇ ਸਨ ਅਤੇ ਸਿੰਘਾਂ ਦੀ ਖਾਣੇ-ਦਾਣੇ ਨਾਲ ਸੇਵਾ ਕਰ ਰਹੇ ਸਨ। ਯਹੀਆ ਖ਼ਾਨ ਦੇ ਜ਼ਮਾਨੇ ਵਿੱਚ ਗ਼ਰੀਬ ਦੁਕਾਨਦਾਰ ਵੀ ਫੜ ਕੇ ਕਤਲ ਕਰ ਦਿੱਤੇ ਗਏ। ਹੁਣ ਮਨੂੰ ਦੇ ਹੁਕਮ ਨਾਲ ਕੀਤੇ ਜਾ ਰਹੇ ਕਤਲੇਆਮ ਵਿੱਚ ਰਾਠ, ਚਕਰੈਲ, ਬੁੱਢੇ ਅਤੇ ਬੱਚੇ ਤਾਂ ਇੱਕ ਪਾਸੇ ਰਹੇ, ਬੇ-ਦੋਸ਼ ਇਸਤਰੀਆਂ ਅਤੇ ਦੁੱਧ ਚੁੰਘਦੇ ਬੱਚੇ-ਬਾਲ ਵੀ ਨਾ ਬਚ ਸਕੇ ਜਿਨ੍ਹਾਂ ਦਾ ਜ਼ਿਕਰ ਅੱਜ ਤਕ ਸਿੰਘਾਂ ਦੀ ਅਰਦਾਸ ਦਾ ਹਿੱਸਾ ਬਣਿਆ ਚਲਿਆ ਆ ਰਿਹਾ ਹੈ ਅਤੇ ਜਿਨ੍ਹਾਂ ਦੀ ਜਿਊਂਦੀ-ਜਾਗਦੀ ਯਾਦਗਾਰ ਲਾਹੌਰ ਦਿੱਲੀ ਦਰਵਾਜ਼ੇ ਤੋਂ ਬਾਹਰ ਲੰਡੇ ਬਜ਼ਾਰ ਵਿੱਚ ਭਾਈ ਤਾਰੂ ਸਿੰਘ ਸ਼ਹੀਦ ਗੰਜ ਦੇ ਨਾਲ ਹੀ ਸ਼ਹੀਦ ਗੰਜ ਸਿੰਘਣੀਆਂ ਦੇ ਭੋਰੇ ਅੱਜ ਤਕ ਮੌਜੂਦ ਹਨ।

2 ਨਵੰਬਰ, 1752 ਨੂੰ ਮੀਰ ਮਨੂੰ ਲਾਹੌਰ ਦੇ ਪਾਸ ਪਿੰਡ ਮਲਕਪੁਰ ਵਿੱਚ ਸਿੰਘਾਂ ਦਾ ਸ਼ਿਕਾਰ ਖੇਡਣ ਗਿਆ ਹੋਇਆ ਸੀ। ਉਸ ਨੂੰ ਖ਼ਬਰ ਮਿਲੀ ਕਿ ਸਿੰਘ ਨੇੜੇ ਹੀ ਛੁਪੇ ਬੈਠੇ ਹਨ। ਜਦ ਸਿੰਘਾਂ ਨੇ ਗੋਲ਼ੀਆਂ ਚਲਾਈਆਂ ਤਾਂ ਮੀਰ ਮਨੂੰ ਦਾ ਘੋੜਾ ਤ੍ਰਭਕ ਪਿਆ। ਮੀਰ ਮਨੂੰ ਦਾ ਪੈਰ ਰਕਾਬ ਵਿੱਚ ਫਸ ਗਿਆ ਅਤੇ ਘਸੀਟਦਾ ਹੋਇਆ ਉਹ 4 ਨਵੰਬਰ ਨੂੰ ਮਰ ਗਿਆ।

ਇਸ ਮੌਕੇ ਦਾ ਫ਼ਾਇਦਾ ਉਠਾ ਕੇ ਕਮਾਦਾਂ ਅੰਦਰਲੇ ਘੋੜ-ਚੜ੍ਹੇ ਸਿੰਘਾਂ ਦਾ ਇੱਕ ਜਥਾ ਮਾਰੋ-ਮਾਰ ਕਰਦਾ ਦਿੱਲੀ ਦਰਵਾਜ਼ਿਓਂ ਬਾਹਰ ਲਾਹੌਰ ਘੋੜਾ ਮੰਡੀ (ਬਜ਼ਾਰ ਨੱਖ਼ਾਸ਼) ਲੰਡਾ ਬਜ਼ਾਰ ਪੁੱਜਾ। ਇੱਥੇ ਦੇ ਭੋਰਿਆਂ ਵਿੱਚੋਂ ਮੀਰ ਮਨੂੰ ਦੇ ਹੁਕਮ ਨਾਲ ਕੈਦ ਕੀਤੀਆਂ ਕੁਝ ਸਿੰਘਣੀਆਂ ਇਸ ਵੇਲੇ ਭੁੱਖਣ-ਭਾਣੀਆਂ ਖੰਨੀ ਖੰਨੀ ਰੋਟੀ 'ਤੇ ਗੁਜ਼ਾਰਾ ਕਰ ਕੇ ਸਵਾ-ਸਵਾ ਮਣ ਪੀਹਣ ਪੀਂਹਦੀਆਂ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਸਹਾਰ ਰਹੀਆਂ ਸਨ। ਸਿੰਘਾਂ ਨੇ ਅਚਨਚੇਤ ਹੱਲਾ ਬੋਲ ਦਿੱਤਾ ਅਤੇ ਸਿੰਘਣੀਆਂ ਨੂੰ ਘੋੜਿਆਂ 'ਤੇ ਅੱਗੇ-ਪਿੱਛੇ ਬਿਠਾ ਕੇ ਲੈ ਨਿਕਲੇ। ਇਸ ਤਰ੍ਹਾਂ ਮੀਰ ਮਨੂੰ ਦੇ ਸਮੇਂ ਸਿੱਖਾਂ ਪੁਰ ਮੁਸੀਬਤਾਂ ਦਾ ਕਾਂਡ ਸਮਾਪਤ ਹੋਇਆ।

ਇੱਥੇ ਅਸੀਂ ਇਹ ਵੀ ਜ਼ਿਕਰ ਕਰਨਾ ਚਾਹੁੰਦੇ ਹਾਂ ਕਿ ਮਾਰਚ, 1748 ਈ. ਵਿੱਚ ਅਬਦਾਲੀ ਇੱਥੋਂ ਵਾਪਸ ਮੁੜ ਗਿਆ ਸੀ। ਉਸ ਨੂੰ ਮੁੜਦੇ ਜਾਂਦੇ ਨੂੰ ਸਿੱਖ ਜਥਿਆਂ ਨੇ ਖ਼ੂਬ ਲੁੱਟਿਆ ਸੀ। ਮਾਰਚ ਦਾ ਸਾਰਾ ਮਹੀਨਾ ਗੜਬੜ ਵਾਲਾ ਹੀ ਮਹੀਨਾ ਸੀ। ਇਸ ਗੜਬੜ ਦਾ ਸਹਾਰਾ ਲੈ ਕੇ ਨਵਾਬ ਕਪੂਰ ਸਿੰਘ ਨੇ ਸਾਰੇ ਸਿੰਘ ਜਥਿਆਂ ਨੂੰ ਵਿਸਾਖੀ ਦੇ ਤਿਉਹਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਣ ਦੀਆਂ ਹਿਦਾਇਤਾਂ ਭੇਜੀਆਂ। ਨਵਾਬ ਕਪੂਰ ਸਿੰਘ ਨੇ ਸਿੰਘਾਂ ਦੇ 25 ਜਥੇ ਪਹਿਲਾਂ ਹੀ ਨਿਯੁਕਤ ਕਰ ਦਿੱਤੇ ਸਨ, ਜਿਨ੍ਹਾਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ, ਜੋ ਕਿ ਪਹਿਲਾਂ 1746 ਈ. ਵਿੱਚ ਬਣਾਏ ਗਏ ਸਨ। ਉਹਨਾਂ ਨੂੰ ਮੁੜ ਕੇ ਜਥੇਬੰਦ ਕਰਨ ਦੀ ਲੋੜ ਪੈ ਗਈ ਸੀ। ਇਹਨਾਂ ਜਥਿਆਂ ਦੀ ਗਿਣਤੀ ਵਧ ਕੇ 65 ਹੋ ਗਈ ਸੀ। ਇਸ ਕਰ ਕੇ ਇੱਕ ਕੇਂਦਰੀ ਕਮਾਂਡ ਹੇਠ ਮੁੜ ਤੋਂ ਜਥੇ ਸਥਾਪਤ ਕਰਨੇ ਸਨ। ਪੈਂਹਠ ਜਥੇਦਾਰਾਂ ਦੇ ਨਾਂ ਇਸ ਪ੍ਰਕਾਰ ਸਨ :

1. ਸ੍. ਜੱਸਾ ਸਿੰਘ ਆਹਲੂਵਾਲੀਆ,
2. ਸ੍. ਨਵਾਬ ਕਪੂਰ ਸਿੰਘ
3. ਸ੍. ਹਰੀ ਸਿੰਘ ਭੰਗੀ ਪੰਜਵੜ,
4. ਸ੍. ਝੰਡਾ ਸਿੰਘ ਪੰਜਵੜ
5. ਸ੍. ਗੰਡਾ ਸਿੰਘ ਪੰਜਵੜ,
6. ਸ੍. ਗੁਲਾਬ ਸਿੰਘ
7. ਸ੍. ਚੜ੍ਹਤ ਸਿੰਘ ਸ਼ੁਕਰਚੱਕ,
8. ਸ੍. ਗੁੱਜਰ ਸਿੰਘ
9. ਸ੍. ਗਰਜਾ ਸਿੰਘ,
10. ਸ੍. ਨਿਬਾਹੂ ਸਿੰਘ
11. ਸ੍. ਲਹਿਣਾ ਸਿੰਘ ਮੁਸਤਫ਼ਾਬਾਦ,
12. ਸ੍. ਫੁਲਾਂ ਸਿੰਘ ਰੋੜਾਂਵਾਲਾ
13. ਸ੍. ਮੰਗਲ ਸਿੰਘ ਰੰਧਾਵਾ,
14. ਸ੍. ਗੁਰਬਖ਼ਸ਼ ਸਿੰਘ ਪਿੰਡ ਦੋਦਾ
15. ਸ੍. ਧੰਨਾ ਸਿੰਘ ਕਲਾਲਵਾਲਾ,
16. ਸ੍. ਤਾਰਾ ਸਿੰਘ ਜੈਨਪੁਰ
17. ਸ੍. ਪੰਜਾਬ ਸਿੰਘ ਪਿੰਡ ਸਈਅਦ ਮਹਿਮੂਦ,
18. ਸ੍. ਹਕੀਕਤ ਸਿੰਘ
19. ਸ੍. ਜੈ ਸਿੰਘ ਕਾਹਨਾ ਕਾਛਾ,
20. ਸ੍. ਝੰਡਾ ਸਿੰਘ ਕਾਹਨਾ ਕਾਛਾ
21. ਸ੍. ਮਹਿਤਾਬ ਸਿੰਘ,
22. ਸ੍. ਤਾਰਾ ਸਿੰਘ ਕਾਹਨਾ ਕਾਛਾ
23. ਸ੍. ਮਨੋਹਰ ਸਿੰਘ ਕਾਹਨਾ ਕਾਛਾ,
24. ਸ੍. ਸੋਭਾ ਸਿੰਘ ਕਨ੍ਹਈਆ
25. ਸ੍. ਭੀਮ ਸਿੰਘ ਕਨ੍ਹਈਆ,
26. ਸ੍. ਅਮਰ ਸਿੰਘ ਕਨ੍ਹਈਆ
27. ਸ੍. ਸੋਭਾ ਸਿੰਘ ਭੀਖਾ,
28. ਸ੍. ਦੀਵਾਨ ਸਿੰਘ
29. ਸ੍. ਬਘੇਲ ਸਿੰਘ ਝਬਾਲ,
30. ਸ੍. ਗੁਲਾਬ ਸਿੰਘ ਡੱਲੇਵਾਲੀਆ
31. ਸ੍. ਹਰੀ ਸਿੰਘ ਡੱਲੇਵਾਲੀਆ,
32. ਸ੍. ਨੱਥਾ ਸਿੰਘ
33. ਸ੍. ਨੌਧ ਸਿੰਘ ਸ਼ੁਕਰਚੱਕ,
34. ਸ੍. ਗੁਲਾਬ ਸਿੰਘ (ਨੌਧ ਸਿੰਘ ਦਾ ਸਹੁਰਾ)
35. ਸ੍. ਮਹਿਤਾਬ ਸਿੰਘ,
36. ਸ੍. ਕਰੋੜਾ ਸਿੰਘ,

37. ਸ੍. ਹਰਾ ਸਿੰਘ
38. ਸ੍. ਲੱਝਾ ਸਿੰਘ,
39. ਸ੍. ਨੰਦ ਸਿੰਘ ਸੰਘਾਣੀਆ
40. ਸ੍. ਕਪੂਰ ਸਿੰਘ ਸੋਰਿਆਂਵਾਲਾ,
41. ਸ੍. ਅਮਰ ਸਿੰਘ ਕੀਂਗੜਾ
42. ਸ੍. ਸਾਹਿਬ ਸਿੰਘ,
43. ਸ੍. ਦੀਪ ਸਿੰਘ
44. ਸ੍. ਜੀਵਨ ਸਿੰਘ (ਸਾਹਿਬ ਸਿੰਘ ਸਿਆਲਕੋਟੀਆ)
45. ਸ੍. ਨੱਥਾ ਸਿੰਘ ਸ਼ਹੀਦ,
46. ਸ੍. ਮੋਹਰ ਸਿੰਘ ਰਾਣੀਆਂ
47. ਸ੍. ਮਹਾਂ ਸਿੰਘ ਰਾਣੀਆਂ,
48. ਸ੍. ਬਾਘ ਸਿੰਘ ਲੰਕਾਵੂਕੀਆ
49. ਸ੍. ਝੰਡਾ ਸਿੰਘ ਸੁਲਤਾਨੋਂ ਕਾ,
50. ਸ੍. ਮਿਰਜ਼ਾ ਸਿੰਘ ਕਾਹਲੋਂ
51. ਸ੍. ਸ਼ਾਮ ਸਿੰਘ ਮਾਨ (ਬੁਲਾਕੀ ਚੱਕ),
52. ਸ੍. ਮਾਲਾ ਸਿੰਘ (ਬੁਲਾਕੀ ਚੱਕ)
53. ਸ੍. ਬਹਾਲ ਸਿੰਘ ਸ਼ੇਖੂਪੁਰਾ,
54. ਸ੍. ਅਮੀਰ ਸਿੰਘ ਸ਼ੇਖੂਪੁਰਾ
55. ਸ੍. ਹੀਰਾ ਸਿੰਘ,
56. ਸ੍. ਗੰਗਾ ਸਿੰਘ,
57. ਸ੍. ਲਾਲ ਸਿੰਘ
58. ਸ੍. ਅਮਰ ਸਿੰਘ
59. ਸ੍. ਮਹਿਤਾਬ ਸਿੰਘ,
60. ਸ੍. ਰੂਪ ਸਿੰਘ
61. ਸ੍. ਅਨੂਪ ਸਿੰਘ ਨਕਈ,
62. ਸ੍. ਦਸੌਂਧਾ ਸਿੰਘ
63. ਸ੍. ਤਾਰਾ ਸਿੰਘ ਘੈਬਾ,
64. ਸ੍. ਧਰਮ ਸਿੰਘ ਅੰਮ੍ਰਿਤਸਰ
65. ਸ੍. ਸੁੱਖਾ ਸਿੰਘ ਮਾੜੀ ਕੰਬੋਹ

ਨਵਾਬ ਕਪੂਰ ਸਿੰਘ ਨੇ ਸਮੂਹ ਸਿੰਘਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਠੇ ਕੀਤਾ ਅਤੇ ਉਹਨਾਂ ਨੂੰ ਇੱਕ ਜਥੇਬੰਦੀ ਬਨਾਉਣ ਲਈ ਪ੍ਰੇਰਿਤ ਕੀਤਾ। ਇਹ ਮਸ਼ਵਰਾ ਸਰਬ ਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ। ਸਰਬੱਤ ਖ਼ਾਲਸੇ ਦੇ ਸਮਾਗਮ ਵਿੱਚ ਗੁਰਮਤਾ ਪਾਸ ਕੀਤਾ ਗਿਆ ਕਿ ਖ਼ਾਲਸਾ ਜੀ ਦੇ ਪੈਂਹਠ ਜਥਿਆਂ ਨੂੰ ਭੰਗ ਕਰ ਕੇ ਸਿਰਫ਼ ਗਿਆਰਾਂ ਜਥਿਆਂ ਉੱਪਰ ਅਧਾਰਿਤ ਦਲ ਖ਼ਾਲਸਾ ਬਣਾਇਆ ਜਾਵੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਖ਼ਾਲਸੇ ਦੇ ਸਮਾਗਮ ਵਿੱਚ ਦਲ ਖ਼ਾਲਸੇ ਦਾ ਸਰਬਉੱਚ ਜਥੇਦਾਰ ਚੁਣਿਆ ਗਿਆ। ਜਿਹੜੇ ਜਥੇ ਦਲ ਖ਼ਾਲਸੇ ਦੇ ਬਣਾਏ ਗਏ, ਉਹਨਾਂ ਜਥੇਦਾਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ :

1. ਜਥਾ ਆਹਲੂਵਾਲੀਆ – ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ
2. ਸਿੰਘਪੁਰੀਆ ਜੱਥਾ – ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ
3. ਜਥਾ ਭੰਗੀਆਂ – ਹਰੀ ਸਿੰਘ ਭੰਗੀ ਦੀ ਅਗਵਾਈ ਹੇਠ
4. ਜਥਾ ਸ਼ੁਕਰਚੱਕੀਆ – ਨੌਧ ਸਿੰਘ ਦੀ ਅਗਵਾਈ ਹੇਠ
5. ਜਥਾ ਨਿਸ਼ਾਨ ਸਿੰਘ ਵਾਲਾ – ਦਸੌਂਦਾ ਸਿੰਘ ਦੀ ਕਮਾਂਡ ਥੱਲੇ
6. ਜਥਾ ਨਕਈ – ਹਰੀ ਸਿੰਘ ਨਕਈ ਦੀ ਅਗਵਾਈ ਹੇਠ

7. ਜਥਾ ਡੱਲੇਵਾਲੀਆ – ਗੁਲਾਬ ਸਿੰਘ ਦੀ ਅਗਵਾਈ ਅਧੀਨ
8. ਜਥਾ ਸ਼ਹੀਦੀ – ਬਾਬਾ ਦੀਪ ਸਿੰਘ ਜੀ ਦੀ ਅਗਵਾਈ ਅਧੀਨ
9. ਜਥਾ ਕਨ੍ਹਈਆ – ਜੈ ਸਿੰਘ ਕਨ੍ਹਈਆ ਦੀ ਅਗਵਾਈ ਹੇਠ
10. ਕਰੋੜ ਸਿੰਘੀਆ ਜਥਾ – ਕਰੋੜਾ ਸਿੰਘ ਪੰਜਗੜ੍ਹ ਦੀ ਜਥੇਦਾਰੀ ਹੇਠ
11. ਰਾਮਗੜ੍ਹੀਆ ਜਥਾ – ਨੰਦ ਸਿੰਘ ਸੰਗਾਣੀਆਂ ਦੀ ਅਗਵਾਈ ਹੇਠ

ਇਹ ਗਿਆਰਾਂ ਜਥੇ ਭਾਵੇਂ ਆਪਣੀਆਂ ਗਤੀਵਿਧੀਆਂ ਵਿੱਚ ਅਜ਼ਾਦ ਸਨ, ਪਰ ਜਦੋਂ ਪੰਥ 'ਤੇ ਕੋਈ ਔਕੜ ਆਉਂਦੀ ਸੀ ਤਾਂ ਸਾਂਝੀ ਮੁਹਿੰਮ ਸਮੇਂ ਇਹਨਾਂ ਸਾਰੇ ਜਥਿਆਂ ਦਾ ਪ੍ਰਮੁੱਖ ਜਥੇਦਾਰ ਸ੍. ਜੱਸਾ ਸਿੰਘ ਆਹਲੂਵਾਲੀਆ ਹੁੰਦਾ ਸੀ। ਇਹਨਾਂ ਸਾਰੇ ਜਥਿਆਂ ਦੀ ਫ਼ੌਜ ਨੂੰ 'ਦਲ ਖ਼ਾਲਸਾ ਜੀਓ' ਕਿਹਾ ਜਾਂਦਾ ਸੀ, ਜਿਸ ਦਾ ਭਾਵ ਸੀ ਕਿ ਇਹ ਖ਼ਾਲਸਾ ਜੀ ਦੀ ਫ਼ੌਜ ਹੈ। ਵੱਡੇ ਦੁਸ਼ਮਣ ਦਾ ਸਾਹਮਣਾ ਇਹ ਇਕੱਠੇ ਹੋ ਕੇ ਹੀ ਕਰਦੇ ਸਨ।

ਅਧਿਆਇ ਚੌਥਾ

## ਸਿੱਖ ਮਿਸਲਾਂ ਦਾ ਅਰੰਭ ਤੇ ਵਿਕਾਸ

ਸੰਨ 1748 ਈ. ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਭਾਰੀ ਇਕੱਠ ਵਿੱਚ ਸਰਬ-ਸੰਮਤੀ ਨਾਲ ਜੋ ਗੁਰਮਤਾ ਪਾਸ ਕੀਤਾ ਗਿਆ, ਉਸ ਵਿੱਚ ਖ਼ਾਲਸਾ ਪੰਥ ਦੀ ਸਮੁੱਚੀ ਤਾਕਤ ਨੂੰ ਇੱਕ ਜਥੇਬੰਦੀ ਦਾ ਰੂਪ ਦਿੱਤਾ ਗਿਆ, ਜਿਸ ਦਾ ਨਾਂ 'ਦਲ ਖ਼ਾਲਸਾ ਜੀਓ' ਰੱਖਿਆ ਗਿਆ। ਦਲ ਖ਼ਾਲਸਾ ਦੀ ਸਥਾਪਨਾ ਸਿੱਖ ਇਨਕਲਾਬ ਵਿੱਚ ਇੱਕ ਬਹੁਤ ਹੀ ਮਹੱਤਵਪੂਰਣ ਕਦਮ ਹੀ ਸੀ। ਸਿੱਖ ਇਤਿਹਾਸ ਵਿੱਚ ਵੀ ਇਹ ਇੱਕ ਮਹੱਤਵਪੂਰਨ ਕਦਮ ਸੀ, ਕਿਉਂਕਿ ਜਿਹੜੀ ਸਿੱਖ ਸ਼ਕਤੀ ਤੀਹ ਸਾਲ ਤਕ ਖਿੰਡੀ-ਪੁੰਡੀ ਹੋਈ ਸੀ, ਉਹ ਹੁਣ ਇੱਕ ਜਥੇਦਾਰ ਦੀ ਨਿਗਰਾਨੀ ਹੇਠ ਇਕੱਤਰ ਹੋ ਗਈ ਸੀ। ਦਲ ਖ਼ਾਲਸਾ ਨੇ ਆਪਣੀ ਫ਼ੌਜੀ ਸ਼ਕਤੀ ਵਿੱਚ ਹੋਰ ਵਾਧਾ ਕੀਤਾ ਤੇ ਖ਼ਾਲਸਾ ਰਾਜ ਦੀ ਸਥਾਪਤੀ ਲਈ ਸਿਰ-ਤੋੜ ਯਤਨ ਅਰੰਭ ਕਰ ਦਿੱਤੇ। 'ਦਲ ਖ਼ਾਲਸਾ' ਨੂੰ ਕਈ ਨਾਵਾਂ ਦੇ ਰੂਪ ਵਿੱਚ ਦੇਖਿਆ ਜਾਂਦਾ ਸੀ। ਰਤਨ ਸਿੰਘ ਭੰਗੂ ਦਲ ਖ਼ਾਲਸਾ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਸਿੰਘਾਂ ਦਾ ਦਲ ਕਹਿੰਦਾ ਹੈ। ਗਿਆਨੀ ਗਿਆਨ ਸਿੰਘ 'ਖ਼ਾਲਸੇ ਦਾ ਦਲ' ਅਤੇ ਖ਼ਾਲਸਾ ਦਲ ਆਖਦਾ ਹੈ।

History of the Sikhs of the origin and progress of the Sikhs Vol.II P.6 ਤੇ James Brown ਦਲ ਖ਼ਾਲਸਾ ਨੂੰ Confederacy Khalsa Gee or the Dull Khalsa Gee ਕਹਿ ਕ ਸੰਬੋਧਨ ਕਰਦਾ ਹੈ। ਇਸ ਤਰ੍ਹਾਂ ਹੀ Malcolm ਵੀ ਦਲ ਖ਼ਾਲਸਾ ਨੂੰ The Combined forces of Sikh Sardar at Certaine places and time ਲਿਖਦਾ ਹੈ। ਸੋਹਣ ਲਾਲ ਸੂਰੀ ਦਲ ਖ਼ਾਲਸਾ ਬਾਰੇ ਕਹਿੰਦਾ ਹੈ : ਸਿੱਖਾਂ ਦੀਆਂ ਹਮਲਾਵਰ ਤੇ ਜੇਤੂ ਫ਼ੌਜਾਂ ਨੇ ਮਿਲ ਕੇ ਦਲ ਖ਼ਾਲਸਾ ਦੀ ਸਥਾਪਨਾ ਕੀਤੀ। The conquering armies of the Sikhs formed Dal Khalsa Jio. J.D. Cunningham names it was the army of theocracy of Sikhs. ਇਸ ਦੇ ਨਾਲ ਹੀ N.K. Sinha ਲਿਖਦਾ ਹੈ : It as the grand army of the Khalsa confederacy. ਇਨ੍ਹਾਂ ਉਪਰੋਕਤ ਕਥਨਾਂ ਤੋਂ ਸਪਸ਼ਟ ਹੁੰਦਾ ਹੈ ਕਿ ਖ਼ਾਲਸਾ ਫ਼ੌਜ ਇੱਕ ਵੱਡੀ ਫ਼ੌਜੀ ਸ਼ਕਤੀ ਵਜੋਂ ਉੱਭਰ ਕੇ ਸਾਹਮਣੇ ਆਈ।

ਸੰਨ 1747 ਤੋਂ ਲੈ ਕੇ ਸੰਨ 1767 ਤਕ ਦਾ ਸਮਾਂ ਸਿੱਖਾਂ ਲਈ ਬਹੁਤ ਹੀ ਮਹੱਤਵਪੂਰਨ ਸਮਾਂ ਸੀ, ਜਦੋਂ ਸਿੰਘਾਂ ਨੇ ਆਪਣੀ ਸੈਨਿਕ ਸ਼ਕਤੀ ਵਿੱਚ ਵਾਧਾ

ਕੀਤਾ। ਸਿੱਖ ਸਰਦਾਰ ਲਗਾਤਾਰ ਮੁਗ਼ਲ ਅਤੇ ਅਫ਼ਗਾਨ ਧਾੜਵੀਆਂ ਵਿਰੁੱਧ ਸੰਘਰਸ਼ ਕਰ ਰਹੇ ਸਨ। 1762 ਤੋਂ ਲੈ ਕੇ 1767 ਦੇ ਸਮੇਂ ਦੌਰਾਨ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦੇ ਵੱਡੇ ਦੁਸ਼ਮਣ ਦੇ ਰੂਪ ਵਿੱਚ ਆਇਆ ਤੇ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਬੜੇ ਯਤਨ ਕੀਤੇ। ਇੱਥੋਂ ਤਕ ਕਿ ਵੱਡੇ ਘੱਲੂਘਾਰੇ ਵਿੱਚ 30 ਹਜ਼ਾਰ ਦੇ ਕਰੀਬ ਸਿੰਘ-ਸਿੰਘਣੀਆਂ ਤੇ ਬੱਚੇ ਵੀ ਸ਼ਹੀਦ ਹੋਏ, ਪਰ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਨੂੰ ਖ਼ਤਮ ਕਰਨ ਵਿੱਚ ਨਾ-ਕਾਮਯਾਬ ਰਿਹਾ, ਬਲਕਿ ਸਿੱਖਾਂ ਤੋਂ ਮਾਰ ਖਾ ਕੇ ਜਾਂਦਾ ਰਿਹਾ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਿਹੜੇ ਗਿਆਰਾਂ ਜਥਿਆਂ ਦੀ ਸਥਾਪਨਾ ਕੀਤੀ ਗਈ ਸੀ, ਇਹਨਾਂ ਜਥਿਆਂ ਨੇ ਮੁਗ਼ਲਾਂ ਦੇ ਰਾਜ ਵਿੱਚ ਸੇਂਧ ਲਾਉਣੀ ਸ਼ੁਰੂ ਕਰ ਦਿੱਤੀ ਸੀ। 1767 ਵਿੱਚ ਇਹਨਾਂ ਜਥਿਆਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਦੇ ਨਾਲ ਹੀ ਬਾਰੀ, ਰਚਨਾ, ਛੱਜ ਅਤੇ ਸਿੰਧ ਸਾਗਰ ਦੋਆਬ ਤਕ ਵੀ ਸਿੰਘਾਂ ਨੇ ਕਬਜ਼ਾ ਕਰ ਲਿਆ। ਇਹੀ ਗਿਆਰਾਂ ਜਥੇ ਬਾਅਦ ਵਿੱਚ ਗਿਆਰਾਂ ਮਿਸਲਾਂ ਕਰ ਕੇ ਜਾਣੇ ਜਾਣ ਲੱਗੇ।

ਫੂਲਕੀਆ ਬਾਰ੍ਹਵੀਂ ਮਿਸਲ ਕਰ ਕੇ ਜਾਣਿਆ ਜਾਂਦਾ ਹੈ। ਫੂਲਕੀਆ ਮਿਸਲ ਬਾਬਾ ਆਲਾ ਸਿੰਘ ਦੀ ਜਥੇਦਾਰੀ ਹੇਠ ਕੰਮ ਕਰਦੀ ਸੀ। ਇਹਨਾਂ ਦਾ ਖ਼ਾਸ ਖੇਤਰ ਪਟਿਆਲਾ ਸੀ।

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ 'ਮਿਸਲ' ਦੀ ਸੰਗਯਾ ਦਰਜਾ, ਰੁਤਬਾ, ਕਾਗ਼ਜ਼ਾਂ ਦੀ ਨੱਥੀ ਨੂੰ ਕਹਿੰਦੇ ਹਨ। 'ਮਿਸਲ' ਸ਼ਬਦ ਅਦਾਲਤਾਂ ਵਿੱਚ ਪੇਸ਼ ਕੀਤੀ ਜਾਂਦੀ ਦਰਖ਼ਾਸਤ ਨੂੰ ਵੀ ਕਿਹਾ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ ਸਿੱਖਾਂ ਦੇ ਉਹ ਬਾਰਾਂ ਜਥੇ, ਜਿਨ੍ਹਾਂ ਨੇ ਪੰਜਾਬ ਦੇ ਇਲਾਕੇ ਮੱਲ ਕੇ ਆਪਣੀਆਂ ਰਿਆਸਤਾਂ ਕਾਇਮ ਕੀਤੀਆਂ, ਜਿਨ੍ਹਾਂ ਦੇ ਨਾਮ ਇਹ ਹਨ : 1. ਆਹਲੂਵਾਲੀਆਂ ਦੀ, 2. ਸ਼ਹੀਦਾਂ ਦੀ, 3. ਸਿੰਘਪੁਰੀਆਂ (ਫ਼ੈਜ਼ਲਪੁਰੀਆਂ) ਦੀ, 4. ਸ਼ੁਕਰਚੱਕੀਆਂ ਦੀ, 5. ਕਨ੍ਹੈਯਾਂ ਦੀ, 6. ਕਰੋੜੀਆਂ ਦੀ, 7. ਡੱਲੇਵਾਲੀਆਂ ਦੀ, 8. ਨਿਸ਼ਾਨਵਾਲੀ, 9. ਨਕਈਆਂ ਦੀ, 10. ਫੂਲਕੀ, 11. ਭੰਗੀਆਂ ਦੀ, 12. ਰਾਮਗੜ੍ਹੀਆਂ ਦੀ।

ਸਿੱਖਾਂ ਵਿੱਚ ਇਹ ਸ਼ਬਦ ਅਠਾਰ੍ਹਵੀਂ ਸਦੀ ਵਿੱਚ ਹੋਂਦ ਵਿੱਚ ਆਇਆ, ਇਸ ਦਾ ਭਾਵ ਹੈ ਕਿ ਸਿੱਖਾਂ ਦੇ ਸੈਨਿਕ ਜਾਂ ਫ਼ੌਜੀ ਜਥੇ। ਇਹਨਾਂ ਜਥਿਆਂ ਨੇ ਮੁਗ਼ਲ ਹਕੂਮਤ ਦੇ ਨਾਲ ਯੁੱਧ ਕਰ ਕੇ ਮੁਗ਼ਲ ਹਕੂਮਤ ਦੇ ਨਿਯੰਤਰ ਵਾਲੇ ਬਹੁਤ ਸਾਰੇ ਹਿੱਸੇ 'ਤੇ ਆਪਣਾ ਕਬਜ਼ਾ ਵੀ ਕੀਤਾ।

ਮਿਸਲ ਅਸਲ ਵਿੱਚ ਅਰਬੀ ਸ਼ਬਦ ਹੈ, ਜਿਸ ਦਾ ਅਰਥ ਹੈ : ਬਰਾਬਰ ਨੂੰ ਦਰਸਾਉਣ ਵਾਲਾ। Misel, an Arabic word has been used to donate elibe or equal. ਸਤਾਰ੍ਹਵੀਂ ਅਤੇ 19ਵੀਂ ਸਦੀ (1707-1849) ਵਿੱਚ ਸਰਗਰਮ

ਰਹੀਆਂ ਬਾਰਾਂ ਛੋਟੀਆਂ-ਛੋਟੀਆਂ ਸਿੱਖ ਰਿਆਸਤਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਨੂੰ ਸਿੱਖ ਮਿਸਲਾਂ ਆਖਦੇ ਹਨ। ਹਰੇਕ ਮਿਸਲ ਨੂੰ ਇੱਕ ਮਿਸਲਦਾਰ ਚਲਾਉਂਦਾ ਸੀ ਅਤੇ ਹਰ ਇੱਕ ਮਿਸਲ ਦੀ ਵੱਖੋ-ਵੱਖਰੀ ਤਾਕਤ ਜਾਂ ਫ਼ੌਜ ਸੀ।

ਪ੍ਰਸਿੱਧ ਲਿਖਾਰੀ ਸੈਨਾਪਤਿ ਸ੍ਰੀ ਗੁਰ ਸੋਭਾ, ਪੰਨਾ 9 'ਤੇ ਲਿਖਦਾ ਹੈ ਕਿ ਮਿਸਲ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਵਰਤਿਆ ਜਾਂਦਾ ਰਿਹਾ ਹੈ। ਉਦੋਂ ਇਸ ਸ਼ਬਦ ਦੀ ਵਰਤੋਂ ਜਥਿਆਂ ਦੇ ਰੂਪ ਵਿੱਚ ਕੀਤੀ ਜਾਂਦੀ ਸੀ। ਉਹ ਇਸ ਸ਼ਬਦ ਦੀ ਵਰਤੋਂ ਦੋ ਥਾਵਾਂ 'ਤੇ ਕਰਦਾ ਹੈ : ਇੱਕ ਤਾਂ ਜਦੋਂ ਭੰਗਾਣੀ ਦਾ ਯੁੱਧ ਹੋਇਆ। ਪਾਉਂਟਾ ਸਾਹਿਬ ਵਿਖੇ ਵੱਖ-ਵੱਖ ਮੋਰਚੇ ਵੱਖ-ਵੱਖ ਮਿਸਲਾਂ (ਜਥਿਆਂ) ਨੂੰ ਸੌਂਪੇ ਗਏ। ਦੂਸਰਾ ਹਵਾਲਾ ਉਹ ਇਹ ਦਿੰਦਾ ਹੈ ਕਿ ਜਦੋਂ ਜਥਿਆਂ ਦੇ ਰੂਪ ਵਿੱਚ ਸਿੰਘ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਜਾਂਦੇ ਰਹੇ।

ਰਤਨ ਸਿੰਘ ਭੰਗੂ ਵੀ ਇਸ ਸ਼ਬਦ ਦੀ ਵਰਤੋਂ ਕਈ ਥਾਵਾਂ 'ਤੇ ਕਰਦਾ ਹੈ। ਉਹ ਇਸ ਸ਼ਬਦ ਦੀ ਥਾਣੇ ਜਾਂ ਫ਼ੌਜ ਅਤੇ ਪੁਲਿਸ ਚੌਂਕੀ ਦੇ ਰੂਪ ਵਿੱਚ ਵਰਤੋਂ ਕਰਦਾ ਹੈ। J.D. Cunningham, History of the Sikhs ਵਿੱਚ ਲਿਖਦਾ ਹੈ : The Misel meant a tribe or race. ਮਿਸਲ ਤੋਂ ਭਾਵ ਹੈ : ਕਬੀਲਾ ਤੇ ਨਸਲ। ਸ਼ਾਹ ਲਿਖਦਾ ਹੈ ਕਿ ਉਹ ਖੇਤਰ (territory) ਜੋ ਕਿ ਬਹਾਦਰ ਸਰਦਾਰਾਂ ਤੇ ਉਹਨਾਂ ਦੇ ਸਾਥੀਆਂ ਨੇ ਆਪਣੀ ਸੁਰੱਖਿਆ ਵਿੱਚ ਰੱਖਿਆ ਹੋਵੇ। W.L.M. Gregor Calls a misel a friendly nation. ਮੁਹੰਮਦ ਲਤੀਫ਼, ਪ੍ਰਸਿੱਧ ਇਤਿਹਾਸਕਾਰ, ਲਿਖਦਾ ਹੈ ਕਿ ਉਹ ਜਥਾ (Clan), ਜਿਹੜਾ ਆਪਸ ਵਿੱਚ ਇਕੱਠੇ ਰਹਿੰਦੇ ਹੋਣ ਤੇ ਆਪਣੇ ਮੁਖੀ ਦੀ ਅਗਵਾਈ ਵਿੱਚ ਚਲਦੇ ਹੋਣ, ਉਹਨਾਂ ਨੂੰ ਮਿਸਲ ਕਿਹਾ ਜਾਂਦਾ ਹੈ ਜਾਂ ਜਿੱਥੇ ਸਾਰੇ ਇੱਕ ਸਮਾਨ ਰਹਿੰਦੇ ਹੋਣ ਤੇ ਕਿਸੇ ਨਾਲ ਕੋਈ ਭੇਦ-ਭਾਵ ਨਾ ਹੋਵੇ, ਉਸ ਨੂੰ ਮਿਸਲ ਕਹਿੰਦੇ ਹਨ। ਐੱਨ.ਕੇ. ਸਿਨ੍ਹਾ ਲਿਖਦਾ ਹੈ ਕਿ ਸਿੱਖਾਂ ਨੇ ਆਪਣੇ-ਆਪ ਨੂੰ ਮਿਸਲਾਂ ਜਾਂ ਦਲਾਂ ਵਿੱਚ ਸਥਾਪਿਤ ਕੀਤਾ। ਲਾਹੌਰ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਮੁਹੰਮਦ ਬਾਕਿਰ ਲਿਖਦੇ ਹਨ ਕਿ ਮਿਸਲ ਸਿੱਖਾਂ ਦੇ ਇੱਕ ਖ਼ਾਸ ਵਰਗ, ਸੰਪ੍ਰਦਾ ਦਾ ਨਾਮ ਹੈ। W.H. Mcleod ਮਿਸਲ ਸ਼ਬਦ ਦੀ ਵਿਆਖਿਆ ਕਰਦਾ ਹੋਇਆ ਲਿਖਦਾ ਹੈ : ਅਰਧ ਅਜ਼ਾਦ ਜਥੇ। ਖੁਸ਼ਵੰਤ ਸਿੰਘ ਸਿੱਖ ਇਤਿਹਾਸ ਭਾਗ ਪਹਿਲਾ ਵਿੱਚ ਲਿਖਦਾ ਹੈ ਕਿ ਮਿਸਲ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਬਰਾਬਰ।

ਜਦੋਂ ਸਿੱਖ ਸੰਘਰਸ਼ਸ਼ੀਲ ਰਾਜਨੀਤੀ ਵਿੱਚ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਅਮਲੀ ਰੂਪ ਵਿੱਚ ਇਕੱਠੇ ਹੋ ਰਹੇ ਸਨ ਉਦੋਂ ਮਿਸਲ ਸ਼ਬਦ ਦੀ ਵਰਤੋਂ ਮੂਲ ਰੂਪ ਵਿੱਚ ਹੋਣੀ ਸ਼ੁਰੂ ਹੋਈ। ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਸਿੱਖ ਅਜ਼ਾਦੀ ਦਾ ਨਿੱਘ ਮਾਣ ਚੁੱਕੇ ਸਨ। ਸਿੱਖ ਮੁਗ਼ਲਾਂ ਦੇ ਸਮੇਂ ਆਪਣੀ ਅਜ਼ਾਦੀ ਨੂੰ ਕਾਇਮ ਰੱਖਣ ਲਈ ਮੁਗ਼ਲਾਂ ਵਿਰੁੱਧ ਜੰਗ ਲੜ ਰਹੇ ਸਨ। ਸਿੱਖਾਂ ਨੂੰ ਇਸ ਗੱਲ ਦਾ ਵੀ ਗਿਆਨ ਸੀ ਕਿ ਮੁਗ਼ਲਾਂ ਦੀ ਤਾਕਤ ਦਿਨੋ-ਦਿਨ ਘਟਦੀ ਜਾ

ਰਹੀ ਸੀ ਤੇ ਸਿੱਖ ਇਸ ਸਥਿਤੀ ਦਾ ਪੂਰਾ-ਪੂਰਾ ਫ਼ਾਇਦਾ ਉਠਾਉਣਾ ਚਾਹੁੰਦੇ ਸਨ। ਇਸ ਲਈ ਨਵਾਬ ਕਪੂਰ ਸਿੰਘ ਨੇ ਖ਼ਾਲਸੇ ਦਾ ਇਕੱਠ ਸੱਦਕੇ ਗਿਆਰਾਂ ਜਥਿਆਂ (ਮਿਸਲਾਂ) ਵਿੱਚ ਸੰਗਠਿਤ ਕੀਤਾ। ਇਹ ਜਥੇ ਗਿਆਰਾਂ ਮਿਸਲਾਂ ਦੇ ਰੂਪ ਵਿੱਚ ਪ੍ਰਗਟ ਹੋਏ।

ਸੋਹਣ ਸਿੰਘ ਸੀਤਲ **'ਸਿੱਖ ਮਿਸਲਾਂ ਦੇ ਸਰਦਾਰ ਘਰਾਣੇ'** ਵਿੱਚ ਲਿਖਦਾ ਹੈ ਕਿ 29 ਮਾਰਚ, 1748 ਈ. ਨੂੰ ਵਿਸਾਖੀ ਵਾਲੇ ਦਿਨ ਸਿੱਖਾਂ ਦੇ ਸਾਰੇ 66 ਜਥੇ ਅੰਮ੍ਰਿਤਸਰ ਇਕੱਠੇ ਹੋਏ। ਇਹਨਾਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ। ਇਸ ਇਕੱਠ ਵਿੱਚ ਨਵਾਬ ਕਪੂਰ ਸਿੰਘ ਨੇ ਮਤਾ ਪਾਸ ਕੀਤਾ ਕਿ ਇੱਕ ਮਜ਼ਬੂਤ ਜਥੇਬੰਦੀ ਬਣਾਈ ਜਾਵੇ। ਇਹ ਮਤਾ ਸਾਰਿਆਂ ਨੇ ਪ੍ਰਵਾਨ ਕਰ ਲਿਆ ਤੇ ਸਾਰੇ ਪੰਥ ਦੀ ਸਾਂਝੀ ਜਥੇਬੰਦੀ ਦਾ ਨਾਂ 'ਦਲ ਖ਼ਾਲਸਾ' ਰੱਖਿਆ ਗਿਆ। 'ਦਲ ਖ਼ਾਲਸਾ' ਦਾ ਜਥੇਦਾਰ ਸਰਬ-ਸੰਮਤੀ ਨਾਲ ਸ੍. ਜੱਸਾ ਸਿੰਘ ਆਹਲੂਵਾਲੀਆ ਨੂੰ ਚੁਣਿਆ ਗਿਆ। ਉਸ ਦੇ ਮਾਤਹਿਤ ਗਿਆਰਾਂ ਮਿਸਲਾਂ ਬਣਾਈਆਂ ਗਈਆਂ। ਗਿਆਰਾਂ ਮਿਸਲਾਂ ਇਹ ਹਨ :

1. **ਮਿਸਲ ਆਹਲੂਵਾਲੀਆ** : ਜਥੇਦਾਰ ਸ੍. ਜੱਸਾ ਸਿੰਘ ਆਹਲੂਵਾਲੀਆ ਕਲਾਲ। ਹੁਣ ਸਾਰੇ ਕਲਾਲ ਸਿੱਖ ਆਹਲੂਵਾਲੀਏ ਸਦਵਾਉਂਦੇ ਹਨ।
2. **ਮਿਸਲ ਫ਼ੈਜ਼ਲਪੁਰੀਆ ਜਾਂ ਸਿੰਘਪੁਰੀਆ** : ਇਸ ਮਿਸਲ ਦਾ ਜਥੇਦਾਰ ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਸੀ। ਬਾਅਦ ਵਿੱਚ ਨਵਾਬ ਕਪੂਰ ਸਿੰਘ ਨੇ ਫੈਜ਼ਲਪੁਰ ਦਾ ਨਾਂ ਸਿੰਘਪੁਰ ਰੱਖ ਲਿਆ ਸੀ।
3. **ਮਿਸਲ ਸ਼ੁਕਰਚੱਕੀਆ** : ਇਸ ਮਿਸਲ ਦਾ ਜਥੇਦਾਰ ਨੌਧ ਸਿੰਘ ਸ਼ੁਕਰਚਕੀਆ ਸੀ, ਜੋ ਕਿ ਮਹਾਰਾਜਾ ਰਣਜੀਤ ਸਿੰਘ ਦਾ ਪੜਦਾਦਾ ਸੀ।
4. **ਮਿਸਲ ਨਿਸ਼ਾਨਾਂ ਵਾਲੀ** : ਜਥੇਦਾਰ ਦਸੌਂਧਾ ਸਿੰਘ ਇਸ ਮਿਸਲ ਦਾ ਜਥੇਦਾਰ ਸੀ, ਜੋ ਕਿ ਦਲ ਖ਼ਾਲਸਾ ਦਾ ਨਿਸ਼ਾਨ ਬਰਦਾਰ ਸੀ।
5. **ਮਿਸਲ ਭੰਗੀਆ** : ਜਥੇਦਾਰ ਹਰੀ ਸਿੰਘ ਭੰਗੀ ਇਸ ਮਿਸਲ ਦਾ ਜਥੇਦਾਰ ਸੀ। ਇਹ ਪਿੰਡ ਪੰਜਵੜ ਦਾ ਰਹਿਣ ਵਾਲਾ ਸੀ।
6. **ਮਿਸਲ ਕਨ੍ਹਈਆ** : ਇਸ ਮਿਸਲ ਦਾ ਜਥੇਦਾਰ ਜੈ ਸਿੰਘ ਕਨ੍ਹਈਆ ਪਿੰਡ ਕਾਹਨਾ ਦਾ ਰਹਿਣ ਵਾਲਾ ਸੀ।
7. **ਮਿਸਲ ਨਕਈਆਂ** : ਇਸ ਮਿਸਲ ਦਾ ਜਥੇਦਾਰ ਹੀਰਾ ਸਿੰਘ ਪਿੰਡ ਬਹਿੜਵਾਲ ਦਾ ਰਹਿਣ ਵਾਲਾ ਸੀ।
8. **ਮਿਸਲ ਡੱਲੇਵਾਲੀਆ** : ਜਥੇਦਾਰ ਗੁਲਾਬ ਸਿੰਘ, ਪਿੰਡ ਡੱਲੇਵਾਲ।
9. **ਮਿਸਲ ਸ਼ਹੀਦਾਂ** : ਇਸ ਮਿਸਲ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ 'ਸ਼ਹੀਦ' ਸਨ।
10. **ਮਿਸਲ ਕਰੋੜਸਿੰਘੀਆ** : ਇਸ ਮਿਸਲ ਦਾ ਜਥੇਦਾਰ ਕਰੋੜਾ ਸਿੰਘ, ਪਿੰਡ ਪੰਜਗੜ੍ਹ ਦਾ ਵਸਨੀਕ ਸੀ।

11. **ਮਿਸਲ ਸਾਂਘਣੀਆਂ** : ਇਹ ਮਿਸਲ ਪਿੱਛੋਂ ਰਾਮਗੜ੍ਹੀਆ ਬਣ ਗਈ ਸੀ। ਇਸ ਦਾ ਪਹਿਲਾ ਜਥੇਦਾਰ ਨੰਦ ਸਿੰਘ ਪਿੰਡ ਸਾਂਘਣਾ ਦਾ ਰਹਿਣ ਵਾਲਾ ਸੀ।
12. **ਫੂਲਕੀਆ ਮਿਸਲ** : ਇਹ ਮਿਸਲ ਬਾਅਦ ਵਿੱਚ ਬਣੀ ਹੈ ਤੇ ਇਹਨਾਂ ਤੋਂ ਵੱਖਰੀ ਮਿਸਲ ਹੈ। ਇਸ ਦਾ ਬਾਨੀ ਸ੍. ਆਲਾ ਸਿੰਘ ਪਟਿਆਲ਼ਾ ਵਾਲਾ ਹੈ।

ਵਿਸਾਖੀ ਵਾਲੇ ਦਿਨ ਪੰਥ ਵਿੱਚ ਮਿਸਲਾਂ ਦਾ ਐਲਾਨ ਕੀਤਾ ਗਿਆ। ਫਿਰ ਹਰ ਇੱਕ ਸਰਦਾਰ ਨੂੰ ਆਗਿਆ ਦਿੱਤੀ ਗਈ ਕਿ ਉਹ ਜਿਸ ਮਿਸਲ ਵਿੱਚ ਚਾਹਵੇ, ਸ਼ਾਮਲ ਹੋ ਜਾਵੇ। ਸਰਬ-ਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਹਰ ਮਿਸਲ ਅੰਦਰੂਨੀ ਮਾਮਲਿਆਂ ਵਿੱਚ ਸੁਤੰਤਰ ਹੋਵੇਗੀ, ਪਰ ਪੰਥ ਦੇ ਸਾਂਝੇ ਕੰਮ ਲਈ ਸਭ ਨੂੰ ਦਲ ਖ਼ਾਲਸਾ ਦੇ ਜਥੇਦਾਰ ਦਾ ਹੁਕਮ ਮੰਨਣਾ ਜ਼ਰੂਰੀ ਹੋਵੇਗਾ।

ਇਸੇ ਦਿਨ ਤੋਂ ਹੀ ਅੰਮ੍ਰਿਤਸਰ ਵਿੱਚ ਸਿੰਘਾਂ ਨੇ ਫ਼ੈਸਲਾ ਲਿਆ ਕਿ ਕੱਚਾ ਕਿਲ੍ਹਾ ਰਾਮ ਰੌਣੀ ਬਣਾਇਆ ਜਾਵੇ। ਇਹ ਕੱਚਾ ਕਿਲ੍ਹਾ ਹੀ ਸੀ। ਸਿੰਘਾਂ ਨੇ ਇੱਥੇ ਆਪਣਾ ਸੁੱਕਾ ਰਾਸ਼ਨ ਪਾਣੀ ਰੱਖਣਾ ਸੀ ਅਤੇ ਨਾਲ ਹੀ ਅਸਲਾ ਵੀ ਰੱਖਣ ਦਾ ਬੰਦੋਬਸਤ ਕਰਨਾ ਸੀ। ਇਸ ਲਈ ਰਾਮ ਰੌਣੀ ਕਿਲ੍ਹਾ ਬਨਾਉਣਾ ਜਰੂਰੀ ਸੀ।

1755-56 ਈ. 'ਚ ਪੰਜਾਬ ਦੇ ਬਹੁਤ ਸਾਰੇ ਹਿੱਸੇ ਉੱਤੇ 'ਰਾਖੀ' ਪ੍ਰਬੰਧ ਕਾਇਮ ਕਰ ਲਿਆ ਗਿਆ। ਇਸ ਪ੍ਰਬੰਧ ਰਾਹੀਂ ਦਲ ਖ਼ਾਲਸਾ ਨੂੰ ਉਨ੍ਹਾਂ ਇਲਾਕਿਆਂ ਵਿੱਚ ਫ਼ਸਲ ਵਿੱਚੋਂ ਪੰਜਵਾਂ ਹਿੱਸਾ ਮਿਲਦਾ ਸੀ। ਅਜਿਹੇ ਇਲਾਕਿਆਂ ਵਿੱਚ ਸਿੱਖ ਲੁੱਟ-ਮਾਰ ਨਹੀਂ ਸਨ ਕਰਦੇ, ਬਲਕਿ ਇਹਨਾਂ ਇਲਾਕਿਆਂ ਨੂੰ ਹੋਰ ਲੁਟੇਰਿਆਂ ਤੋਂ ਬਚਾਉਂਦੇ ਸਨ। ਬਹੁਤ ਸਾਰੇ ਇਲਾਕੇ ਖ਼ੁਸ਼ੀ ਨਾਲ ਸਿੰਘਾਂ ਦੇ ਰਾਖੀ ਪ੍ਰਬੰਧ ਵਿੱਚ ਆ ਗਏ। ਸਿੱਖ ਮਿਸਲਾਂ ਵੱਖ-ਵੱਖ ਇਲਾਕਿਆਂ 'ਤੇ ਕਬਜ਼ਾ ਕਰ ਕੇ ਰਾਖੀ ਕਰਨ ਲੱਗੀਆਂ। ਸ੍. ਕਰੋੜਾ ਸਿੰਘ ਤੇ ਬਾਬਾ ਦੀਪ ਸਿੰਘ 'ਸ਼ਹੀਦ' ਸਤਲੁਜ ਤੋਂ ਦੱਖਣ ਵੱਲ ਚਲੇ ਗਏ। ਸਿੰਘਪੁਰੀਏ ਤੇ ਆਹਲੂਵਾਲੀਏ ਪੱਤਣ ਹਰੀਕੇ ਤੋਂ ਥੱਲੇ ਦਰਿਆ ਸਤਲੁਜ ਦੇ ਦੋਹੀਂ ਪਾਸੇ ਰਾਖੀ ਕਰਨ ਲੱਗੇ। ਨਕਈ ਮਿਸਲ ਦੇ ਹਵਾਲੇ ਨੱਕੇ ਦਾ ਇਲਾਕਾ ਤਹਿਸੀਲ ਚੂਹਣੀਆਂ ਕੀਤਾ ਗਿਆ। ਕਨ੍ਹਈਏ ਤੇ ਰਾਮਗੜ੍ਹੀਏ ਰਿਆੜਕੀ ਵਿੱਚ ਨਿਯਤ ਹੋਏ। ਸ਼ੁਕਰਚੱਕੀਏ ਤੇ ਭੰਗੀ ਦੁਆਬਾ, ਰਚਨਾ ਤੇ ਚੱਜ ਵਿੱਚ ਕਾਬਜ਼ ਹੋ ਗਏ। ਨਿਸ਼ਾਨਾਂਵਾਲੀ ਤੇ ਡੱਲੇਵਾਲੀ ਮਿਸਲਾਂ ਅੰਮ੍ਰਿਤਸਰ ਹੀ ਰਹੀਆਂ, ਤਾਂ ਜੁ ਕਿਤੇ ਵੀ ਰਹਿਣ ਤਾਂ ਸਹਾਇਤਾ ਦਿੱਤੀ ਜਾ ਸਕੇ।

ਮਿਸਲਦਾਰੀ ਪ੍ਰਬੰਧ ਸਮੇਂ ਦੇ ਹਾਲਾਤ ਨਾਲ ਬਹੁਤ ਢੁਕਵਾਂ ਸੀ ਤੇ ਇਹ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਬੜੇ ਵਧੀਆ ਢੰਗ ਨਾਲ ਚਲਦਾ ਰਿਹਾ। ਇਸ ਪ੍ਰਬੰਧ ਵਿੱਚ ਕਾਰਜ ਕਰਨ ਦੀ ਖੁੱਲ੍ਹ ਵੀ ਸੀ ਤੇ ਸਾਂਝੀ ਅਗਵਾਈ ਦਾ ਅਨੁਸ਼ਾਸਨ ਵੀ ਸੀ। ਇਸ ਨੇ ਅਤਿਅੰਤ ਅਜ਼ਾਦੀ ਪ੍ਰੇਮੀ ਖ਼ਾਲਸੇ ਦੀ ਸ਼ਕਤੀ ਨੂੰ ਉਸ ਕਾਰਜ ਵੱਲ ਸੇਧਿਤ ਕੀਤਾ, ਜਿਹੜਾ ਉਹਨਾਂ ਨੂੰ ਬਹੁਤ ਪਿਆਰਾ ਸੀ। ਇਹਦਾ ਕਾਰਜ ਤੇ ਉਦੇਸ਼ ਮੁਲਕ ਵਿੱਚੋਂ ਵਿਦੇਸ਼ੀਆਂ ਨੂੰ ਬਾਹਰ

ਕੱਢਣਾ ਤੇ ਖ਼ਾਲਸਾ ਰਾਜ ਕਾਇਮ ਕਰਨ ਦੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖਬਾਣੀ ਨੂੰ ਪੂਰਾ ਕਰਨਾ ਸੀ। ਜਦੋਂ ਤਕ ਅਬਦਾਲੀ ਦਾ ਆਖ਼ਰੀ ਸਿਪਾਹੀ ਵੀ ਪੰਜਾਬ ਵਿੱਚੋਂ ਕੱਢ ਦਿੱਤਾ ਗਿਆ, ਉਸ ਸਮੇਂ ਮਿਸਲਾਂ ਚਨਾਬ ਤੇ ਰਾਵੀ, ਰਾਵੀ ਤੇ ਬਿਆਸ, ਬਿਆਸ ਤੇ ਸਤਲੁਜ ਦੇ ਤਿੰਨ ਦੁਆਬਿਆਂ ਵਿੱਚ ਫੈਲ ਚੁੱਕੀਆਂ ਸਨ। ਉਹ ਅੰਮ੍ਰਿਤਸਰ ਵਿੱਚ ਪੱਕੀ ਤਰ੍ਹਾਂ ਸ਼ਹਿਰ ਦੀ ਸੁਰੱਖਿਆ ਲਈ ਰਾਮ ਰੌਣੀ ਦਾ ਕਿਲ੍ਹਾ ਬਣਾ ਕੇ ਮੋਰਚਾ ਬਣਾ ਕੇ ਡਟੇ ਬੈਠੇ ਸਨ।

ਰਾਖੀ ਪ੍ਰਬੰਧ ਬਾਰੇ ਅਸੀਂ ਬਹੁਤ ਸੰਖੇਪ ਵਿੱਚ ਪਿੱਛੇ ਲਿਖ ਕੇ ਆਏ ਹਾਂ ਇੱਥੇ ਥੋੜ੍ਹਾ ਵਿਸਥਾਰ ਨਾਲ ਲਿਖਦੇ ਹਾਂ।

ਰਾਖੀ ਸ਼ਬਦ ਪੜ੍ਹਦਿਆਂ ਇੱਕ ਵਾਰ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਇਸ ਦਾ ਭਾਵ ਰੱਖੜੀ (ਰਖਸ਼ਾ ਬੰਧਨ) ਤੋਂ ਹੈ, ਪਰ ਜਦੋਂ ਸਿੱਖ ਇਤਿਹਾਸ 'ਤੇ ਝਾਤੀ ਮਾਰਦੇ ਹਾਂ ਤੇ ਰਾਖੀ ਪ੍ਰਬੰਧ ਦੇ ਸ਼ਾਬਦਿਕ ਅਰਥਾਂ ਨੂੰ ਦੇਖਦੇ ਹਾਂ ਤਾਂ ਇਹ ਗੱਲ ਸਪੱਸ਼ਟ ਰੂਪ ਵਿੱਚ ਸਾਡੇ ਸਾਹਮਣੇ ਆ ਜਾਂਦੀ ਹੈ ਕਿ ਇਸ ਦਾ ਅਰਥ ਭਾਵ 'ਰੱਖਿਆ' ਤੋਂ ਹੈ, ਜਿਹੜੀ ਸਿੱਖਾਂ ਵੱਲੋਂ ਪੰਜਾਬ ਦੇ ਲੋਕਾਂ ਨੂੰ ਪ੍ਰਦਾਨ ਕੀਤੀ ਗਈ ਸੀ। ਅਸਲ ਵਿੱਚ ਇਸ ਨੂੰ ਉਹ ਰੱਖਿਆ ਜੁਗਤਿ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ, ਜੋ ਸਵੈ-ਰੱਖਿਆ ਦਾ ਸਾਂਝਾ ਯਤਨ ਸੀ।

ਉਸ ਸਮੇਂ ਸਭ ਤੋਂ ਵੱਧ ਉਸਾਰੂ ਗੱਲ ਰਾਖੀ ਪ੍ਰਬੰਧ ਦਾ ਹੋਂਦ ਵਿੱਚ ਆਉਣਾ ਤੇ ਸਿੱਖਾਂ ਦਾ ਰਾਜਨੀਤਿਕ ਖੇਤਰ ਵਿੱਚ ਦਿਨੋ-ਦਿਨ ਰੁਚਿਤ ਹੋਣਾ ਸੀ। ਰਾਖੀ ਪ੍ਰਬੰਧ ਰਾਹੀਂ ਸਿੱਖਾਂ ਵਿੱਚ ਰਾਜਨੀਤੀ ਦੇ ਬੀਜ ਬੀਜੇ ਗਏ ਸਨ। ਪਹਿਲੋਂ-ਪਹਿਲ ਲੋਕ ਸਿੱਖਾਂ ਪਾਸੋਂ ਸੁਰੱਖਿਆ ਦੀ ਆਸ ਕਰਦੇ ਸਨ, ਪਰ ਪਿੱਛੋਂ ਰਾਖੀ ਪ੍ਰਬੰਧ ਅਧੀਨ ਵਧੇਰੇ ਇਲਾਕੇ ਲਿਆਉਣ ਦਾ ਕਾਰਜ ਵੀ ਅਰੰਭ ਹੋ ਗਿਆ, ਕਿਉਂਕਿ ਸਿੱਖਾਂ ਵੱਲੋਂ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੂੰ 'ਰਾਖੀ' (ਸੁਰੱਖਿਆ) ਪ੍ਰਦਾਨ ਕਰਨ ਦਾ ਕਾਰਜ ਪ੍ਰਮੁੱਖ ਕਾਰਜ ਹੋ ਗਿਆ ਅਤੇ ਇਸ ਨਾਲ ਸਿੱਖਾਂ ਦੀ ਤਾਕਤ ਵੀ ਵਧਣੀ ਸ਼ੁਰੂ ਹੋ ਗਈ।

ਮੀਰ ਮਨੂੰ ਦੀ ਮੌਤ ਉਪਰੰਤ ਪੰਜਾਬ ਦੀ ਰਾਜਨੀਤੀ ਵਿੱਚ ਬਹੁਤ ਵੱਡੀ ਪੱਧਰ ਉੱਤੇ ਉਥਲ-ਪੁਥਲ ਸ਼ੁਰੂ ਹੋ ਗਈ ਸੀ। ਇਸ ਨਾਲ ਪੰਜਾਬ ਵਿੱਚ ਰਾਜਨੀਤਿਕ ਅਸਥਿਰਤਾ ਦਾ ਮਾਹੌਲ ਬਣ ਗਿਆ। ਮੀਰ ਮਨੂੰ ਦੀ ਵਿਧਵਾ ਮੁਗ਼ਲਾਨੀ ਬੇਗਮ ਦੇ ਅਨੁਭਵਹੀਣ ਰਾਜ ਪ੍ਰਬੰਧ ਅਤੇ ਅਦੀਨਾ ਬੇਗਮ ਦੀਆਂ ਸਾਜ਼ਿਸ਼ਾਂ ਸਦਕਾ ਪੰਜਾਬ ਸੰਕਟਮਈ ਸਥਿਤੀ ਵਿੱਚ ਆ ਗਿਆ। ਇੱਥੋਂ ਤਕ ਕਿ ਲੋਕਾਂ ਨੂੰ ਇਹ ਪਤਾ ਨਹੀਂ ਲਗਦਾ ਸੀ ਕਿ ਪੰਜਾਬ ਦੀ ਸਰ-ਜ਼ਮੀਨ ਦਿੱਲੀ ਦੀ ਵਿਰਾਸਤ ਹੈ ਜਾਂ ਕਾਬਲ ਦੀਆਂ ਫ਼ੌਜਾਂ ਦੀ ਮਲਕੀਅਤ ਹੈ। ਅਜਿਹੀ ਅਸਥਿਰਤਾ ਦੀ ਹਾਲਤ ਵਿੱਚ ਪੰਜਾਬ ਦੋਹਰੀ ਮਾਰ ਦਾ ਸ਼ਿਕਾਰ ਹੋ ਰਿਹਾ ਸੀ। ਇਸ ਸਮੇਂ ਅਜਿਹੀ ਰਾਜਨੀਤਿਕ ਅਸਥਿਰਤਾ ਵਧੀ ਹੋਈ ਸੀ ਕਿ ਹਾਕਮ ਵੱਲੋਂ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਕਨੂੰਨ ਨਹੀਂ

ਸੀ। ਇੱਥੋਂ ਤਕ ਕਿ ਵਪਾਰ ਵੀ ਇਸ ਅਸਥਿਰਤਾ ਦੀ ਮਾਰ ਤੋਂ ਨਾ ਬਚ ਸਕਿਆ, ਕਿਉਂਕਿ ਕੋਈ ਵੀ ਸ਼ਾਹਰਾਹ ਜਾਂ ਵਪਾਰੀ ਰਸਤਾ ਸੁਰੱਖਿਅਤ ਨਹੀਂ ਸੀ।

ਇਹਨਾਂ ਹਾਲਾਤ ਵਿੱਚ ਲੋਕ ਕਿਸੇ ਅਜਿਹੇ ਪ੍ਰਬੰਧ ਦੀ ਲੋੜ ਮਹਿਸੂਸ ਕਰਨ ਲੱਗੇ ਸਨ, ਜਿਹੜਾ ਉਹਨਾਂ ਨੂੰ ਨਿੱਤ-ਨਿੱਤ ਦੀ ਅੰਦਰੂਨੀ ਕਨੂੰਨੀ ਗੜਬੜੀ ਅਤੇ ਬਾਹਰਲੇ ਡਰ ਤੋਂ ਬਚਾ ਸਕੇ। ਪੰਜਾਬ ਕਈ ਭਾਗਾਂ (ਟੁਕੜਿਆਂ) ਵਿੱਚ ਵੰਡਿਆ ਗਿਆ। ਹਾਕਮ ਲੋਕ ਗ਼ਰੀਬਾਂ ਨੂੰ ਲੁੱਟ-ਕੁੱਟ ਰਹੇ ਸਨ। ਆਰਥਿਕ ਪੱਖੋਂ ਲੋਕਾਂ ਦਾ ਕਚੂਮਰ ਨਿਕਲਿਆ ਪਿਆ ਸੀ। ਰਾਜਨੀਤਿਕ ਸਥਿਰਤਾ ਦੀ ਵੀ ਕੋਈ ਆਸ ਕਿਧਰੇ ਦਿਖਾਈ ਨਹੀਂ ਸੀ ਦੇ ਰਹੀ। ਸਿੱਖਾਂ ਨੇ ਇਸ ਸਥਿਤੀ ਦਾ ਪੂਰਾ ਪੂਰਾ ਲਾਭ ਉਠਾਇਆ। ਧਰਤੀ ਨਾਲ ਜੁੜੇ ਹੋਏ ਹੋਣ ਕਾਰਨ ਸਿੱਖ ਚੰਗੀ ਤਰ੍ਹਾਂ ਸਮਝਦੇ ਸਨ ਕਿ ਲੋਕਾਂ ਨੇ ਮੁਗ਼ਲਾਂ ਦੇ ਅਸਥਿਰ ਅਤੇ ਅਸੁਰੱਖਿਅਤ ਰਾਜ ਪ੍ਰਬੰਧ ਸਦਕਾ ਕਿੰਨੇ ਦੁੱਖ ਆਪਣੇ ਪਿੰਡੇ 'ਤੇ ਸਹਿਣ ਕੀਤੇ ਹਨ। ਹੋਰ ਵੀ ਬਹੁਤ ਸਾਰੀਆਂ ਔਕੜਾਂ ਦੇ ਹੁੰਦਿਆਂ ਸਿੱਖਾਂ ਨੇ ਆਪਣੇ ਭਰਾਵਾਂ ਅਤੇ ਪੰਜਾਬ ਦੇ ਲੋਕਾਂ ਨੂੰ ਆਸਰਾ ਦੇਣ ਦਾ ਬੀੜਾ ਚੁੱਕਿਆ। ਦਲ ਖ਼ਾਲਸਾ ਵੱਲੋਂ ਰਾਖੀ ਸੰਸਥਾ ਦੀ ਵਿਉਂਤ ਬਣਾਈ ਗਈ।

ਇਸ ਸੁਰੱਖਿਆ ਢਾਂਚੇ ਅਧੀਨ ਲੋਕਾਂ ਨੂੰ ਬਾਹਰੀ ਹਮਲਿਆਂ, ਅੰਦਰੂਨੀ ਸੁਰੱਖਿਆ, ਜਿਵੇਂ ਸਰਕਾਰੀ ਅਫ਼ਸਰਾਂ ਅਤੇ ਜ਼ਿਮੀਂਦਾਰਾਂ ਦੀ ਲੁੱਟ-ਖਸੁੱਟ ਤੋਂ ਬਚਾਉਣ ਦਾ ਪ੍ਰਬੰਧ ਕੀਤਾ ਗਿਆ। ਲੋਕਾਂ ਦੀ ਇਸ ਸੁਰੱਖਿਆ ਦੇ ਬਦਲੇ ਸਿੰਘ ਸਾਲ ਵਿੱਚ ਦੋ ਵਾਰੀ (ਹਾੜ੍ਹੀ-ਸਾਉਣੀ) ਉਹਨਾਂ ਦੀ ਕਮਾਈ ਦਾ ਪੰਜਵਾਂ ਹਿੱਸਾ ਲੈਂਦੇ ਸਨ। ਜੋਸਫ਼ ਬਰਾਊਨ ਨੇ ਆਪਣੀ ਪੁਸਤਕ *'ਹਿਸਟਰੀ ਆਫ਼ ਦੀ ਉਰਿਜਨ ਐਂਡ ਪ੍ਰੋਗਰੈਸ ਆਫ਼ ਦੀ ਸਿੱਖਜ਼'* ਦੀ ਜਾਣ-ਪਛਾਣ ਵਿੱਚ ਲਿਖਿਆ ਹੈ ਕਿ ਜਦੋਂ ਕੋਈ ਜ਼ਿਮੀਂਦਾਰ ਆਪਣੀ ਕਮਾਈ ਦਾ ਪੰਜਵਾਂ ਹਿੱਸਾ, ਜਿਸ ਨੂੰ ਰਾਖੀ ਕਿਹਾ ਜਾਂਦਾ ਸੀ, ਕਿਸੇ ਵੀ ਸਿੱਖ ਸਰਦਾਰ ਨੂੰ ਸਲਾਨਾ ਦੇਣ ਲਈ ਤਿਆਰ ਹੋ ਜਾਂਦਾ ਸੀ, ਤਾਂ ਉਹ ਸਰਦਾਰ ਆਪ ਹੀ ਉਸ ਦੀ ਲੁੱਟ-ਮਾਰ ਬੰਦ ਨਹੀਂ ਸੀ ਕਰ ਦਿੰਦਾ, ਸਗੋਂ ਉਸ ਨੂੰ ਦੂਸਰਿਆਂ ਦੀ ਲੁੱਟ ਤੋਂ ਵੀ ਬਚਾਉਂਦਾ ਸੀ, ਜਦੋਂ ਤਕ ਇਹ ਸਮਝੌਤਾ ਬਣਿਆ ਰਹਿੰਦਾ। ਇਸ ਸਮੇਂ ਦੌਰਾਨ ਬੇਸ਼ੱਕ ਵੱਡੀ ਫ਼ੌਜ ਵੀ ਉਸ ਛੋਟੇ ਸਰਦਾਰ ਦੀ ਜ਼ਿੰਮੇਵਾਰੀ ਹੱਦ ਵਿੱਚ ਲੰਘਦੀ, ਉਹ ਉਸ ਦੀ ਉਲੰਘਣਾ ਨਹੀਂ ਸੀ ਕਰਦੀ। 'ਪੋਲੀਅਰ' ਅਨੁਸਾਰ ਜਿਸ ਸਰਦਾਰ ਨੂੰ ਰਾਖੀ ਦਿੱਤੀ ਜਾਂਦੀ ਸੀ ਉਸ ਵੱਲੋਂ ਕਿਸੇ ਪ੍ਰਕਾਸ਼ ਦੀ ਔਕੜ ਖੜ੍ਹੀ ਨਹੀਂ ਕੀਤੀ ਜਾਂਦੀ ਸੀ। ਇੱਥੋਂ ਤਕ ਕਿ ਉਹ ਜਿਸ ਕਸਬੇ (ਜ਼ਿਲ੍ਹੇ) ਨੂੰ ਆਪਣੇ ਕਬਜ਼ੇ ਵਿੱਚ ਲੈ ਲੈਂਦਾ, ਉਸ ਉੱਪਰ ਉਸ ਦੇ ਭਾਈਚਾਰੇ ਵੱਲੋਂ ਵੀ ਕਿਸੇ ਪ੍ਰਕਾਰ ਦੀ ਔਕੜ ਖੜ੍ਹੀ ਕੀਤੇ ਜਾਣ 'ਤੇ ਉਸ ਨਾਲ ਲੜਨ ਵਾਸਤੇ ਵੀ ਤਿਆਰ ਹੋ ਜਾਂਦਾ ਸੀ। ਗ਼ੁਲਾਮ ਮੁਹੀ-ਉਦ-ਦੀਨ (ਬੂਟੇਸ਼ਾਹ) ਅਨੁਸਾਰ, ਜਦੋਂ ਕੋਈ ਕਸਬਾ ਜਾਂ ਇਲਾਕਾ ਇੱਕ ਦਸ ਫ਼ੌਜਾਂ ਵਾਲਾ ਸਰਦਾਰ ਆਪਣੀ ਰਾਖੀ ਵਿੱਚ ਲੈ ਲੈਂਦਾ ਸੀ, ਤਾਂ ਉਸ ਵਿੱਚ ਪੰਜ ਸੌ ਜਾਂ ਇਸ ਤੋਂ ਵੱਧ ਫ਼ੌਜਾਂ ਵਾਲਾ ਸਰਦਾਰ ਵੀ ਦਖ਼ਲ ਨਹੀਂ ਸੀ ਦੇ ਸਕਦਾ।"

ਦਲ ਖ਼ਾਲਸਾ ਵੱਲੋਂ ਦਿੱਤੀ ਸੁਰੱਖਿਆ ਨੂੰ ਲੋਕਾਂ ਨੇ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਿਆ ਸੀ, ਕਿਉਂਕਿ ਇਸ ਨਾਲ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਆਈ। ਲੋਕ ਖ਼ੁਸ਼ ਸਨ ਅਤੇ ਰਾਹਤ ਮਹਿਸੂਸ ਕਰਦੇ ਸਨ ਕਿ ਖਾੜਕੂ ਖ਼ਾਲਸਾ ਉਨ੍ਹਾਂ ਦੀ ਸੁਰੱਖਿਆ ਲਈ ਹਾਜ਼ਰ ਸੀ। ਦਲ ਖ਼ਾਲਸਾ ਦੇ ਮੁਖੀਆਂ ਵੱਲੋਂ ਖ਼ਾਲਸਾ ਜੀ ਨੂੰ ਵੱਖ-ਵੱਖ ਜ਼ਿਲ੍ਹਿਆਂ ਨੂੰ ਰਾਖੀ ਪ੍ਰਦਾਨ ਕਰਨ ਲਈ ਵੰਡ ਦਿੱਤਾ ਗਿਆ ਅਤੇ ਸਿੰਘਾਂ ਨੇ ਨਵੀਆਂ ਗੜ੍ਹੀਆਂ ਬਣਾਈਆਂ ਅਤੇ ਮੁਗ਼ਲਾਂ ਵੱਲੋਂ ਬਣਾਏ ਗਏ ਪੁਰਾਣੇ ਕਿਲ੍ਹਿਆਂ ਦੀ ਮੁਰੰਮਤ ਕਰਵਾਈ।

ਦਲ ਖ਼ਾਲਸਾ ਵੱਲੋਂ ਇਹ ਸੁਰੱਖਿਆ ਹਿੰਦੂ ਅਤੇ ਮੁਸਲਮਾਨ ਜ਼ਿਮੀਂਦਾਰਾਂ ਨੂੰ ਬਰਾਬਰ ਦਿੱਤੀ ਜਾਂਦੀ ਸੀ। ਮੁਗ਼ਲ ਅਤੇ ਮੁਸਲਿਮ ਰਾਜਪੂਤਾਂ ਵੱਲੋਂ ਧਾਰਮਿਕ ਸੰਕੀਰਨਤਾ ਸਦਕਾ ਇਸ ਨੂੰ ਅਸਵੀਕਾਰ ਹੀ ਨਾ ਕੀਤਾ ਗਿਆ, ਸਗੋਂ ਸਿੱਖਾਂ ਦਾ ਵਿਰੋਧ ਵੀ ਕੀਤਾ ਗਿਆ, ਜਿਸ ਕਰ ਕੇ ਉਨ੍ਹਾਂ ਨੂੰ ਉੱਥੋਂ ਉਜਾੜ ਦਿੱਤਾ ਗਿਆ। ਅਸਲ ਵਿੱਚ ਇਹ ਮੁਸਲਮਾਨ ਹੀ ਸਨ, ਜਿਨ੍ਹਾਂ ਨੇ ਸਿੱਖਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਲਏ ਸਨ। ਜਦੋਂ ਇਨ੍ਹਾਂ ਨੂੰ ਸਿੱਖ ਸਰਦਾਰਾਂ ਵੱਲੋਂ ਉਖੇੜ ਦਿੱਤਾ ਗਿਆ, ਤਾਂ ਸਿੱਖਾਂ ਨੇ ਆਪੋ-ਆਪਣੇ ਇਲਾਕੇ ਵਿੱਚ ਆਪਣੀ ਕਿਸਮ ਦੀਆਂ ਸਰਕਾਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨੂੰ ਮਿਸਲਦਾਰੀ ਸਿਸਟਮ (ਪ੍ਰਬੰਧ) ਕਿਹਾ ਜਾਂਦਾ ਸੀ। ਇਸ ਦੇ ਨਾਲ ਹੀ ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਦਲ ਖ਼ਾਲਸਾ ਦੇ ਮੈਂਬਰਾਂ ਨੂੰ ਚੰਦਾ ਇਕੱਠਾ ਕਰਨ ਸਮੇਂ ਲੋਕ ਉਹਨਾਂ ਨੂੰ ਲੁੱਟ-ਖਸੁੱਟ ਕਰਨ ਵਾਲੇ ਸ਼ੁੱਭਚਿੰਤਕ ਸਮਝਦੇ ਸਨ।

ਇਸ ਤਰ੍ਹਾਂ ਬਹੁਤ ਛੇਤੀ ਦਲ ਖ਼ਾਲਸਾ ਦੇ ਅਧੀਨ ਪੰਜ ਦੁਆਬਾਂ ਦਾ ਬਹੁਤ ਸਾਰਾ ਹਿੱਸਾ ਆ ਗਿਆ। ਐਮਰਜੈਂਸੀ ਵਾਸਤੇ ਆਮ ਚਲਦੇ-ਫਿਰਦੇ ਦਲਾਂ ਤੋਂ ਬਿਨਾਂ ਕੁਝ ਫ਼ੌਜ ਅੰਮ੍ਰਿਤਸਰ ਵਿੱਚ ਰੱਖੀ ਜਾਂਦੀ ਸੀ। ਮੋਹਨ ਲਾਲ ਸ਼ੂਰੀ ਅਨੁਸਾਰ; ਅੰਮ੍ਰਿਤਸਰ ਦੀ ਰਾਖੀ ਲਈ ਨਿਸ਼ਾਨਵਾਲੀਏ ਤੇ ਡੱਲੇਵਾਲੀਏ ਨਿਯੁਕਤ ਸਨ। ਲਾਹੌਰ ਦੇ ਦੱਖਣੀ-ਪੱਛਮੀ ਹਿੱਸੇ ਦੀ ਰਾਖੀ ਨਕਈ ਮਿਸਲ ਵਾਲੇ ਕਰਦੇ ਸਨ। ਦੁਆਬੇ ਦੀ ਰਾਖੀ ਹਰੀ ਸਿੰਘ ਭੰਗੀ ਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਕਰਦੇ ਸਨ। ਅੰਮ੍ਰਿਤਸਰ ਦੀ ਰਾਖੀ ਦੀ ਜ਼ਿੰਮੇਵਾਰੀ ਜੱਸਾ ਸਿੰਘ ਰਾਮਗੜ੍ਹੀਆ ਤੇ ਜੈ ਸਿੰਘ ਕਨ੍ਹਈਆ ਦੇ ਜ਼ਿੰਮੇ ਸੀ। ਸਤਲੁਜ ਦਾ ਦੱਖਣੀ ਕਿਨਾਰਾ ਦੀਪ ਸਿੰਘ ਸ਼ਹੀਦ ਤੇ ਕਰੋੜ ਸਿੰਘ ਦੀ ਦੇਖ-ਰੇਖ ਹੇਠ ਆਉਂਦਾ ਸੀ, ਜਦੋਂ ਕਿ ਆਹਲੂਵਾਲੀਏ ਤੇ ਸਿੰਘਪੁਰੀਏ ਸਤਲੁਜ ਦੇ ਦੋਹਾਂ ਕਿਨਾਰਿਆਂ ਦੇ ਕੁਝ ਹਿੱਸਿਆਂ ਉੱਪਰ ਕਾਬਜ਼ ਸਨ। ਅਦੀਨਾ ਬੇਗ ਨੇ ਸਵਾ ਲੱਖ ਰੁਪਿਆ ਜਲੰਧਰ ਦੁਆਬ ਦੀ ਰਾਖੀ ਲਈ ਸਿੰਘਾਂ ਨੂੰ ਦਿੱਤਾ। ਆਪਣੇ-ਆਪ ਨੂੰ ਸਿੱਖਾਂ ਦੀ ਕਿਰਪਾ ਦਾ ਪਾਤਰ ਬਣਾਉਣ ਦੇ ਆਸ਼ੇ ਨਾਲ ਇੱਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਵੀ ਲੈ ਕੇ ਆਇਆ।

ਛੇਤੀ ਹੀ ਸਿੰਘਾਂ ਨੇ ਆਪਣੀ ਤਾਕਤ ਗੰਗਾ ਦੁਆਬ ਤਕ ਵਧਾ ਲਈ ਅਤੇ ਗੰਗਾ-ਜਮੁਨਾ ਦੇ ਵਿਚਕਾਰਲੇ ਬਹੁਤ ਸਾਰੇ ਪਿੰਡਾਂ ਤੇ ਕਸਬਿਆਂ ਤੋਂ ਰਾਖੀ ਲੈਣੀ ਸ਼ੁਰੂ ਕਰ ਦਿੱਤੀ। ਫਰੈਂਕਲਿਨ ਅਨੁਸਾਰ; ਜਦੋਂ ਸਿੱਖ ਪਹਿਲਾਂ ਰਾਖੀ ਦੀ ਮੰਗ ਕਰਦੇ ਸਨ, ਤਾਂ ਚੁੱਪ-ਚਾਪ ਦੇਣ ਵਾਲਿਆਂ ਨੂੰ ਕੁਝ ਨਹੀਂ ਆਖਦੇ ਸਨ। ਜੇ ਕੋਈ ਅੱਗੋਂ ਵਿਰੋਧ ਕਰਦਾ, ਤਾਂ ਸਖ਼ਤੀ ਨਾਲ ਪੇਸ਼ ਆਉਂਦੇ ਸਨ।

ਜੀ.ਆਰ.ਸੀ. ਵਿਲੀਅਮ ਦਾ ਵਿਚਾਰ ਹੈ ਕਿ ਫ਼ਸਲ ਕੱਟਣ ਤੋਂ ਪਿੱਛੋਂ ਹਰ ਕਸਬੇ ਤੋਂ ਰਾਖੀ ਦੀਆਂ ਸ਼ਰਤਾਂ ਅਨੁਸਾਰ ਰਾਖੀ ਲਈ ਜਾਂਦੀ ਸੀ। ਕਈ ਵਾਰ ਮਿੱਠੇ-ਪਿਆਰੇ ਹੋ ਕੇ ਕੰਬਲੀ ਜਾਂ ਇੱਕ ਪੰਡ ਵੀ ਲੈ ਲਈ ਜਾਂਦੀ ਸੀ। ਹਰੇਕ ਦਾ ਆਪਣਾ ਨਿਸ਼ਚਿਤ ਘੇਰਾ ਸੀ, ਜਿਹੜਾ ਆਮ ਕਿਰਸਾਨਾਂ ਲਈ ਓਪਰਾ ਨਹੀਂ ਸੀ, ਜਿਵੇਂ ਜੋਧ ਸਿੰਘ ਦੀ ਪੱਤੀ, ਦੀਵਾਨ ਸਿੰਘ ਦੀ ਪੱਤੀ ਜਾਂ ਹਿੰਮਤ ਸਿੰਘ ਦੀ ਪੱਤੀ ਆਦਿ।

ਆਰਥਿਕ ਪੱਖੋਂ ਰਾਖੀ ਸਿੱਖਾਂ ਲਈ ਅਮਦਨ ਦਾ ਵੱਡਾ ਸਾਧਨ ਸੀ। ਲੋਕ ਖ਼ੁਸ਼ੀ-ਖ਼ੁਸ਼ੀ ਸਿੱਖਾਂ ਦੇ ਪ੍ਰਬੰਧ ਅਧੀਨ ਆਉਣ ਲੱਗੇ। ਖ਼ਾਲਸਾ ਪ੍ਰਬੰਧ ਹੇਠ ਆਉਣ ਵਾਲਾ ਇਲਾਕਾ ਏਨਾ ਵਿਸ਼ਾਲ ਹੋ ਗਿਆ ਕਿ ਇਸ ਨੂੰ ਹਿੱਸਿਆਂ ਵਿੱਚ ਵੰਡਣਾ ਬਹੁਤ ਜ਼ਰੂਰੀ ਹੋ ਗਿਆ, ਜਿਸ ਨੂੰ ਮਿਸਲਾਂ ਦਾ ਨਾਂ ਦਿੱਤਾ ਗਿਆ। ਭਾਵੇਂ ਇਹਨਾਂ ਛੋਟੇ ਇਲਾਕਿਆਂ ਦੇ ਸੈਨਾਪਤੀ ਵੱਖੋ-ਵੱਖ ਸਨ ਪਰ ਸਮੁੱਚੇ ਤੌਰ 'ਤੇ ਇਹ ਰਾਸ਼ਟਰੀ ਫ਼ੌਜ, ਅਥਵਾ ਦਲ ਖ਼ਾਲਸਾ ਦਾ ਭਾਗ ਸਨ, ਜੋ ਗੁਰੂ ਦੇ ਨਾਮ ਉੱਪਰ ਕੀਤੇ ਗੁਰਮਤੇ ਨੂੰ ਮੰਨਣ ਦੇ ਪਾਬੰਦ ਸਨ। ਦਲ ਖ਼ਾਲਸਾ ਨੂੰ ਜਦੋਂ ਵੀ ਦੁਰਾਨੀਆਂ ਦੇ ਹਮਲੇ ਤੋਂ ਵੇਹਲ ਮਿਲਦੀ, ਇਹ ਰਾਖੀ ਪ੍ਰਬੰਧ ਨੂੰ ਹਰਮਨ-ਪਿਆਰਾ ਤੇ ਮਜ਼ਬੂਤ ਕਰਨ ਵਿੱਚ ਜੁੱਟ ਜਾਂਦੇ। 1761 ਦੀ ਪਾਣੀਪਤ ਦੀ ਲੜਾਈ ਵੇਲੇ ਜੇਤੂ ਅਫ਼ਗਾਨਾਂ ਦੇ ਪ੍ਰਬੰਧ ਨੂੰ ਤਹਿਸ-ਨਹਿਸ ਕਰਨ ਵਾਸਤੇ ਖ਼ਾਲਸੇ ਬਹੁਤ ਅੱਗੇ ਤਕ ਵਧ ਗਏ ਅਤੇ ਰਾਖੀ ਪ੍ਰਬੰਧ ਦੇ ਵਿਕਾਸ ਕਾਰਨ ਸਿੱਖ ਪੰਜਾਬ ਦੇ ਬਹੁਤ ਸਾਰੇ ਹਿੱਸੇ 'ਤੇ ਕਾਬਜ਼ ਹੋ ਗਏ। ਉਹ ਬਾਹਰਲੇ ਹਮਲਾਵਰਾਂ ਦਾ ਟਾਕਰਾ ਕਰਨ ਦੇ ਵੀ ਸਮਰੱਥ ਸਨ। ਉਹਨਾਂ ਨੇ ਆਪਣੀਆਂ ਨੇ ਹੱਦਾਂ ਹੋਰ ਵਧਾ ਲਈਆਂ ਸਨ। ਸਿੱਖ ਆਪਣੇ ਅਧੀਨ ਲੋਕਾਂ ਨਾਲ ਬਹੁਤ ਚੰਗਾ ਤੇ ਗੁਆਂਢੀਆਂ ਵਾਲਾ ਵਰਤਾਓ ਕਰਦੇ ਸਨ।

ਅਹਿਮਦ ਸ਼ਾਹ ਅਬਦਾਲੀ ਦੇ ਪੰਜਾਬ ਤੋਂ ਜਾਣ ਤੋਂ ਛੇਤੀ ਪਿੱਛੋਂ ਲਹਿਣਾ ਸਿੰਘ ਤੇ ਗੁੱਜਰ ਸਿੰਘ ਨੇ 16 ਅਪ੍ਰੈਲ, 1765 ਨੂੰ ਲਾਹੌਰ ਦੇ ਕਿਲ੍ਹੇ ਉੱਪਰ ਕਬਜ਼ਾ ਕਰ ਲਿਆ। 17 ਅਪ੍ਰੈਲ ਨੂੰ ਸੋਭਾ ਸਿੰਘ ਵੀ ਉਹਨਾਂ ਨਾਲ ਆ ਮਿਲਿਆ। ਸ਼ਹਿਰ ਦੇ ਪਤਵੰਤਿਆਂ ਦੀ ਬੇਨਤੀ ਉੱਪਰ ਸਰਦਾਰਾਂ ਵੱਲੋਂ ਲੋਕਾਂ ਨੂੰ ਤੰਗ-ਪਰੇਸ਼ਾਨ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਉਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਸ਼ਹਿਰ ਦੀ ਲੁੱਟ-ਖਸੁੱਟ ਵੀ ਬੰਦ ਕਰ ਦਿੱਤੀ ਗਈ। ਸ਼ਹਿਰ ਨੂੰ ਤਿੰਨ ਭਾਗਾਂ ਵਿੱਚ ਵੰਡ ਦਿੱਤਾ ਗਿਆ।

ਸਿੱਖਾਂ ਨੇ ਬਹੁਤ ਸਾਰੇ ਇਲਾਕੇ ਆਪਣੇ ਇਲਾਕੇ ਵਿੱਚ ਮਿਲਾ ਲਏ। ਅੰਮ੍ਰਿਤਸਰ ਨੂੰ ਚਾਰ ਮਿਸਲਾਂ ਵਿੱਚ ਵੰਡ ਦਿੱਤਾ ਗਿਆ। ਤਰਨਤਾਰਨ ਤੇ ਅੰਮ੍ਰਿਤਸਰ ਦਾ ਇਲਾਕਾ ਭੰਗੀਆਂ, ਗੋਇੰਦਵਾਲ ਤੇ ਫ਼ਤਿਆਬਾਦ ਜੱਸਾ ਸਿੰਘ ਆਹਲੂਵਾਲੀਆ ਤੇ ਸ੍ਰੀ ਹਰਿਗੋਬਿੰਦਪੁਰ ਤੇ ਕਾਦੀਆਂ ਰਾਮਗੜ੍ਹੀਆ ਦੇ ਅਤੇ ਬਟਾਲਾ ਕਨ੍ਹਈਆਂ ਦੇ ਕਬਜ਼ੇ ਵਿੱਚ ਆ ਗਿਆ। ਅੰਮ੍ਰਿਤਸਰ ਸਾਰੇ ਸਿੱਖਾਂ ਦਾ ਸਾਂਝਾ ਸ਼ਹਿਰ ਸੀ।

ਸਿੱਖਾਂ ਦੀ ਗੰਗਾ ਦੁਆਬ ਦੇ ਇਲਾਕੇ ਵਿੱਚ ਜਿੱਤ ਨੇ ਸਿੱਖਾਂ ਅੰਦਰ ਜੇਤੂ ਭਾਵਨਾ ਪੈਦਾ ਕਰ ਦਿੱਤੀ। ਰਾਖੀ ਦੀ ਮਾਨਤਾ ਹੋਰ ਵਧ ਗਈ। ਇੱਥੋਂ ਤਕ ਕਿ ਕੋਈ ਹੁਕਮਰਾਨ ਕਿਸੇ ਤਰੀਕੇ ਵੀ ਸਿੱਖਾਂ ਉੱਪਰ ਕਾਬੂ ਪਾਉਣ ਵਿੱਚ ਸਫ਼ਲ ਨਾ ਹੋ ਸਕਿਆ। ਇਸ ਤਰ੍ਹਾਂ ਮਜਬੂਰ ਹੋ ਕੇ ਸਿੱਖਾਂ ਦੀਆਂ ਸ਼ਰਤਾਂ ਉੱਪਰ ਹੀ ਸਮਝੌਤਾ ਕਰਨਾ ਪਿਆ।

# ਸਿੱਖ ਮਿਸਲਾਂ ਦਾ ਇਤਿਹਾਸ

## ਭੰਗੀ ਮਿਸਲ




*(ਰਾਜ ਖ਼ਾਲਸਾ ਤਵਾਰੀਖ਼ ਖ਼ਾਲਸਾ, ਹਿੱਸਾ ਤੀਜਾ, ਪੰਨਾ 225)*

ਸਿੱਖ ਮਿਸਲਾਂ ਵਿੱਚ ਭੰਗੀਆਂ ਦੀ ਮਿਸਲ ਇੱਕ ਬਹੁਤ ਹੀ ਪ੍ਰਸਿੱਧ ਤੇ ਸ਼ਕਤੀਸ਼ਾਲੀ ਮਿਸਲ ਹੋਈ ਹੈ। ਸਾਰੀਆਂ ਮਿਸਲਾਂ ਤੋਂ ਪਹਿਲਾਂ ਭੰਗੀਆਂ ਦੀ ਮਿਸਲ ਨੂੰ ਆਪਣੀ ਹਕੂਮਤ ਕਾਇਮ ਕਰਨ ਦੀ ਦੇਸ਼-ਵਾਸੀਆਂ ਵੱਲੋਂ ਪ੍ਰੇਰਨਾ ਕੀਤੀ ਗਈ ਤੇ ਭੰਗੀ ਸਰਦਾਰਾਂ ਨੇ ਸਭ ਤੋਂ ਪਹਿਲਾਂ ਆਪਣੀ ਹਕੂਮਤ ਕਾਇਮ ਕੀਤੀ। ਇਹਨਾਂ ਦੇ ਅਧੀਨ 15 ਹਜ਼ਾਰ ਸਵਾਰ ਸਨ ਤੇ 12 ਹਜ਼ਾਰ ਦੇ ਕਰੀਬ ਘੋੜ ਸਵਾਰ ਵੀ ਸਨ। ਪੰਜਾਬ ਦੇ ਸਾਰੇ ਹਿੱਸੇ ਜਿਵੇਂ ਕਿ ਗੁਜਰਾਤ, ਸਿਆਲਕੋਟ, ਝੰਗ, ਮੁਲਤਾਨ, ਡੇਹਰਾ ਜਾਤ ਆਦਿਕ ਤੇ ਖ਼ਾਸ ਕਰ ਕੇ ਲਾਹੌਰ ਵੀ ਇਹਨਾਂ ਦੇ ਕਬਜ਼ੇ ਵਿੱਚ ਸੀ।

ਅੰਮ੍ਰਿਤਸਰ ਸ਼ਹਿਰ ਦਾ ਪ੍ਰਬੰਧ ਵੀ ਇਸੇ ਮਿਸਲ ਦੇ ਅਧੀਨ ਸੀ। ਭਾਵੇਂ ਅੰਮ੍ਰਿਤਸਰ ਸਾਰੇ ਸਿੱਖਾਂ ਦਾ ਕੇਂਦਰੀ ਅਸਥਾਨ ਹੈ, ਪਰ ਭੰਗੀ ਮਿਸਲ ਦੀ ਇਹ ਰਾਜਧਾਨੀ ਸੀ।

ਚੌਧਰੀ ਭੂਮਾ ਸਿੰਘ ਦਾ ਪੁੱਤਰ ਹਰੀ ਸਿੰਘ ਇਸ ਮਿਸਲ ਦਾ ਮਾਲਕ ਸੀ। ਸਰਦਾਰ ਹਰੀ ਸਿੰਘ ਦਾ ਅਸਲ ਵਿੱਚ ਪਿੰਡ ਹੋਠਾ ਪ੍ਰਗਣਾ ਬਦਾਨੀ ਇਲਾਕਾ ਮਾਲਵਾ ਵਿੱਚ ਸੀ, ਕਿੰਤੂ ਮੁਸਲਮਾਨ ਹਾਕਮਾਂ ਦੇ ਅੱਤਿਆਚਾਰ ਤੇ ਅਨੀਤ ਕਾਰਨ ਇਹ ਪਿੰਡ ਨੱਥੂ, ਜ਼ਿਲ੍ਹਾ ਝੰਗ ਵਿੱਚ ਜਾ ਵਸੇ। ਸਰਦਾਰ ਹਰੀ ਸਿੰਘ ਨੇ ਬਾਬਾ ਦੀਪ ਸਿੰਘ ਸ਼ਹੀਦ ਜੀ ਪਾਸੋਂ ਅੰਮ੍ਰਿਤ ਛਕਿਆ ਸੀ। ਸਰਦਾਰ ਹਰੀ ਸਿੰਘ ਜੀ ਦੇ ਪਿਤਾ ਭੂਮਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ। ਸਰਦਾਰ ਹਰੀ ਸਿੰਘ ਬਹੁਤ ਬਹਾਦਰ, ਜਵਾਂ-ਮਰਦ ਤੇ ਇਸ ਦਾ ਜਥਾ ਸਾਰੇ ਦਲ ਖ਼ਾਲਸੇ ਵਿੱਚ ਮੋਹਰੀ ਮੰਨਿਆ ਜਾਂਦਾ ਸੀ।

ਡਾ. ਭਗਤ ਸਿੰਘ ਤੇ ਸੋਹਣ ਸਿੰਘ ਸੀਤਲ ਭੰਗੀ ਮਿਸਲ ਦਾ ਸੰਸਥਾਪਕ ਛੱਜਾ ਸਿੰਘ ਨੂੰ ਲਿਖਦੇ ਹਨ। ਇਹ ਜੱਟ ਬਰਾਦਰੀ ਨਾਲ ਸੰਬੰਧਿਤ ਸੀ ਅਤੇ ਪੰਜਵੜ ਦਾ ਰਹਿਣ ਵਾਲਾ ਸੀ, ਜੋ ਕਿ ਅੰਮ੍ਰਿਤਸਰ ਤੋਂ ਅੱਠ ਕੋਹ ਦੀ ਵਾਟ 'ਤੇ ਸੀ। ਛੱਜਾ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਅੰਮ੍ਰਿਤ ਛਕਿਆ ਸੀ। ਉਸ ਨੇ ਆਪਣੇ ਤਿੰਨ ਰਿਸ਼ਤੇਦਾਰਾਂ ਭੀਮ ਸਿੰਘ, ਮੂਲਾ ਸਿੰਘ, ਜਗਤ ਸਿੰਘ ਨੂੰ ਅੰਮ੍ਰਿਤ ਛਕਾ ਕੇ ਆਪਣੇ ਨਾਲ ਮਿਲਾ ਲਿਆ। ਮਿਸਲ ਭੰਗੀਆਂ ਦਾ ਸ਼ਜਰਾ ਸੋਹਣ ਸਿੰਘ ਸੀਤਲ ਜੀ ਨੇ ਛੱਜਾ ਸਿੰਘ ਤੋਂ ਅਰੰਭ ਕੀਤਾ ਹੈ :




*(ਸਿੱਖ ਮਿਸਲਾਂ ਦੇ ਸਰਦਾਰ ਘਰਾਣੇ, ਪੰਨਾ 20)*

ਛੱਜਾ ਸਿੰਘ ਨੇ ਇੱਕ ਵਧੀਆ ਸਿੰਘਾਂ ਦਾ ਜਥਾ ਤਿਆਰ ਕੀਤਾ। ਇਹਨਾਂ ਵਿੱਚ ਜਗਤ ਸਿੰਘ ਭੰਗ ਪੀਂਦਾ ਸੀ, ਸੋ ਉੱਥੋਂ ਹੀ ਇਸ ਮਿਸਲ ਦਾ ਨਾਮ ਭੰਗੀ ਪੈ ਗਿਆ। ਡਾ. ਭਗਤ ਸਿੰਘ ਜੀ ਲਿਖਦੇ ਹਨ : 'The Bhangi Misal is said to have its name from its founder's addiction to bhang." ਗਿਆਨੀ

ਗਿਆਨ ਸਿੰਘ ਜੀ ਰਾਜ ਖ਼ਾਲਸਾ ਭਾਗ ਤੀਜਾ, ਖ਼ਾਲਸਾ ਤਵਾਰੀਖ ਵਿੱਚ ਲਿਖਦੇ ਹਨ ਕਿ ਇਸ ਮਿਸਲ ਵਿੱਚ ਛੱਜਾ ਸਿੰਘ ਵਸਨੀਕ ਤਰਨਤਾਰਨ, ਮੀਰਾ ਸਿੰਘ, ਨੱਥਾ ਸਿੰਘ, ਜਗਤ ਸਿੰਘ ਵਸਨੀਕ ਬਦਹਨੀ (ਬੱਧਨੀ), ਗੁਲਾਬ ਸਿੰਘ ਬੀਰਾਂਵਾਲਾ, ਗੁਰਬਖ਼ਸ਼ ਸਿੰਘ ਰੋੜਾਂ ਵਾਲਾ, ਅੱਘੜ ਸਿੰਘ ਖੰਗੋਰਾ, ਸਾਵਲ ਸਿੰਘ, ਗੁਰਬਖ਼ਸ਼ ਸਿੰਘ ਸ਼ਾਨੀ ਕਲਮੀ ਵਾਲਾ, ਠਾਕਰ ਸਿੰਘ, ਰੋਸਾ ਵਾਲਾ ਗੁਰਜ ਸਿੰਘ ਤੇ ਲੈਹਣਾ ਸਿੰਘ ਆਦਿਕ ਸਰਦਾਰਾਂ ਵਿੱਚੋਂ ਸਾਰੇ ਇੱਕ-ਦੂਜੇ ਨਾਲੋਂ ਵਧ ਕੇ ਸੂਰਬੀਰ ਜਵਾਂ-ਮਰਦ ਤੇ ਬਹਾਦਰ ਸਨ ਤੇ ਇਹਨਾਂ ਸਾਰਿਆਂ ਦਾ ਜਥੇਦਾਰ ਸਰਦਾਰ ਹਰੀ ਸਿੰਘ ਸੀ। ਇਹ ਸਰਦਾਰ ਆਪਣੇ ਜਥੇ ਦੇ ਨਾਲ ਸਾਰੇ ਪੂਰਬੀ ਇਲਾਕੇ ਤੇ ਰਾਜਪੂਤਾਨਾ ਆਦਿਕ ਦੀ ਸੋਧ ਦੇ ਸਾਰੇ ਹੱਲਿਆਂ ਵਿਚ ਸ਼ਾਮਲ ਰਿਹਾ। ਇਸ ਤੋਂ ਛੁੱਟ ਕਸੂਰ ਤੇ ਸਰਹੰਦ ਆਦਿ ਪਿੰਡਾਂ ਦੀ ਸੋਧ ਕਰਨ ਤੇ ਸ਼ਾਹੀ ਫ਼ੌਜ ਵੱਲੋਂ ਸਿੰਘਾਂ 'ਤੇ ਹੋਣ ਵਾਲੇ ਹਮਲਿਆਂ ਦੀ ਰੋਕ ਵੇਲੇ ਇਹ ਸਰਦਾਰ ਆਪਣੇ ਜਥੇ ਸਮੇਤ ਸਭ ਤੋਂ ਪਹਿਲਾਂ ਮੈਦਾਨ ਵਿੱਚ ਉੱਤਰਦਾ ਸੀ।

ਜਦ ਖ਼ਾਲਸੇ ਨੇ 12 ਮਿਸਲਾਂ ਵਿੱਚ ਸਾਰੇ ਪੰਜਾਬ ਨੂੰ ਵੰਡਿਆ, ਉਦੋਂ ਗੁਜਰਾਤ, ਚਨਯੋਟ, ਝੰਗ, ਅੰਮ੍ਰਿਤਸਰ ਤੇ ਖ਼ਾਸ ਕਰ ਲਾਹੌਰ 'ਤੇ ਕਬਜ਼ਾ ਕਰ ਕੇ ਅੰਮ੍ਰਿਤਸਰ ਨੂੰ ਇਸ ਨੇ ਆਪਣੀ ਰਾਜਧਾਨੀ ਬਣਾਇਆ।

ਇਹ ਸਰਦਾਰ ਆਪਣੇ ਵੇਲੇ ਦਾ ਬਹੁਤ ਸਿਆਣਾ ਤੇ ਦੂਰ-ਅੰਦੇਸ਼ ਸਰਦਾਰ ਸੀ। ਸੰਮਤ 1803 (ਸੰਨ 1746) ਵਿੱਚ ਅੰਮ੍ਰਿਤਸਰ ਵਿੱਚ ਇਸ ਨੇ ਆਪਣੇ ਨਾਮ ਦਾ ਕਟੜਾ ਵੀ ਵਸਾਇਆ। ਸ੍. ਹਰੀ ਸਿੰਘ ਨੂੰ ਸੋਹਣੇ ਤੇ ਬੇਸ਼ਕੀਮਤੀ ਘੋੜੇ ਰੱਖਣ ਦਾ ਵੀ ਬਹੁਤ ਸ਼ੌਕ ਸੀ। ਮੁਸਲਮਾਨ ਹਾਕਮਾਂ ਦੀ ਸੋਧ ਦੇ ਕੰਮ ਵਿੱਚ ਐਨਾ ਮਾਹਿਰ ਸੀ ਕਿ ਸੌ-ਸੌ ਕੋਹ ਤਕ ਇਹ ਧਾਵਾ ਕਰ ਕੇ ਬਿਜਲੀ ਦੀ ਤਰ੍ਹਾਂ ਅਨਿਆਈਆਂ 'ਤੇ ਜਾ ਪੈਂਦਾ ਸੀ। ਕਈ ਵਾਰ ਇਸ ਨੇ ਲਾਹੌਰ ਸ਼ਹਿਰ ਦੇ ਹਾਕਮਾਂ ਦੇ ਛੱਕੇ ਛੁਡਾਏ ਸਨ। ਇਹ ਹਮੇਸ਼ਾ ਆਪਣੇ ਜਥੇ ਵਿੱਚ ਜਵਾਨ ਤੇ ਸੁੰਦਰ ਸ਼ਕਲ-ਸੂਰਤ ਵਾਲੇ ਸਿੰਘ ਰੱਖਦਾ ਸੀ। ਦੁਆਬਾ ਬਾਰੀ ਵਿੱਚ ਇਸ ਦੇ ਮੁਕਾਬਲੇ ਦਾ ਕੋਈ ਸਰਦਾਰ ਨਹੀਂ ਸੀ।

ਸ੍. ਹਰੀ ਸਿੰਘ ਨੇ ਮੁਲਤਾਨ 'ਤੇ ਚੜ੍ਹਈ ਕਰ ਕੇ ਫ਼ਤਿਹ ਪ੍ਰਾਪਤ ਕੀਤੀ। ਡੇਹਰਾ ਜਾਤ ਤੋਂ ਵੀ ਇਸ ਨੇ ਮਾਲੀਆ ਲਿਆ। ਅਬਦੁਲਸਮੱਦ ਖ਼ਾਂ ਦੇ ਮੈਰਜੀਨ ਨੂੰ ਵੀ ਇਸ ਨੇ ਲੁੱਟਿਆ। ਸਿਆਲਕੋਟ, ਚਨਯੋਟ, ਕਰਯਾਲ, ਮੈਰੋਵਾਲ, ਝੰਗ, ਮੁਲਤਾਨ ਆਦਿਕ ਅੱਠ ਲੱਖ ਦੇ ਮਾਲੀਏ ਵਾਲੇ ਮੁਲਕ 'ਤੇ ਇਸ ਨੇ ਆਪਣਾ ਕਬਜ਼ਾ ਕਰ ਲਿਆ ਤੇ ਸਾਰੇ ਮੁਲਕ 'ਤੇ ਇਸ ਨੇ ਆਪਣਾ ਕਬਜ਼ਾ ਕਰ ਲਿਆ। ਸਾਰੇ ਮੁਲਕ 'ਚ ਇਸ ਦੇ ਨਾਮ ਦੀ ਦੋਹੀ ਫਿਰਨ ਲੱਗੀ। ਉੱਥੋਂ ਦਾ ਫ਼ੌਜਦਾਰ ਇਸ ਨੇ ਸ੍. ਕਰਮ ਸਿੰਘ ਦੁਲੂ ਨੂੰ ਬਣਾਇਆ।

ਸ੍. ਹਰੀ ਸਿੰਘ ਸਰਦਾਰ ਨੇ ਬਾਰਾਂ ਹਜ਼ਾਰ ਫ਼ੌਜ ਨਾਲ ਜੰਮੂ 'ਤੇ ਚੜ੍ਹਾਈ ਕੀਤੀ। ਜੰਮੂ ਦੇ ਰਾਜਾ ਰਣਜੀਤ ਦੇਵ ਨੇ ਭੰਗੀਆਂ ਦੀ ਅਧੀਨਗੀ ਪਰਵਾਨ ਕਰ ਕੇ ਨਜ਼ਰਾਨਾ ਤਾਰ ਦਿੱਤਾ।

ਸੰਮਤ 1818, ਯਾਨਿ ਕਿ ਸੰਨ 1761 ਈ. ਵਿੱਚ ਕਸੂਰ ਨੂੰ ਫ਼ਤਿਹ ਕਰਨ ਵਾਸਤੇ ਵੀ ਸਭ ਤੋਂ ਪਹਿਲਾਂ ਇਸੇ ਸਰਦਾਰ ਦੀ ਫ਼ੌਜ ਨਿਕਲੀ ਸੀ। ਫਿਰ ਭਰਤਪੁਰ ਦੇ ਰਾਜੇ ਦੀ ਪੁਕਾਰ ਸੁਣ ਉਸ ਦੀ ਸਹਾਇਤਾ ਲਈ ਦਿੱਲੀ 'ਤੇ ਚੜ੍ਹਾਈ ਕੀਤੀ। ਸਰਹੰਦ, ਡੇਹਰਾ ਜਾਤ ਦਾ ਇਲਾਕਾ, ਸਹਾਰਨਪੁਰ, ਚੰਦੌਸੀ, ਖੋਰਜ ਦੇ ਸੋਧਣ ਵਿੱਚ ਹਰੀ ਸਿੰਘ ਨੇ ਬਹੁਤ ਬਹਾਦਰੀ (ਸੂਰਮਤਾ) ਦਿਖਾਈ।

ਦਸੰਬਰ, 1764 ਵਿੱਚ ਅਬਦਾਲੀ ਨੇ ਅਠਵਾਂ ਹਮਲਾ ਕਰ ਦਿੱਤਾ। ਉਹ ਕੁੰਜਪੁਰੇ ਤਕ ਜਾ ਪੁੱਜਾ। ਮੁੜਦਾ ਹੋਇਆ ਉਹ ਸਰਹੰਦ ਆਇਆ, ਤਾਂ ਸ੍. ਆਲਾ ਸਿੰਘ ਨੇ ਉਸ ਦੀ ਈਨ ਮੰਨ ਕੇ ਸਰਹੰਦ ਦੀ ਸੂਬੇਦਾਰੀ ਲੈ ਲਈ। ਦੂਜੇ ਪਾਸੇ ਗਿਆਰਾਂ ਮਿਸਲਾਂ ਅਬਦਾਲੀ ਨਾਲ ਡਟ ਕੇ ਮੁਕਾਬਲਾ ਕਰਨ ਲਈ ਡਟੀਆਂ ਖੜ੍ਹੀਆਂ ਸਨ। ਉੱਥੇ ਆਲਾ ਸਿੰਘ (ਮਿਸਲ ਫੂਲਕੀਆਂ) ਅਬਦਾਲੀ ਨਾਲ ਸਮਝੌਤਾ ਕਰ ਕੇ ਉਸ ਦਾ ਸਾਥੀ ਬਣ ਗਿਆ। ਸਿੱਖਾਂ ਨਾਲ ਹੋਏ ਮੁਕਾਬਲੇ ਵਿੱਚ ਅਬਦਾਲੀ ਬੁਰੀ ਤਰ੍ਹਾਂ ਹਾਰ ਖਾ ਕੇ ਗਿਆ।

ਅਬਦਾਲੀ ਵੱਲੋਂ ਵੇਹਲੇ ਹੋ ਕੇ ਬੁੱਢਾ ਦਲ ਤੇ ਤਰਨਾ ਦਲ, 1765 ਈ. ਵਿੱਚ ਪਟਿਆਲ਼ੇ ਉੱਤੇ ਹਮਲਾ ਕੀਤਾ। ਇਸ ਤੋਂ ਪਹਿਲਾਂ 1763 ਈ. ਵਿੱਚ ਹਰੀ ਸਿੰਘ ਨੇ ਕਨ੍ਹਈਆ ਮਿਸਲ ਅਤੇ ਰਾਮਗੜ੍ਹੀਆ ਮਿਸਲ ਨਾਲ ਮਿਲ ਕੇ ਕਸੂਰ 'ਤੇ ਹਮਲਾ ਕੀਤਾ ਸੀ। ਪਟਿਆਲ਼ੇ ਸ੍. ਆਲਾ ਸਿੰਘ ਤੇ ਬਾਕੀ ਸਿੰਘਾਂ ਨੂੰ ਬੜਾ ਗ਼ੁੱਸਾ ਸੀ, ਦੋਹੀਂ ਧਿਰੀਂ ਸਖ਼ਤ ਲੜਾਈ ਹੋਈ, ਜਿਸ ਵਿੱਚ ਸਿੱਖਾਂ ਦਾ ਉੱਘਾ ਜਰਨੈਲ ਹਰੀ ਸਿੰਘ ਭੰਗੀ ਮਾਰਿਆ ਗਿਆ। ਖ਼ਾਨਾਜੰਗੀ ਵਧਦੀ ਵੇਖ ਕੇ ਸ੍. ਜੱਸਾ ਸਿੰਘ ਆਹਲੂਵਾਲੀਏ ਨੇ ਸੁਲ੍ਹਾ ਕਰਾ ਦਿੱਤੀ ਤੇ ਸ੍. ਆਲਾ ਸਿੰਘ ਨੇ ਮਾਫ਼ੀ ਮੰਗ ਲਈ। (ਇਹ ਵਿਚਾਰ ਸੋਹਣ ਸਿੰਘ ਸੀਤਲ ਨੇ ਲਿਖੇ ਹਨ)। ਡਾ. ਭਗਤ ਸਿੰਘ ਮੁਹੰਮਤ ਲਤੀਫ਼ ਦੇ ਹਵਾਲੇ ਨਾਲ ਲਿਖਦਾ ਹੈ : "In 1763 Hari Singh joined the Kanaihya and Ramgharias in an attack in Kasur and the following year he fought Amar Singh of Patiala but was killed in a action. He died of a gunshot which struck him at Lang Chalella in Patiala state." ਗਿਆਨੀ ਗਿਆਨ ਸਿੰਘ ਜੀ ਰਾਜ ਖ਼ਾਲਸਾ ਵਿੱਚ ਲਿਖਦੇ ਹਨ ਕਿ ਸੰਮਤ 1827 ਬਿਕ੍ਰਮੀ ਨੂੰ ਸਰਦਾਰ ਹਰੀ ਸਿੰਘ ਨੇ ਪਟਿਆਲ਼ੇ ਮਹਾਰਾਜਾ ਅਮਰ ਸਿੰਘ ਦੀ ਸਹਾਇਤਾ ਲਈ ਹਾਂਸੀ, ਹਿਸਾਰ ਲਾਗੇ ਭਟੀਆਂ 'ਤੇ ਚੜ੍ਹਾਈ ਕੀਤੀ। ਇਸੇ ਰਣ ਵਿੱਚ ਆਪ ਸ਼ਹੀਦ ਹੋ ਗਏ।

ਸ੍. ਹਰੀ ਸਿੰਘ ਦੇ ਦੋ ਵਿਆਹ ਹੋਏ ਸਨ। ਪਹਿਲਾ ਵਿਆਹ ਪੰਜਵੜ ਵਿੱਚ ਹੋਇਆ। ਇਸ ਵਿੱਚੋਂ ਇਹਨਾਂ ਦੇ ਦੋ ਪੁੱਤਰ ਗੰਡਾ ਸਿੰਘ ਤੇ ਝੰਡਾ ਸਿੰਘ ਹੋਏ। ਇਸ ਸਿੰਘਣੀ ਦੇ ਚਲਾਣਾ ਕਰ ਜਾਣ 'ਤੇ ਦੂਜੀ ਵੇਰ ਵਿਆਹ ਕਰਨ 'ਤੇ ਚੜ੍ਹਤ ਸਿੰਘ, ਦੀਵਾਨ ਸਿੰਘ ਤੇ ਦੇਸੂ ਸਿੰਘ ਪੰਜ ਲੜਕੇ ਹੋਏ।

ਸਰਦਾਰ ਹਰੀ ਸਿੰਘ ਦੇ ਲੜਕਿਆਂ ਵਿੱਚੋਂ ਝੰਡਾ ਸਿੰਘ ਬੜਾ ਹੋਣਹਾਰ ਸੂਰਬੀਰ ਸੀ ਤੇ ਅਕਲਮੰਦ ਸੀ। ਮਿਸਲ ਦੇ ਸਾਰੇ ਸਿੰਘਾਂ ਨੇ ਇਹਨੂੰ ਆਪਣਾ ਜਥੇਦਾਰ ਬਣਾਇਆ। ਇਸ ਨੇ ਆਪਣੀ ਦਾਨਾਈ ਅਤੇ ਬਹਾਦਰੀ ਨਾਲ ਮਿਸਲ ਦਾ ਨਾਮ ਰੋਸ਼ਨ ਕੀਤਾ।

ਸਰਦਾਰ ਝੰਡਾ ਸਿੰਘ ਨੂੰ ਦੂਜੀ ਵੇਰ ਮੁਲਤਾਨ 'ਤੇ ਚੜ੍ਹਾਈ ਕਰਨੀ ਪਈ। ਇਸ ਲੜਾਈ ਵਿੱਚ ਆਪ ਜੀ ਨਾਲ ਬਾਘ ਸਿੰਘ ਜਲਾਲਵਾਲੀਆ, ਤਾਰਾ ਸਿੰਘ ਚੈਨਪੁਰੀਆ, ਕਰਮ ਸਿੰਘ ਖੋਸਾ, ਰਾਏ ਸਿੰਘ ਤੇ ਸ਼ੇਰ ਸਿੰਘ ਬੂੜੀਆਂ ਵਾਲੇ, ਰਾਏ ਸਿੰਘ ਸਰਾਏ ਵਾਲਾ, ਕਰਮ ਸਿੰਘ ਛੀਨਾ, ਈਸ਼ਰ ਸਿੰਘ ਗੋੜੀਆ ਵਾਲਾ, ਸਿੱਧ ਸਿੰਘ ਦੋਧਾ, ਸਾਹਬ ਸਿੰਘ, ਤਾਰਾ ਸਿੰਘ ਸਿਆਲਕੋਟੀਆ, ਸਾਵਲ ਸਿੰਘ ਰੰਧਾਵਾ, ਗੁਜਰ ਸਿੰਘ, ਲੈਹਣਾ ਸਿੰਘ ਰਤਨਗੜ੍ਹੀਆ, ਸੋਭਾ ਸਿੰਘ ਨਿਆਜ ਬੇਗ ਵਾਲਾ ਸਨ।

ਮੁਲਤਾਨ ਦੇ ਸੂਬੇ ਨੇ ਸਰਦਾਰ ਝੰਡਾ ਸਿੰਘ ਨੂੰ 50 ਹਜ਼ਾਰ ਦੇ ਕੇ ਵਾਪਸ ਕਰਨਾ ਚਾਹਿਆ, ਪਰੰਤੂ ਉੱਥੋਂ ਦੀ ਪਰਜਾ ਦੇ ਦੁੱਖਾਂ ਨੂੰ ਵੇਖ ਕੇ ਇਹਨਾਂ ਨੇ ਸ਼ਹਿਰ 'ਤੇ ਕਬਜ਼ਾ ਕਰਨ ਵਿੱਚ ਹੀ ਚੰਗਿਆਈ ਸਮਝੀ। ਪਹਿਲਾਂ ਇਹਨਾਂ ਨੇ ਮੁਲਤਾਨ ਦੇ ਹਾਕਮ ਨੂੰ ਕੈਦ ਕਰ ਲਿਆ, ਪਰੰਤੂ ਜਦੋਂ ਉਸ ਨੇ ਅੱਗੇ ਤੋਂ ਸਿੱਧੇ ਰਾਹ ਤੁਰਨ ਦਾ ਅਹਿਦ ਕੀਤਾ, ਤਾਂ ਉਸ ਨੂੰ ਕੁਝ ਇਲਾਕਾ ਵਾਪਸ ਦੇ ਦਿੱਤਾ। ਇੱਥੋਂ ਸਿੱਖ ਸਰਦਾਰਾਂ ਦੀ ਦਿਆਨਤਦਾਰੀ ਦੇਖਣ ਨੂੰ ਮਿਲਦੀ ਹੈ। ਸਰਦਾਰ ਝੰਡਾ ਸਿੰਘ ਨੇ ਸਰਦਾਰ ਜਮੀਤ ਸਿੰਘ ਤੋਂ ਦੀਵਾਨ ਸਿੰਘ ਨੂੰ ਮੁਲਤਾਨ ਦਾ ਪ੍ਰਬੰਧ ਸੌਂਪਕੇ ਅੱਗੇ ਚੜ੍ਹਾਈ ਕੀਤੀ ਤੇ ਇਲਾਕੇ ਨੂੰ ਚੰਗੀ ਤਰ੍ਹਾਂ ਸੋਧਿਆ। ਐਹਮਦਾਬਾਦ ਦਾ ਨਵਾਬ ਐਹਮਦ ਖ਼ਾਂ 20 ਹਜ਼ਾਰ ਰੁਪਯਾ ਨਜ਼ਰਾਨਾ ਲੈ ਕੇ ਅੱਗੇ ਆ ਮਿਲਿਆ।

ਝੰਡਾ ਸਿੰਘ ਨੇ ਆਪਣੇ ਭਰਾ ਗੰਡਾ ਸਿੰਘ ਨੂੰ ਮਿਸਲ ਦਾ (ਕਮਾਂਡਰ-ਇਨ-ਚੀਫ਼) ਫ਼ੌਜਦਾਰ ਨਿਯੁਕਤ ਕੀਤਾ। ਝੰਡਾ ਸਿੰਘ ਨੇ ਫ਼ੌਜੀ ਸ਼ਕਤੀ ਨੂੰ ਹੋਰ ਵਧਾਇਆ। ਫ਼ੌਜ ਦੀ ਗਿਣਤੀ ਨੂੰ ਹੋਰ ਵਧਾਇਆ ਗਿਆ ਅਤੇ ਰਾਜਨੀਤਿਕ ਤਾਕਤ ਅਤੇ ਫ਼ੌਜੀ ਸ਼ਕਤੀ ਨਾਲ ਝੰਡਾ ਸਿੰਘ ਇੱਕ ਸ਼ਕਤੀਸ਼ਾਲੀ ਸਰਦਾਰ ਬਣ ਗਿਆ ਸੀ। ਉਸ ਨੇ ਫ਼ੌਜ ਵਿੱਚ ਬਹੁਤ ਸੁਧਾਰ ਕੀਤੇ। ਇਹ ਸਾਰੇ ਗੁਣ ਉਸ ਨੇ ਆਪਣੇ ਪਿਤਾ ਸ੍. ਹਰੀ ਸਿੰਘ ਤੋਂ ਪ੍ਰਾਪਤ ਕੀਤੇ ਸਨ। ਝੰਡਾ ਸਿੰਘ ਤੇ ਗੰਡਾ ਸਿੰਘ ਦੇ ਨਾਲ ਸਾਹਿਬ ਸਿੰਘ ਸਿਆਲਕੋਟ, ਰਾਏ ਸਿੰਘ ਅਤੇ ਸ਼ੇਰ ਸਿੰਘ ਬੂੜੀਆ, ਭਾਗ ਸਿੰਘ ਹਾਲੋਵਾਲ, ਸੁੱਧ ਸਿੰਘ ਦੋਦਾ, ਨਿਧਾਨ ਸਿੰਘ ਅੱਤੂ, ਲੈਹਣਾ ਸਿੰਘ, ਤਾਰਾ ਸਿੰਘ ਚੈਨਪੁਰੀਆ, ਭਾਗ ਸਿੰਘ ਜਲਾਲਵਾਲੀਆ, ਗੁੱਜਰ ਸਿੰਘ ਇਹਨਾਂ ਦੇ ਮਿਲਣ ਨਾਲ ਮਿਸਲ ਨੂੰ ਹੋਰ ਸ਼ਕਤੀ ਮਿਲ ਗਈ। ਜੱਸਾ ਸਿੰਘ ਰਾਮਗੜ੍ਹੀਆ ਵੀ ਝੰਡਾ ਸਿੰਘ ਦਾ ਬਹੁਤ ਨੇੜੇ ਦਾ ਮਿੱਤਰ ਸੀ।

ਇੱਕ ਹੋਰ ਬਹਾਦਰ ਸਰਦਾਰ ਸ੍. ਹਰੀ ਸਿੰਘ ਦੀ ਕਮਾਂਡ ਹੇਠ ਉਸ ਨਾਲ ਸੀ। ਉਸ ਦਾ ਨਾਮ ਗੁਰਬਖ਼ਸ਼ ਸਿੰਘ ਸੀ। ਗੁਰਬਖ਼ਸ਼ ਸਿੰਘ ਭੀਮਾ ਸਿੰਘ ਦਾ ਨਿਕਟਵਰਤੀ

ਸੀ। ਗੁਰਬਖ਼ਸ਼ ਸਿੰਘ ਬਹੁਤ ਵੱਡਾ ਯੋਧਾ ਸੀ, ਉਸ ਦੇ ਨਿਯੰਤਰਣ ਹੇਠ ਚਾਲ਼ੀ ਪਿੰਡ ਸਨ, ਪਰ ਉਸ ਦੇ ਕੋਈ ਔਲਾਦ ਨਹੀਂ ਸੀ। ਉਸ ਨੇ ਲਹਿਣਾ ਸਿੰਘ, ਜੋ ਕਿ ਦਰਗਾਹ ਸਿੰਘ ਸਾਧਵਾਲਾ ਦੇ ਜੱਟ ਸਿੰਘ ਦਾ ਪੁੱਤਰ ਸੀ, ਨੂੰ ਗੋਦ ਲਿਆ ਸੀ। ਸ੍. ਗੁਰਬਖ਼ਸ਼ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਲਹਿਣਾ ਸਿੰਘ ਉਸ ਦਾ ਉੱਤਰਾਧਿਕਾਰੀ ਬਣਿਆ। ਗੁੱਜਰ ਸਿੰਘ ਸ੍. ਗੁਰਬਖ਼ਸ਼ ਦੇ ਭਰਾ ਦਾ ਪੁੱਤਰ ਸੀ। ਇਨ੍ਹਾਂ ਦੋਹਾਂ ਵਿੱਚ ਗੁਰਬਖ਼ਸ਼ ਸਿੰਘ ਦੀ ਜਾਇਦਾਦ ਦੀ ਵੰਡਾਈ ਨੂੰ ਲੈ ਕੇ ਝਗੜਾ ਹੋ ਗਿਆ। ਸੋ, ਦੋਹਾਂ ਵਿੱਚ ਬਰਾਬਰ ਦੀ ਜਾਇਦਾਦ ਵੰਡੀ ਗਈ। ਇਹਨਾਂ ਦੋਹਾਂ ਨੇ ਸੋਭਾ ਸਿੰਘ ਜੋ ਕਿ ਜੈ ਸਿੰਘ ਕਨ੍ਹਈਏ ਦਾ ਭਤੀਜਾ ਸੀ, ਨਾਲ ਮਿਲ ਕੇ ਝੰਡਾ ਸਿੰਘ ਮਿਸਲ ਦੀ ਅਧੀਨਗੀ ਪ੍ਰਵਾਨ ਕਰ ਲਈ।

ਸਰਦਾਰ ਝੰਡਾ ਸਿੰਘ ਨੇ 20 ਹਜ਼ਾਰ ਜਵਾਨ ਨਾਲ ਲੈ ਕੇ ਬਹਾਵਲਪੁਰ 'ਤੇ ਚੜ੍ਹਾਈ ਕੀਤੀ। ਨਵਾਬ ਨੇ ਅੱਗੋਂ ਵਾਸਤੇ ਨਿਆਇ ਕਰਨ ਦਾ ਪ੍ਰਣ ਕੀਤਾ ਤੇ ਇੱਕ ਲੱਖ ਰੁਪਯਾ ਜੁਰਮਾਨੇ ਵਜੋਂ ਪੇਸ਼ ਕੀਤਾ ਤੇ ਅੱਗੋਂ ਤੋਂ ਅਧੀਨ ਰਹਿਣਾ ਪ੍ਰਵਾਨ ਕੀਤਾ। ਇਸ ਤਰ੍ਹਾਂ ਨਾਲ ਇਹ ਸਾਰਾ ਇਲਾਕਾ ਤੇ ਡੇਹਰਾ ਜਾਤ ਆਦਿਕ, ਜੋ ਕਿ ਦੁਰਾਨੀਆਂ ਦੇ ਕਬਜ਼ੇ ਵਿੱਚ ਸਨ, ਆਪਣੇ ਅਧੀਨ ਕਰ ਕੇ ਵਾਪਸ ਅੰਮ੍ਰਿਤਸਰ ਆ ਗਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਤਕੜੀ ਰਕਮ ਚੜ੍ਹਾਈ ਤੇ ਦੀਵਾਲ਼ੀ ਦੇ ਮੇਲੇ 'ਤੇ ਚੰਗੀ ਰੌਣਕ ਵੀ ਲਾਈ। ਇਸ ਤਰ੍ਹਾਂ ਨਾਲ ਇਸ ਮਿਸਲ ਦੀ ਆਮਦਨ ਇੱਕ ਕਰੋੜ ਤੋਂ ਵੀ ਵੱਧ ਹੋ ਗਈ ਸੀ।

ਇਸੇ ਸਾਲ ਹੀ ਤੈਮੂਰ ਸ਼ਾਹ ਨੇ ਇਹ ਹਾਲ ਸੁਣ ਕੇ ਮੁਲਤਾਨ 'ਤੇ ਚੜ੍ਹਾਈ ਕਰ ਦਿੱਤੀ। ਸਿੱਖਾਂ ਦੀ ਫ਼ੌਜ ਉੱਥੇ ਨਾ ਹੋਣ ਕਾਰਨ ਮੁਲਤਾਨ 'ਤੇ ਕਬਜ਼ਾ ਕਰ ਕੇ ਮੁਜ਼ੱਫ਼ਰ ਖ਼ਾਂ ਨੂੰ ਉੱਥੋਂ ਦਾ ਹਾਕਮ ਨਿਯੁਕਤ ਕਰ ਦਿੱਤਾ, ਪਰੰਤੂ ਇਹ ਖ਼ਬਰ ਸੁਣਦੇ ਹੀ ਸਰਦਾਰ ਝੰਡਾ ਸਿੰਘ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਲਤਾਨ 'ਤੇ ਹਮਲਾ ਕਰ ਦਿੱਤਾ। ਸੱਤ ਦਿਨ ਤਕ ਭਿਆਨਕ ਜੰਗ ਚਲਦਾ ਰਿਹਾ। ਫੇਰ ਖ਼ਾਲਸੇ ਨੇ ਫ਼ਤਿਹ ਪਾਈ ਤੇ ਸਰਦਾਰ ਝੰਡਾ ਸਿੰਘ ਨੇ ਆਪਣੇ ਭਰਾ ਗੰਡਾ ਸਿੰਘ ਨੂੰ ਇਸ ਇਲਾਕੇ ਦਾ ਹਾਕਮ ਨਿਯਤ ਕਰ ਦਿੱਤਾ ਤੇ ਆਪ ਸ੍ਰੀ ਅੰਮ੍ਰਿਤਸਰ ਵਾਪਸ ਆ ਗਿਆ।

ਕੁਝ ਸਮੇਂ ਪਿੱਛੋਂ ਸਰਦਾਰ ਝੰਡਾ ਸਿੰਘ ਨੇ 12 ਹਜ਼ਾਰ ਸਿੰਘਾਂ ਨੂੰ ਲੈ ਕੇ ਜੰਮੂ ਦੇ ਇਲਾਕੇ 'ਤੇ ਚੜ੍ਹਾਈ ਕਰ ਦਿੱਤੀ। ਜੰਮੂ ਦਾ ਇੱਕ ਰਣਜੀਤ ਦੇਵ ਨਾਂ ਦਾ ਰਾਜਾ ਸਿੰਘਾਂ ਦੇ ਟਾਕਰੇ ਲਈ ਸਾਹਮਣੇ ਆਇਆ। ਦੋਹਾਂ ਧਿਰਾਂ ਵਿੱਚ ਗਹਿਗਚ ਮੁਕਾਬਲਾ ਹੋਇਆ। ਅਖ਼ੀਰ ਖ਼ਾਲਸਾ ਆਪਣੇ ਹੱਥੋਂ ਮੈਦਾਨ ਕਿਵੇਂ ਜਾਣ ਦਿੰਦਾ। ਫ਼ਤਿਹ ਖ਼ਾਲਸੇ ਦੀ ਹੋਈ।

ਝੰਡਾ ਸਿੰਘ ਨੇ ਫਿਰ ਆਪਣੀ ਮੁਹਿੰਮ ਕਿਲ੍ਹਾ ਭਰਤਪੁਰ 'ਤੇ ਚੜ੍ਹਾਈ ਲਈ ਕੀਤੀ। ਕਿਲ੍ਹਾ ਭਰਤਪੁਰ ਵੀ ਫ਼ਤਿਹ ਕਰ ਕੇ ਆਪਣੇ ਮਿੱਤਰ ਸਰਦਾਰ ਗੁਰਬਖ਼ਸ਼ ਸਿੰਘ ਨੂੰ ਉੱਥੋਂ ਦਾ ਮਾਲਕ ਬਣਾਇਆ। ਇਸ ਤੋਂ ਬਾਅਦ ਝੰਡਾ ਸਿੰਘ ਨੇ ਖ਼ਾਜਾ

ਹਮੀਦ ਖ਼ਾਂ ਦੀ ਸਰਾਂ ਵਿੱਚ ਜਹਾਨ ਖ਼ਾਂ ਨੂੰ ਮਾਤ ਦੇ ਕੇ ਉਸ ਦੇ ਕੋਲੋਂ ਜੰਗੀ ਸਾਮਾਨ ਅਤੇ ਤੋਪਾਂ ਆਦਿਕ ਵੀ ਲੁੱਟ ਲਈਆਂ। ਜ਼ਮਜ਼ਮਾ ਨਾਮ ਦੀ ਤੋਪ, ਜਿਹੜੀ ਲਾਹੌਰ ਦੇ ਅਜਾਇਬ-ਘਰ ਵਿੱਚ ਰੱਖੀ ਹੋਈ ਹੈ ਤੇ ਭੰਗੀ ਮਿਸਲ ਦੇ ਨਾਮ 'ਤੇ ਪ੍ਰਸਿੱਧ ਹੈ, ਇਸੇ ਜੰਗ ਵਿੱਚ ਭੰਗੀ ਮਿਸਲ ਦੇ ਹੱਥ ਆਈ।

ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਦੀਵਾਨ ਸਿੰਘ ਨੂੰ ਮੁਲਤਾਨ ਛੱਡ ਕੇ ਝੰਡਾ ਸਿੰਘ ਅੱਗੇ ਵਧਿਆ ਤੇ ਉਹ ਮਾਨਖ਼ੇਰਾ, ਕਾਲਾ ਬਾਗ ਝੰਗ ਤੋਂ ਖ਼ਰਾਜ ਵਸੂਲ ਕਰ ਕੇ ਰਾਮ ਨਗਰ ਚੱਠਿਆਂ 'ਤੇ ਜਾ ਪਿਆ। ਚੱਠੇ ਚੜ੍ਹਾਈ ਵਿੱਚ ਹਾਰ ਗਏ। ਉਹਨਾਂ ਪ੍ਰਸਿੱਧ ਤੋਪ ਜ਼ਮਜ਼ਮਾ ਦੇ ਕੇ ਭੰਗੀਆਂ ਨਾਲ ਸੁਲ੍ਹਾ ਕਰ ਲਈ। ਇਹ ਤੋਪ ਪਿੱਛੋਂ ਭੰਗੀਆਂ ਵਾਲੀ ਤੋਪ ਅਖਵਾਈ। ਸੋ, ਗਿਆਨੀ ਗਿਆਨ ਸਿੰਘ ਅਤੇ ਸੋਹਣ ਸਿੰਘ ਸੀਤਲ ਦੇ ਵਿਚਾਰਾਂ ਵਿੱਚ ਕਾਫ਼ੀ ਅੰਤਰ ਹੈ।

ਅੱਗੇ ਸੋਹਣ ਸਿੰਘ ਸੀਤਲ ਜੀ ਲਿਖਦੇ ਹਨ ਕਿ ਇਹ ਤੋਪ 1761 ਈ. ਵਿੱਚ ਅਹਿਮਦਸ਼ਾਹ ਅਬਦਾਲੀ ਦੇ ਹੁਕਮ ਨਾਲ ਵਜ਼ੀਰ ਸ਼ਾਹ ਵਲੀ ਖ਼ਾਂ ਨੇ ਲਾਹੌਰ ਵਿੱਚ ਸ਼ਾਹ ਨਜ਼ੀਰ ਕਾਰੀਗਰ ਕੋਲੋਂ ਤਾਂਬੇ ਤੇ ਪਿੱਤਲ ਦੀ ਢਲਵਾਈ। ਇਹਦੇ ਢਾਲਣ ਦੀ ਤਾਰੀਖ ਇਹਦੇ ਉੱਪਰ ਲਿਖੇ ਨਾਮ 'ਪੀਕਰੇ ਅਜ਼ਹਦਾਏ ਆਤਸ਼ ਬਾਰ' ਤੋਂ ਪਤਾ ਲੱਗ ਜਾਂਦੀ ਹੈ। 'ਅਬਜਦ' ਦੇ ਹਿਸਾਬ ਨਾਲ ਇਸ ਦਾ ਸੰਨ 1774 ਹਿਜਰੀ ਨਿਕਲਦਾ ਹੈ, ਜੋ ਕਿ 1761 ਈ. ਦੇ ਬਰਾਬਰ ਹੈ। ਪਾਣੀਪਤ ਦੀ ਤੀਜੀ ਲੜਾਈ ਪਿੱਛੋਂ ਵਾਪਸ ਮੁੜਦਾ ਹੋਇਆ ਅਬਦਾਲੀ ਇਹ ਤੋਪ ਲਾਹੌਰ ਦੇ ਸੂਬੇਦਾਰ ਖਵਾਜਾ ਉਬੇਦ ਖ਼ਾਂ ਨੂੰ ਦੇ ਗਿਆ। ਜਦੋਂ 1764 ਈ. ਵਿੱਚ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕੀਤਾ ਤਾਂ ਇਹ ਤੋਪ ਸ਼ੁਕਰਚੱਕੀਆਂ ਦੇ ਹੱਥ ਆ ਗਈ। ਉਹ ਇਸ ਨੂੰ ਗੁੱਜਰਾਂਵਾਲੇ ਲੈ ਗਏ। ਇੱਕ ਲੜਾਈ ਵਿੱਚ ਇਹ ਤੋਪ ਚੱਠਿਆਂ ਨੇ ਖੋਹ ਲਈ। ਉਹ ਇਸ ਨੂੰ ਰਸੂਲਪੁਰ ਲੈ ਗਏ। ਮੁਲਤਾਨ ਤੋਂ ਵਾਪਸ ਮੁੜਦੇ ਹੋਇਆਂ ਸ੍. ਝੰਡਾ ਸਿੰਘ ਨੇ ਚੱਠਿਆਂ ਨੂੰ ਸ਼ਿਕਸ਼ਤ ਦੇ ਕੇ ਇਹ ਤੋਪ ਖੋਹ ਕੇ ਅੰਮ੍ਰਿਤਸਰ ਲੈ ਆਂਦੀ। ਇੱਥੋਂ ਇਸ ਦਾ ਨਾਮ ਭੰਗੀਆਂ ਵਾਲੀ ਤੋਪ ਪੈ ਗਿਆ। ਸੰਨ 1804 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਫ਼ਤਿਹ ਕੀਤਾ ਤਾਂ ਇਹ ਤੋਪ ਉਸ ਦੇ ਹੱਥ ਆ ਗਈ। ਜਦ ਸਿੱਖ ਰਾਜ ਖ਼ਤਮ ਹੋਇਆ ਤਾਂ ਇਹ ਤੋਪ ਅੰਗਰੇਜ਼ਾਂ ਦੇ ਹੱਥ ਆਈ। ਇਸ ਵੇਲੇ ਇਹ ਲਾਹੌਰ ਵਿੱਚ ਅਜਾਇਬ-ਘਰ ਦੇ ਸਾਹਮਣੇ ਪਈ ਹੈ। ਡਾ. ਭਗਤ ਸਿੰਘ ਨੇ ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਹੀ ਇਸ ਤੋਪ ਦੀ ਪ੍ਰਾਪਤੀ ਬਾਰੇ ਲਿਖਿਆ ਹੈ।

ਸੰਮਤ 1828 ਵਿੱਚ ਭੰਗੀਆਂ ਨੇ ਅੰਮ੍ਰਿਤਸਰ ਵਿੱਚ ਇੱਕ ਪੱਕਾ ਕਿਲ੍ਹਾ ਬਣਵਾਇਆ। ਇਸ ਵਿੱਚ ਹਰ ਪ੍ਰਕਾਰ ਦੀ ਲੜਾਈ ਦਾ ਸਮਾਨ ਤੇ ਖ਼ਜ਼ਾਨਾ ਇਕੱਠਾ ਕਰ ਕੇ ਨਿਵਾਸ ਕੀਤਾ।

1830 ਬਿ., ਯਾਨੀ ਕਿ 1773 ਈ. ਵਿੱਚ ਇਹਨਾਂ ਨੇ ਕਸੂਰ 'ਤੇ ਚੜ੍ਹਾਈ

ਕੀਤੀ। ਇਸ ਮੁਹਿੰਮ ਵਿੱਚ ਸ੍. ਜੱਸਾ ਸਿੰਘ ਰਾਮਗੜ੍ਹੀਆ, ਜੋ ਕਿ ਸ੍. ਝੰਡਾ ਸਿੰਘ ਦਾ ਗੂੜ੍ਹਾ ਮਿੱਤਰ ਸੀ, ਵੀ ਨਾਲ ਹੀ ਸੀ। ਇਹ ਲੜਾਈ ਲਗ-ਪਗ ਤਿੰਨ ਮਹੀਨੇ ਤਕ ਪਠਾਣਾਂ ਨਾਲ ਚਲਦੀ ਰਹੀ। ਪਰੰਤੂ ਅੰਤ ਨੂੰ ਉਹੀ ਹੋਣੀ ਸੀ ਜੋ ਖ਼ਾਲਸੇ ਨੇ ਕਰਨੀ ਸੀ। ਫ਼ਤਿਹ ਖ਼ਾਲਸੇ ਦੇ ਹੱਥ ਆਈ। ਖ਼ਾਲਸੇ ਦੀ ਤਲਵਾਰ ਅੱਗੇ ਪਠਾਣ ਅੜ ਨਾ ਸਕੇ। ਸਰਦਾਰ ਝੰਡਾ ਸਿੰਘ ਨੇ ਕਸੂਰ 'ਤੇ ਫ਼ਤਿਹ ਪ੍ਰਾਪਤ ਕੀਤੀ। ਉੱਥੋਂ ਦੇ ਕਿਲ੍ਹੇ ਵਿੱਚ ਆਪਣੀ ਛਾਉਣੀ ਬਣਾ ਕੇ ਤੇ ਅੱਗੇ ਤੋਂ ਪਠਾਣਾਂ ਤੋਂ ਇੱਕ ਲੱਖ ਰੁਪਯਾ ਸਲਾਨਾ ਲੈ ਕੇ ਉੱਥੋਂ ਝੰਡਾ ਸਿੰਘ ਵਾਪਸ ਅੰਮ੍ਰਿਤਸਰ ਆ ਗਿਆ।

ਸੰਨ 1774 ਈ. (ਸੰ. 1831 ਬਿ.) ਵਿੱਚ ਜੰਮੂ ਦੇ ਰਾਜਾ ਰਣਜੀਤ ਦੇਵ ਦਾ ਆਪਣੇ ਪੁੱਤਰ ਬ੍ਰਿਜ ਦੇਵ ਨਾਲ ਝਗੜਾ ਹੋ ਗਿਆ। ਰਣਜੀਤ ਦੇਵ ਦੀ ਸਹਾਇਤਾ ਲਈ ਝੰਡਾ ਸਿੰਘ ਨੇ ਚੜ੍ਹਾਈ ਕੀਤੀ। ਇਸ ਮੁਹਿੰਮ ਵਿੱਚ ਸ੍. ਚੜ੍ਹਤ ਸਿੰਘ ਸ਼ੁਕਰਚੱਕੀਆ ਬ੍ਰਿਜ ਦੇਵ ਵਲੋਂ ਸ਼ਾਮਲ ਸੀ। ਉੱਥੇ ਊਧੋ ਚੱਕ ਦੇ ਨੇੜੇ ਗਹਿਗਚ ਲੜਾਈ ਹੋਈ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਸਰਦਾਰ ਝੰਡਾ ਸਿੰਘ ਨਾਲ ਰੁੱਸਿਆ ਹੋਇਆ ਸੀ। ਸ਼ੁਕਰਚੱਕੀਆ ਸਰਦਾਰ ਬ੍ਰਿਜ ਦੇਵ ਵੱਲੋਂ ਲੜ ਰਿਹਾ ਸੀ। ਕਹਿੰਦੇ ਹਨ ਕਿ ਇੱਥੇ ਬੰਦੂਕ ਦੇ ਫਟ ਜਾਣ ਨਾਲ ਉਸ ਦੀ ਮੌਤ ਹੋ ਗਈ। ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਸ੍. ਚੜ੍ਹਤ ਸਿੰਘ ਬੰਦੂਕ ਦੀ ਨਾਲੀ ਫਟਣ ਕਾਰਨ ਮਰ ਗਿਆ ਤੇ ਸ੍. ਝੰਡਾ ਸਿੰਘ ਨੂੰ ਸ੍. ਜੈ ਸਿੰਘ ਕਨ੍ਹਈਏ ਨੇ ਉਸੇ ਦੇ ਨੌਕਰ ਕੋਲੋਂ ਗੋਲ਼ੀ ਮਰਵਾ ਕੇ ਧੋਖੇ ਨਾਲ ਮਰਵਾ ਦਿੱਤਾ। ਭੰਗੀ ਮੈਦਾਨ ਛੱਡ ਕੇ ਅੰਮ੍ਰਿਤਸਰ ਆ ਗਏ, ਪਰੰਤੂ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸੰ. 1832 ਬਿ. ਵਿੱਚ ਸਰਦਾਰ ਝੰਡਾ ਸਿੰਘ ਸ਼ਿਕਾਰ ਖੇਡਣ ਗਏ ਹੋਏ ਸਨ। ਇੱਕ ਦਿਨ ਅਚਨਚੇਤ ਕਿਸੇ ਦੁਸ਼ਮਣ ਦੇ ਵਾਰ ਨਾਲ ਮਾਰੇ ਗਏ। ਸਰਦਾਰ ਝੰਡਾ ਸਿੰਘ ਦੇ ਮਗਰੋਂ ਉਹਨਾਂ ਦਾ ਭਰਾ ਗੰਡਾ ਸਿੰਘ ਮਿਸਲ ਦਾ ਜਥੇਦਾਰ ਬਣਿਆ। ਜੰਮੂ ਵਾਲੇ ਰਾਜੇ ਦੀ ਲੜਾਈ ਅਜੇ ਖ਼ਤਮ ਨਹੀਂ ਸੀ ਹੋਈ ਕਿ ਦੋਹੀਂ ਪਾਸੀਂ ਸਿੰਘਾਂ ਦੇ ਜਥੇ ਹੋਣ ਕਾਰਣ ਅਜਿਹੇ ਸਰਦਾਰ, ਜੋ ਦੋਹਾਂ ਧਿਰਾਂ ਦੇ ਥੈਰਖਾਹ ਸਨ, ਵਿੱਚ ਪੈ ਗਏ ਤੇ ਮੈਦਾਨ-ਏ-ਜੰਗ ਵਿੱਚੋਂ ਵਾਪਸ ਮੋੜ ਦਿੱਤਾ। ਅੰਮ੍ਰਿਤਸਰ ਆ ਕੇ ਆਪਸ ਵਿੱਚ ਫ਼ੈਸਲਾ ਹੋਣਾ ਸੀ, ਪਰੰਤੂ ਆਪਸ ਵਿੱਚ ਕੋਈ ਸਮਝੌਤਾ ਨਾ ਹੋ ਸਕਿਆ, ਕਿਉਂਕਿ ਗੰਡਾ ਸਿੰਘ ਨੂੰ ਇਹ ਦੱਸਿਆ ਗਿਆ ਸੀ ਕਿ ਝੰਡਾ ਸਿੰਘ ਨੂੰ ਕਨ੍ਹਈਆਂ ਨੇ ਮਰਵਾਇਆ ਹੈ। ਸਰਦਾਰ ਗੰਡਾ ਸਿੰਘ ਨੇ ਸ੍. ਜੱਸਾ ਸਿੰਘ ਨੂੰ ਨਾਲ ਲੈ ਕੇ ਕਨ੍ਹਈਆਂ ਨੂੰ ਸੋਧਣ ਲਈ ਕੂਚ ਕਰ ਦਿੱਤਾ।

ਸ੍. ਜੱਸਾ ਸਿੰਘ ਰਾਮਗੜ੍ਹੀਏ ਨੇ ਅਤੇ ਸ੍. ਗੰਡਾ ਸਿੰਘ ਨੇ ਇਹਨਾਂ ਦਾ ਕੁਝ ਹਿੱਸਾ ਆਪਣੇ ਕਬਜ਼ੇ ਵਿੱਚ ਕਰ ਲਿਆ ਤੇ ਇਸੇ ਤਰ੍ਹਾਂ ਕਾਫ਼ੀ ਸਮਾਂ ਲੜਾਈ ਹੁੰਦੀ ਰਹੀ। ਇਸ ਸਮੇਂ ਵਿੱਚ ਸ੍. ਮਨਸਾ ਸਿੰਘ ਸਿਆਲਕੋਟ ਅਕਾਲ ਚਲਾਣਾ ਕਰ ਗਿਆ। ਇਹਨਾਂ ਦੇ ਕੋਈ ਸੰਤਾਨ ਨਹੀਂ ਸੀ। ਮਨਸਾ ਸਿੰਘ ਦੀ ਪਤਨੀ ਨੇ ਹਕੀਕਤ ਸਿੰਘ ਨਾਲ ਵਿਆਹ ਕਰਵਾ ਲਿਆ।

ਪਠਾਨਕੋਟ ਦੇ ਮੁਕਾਮ 'ਤੇ ਫਿਰ ਕਨ੍ਹਈਆਂ ਦਾ ਤੇ ਭੰਗੀਆਂ ਦਾ ਮੁਕਾਬਲਾ ਹੋ ਗਿਆ। ਕਹਿੰਦੇ ਹਨ, 14 ਦਿਨਾਂ ਤਕ ਲੜਾਈ ਹੁੰਦੀ ਰਹੀ। ਸ੍. ਗੰਡਾ ਸਿੰਘ ਇਸ ਲੜਾਈ ਵਿੱਚ ਗੋਲ਼ੀ ਨਾਲ ਮਾਰਿਆ ਗਿਆ। ਸ੍. ਗੰਡਾ ਸਿੰਘ ਦੇ ਮਾਰੇ ਜਾਣ ਨਾਲ ਇਸ ਮਿਸਲ ਦੀ ਤਾਕਤ ਹੀ ਜਾਂਦੀ ਰਹੀ।

ਸਰਦਾਰ ਗੰਡਾ ਸਿੰਘ ਦੇ ਮਾਰੇ ਜਾਣ ਤੋਂ ਬਾਅਦ ਇਹਨਾਂ ਦਾ ਨਿੱਕਾ ਭਰਾ ਸਰਦਾਰ ਚੜ੍ਹਤ ਸਿੰਘ ਇਸ ਮਿਸਲ ਦਾ ਸਰਦਾਰ ਬਣਿਆ। ਚੜ੍ਹਤ ਸਿੰਘ ਨੇ ਅੰਮ੍ਰਿਤਸਰ ਵਿੱਚ ਆਪਣੇ ਨਾਂ ਦਾ ਕਟੜਾ ਵਸਾਇਆ। ਚੜ੍ਹਤ ਸਿੰਘ ਦੇ ਸਮੇਂ ਵਿੱਚ ਜਮਾਨ ਸ਼ਾਹ, ਕਾਬਲ ਦਾ ਹਾਕਮ, ਪੰਜਾਬ ਵਿੱਚ ਆਇਆ। ਲਾਹੌਰ 'ਤੇ ਕਬਜ਼ਾ ਕਰ ਕੇ ਸਾਰੇ ਦੇਸ਼ ਵਿੱਚ ਆਪਣਾ ਸਿੱਕਾ ਚਲਾਇਆ, ਪਰੰਤੂ ਸਿੰਘਾਂ ਨੂੰ ਆਪਣੇ ਵੱਸ ਵਿੱਚ ਰੱਖਣਾ ਇਸ ਦੇ ਵੱਸ ਦੀ ਗੱਲ ਨਹੀਂ ਸੀ। ਇਸ ਲਈ ਛੇਤੀ ਹੀ ਉਹ ਕਾਬਲ ਵਾਪਸ ਚਲਾ ਗਿਆ। ਉਸ ਦੇ ਪਿੱਛੋਂ ਸੰ. 1834 ਬਿ. ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆਂ ਦੇ ਨਾਲ ਲੜਾਈ ਵਿੱਚ ਸ੍. ਚੜ੍ਹਤ ਸਿੰਘ ਮਾਰਿਆ ਗਿਆ ਤੇ ਬਹੁਤ ਸਾਰਾ ਇਲਾਕਾ ਵੀ ਚੜ੍ਹਤ ਸਿੰਘ ਦੇ ਕਬਜ਼ੇ ਵਿੱਚੋਂ ਨਿਕਲ ਗਿਆ, ਜਿਸ ਦਾ ਸਰਦਾਰ ਮਹਾਂ ਸਿੰਘ ਕਬਜ਼ੇਦਾਰ ਹੋ ਗਿਆ।

ਚੜ੍ਹਤ ਸਿੰਘ ਤੋਂ ਬਾਅਦ ਉਸ ਦਾ ਭਰਾ ਦੇਸੂ ਸਿੰਘ ਮਿਸਲ ਦਾ ਆਗੂ ਬਣਿਆ, ਪਰੰਤੂ ਇਹ ਪਹਿਲੇ ਸਰਦਾਰਾਂ ਵਾਂਗ ਦਲੇਰ-ਦਿਲ ਨਹੀਂ ਸੀ। ਇਹ ਮਿਸਲ ਦਾ ਪ੍ਰਬੰਧ ਯੋਗ ਢੰਗ ਨਾਲ ਨਾ ਚਲਾ ਸਕਿਆ, ਜਿਸ ਕਰ ਕੇ ਇਹਨਾਂ ਦੇ ਇਲਾਕੇ ਵਿੱਚ ਆਪਾ-ਧਾਪੀ ਪੈ ਗਈ, ਜੋ ਜਿੱਥੇ ਦਾ ਸੀ, ਉੱਥੋਂ ਦਾ ਮਾਲਕ ਬਣ ਗਿਆ। ਮੁਲਤਾਨ 'ਤੇ ਦੁਰਾਨੀਆਂ ਨੇ ਕਬਜ਼ਾ ਕਰ ਲਿਆ। ਕੇਵਲ ਚਨਯੋਟ ਤੇ ਸਿਆਲਕੋਟ ਦੇ ਇਲਾਕੇ ਵਿੱਚੋਂ ਪੰਜਾਹ ਹਜ਼ਾਰ ਵਸੂਲ ਹੋ ਕੇ ਉਹਦੇ ਖ਼ਜ਼ਾਨੇ ਵਿੱਚ ਆਉਂਦਾ ਰਿਹਾ। ਸਰਦਾਰ ਮਹਾਂ ਸਿੰਘ ਸ਼ੁਕਰਚਕੀਏ ਨਾਲ ਉਸ ਦੀ ਸਦਾ ਹੀ ਅਣ-ਬਣ ਰਹੀ। ਕਦੇ ਕੋਈ ਜ਼ੋਰ ਫੜ ਜਾਂਦਾ ਤੇ ਕਦੇ ਕੋਈ। ਸੰ. 1846 ਬਿ. ਵਿੱਚ ਦੇਸੂ ਸਿੰਘ ਵੀ ਇੱਕ ਲੜਾਈ ਵਿੱਚ ਮਾਰਿਆ ਗਿਆ ਤੇ ਕਰਮ ਸਿੰਘ, ਜਿਸ ਨੂੰ ਲੋਕੀ, ਸਦਗੁਣਾਂ ਦੇ ਕਾਰਨ ਦੂਲਾ ਸਰਦਾਰ ਕਿਹਾ ਕਰਦੇ ਸਨ, ਨੂੰ ਮਿਸਲ ਦਾ ਜਥੇਦਾਰ ਬਣਾਇਆ ਗਿਆ। ਇਹ ਬੜਾ ਦਾਨਾ, ਸਿਆਣਾ ਤੇ ਦੂਰ-ਦਰਸ਼ੀ ਸੀ। ਇਸ ਨੇ ਵੀ ਆਪਣੇ ਨਾਂ 'ਤੇ ਇੱਕ ਕਟੜਾ ਵਸਾਇਆ, ਜੋ ਦੂਲੋ ਦੇ ਨਾਂ ਕਰ ਕੇ ਹੁਣ ਵੀ ਪ੍ਰਸਿੱਧ ਹੈ। ਸਰਦਾਰ ਮਹਾਂ ਸਿੰਘ ਸ਼ੁਕਰਚੱਕੀਏ ਨਾਲ ਇਹਨਾਂ ਦੀ ਖ਼ਾਨਦਾਨੀ ਖੁੰਦਕ ਚਲੀ ਆਉਂਦੀ ਸੀ। ਇਹਨਾਂ ਦੀ ਆਪਸ ਵਿੱਚ ਲੜਾਈ ਹੋਈ ਤੇ 1849 ਬਿ. ਨੂੰ ਇਹ ਵੀ ਲੜਾਈ ਵਿੱਚ ਮਾਰਿਆ ਗਿਆ।

ਦੇਸੂ ਸਿੰਘ ਦਾ ਲੜਕਾ ਗੁਲਾਬ ਸਿੰਘ ਗੱਦੀ 'ਤੇ ਬੈਠਾ। ਇਹ ਵੀ ਵਧੀਆ ਪ੍ਰਬੰਧਕ ਨਾ ਹੋਣ ਕਾਰਨ ਕਮਜ਼ੋਰ ਸਿੱਧ ਹੋਇਆ, ਜਿਸ ਕਾਰਨ ਇਸ ਦੇ ਕਬਜ਼ੇ ਵਿੱਚੋਂ ਕਈ ਇਲਾਕੇ ਨਿਕਲ ਗਏ। ਸਿਆਲਕੋਟ ਤੋਂ ਆਉਣ ਵਾਲਾ ਮਾਲੀਆ ਵੀ ਬੰਦ ਹੋ

ਗਿਆ। ਸਿਰਫ਼ ਅੰਮ੍ਰਿਤਸਰ ਸ਼ਹਿਰ ਤੇ ਕੋਹਾਲੀ, ਮਜੀਠਾ, ਨੁਸ਼ੈਹਰਾ, ਸਰਹਾਲੀ ਆਦਿਕ ਇਲਾਕੇ, ਇੱਕ ਲੱਖ ਦੀ ਆਮਦਨ ਦੇ ਸਣੇ, ਅਧੀਨ ਰਹੇ। ਬਾਕੀ ਦਾ ਸਾਰਾ ਇਲਾਕਾ ਇਸ ਦੇ ਅਧੀਨ ਜਿਹੜੇ ਸਰਦਾਰ ਸਨ, ਉਹਨਾਂ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ।

ਇਸ ਤੋਂ ਪਿੱਛੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ, ਤਾਂ ਗੁਲਾਬ ਸਿੰਘ ਨੇ ਖੁਣਸ ਖਾ ਕੇ ਚੜ੍ਹਾਈ ਕਰ ਦਿੱਤੀ। ਉੱਧਰੋਂ ਮਹਾਰਾਜਾ ਰਣਜੀਤ ਸਿੰਘ ਵੀ ਆਪਣੀ ਫ਼ੌਜ ਲੈ ਕੇ ਟਾਕਰੇ ਲਈ ਲਾਹੌਰ ਤੋਂ ਬਾਹਰ ਨਿਕਲ ਆਇਆ। ਸੰਮਤ 1856 (1799 ਈ.) ਨੂੰ ਭੂਮੀਣ ਦੇ ਮੁਕਾਮ 'ਤੇ ਦੋਵੇਂ ਫ਼ੌਜਾਂ ਆਹਮਣੇ-ਸਾਹਮਣੇ ਹੋਈਆਂ। ਅਜੇ ਦੋਹਾਂ ਧਿਰਾਂ ਵਿੱਚ ਕਹਿੰਦੇ ਹਨ ਕਿ ਮਾਮੂਲੀ ਜਿਹੀ ਲੜਾਈ ਹੋਈ ਸੀ ਕਿ ਇੱਕ ਦਿਨ ਰਾਤ ਨੂੰ ਗੁਲਾਬ ਸਿੰਘ ਸੁੱਤਾ ਹੀ ਰਹਿ ਗਿਆ। ਉਸ ਦਾ ਸੁੱਤੇ ਪਏ ਦਾ ਦਮ ਨਿਕਲ ਗਿਆ।

ਗੁਲਾਬ ਸਿੰਘ ਦੀ ਮੌਤ ਤੋਂ ਬਾਅਦ ਉਹਦੇ ਸਾਰੇ ਸਾਥੀ ਢੇਰੀ ਢਾਹ ਬੈਠੇ। ਕਿਸੇ ਵਿੱਚ ਰਣਜੀਤ ਸਿੰਘ ਨਾਲ ਲੜਨ ਦਾ ਹੌਸਲਾ ਹੀ ਨਾ ਰਿਹਾ ਤੇ ਚੁੱਪ-ਚਾਪ ਮੈਦਾਨ ਛੱਡ ਕੇ ਘਰਾਂ ਨੂੰ ਨੱਸ ਗਏ। ਮਹਾਰਾਜਾ ਰਣਜੀਤ ਸਿੰਘ ਜਿੱਤ ਦਾ ਨਗਾਰਾ ਵਜਾਉਂਦੇ ਹੋਏ ਲਾਹੌਰ ਨੂੰ ਚਲੇ ਗਿਆ।

ਗੁਲਾਬ ਸਿੰਘ ਦਾ ਪੁੱਤਰ ਗੁਰਦਿੱਤ ਸਿੰਘ ਉਸ ਸਮੇਂ ਦਸਾਂ ਕੁ ਸਾਲਾਂ ਦਾ ਸੀ। ਗੁਲਾਬ ਸਿੰਘ ਦਾ ਅਕਾਲ ਚਲਾਣਾ ਸੁਣ ਕੇ ਉਹਦੇ ਨੌਕਰਾਂ ਨੇ ਕੋਹਾਲੀ ਦਾ ਇਲਾਕਾ ਦੱਬ ਲਿਆ ਤੇ ਕਹਿ ਦਿੱਤਾ ਕਿ ਅਸੀਂ ਜੋ ਤਨਖ਼ਾਹ ਲੈਣੀ ਹੈ, ਉਸ ਦੇ ਇਵਜ਼ਾਨੇ ਵਜੋਂ ਇਹ ਇਲਾਕਾ ਆਪਣੇ ਕਬਜ਼ੇ ਹੇਠ ਕਰ ਲਿਆ ਹੈ। ਗੁਲਾਬ ਸਿੰਘ ਦੀ ਪਤਨੀ ਤੇ ਗੁਰਦਿੱਤ ਸਿੰਘ ਦੀ ਮਾਤਾ ਅੰਮ੍ਰਿਤਸਰ ਸ਼ਹਿਰ ਦੀ ਆਮਦਨ ਨਾਲ ਹੀ ਗੁਜ਼ਾਰਾ ਤੇ ਘਰ ਦਾ ਪ੍ਰਬੰਧ ਕਰਦੀ ਰਹੀ।

ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰਨੀ ਸੁਖਾਂ ਤੋਂ ਜ਼ਮਜ਼ਮਾ ਨਾਂ ਦੀ ਤੋਪ ਮੰਗੀ, ਇਹਨੇ ਦੇਣ ਤੋਂ ਇਨਕਾਰ ਕਰ ਦਿੱਤਾ, ਅੱਗੋਂ ਮਹਾਰਾਜੇ ਨਾਲ ਜੰਗ ਲਈ ਤਿਆਰ ਹੋ ਗਈ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਪੁੱਜ ਕੇ ਕਿਲ੍ਹੇ ਦੇ ਦੋਹੀਂ ਪਾਸੀਂ ਘੇਰਾ ਪਾ ਲਿਆ। ਪੰਜ ਘੰਟੇ ਤਕ ਲੜਾਈ ਹੁੰਦੀ ਰਹੀ ਪਰੰਤੂ ਜਦ ਸਰਦਾਰਨੀ ਸੁੱਖਾਂ ਨੇ ਕੋਈ ਵਾਹ ਚਲਦੀ ਨਾ ਦੇਖੀ, ਤਾਂ ਕਿਲ੍ਹਾ ਖ਼ਾਲੀ ਕਰ ਕੇ ਆਪਣੇ ਪੁੱਤਰ ਨਾਲ ਕਿਲ੍ਹਾ ਰਾਮਗੜ੍ਹੀਆ ਵਿੱਚ ਚਲੀ ਗਈ। ਇਸ ਤਰ੍ਹਾਂ 1860 ਬਿ. ਨੂੰ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਅੰਮ੍ਰਿਤਸਰ ਸ਼ਹਿਰ 'ਤੇ ਹੋ ਗਿਆ। ਇਸ ਤਰ੍ਹਾਂ ਭੰਗੀਆਂ ਦੀ ਮਿਸਲ ਲਾਹੌਰ ਦਰਬਾਰ ਨਾਲ ਮਿਲ ਗਈ।

ਗੁਰਦਿੱਤ ਸਿੰਘ ਆਪਣੀ ਮਾਤਾ ਸਮੇਤ ਬੜਾ ਲੰਮਾ ਸਮਾਂ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੇ ਆਸਰੇ ਬੈਠਾ ਰਿਹਾ। ਕੁਝ ਸਮੇਂ ਬਾਅਦ ਜੋਧ ਸਿੰਘ ਦੀ ਸਿਫ਼ਾਰਸ਼ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਸਾਹੋਵਾਲ ਦੇ ਇਲਾਕੇ ਦੀ ਜਾਗੀਰ ਇਹਨਾਂ ਨੂੰ ਦੇ

ਦਿੱਤੀ, ਪਰੰਤੂ ਗੁਰਦਿੱਤ ਸਿੰਘ ਉੱਥੇ ਜਾ ਕੇ ਜਾਗੀਰ ਦਾ ਸਹੀ ਪ੍ਰਬੰਧ ਤੇ ਸੰਭਾਲ ਨਾ ਕਰ ਸਕਿਆ, ਜਿਸ ਤੋਂ ਇਸ ਨੇ ਕੁਝ ਨਕਦ ਸਹਾਇਤਾ ਲੈ ਕੇ ਜਾਗੀਰ ਛੱਡ ਦਿੱਤੀ।

ਗੁਰਦਿੱਤ ਸਿੰਘ ਸਾਹੋਵਾਲ ਦੀ ਜਾਗੀਰ ਛੱਡ ਕੇ ਆਪਣੇ ਸਹੁਰੇ-ਘਰ ਆ ਕੇ ਰਹਿਣ ਲੱਗ ਪਿਆ, ਜਿੱਥੇ 1884 ਬਿ. (1837 ਈ.) ਨੂੰ ਅਕਾਲ ਚਲਾਣਾ ਕਰ ਗਿਆ। ਪਰੰਤੂ ਇਹਦੇ ਪੁੱਤਰ ਅਜੀਤ ਸਿੰਘ ਜੋ ਕਿ ਨੇਤਰਹੀਣ ਸੀ, ਤੇ ਮੂਲ ਸਿੰਘ ਪੰਜਵੜ ਆਦਿਕ ਇਹਨਾਂ ਦੇ ਪੁਰਾਣੇ ਪਿੰਡ, ਜੋ ਇਹਨਾਂ ਦੀ ਖ਼ਾਸ ਮਾਲਕੀ ਅਧੀਨ ਸਨ, ਉਹ ਅਬਾਦ ਰੱਖੇ। ਅਜੀਤ ਸਿੰਘ ਦੇ ਪੁੱਤਰ ਠਾਕਰ ਸਿੰਘ ਤੇ ਹੁਕਮ ਸਿੰਘ ਨੇ ਅਬਾਦ ਰੱਖੇ। ਇੱਥੇ ਝੰਡਾ ਸਿੰਘ ਦੇ ਸਮੇਂ ਦੇ ਆਲੀਸ਼ਾਨ ਮਕਾਨ ਮੌਜੂਦ ਹਨ।

## ਆਹਲੂਵਾਲੀਆ ਮਿਸਲ

ਇਹ ਮਿਸਲ ਵੀ ਫੂਲਕੀਆਂ ਦੀ ਮਿਸਲ ਵਾਂਙ ਬਹੁਤ ਪ੍ਰਸਿੱਧ ਅਤੇ ਸ਼ਕਤੀਸ਼ਾਲੀ ਮਿਸਲ ਹੈ, ਜਿਸ ਦਾ ਵਜੂਦ ਹੁਣ ਤਕ ਸੰਸਾਰ 'ਚ ਕਪੂਰਥਲੇ ਦੇ ਨਾਮ ਤੋਂ ਕਾਇਮ ਹੈ। ਇਸ ਮਿਸਲ ਦਾ ਮੋਢੀ ਸਰਦਾਰ ਬਾਗ ਸਿੰਘ ਪਿੰਡ ਹਲਾਂ ਵਾਲਾ ਸਰਦਾਰ ਜੱਸਾ ਸਿੰਘ ਦਾ ਮਾਮਾ ਸੀ। ਇਹਨਾਂ ਦੀ ਸੰਤਾਨ ਨਹੀਂ ਸੀ। ਇਸ ਕਰ ਕੇ ਇਹਨਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਮਿਸਲ ਦੀ ਸਰਦਾਰੀ ਜੱਸਾ ਸਿੰਘ ਦੇ ਹੱਥ ਆਈ।

ਸਰਦਾਰ ਜੱਸਾ ਸਿੰਘ ਬੜਾ ਭਾਗਾਂ ਵਾਲਾ ਨੌਜਵਾਨ ਸੀ। ਉਸ ਨੂੰ ਵਾਹਿਗੁਰੂ ਅਕਾਲ ਪੁਰਖ ਨੇ ਇੱਕ ਮਹਾਨ ਆਤਮਾ ਵਾਲੀ ਮਾਤਾ ਬਖ਼ਸ਼ੀ ਸੀ, ਜਿਸ ਨੇ ਉਸ ਦੇ ਜੀਵਨ ਨੂੰ ਗੁਰਸਿੱਖੀ ਦੇ ਢਾਂਚੇ ਵਿੱਚ ਢਾਲਿਆ। ਫਿਰ ਉਸ ਨੂੰ ਮਾਤਾ ਸੁੰਦਰ ਕੌਰ ਜੀ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਭਰਪੂਰ ਜੀਵਨ ਬਿਤਾਉਣ ਦਾ ਮੌਕਾ ਮਿਲਿਆ। ਫਿਰ ਜੱਸਾ ਸਿੰਘ ਨੂੰ ਇੱਕ ਪੂਰਨ ਗੁਰਸਿੱਖ ਸ੍. ਕਪੂਰ ਸਿੰਘ ਦੀ ਸੰਗਤ ਵੀ ਪ੍ਰਾਪਤ ਹੋਈ। ਜੱਸਾ ਸਿੰਘ ਨਵਾਬ ਕਪੂਰ ਸਿੰਘ ਜੀ ਦਾ ਧਰਮ-ਪੁੱਤਰ ਕਰ ਕੇ ਵੀ ਪ੍ਰਸਿੱਧ ਹੋਇਆ।

ਸਰਦਾਰ ਜੱਸਾ ਸਿੰਘ ਦੇ ਪਿਛੋਕੜ ਬਾਰੇ ਵੀ ਜਾਣਨਾ ਬਹੁਤ ਜ਼ਰੂਰੀ ਹੈ। ਇਹ ਖ਼ਾਨਦਾਨ ਮੁਕਤ ਤੋਂ ਕਲਾਲ ਨਾਮ ਤੋਂ ਪ੍ਰਸਿੱਧ ਹੈ ਤੇ ਰੋਟੀ-ਬੇਟੀ ਦਾ ਲੈਣ-ਦੇਣ ਵੀ ਇਹਨਾਂ ਕਲਾਲਾਂ ਨਾਲ ਚਲਦਾ ਆਇਆ ਹੈ। ਇਹਨਾਂ ਦੀਆਂ ਹਰ ਪ੍ਰਕਾਰ ਦੀਆਂ ਰਸਮਾਂ-ਰਿਵਾਜ ਕਲਾਲ ਦੇ ਨਾਲ ਹੀ ਬਣੀਆਂ ਰਹੀਆਂ, ਪਰੰਤੂ ਕੁਝ ਸਮੇਂ ਤੋਂ ਇਸ ਖ਼ਾਨਦਾਨ ਦੀ ਅਸਲ ਕੌਮ ਭੱਟੀ ਰਾਜਪੂਤ ਜੈਂਦੇ ਰਾਜੇ ਜੈਸਲਮੇਰ ਵਾਲਿਆਂ ਨਾਲ ਮਿਲਾਈ ਗਈ ਹੈ। ਇਸ ਗੱਲ ਨੂੰ ਕਾਇਮ ਰੱਖਣ ਲਈ ਰਾਜਾ ਜਗਜੀਤ ਸਿੰਘ ਦੀ ਸ਼ਾਦੀ ਵੀ ਕਟੋਚ ਰਾਜਪੂਤਾਂ ਦੇ ਘਰ ਕੀਤੀ ਗਈ।

ਇਸ ਖ਼ਾਨਦਾਨ ਦਾ ਸ਼ਜਰਾ ਜੈਸਲਮੇਰ ਵਾਲਿਆਂ ਨਾਲ ਜੋ ਮਿਲਾਇਆ ਜਾਂਦਾ ਹੈ, ਉਹ ਇਸ ਪ੍ਰਕਾਰ ਹੈ :

**ਰਾਵਲ ਜੈਸਲ ਜੀ**

।

ਸਾਲਬਾਹਨ

।

ਕਰਨ ਚਾਚੂ ਕਾਲਨ ਪਛਲ ਚੰਦਰ ਅਚਲ ਜਗਪਾਲ ਧਮ

।

ਪਦਮ

ਇਹ ਸ਼ਜਰਾ ਗਿਆਨੀ ਗਿਆਨ ਸਿੰਘ ਜੀ ਵੱਲੋਂ ਰਾਜ ਖ਼ਾਲਸਾ ਵਿੱਚ ਅੰਕਿਤ ਕੀਤਾ ਗਿਆ ਹੈ। ਉਹਨਾਂ ਦੇ ਮੁਤਾਬਕ, "ਕਰਨ ਦੀ ਬਾਰ੍ਹਵੀਂ ਪੀੜ੍ਹੀ ਵਿੱਚ ਰਾਜਾ ਸਾਲਬਾਹਨ ਜੈਸਲਮੇਰ ਵਾਲਾ ਹੁਣ ਹੈ। ਇਸ ਨੂੰ ਕਪੂਰਥਲੇ ਵੱਲੋਂ ਜੋ ਚਿੱਠੀ ਲਿਖੀ

ਜਾਂਦੀ ਹੈ, ਉਸ ਵਿੱਚ ਉਹਦਾ ਸਿਰਲੇਖ ਇਹ ਹੁੰਦਾ ਹੈ :

"ਮਹਾਰਾਵਲ ਸਾਹਿਬ ਮਸ਼ਵਕ ਮੇਹਰਬਾਨ ਕਰਮ ਫਰਮਾਏ ਮੁਖ ਲਾਗਨ ਮਹਾਰਾਜ ਧਿਰਾਜ ਰਾਜ ਰਾਜੇਸ਼ੂਰ ਮਹਾਰਾਵਲ ਰਾਜਾ ਸਾਹਿਬ ਬਹਾਦਰ।

ਧਮ ਦਾ ਪੁਤ੍ਰ ਪਦਮ ਸੀ ਤੇ ਪਦਮ ਤੋਂ ਅੱਗੇ ਸਿਲਸਲੇਵਾਰ ਇਸ ਤਰ੍ਹਾਂ ਹਨ : ਪਦਮ ਭਾਨ, ਬਰਪਾਲ, ਉਧਰਨ, ਚੰਦਰਪਾਲ, ਰਾਨਾ ਤੁਲਸੀ, ਕਪੂਰ ਸਗਜ਼, ਸਲੋਹ, ਸੈਨਾ ਸਿੰਘ, ਬੁਢਾ ਸਿੰਘ, ਗੰਡਾ ਸਿੰਘ, ਸਦਾਵਹਾ ਸਿੰਘ, ਗੋਪਾਲ ਸਿੰਘ ਫਿਰ ਗੁਪਾਲ ਸਿੰਘ ਤੋਂ ਅੱਗੇ ਇਸ ਤਰ੍ਹਾਂ ਹੈ :



ਸੋਹਣ ਸਿੰਘ ਸੀਤਲ ਵੱਲੋਂ ਪ੍ਰਕਾਸ਼ਿਤ ਕੀਤਾ ਸ਼ਜਰਾ ਇਸ ਪ੍ਰਕਾਰ ਹੈ :



ਅਕਬਰ ਸਮਰਾਟ ਦੇ ਸਮੇਂ ਜੈਸਲਮੇਰ ਦੇ ਤਖ਼ਤ 'ਤੇ ਹਰਰਾਏ ਨਾਮ ਦਾ ਰਾਜਾ ਬੈਠਾ ਹੋਇਆ ਸੀ, ਜਿਸ ਤੋਂ ਅਕਬਰ ਨੇ ਉਹਦੇ ਭਰਾ ਦੀ ਲੜਕੀ ਦਾ ਰਿਸ਼ਤਾ ਮੰਗਿਆ। ਅਕਬਰ ਵੱਲੋਂ ਇਸ ਨੂੰ 'ਰਾਵਲ' ਦਾ ਖ਼ਿਤਾਬ ਵੀ ਮਿਲਯਾ ਹੋਇਆ ਸੀ, ਫੇਰ ਵੀ ਉਸ ਨੇ ਅਣਖ ਦੀ ਖ਼ਾਤਰ ਸਾਕ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਗੱਲ 'ਤੇ ਅਕਬਰ ਦੀ ਨਰਾਜ਼ਗੀ ਦੇ ਰੂਪ ਵਿੱਚ ਕ੍ਰੋਧ ਰੂਪੀ ਜਵਾਲਾ ਦਾ ਸੇਕ ਸਹਿਣਾ ਪਿਆ। ਇਸ ਨੂੰ ਵਤਨ ਵੀ ਛੱਡਣਾ ਪਿਆ ਤੇ ਏਧਰ-ਓਧਰ ਭਟਕਣਾ ਵੀ ਪਿਆ।

ਘੁੰਮਦਾ-ਫਿਰਦਾ ਇਹ ਪੰਜਾਬ ਆ ਗਿਆ। ਕਹਿੰਦੇ ਹਨ, ਇਸ ਦੀ ਸੰਤਾਨ ਵਿੱਚ ਰਾਣਾ ਤੁਲਸੀ ਬਹੁਤ ਪ੍ਰਸਿੱਧ ਬੰਦਾ ਹੋਇਆ ਹੈ, ਜਿਸ ਦੇ ਪੋਤਰੇ ਰਾਣੇ ਕਪੂਰੇ ਨੇ ਕਪੂਰਥਲਾ ਵਸਾਇਆ, ਜੋ ਕਿ ਮੁੱਦਤ ਬਾਅਦ ਤਲਵੰਡੀ ਦੇ ਰਾਜਪੂਤ ਮੁਸਲਮਾਨਾਂ ਨੇ ਉਹਦੀ ਸੰਤਾਨ ਪਾਸੋਂ ਖੋਹ ਲਿਆ। ਸੈਨਾ ਸਿੰਘ ਤੇ ਵਧਾਵਾ ਸਿੰਘ ਪਿਉ-ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਰਹਿੰਦੇ ਸਨ। ਉਹਨਾਂ ਦੇ ਨਾਲ ਫ਼ੌਜ ਵੀ ਸੀ। ਇਹ ਗੁਰੂ ਜੀ ਪਾਸ ਨੌਕਰ ਹੋ ਕੇ ਰਹੇ ਸਨ। ਗੁਰੂ ਜੀ ਦੀ ਸੇਵਾ ਦਿਲੋਂ ਕਰਿਆ ਕਰਦੇ ਸਨ। ਫਿਰ ਇਹ ਪਿੰਡ ਗੁੱਜਰ ਚੱਕ, ਜੋ ਤਰਨਤਾਰਨ ਦੇ ਕੋਲ ਹੈ, ਰਹਿਣ ਲੱਗੇ। ਵਧਾਵਾ ਸਿੰਘ ਦਾ ਪੁੱਤਰ ਗੰਡਾ ਸਿੰਘ ਬਹੁਤ ਦਲੇਰ ਸੀ। ਇਸ ਨੇ ਕਈ ਵਾਰ ਦਿਨ-ਦਿਹਾੜੇ ਲਾਹੌਰ ਲੁੱਟਿਆ। ਸੂਬੇਦਾਰ ਦਲੇਰ ਖ਼ਾਂ ਨੇ ਇਸ ਨੂੰ ਕਾਬੂ ਵਿੱਚ ਆਉਂਦਾ ਨਾ ਦੇਖ ਆਪਣੇ ਕੋਲ ਨੌਕਰ ਰੱਖ ਲਿਆ। ਇੱਕ ਲੜਾਈ ਵਿੱਚ ਇਸ ਨੇ ਸੂਬੇ ਦੀ ਬਹੁਤ ਮਦਦ ਕੀਤੀ, ਜਿਸ ਦੇ ਬਦਲੇ ਇਸ ਨੂੰ ਪੰਜ ਪਿੰਡ ਆਹਲੂ, ਹਲੋ, ਸਾਧਲੋ, ਤੁਰ ਤੇ ਚੱਕ ਜਾਗੀਰ ਵਜੋਂ ਦਿੱਤੇ। ਇਹਨਾਂ ਪਿੰਡਾਂ ਦਾ ਇਸ ਨੂੰ ਜਮਾਂਦਾਰ ਬਣਾ ਦਿੱਤਾ ਗਿਆ, ਜਿਸ ਵਿੱਚ ਖਾਹ ਅਹਲੋ ਇਸ ਨੂੰ ਮਾਫ਼ ਕਰ ਦਿੱਤਾ ਗਿਆ, ਜਿਸ ਤੋਂ ਫਿਰ ਉਹ ਪਿੰਡ ਹਲੋ ਵਿੱਚ ਹੀ ਚਲੇ ਗਏ।

ਇਸ ਖ਼ਾਨਦਾਨ ਦੇ ਕਲਾਲ ਬਣਨ ਦੀ ਕਹਾਣੀ ਇਸ ਪ੍ਰਕਾਰ ਹੈ ਕਿ ਗੰਡਾ ਸਿੰਘ ਦਾ ਲੜਕਾ ਵਧਾਵਾ ਸਿੰਘ ਇੱਕ ਕਲਾਲ ਦੀ ਲੜਕੀ ਨਾਲ ਪਿਆਰ ਕਰਨ ਲੱਗ ਪਿਆ, ਜੋ ਕਿ ਬਹੁਤ ਸੁੰਦਰ ਸੀ। ਗਿਆਨੀ ਗਿਆਨ ਸਿੰਘ ਨੇ ਵਧਾਵਾ ਸਿੰਘ ਨਾਂ ਲਿਖਿਆ ਹੈ, ਪਰ ਡਾ. ਭਗਤ ਸਿੰਘ ਤੇ ਸੋਹਣ ਸਿੰਘ ਸੀਤਲ ਨੇ ਸਧਾਵਾ ਸਿੰਘ ਗੰਡਾ ਸਿੰਘ ਦਾ ਪੁੱਤਰ ਲਿਖਿਆ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਸਦਾ ਸਿੰਘ ਲਿਖਿਆ ਹੈ। ਲੜਕੀ ਦੇ ਪਿਤਾ ਨੇ ਇਹ ਸ਼ਰਤ ਰੱਖੀ ਕਿ ਇਸ ਦੀ ਜੋ ਸੰਤਾਨ ਹੋਵੇਗੀ, ਉਹਨਾਂ ਦੇ ਰਿਸ਼ਤੇ-ਨਾਤੇ ਕਲਾਲਾਂ ਵਿੱਚ ਹੀ ਕੀਤੇ ਜਾਣਗੇ।

ਸਧਾਵਾ ਸਿੰਘ ਨੇ ਇਹ ਗੱਲ ਸਵੀਕਾਰ ਕਰ ਲਈ, ਜਿਸ ਤੋਂ ਇਹਨਾਂ ਦਾ ਵਿਆਹ ਹੋ ਗਿਆ। ਇਸ ਲੜਕੀ ਤੋਂ ਇਹਨਾਂ ਦੇ ਚਾਰ ਪੁੱਤਰ ਗੋਪਾਲ ਸਿੰਘ, ਹੇਮੂੰ, ਸਕੰਦਰ ਤੇ ਚਾਹਨਾਮਾ ਹੋਏ ਤੇ ਇੱਕ ਲੜਕੀ ਵੀ ਪੈਦਾ ਹੋਈ। ਇਹਨਾਂ ਸਾਰਿਆਂ ਦੇ ਸੰਬੰਧ ਕਲਾਲਾਂ ਦੇ ਘਰਾਂ ਵਿੱਚ ਹੀ ਹੋਏ। ਇਸ ਕਰ ਕੇ ਇਸ ਖ਼ਾਨਦਾਨ ਦਾ ਕਲਾਲ ਹੋਣਾ ਦੱਸਿਆ ਜਾਂਦਾ ਹੈ। ਚਾਹਾ ਦੇ ਦੋ ਪੁੱਤਰ ਮਾਨੂੰ ਸਿੰਘ ਤੇ ਖ਼ਾਨੂੰ ਸਿੰਘ ਹੋਏ ਤੇ

ਇਹ ਲਾਹੌਰ ਵਿੱਚ ਰਹਿਣ ਲੱਗੇ, ਜਿਸ ਤੋਂ ਇਹਨਾਂ ਦੇ ਨਾਮ 'ਤੇ ਇੱਕ ਬਜ਼ਾਰ ਬਣਿਆ ਹੋਇਆ ਹੈ, ਜੋ ਇਸੇ ਨਾਮ ਤੇ ਮਸ਼ਹੂਰ ਹੈ। ਸਕੰਦਰ ਤੇ ਹੇਮੂੰ ਨੇ ਬਹੁਤੀ ਪ੍ਰਸਿੱਧਤਾ ਪ੍ਰਾਪਤ ਨਹੀਂ ਕੀਤੀ। ਗੋਪਾਲ ਸਿੰਘ ਦਾ ਬੇਟਾ ਦੇਵਾ ਸਿੰਘ ਹੋਇਆ, ਜਿਸ ਦੇ ਤਿੰਨ ਪੁੱਤਰ ਬਦਰ ਸਿੰਘ, ਸਦਰ ਸਿੰਘ ਤੇ ਗੁਰਬਖ਼ਸ਼ ਸਿੰਘ ਸਨ। ਬਦਨ ਸਿੰਘ ਦਾ ਵਿਆਹ ਇਸ ਮਿਸਲ ਦੇ ਬਾਨੀ ਬਾਗ ਸਿੰਘ ਦੀ ਭੈਣ ਨਾਲ ਹੋਇਆ ਇਸ ਤੋਂ ਜੱਸਾ ਸਿੰਘ ਨੇ 3 ਮਈ, 1718 ਨੂੰ ਜਨਮ ਲਿਆ। ਇਸ ਨੂੰ ਆਪਣੇ ਮਾਮੇ ਦੀ ਰਿਆਸਤ ਮਿਲੀ ਤੇ ਸੰਸਾਰ ਵਿੱਚ ਇਸ ਦੇ ਨਾਮ ਦਾ ਸਿੱਕਾ ਚਲਦਾ ਹੈ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਬਦਰ ਸਿੰਘ ਦੇ ਘਰ ਜੋ ਵੀ ਲੜਕਾ ਹੁੰਦਾ ਸੀ, ਉਹ ਮਰ ਜਾਂਦਾ ਸੀ, ਜਿਸ ਤੋਂ ਇੱਕ ਦਿਨ ਗੱਲਬਾਤ ਹੁੰਦੇ ਸਰਦਾਰ ਬਾਗ ਸਿੰਘ ਨੇ ਕਿਹਾ ਕਿ ਜੇ ਕਦੀ ਤੂੰ ਗੁਰੂ ਦਾ ਸਿੰਘ ਬਣ ਜਾਏਂ ਤੇ ਗੁਰਮਤ ਅਨੁਸਾਰ ਜੀਵਨ ਬਤੀਤ ਕਰੇਂ, ਤਾਂ ਸ਼ਾਇਦ ਗੁਰੂ ਦੀ ਕ੍ਰਿਪਾ ਨਾਲ ਤੇਰੀ ਸੰਤਾਨ ਜਿਊਂਦੀ ਰਹੇ। ਉਸ ਨੇ ਇਹ ਗੱਲ ਮੰਨ ਲਈ, ਜਿਸ ਤੋਂ ਕੁਝ ਸਮੇਂ ਬਾਅਦ ਸੰਮਤ 1766 ਬਿ. (ਸੰਨ 1718) ਨੂੰ ਬਦਰ ਸਿੰਘ ਦੇ ਘਰ ਲੜਕਾ ਹੋਇਆ, ਜਿਸ ਦਾ ਨਾਮ ਜੱਸਾ ਸਿੰਘ ਰੱਖਿਆ ਗਿਆ। 1780 ਬਿ. ਨੂੰ ਬਦਰ ਸਿੰਘ ਚਲਾਣਾ ਕਰ ਗਿਆ। ਜੱਸਾ ਸਿੰਘ ਦੀ ਮਾਤਾ ਜੀ ਗੁਰਬਾਣੀ ਦੀ ਪੋਥੀ ਕਿਰਪਾਨ ਗਾਤਰੇ ਨਾਲ ਸਜਾਈ ਰੱਖਦੇ ਸਨ। ਸਵੇਰੇ-ਸ਼ਾਮ ਨਿੱਤਨੇਮ ਮਗਰੋਂ ਰਸ-ਭਿੰਨਾ ਕੀਰਤਨ ਦੋਤਾਰਾ ਵਜਾ ਕੇ ਕਰਦੇ ਸਨ। ਇਹਨਾਂ ਦਾ ਜੀਵਨ ਪੁਰਾਤਨ ਸਿੰਘਣੀਆਂ ਦੇ ਜੀਵਨ ਵਰਗਾ ਸੀ।

ਮਾਤਾ ਨੇ ਜੱਸਾ ਸਿੰਘ ਨੂੰ ਛੋਟੀ ਉਮਰ ਵਿੱਚ ਹੀ ਗੁਰਬਾਣੀ ਅਤੇ ਕੀਰਤਨ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ ਸੀ। ਉਹ ਬਚਪਨ ਤੋਂ ਹੀ ਤੀਖਣ ਬੁੱਧੀ ਦਾ ਮਾਲਕ ਸੀ, ਜਿਸ ਨੂੰ ਦੇਖ ਕੇ ਮਾਤਾ-ਪਿਤਾ ਬਹੁਤ ਪ੍ਰਸੰਨ ਹੁੰਦੇ ਸਨ। ਸੰਨ 1722 ਈ. ਵਿੱਚ ਜੱਸਾ ਸਿੰਘ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਸੰਨ 1723 ਈ. ਵਿੱਚ ਕੁਝ ਸੰਗਤਾਂ ਦਿੱਲੀ ਮਾਤਾ ਸੁੰਦਰੀ ਜੀ ਨੂੰ ਮਿਲਣ ਜਾਣ ਲਈ ਤਿਆਰ ਹੋਈਆਂ। ਸ੍. ਜੱਸਾ ਸਿੰਘ ਅਤੇ ਉਹਨਾਂ ਦੀ ਮਾਤਾ ਜੀ ਵੀ ਉਹਨਾਂ ਦੇ ਨਾਲ ਚੱਲ ਪਏ। ਮਾਤਾ ਸੁੰਦਰੀ ਜੀ ਜੱਸਾ ਸਿੰਘ ਦੇ ਕੀਰਤਨ ਅਤੇ ਗੁਰਬਾਣੀ ਪ੍ਰੇਮ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਜੱਸਾ ਸਿੰਘ ਅਤੇ ਉਹਨਾਂ ਦੀ ਮਾਤਾ ਨੂੰ ਆਪਣੇ ਕੋਲ ਹੀ ਰੱਖ ਲਿਆ। ਮਾਤਾ ਸੁੰਦਰੀ ਜੀ ਜੱਸਾ ਸਿੰਘ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਆਪਣੇ ਪੁੱਤਰਾਂ ਵਾਂਗ ਹੀ ਪਾਲਣ-ਪੋਸਣ ਕਰਦੇ ਸਨ। ਇਸ ਤਰ੍ਹਾਂ ਜੱਸਾ ਸਿੰਘ ਜੀ ਤਕਰੀਬਨ ਸੱਤ ਸਾਲ ਮਾਤਾ ਸੁੰਦਰੀ ਜੀ ਦੇ ਕੋਲ ਰਹੇ।

ਦਿੱਲੀ ਵਿੱਚ ਰਹਿ ਕੇ ਜੱਸਾ ਸਿੰਘ ਨੇ ਕੇਵਲ ਧਾਰਮਿਕ ਅਤੇ ਇਤਿਹਾਸਿਕ ਪੁਸਤਕਾਂ ਹੀ ਨਹੀਂ ਸਨ ਪੜ੍ਹੀਆਂ, ਬਲਕਿ ਫ਼ਾਰਸੀ ਵੀ ਚੰਗੀ ਤਰ੍ਹਾਂ ਸਿੱਖ ਲਈ ਸੀ। ਬਾਗ ਸਿੰਘ ਹਲੋਵਾਲੀਏ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਜਦੋਂ ਬਾਗ ਸਿੰਘ ਜੀ ਮਾਤਾ ਸੁੰਦਰੀ ਜੀ ਕੋਲ ਦਿੱਲੀ ਗਏ, ਤਾਂ ਉੱਥੇ ਮਾਤਾ ਜੀ ਪਾਸ ਬੇਨਤੀ ਕੀਤੀ ਕਿ

ਮੇਰੇ ਘਰ ਕੋਈ ਸੰਤਾਨ ਨਹੀਂ ਹੈ, ਜੇ ਤੁਸੀਂ ਜੱਸਾ ਸਿੰਘ ਨੂੰ ਬਖ਼ਸ਼ ਦੇਵੋ, ਤਾਂ ਬੜੀ ਕ੍ਰਿਪਾ ਹੋਵੇਗੀ। ਮਾਤਾ ਜੀ ਨੇ ਆਗਿਆ ਦੇ ਦਿੱਤੀ ਤਾਂ ਜੱਸਾ ਸਿੰਘ ਨੂੰ ਇੱਕ ਤਲਵਾਰ, ਇੱਕ ਢਾਲ, ਕਮਾਨ, ਭੱਤਾ ਤੀਰਾਂ, ਦਾ ਇੱਕ ਖ਼ਿਲਅਤ ਤੇ ਇੱਕ ਚਾਂਦੀ ਦੀ ਚੋਬ ਜੱਸਾ ਸਿੰਘ ਨੂੰ ਦੇ ਕੇ ਕਿਹਾ ਕਿ ਤੇਰੇ ਵਾਰਸਾਂ ਦੇ ਅੱਗੇ ਚੋਬਦਾਰ ਚੱਲਿਆ ਕਰਨਗੇ।

ਸਰਦਾਰ ਬਾਗ ਸਿੰਘ ਆਪਣੀ ਭੈਣ ਤੇ ਭਤੀਜੇ ਜੱਸਾ ਸਿੰਘ ਨੂੰ ਨਾਲ ਲੈ ਕੇ ਜਦ ਵਾਪਸ ਆਏ, ਤਾਂ ਕਰਤਾਰਪੁਰ ਵਿਖੇ ਸਰਦਾਰ ਕਪੂਰ ਸਿੰਘ ਖ਼ਾਲਸਾ ਦਲ ਸਮੇਤ ਉੱਤਰੇ ਹੋਏ ਸਨ। ਸ੍. ਕਪੂਰ ਸਿੰਘ ਨੇ ਬਾਗ ਸਿੰਘ ਨੂੰ ਆਪਣੇ ਕੋਲ ਠਹਿਰਾ ਲਿਆ। ਦੂਜੇ ਦਿਨ ਸਵੇਰੇ ਜਦੋਂ ਸੰਗਤ ਇਕੱਠੀ ਹੋਈ, ਤਾਂ ਜੱਸਾ ਸਿੰਘ ਅਤੇ ਉਹਨਾਂ ਦੀ ਮਾਤਾ ਨੇ ਦੋਤਾਰੇ ਨਾਲ ਬਹੁਤ ਪ੍ਰੇਮ ਨਾਲ ਰਸ-ਭਿੰਨਾ ਕੀਰਤਨ ਆਸਾ ਦੀ ਵਾਰ ਦਾ ਕੀਤਾ, ਤਾਂ ਸੰਗਤਾਂ ਨੂੰ ਅਲੌਕਿਕ ਅਨੰਦ ਪ੍ਰਾਪਤ ਹੋਇਆ। ਸਰਦਾਰ ਕਪੂਰ ਸਿੰਘ ਨੇ ਮਾਂ-ਪੁੱਤ ਨੂੰ ਇੱਕ ਮਹੀਨੇ ਤਕ ਆਪਣੇ ਕੋਲ ਰੱਖਿਆ। ਦੋਨੋਂ ਵਕਤ ਇਹਨਾਂ ਤੋਂ ਕੀਰਤਨ ਸੁਣ ਕੇ ਸੰਗਤਾਂ ਲਾਹਾ ਲੈਂਦੀਆਂ।

ਸਰਦਾਰ ਕਪੂਰ ਸਿੰਘ ਜੀ ਦੇ ਵੀ ਕੋਈ ਲੜਕਾ ਨਹੀਂ ਸੀ। ਉਹ ਵੀ ਜੱਸਾ ਸਿੰਘ ਨੂੰ ਆਪਣਾ ਪੁੱਤਰ ਸਮਝਣ ਲੱਗ ਪਏ। ਇੱਕ ਮਹੀਨੇ ਪਿੱਛੋਂ ਜੱਸਾ ਸਿੰਘ ਦੀ ਮਾਤਾ ਤਾਂ ਆਪਣੇ ਪਿੰਡ ਆਹਲੋਵਾਲ ਚਲੀ ਗਈ ਤੇ ਜੱਸਾ ਸਿੰਘ ਜਥੇ ਵਿੱਚ ਸ਼ਾਮਲ ਹੋ ਕੇ ਜਥੇ ਵਿੱਚ ਹੀ ਰਿਹਾ। ਜਥੇ ਵਿੱਚ ਰਹਿ ਕੇ ਜੱਸਾ ਸਿੰਘ ਸ਼ਸਤਰ ਵਿੱਦਿਆ ਵਿੱਚ ਵੀ ਪ੍ਰਬੀਨ ਹੋ ਗਿਆ। ਜੱਸਾ ਸਿੰਘ ਬਹੁਤ ਸੋਹਣਾ, ਉੱਚਾ-ਲੰਮਾ ਜਵਾਨ ਤੇ ਦੂਹਰੇ ਦਸਤਾਰੇ ਨਾਲ ਬਹੁਤ ਹੀ ਸੁੰਦਰ ਸਜੀਲਾ ਛਬੀਲਾ ਲਗਦਾ ਸੀ। ਦਿੱਲੀ ਵਿੱਚ ਰਹਿਣ ਕਰ ਕੇ ਸ੍. ਜੱਸਾ ਸਿੰਘ ਦੀ ਬੋਲੀ ਵੀ ਦਿੱਲੀ ਵਰਗੀ ਹੋ ਗਈ ਸੀ। ਨਵਾਬ ਕਪੂਰ ਸਿੰਘ ਪਾਸੋਂ ਜੱਸਾ ਸਿੰਘ ਨੇ ਅੰਮ੍ਰਿਤ ਛਕਿਆ।

ਜੱਸਾ ਸਿੰਘ ਸਵਾਰਾਂ ਨੂੰ ਘੋੜਿਆਂ ਲਈ ਦਾਣਾ ਦੇਣ ਲਈ ਨਿਯੁਕਤ ਹੋਏ। ਇੱਕ ਦਿਨ ਦਾਣਾ ਵੰਡਣ ਵਾਲੇ ਸਵਾਰਾਂ ਨਾਲ ਕਿਸੇ ਗੱਲ ਤੋਂ ਖਿਝ ਗਏ ਤੇ ਨਵਾਬ ਕਪੂਰ ਸਿੰਘ ਪਾਸ ਜਾ ਕੇ ਕਿਹਾ ਕਿ ਇਸ ਕੰਮ ਤੋਂ ਮੇਰਾ ਪਿੱਛਾ ਛਡਾਓ। ਨਵਾਬ ਕਪੂਰ ਸਿੰਘ ਜੀ ਨੇ ਕਿਹਾ ਕਿ ਤੁਸੀਂ ਦਾਣਾ ਵੰਡ ਕੇ ਘਬਰਾ ਗਏ ਹੋ, ਤੁਹਾਡੇ ਹੱਥੋਂ ਤਾਂ ਅਸਾਂ ਹਜ਼ਾਰਾਂ ਆਦਮੀਆਂ ਨੂੰ ਤਨਖ਼ਾਹਾਂ ਵੰਡਾਣੀਆਂ ਹਨ, ਜਿਵੇਂ ਮੈਨੂੰ ਖ਼ਾਲਸੇ ਨੇ ਨਵਾਬ ਦਾ ਖ਼ਿਤਾਬ ਦਿੱਤਾ ਹੈ। ਇਹ ਆਸ ਹੈ ਕਿ ਤੁਹਾਨੂੰ ਇੱਕ ਦਿਨ ਬਾਦਸ਼ਾਹ ਦਾ ਖਿਤਾਬ ਦਿੱਤਾ ਜਾਏਗਾ। ਉਸੇ ਦਿਨ ਤੋਂ ਜਥੇ ਦੇ ਸਿੰਘ ਜੱਸਾ ਸਿੰਘ ਨੂੰ ਬਾਦਸ਼ਾਹ ਕਹਿ ਕੇ ਪੁਕਾਰਨ ਲੱਗੇ।

**ਸ੍. ਜੱਸਾ ਸਿੰਘ ਦੇ ਜੌਹਰ** : ਨਵਾਬ ਕਪੂਰ ਸਿੰਘ ਜੀ ਦਾ ਸਿੱਖਾਂ ਵਿੱਚ ਬੜਾ ਨਾਮਣਾ ਸੀ। ਹਰ ਇੱਕ ਸਿੱਖ ਇਹਨਾਂ ਦਾ ਬਹੁਤ ਮਾਣ-ਸਨਮਾਨ ਕਰਦਾ ਸੀ। ਸ੍. ਜੱਸਾ ਸਿੰਘ ਇਨ੍ਹਾਂ ਦਾ ਸਹਾਇਕ ਬਣ ਗਿਆ ਸੀ। ਇਸ ਲਈ ਸ੍. ਜੱਸਾ ਸਿੰਘ ਦਾ ਵੀ ਮਾਣ-ਸਨਮਾਨ ਪੰਥ ਵਿੱਚ ਹੋਣ ਲੱਗ ਪਿਆ। ਇੱਕ ਵਾਰ ਰਾਤ ਨੂੰ ਬਾਰਸ਼ ਹੋ

ਰਹੀ ਸੀ। ਨਵਾਬ ਕਪੂਰ ਸਿੰਘ ਨੇ ਤਿੰਨ-ਚਾਰ ਵਾਰ ਪੁੱਛਿਆ ਕਿ ਪਹਿਰੇ 'ਤੇ ਕੌਣ ਹੈ? ਹਰ ਵਾਰ ਸਰਦਾਰ ਜੱਸਾ ਸਿੰਘ ਨੇ ਹੀ ਉੱਤਰ ਦਿੱਤਾ। ਨਵਾਬ ਕਪੂਰ ਸਿੰਘ ਜੀ ਨੇ ਬਹੁਤ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਇਸ ਛੋਟੀ ਆਯੂ ਵਿੱਚ ਹੀ ਤੁਸੀਂ ਐਨੇ ਆਗਯਾਕਾਰੀ ਹੋ, ਤੁਹਾਨੂੰ ਬੜੇ ਭਾਗ ਲੱਗਣਗੇ। ਇਸ ਘਟਨਾ ਤੋਂ ਬਾਅਦ ਨਵਾਬ ਕਪੂਰ ਸਿੰਘ ਜੀ ਦੇ ਦਿਲ ਵਿੱਚ ਜੱਸਾ ਸਿੰਘ ਲਈ ਹੋਰ ਵੀ ਸਤਿਕਾਰ ਵਧ ਗਿਆ। ਨਾਲ ਦੀ ਨਾਲ ਜਥੇ ਵਿੱਚ ਵੀ ਮਾਣ ਵਧ ਗਿਆ। ਜੱਸਾ ਸਿੰਘ ਹਰ ਵੇਲੇ ਨਵਾਬ ਕਪੂਰ ਸਾਹਿਬ ਦੇ ਨਾਲ ਹੀ ਰਹਿੰਦਾ ਸੀ। ਨਵਾਬ ਕਪੂਰ ਸਿੰਘ ਜੀ ਨਾਲ ਕਈ ਜੰਗਾਂ ਵਿੱਚ ਵੀ ਗਏ। ਸੋ, ਇਸ ਤਰ੍ਹਾਂ ਜੰਗਾਂ ਵਿੱਚ ਜਾਣ ਨਾਲ ਇਹਨਾਂ ਦਾ ਹੌਸਲਾ ਵੀ ਵਧ ਗਿਆ।

ਜੱਸਾ ਸਿੰਘ ਛੁੱਟੀ ਲੈ ਕੇ ਘਰ ਜਾ ਰਿਹਾ ਸੀ ਕਿ 60-70 ਸਵਾਰ ਨਾਲ ਸਨ। ਰਸਤੇ ਵਿੱਚ ਪਤਾ ਲੱਗਾ ਕਿ ਕੁਝ ਪਠਾਣ ਕਾਬਲ ਵੱਲੋਂ ਆਏ ਹਨ, ਰਸਤੇ ਵਿੱਚ ਲੁੱਟਮਾਰ ਕਰਦੇ ਦਿੱਲੀ ਵੱਲ ਜਾ ਰਹੇ ਹਨ। ਕਈ ਪਿੰਡਾਂ ਦੇ ਵਸਨੀਕਾਂ ਨੇ ਇਹਨਾਂ ਤੋਂ ਦੁਖੀ ਹੋ ਕੇ ਆਪਣੀ ਕਹਾਣੀ ਜੱਸਾ ਸਿੰਘ ਨੂੰ ਸੁਣਾਈ। ਜੱਸਾ ਸਿੰਘ ਨੇ ਆਪਣੇ ਸਾਥੀਆਂ ਸਮੇਤ ਪਠਾਣਾਂ ਨੂੰ ਜਾ ਘੇਰਿਆ। ਪਠਾਣ ਜੱਸਾ ਸਿੰਘ ਤੋਂ ਡਰਦੇ ਭੱਜ ਗਏ। ਉਹਨਾਂ ਦੇ ਸਰਦਾਰ ਮੁਰਤਜ਼ਾ ਖ਼ਾਨ ਨੇ ਘਾਹ ਦੀ ਪੰਡ ਵਿੱਚ ਲੁਕ ਕੇ ਜਾਨ ਬਚਾਈ। ਜੱਸਾ ਸਿੰਘ ਦੇ ਹੱਥ ਪਠਾਣਾਂ ਦਾ ਜੋ ਵੀ ਸਮਾਨ ਆਇਆ, ਉਹ ਸਾਰਾ ਵੰਡ ਦਿੱਤਾ ਗਿਆ।

ਹਲੋਥਾਧੋ ਵਿੱਚ ਆਪਣੇ ਮਾਮੇ ਬਾਗ ਸਿੰਘ ਕੋਲ ਪਹੁੰਚੇ। ਉਹਨਾਂ ਨੂੰ ਸਾਰੀ ਵਿਥਿਆ ਸੁਣਾਈ। ਉਹ ਸੁਣ ਕੇ ਬਹੁਤ ਖ਼ੁਸ਼ ਹੋਏ। 1789 ਬਿ. 1732 ਈ. ਨੂੰ ਸ੍. ਬਾਗ ਸਿੰਘ ਪਿੰਡ ਹਰਯਾ ਵਿੱਚ ਇੱਕ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ। ਉਦੋਂ ਉਹਨਾਂ ਦੀ ਥਾਂ 'ਤੇ ਜੱਸਾ ਸਿੰਘ ਨੂੰ ਉਹਨਾਂ ਦੀ ਮਿਸਲ ਦਾ ਸਰਦਾਰ ਬਣਾ ਦਿੱਤਾ ਗਿਆ।

ਥੋੜ੍ਹੇ ਹੀ ਸਮੇਂ ਵਿੱਚ ਜੱਸਾ ਸਿੰਘ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਲਈ। ਪੰਜਾਬ ਦੇ ਹੋਰ ਜਥਿਆਂ ਵਿੱਚ ਵੀ ਇਨ੍ਹਾਂ ਦੀ ਇੱਜ਼ਤ ਹੋਰ ਵਧ ਗਈ। ਸਾਰੇ ਜਥੇ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਉਸ ਸਮੇਂ ਨਵਾਬ ਕਪੂਰ ਸਿੰਘ ਜੀ ਪਹਿਲੇ ਦਰਜੇ 'ਤੇ ਸਨ ਤੇ ਸ੍. ਜੱਸਾ ਸਿੰਘ ਦੂਜੇ ਦਰਜੇ 'ਤੇ ਸਨ। ਸ੍. ਜੱਸਾ ਸਿੰਘ ਦਾ ਰੋਬ-ਦਾਬ ਤੇ ਰੂਪ-ਰੰਗ ਵੱਖਰਾ ਹੀ ਸੀ ਤੇ ਸਭ ਤੋਂ ਨਿਰਾਲਾ ਸੀ। ਇਹਨਾਂ ਦਾ ਸਰੀਰ ਬਹੁਤ ਤਾਕਤਵਰ ਸੀ ਤੇ ਉੱਚੀ ਡੀਲ-ਡੌਲ ਸਭ ਨੂੰ ਪ੍ਰਭਾਵਿਤ ਕਰਦੀ ਸੀ। ਇਹ ਵੀ ਸੁਣਿਆ ਹੈ ਕਿ ਜੱਸਾ ਸਿੰਘ ਰਾਜਸਥਾਨ ਤੋਂ ਆਪਣੇ ਲਈ ਬੱਕਰੇ ਵੀ ਮੰਗਵਾਉਂਦਾ ਸੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਅੱਧਾ ਬੱਕਰਾ ਤਾਂ ਜੱਸਾ ਸਿੰਘ ਆਹਲੂਵਾਲੀਆ ਹੀ ਖਾ ਜਾਂਦਾ ਸੀ। ਇਸ ਦੇ ਨਾਲ ਰੋਜ਼ਾਨਾ ਇੱਕ ਸੇਰ ਮੱਖਣ ਮਿਸਰੀ ਨਾਲ ਛਕਿਆ ਕਰਦਾ ਸੀ।

ਸ੍. ਜੱਸਾ ਸਿੰਘ ਪੰਥ ਦੀ ਹਰ ਮੁਹਿੰਮ ਵਿੱਚ ਪੰਥ ਦੇ ਨਾਲ ਹੀ ਰਿਹਾ। ਇਹ ਵੀ ਕਿਹਾ ਜਾਂਦਾ ਹੈ ਕਿ ਜੰਗ ਦੇ ਮੈਦਾਨ ਵਿੱਚ ਇਸ ਦਾ ਘੋੜਾ ਸਭ ਤੋਂ ਅੱਗੇ ਵੇਖਿਆ ਜਾਂਦਾ ਸੀ। ਸ਼ੈ: 1757 ਈ: ਨੂੰ ਜਦ ਨਾਦਰਸ਼ਾਹ ਹਿੰਦ ਵਿੱਚ ਚੜ੍ਹ ਕੇ ਆਇਆ, ਤਦ ਉਹ ਲੁੱਟਮਾਰ ਕਰਦਾ ਦਿੱਲੀ ਤਕ ਚਲਾ ਗਿਆ। ਜਦ ਮਥਰਾ, ਬਿੰਦਰਾਬਨ, ਆਗਰਾ ਤੋਂ ਦਿੱਲੀ ਆਦਿਕ ਲੁੱਟਦਾ ਵਾਪਸ ਮੁੜਿਆ ਤਾਂ ਇਸ ਦੇ ਜ਼ੁਲਮ ਦੀ ਕਥਾ ਖ਼ਾਲਸੇ ਨੇ ਸੁਣੀ। ਸਰਦਾਰ ਜੱਸਾ ਸਿੰਘ ਖ਼ਾਲਸੇ ਦਾ ਦਲ ਲੈ ਕੇ ਆ ਗਿਆ ਤੇ ਨਾਦਰਸ਼ਾਹ ਦੇ ਲਾਹੌਰ ਅਪੜਨ ਤੋਂ ਪਹਿਲਾਂ-ਪਹਿਲਾਂ ਜੋ ਉਹ ਲੁੱਟ ਦਾ ਮਾਲ ਲੈ ਕੇ ਆਇਆ ਸੀ, ਖ਼ਾਲਸੇ ਨੇ ਸਾਰਾ ਖੋਹ ਲਿਆ। ਨਾਦਰਸ਼ਾਹ ਜਿਸ ਤਰ੍ਹਾਂ ਆਇਆ ਸੀ, ਉਸੇ ਤਰ੍ਹਾਂ ਖ਼ਾਲੀ ਹੱਥ ਵਾਪਸ ਚਲਾ ਗਿਆ।

ਸ੍. ਜੱਸਾ ਸਿੰਘ ਦੇ ਜਥੇ ਦੀ ਗਿਣਤੀ ਦਿਨ-ਬਦਿਨ ਵਧਣ ਲੱਗੀ ਤੇ ਇਹਨਾਂ ਨੇ ਡੱਲੇ ਪਿੰਡ ਵਿੱਚ ਇੱਕ ਕਿਲ੍ਹਾ ਵੀ ਬਣਾਇਆ ਤੇ ਆਪਣਾ ਕੇਂਦਰੀ ਸਥਾਨ ਵੀ ਇਸ ਜਗ੍ਹਾ ਨੂੰ ਬਣਾਇਆ।

ਜਸਪਤ ਰਾਇ ਦੀ ਸਿੰਘਾਂ ਨਾਲ ਏਮਨਾਬਾਦ ਵਿੱਚ ਜੰਗ ਦਾ ਹਾਲ ਅਸੀਂ ਪਿੱਛੇ ਲਿਖ ਆਏ ਹਾਂ, ਜਿਸ ਵਿੱਚ ਜਸਪਤ ਰਾਏ ਮਾਰਿਆ ਗਿਆ ਸੀ। ਲਖਪਤ ਰਾਏ ਨਾਲ ਹੋਏ ਛੋਟੇ ਘੱਲੂਘਾਰੇ ਦਾ ਹਾਲ ਵੀ ਅਸੀਂ ਪਿੱਛੇ ਲਿਖ ਆਏ ਹਾਂ। ਸ੍. ਜੱਸਾ ਸਿੰਘ ਦੇ ਮੁਈਨਉਲ-ਮੁਲਕ ਸੂਬੇਦਾਰ ਲਾਹੌਰ ਅਤੇ ਅਦੀਨਾ ਬੇਗ ਨਾਲ ਜੰਗ ਹੁੰਦੇ ਰਹੇ, ਜਿਨ੍ਹਾਂ ਵਿੱਚ ਕਦੇ ਇਹ ਤੇ ਕਦੇ ਉਹ ਧਿਰ ਉੱਪਰ ਰਹੀ। ਇਹਨਾਂ ਹੀ ਦਿਨਾਂ ਵਿੱਚ ਜੱਸਾ ਸਿੰਘ ਨੇ ਅੰਮ੍ਰਿਤਸਰ ਦੇ ਫ਼ੌਜਦਾਰ ਸਲਾਬਤ ਖ਼ਾਂ ਨਾਲ ਜੰਗ ਕਰ ਕੇ ਉਹਨੂੰ ਮਾਰ ਦਿੱਤਾ ਤੇ ਉਸ ਦੇ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ।

1809 ਬਿ. ਸੰਨ 1752 ਈ. ਨੂੰ ਦੀਵਾਨ ਕੌੜਾ ਮੱਲ ਨੇ ਸ੍. ਜੱਸਾ ਸਿੰਘ ਤੋਂ ਮਦਦ ਮੰਗੀ। ਸਰਦਾਰ ਜੱਸਾ ਸਿੰਘ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਹਾਜ਼ਰ ਹੋ ਗਿਆ। ਕੌੜਾ ਮੱਲ ਦੇ ਨਾਲ ਜੰਗ ਕਰਨ ਲਈ ਖ਼ਾਨ ਬਹਾਦੁਰ ਦਾ ਪੁੱਤਰ ਸ਼ਾਹ ਨਿਵਾਜ਼ ਆਇਆ ਸੀ ਤੇ ਇਸ ਦੀ ਇੱਛਾ ਲਾਹੌਰ ਛੁਡਾਉਣ ਦੀ ਸੀ। ਸ੍. ਜੱਸਾ ਸਿੰਘ ਨੇ ਸ਼ਾਹ ਨਿਵਾਜ਼ ਨੂੰ ਕਤਲ ਕਰ ਕੇ ਉਸ ਦੀ ਫ਼ੌਜ ਨੂੰ ਨਸਾ ਦਿੱਤਾ, ਜਿਸ 'ਤੇ ਦਿੱਲੀ ਦਰਬਾਰ ਵੱਲੋਂ ਦੀਵਾਨ ਕੌੜਾ ਮੱਲ ਨੂੰ ਮਹਾਰਾਜ ਦਾ ਖ਼ਿਤਾਬ ਤੇ ਖ਼ਿਲਅਤ ਮਿਲੀ। ਇਸ ਨਾਲ ਦੀਵਾਨ ਕੌੜਾ ਮੱਲ ਦਾ ਸੰਬੰਧ ਖ਼ਾਲਸੇ ਨਾਲ ਹੋਰ ਵੀ ਗੂੜ੍ਹਾ ਬਣ ਗਿਆ। ਇਸ ਨੇ ਕਈ ਮੌਕਿਆਂ 'ਤੇ ਖ਼ਾਲਸੇ ਦੀ ਮਦਦ ਕੀਤੀ। ਲਖਪਤ ਰਾਏ ਨੂੰ ਵੀ ਖ਼ਾਲਸੇ ਦੇ ਸਪੁਰਦ ਕਰ ਕੇ ਉਸ ਨੂੰ ਕੁੰਭੀ ਨਰਕ ਵਿੱਚ ਮਾਰਿਆ ਗਿਆ।

1754 ਈ. ਨੂੰ ਸ੍. ਜੱਸਾ ਸਿੰਘ ਨੇ ਸ੍. ਹਰੀ ਸਿੰਘ ਨੂੰ ਨਾਲ ਲੈ ਕੇ ਕਲਾਨੌਰ 'ਤੇ ਕਬਜ਼ਾ ਕੀਤਾ। ਫਿਰ ਸ੍. ਚੜ੍ਹਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਜਾ ਲੁੱਟਿਆ। 1757 ਈ. ਨੂੰ ਉਸ ਨੇ ਬਾਬਾ ਵਡਭਾਗ ਸਿੰਘ ਕਰਤਾਰਪੁਰ ਦੇ ਕਹਿਣ 'ਤੇ ਅਦੀਨਾ ਬੇਗ ਦੀ ਮਦਦ ਕੀਤੀ ਤੇ ਜਲੰਧਰ ਦੇ ਫ਼ੌਜਦਾਰ ਨਾਸਰ ਅਲੀ ਨੂੰ ਕਤਲ ਕੀਤਾ।

1754 ਈ. ਨੂੰ ਹੀ ਸਰਦਾਰ ਜੱਸਾ ਸਿੰਘ ਨੇ ਅਜ਼ੀਜ਼ ਖ਼ਾਨ ਸਿਪਹ-ਸਾਲਾਰ ਨੂੰ ਸ਼ਿਕਸ਼ਤ ਦੇ ਕੇ ਜਗਰਾਉਂ ਦਾ ਇਲਾਕਾ ਫ਼ਤਿਹ ਕੀਤਾ ਤੇ ਪਹਾੜੀ ਰਾਜੇ ਜੋ ਆਪਣੇ ਖ਼ਰਾਜ ਲਾਹੌਰ ਭੇਜ ਰਹੇ ਸਨ, ਨਾਦੌਣ ਦੇ ਮੁਕਾਮ 'ਤੇ ਉਹਨਾਂ ਤੋਂ ਲੈ ਲਿਆ। ਸ੍. ਜੱਸਾ ਸਿੰਘ ਜੀ ਦੋ ਸਾਲ ਲਗਾਤਾਰ ਅਦੀਨਾ ਬੇਗ ਨਾਲ ਲੜਾਈ ਕਰਦੇ ਰਹੇ। 1756 ਨੂੰ ਸ੍. ਜੱਸਾ ਸਿੰਘ ਨੇ ਖਡੂਰ ਦੇ ਮੁਕਾਮ 'ਤੇ ਅਦੀਨਾ ਬੇਗ ਨੂੰ ਜ਼ਬਰਦਸਤ ਮਾਤ ਦਿੱਤੀ ਤੇ ਫ਼ਤਿਹਬਾਦ, ਜੋ ਦਰਯਾਏ ਬਿਆਸ ਦੇ ਕੰਡੇ 'ਤੇ ਹੈ, ਉਸ ਤੋਂ ਖੋਹ ਕੇ ਆਪਣੇ ਰਾਜ ਵਿੱਚ ਮਿਲਾ ਲਿਆ।

**ਉਮੈਦ ਖ਼ਾਂ ਦਾ ਕਤਲ ਤੇ ਅਦੀਨਾ ਬੇਗ ਨਾਲ ਸੁਲ੍ਹਾ** : ਸੰ. 1814 ਬਿ. ਸੰਨ 1757 ਈ. ਨੂੰ ਉਮੈਦ ਖ਼ਾਂ ਪਹਾੜੀ ਰਾਜਿਆਂ ਤੋਂ ਨਜ਼ਰਾਨੇ ਲੈ ਕੇ ਮੁੜਦਾ ਸਰਦਾਰ ਜੱਸਾ ਸਿੰਘ ਦੇ ਸਾਹਮਣੇ ਆ ਗਿਆ। ਸਰਦਾਰ ਜੱਸਾ ਸਿੰਘ ਅੱਗੇ ਟਿਕਣਾ ਕੋਈ ਸੌਖਾ ਕੰਮ ਨਹੀਂ ਸੀ। ਉਸ ਨੂੰ ਸ਼ਿਕਸਤ ਦੇ ਕੇ ਉਸ ਦਾ ਕਤਲ ਕਰ ਦਿੱਤਾ। ਇਸੇ ਤਰ੍ਹਾਂ ਅਜ਼ੀਜ਼ ਬੇਗ, ਜਿਸ ਨੂੰ ਅਦੀਨਾ ਬੇਗ ਨੇ ਟਾਕਰੇ ਲਈ ਭੇਜਿਆ ਸੀ, ਨੇ ਸਰਦਾਰ ਜੱਸਾ ਸਿੰਘ ਜਿਹੇ ਬਹਾਦਰ, ਦਲੇਰ ਤੇ ਜਵਾਂ-ਮਰਦ ਨਾਲ ਸੁਲ੍ਹਾ ਕਰਨ ਵਿੱਚ ਹੀ ਭਲਾਈ ਸਮਝੀ।

**ਅਦੀਨਾ ਬੇਗ ਦੀ ਮਦਦ** : ਇਸੇ ਸਾਲ ਅਹਿਮਦਸ਼ਾਹ ਨੇ ਹਮਲਾ ਕੀਤਾ, ਜਲੰਧਰ ਤੋਂ ਅਦੀਨਾ ਬੇਗ ਨੂੰ ਕੱਢਕੇ ਉਹਦੀ ਥਾਂ 'ਤੇ ਨਾਸਰਦੀਨ ਨੂੰ ਨਿਯੁਕਤ ਕੀਤਾ। ਅਦੀਨਾ ਬੇਗ ਸੋਢੀ ਵਡਭਾਗ ਸਿੰਘ ਕੋਲ ਪੁੱਜਾ ਤੇ ਉਸ ਨੇ ਆਪਣੀ ਸਹਾਇਤਾ ਲਈ ਮਦਦ ਦੀ ਜਾਚਨਾ ਕੀਤੀ। ਉਹਨਾਂ ਸ੍. ਜੱਸਾ ਸਿੰਘ ਨੂੰ ਬਿਨਤੀ ਕੀਤੀ। ਸ੍. ਜੱਸਾ ਸਿੰਘ ਨੇ ਨਾਲ ਰਲ਼ ਕੇ ਸੰ. 1873 ਬ੍ਰਿ. ਨੂੰ ਨਾਸਰ ਅਲੀ ਖ਼ਾਂ ਨਾਲ ਭਿਆਨਕ ਜੰਗ ਲੜੀ ਜਿਸ ਵਿੱਚ ਨਾਸਰ ਅਲੀ ਖ਼ਾਂ ਮਾਰਿਆ ਗਿਆ। ਸਰਦਾਰ ਜੱਸਾ ਸਿੰਘ ਨੇ ਅਦੀਨਾ ਬੇਗ ਨੂੰ ਉਹਦਾ ਇਲਾਕਾ ਵਾਪਸ ਦਿਵਾ ਦਿੱਤਾ। ਅਦੀਨਾ ਬੇਗ ਨੇ ਪੰਥ ਦੀ ਸੇਵਾ ਕੀਤੀ।

ਸਰਦਾਰ ਜੱਸਾ ਸਿੰਘ ਨੇ ਕਰਤਾਰਪੁਰ ਠਹਿਰ ਕੇ ਇੱਥੋਂ ਦਾ ਗੁਰਦੁਆਰਾ, ਜੋ ਨਾਸਰ ਅਲੀ ਖ਼ਾਂ ਨੇ ਢਾਹ ਦਿੱਤਾ ਸੀ, ਨਵੇਂ ਸਿਰਿਉਂ ਬਣਵਾਇਆ ਤੇ ਅਦੀਨਾ ਬੇਗ ਪਾਸੋਂ ਜਾਗੀਰ ਵੀ ਇਸ ਗੁਰਦੁਆਰੇ ਦੇ ਨਾਮ ਲਵਾਈ। ਇਸ ਸਮੇਂ ਕੇਵਲ ਅਦੀਨਾ ਬੇਗ ਹੀ ਪੰਜਾਬ ਵਿੱਚ ਇੱਕ ਅਜਿਹਾ ਅਧਿਕਾਰੀ ਸੀ, ਜੋ ਸ੍. ਜੱਸਾ ਸਿੰਘ ਨਾਲ ਮਿਲ ਕੇ ਮਾਮਲਾ ਖਾਣ ਦੇ ਕਾਰਨ ਖ਼ਤਰੇ ਤੋਂ ਬਾਹਰ ਸੀ, ਨਹੀਂ ਤਾਂ ਬਾਕੀ ਸਾਰੇ ਅਧਿਕਾਰੀ ਖ਼ਾਲਸੇ ਦੀ ਤਲਵਾਰ ਦੇ ਅਧੀਨ ਸਨ। ਇਹਨਾਂ ਹੀ ਦਿਨਾਂ ਵਿੱਚ ਸ੍. ਜੱਸਾ ਸਿੰਘ ਨੇ ਬਹਾਵਲਪੁਰ ਦੇ ਪਾਸੇ ਦੌਰਾ ਕੀਤਾ ਤੇ ਨਜ਼ਰਾਨੇ ਵਸੂਲ ਕੀਤੇ।

**ਐਹਮਦ ਸ਼ਾਹ 'ਤੇ ਹਮਲਾ** : 1814 ਬਿ. ਨੂੰ ਐਹਮਦਸ਼ਾਹ ਨੇ ਹਿੰਦ 'ਤੇ ਵੱਡਾ ਹਮਲਾ ਕੀਤਾ। ਅਲੀਗੜ੍ਹ ਤੇ ਮਥਰਾ ਆਦਿਕ ਤਕ ਸਾਰੇ ਇਲਾਕੇ ਲੁੱਟ ਕੇ ਜਦ ਉਹ ਵਾਪਸ ਮੁੜਿਆ ਤਦ ਖ਼ਾਲਸੇ ਨੇ ਰਾਸਤੇ ਵਿੱਚ ਹੀ ਉਸ ਨੂੰ ਘੇਰ ਲਿਆ। ਅਜੇ ਉਹ

ਲਾਹੌਰ ਵੀ ਨਹੀਂ ਸੀ ਪੁੱਜਾ ਕਿ ਉਹਦੇ ਪਾਸ ਜੋ ਕੁਝ ਸੀ, ਖ਼ਾਲਸੇ ਨੇ ਖੋਹ ਲਿਆ। ਲਾਹੌਰ ਪੁੱਜ ਕੇ ਐਹਮਦਸ਼ਾਹ ਨੇ ਖ਼ਾਲਸੇ ਨੂੰ ਦਬਾਉਣ ਲਈ ਫ਼ੌਜ ਭੇਜੀ, ਜਿਸ ਵਿੱਚ ਉਸ ਨੂੰ ਕੋਈ ਕਾਮਯਾਬੀ ਨਾ ਮਿਲੀ ਉਹ ਮਾੜਾ-ਮੋਟਾ ਜਿਹਾ ਪ੍ਰਬੰਧ ਕਰ ਕੇ ਚਲਾ ਗਿਆ।

**ਬੀਕਾਨੇਰ ਵੱਲ ਜਾਣਾ** : ਬੀਕਾਨੇਰ ਅਤੇ ਜੈਸਲਮੇਰ ਦੀ ਆਪਸ ਵਿੱਚ ਤੂੰ-ਤੂੰ, ਮੈਂ-ਮੈਂ ਚਲਦੀ ਹੀ ਰਹਿੰਦੀ ਸੀ। ਬੀਕਾਨੇਰ ਵਾਲਿਆਂ ਨੇ ਖ਼ਾਲਸਾ ਦਲ ਪਾਸ ਰਾਜਾ ਆਲੇ ਸਿੰਘ ਦੇ ਰਾਹੀਂ ਬਿਨਤੀ ਕੀਤੀ ਕਿ ਮੇਰੀ ਸਹਾਇਤਾ ਕਰੋ, ਤੁਹਾਨੂੰ ਇੱਕ ਲੱਖ ਰੁਪਯਾ ਤੁਹਾਡੇ ਆਉਣ-ਜਾਣ ਦਾ ਦਿੱਤਾ ਜਾਵੇਗਾ। ਗਿਆਰਾਂ ਹਜ਼ਾਰ ਖ਼ਾਲਸਾ ਜਵਾਨ ਬੀਕਾਨੇਰ ਪੁੱਜਾ। ਨਵਾਬ ਕਪੂਰ ਸਿੰਘ ਜੀ ਨੇ ਸਿਖਯਾ ਦਿੱਤੀ ਕਿ ਦੋਵੇਂ ਧਿਰਾਂ ਵਿੱਚ ਸੁਲ੍ਹਾ ਸਫ਼ਾਈ ਕਰਾਕੇ ਖ਼ੂਨ ਖ਼ਰਾਬੇ ਤੋਂ ਬਚਣਾ। ਸੋ ਸਰਦਾਰ ਜੱਸਾ ਸਿੰਘ ਜੀ ਨੇ ਦੋਹਾਂ ਦੀ ਸੁਲ੍ਹਾ ਕਰਾ ਦਿੱਤੀ। ਬੀਕਾਨੇਰ ਵਾਲੇ ਨੇ ਖ਼ਾਲਸੇ ਦਾ ਆਉਣ-ਜਾਣ ਦਾ ਜੋ ਖ਼ਰਚਾ ਮੰਨਿਆ ਸੀ, ਉਹ ਦੇਣ ਤੋਂ ਇਨਕਾਰ ਕਰ ਦਿੱਤਾ। ਜਦ ਖ਼ਾਲਸੇ ਨੇ ਆਪਣੇ ਤੇਵਰ ਦਿਖਾਏ, ਤਾਂ ਬੀਕਾਨੇਰ, ਨੇ ਆਪਣੇ ਵਾਅਦੇ ਮੁਤਾਬਕ ਰਕਮ ਖ਼ਾਲਸਾ ਦਲ ਨੂੰ ਦੇ ਦਿੱਤੀ।

ਇੱਥੋਂ ਵਾਪਸ ਆ ਕੇ ਜੱਸਾ ਸਿੰਘ ਨੇ ਜੰਡਿਆਲੇ 'ਤੇ ਹਮਲਾ ਬੋਲਿਆ, ਜਿਸ ਵਿੱਚ ਸ੍. ਲਾਲ ਸਿੰਘ, ਜੋ ਜੱਸਾ ਸਿੰਘ ਦਾ ਭਾਈ ਸੀ, ਫੱਟੜ ਹੋ ਗਿਆ, ਪਰੰਤੂ ਫ਼ਤਿਹ ਖ਼ਾਲਸਾ ਦਲ ਦੀ ਹੀ ਹੋਈ। ਸ਼ਰਨ ਦਾਸ ਉੱਥੋਂ ਦਾ ਰਈਸ ਕੈਦ ਕਰ ਲਿਆ ਗਿਆ, ਜਿਸ ਨੇ ਖ਼ਾਲਸਾ ਦਲ ਨੂੰ 7000 ਰੁਪਿਆ ਦੇ ਕੇ ਖਹਿੜਾ ਛੁਡਾਇਆ। ਸੰਬਤ 1804 ਬਿ: ਵਿੱਚ ਅਦੀਨਾ ਬੇਗ ਮਰ ਗਿਆ। ਉਹਦੇ ਦੀਵਾਨ ਬਿਸ਼ੰਭਰ ਦੀ ਖ਼ਾਲਸੇ ਨਾਲ ਜੰਗ ਛਿੜ ਪਈ। ਕਾਦੀਆਂ ਦੇ ਮੁਕਾਮ 'ਤੇ ਬੜੀ ਭਾਰੀ ਲੜਾਈ ਛਿੜ ਪਈ, ਖ਼ਾਲਸਾ ਕਿੱਥੇ ਪਿੱਛੇ ਹੱਟਣ ਵਾਲਾ ਸੀ। ਖ਼ਾਲਸੇ ਨੇ ਉਸ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ।

ਇਸੇ ਸਾਲ ਹੀ ਜੱਸਾ ਸਿੰਘ ਨੇ ਅਬਦੁੱਲਾ ਖ਼ਾਂ ਤੇ ਸ਼ਾਹਵਲੀ ਖ਼ਾਂ ਜਲੰਧਰ ਦੇ ਰਈਸਾਂ ਨੂੰ ਸ਼ਿਕਸਤ ਦੇ ਕੇ ਉਹਨਾਂ ਦੇ ਬਹੁਤ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ ਤੇ ਉੱਥੋਂ ਦਾ ਥਾਣੇਦਾਰ ਆਪਣੇ ਨੌਕਰ ਚਰਨ ਦਾਸ ਨੂੰ ਬਣਾ ਦਿੱਤਾ, ਫਿਰ ਲਾਹੌਰ 'ਤੇ ਹਮਲਾ ਕੀਤਾ। ਇੱਥੋਂ ਦੇ ਨਾਜ਼ਮ ਮੁਨੀਮ ਮੁਹੰਮਦ ਖ਼ਾਂ ਤੋਂ 30 ਹਜ਼ਾਰ ਨਜ਼ਰਾਨਾ ਲੈ ਕੇ ਉਸ ਨੂੰ ਛੱਡ ਦਿੱਤਾ। ਸਾਲ 1753 ਈ. 'ਚ ਨਵਾਬ ਕਪੂਰ ਸਿੰਘ ਨੇ ਅੰਮ੍ਰਿਤਸਰ ਵਿਖੇ ਚਲਾਣਾ ਕੀਤਾ। ਡਾ.ਭਗਤ ਸਿੰਘ ਤੇ ਸੋਹਣ ਸਿੰਘ ਸੀਤਲ ਨੇ ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਦੀ ਕੋਈ ਮਿਤੀ ਨਹੀਂ ਦੱਸੀ। ਇਹ ਵੀ ਪਤਾ ਲਗਦਾ ਹੈ ਕਿ ਸੰਨ 1753 ਈ. ਨੂੰ ਅੰਮ੍ਰਿਤਸਰ ਵਿਖੇ ਇੱਕ ਵੱਡਾ ਇਕੱਠ ਹੋਇਆ, ਜਿਸ ਵਿੱਚ ਨਵਾਬ ਕਪੂਰ ਸਿੰਘ ਨੇ ਖ਼ਾਲਸੇ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਮੇਰਾ ਅੰਤ ਸਮਾਂ ਹੁਣ ਨੇੜੇ ਆ ਗਿਆ ਹੈ। ਮੈਂ ਜਦੋਂ ਵੀ ਆਪ ਜੀ ਤੋਂ ਕਿਸੇ ਦਾਨ ਦੀ ਮੰਗ ਕੀਤੀ ਹੈ, ਆਪ ਹਮੇਸ਼ਾ ਹੀ ਨਿਵਾਜਦੇ ਰਹੇ ਹੋ, ਪਰ ਹੁਣ ਮੈਂ ਅੰਤਿਮ ਦਾਨ ਮੰਗਦਾ ਹਾਂ, ਮੈਨੂੰ ਪੂਰੀ

ਆਸ ਹੈ ਕਿ ਆਪ ਮੈਨੂੰ ਇਹ ਦਾਨ ਬਖ਼ਸ਼ ਕੇ ਨਿਵਾਜੋਗੇ। ਆਪ ਖ਼ਾਲਸਾ ਦਲ ਨੇ ਇੱਕਮੁੱਠ ਹੋ ਕੇ ਰਹਿਣਾ। ਅੱਜ ਤੋਂ ਆਪ ਜੀ ਨੂੰ ਸ੍. ਜੱਸਾ ਸਿੰਘ ਆਹਲੂਵਾਲੀਏ ਜੈਸੀ ਮਹਾਨ ਸ਼ਖ਼ਸੀਅਤ ਸੌਂਪਣਾ ਕੀਤੀ ਹੈ। ਉਪਰੰਤ ਸ੍ਰੀ ਕਲਗੀਧਰ ਜੀ ਦੇ ਗਾਤਰੇ ਦੀ ਸ੍ਰੀ ਸਾਹਿਬ, ਜੋ ਆਪ ਜੀ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ, ਸ੍. ਜੱਸਾ ਸਿੰਘ ਨੂੰ ਬਖ਼ਸ਼ ਦਿੱਤੀ। ਇਸ ਦੇ ਨਾਲ ਹੀ ਪੰਥ ਦੀ ਜਥੇਦਾਰੀ ਸ੍. ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪ ਕੇ ਆਪ ਕੁਝ ਸਮੇਂ ਬਾਅਦ ਅਕਾਲ ਚਲਾਣਾ ਕਰ ਗਏ। ਆਪ ਜੀ ਦਾ ਸਸਕਾਰ ਬਾਬਾ ਅਟੱਲ ਜੀ ਦੇ ਗੁਰਦਵਾਰੇ ਪਾਸ ਕੀਤਾ ਗਿਆ।

ਸ੍. ਜੱਸਾ ਸਿੰਘ ਨੇ ਫ਼ਿਰੋਜ਼ਪੁਰ ਵੱਲ ਰੁੱਖ ਕੀਤਾ। ਡੋਗਰ ਤੇ ਭੱਟੀ ਕੌਮ ਦੇ ਇਲਾਕਿਆਂ ਮੱਲਾਵਾਲਾ ਤੇ ਮਖੂ 'ਤੇ ਕਬਜ਼ਾ ਕਰ ਕੇ ਦੋਵਾਂ ਥਾਵਾਂ 'ਤੇ ਕਿਲ੍ਹੇ ਬਣਾਏ। ਫਿਰ ਕੋਟ ਈਸੇ ਖ਼ਾਂ 'ਤੇ ਚੜ੍ਹਾਈ ਕਰ ਕੇ ਫ਼ਤਿਹ ਕੀਤਾ। ਇੱਥੋਂ ਦੇ ਹਾਕਮ ਕਾਦਰ ਬਖ਼ਸ਼ ਕੋਲ ਚਾਰ ਪਿੰਡ ਗੁਜ਼ਾਰੇ ਲਈ ਛੱਡ ਕੇ ਬਾਕੀ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ, ਫਿਰ ਇਹਨਾਂ ਗਰਮੀਆਂ ਵਿੱਚ ਸਰਦਾਰ ਜੱਸਾ ਸਿੰਘ ਨੇ ਭੜੋਗ ਤੇ ਨਾਰਾਇਣਗੜ੍ਹ 'ਤੇ ਹਮਲਾ ਕਰ ਕੇ (ਇਹ ਅੰਬਾਲਾ ਤੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿੱਚ ਸਨ ਉਸ ਵਕਤ) ਇਹਨਾਂ ਥਾਵਾਂ 'ਤੇ ਫ਼ਤਿਹ ਪ੍ਰਾਪਤ ਕੀਤੀ ਤੇ ਆਪਣਾ ਕਬਜ਼ਾ ਕੀਤਾ। ਇਸ ਤੋਂ ਬਾਅਦ ਜੱਸਾ ਸਿੰਘ ਨੇ ਕਪੂਰਥਲੇ ਵੱਲ ਕੂਚ ਕੀਤਾ। ਕਪੂਰਥਲਾ ਰਾਏ ਇਬਰਾਹੀਮ ਭੱਟੀ ਦੇ ਕਬਜ਼ੇ ਵਿੱਚ ਸੀ ਤੇ ਉਸ ਦਾ ਆਲ੍ਹਾ-ਦੁਆਲ੍ਹਾ ਜੱਸਾ ਸਿੰਘ ਆਹਲੂਵਾਲੀਏ ਦੇ ਕਬਜ਼ੇ ਵਿੱਚ ਸੀ। ਇਸ ਲਈ ਦੋਵਾਂ ਦੀ ਆਪਸ ਵਿੱਚ ਲੜਾਈ ਚਲਦੀ ਰਹਿੰਦੀ ਸੀ। 1777 ਈ. ਵਿੱਚ ਜੱਸਾ ਸਿੰਘ ਆਹਲੂਵਾਲੀਏ ਨੇ ਇਬਰਾਹੀਮ ਤੋਂ ਕਪੂਰਥਲਾ ਖੋਹ ਲਿਆ ਤੇ ਆਪਣੀ ਰਾਜਧਾਨੀ ਬਣਾ ਲਿਆ। ਇਸ ਤੋਂ ਪਹਿਲਾਂ ਆਹਲੂਵਾਲੀਏ ਦੀ ਰਾਜਧਾਨੀ ਫ਼ਤਿਆਬਾਦ ਸੀ।

ਖ਼ਾਲਸੇ ਨੇ ਏਕਾ ਕਰ ਕੇ ਦੁਰਾਨੀਆਂ ਨੂੰ ਸ੍ਰੀ ਅੰਮ੍ਰਿਤਸਰ ਵਿੱਚੋਂ ਕੱਢ ਦਿੱਤਾ। ਸੂਬੇਦਾਰ ਜਹਾਨ ਖ਼ਾਨ ਨੂੰ ਅਟਾਰੀ ਦੇ ਮੁਕਾਮ 'ਤੇ ਸਰਦਾਰ ਜੱਸਾ ਸਿੰਘ ਨੇ ਭਾਰੀ ਸ਼ਿਕਸਤ ਦਿੱਤੀ ਤੇ ਲਾਹੌਰ ਤਕ ਪਿੱਛਾ ਕੀਤਾ।

ਸ੍. ਜੱਸਾ ਸਿੰਘ ਆਹਲੂਵਾਲੀਆ ਨੇ ਖ਼ਾਲਸਾ ਦਲ ਦੇ ਹਰ ਜਥੇ ਨਾਲ ਮਿਲ ਕੇ ਪੰਜਾਬ ਦੀ ਹਰ ਇੱਕ ਮੁਹਿੰਮ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਸੰਮਤ 1818 ਸੰਨ 1761 ਈ. ਨੂੰ ਆਪਣੇ ਨਾਮ ਦਾ ਸਿੱਕਾ ਵੀ ਚਲਾਇਆ, ਜਿਸ 'ਤੇ ਇਹ ਸ਼ਿਅਰ ਲਿਖਿਆ ਹੁੰਦਾ ਸੀ :

**ਸਿਕਹ ਜ਼ਦ ਦਰ ਜਹਾਂ ਬਫ਼ਜ਼ਲ ਅਕਾਲ,**
**ਮੁਲਕ ਆਹਮਦ ਗਰਿਫਤ ਜੱਸਾ ਕਲਾਲ।**

*(ਅਰਥਾਤ : ਅਕਾਲ ਪੁਰਖ ਦੇ ਫ਼ਜ਼ਲ ਨਾਲ ਜਹਾਨ ਵਿੱਚ ਸਿੱਕਾ ਚਲਾਇਆ,*
*ਐਹਮਦ ਸ਼ਾਹ ਦਾ ਮੁਲਕ ਜੱਸਾ ਸਿੰਘ ਕਲਾਲ ਨੇ ਲੈ ਲਿਆ।)*

**ਵੱਡਾ ਘੱਲੂਘਾਰਾ :** ਸੰ. 1819 ਬਿ., ਯਾਨੀ ਕਿ ਸੰਨ 1762 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਅੱਠਵਾਂ ਹਮਲਾ ਖ਼ਾਸ ਕਰ ਸਿੱਖਾਂ ਨੂੰ ਨੇਸਤੋਨਾਬੂਦ ਕਰਨ ਲਈ ਕੀਤਾ। ਇਸ ਨੂੰ ਕਸੂਰ ਦੇ ਪਠਾਣ ਤੇ ਜੰਡਿਆਲੇ ਵਾਲੇ ਨਿਰੰਜਨੀ ਚੜ੍ਹਾ ਕੇ ਲਿਆਏ ਸਨ। ਇਸ ਨੇ ਦਲ ਖ਼ਾਲਸਾ ਦੇ ਇੱਕ-ਇੱਕ ਜਥੇ ਨੂੰ ਰਾਏਪੁਰ ਤੇ ਗੁੱਜਰਵਾਲ ਦੇ ਪਾਸ ਘੇਰ ਲਿਆ। ਸ੍. ਜੱਸਾ ਸਿੰਘ ਨੇ ਇਸ ਲੜਾਈ ਵਿੱਚ ਦੁਰਾਨੀਆਂ ਦਾ ਕਿੰਨੀ ਵਾਰ ਮੂੰਹ ਭੰਨਿਆ। ਇੱਕ ਵਾਰ ਫੇਰ ਜਦੋਂ ਅਹਿਮਦ ਸ਼ਾਹ ਆਪ ਹਮਲਾ ਕਰ ਕੇ ਨੇੜੇ ਆ ਗਿਆ, ਤਦ ਸਰਦਾਰ ਜੱਸਾ ਸਿੰਘ ਨੇ ਇੱਕ ਹਜ਼ਾਰ ਜਵਾਨ ਲੈ ਕੇ ਅਜਿਹਾ ਰੋਕਿਆ ਕਿ ਅਹਿਮਦ ਸ਼ਾਹ ਹੱਕਾ-ਬੱਕਾ ਰਹਿ ਗਿਆ। ਸ੍. ਜੱਸਾ ਸਿੰਘ ਦੁਰਾਨੀ ਫ਼ੌਜ ਦੇ ਕਈ ਜਰਨੈਲਾਂ ਨੂੰ ਧਰਤੀ 'ਤੇ ਲੰਮੇ ਪਾਉਂਦਾ ਤੇ ਦੁਰਾਨੀ ਫ਼ੌਜ ਨੂੰ ਚੀਰਦਾ ਹੋਇਆ ਅਹਿਮਦ ਸ਼ਾਹ ਤਕ ਜਾ ਪੁੱਜਾ ਤੇ ਆਖਣ ਲੱਗਾ :

ਐ ਅਹਿਮਦ ਸ਼ਾਹ! ਦੋ ਹੱਥ ਆਪਣੇ ਵਿਖਾ ਜਾ, ਇਹ ਮੌਕਾ ਬਹਾਦਰੀ ਦਾ ਹੈ, ਪਰੰਤੂ ਅਬਦਾਲੀ ਦੀ ਅਜਿਹੇ ਸੂਰਮੇ ਦੇ ਅੱਗੇ ਆਉਣ ਦੀ ਹਿੰਮਤ ਨਾ ਪਈ, ਉਸੇ ਵਕਤ ਪਿੱਛੇ ਹਟ ਗਿਆ। ਉਸ ਦਾ ਪਿਛੇ ਹਟਣਾ ਸੀ ਕਿ ਸ੍. ਜੱਸਾ ਸਿੰਘ ਦੁਸ਼ਮਣ ਦੀ ਫ਼ੌਜ ਵਿੱਚੋਂ ਨਿਕਲ ਕੇ ਬਹੁਤ ਫੁਰਤੀ ਨਾਲ ਆਪਣੀ ਫ਼ੌਜ ਵਿੱਚ ਆ ਗਿਆ। ਇਸ ਜੰਗ ਵਿੱਚ ਗਿਆਨੀ ਗਿਆਨ ਸਿੰਘ ਜੀ ਅਨੁਸਾਰ 10-12 ਹਜ਼ਾਰ ਸਿੰਘ ਸ਼ਹੀਦ ਹੋ ਗਏ। ਵੈਸੇ ਇਹ ਗਿਣਤੀ 30 ਤੋਂ 40 ਹਜ਼ਾਰ ਤਕ ਦੱਸੀ ਜਾਂਦੀ ਹੈ, ਕਿਉਂਕਿ ਸਿੱਖਾਂ ਦੇ ਕਾਫ਼ਲੇ ਵਿੱਚ ਬੀਬੀਆਂ ਅਤੇ ਛੋਟੇ ਬੱਚੇ ਵੀ ਸਨ। ਇਹ ਲੜਾਈ ਵੱਡੇ ਘੱਲੂਘਾਰੇ ਦੇ ਨਾਮ 'ਤੇ ਪ੍ਰਸਿੱਧ ਹੈ।

ਅਹਿਮਦ ਸ਼ਾਹ ਦੇ ਮੁੜਦਿਆਂ ਹੀ ਖ਼ਾਲਸੇ ਨੇ ਫਿਰ ਮੈਦਾਨ ਮੱਲ ਲਿਆ ਤੇ ਇਤਨਾ ਜ਼ੋਰ ਫੜਿਆ ਕਿ ਸਾਰੇ ਮੁਲਕ 'ਤੇ ਕਬਜ਼ਾ ਕਰ ਲਿਆ। ਪਹਿਲਾਂ ਸਢੌਰਾ ਫ਼ਤਿਹ ਕੀਤਾ, ਫਿਰ ਸਰਹੰਦ ਨੂੰ ਅਜਿਹਾ ਲੁੱਟਿਆ ਕਿ ਉਸ ਦੀ ਇੱਟ ਨਾਲ ਇੱਟ ਵਜਾ ਦਿੱਤੀ।

ਸਰਹੰਦ ਦਾ ਹਾਕਮ ਜੈਨ ਖ਼ਾਂ ਸੀ। ਇਸ ਨੂੰ ਕਤਲ ਕਰ ਕੇ ਇਸ ਇਲਾਕੇ ਦੀ ਵੰਡ ਕਰ ਲਈ। ਜੈਨ ਖ਼ਾਂ ਜੱਸਾ ਸਿੰਘ ਆਹਲੂਵਾਲੀਏ ਦੀ ਗੋਲ਼ੀ ਦਾ ਨਿਸ਼ਾਨਾ ਬਣਿਆ। ਸਰਦਾਰ ਨੇ ਬਵੰਜਾ ਲੱਖ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਸ੍. ਜੱਸਾ ਸਿੰਘ ਨੇ ਪਰਗਣਾ ਭੜੌਂਗ, ਜਿਸ ਵਿੱਚ 103 ਪਿੰਡ ਸਨ, ਜੋ ਖਰੜ ਤਸੀਲ ਵਿੱਚ ਹੈ, ਆਪਣੇ ਕਬਜ਼ੇ ਵਿੱਚ ਕਰ ਕੇ ਆਪਣੇ ਜਵਾਈ ਸ੍. ਅਮਰ ਸਿੰਘ ਨੂੰ ਦੇ ਦਿੱਤਾ, ਕਿਉਂਕਿ ਜੱਸਾ ਸਿੰਘ ਦੇ ਦੋ ਬੇਟੀਆਂ ਹੀ ਸਨ, ਪੁੱਤਰ ਕੋਈ ਨਹੀਂ ਸੀ। ਡਾ. ਭਗਤ ਸਿੰਘ ਜੀ ਲਿਖਦੇ ਹਨ ਕਿ ਜੱਸਾ ਸਿੰਘ ਨੇ ਆਪਣੀਆਂ ਪੁੱਤਰੀਆਂ ਦਾ ਵਿਆਹ ਸ੍. ਮੋਹਰ ਸਿੰਘ ਅਤੇ ਸ੍. ਮੋਹਰ ਸਿੰਘ ਨਾਲ ਕੀਤਾ, ਪਰ ਗਿਆਨੀ ਗਿਆਨ ਸਿੰਘ ਜੀ ਉਹਨਾਂ ਦੇ ਜਵਾਈ ਦਾ ਨਾਂ ਅਮਰ ਸਿੰਘ ਲਿਖ ਰਹੇ ਹਨ। ਸਮਝ ਤੋਂ ਪਰੇ ਦੀਆਂ ਗੱਲਾਂ ਹਨ ਕਿਸ ਨੂੰ ਸੱਚ ਮੰਨੀਏ ਕਿਸ ਨੂੰ ਨਾ। ਚਲੋ ਖ਼ੈਰ ਅੱਗੇ ਵਧਦੇ ਹਾਂ। 12 ਪਿੰਡ

ਬੁੰਡਾਲੇ ਦੇ, 4 ਪਿੰਡ ਰੁੜਕੀ ਦੇ, ਸਿੰਘ ਜੋ ਉਸ ਦੇ ਨਾਲ ਸਨ, ਉਹਨਾਂ ਨੂੰ ਦੇ ਦਿੱਤੇ, ਬਾਕੀ ਅੱਠ ਪਿੰਡ ਆਪਣੇ ਕਬਜ਼ੇ ਵਿੱਚ ਰੱਖੇ, ਜੋ ਪਿੱਛੋਂ ਪਟਿਆਲ਼ੇ ਵਾਲਿਆਂ ਦੇ ਕਬਜ਼ੇ ਵਿੱਚ ਚਲੇ ਗਏ। ਮਹਾਰਾਜਾ ਰਣਜੀਤ ਸਿੰਘ ਦੀ ਮਦਦ ਨਾਲ ਸ੍. ਫ਼ਤਿਹ ਸਿੰਘ ਦੇ ਕਬਜ਼ੇ ਵਿੱਚ ਨੌਂ ਪਰਗਣੇ ਤੇ ਕਿਲ੍ਹਾ ਨਾਰਾਇਣਗੜ੍ਹ ਵਾਪਸ ਆ ਗਏ।

ਇੱਥੋਂ ਸ੍. ਜੱਸਾ ਸਿੰਘ ਆਹਲੂਵਾਲੀਆ ਪੂਰਬੀ ਇਲਾਕਿਆਂ ਦੀ ਮੁਹਿੰਮ 'ਤੇ ਗਿਆ। ਪਹਿਲਾਂ ਸਹਾਰਨਪੁਰ ਜੋ ਉਸ ਵੇਲੇ ਮਹਰੱਟਿਆਂ ਦੇ ਕਬਜ਼ੇ ਵਿੱਚ ਸੀ, ਨੂੰ ਫ਼ਤਿਹ ਕੀਤਾ। ਜਵਾਲਾਪੁਰ ਕਨਖਲ ਵਿੱਚ ਦੀ ਹੁੰਦਾ ਹੋਇਆ ਲੋਢੇਰਾ ਵੱਲ ਗਿਆ। ਤਦ ਉੱਥੋਂ ਦੇ ਰਈਸ ਗੁੱਜਰਮੱਲ ਨੇ 20 ਹਜ਼ਾਰ ਨਜ਼ਰਾਨਾ ਦੇ ਕੇ ਜਾਨ ਛੁਡਾਈ। ਫਿਰ ਗੰਗਾ ਪਾਰ ਹੋ ਕੇ ਨਜੀਬਾਬਾਦ, ਨਗੀਨਾ, ਚੰਦੋਸੀ, ਅਨੂਪ ਸ਼ਹਿਰ, ਗੜ੍ਹ ਮੁਕਤੇਸ਼ੂਰ ਹੁੰਦਾ ਹੋਇਆ ਮੀਰਪੁਰ, ਦੇਵ ਬੰਦ, ਮੁਜ਼ੱਫ਼ਰਨਗਰ ਸ਼ਹਿਰਾਂ ਨੂੰ ਸੋਧਦਾ ਹੋਇਆ ਪੰਜਾਬ ਵਿੱਚ ਵਾਪਸ ਆਇਆ। ਇੱਥੇ ਆ ਕੇ ਸ੍ਰੀ ਅੰਮ੍ਰਿਤਸਰ ਪਹੁੰਚਿਆ। ਇੱਥੇ ਦਰਬਾਰ ਸਾਹਿਬ ਨੂੰ ਢਾਹ ਕੇ ਅਬਦਾਲੀ ਸਰੋਵਰ ਨੂੰ ਪੂਰ ਗਿਆ ਸੀ। ਜੱਸਾ ਸਿੰਘ ਨੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਕਰਵਾਈ ਤੇ ਦਰਬਾਰ ਸਾਹਿਬ ਸਰੋਵਰ ਨੂੰ ਫਿਰ ਜਲ ਨਾਲ ਭਰਿਆ। ਇਸ ਤੋਂ ਇਲਾਵਾ ਜੱਸਾ ਸਿੰਘ ਨੇ ਇੱਕ ਬਹੁਤ ਖ਼ੂਬਸੂਰਤ ਬਜ਼ਾਰ ਕਟੜਾ ਆਹਲੂਵਾਲੀਆ ਵੀ ਬਣਵਾਇਆ, ਜੋ ਕਿ ਹੁਣ ਤਕ ਕਾਇਮ ਹੈ।

ਸ੍. ਜੱਸਾ ਸਿੰਘ ਦੀ ਦਲੇਰੀ ਅਤੇ ਬਹਾਦਰੀ ਕਾਰਨ ਸਾਰਾ ਮੁਲਕ, ਜੋ ਦਰਿਆ ਜਮਨਾ ਤੇ ਝਨਾਂ ਦੇ ਵਿਚਕਾਰ ਹੈ, ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ। ਉਸ ਵਕਤ ਜ਼ਿਮੀਦਾਰ ਖ਼ਾਨ ਚੱਠੇ ਨਜ਼ਰਾਨੇ ਲੈ ਕੇ ਸਰਦਾਰ ਜੱਸਾ ਸਿੰਘ ਨੂੰ ਆ ਮਿਲੇ। ਸਤ ਘੜੀ ਤੇ ਕਾਠਗੜ੍ਹ ਵਿੱਚ ਇੱਕ ਭਾਰੀ ਲੜਾਈ ਹੋਈ, ਜਿਸ ਵਿੱਚ ਦੁਸ਼ਮਣ ਭੱਜ ਗਿਆ। ਰਾਜਾ ਘਮੰਡ ਚੰਦ ਵਾਸੀ ਕਟੋਚ ਨੂੰ ਲੜਾਈ ਵਿੱਚ ਸ਼ਿਕਸਤ ਦੇ ਕੇ ਸ੍. ਜੱਸਾ ਸਿੰਘ ਨੇ ਉਸ ਪਾਸੋਂ ਵੀ ਨਜ਼ਰਾਨਾ ਲਿਆ।

ਸਿੱਖਾਂ ਨੇ ਜੋਸ਼ ਵਿੱਚ ਆ ਕੇ ਨਵਾਬ ਕਪੂਰ ਸਿੰਘ ਦੀ ਥਾਂ ਨੇ ਜੱਸਾ ਸਿੰਘ ਨੂੰ ਸ਼ਾਹੀ ਤਖ਼ਤ 'ਤੇ ਬਿਠਾ ਦਿੱਤਾ ਤੇ ਮੋਰ ਪੰਖਾਂ ਦਾ ਚੌਰ ਝੁਲਾ ਦਿੱਤਾ। ਜੱਸਾ ਸਿੰਘ ਰਾਮਗੜ੍ਹੀਆ ਤੇ ਕੁਝ ਸਰਦਾਰਾਂ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਤੇ ਜੱਸਾ ਸਿੰਘ ਆਹਲੂਵਾਲੀਆ ਤਖ਼ਤ ਤੋਂ ਥੱਲੇ ਉੱਤਰ ਗਿਆ।

ਸੰਮਤ 1813 ਬਿ. ਸੰਨ 1756 ਈ. ਨੂੰ ਰਾਜਾ ਭਰਤਪੁਰੀਆ ਸੂਰਜ ਮੱਲ ਆਗਰੇ ਦੇ ਕਿਲ੍ਹੇ ਨੂੰ ਜਿੱਤ ਕੇ 15 ਹਜ਼ਾਰ ਕਰੋੜ ਰੁਪਯਾ ਅਕਬਰ ਦਾ ਦੱਬਿਆ ਹੋਇਆ ਕੱਢ ਕੇ ਲੈ ਚੱਲਿਆ ਸੀ ਤਾਂ ਨਜ਼ੀਬ ਖ਼ਾਂ ਨੇ ਰੁਹੇਲਯਾਂ ਦੀ ਫ਼ੌਜ ਬਹੁਤ ਸਾਰੀ ਲੈ ਜਾ ਕੇ ਰਾਜੇ ਸੂਰਜ ਮੱਲ ਨੂੰ ਕਤਲ ਕਰ ਦਿੱਤਾ ਸੀ। ਸੋ, ਹੁਣ ਰਾਜੇ ਜਵਾਹਰ ਮੱਲ ਨੇ ਆਪਣੇ ਬਾਪ ਦਾ ਵੈਰ ਲੈਣ ਵਾਸਤੇ ਨਜ਼ੀਬ ਖ਼ਾਂ ਨੂੰ, (ਦਿੱਲੀ ਦੇ ਵਜ਼ੀਰ ਨੂੰ) 1822 ਬਿ. ਵਿੱਚ ਦਿੱਲੀ ਆਣ ਘੇਰਯਾ। ਮਹੀਨਾ ਜੰਗ ਲੱਗੀ ਰਹੀ, ਜਦੋਂ ਰਾਜੇ ਨੇ ਫ਼ਤਿਹ ਹੁੰਦੀ ਨਾ ਦੇਖੀ ਤਾਂ ਸਿੰਘਾਂ ਦੇ ਦਲ ਨੂੰ, ਜਿਨ੍ਹਾਂ ਦੇ ਜ਼ੋਰ 'ਤੇ ਬਹਾਦਰੀ ਦੀ ਚਰਚਾ ਸਾਰੇ

ਦੇਸ਼ ਵਿੱਚ ਵਧ ਰਹੀ ਸੀ, ਤਿੰਨ ਲੱਖ ਰੁਪਯਾ ਨਕਦ ਤੇ ਦਾਰੂ-ਸਿੱਕਾ ਦੇਣਾ ਕਰ ਕੇ ਆਪਣੀ ਕੁਮਕ 'ਤੇ ਬੁਲਾ ਲਿਆ। ਸਿੰਘ ਤਾਂ ਏਹੋ ਜਿਹੇ ਵੇਲੇ ਨੂੰ ਉਡੀਕਦੇ ਹੀ ਸਨ, ਤੁਰੰਤ ਤਯਾਰੀ ਕਰ ਲਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ, ਗੁਰਬਖ਼ਸ਼ ਸਿੰਘ, ਕਰਮ ਸਿੰਘ, ਖ਼ੁਸ਼ਹਾਲ ਸਿੰਘ, ਤਾਰਾ ਸਿੰਘ, ਸੰਗਤ ਸਿੰਘ, ਸੁਧਾ ਸਿੰਘ ਆਦਿਕ ਆਪਣੀ-ਆਪਣੀ ਮਿਸਲ ਨੂੰ ਲੈ ਕੇ ਚੜ੍ਹ ਪਏ। ਸਾਰਾ ਖਾਲਸਾ ਤੀਹ ਕੁ ਹਜ਼ਾਰ ਸਿੰਘ ਜੁੜ ਗਿਆ। ਰਸਤੇ ਦੇ ਹਰਿਆਣੇ ਵਰਗੇ ਦੇਸਾਂ ਤੇ ਰੋਹਤਕ, ਸ਼ਾਮਲੀ, ਛਤੇਹਪੁਰ, ਪਾਣੀਪਤ, ਆਦਿਕ ਸ਼ਹਿਰਾਂ ਨੂੰ ਲੁੱਟ-ਪੁੱਟ ਕੇ ਦਿੱਲੀ ਜਾ ਵੜੇ। ਰਾਜਾ ਜਵਾਹਰ ਮੱਲ ਨੇ ਬੜੀ ਖ਼ੁਸ਼ੀ ਮਨਾਈ। ਦਾਰੂ-ਸਿੱਕੇ ਦੇ ਗੱਡੇ ਲੱਦ ਕੇ ਘੱਲ ਦਿੱਤੇ। ਲੜਾਈ ਦੇ ਵਕਤ ਸਿੰਘਾਂ ਦੀ ਬਹਾਦਰ ਕੌਮ ਨੇ ਆਪਣਾ ਮੋਰਚਾ ਅੱਗੇ ਵਧਾ ਲਿਆ ਤੇ ਦਿੱਲੀ ਦਾ ਚੁਫੇਰਾ ਵੀਹ-ਵੀਹ ਕੋਸ ਤਾਈਂ ਤਾਂ ਅੱਗੇ ਹੀ ਸੁੱਕਮਾਂਜ ਕਰ ਛੱਡਯਾ ਸੀ, ਹੋਰ ਵੀ ਸਫ਼ਾਈ ਕਰ ਦਿੱਤੀ।

ਅਹਿਮਦ ਸ਼ਾਹ ਦੀ ਫ਼ੌਜ ਮੁੜ ਸਰਹੰਦ ਪਹੁੰਚੀ ਤਾਂ ਉਸ ਦੇ ਵਿੱਚ ਹੈਜ਼ਾ ਫੈਲ ਗਿਆ, ਜਿਸ 'ਤੇ ਉਸ ਨੂੰ ਵਾਪਸ ਮੁੜਨਾ ਪਿਆ। ਇਹ ਮੌਕਾ ਸਿੰਘਾਂ ਨੂੰ ਘੱਲੂਘਾਰੇ ਦੇ ਵੇਲੇ ਦਾ ਬਦਲਾ ਲੈਣ ਦਾ ਬਣ ਗਿਆ। ਸਰਦਾਰ ਜੱਸਾ ਸਿੰਘ ਨੇ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਨੂਰਮਹਲ ਦੇ ਕੋਲ ਕਪੂਰਥਲੇ ਦੇ ਲਾਗੇ ਅਹਿਮਦ ਸ਼ਾਹ 'ਤੇ ਐਨਾ ਜ਼ਬਰਦਸਤ ਹਮਲਾ ਕੀਤਾ ਕਿ ਉਹ ਲੜਨ ਦੀ ਹਿੰਮਤ ਨਾ ਰੱਖਦਾ ਹੋਇਆ ਨੱਸ ਪਿਆ। ਸਿੱਖਾਂ ਨੇ ਉਸ ਦਾ ਜੇਹਲਮ ਤਕ ਪਿੱਛਾ ਕੀਤਾ ਤੇ ਦੁਰਾਨੀਆਂ ਦੀ ਬੇਸ਼ੁਮਾਰ ਫ਼ੌਜ ਕਤਲ ਕਰ ਦਿੱਤੀ।

ਜਦੋਂ ਅਹਿਮਦ ਸ਼ਾਹ ਦੁਰਾਨੀ ਮਰਹੱਟਿਆਂ 'ਤੇ ਫ਼ਤਿਹ ਪਾ ਕੇ ਮੁੜ ਲਾਹੌਰ ਆਇਆ ਤਾਂ ਉਸ ਨੇ ਸਿੰਘਾਂ ਨੂੰ ਰੁਪਯਾ ਦੇਣ ਦੇ ਕਸੂਰ ਵਿੱਚ ਮੀਰ ਮੁਹੰਮਦ ਖ਼ਾਂ ਨੂੰ ਕੈਦ ਕਰ ਲਿਆ, ਸ਼ਹਿਰ ਦੇ ਚੌਧਰੀਆਂ ਨੇ ਸਾਰਾ ਹਾਲ ਸੁਣਾ ਕੇ ਉਸ ਨੂੰ ਤਾਂ ਛੁਡਾ ਲਿਆ, ਪਰ ਉਹਨਾਂ ਵਿੱਚੋਂ ਕੁਝ ਸਿੰਘਾਂ ਦੀ ਬਾਦਸ਼ਾਹ ਨੇ ਕੋਈ ਨਾ ਸੁਣੀ। ਉਸ ਸਮੇਂ ਵੀਹ-ਬਾਈ ਹਜ਼ਾਰ ਹਿੰਦੂ ਔਰਤਾਂ ਮਰਦ, ਇਆਣੇ-ਸਿਆਣੇ ਕੁੜੀਆਂ, ਮੁੰਡੇ ਰੋਂਦੇ, ਕੁਰਲਾਂਦੇ ਫੜੇ ਹੋਏ ਗੱਡਿਆਂ ਵਿੱਚ ਪਾਏ ਹੋਏ ਦੁਰਾਨੀ ਬੰਨ੍ਹੀ ਲਈ ਜਾਂਦੇ ਸਨ। ਜਦ ਬਾਦਸ਼ਾਹ ਲਾਹੌਰ ਪਹੁੰਚ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਸਭ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਗੋਇੰਦਵਾਲ ਬਿਆਸਾ ਟੱਪਦੇ ਹੋਏ ਅਚਨਚੇਤ ਦੁਰਾਨੀ ਜਾ ਦਬਾਏ। ਉਹਨਾਂ ਨੂੰ ਸੰਭਲਣ ਵੀ ਨਾ ਦਿੱਤਾ, ਕੈਦੀਆਂ ਦੇ ਬੰਧਨ ਕੱਟ ਦਿੱਤੇ ਤੇ ਘਰੋ-ਘਰੀ ਭੇਜ ਦਿੱਤਾ।

ਭਾਵੇਂ ਸਿੰਘਾਂ ਨੇ ਜੇਹਲਮ ਤਕ ਅਹਿਮਦ ਸ਼ਾਹ ਦੇ ਲਸ਼ਕਰ ਦੇ ਉੱਤੇ ਵੇਲੇ ਕੁਵੇਲੇ ਛਾਪੇ ਮਾਰ-ਮਾਰ ਕੇ ਬਹੁਤ ਨੁਕਸਾਨ ਕੀਤਾ, ਪਰ ਅਹਿਮਦ ਸ਼ਾਹ ਕੰਨ ਲਪੇਟ ਕੇ ਚਲਾ ਹੀ ਗਿਆ। ਕਿਉਂਕਿ ਇੱਕ ਤਾਂ ਬੁਖ਼ਾਰੇ ਦੇ ਬਾਦਸ਼ਾਹ ਨੇ ਬਲਖ਼ ਆ ਮਾਰਿਆ ਸੀ, ਦੂਜੇ ਉਸ ਦੀ ਫ਼ੌਜ ਜ਼ਖ਼ਮੀ ਤੇ ਬਿਮਾਰ ਸੀ, ਏਸ ਕਰ ਕੇ ਲਹੂ ਦਾ ਘੁੱਟ

ਭਰਦਾ ਚਲਾ ਗਿਆ। ਏਸ ਨੇ ਗੱਚ ਕਾਬਲ ਜਾ ਕੇ ਏਸ ਤਰ੍ਹਾਂ ਕੱਢਯਾ ਕਿ ਨੂਰਦੀਨ ਤੇ ਜ਼ਾਲਮ ਖ਼ਾਂ ਦੇ ਸਰਦਾਰਾਂ ਨੂੰ ਸੱਤ ਹਜ਼ਾਰ ਅਸਵਾਰ ਦੇ ਕੇ ਪੰਜਾਬ ਨੂੰ ਭੇਜ ਕਰ ਖ਼ਾਜੇ ਹਮੀਦ ਹਾਕਮ ਨੂੰ ਲਿਖ ਭੇਜਯਾ ਕਿ ਸਿੰਘਾਂ ਦਾ ਨਾਮ-ਨਿਸ਼ਾਨ ਮੇਟ ਦਿਓ।

ਸ੍. ਜੱਸਾ ਸਿੰਘ ਨੇ ਅਨਾਇਤਉਲਾ ਖ਼ਾਂ ਰਈਸ ਝੰਗ 'ਤੇ ਹਮਲਾ ਕੀਤਾ, ਕਿੰਤੂ ਕਾਮਯਾਬ ਨਾ ਹੋਇਆ ਸ਼ੁਕਰਚੱਕੀਏ ਸਰਦਾਰ ਚੜ੍ਹਤ ਸਿੰਘ 'ਤੇ ਵੀ ਹਮਲਾ ਕੀਤਾ। ਇਨ੍ਹਾਂ ਨੇ ਸਰਦਾਰ ਜੱਸਾ ਸਿੰਘ ਦੇ ਘੋੜੇ ਤੇ ਹੋਰ ਅਸਬਾਬ ਖੋਹ ਲਏ, ਪ੍ਰੰਤੂ ਇਹਨਾਂ ਦਾ ਮਾਣ ਰੱਖਦੇ ਹੋਏ ਫੇਰ ਵਾਪਸ ਕਰ ਦਿੱਤੇ।

ਸੰਮਤ 1822 ਬਿ. ਵਿੱਚ ਜੱਸਾ ਸਿੰਘ ਨੇ ਫ਼ਤਿਆਬਾਦ ਵਿੱਚ ਦੂਜੀ ਸ਼ਾਦੀ ਕੀਤੀ। ਰਾਜਾ ਆਲਾ ਸਿੰਘ ਪਟਿਆਲ਼ੇ ਵਾਲੇ ਦੇ ਚਲਾਣੇ 'ਤੇ ਉਸ ਦੇ ਲੜਕੇ ਅਮਰ ਸਿੰਘ ਨੂੰ ਖ਼ਿਲਅਤ ਵੀ ਦਿੱਤੀ। ਦਿੱਲੀ ਤੇ ਪਟਿਆਲ਼ੇ ਤੇ ਜੀਂਦ ਦੀ ਸਲਾਹ ਨਾਲ ਝੱਜਰ, ਬੋਰੀ, ਨਾਰਨੌਲ, ਰੋਹਤਕ, ਸ਼ਾਮਲੀ ਤੇ ਬਾਗਪਤ ਸ਼ਹਿਰਾਂ ਨੂੰ ਅਧੀਨ ਕਰਦਾ ਮਲੇਰਕੋਟਲੇ ਦੇ ਪਠਾਣਾਂ ਤੋਂ ਪਾਇਲ ਈਸਟ ਖੋਹ ਲਏ। ਇਸ ਕਰ ਕੇ ਈਸਟਰ ਸਰਦਾਰ ਅਮਰ ਸਿੰਘ ਰਾਜਾ ਪਟਿਆਲ਼ਾ ਨੇ ਸਰਦਾਰ ਜੱਸਾ ਸਿੰਘ ਦੀ ਨਜ਼ਰ ਕੀਤਾ, ਜੋ ਸੰ. 1906 ਤਕ ਇਹਨਾਂ ਦੇ ਕਬਜ਼ੇ ਵਿੱਚ ਹੀ ਰਿਹਾ।

ਸੰਮਤ 1825 ਬਿ. ਵਿੱਚ ਖ਼ਾਲਸਾ ਵਿਸਾਖੀ ਦੇ ਮੌਕੇ 'ਤੇ ਸ੍ਰੀ ਅੰਮ੍ਰਿਤਸਰ ਇਕੱਠਾ ਹੋਇਆ। ਸ੍ਰੀ ਹਰਿਮੰਦਰ ਸਾਹਿਬ ਦੇ ਬਨਾਣ ਦੇ ਸਵਾਲ 'ਤੇ ਵਿਚਾਰ ਹੋ ਰਹੀ ਸੀ ਕਿ ਜਲਾਲਾਬਾਦ ਲੁਹਾਰੀ ਦਾ ਇੱਕ ਬ੍ਰਾਹਮਣ ਆ ਕੇ ਫ਼ਰਯਾਦ ਕਰਨ ਲੱਗਾ ਕਿ ਖ਼ਾਲਸਾ ਜੀ, ਮੇਰੀ ਲੜਕੀ ਮੁਹੰਮਦ ਹਸਨ ਖ਼ਾਂ ਨੇ ਖੋਹ ਕੇ ਘਰ ਵਿੱਚ ਪਾ ਲਈ ਹੈ। ਮੈਂ ਬਥੇਰਾ ਹਿੰਦੂ ਰਾਜਿਆਂ ਅੱਗੇ ਰੋਇਆ, ਪਰ ਕਿਸੇ ਨੇ ਨਹੀਂ ਸੁਣੀ। ਤੁਸੀਂ ਮੇਰੀ ਲੜਕੀ ਲੈ ਦੇਵੋ। ਸਰਦਾਰ ਜੱਸਾ ਸਿੰਘ ਨੇ ਉਸੇ ਵੇਲੇ ਚੜ੍ਹਾਈ ਕਰ ਦਿੱਤੀ। ਮੁਹੰਮਦ ਹਸਨ ਖ਼ਾਂ ਨੂੰ ਕੈਦ ਕਰ ਲਿਆ। ਉਸ ਤੋਂ ਬ੍ਰਾਹਮਣ ਦੀ ਲੜਕੀ ਲੈ ਕੇ ਉਹਦੇ ਪਿਤਾ ਨੂੰ ਦੇ ਦਿੱਤੀ। ਫਿਰ ਜ਼ਾਬਤਾ ਖ਼ਾਂ ਮੇਰਠ ਵਾਲੇ ਵੱਲ ਮੂੰਹ ਕੀਤਾ। ਇਸ ਤੋਂ ਨਜ਼ਰਾਨਾ ਲੈ ਕੇ ਨਜੀਬ ਅਬਾਦ, ਨਗੀਨਾ, ਚੰਦੌਸੀ, ਅਲੀਗੜ੍ਹ ਹੁੰਦਾ ਹੋਇਆ ਫ਼ਰਖਾਬਾਦ ਜਾ ਪੁੱਜਾ, ਇੱਥੋਂ ਦੇ ਨਵਾਬ ਨਾਲ ਤਿੰਨ ਦਿਨ ਬਰਾਬਰ ਲੜਾਈ ਹੁੰਦੀ ਰਹੀ। ਸਰਦਾਰ ਜੱਸਾ ਸਿੰਘ ਇਸ ਲੜਾਈ ਵਿੱਚ ਜ਼ਖ਼ਮੀ ਹੋ ਗਿਆ। ਅੰਤ ਨੂੰ ਇੱਥੋਂ ਨਜ਼ਰਾਨਾ ਲਿਆ। ਵਾਪਸੀ 'ਤੇ ਖੁਰਜਾ ਗਿਆ ਤੇ ਪ੍ਰਣ ਕੀਤਾ ਕਿ ਇੱਥੋਂ ਜਿੰਨਾ ਰੁਪਯਾ ਮਿਲੇਗਾ, ਉਹ ਸਾਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ 'ਤੇ ਲਗਾਇਆ ਜਾਵੇਗਾ। ਇੱਥੋਂ 4 ਲੱਖ ਦੇ ਉੱਪਰ ਰੁਪਯਾ ਮਿਲਿਆ। ਉਹ ਸਾਰਾ ਹਰਿਮੰਦਰ ਸਾਹਿਬ ਜੀ ਦੀ ਇਮਾਰਤ 'ਤੇ ਖ਼ਰਚ ਕੀਤਾ ਗਿਆ।

ਖੁਰਜੇ ਤੋਂ ਹੋ ਕੇ ਖ਼ਾਲਸੇ ਨੇ ਦਿੱਲੀ 'ਤੇ ਚੜ੍ਹਾਈ ਕਰ ਦਿੱਤੀ। ਕਿਲ੍ਹੇ ਵਿੱਚ ਵੜ ਕੇ ਤਖ਼ਤ 'ਤੇ ਕਬਜ਼ਾ ਕਰ ਲਿਆ, ਜਿਸ 'ਤੇ ਸ੍. ਜੱਸਾ ਸਿੰਘ ਨੂੰ ਬਿਠਾਇਆ ਗਿਆ।

ਸ੍. ਜੱਸਾ ਸਿੰਘ 'ਤੇ ਮੋਰ ਪੰਖਾਂ ਦਾ ਚੌਰ ਵੀ ਕੀਤਾ ਗਿਆ। ਇਸ ਦਿਨ ਤੋਂ ਇਹਨਾਂ ਦਾ ਨਾਂ ਬਾਦਸ਼ਾਹ ਸਾਰੇ ਪੱਥ ਵਿੱਚ ਮਸ਼ਹੂਰ ਹੋ ਗਿਆ।

ਉਸ ਜ਼ਮਾਨੇ ਵਿੱਚ ਖ਼ਾਲਸੇ ਨੂੰ ਕਬਜ਼ੇ ਕਰਨ ਦਾ ਸ਼ੌਕ ਨਹੀਂ ਸੀ, ਕੇਵਲ ਕੱਚੇ-ਪਿੱਲੇ ਦੀ ਸੋਧ ਕਰਨਾ ਹੀ ਮੁੱਖ ਰੱਲ ਸੀ। ਇਹ ਹੀ ਕਾਰਨ ਹੈ ਕਿ ਦਿੱਲੀ ਦੇ ਤਖ਼ਤ 'ਤੇ ਕਬਜ਼ਾ ਕਰ ਕੇ ਅਗਲੇ ਦਿਨ ਇਸ ਨੂੰ ਛੱਡ ਕੇ ਪਾਣੀਪਤ, ਕਰਨਾਲ ਵੱਲ ਚੜ੍ਹਾਈ ਸ਼ੁਰੂ ਕਰ ਦਿੱਤੀ, ਨਹੀਂ ਤਾਂ ਦਿੱਲੀ ਦੇ ਤਖ਼ਤ 'ਤੇ ਕਬਜ਼ਾ ਕਰ ਕੇ ਫਿਰ ਛੱਡ ਕੇ ਆਉਣ ਦੀ ਕੋਈ ਵਜ੍ਹਾ ਨਹੀਂ ਸੀ। ਪਾਣੀਪਤ, ਕਰਨਾਲ ਤੋਂ ਹੋ ਕੇ ਫਿਰ ਲੁਹਾਰੂ ਪੁੱਜਾ। ਇੱਥੋਂ ਦੇ ਅੱਗੇ-ਪਿੱਛੇ ਦੇ ਰਾਜਪੂਤਾਂ ਨੇ 25 ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਟਾਕਰਾ ਕੀਤਾ, ਕਿੰਤੂ ਮੂੰਹ ਦੀ ਖਾਧੀ ਤੇ ਨਜ਼ਰਾਨੇ ਦੇਣੇ ਪਏ। ਦੋ ਹਜ਼ਾਰ ਜਵਾਨ ਸਰਦਾਰ ਜੱਸਾ ਸਿੰਘ ਨੂੰ ਫ਼ੌਜ ਵਾਸਤੇ ਦਿੱਤਾ। ਇੱਥੋਂ ਜੈਪੁਰ, ਬੀਕਾਨੇਰ ਵੱਲ ਧਾਵਾ ਬੋਲਿਆ। ਇਹਨਾਂ ਵੀ ਨਜ਼ਰਾਨੇ ਪੇਸ਼ ਕੀਤੇ। ਇੱਥੋਂ ਮੁੜ ਕੇ ਹਾਂਸੀ, ਹਿਸਾਰ ਦੇ ਪਾਸ ਅਲਿਯਾਸ ਬੇਗ ਨਾਲ ਜੰਗ ਹੋਈ। ਹਾਰ ਖਾ ਕੇ ਅਲਿਯਾਸ ਬੇਗ ਨੇ ਵੀ ਨਜ਼ਰਾਨੇ ਪੇਸ਼ ਕੀਤੇ।

ਸੰ. 1826 ਬਿ. ਨੂੰ ਕੋਟ ਮਹਤਾਬ ਫ਼ਤਿਹ ਕੀਤਾ। ਇੱਕ ਲੱਖ ਰੁਪਿਆ ਖ਼ਰਚ ਕਰ ਕੇ ਅਨੰਦਪੁਰ ਸਾਹਿਬ ਬਾਉਲੀ ਬਣਵਾਈ। ਅਨੰਦਪੁਰ ਦੇ ਸੋਢੀਆਂ ਨੂੰ ਕੁਝ ਹੋਰ ਜਾਗੀਰ ਦਿੱਤੀ। ਦਰਿਆ ਸਤਲੁਜ ਲੰਘ ਕੇ ਜੋ ਲੋਕ ਡਾਕੇ ਮਾਰਦੇ ਸਨ, ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਤੇ ਉਹਨਾਂ ਦੇ ਆਗੂ ਸ਼ੇਰ ਖ਼ਾਂ ਨੂੰ ਫੜ ਲਿਆ।

ਸੰ.ਬਿ. 1837 ਸੰਨ 1780 ਵਿੱਚ ਸ੍. ਜੱਸਾ ਸਿੰਘ ਨੇ ਬੈਰੋਵਾਲ ਦੇ ਪਠਾਣਾਂ ਤੇ ਰਾਜਪੂਤਾਂ ਤੋਂ ਰਾਏਕੋਟ ਦੀ ਗੜ੍ਹੀ ਖੋਹ ਲਈ। ਉੱਥੋਂ ਦੇ ਰਈਸ ਉਮਰ ਖ਼ਾਂ ਨੇ ਨਜ਼ਰਾਨੇ ਦਿੱਤੇ। ਫਿਰ ਰਾਮਦਾਸਪੁਰ ਪਹੁੰਚ ਕੇ ਸਰਦਾਰ ਜੱਸਾ ਸਿੰਘ ਨੇ ਬਾਬੇ ਦੀ ਸੰਤਾਨ ਨੂੰ ਜਾਗੀਰ ਤੇ ਖ਼ਿਲਅਤ ਦਿੱਤੀ। ਇਸ ਤੋਂ ਛੁੱਟ ਇਸ ਇਲਾਕੇ ਦੇ ਜ਼ਿਮੀਂਦਾਰ ਜੋ, ਸ਼ਰਕਸ਼ ਹੋ ਰਹੇ ਸਨ ਤੇ ਬਾਬੇ ਬੁੱਢੇ ਦੀ ਸੰਤਾਨ ਨਾਲ ਟਾਕਰਾ ਕਰਦੇ ਸਨ, ਉਹਨਾਂ ਨੂੰ ਸਜ਼ਾ ਦੇ ਕੇ 50 ਹਜ਼ਾਰ ਜੁਰਮਾਨਾ ਵਸੂਲ ਕੀਤਾ।

ਸ੍. ਜੱਸਾ ਸਿੰਘ ਨੇ ਅੰਮ੍ਰਿਤਸਰ ਬੈਠ ਕੇ ਸ੍ਰੀ ਹਰਿਮੰਦਰ ਸਾਹਿਬ ਤੇ ਕਟੜਾ ਆਹਲੂਵਾਲੀਆ ਬਣਵਾਉਣਾ ਸ਼ੁਰੂ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿੱਚ ਭਾਵੇਂ ਸਾਰੀਆਂ ਮਿਸਲਾਂ ਵੱਲੋਂ ਰੁਪਇਆ ਖ਼ਰਚ ਹੁੰਦਾ ਸੀ, ਪਰੰਤੂ ਸਭ ਤੋਂ ਜ਼ਿਆਦਾ ਸ੍. ਜੱਸਾ ਸਿੰਘ ਆਹਲੂਵਾਲੀਆ ਨੇ ਖ਼ਰਚਿਆ।

ਕਪੂਰਥਲੇ ਦੇ ਹਾਕਮ ਰਾਏ ਇਬਰਾਹੀਮ ਨੇ ਇੱਕ ਲੱਖ ਰੁਪਯਾ ਖ਼ਰਾਜ ਦੇਣਾ ਕੀਤਾ ਸੀ, ਕਿੰਤੂ ਨਾ ਦਿੱਤਾ। ਜਦ 1831 ਬਿ. ਨੂੰ ਸਰਦਾਰ ਜੱਸਾ ਸਿੰਘ ਦਾ ਜਵਾਈ ਖ਼ਰਾਜ ਲੈਣ ਗਿਆ, ਤਦ ਦਿੱਲੀ ਵਾਲੇ ਪਾਸਿਓਂ ਗੋਲ਼ੀ ਲੱਗਣ ਨਾਲ ਇਹ ਚਲਾਣਾ ਕਰ ਗਿਆ। ਇਸੇ ਗੱਲ ਨੂੰ ਲੈ ਕੇ ਸਰਦਾਰ ਜੱਸਾ ਸਿੰਘ ਨੇ ਕਪੂਰਥਲੇ 'ਤੇ ਕਬਜ਼ਾ ਕਰ ਲਿਆ ਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ।

ਇਹਨਾਂ ਦਿਨਾਂ ਵਿੱਚ ਜੱਸਾ ਸਿੰਘ ਰਾਮਗੜ੍ਹੀਏ ਦਾ ਪੰਜਾਬ ਵਿੱਚ ਚੰਗਾ ਪ੍ਰਭਾਵ ਸੀ। ਉਹ ਵੀ ਦਿਨ-ਪ੍ਰਤੀ-ਦਿਨ ਆਪਣੀ ਤਾਕਤ ਵਧਾ ਰਿਹਾ ਸੀ। ਰਾਮਗੜ੍ਹੀਆ ਸ੍. ਜੱਸਾ ਸਿੰਘ ਦੀ ਕੋਈ ਬਹੁਤੀ ਪਰਵਾਹ ਨਹੀਂ ਸੀ ਕਰਦਾ। ਆਹਲੂਵਾਲੀਏ ਤੇ ਰਾਮਗੜ੍ਹੀਆਂ ਦੀ ਆਪਸ ਵਿੱਚ ਖਟਪਟ ਚੱਲਦੀ ਰਹਿੰਦੀ ਸੀ। ਸੰਨ 1775 ਈ. ਨੂੰ ਬਿਆਸ ਕੰਢੇ ਪਿੰਡ ਜਹੂਰਾ ਕੋਲ ਦੋਵੇਂ ਜੱਸਾ ਸਿੰਘ ਆਪਸ ਵਿੱਚ ਲੜ ਪਏ। ਰਾਮਗੜ੍ਹੀਆ ਗੋਲ਼ੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਤੇ ਮੈਦਾਨ ਛੱਡ ਕੇ ਨੱਸ ਗਿਆ। ਸੰਨ 1776 ਈ. ਨੂੰ ਜੱਸਾ ਸਿੰਘ ਆਹਲੂਵਾਲੀਆ ਅਚਲ ਬਟਾਲੇ ਕੋਲ ਇਸ਼ਨਾਨ ਕਰਨ ਗਿਆ। ਉੱਥੇ ਸ੍. ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾਵਾਂ (ਤਾਰਾ ਸਿੰਘ, ਮਾਲੀ ਸਿੰਘ ਤੇ ਖ਼ੁਸ਼ਹਾਲ ਸਿੰਘ) ਨੇ ਆਹਲੂਵਾਲੀਏ ਤੇ ਧਾਵਾ ਬੋਲ ਕੇ ਜ਼ਖ਼ਮੀ ਕਰ ਕੇ ਫੜ ਲਿਆ। ਉਹ ਉਸ ਨੂੰ ਪਾਲਕੀ ਵਿੱਚ ਪਾ ਕੇ ਆਪਣੀ ਰਾਜਧਾਨੀ ਸ੍ਰੀ ਹਰਿਗੋਬਿੰਦਪੁਰ ਵਿੱਚ ਲੈ ਗਏ। ਸ੍. ਜੱਸਾ ਸਿੰਘ ਰਾਮਗੜ੍ਹੀਆ ਆਹਲੂਵਾਲੀਏ ਸਰਦਾਰ ਨਾਲ ਬੜੇ ਆਦਰ ਨਾਲ ਪੇਸ਼ ਆਇਆ। ਆਪਣੇ ਭਰਾਵਾਂ ਦੀ ਗ਼ਲਤੀ ਦੀ ਉਸ ਨੇ ਮਾਫ਼ੀ ਮੰਗੀ ਤੇ ਸਤਿਕਾਰ ਵਜੋਂ ਘੋੜਾ ਤੇ ਦੁਸ਼ਾਲੇ ਦੇ ਕੇ ਉਹਨੂੰ ਉਸ ਦੀ ਰਾਜਧਾਨੀ ਫ਼ਤਿਹ ਆਬਾਦ ਵਿੱਚ ਪੁਚਾ ਦਿੱਤਾ।

ਇਸ ਘਟਨਾ ਤੋਂ ਰਾਮਗੜ੍ਹੀਆ ਤੇ ਆਹਲੂਵਾਲੀਆ ਦਾ ਵੈਰ ਬਹੁਤ ਵਧ ਗਿਆ। ਕਨ੍ਹਈਆਂ ਦਾ ਰਾਮਗੜ੍ਹੀਆਂ ਨਾਲ ਪਹਿਲਾਂ ਹੀ ਬੜਾ ਵਿਰੋਧ ਸੀ। ਸੋ, ਜੈ ਸਿੰਘ, ਹਕੀਕਤ ਸਿੰਘ, ਗੁਰਬਖ਼ਸ਼ ਸਿੰਘ ਕਨ੍ਹਈਏ, ਜੱਸਾ ਸਿੰਘ ਆਹਲੂਵਾਲੀਆ, ਮਹਾਂ ਸਿੰਘ ਸ਼ੁਕਰਚੱਕੀਆ, ਰਾਜਾ ਸੰਸਾਰ ਚੰਦ ਕਟੋਚੀਆ ਆਦਿ ਨੇ ਰਲ਼ ਕੇ ਰਾਮਗੜ੍ਹੀਆ 'ਤੇ ਹਮਲਾ ਕਰ ਦਿੱਤਾ। ਸ੍ਰੀ ਹਰਿਗੋਬਿੰਦਪੁਰਾ, ਕਲਾਨੌਰ ਤੇ ਬਟਾਲਾ ਕੋਲ ਬੜੀਆਂ ਸਖ਼ਤ ਲੜਾਈਆਂ ਹੋਈਆਂ। ਇਨ੍ਹਾਂ ਜੰਗਾਂ ਵਿੱਚ ਰਾਮਗੜ੍ਹੀਆ ਪੂਰੀ ਤਰ੍ਹਾਂ ਹਾਰ ਗਏ। ਉਹ ਇਲਾਕਾ ਛੱਡ ਕੇ ਹਿਸਾਰ ਨੂੰ ਨੱਸ ਗਏ। ਉਹਨਾਂ ਦਾ ਇਲਾਕਾ ਟਾਕਰੇ ਦੀਆਂ ਸਾਰੀਆਂ ਤਾਕਤਾਂ ਨੇ ਵੰਡ ਲਿਆ। ਸਰਦਾਰ ਮਹਾਂ ਸਿੰਘ ਸ਼ੁਕਰਚੱਕੀਏ ਦੇ ਸੱਦਣ 'ਤੇ ਜੱਸਾ ਸਿੰਘ ਰਾਮਗੜ੍ਹੀਆ ਆ ਗਿਆ ਤੇ ਕਨ੍ਹਈਏ ਵਾਲਿਆਂ ਨੂੰ ਸ਼ਿਕਸਤ ਦੇ ਕੇ ਜੱਸਾ ਸਿੰਘ ਨੂੰ ਸਾਰਾ ਇਹਦਾ ਇਲਾਕਾ ਦਿਵਾ ਦਿੱਤਾ।

ਜਦੋਂ ਅਬਦੁੱਲ ਖ਼ਾਂ ਵਜ਼ੀਰ ਪੰਜਾਬ ਦਾ ਇਲਾਕਾ ਸਿੱਖਾਂ ਤੋਂ ਵਾਪਸ ਲੈਣ ਲਈ ਆਇਆ, ਤਾਂ ਸ੍. ਬਘੇਲ ਸਿੰਘ ਆਦਿਕ ਕਰੋੜੀਆ ਮਿਸਲ ਨੂੰ ਨਾਲ ਲੈ ਕੇ ਪਟਿਆਲ਼ੇ ਵੱਲ ਗਿਆ ਤਾਂ ਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ, ਜਿਸ ਤੋਂ ਇਸ ਨੇ ਅੰਮ੍ਰਿਤ ਛਕਿਆ ਸੀ, ਆਪਣੀ ਸਹਾਇਤਾ ਲਈ ਸੱਦਿਆ ਤੇ ਇਹ ਬਾਕੀ ਦੇ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਅੱਪੜ ਗਿਆ। ਸਿੱਟਾ ਇਹ ਨਿਕਲਿਆ ਕਿ ਵਜ਼ੀਰ ਨੇ ਇੱਕ ਲੱਖ 25 ਹਜ਼ਾਰ ਰੁਪਿਆ ਦੇ ਕੇ ਆਪਣਾ ਪਿੱਛਾ ਛੁਡਾਇਆ ਤੇ ਵਾਪਸ ਦਿੱਲੀ ਚਲਾ ਗਿਆ।

1781 ਈ. ਨੂੰ ਜਦ ਕਰਤਾਰਪੁਰ ਦੇ ਸੋਢੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਤਦ ਉਹਨਾਂ ਦੇ ਸੱਦਣ 'ਤੇ ਸਰਦਾਰ ਜੱਸਾ ਸਿੰਘ ਕਰਤਾਰਪੁਰ ਗਿਆ ਤੇ ਉਹਨਾਂ ਦੇ ਲੰਗਰ ਦਾ ਪ੍ਰਸ਼ਾਦ ਛਕ ਕੇ ਉਹਨਾਂ ਨੂੰ ਪੰਥ ਨਾਲ ਅਭੇਦ ਕੀਤਾ, ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੰਥ ਨੂੰ ਸੋਢੀ ਧੀਰ ਮੱਲ ਦੀ ਸੰਤਾਨ ਨਾਲ ਮੇਲ ਮਿਲਾਪ ਨਾ ਰੱਖਣ ਦਾ ਹੁਕਮ ਦਿੱਤਾ ਹੋਇਆ ਸੀ ਤੇ ਸਰਦਾਰ ਜੱਸਾ ਸਿੰਘ ਨੇ ਇਹਨਾਂ ਨੂੰ ਕੁਝ ਪਿੰਡ ਜਾਗੀਰ ਵਜੋਂ ਦੇ ਰੱਖੇ ਸਨ, ਇਸ ਕਰ ਕੇ ਮੇਲ਼-ਜੋਲ਼ ਹੋਣ ਦੇ ਕਾਰਨ ਸਰਦਾਰ ਸਾਹਿਬ ਨੇ ਸੋਢੀਆਂ ਨੂੰ ਪੰਥ ਵਿੱਚ ਸ਼ਾਮਲ ਕੀਤਾ ਸੀ, ਜੋ ਹੁਣ ਫਿਰ ਖੰਡੇ ਦੀ ਪਾਹੁਲ ਲੈਣ ਤੋਂ ਮੂੰਹ ਮੋੜ ਗਏ ਸਨ।

ਸਰਦਾਰ ਭਾਗ ਸਿੰਘ, ਜੋ ਕਿ ਸਰਦਾਰ ਜੱਸਾ ਸਿੰਘ ਦਾ ਭਤੀਜਾ ਸੀ, ਮੁਲਤਾਨ ਵੱਲ ਗਿਆ। ਇਸ ਸਫ਼ਰ ਦਾ ਖ਼ਰਚ ਉਦੋਂ ਦਾ ਮੰਜ਼ਲ ਵਾਰ ਲਿਖਯਾ ਹੋਇਆ ਕਪੂਰਥਲੇ ਪਿਆ ਹੈ, ਜਿਸ ਦੇ ਵੇਖਣ ਤੋਂ ਪਤਾ ਲੱਗਦਾ ਹੈ ਕਿ ਤੋਪਖ਼ਾਨਾ ਘੋੜਿਆਂ ਦਾ ਬਲ਼ਦ ਤੇ ਹਾਥੀ ਆਦਿਕ ਵੀ ਨਾਲ ਸਨ। ਮੁਲਤਾਨ ਪੁੱਜਣ 'ਤੇ ਉੱਥੋਂ ਦੇ ਹਾਕਮ ਨੇ ਸਰਦਾਰ ਭਾਗ ਸਿੰਘ ਦੀ ਬੜੀ ਆਉ-ਭਗਤ ਕੀਤੀ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਸਰਦਾਰ ਜੱਸਾ ਸਿੰਘ ਦਾ ਸਿੱਕਾ ਮੁਲਤਾਨ ਤਕ ਮੰਨਿਆ ਜਾਂਦਾ ਸੀ, ਨਹੀਂ ਤਾਂ ਕਦੇ ਵੀ ਨਹੀਂ ਹੋ ਸਕਦਾ ਸੀ ਕਿ ਅਜਿਹੇ ਇਲਾਕੇ ਵਿੱਚ ਅਰਾਮ ਨਾਲ ਦੌਰਾ ਕਰ ਸਕਦੇ। ਮਾਝੇ ਵੱਲੋਂ ਜਾਣਾ ਤੇ ਲਾਹੌਰ ਵੱਲੋਂ ਮੁੜਨਾ ਕੋਈ ਸੌਖੀ ਗੱਲ ਨਹੀਂ ਸੀ।

ਸ੍. ਜੱਸਾ ਸਿੰਘ ਜੀ, ਜੋ ਕਿ ਬਹੁਤ ਦਲੇਰ, ਨਿੱਡਰ ਤੇ ਅਕਲਮੰਦ ਨੀਤੀ ਵੇਤਾ ਆਗੂ ਸਨ, ਸੰ. 1840 ਬਿ. ਸੰਨ 1783 ਈ. ਵਿੱਚ ਪੇਟ ਦੇ ਦਰਦ ਨਾਲ ਅਕਾਲ ਚਲਾਣਾ ਕਰ ਗਏ। 1747 ਈ. ਵਿੱਚ ਇਹਨਾਂ ਦੇ ਇੱਕ ਪੁੱਤਰ ਵੀ ਹੋਇਆ ਸੀ, ਜੋ ਛੇ ਮਹੀਨੇ ਬਾਅਦ ਅਕਾਲ ਚਲਾਣਾ ਕਰ ਗਿਆ ਸੀ। ਇਹਨਾਂ ਦੀਆਂ ਦੋ ਪੁੱਤਰੀਆਂ ਸਨ, ਇੱਕ ਫ਼ਤਿਹਆਬਾਦ ਵਿਖੇ ਮੋਹਰ ਸਿੰਘ ਦੇ ਨਾਲ, ਦੂਜੀ ਤੁੰਗ ਪਿੰਡ ਵਿੱਚ ਹੀ ਵਿਆਹੀ ਗਈ ਸੀ। ਇਸ ਤੋਂ ਬਿਨਾਂ ਹੋਰ ਕੋਈ ਸੰਤਾਨ ਨਹੀਂ ਸੀ। ਇਸ ਕਰ ਕੇ ਆਪ ਨੇ ਆਪਣੇ ਜਿਉਂਦੇ-ਜੀ ਆਪਣੇ ਸਕੇ ਚਾਚੇ ਗੁਰਬਖ਼ਸ਼ ਸਿੰਘ ਦੇ ਲੜਕੇ ਸ੍. ਭਾਗ ਸਿੰਘ ਨੂੰ ਸਾਰਾ ਕੰਮਕਾਰ ਰਿਆਸਤ ਦਾ ਸੌਂਪ ਰੱਖਿਆ ਸੀ।

ਸ੍. ਜੱਸਾ ਸਿੰਘ ਦੇ ਚਲਾਣੇ ਤੋਂ ਬਾਅਦ ਉਹਨਾਂ ਦਾ ਭਤੀਜਾ ਸਰਦਾਰ ਭਾਗ ਸਿੰਘ ਗੱਦੀ 'ਤੇ ਬੈਠਾ। ਇਸ ਨੇ ਦੀਵਾਨ ਬੂੜਾ ਮੱਲ ਤੇ ਸ਼ੇਰ ਕਰੀਮਦੀਨ ਨੂੰ ਆਪਣੇ ਇਲਾਕੇ ਦਾ ਪ੍ਰਬੰਧ ਸੌਂਪ ਕੇ ਆਪ ਦੁਆਬੇ ਵਿੱਚ ਦੌਰਾ ਸ਼ੁਰੂ ਕੀਤਾ। ਫਗਵਾੜੇ ਤੇ ਨੂਰਮਹਿਲ ਦੇ ਇਲਾਕੇ ਦੇ ਜਾਗੀਰਦਾਰਾਂ ਤੋਂ ਨਜ਼ਰਾਨਾ ਲਿਆ। ਸੰ. 1784 ਈ. ਨੂੰ ਸਲਨ ਦੇ ਲੋਕਾਂ ਦੀ ਸ਼ਿਕਾਇਤ 'ਤੇ ਸਰਦਾਰ ਗੁਰਬਖ਼ਸ਼ ਸਿੰਘ ਨੂੰ ਉਸ ਇਲਾਕੇ ਵਿੱਚੋਂ ਹਟਾ ਦਿੱਤਾ। ਫਿਰ ਇਸੇ ਸਾਲ ਨਕੱਈ ਸਰਦਾਰਾਂ ਤੋਂ ਸ਼ਰਕਪੁਰ ਦਾ ਇਲਾਕਾ ਵਾਪਸ ਲੈ ਲਿਆ ਤੇ ਹੋਰ ਸਿੱਖ ਸਰਦਾਰਾਂ ਦੇ ਨਾਲ ਹੋ ਕੇ ਕਸੂਰ 'ਤੇ ਹਮਲਾ ਕਰ ਕੇ ਫ਼ਤਿਹ ਕੀਤਾ। ਓਥੇ ਹੀ ਸਰਦਾਰ ਭਾਗ ਸਿੰਘ ਦੇ ਘਰ ਲੜਕਾ ਹੋਣ ਦੀ ਖ਼ਬਰ ਪੁੱਜੀ। ਇਸ

ਕਰ ਕੇ ਇਸ ਲੜਕੇ ਦਾ ਨਾਂ ਫ਼ਤਿਹ ਸਿੰਘ ਰੱਖਿਆ। ਸੰਨ 1786 ਈ. ਵਿੱਚ ਸਰਦਾਰ ਭਾਗ ਸਿੰਘ ਨੇ ਦਰਿਆ ਬਿਆਸ ਪਾਰ ਕਰ ਕੇ ਬੇਦੀਆਂ ਨੂੰ ਉਹਨਾਂ ਦੀ ਰਿਆਸਤ ਚਮਕੌਰ, ਜਿਥੋਂ ਉਹਨਾਂ ਨੂੰ ਸਰਦਾਰ ਹਰੀ ਸਿੰਘ ਡੱਲੇਵਾਲੇ ਕੱਢ ਦਿੱਤਾ ਸੀ, ਵਾਪਸ ਦਿਵਾਈ ਤੇ ਆਪ ਫੇਰ ਕਪੂਰਥਲੇ ਆ ਗਿਆ।

ਸਰਦਾਰ ਗੁਲਾਬ ਸਿੰਘ ਭੰਗੀ ਨੇ ਪਿੰਡ ਝਬਾਲ ਵਿੱਚ ਸਰਦਾਰ ਭਾਗ ਸਿੰਘ ਦੇ ਨੌਕਰ ਨੂੰ ਕਤਲ ਕਰ ਦਿੱਤਾ ਸੀ। ਇਸ ਕਰ ਕੇ ਸਰਦਾਰ ਭਾਗ ਸਿੰਘ ਨੇ ਇਲਾਕਾ ਤਰਨਤਾਰਨ ਤੇ ਜੰਡਿਆਲੇ 'ਤੇ ਕਬਜ਼ਾ ਕਰ ਲਿਆ, ਪਰੰਤੂ ਇਹ ਇਲਾਕਾ ਇਹਨਾਂ ਦੇ ਕਬਜ਼ੇ ਹੇਠ ਨਾ ਰਿਹਾ।

ਸੰਨ 1787 ਈ. ਨੂੰ ਪਤਾ ਲੱਗਾ ਕਿ ਭਾਗ ਸਿੰਘ ਦਾ ਦੀਵਾਨ ਬੂੜਾ ਮੱਲ ਚੰਗੇ ਚਾਲ-ਚੱਲਣ ਵਾਲਾ ਨਹੀਂ ਹੈ। ਇਸ ਲਈ ਇਸ ਨੂੰ ਹਟਾ ਕੇ ਇਸ ਦੀ ਜਗ੍ਹਾ 'ਤੇ ਦੀਵਾਨ ਸਿੰਘ ਨੂੰ ਦੀਵਾਨ ਨਿਯੁਕਤ ਕੀਤਾ ਗਿਆ। ਬੀਰੂਵਾਲ ਸਰੂਪ ਸਿੰਘ ਥਾਣੇਦਾਰ ਬਣਾਇਆ ਗਿਆ ਤੇ ਪਿੰਡ ਸੀਕਰ ਦੇ ਪਾਸ ਰਾਮਗੜ੍ਹੀਆ ਨੂੰ ਹਾਰ ਦਿੱਤੀ ਤੇ ਸਰਦਾਰ ਬਘੇਲ ਸਿੰਘ ਦੇ ਕਹਿਣ 'ਤੇ ਉਸ ਦੇ ਕਰਮਚਾਰੀਆਂ ਦਾ ਪ੍ਰਬੰਧ ਕੀਤਾ।

ਸੰਨ 1795 ਈ. ਨੂੰ ਸਰਦਾਰ ਭਾਗ ਸਿੰਘ ਨੇ ਆਪਣੇ ਪੁੱਤਰ ਫ਼ਤਿਹ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਲਿਆ ਕੇ ਅੰਮ੍ਰਿਤ ਛਕਾਇਆ ਤੇ ਸੰ. 1796 ਈ. ਵਿੱਚ ਵਿਆਹ ਵੀ ਬਹੁਤ ਧੂਮ-ਧਾਮ ਨਾਲ ਕਰ ਦਿੱਤਾ।

ਸੰਨ 1798 ਈ. ਵਿੱਚ ਜਮਾਨ ਸ਼ਾਹ ਹਿੰਦੁਸਤਾਨ ਵਿੱਚ ਆਇਆ, ਜਿਸ ਵੇਲੇ ਇਹ ਲਾਹੌਰ ਪੁੱਜਾ, ਉਸ ਵੇਲੇ ਸਿੰਘ ਪਹਾੜਾਂ ਵੱਲ ਗਏ ਹੋਏ ਸਨ। ਸਰਦਾਰ ਭਾਗ ਸਿੰਘ ਪਿੰਡ ਵੈਰੋਵਾਲ ਵਿੱਚ ਸੀ। ਸਰਦਾਰ ਮੇਹਰ ਸਿੰਘ ਤੇ ਮੰਗਲ ਸਿੰਘ, ਜੋ ਕਿ ਸਰਦਾਰ ਭਾਗ ਸਿੰਘ ਨਾਲ ਦਿਲੋਂ ਵੱਟ ਰੱਖਦੇ ਸਨ, ਪਿੰਡ ਵਨਜਾਰਾ ਨੇ ਧਾਲੀਵਾਲ ਤੇ ਢੋਕੀਆਂ ਆਦਿਕ ਤੇ ਕਬਜ਼ਾ ਕਰ ਲਿਆ। ਸਰਦਾਰ ਭਾਗ ਸਿੰਘ ਨੇ ਇਹ ਖ਼ਬਰ ਸੁਣ ਕੇ ਆਪਣੇ ਵੱਲੋਂ ਸਰਦਾਰ ਹਮੀਰ ਸਿੰਘ ਨੂੰ ਨਿਯਤ ਕੀਤਾ, ਜਿਨ੍ਹਾਂ ਨੇ ਇਹਨਾਂ ਪਾਸੋਂ ਮਹਤਾਬ ਕੋਟ ਆਦਿਕ ਦੇ ਇਲਾਕੇ ਵਾਪਸ ਖੋਹ ਲਏ। ਇਸ ਤੋਂ ਪਿੱਛੋਂ ਸ੍. ਭਾਗ ਸਿੰਘ ਨੇ ਆਪਣੇ ਕੱਟੜ ਵਿਰੋਧੀ ਰਾਮਗੜ੍ਹੀਆ ਦੇ ਟਾਕਰੇ 'ਤੇ ਸਦਾ ਕੌਰ ਦੀ ਸਹਾਇਤਾ ਕੀਤੀ, ਜਿਸ ਦੀ ਮਦਦ ਵਾਸਤੇ ਮਹਾਰਾਜਾ ਰਣਜੀਤ ਸਿੰਘ ਆਪ ਆਏ ਹੋਏ ਸਨ। ਕਾਫ਼ੀ ਦੇਰ ਤਕ ਮਿਆਣੀ ਦੇ ਕਿਲ੍ਹੇ ਨੂੰ ਘੇਰਾ ਪਾਈ ਰੱਖਯਾ, ਪਰੰਤੂ ਦਰਿਆ ਰਾਵੀ ਵਿੱਚ ਹੜ੍ਹ ਆਇਆ ਹੋਇਆ ਸੀ। ਇਸ ਕਰ ਕੇ ਕੋਈ ਸਫ਼ਲਤਾ ਨਾ ਮਿਲੀ।

ਸੰਨ 1799 ਈ. ਨੂੰ ਭਾਗ ਸਿੰਘ ਨੇ ਆਪਣੇ ਲੜਕੇ ਫ਼ਤਿਹ ਸਿੰਘ ਨੂੰ ਨਾਲ ਲੈ ਕੇ ਸਤਲੁਜ ਦੇ ਪਾਰ ਦੇ ਇਲਾਕੇ ਦਾ ਦੌਰਾ ਕੀਤਾ ਤੇ ਰਾਏਕੋਟ ਆਦਿਕ ਰਈਸਾਂ ਤੋਂ ਨਜ਼ਰਾਨੇ ਲੈ ਕੇ ਕਪੂਰਥਲੇ ਵਾਪਸ ਆ ਗਿਆ।

ਸੰਨ 1800 ਈ. ਵਿੱਚ ਟਿਕਾ ਫ਼ਤਿਹ ਸਿੰਘ ਨੇ ਸਤਲੁਜ ਦੇ ਇਸ ਪਾਰ ਦੇ ਸਹੋੜ ਖ਼ਾਨਪੁਰ ਦਾ ਉਦਮ ਜ਼ਗਪੀਰ ਸੋਹਨਾ, ਹਸਨਪੁਰ, ਮਜ਼ਹੇਲੀ, ਸਕਰ, ਅਲਾਪੁਰ, ਰੁੜਕੀ ਆਦਿਕ 'ਤੇ ਕਬਜ਼ਾ ਕਰ ਲਿਆ ਤੇ ਸਰਹਾਲੀ, ਜਿਸ ਵਿੱਚ ਡਾਕੂ ਵਸਦੇ ਸਨ, ਇਸ ਥਾਂ ਦੀ ਸੋਧ ਕੀਤੀ। ਖੋਜਾਪੁਰੀ, ਮੰਦਰੀ ਵਾਲੇ ਨਜ਼ਰਾਨੇ ਵਜੋਂ ਇੱਕ ਘੋੜੀ ਲੈ ਕੇ ਹਾਜ਼ਰ ਹੋਏ।

ਸੰਨ 1801 ਈ. ਨੂੰ ਰਾਮਗੜ੍ਹੀਆ ਸਰਦਾਰਾਂ ਨੇ ਸੰਸਾਰ ਚੰਦ ਦੀ ਫ਼ੌਜ ਸਮੇਤ ਦੁਆਬੇ ਦੇ ਇਲਾਕੇ 'ਤੇ ਚੜ੍ਹਾਈ ਕੀਤੀ। ਇਹ ਖ਼ਬਰ ਸੁਣਦੇ ਹੀ ਸ੍. ਭਾਗ ਸਿੰਘ ਨੇ ਸਰਦਾਰ ਹਮੀਰ ਸਿੰਘ ਨੂੰ ਫ਼ੌਜ ਦੇ ਕੇ ਭੇਜਿਆ। ਸ੍. ਹਮੀਰ ਸਿੰਘ ਇਸ ਜੰਗ ਵਿੱਚ ਫੱਟੜ ਹੋ ਗਿਆ ਤੇ ਹਾਰ ਹੋ ਗਈ। ਇਹ ਖ਼ਬਰ ਸੁਣਦੇ ਹੀ ਸ੍. ਭਾਗ ਸਿੰਘ ਫ਼ੌਜ ਲੈ ਕੇ ਆ ਪੁੱਜਾ। ਕਸਬਾ ਫਗਵਾੜਾ 'ਚ ਇਹਨਾਂ ਦੇ ਪੈਰ ਨੂੰ ਸਖ਼ਤ ਚੋਟ ਆਈ ਜਿਸ ਤੋਂ ਇਹਨਾਂ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਗਈ। ਇਸ ਕਰ ਕੇ ਵਾਪਸ ਕਪੂਰਥਲੇ ਆ ਗਏ, ਜਿੱਥੇ ਆ ਕੇ ਜੁਲਾਈ, 1801 ਈ. ਨੂੰ ਚਲਾਣਾ ਕਰ ਗਏ।

ਸਰਦਾਰ ਭਾਗ ਸਿੰਘ ਬਹੁਤ ਹੀ ਨੇਕ-ਦਿਲ ਤੇ ਇਨਸਾਫ਼-ਪਸੰਦ ਸ਼ਖ਼ਸੀਅਤ ਦਾ ਮਾਲਕ ਸੀ। ਉਹ ਇੱਕ ਵਧੀਆ ਪ੍ਰਬੰਧਕ ਵੀ ਸੀ। ਸ੍. ਭਾਗ ਸਿੰਘ ਬਹੁਤ ਹੀ ਚੁਸਤ-ਦਰੁਸਤ ਵਿਅਕਤਿਤਵ ਦਾ ਮਾਲਕ ਸੀ। ਸ੍. ਭਾਗ ਸਿੰਘ ਆਪਣੀ ਮਿਸਲ ਨੂੰ ਸਹੀ ਤੇ ਯੋਗ ਅਗਵਾਈ ਦੇਣ ਵਾਲਾ ਇੱਕ ਨਿਪੁੰਨ ਨੀਤੀਵਾਨ ਸੀ। ਇਸ ਨੇ ਆਪਣੀ ਯੋਗਤਾ, ਕਾਬਲੀਅਤ ਤੇ ਦਲੇਰੀ ਨਾਲ ਸਤਲੁਜ ਤੋਂ ਪਾਰ ਦੇ ਇਲਾਕੇ ਰਾਏਕੋਟ, ਜਗਰਾਉਂ ਦੇ ਜਗੀਰਦਾਰਾਂ ਤੋਂ ਨਜ਼ਰਾਨਾ ਵੀ ਵਸੂਲ ਕੀਤਾ ਸੀ। ਹੋਰ ਮਿਸਲਾਂ ਨਾਲ ਵੀ ਆਪਣੇ ਵਧੀਆ ਸੰਬੰਧ ਬਣਾਈ ਰੱਖੇ ਸਨ, ਪਰੰਤੂ ਰਾਮਗੜ੍ਹੀਆ ਮਿਸਲ ਨਾਲ ਤਾਂ ਇਹਨਾਂ ਦਾ ਕੱਟੜ ਵੈਰ ਸੀ। ਕਈ ਵਾਰ ਰਾਮਗੜ੍ਹੀਆ ਨੂੰ ਹਾਰ ਦਿੱਤੀ ਤੇ ਕਈ ਵਾਰ ਉਹਨਾਂ ਤੋਂ ਸ਼ਿਕਸਤ ਵੀ ਖਾਧੀ। ਬੇਗੋਵਾਲ ਤੇ ਮਿਆਲੀ ਤੋਂ ਵੀ ਇਹ ਨਜ਼ਰਾਨਾ ਵਸੂਲ ਕਰਦੇ ਰਹੇ, ਪਰੰਤੂ ਇਹ ਇਲਾਕੇ ਇਹਨਾਂ ਦੇ ਨਿਯੰਤਰਣ ਤੋਂ ਬਾਹਰ ਹੋ ਗਏ ਸਨ।

ਸ੍. ਭਾਗ ਸਿੰਘ ਸਮ-ਦ੍ਰਿਸ਼ਟੀ ਦਾ ਧਾਰਨੀ ਸੀ। ਹਰ ਵਰਗ ਦੇ ਲੋਕਾਂ ਦਾ ਖ਼ਾਸ ਖ਼ਿਆਲ ਰੱਖਦਾ ਸੀ। ਖ਼ਾਸ ਕਰ ਬ੍ਰਾਹਮਣਾਂ ਲਈ ਦੇਵੀ ਤਾਲਾਬ ਬਣਵਾਇਆ ਤੇ ਦੇਵੀ ਦਵਾਰਾ ਵੀ ਬਣਾਇਆ। ਇਹਨਾਂ ਸਥਾਨਾਂ ਦੇ ਪੁਜਾਰੀਆਂ ਨੂੰ ਯੋਗ ਮੁਆਵਜ਼ਾ ਵੀ ਦਿੱਤਾ ਜਾਂਦਾ ਸੀ। ਜੋ ਵੀ ਸਾਧੂ ਕਪੂਰਥਲਾ ਵਿਖੇ ਆਉਂਦਾ ਸੀ, ਉਸ ਦਾ ਪ੍ਰਭਾਵਸ਼ਾਲੀ ਸੁਆਗਤ ਕੀਤਾ ਜਾਂਦਾ ਸੀ। ਸ੍. ਭਾਗ ਸਿੰਘ ਬਹੁਤ ਹੀ ਦਿਆਲੂ ਤੇ ਨਿਮਰ ਸੁਭਾਅ ਦਾ ਮਾਲਕ ਸੀ। ਜਿੱਥੇ ਉਹ ਸਾਧੂ, ਸੰਤਾਂ ਦਾ ਸਤਿਕਾਰ ਕਰਦਾ ਸੀ, ਉੱਥੇ ਜੀਵ-ਜੰਤੂਆਂ ਦਾ ਵੀ ਬਹੁਤ ਖ਼ਿਆਲ ਰੱਖਦਾ ਸੀ। ਆਪਣੇ ਸ਼ੁਰੂਆਤੀ ਦਿਨੀਂ ਸੰਤਾਂ, ਫ਼ਕੀਰਾਂ, ਦਰਵੇਸ਼ਾਂ ਦੀਆਂ ਜ਼ਰੂਰਤਾਂ ਦਾ ਵੀ ਖ਼ਿਆਲ ਰੱਖਦਾ ਸੀ। ਇਸ ਗੁਣ ਨੇ ਉਸ ਨੂੰ ਗ਼ਰੀਬਾਂ ਤੇ ਲੋੜਵੰਦਾਂ ਦਾ ਹਮਦਰਦ ਬਣਾ ਦਿੱਤਾ ਸੀ। ਇਸ ਲਈ ਉਹ

ਉਹਨਾਂ ਨੂੰ ਬਹੁਤ ਸਾਰਾ ਦਾਨ ਦਿੰਦਾ ਸੀ। ਉਸ ਨੇ ਆਪਣੀ ਮਿਸਲ ਦੀ ਅਠਾਰਾਂ ਸਾਲ ਅਗਵਾਈ ਕੀਤੀ।

ਸ੍. ਭਾਗ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਉਹਨਾਂ ਦਾ ਇੱਕੋ ਇੱਕ ਪੁੱਤਰ ਫ਼ਤਿਹ ਸਿੰਘ ਗੱਦੀ 'ਤੇ ਬੈਠਾ। ਫ਼ਤਿਹ ਸਿੰਘ ਦਾ ਜਨਮ 1784 ਈ. ਵਿੱਚ ਹੋਇਆ, ਪਰੰਤੂ ਬੂਟੇਸ਼ਾਹ ਤੇ ਖ਼ੁਸ਼ਵਕਤ ਰਾਏ ਅਨੁਸਾਰ ਫ਼ਤਿਹ ਸਿੰਘ ਉਸ ਸਮੇਂ 12 ਕੁ ਸਾਲ ਦਾ ਸੀ, ਜਦੋਂ ਮਿਸਲ ਦੀ ਸਰਦਾਰੀ ਉਸ ਨੇ 1801 ਈ. ਵਿੱਚ ਸੰਭਾਲੀ। ਫ਼ਤਿਹ ਸਿੰਘ ਲਈ ਸਭ ਤੋਂ ਪਹਿਲੀ ਚੁਣੌਤੀ ਇਹ ਸੀ ਕਿ ਸ੍. ਰਣਜੀਤ ਸਿੰਘ ਨਾਲ ਕਿਸ ਤਰ੍ਹਾਂ ਦੇ ਸੰਬੰਧ ਬਣਾਏ ਜਾਣ, ਜਿਸ ਨਾਲ ਆਪਣੀ ਮਿਸਲ ਦੀ ਸਰਦਾਰੀ ਵੀ ਕਾਇਮ ਰਹੇ ਤੇ ਰਣਜੀਤ ਸਿੰਘ ਨਾਲ ਕਿਸੇ ਵੀ ਤਰ੍ਹਾਂ ਨਾਲ ਸੰਬੰਧ ਨਾ ਵਿਗੜਨ। ਕਿਉਂਕਿ ਉਸ ਸਮੇਂ ਰਣਜੀਤ ਸਿੰਘ ਪੰਜਾਬ ਵਿੱਚ ਆਪਣੀ ਤਾਕਤ ਨਾਲ ਹਰ ਪਾਸੇ ਜਿੱਤਾਂ ਪ੍ਰਾਪਤ ਕਰ ਰਿਹਾ ਸੀ। ਨੌਜਵਾਨ ਫ਼ਤਿਹ ਸਿੰਘ ਵੀ ਚੰਗਾ ਨੀਤੀਵਾਨ ਸੀ। ਉਸ ਨੇ ਸ਼ੁਕਰਚੱਕੀਏ ਸਰਦਾਰ ਨਾਲ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਹਜ਼ੂਰੀ ਵਿੱਚ ਪੱਗ ਵਟਾ ਲਈ ਤੇ ਆਪਸ ਵਿੱਚ ਪੱਗ-ਵੱਟ ਮਿੱਤਰ ਬਣ ਗਏ ਤੇ ਇੱਕ-ਮਿੱਕ ਹੋ ਕੇ ਰਹਿਣ ਲੱਗੇ।

ਫ਼ਤਿਹ ਸਿੰਘ ਜਦੋਂ ਗੱਦੀ 'ਤੇ ਬਿਰਾਜਮਾਨ ਹੋਇਆ ਤਾਂ ਉਹਨਾਂ ਦਿਨਾਂ ਵਿੱਚ ਸਠਿਆਲਾ ਤੇ ਬੋਤਾਲਾ ਦੇ ਜਾਗੀਰਦਾਰਾਂ ਨੇ ਰਾਮਗੜ੍ਹੀਆਂ ਦੇ ਵਰਗਲਾਣ 'ਤੇ ਬਗ਼ਾਵਤ ਕਰ ਦਿੱਤੀ। ਇਹ ਖ਼ਬਰ ਸੁਣਦੇ ਹੀ ਸਰਦਾਰ ਫ਼ਤਿਹ ਸਿੰਘ ਫ਼ੌਜ ਲੈ ਕੇ ਅੱਪੜ ਗਏ ਤੇ ਲੜਾਈ ਕਰ ਕੇ ਰਾਮਗੜ੍ਹੀਆਂ ਦਾ ਥਾਣਾ ਉੱਥੋਂ ਚੱਕ ਦਿੱਤਾ ਤੇ ਆਪਣਾ ਕਬਜ਼ਾ ਕਰ ਲਿਆ ਤੇ ਜ਼ਿਮੀਂਦਾਰਾਂ ਨੂੰ ਭਾਰੀ ਜੁਰਮਾਨਾ ਕੀਤਾ।

ਰਾਮਗੜ੍ਹੀਆ ਸਰਦਾਰਾਂ ਦੀ ਚੁੱਕ ਵਿੱਚ ਆ ਕੇ ਚੀਮਾ ਤੇ ਸਰਹਾਲੀ ਦੇ ਜ਼ਿਮੀਂਦਾਰਾਂ ਨੇ ਵੀ ਸਿਰ ਚੁੱਕ ਲਿਆ। ਇਹ ਖ਼ਬਰ ਸੁਣਦੇ ਹੀ ਸਰਦਾਰ ਫ਼ਤਿਹ ਸਿੰਘ ਆ ਗਿਆ ਤੇ ਇਹਨਾਂ ਦੀ ਸੁਰਤ ਟਿਕਾਣੇ ਕੀਤੀ। ਸ਼ੇਰੇ 'ਤੇ ਪੰਜਾਬ ਦੇ ਸੱਦੇ ਤੇ ਜਾਮਕੇ ਦੀ ਚੜ੍ਹਾਈ ਵਿੱਚ ਸ੍. ਫ਼ਤਿਹ ਸਿੰਘ ਜਾ ਮਿਲਿਆ। ਜਾਮਕੇ ਫ਼ਤਿਹ ਕਰ ਕੇ ਨੌਸ਼ਹਰੇ ਨੂੰ ਵੀ ਫ਼ਤਿਹ ਕੀਤਾ ਤੇ ਕੁਝ ਦਿਨ ਸ਼ੇਰਿ-ਪੰਜਾਬ ਪਾਸ ਹੀ ਠਹਿਰੇ।

ਸੰਨ 1803 ਈ. ਵਿੱਚ ਮਹਾਰਾਜਾ ਨੇ ਕਸੂਰ 'ਤੇ ਚੜ੍ਹਾਈ ਕੀਤੀ। ਫ਼ਤਿਹ ਸਿੰਘ ਵੀ ਨਾਲ ਸੀ ਦੋ ਤਿੰਨ ਕਿਲ੍ਹੇ ਫ਼ਤਿਹ ਕੀਤੇ, ਜਿਨ੍ਹਾਂ ਤੇ ਸਰਦਾਰ ਅਮਰ ਸਿੰਘ ਮਜੀਠਾ ਨੂੰ ਠਾਣੇਦਾਰ ਨਿਯੁਕਤ ਕੀਤਾ ਤੇ ਵਾਪਸ ਮੁੜ ਆਏ।

ਸੰਨ 1804 ਈ. ਨੂੰ ਸ੍. ਫ਼ਤਿਹ ਸਿੰਘ ਨੇ ਬੰਗੇ 'ਤੇ ਕਬਜ਼ਾ ਕੀਤਾ, ਫਗਵਾੜੇ ਦੇ ਹਾਕਮ ਦੇ ਆਕੀ ਹੋਣ ਤੇ ਉਸ ਤੋਂ ਫਗਵਾੜਾ ਵਾਪਸ ਲੈ ਲਿਆ। ਕੁਝ ਦਿਨ ਸ੍. ਫ਼ਤਿਹ ਸਿੰਘ ਨੇ ਆਪਣੇ ਇਲਾਕੇ ਦੁਆਬੇ ਦੀ ਦੇਖ-ਭਾਲ਼ ਰੱਖੀ। ਪੰਜਲਾਸਾ 'ਤੇ ਨਾਰਾਇਣਗੜ੍ਹ 'ਤੇ ਕਬਜ਼ਾ ਕਰ ਕੇ ਆਪਣਾ ਠਾਣਾ ਬਹਾਇਆ। ਫਿਰ ਜਦ ਰਾਜਾ ਸੰਸਾਰ ਚੰਦ ਨੇ ਜੋਧ ਸਿੰਘ ਰਾਮਗੜ੍ਹੀਏ ਸਮੇਤ ਬਜਵਾੜੇ 'ਤੇ ਧਾਵਾ ਕੀਤਾ, ਤਦ ਸ੍. ਫ਼ਤਿਹ ਸਿੰਘ ਨੇ ਦੋਵਾਂ ਨੂੰ ਸ਼ਿਕਸਤ ਦੇ ਕੇ ਭਜਾ ਦਿੱਤਾ।

ਸੰ. 1862 ਬਿ. ਸੰਨ 1805 ਈ. ਵਿੱਚ ਜਸਵੰਤ ਰਾਏ ਹੁਲਕਰ ਅੰਗਰੇਜ਼ਾਂ ਤੋਂ ਭਾਂਜ ਖਾ ਕੇ ਪੰਜਾਬ ਵਿੱਚ ਆ ਗਿਆ ਤੇ ਇਸ ਨੇ ਸ਼ੇਰ-ਏ-ਪੰਜਾਬ ਤੋਂ ਮਦਦ ਮੰਗੀ। ਮਹਾਰਾਜਾ ਸਾਹਿਬ ਦੀ ਮਨਸ਼ਾ ਮਦਦ ਦੇਣ ਦੀ ਹੋ ਗਈ ਸੀ, ਕਿੰਤੂ ਸ੍. ਫ਼ਤਿਹ ਸਿੰਘ ਆਹਲੂਵਾਲੀਆ, ਸਰਦਾਰ ਭਾਗ ਸਿੰਘ ਜੀਂਦ ਵਾਲਿਆਂ ਦੇ ਕਹਿਣ-ਸੁਣਨ 'ਤੇ ਸ਼ੇਰਿ-ਪੰਜਾਬ ਨੇ ਅੰਗਰੇਜ਼ਾਂ ਨਾਲ ਜਸਵੰਤ ਰਾਏ ਦੀ ਸੁਲ੍ਹਾ ਕਰਾ ਦੇਣੀ ਉਚਿਤ ਸਮਝੀ। ਲਾਰਡ ਲੇਕ ਜਸਵੰਤ ਰਾਏ ਦੇ ਪਿੱਛੇ ਬਿਆਸ ਤਕ ਆ ਗਿਆ ਸੀ, ਜੋ ਸ਼ੇਰਿ-ਪੰਜਾਬ ਨੇ ਵਿੱਚ ਪੈ ਕੇ ਸੁਲ੍ਹਾ ਕਰਾ ਦਿੱਤੀ ਤੇ ਜਸਵੰਤ ਰਾਏ ਤੇ ਅੰਗਰੇਜ਼ਾਂ ਵਿਚਕਾਰ ਇੱਕ ਇਕਰਾਰਨਾਮਾ 24 ਦਸੰਬਰ, 1805 ਈ. ਨੂੰ ਲਿਖਵਾ ਦਿੱਤਾ। ਇਸ ਇਕਰਾਰਨਾਮੇ ਨਾਲ ਜਸਵੰਤ ਰਾਏ ਹੁਲਕਰ ਨੂੰ ਟਾਂਕ ਰਾਮਪੁਰ ਬੋਦੀ ਦੇ ਇਲਾਕੇ ਛੱਡਣੇ ਪਏ। ਚੰਬਲ ਵਾਲੇ ਪਾਸੇ ਦੇ ਇਲਾਕੇ ਬਾਬਤ ਅੰਗਰੇਜ਼ਾਂ ਨੇ ਇਕਰਾਰਨਾਮਾ ਕੀਤਾ ਕਿ ਇਸ ਵਿੱਚ ਦਖ਼ਲ ਨਾ ਦੇਵਾਂਗੇ। ਇਸ ਤਰ੍ਹਾਂ ਨਾਲ ਜਸਵੰਤ ਰਾਏ ਨੂੰ ਉਹਦਾ ਗਿਆ ਹੋਇਆ ਕੁਝ ਇਲਾਕਾ ਦਿਵਾ ਦਿੱਤਾ।

ਇਸੇ ਸੰਬੰਧ ਵਿੱਚ ਸਰਦਾਰ ਫ਼ਤਿਹ ਸਿੰਘ ਸ਼ੇਰਿ-ਪੰਜਾਬ ਤੇ ਅੰਗਰੇਜ਼ਾਂ ਵਿੱਚ ਇਕਰਾਰਨਾਮਾ ਲਿਖਯਾ ਗਿਆ। ਇਹ ਲਿਖਤ 4 ਜਨਵਰੀ, 1806 ਈ. ਨੂੰ ਹੋਈ। ਇਸ ਦਾ ਭਾਵ ਇਹ ਸੀ ਕਿ ਜਦ ਤਕ ਲਾਹੌਰ ਦਰਬਾਰ ਤੋਂ ਸਰਦਾਰ ਫ਼ਤਿਹ ਸਿੰਘ ਦਾ ਸੰਬੰਧ ਅੰਗਰੇਜ਼ਾਂ ਨਾਲ ਹਅਛਾ ਰਹੇਗਾ, ਉਸ ਵੇਲੇ ਤਕ ਅੰਗਰੇਜ਼ ਲਾਹੌਰ ਦਰਬਾਰ ਜਾਂ ਰਿਆਸਤ ਆਹਲੂਵਾਲੀਆ ਦੇ ਇਲਾਕੇ ਵਿੱਚ ਹੱਥ ਨਹੀਂ ਪਾਣਗੇ।

ਇਕਰਾਰਨਾਮਾ ਲਿਖੇ ਜਾਣ ਮਗਰੋਂ ਜਸਵੰਤ ਰਾਏ ਚਲਾ ਗਿਆ। ਲਾਰਡ ਲੇਕ ਨੇ ਸ੍. ਫ਼ਤਿਹ ਸਿੰਘ 'ਤੇ ਖ਼ੁਸ਼ ਹੋ ਕੇ ਇੱਕ ਚਿੱਤਰਾ ਦਿੱਤਾ ਤੇ ਸਰਦਾਰ ਬਾਜ ਸਿੰਘ ਨੇ ਲਾਰਡ ਲੇਕ ਨੂੰ ਇੱਕ ਬਾਜ ਭੇਂਟ ਕੀਤਾ।

ਸੰਨ 1806 ਈ. ਨੂੰ ਸ਼ੇਰਿ-ਪੰਜਾਬ ਮਹਾਰਾਜ ਰਣਜੀਤ ਸਿੰਘ ਤੇ ਸ੍. ਫ਼ਤਿਹ ਸਿੰਘ ਨੇ ਮਿਲ ਕੇ ਮਾਲਵੇ ਦਾ ਦੌਰਾ ਕੀਤਾ, ਜਿਸ ਤੋਂ ਜਗਰਾਉਂ ਦਾ ਪਿੰਡ ਇਹਨਾਂ ਨੂੰ ਮਿਲਯਾ। ਰਾਏ ਸਾਹਿਬ ਦੀ ਰਾਣੀ ਨੂੰ ਰਾਏਕੋਟ ਦਾ ਇਲਾਕਾ ਗੁਜ਼ਾਰੇ ਵਾਸਤੇ ਦਿੱਤਾ ਗਿਆ। ਫਿਰ ਮਹਾਰਾਜਾ ਦੀ ਮਦਦ ਨਾਲ ਨਾਰਾਇਣਗੜ੍ਹ ਤੇ ਫ਼ਤਿਹ ਹਾਸਲ ਹੋਈ ਤੇ ਪੰਜਲਾਸਾ, ਜੀਵਮਰਜਾ ਮਰਟਾਨਾ, ਆਦਿਕ ਪਿੰਡ, ਜੋ ਰਾਜਾ ਨਾਹਨ ਨੇ ਦਬਾ ਲਏ ਸੀ, ਵਾਪਸ ਲੈ ਲਏ।

ਇਸੇ ਸਾਲ ਸ੍. ਫ਼ਤਿਹ ਸਿੰਘ ਲਾਹੌਰ ਦੇ ਮਹਾਰਾਜੇ ਨਾਲ ਝੰਗ ਗਿਆ, ਜਿੱਥੇ ਫ਼ਤਿਹ ਹੋਈ। ਇੱਥੋਂ ਕਪੂਰਥਲੇ ਮੁੜ ਆਇਆ ਤੇ ਕਸਬਾ ਤਲਵੰਡੀ 'ਤੇ ਚੜ੍ਹਾਈ ਕੀਤੀ। ਸ਼ੇਰਿ-ਪੰਜਾਬ ਵੱਲੋਂ ਮਿੱਤ ਸਿੰਘ ਮਦਦ ਲੈ ਕੇ ਆ ਗਿਆ ਸੀ। ਸੋਢੀਆਂ ਦਾ ਇਲਾਕਾ 24 ਸਾਲ ਮਗਰੋਂ ਉਹਨਾਂ ਨੂੰ ਦਿਵਾਇਆ। ਇਸ ਤੋਂ ਪਿੱਛੋਂ ਫਿਰ ਕਸੂਰ 'ਤੇ ਹਮਲਾ ਕੀਤਾ। ਇੱਕ ਭਯਾਨਕ ਲੜਾਈ ਮਗਰੋਂ ਸ਼ੇਰਿ-ਪੰਜਾਬ ਦੀ ਫ਼ਤਿਹ ਹੋਈ ਤੇ ਇਹ ਕੁੱਲ ਇਲਾਕਾ ਲਾਹੌਰ ਦਰਬਾਰ ਨਾਲ ਮਿਲ ਗਿਆ।

ਗੱਲ ਕੀ, ਇਸੇ ਤਰ੍ਹਾਂ ਨਾਲ ਸ੍. ਫ਼ਤਿਹ ਸਿੰਘ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਹਰ ਜੰਗ ਵਿੱਚ ਰਿਹਾ ਤੇ ਆਪਣੀ ਸ਼ਕਤੀ ਭਰ ਸਹਾਇਤਾ ਕਰ ਕੇ ਉਸ ਦੀ ਤਾਕਤ ਨੂੰ ਵਧਾਉਂਦਾ ਰਿਹਾ।

ਸਤੰਬਰ, 1808 ਈ. ਮੁਤਾਬਕ 1865 ਬਿ. ਨੂੰ ਜਦ ਮਿਸਟਰ ਮੈਟਕਾਫ਼ ਸਫ਼ੀਰ ਅੰਗਰੇਜ਼ੀ ਕਸੂਰ ਦੇ ਮੁਕਾਮ 'ਤੇ ਸ਼ੇਰਿ-ਪੰਜਾਬ ਨੂੰ ਮਿਲਯਾ, ਉਸ ਵੇਲੇ ਉਸ ਦੀ ਆਉ-ਭਗਤ ਕਰਨ ਵਾਸਤੇ ਸ੍. ਫ਼ਤਿਹ ਸਿੰਘ ਤੇ ਦੀਵਾਨ ਮੋਹਕਮ ਚੰਦ ਦੀ ਨਿਯੁਕਤੀ ਹੋਈ ਸੀ। ਜਦ ਤਕ ਮਿਸਟਰ ਮੈਟਕਾਫ਼ ਵਾਪਸ ਨਹੀਂ ਗਿਆ, ਉਦੋਂ ਤਕ ਸ੍. ਫ਼ਤਿਹ ਸਿੰਘ ਮਹਾਰਾਜਾ ਪਾਸ ਹੀ ਰਿਹਾ। 25 ਅਪ੍ਰੈਲ, 1809 ਨੂੰ ਅੰਗਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਵਿੱਚ ਇਕਰਾਰਨਾਮਾ ਹੋਇਆ, ਉਸ ਵੇਲੇ ਤਕ ਸ੍. ਫ਼ਤਿਹ ਸਿੰਘ ਇੱਥੇ ਹੀ ਰਿਹਾ, ਉਹਨਾਂ ਦੇ ਵਿੱਚ ਫ਼ਤਿਹ ਸਿੰਘ ਦੀ ਸਲਾਹ ਵੀ ਲਈ ਗਈ। ਸੰਨ 1809 ਈ. ਵਿੱਚ ਸ੍. ਫ਼ਤਿਹ ਸਿੰਘ ਕਾਂਗੜੇ ਦੇ ਮੁਹਾਸਰੇ ਵਿੱਚ ਸ਼ਾਮਲ ਹੋਇਆ। ਇਹ ਘੇਰਾ ਅਮਰ ਸਿੰਘ ਯਾ ਗੋਰਖਿਆਂ ਨੇ ਪਾ ਰੱਖਯਾ ਸੀ।

ਸੰਨ 1809 ਈ. ਵਿੱਚ ਜਦੋਂ ਸ਼ੇਰਿ-ਪੰਜਾਬ ਮੁਲਤਾਨ ਵੱਲ ਗਿਆ, ਤਦ ਲਾਹੌਰ, ਅੰਮ੍ਰਿਤਸਰ ਦੀ ਰਖਵਾਲੀ ਸ੍. ਫ਼ਤਿਹ ਸਿੰਘ ਦੇ ਸਪੁਰਦ ਸੀ। ਫਿਰ 1809 ਈ. ਨੂੰ ਜਦ ਸ਼ਾਹ ਮਹਮੂਦ ਤੇ ਸ਼ਾਹਜਹਾਂ ਦੇ ਨਾਲ ਸ਼ੇਰਿ-ਪੰਜਾਬ ਨੇ ਰਾਵਲਪਿੰਡੀ ਮੁਲਾਕਾਤ ਕੀਤੀ, ਤਾਂ ਵੀ ਸ੍. ਫ਼ਤਿਹ ਸਿੰਘ ਨਾਲ ਸੀ।

ਜਲੰਧਰ ਦੇ ਹਾਕਮ ਬੁੱਧ ਸਿੰਘ ਨੇ ਸ਼ੇਰਿ-ਪੰਜਾਬ ਦਾ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ, ਜਿਸ 'ਤੇ ਦੀਵਾਨ ਮੋਹਕਮ ਚੰਦ ਤੇ ਸ੍. ਫ਼ਤਿਹ ਸਿੰਘ ਨੇ ਹਮਲਾ ਕਰ ਦਿੱਤਾ। ਸ੍. ਬੁੱਧ ਸਿੰਘ ਜਲੰਧਰ ਛੱਡ ਕੇ ਸਤਲੁਜੋਂ ਪਾਰ ਆਪਣੇ ਇਲਾਕੇ ਵਿੱਚ ਚਲਾ ਗਿਆ। ਇਹ ਸਾਰਾ ਇਲਾਕਾ ਲਾਹੌਰ ਦਰਬਾਰ ਨੇ ਲੈ ਲਿਆ। ਪਰਗਣਾ ਥਾਡਾ ਤੇ ਮਾਲੀਆ ਸਰਦਾਰ ਫ਼ਤਿਹ ਸਿੰਘ ਦੇ ਹੱਥ ਆਇਆ।

ਸਰਦਾਰ ਫ਼ਤਿਹ ਸਿੰਘ ਨੇ ਸਰ ਅਖਤਰ ਲੋਨੀ ਦੇ ਕਹਿਣ 'ਤੇ ਇੱਕ ਫ਼ੌਜ ਦੀ ਕਮਾਨ ਮੀਰ ਨਿਜ਼ਾਮੁਦੀਨ ਨੂੰ ਦੇ ਕੇ ਭੜੌਂਕ ਵੱਲ ਭੇਜੀ। ਭੜੌਂਕ ਵਾਲਿਆਂ ਨੂੰ ਸਖ਼ਤ ਸ਼ਿਕਸਤ ਹੋਈ। ਦੋਹਾਂ ਧਿਰਾਂ ਦੇ 150 ਦੇ ਕਰੀਬ ਆਦਮੀ ਲੜਾਈ ਵਿੱਚ ਮਾਰੇ ਗਏ।

ਭੜੌਂਕ 'ਤੇ ਚੜ੍ਹਾਈ ਦਾ ਸੰਖੇਪ ਤੌਰ 'ਤੇ ਕਾਰਨ ਇਹ ਸੀ ਕਿ ਇਹ ਇਲਾਕਾ ਸਰਦਾਰ ਜੱਸਾ ਸਿੰਘ ਨੇ ਆਪਣੇ ਜਵਾਈ ਮੋਹਰ ਸਿੰਘ ਨੂੰ ਦਿੱਤਾ ਸੀ। ਓਹਦਾ ਪੁੱਤਰ ਮਹਾਂ ਸਿੰਘ ਛੋਟਾ ਜਿਹਾ ਸੀ। ਇਸ ਕਰ ਕੇ ਉਹਦੀ ਮਾਂ ਨੇ ਇਲਾਕੇ ਦਾ ਪ੍ਰਬੰਧ ਵਸਾਵਾ ਸਿੰਘ ਤੇ ਰਾਏ ਸਿੰਘ ਨੌਕਰਾਂ ਦੇ ਸਪੁਰਦ ਕੀਤਾ, ਜਿਨ੍ਹਾਂ ਦੇ ਪਾਸੋਂ ਪ੍ਰਬੰਧ ਨਾ ਹੋ ਸਕਣ ਕਾਰਨ ਗੜਬੜ ਮਚ ਗਈ ਸੀ।

ਜਦੋਂ ਸਤਲੁਜ ਤੋਂ ਓਸ ਪਾਰ ਦੀਆਂ ਕੁਝ ਰਿਆਸਤਾਂ ਦਾ ਇੰਤਜ਼ਾਮ ਸਰਕਾਰ ਦੀ ਨਿਗਰਾਨੀ ਵਿੱਚ ਹੋ ਗਿਆ ਤੇ ਅੰਗਰੇਜ਼ੀ ਹਾਕਮਾਂ ਨੇ ਮਹਾਂ ਸਿੰਘ ਨੂੰ ਰਈਸ ਭੜੋਗੀਆਂ ਨੂੰ ਕੁਝ ਗੱਲਾਂ ਕਰਨ ਦੀ ਆਗਿਆ ਦਿੱਤੀ, ਤਦੋਂ ਉਸ ਨੇ ਆਪਣੇ-ਆਪ

ਨੂੰ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਏ ਦਾ ਜ਼ੈਲਦਾਰ ਦੱਸਿਆ। ਅੰਗਰੇਜ਼ੀ ਹਾਕਮਾਂ ਨੇ ਸਰਦਾਰ ਭੜੋਗੀਆਂ ਨੂੰ ਕੁਝ ਫਸਾਦਾਂ ਦਾ ਜ਼ਿੰਮੇਵਾਰ ਦੱਸ ਕੇ ਸਰਦਾਰ ਫ਼ਤਿਹ ਸਿੰਘ ਨੂੰ ਉਸ ਦੇ ਇਲਾਕੇ ਦੀ ਜ਼ਬਤੀ ਬਾਬਤ ਲਿਖਯਾ, ਜੋ ਉਸੇ ਤਰ੍ਹਾਂ ਕੀਤਾ ਗਿਆ, ਪਰੰਤੂ ਹੁਣ ਗਵਰਨਮੈਂਟ ਨੇ ਮਹਾਂ ਸਿੰਘ ਦੀ ਛੋਟੀ ਆਯੂ ਦਾ ਖ਼ਿਆਲ ਕਰ ਕੇ ਉਹਦੇ ਅਪਰਾਧ ਨੂੰ ਬਖ਼ਸ਼ ਦਿੱਤਾ ਤੇ ਸਰਦਾਰ ਫ਼ਤਿਹ ਸਿੰਘ ਨੂੰ ਲਿਖਯਾ ਕਿ ਭੜੋਕ ਮਹਾਂ ਸਿੰਘ ਨੂੰ ਫਿਰ ਦੇ ਦਿੱਤਾ ਜਾਵੇ, ਪਰੰਤੂ ਆਹਲੂਵਾਲੀਏ ਸਰਦਾਰ ਨੇ ਇਸ ਹੁਕਮ ਦੇ ਮੰਨਣ ਦੇ ਵਿੱਚ ਕੁਝ ਢਿੱਲ-ਮੱਠ ਹੀ ਵਰਤੀ, ਕਿਉਂਕਿ ਇਸ ਮੁਹਿੰਮ ਦੇ ਕਾਰਨ ਜੋ ਨੁਕਸਾਨ ਤੇ ਤਕਲੀਫ਼ ਰਿਆਸਤ ਨੂੰ ਉਠਾਣੀ ਪਈ, ਰਿਆਸਤ ਨੂੰ ਦੇਣ ਵਿੱਚ ਵਿਚਾਰ ਕਰਨਾ ਨਿਆਇ ਅਨੁਕੂਲ ਸੀ। ਸਰ ਚਾਰਲਸ ਮਸਟਾਕ ਨੇ ਵੀ ਇਸ ਮਾਮਲੇ ਵਿੱਚ ਗਵਰਨਮੈਂਟ ਦੀ ਸਖ਼ਤੀ ਨੂੰ ਮੰਨਿਆ, ਉਸ ਨੂੰ ਇੱਕ ਚਿੱਠੀ ਵਿੱਚ ਲਿਖਯਾ ਹੈ ਕਿ;

ਸਰਦਾਰ ਫ਼ਤਿਹ ਸਿੰਘ ਦਾ ਮਹਾਂ ਸਿੰਘ ਦੀ ਜਾਇਦਾਦ ਵਾਪਸ ਦਵਾ ਦੇਣ ਤੋਂ, ਜਦਕਿ ਉਹਦੀ ਜਾਏਦਾਦ ਜ਼ਬਤ ਹੋ ਚੁੱਕੀ ਸੀ, ਨੁਕਸਾਨ ਹੋਇਆ ਹੈ। ਇਹ ਕੰਮ ਮਹਾਂ ਸਿੰਘ ਦੇ ਹੱਕ ਵਿੱਚ ਰਹਿਮ ਤੇ ਕ੍ਰਿਪਾਲਤਾ ਦਾ ਸੀ, ਪ੍ਰੰਤੂ ਮੈਂ ਇਹ ਗੱਲ ਮੰਨਦਾ ਹਾਂ ਕਿ ਇਸ ਤੋਂ ਫ਼ਤਿਹ ਸਿੰਘ ਦੇ ਹੱਕ ਵਿੱਚ ਇੱਕ ਤਰ੍ਹਾਂ ਨਾਲ ਸਖ਼ਤੀ ਹੋਈ, ਭਾਵੇਂ ਹਾਲਤ ਤੋਂ ਇੰਜ ਹੀ ਹੋਣਾ ਠੀਕ ਸੀ। ਅੰਤ ਨੂੰ ਜਦ ਗਵਰਨਮੈਂਟ ਨੂੰ ਸਰਦਾਰ ਫ਼ਤਿਹ ਸਿੰਘ ਨੂੰ ਰਿਆਸਤ ਵਾਪਸ ਦੇਣ 'ਤੇ ਮਜਬੂਰ ਕੀਤਾ, ਤਦ ਉਸ ਨੇ ਰਿਆਸਤ ਭੜੋਕ ਮਹਾਂ ਸਿੰਘ ਨੂੰ ਦੇ ਦਿੱਤੀ ਤੇ ਆਪਣੀ ਫ਼ੌਜ ਵਾਪਸ ਮੰਗਾ ਲਈ ਕਿੰਤੂ ਮਹਾਂ ਸਿੰਘ ਨੇ ਜਦ ਹੋਸ਼ ਸੰਭਾਲੀ, ਤਦ ਗਵਰਨਮੈਂਟ ਦੀ ਇਸ ਖ਼ਾਸ ਰਿਆਇਤ ਦੀ ਓਸ ਨੇ ਕੋਈ ਕਦਰ ਨਹੀਂ ਕੀਤੀ ਤੇ ਜਿਹਾ ਮੂੰਹ ਤਾਣਾ ਹੋਇਆ ਕਿ ਸੰਮਤ 1882 ਬਿ. (1825 ਈ.) ਨੂੰ ਸਰਦਾਰ ਆਹਲੂਵਾਲੀਏ ਦੀ ਜ਼ੈਲਦਾਰੀ ਤੋਂ ਇਨਕਾਰ ਕਰ ਦਿੱਤਾ। ਏਜੰਟ ਦੀ ਤਾੜਨਾ ਵੀ ਓਸ ਨੇ ਕੋਈ ਪ੍ਰਵਾਹ ਨਾ ਕੀਤੀ, ਜਿਸ 'ਤੇ ਉਸ ਨੇ ਰੈਜ਼ੀਡੈਂਟ ਨੂੰ ਲਿਖਯਾ ਕਿ ਜਦ ਤਕ ਮਹਾਂ ਸਿੰਘ ਆਗਿਆ ਦਾ ਪਾਲਣ ਨਾ ਕਰੇ, ਓਹਦਾ ਸਾਰਾ ਇਲਾਕਾ ਕੁਰਕ ਹੋਣਾ ਚਾਹੀਦਾ ਹੈ। ਰੈਜ਼ੀਡੈਂਟ ਨੂੰ ਵੀ ਬਹੁਤ ਸਮਝਾਇਆ ਕਿੰਤੂ ਉਸ ਨੂੰ ਕਿਸੇ ਦੀ ਗੱਲ ਨਾ ਪੋਹੀ, ਓਹ ਤਾਂ ਸਾਫ਼ ਕਹਿੰਦਾ ਸੀ :

"ਭਿਖ ਮੰਗਣਾ ਕਬੂਲ ਕਿੰਤੂ ਫ਼ਤਹ ਸਿੰਘ
ਦੀ ਜ਼ੈਲਦਾਰੀ ਕਰਨਾ ਪ੍ਰਵਾਨ ਨਹੀਂ।"

ਅੰਤ ਨੂੰ ਜਦੋਂ ਇਹ ਮਾਮਲਾ ਗਵਰਨਮੈਂਟ ਕੋਲ ਪੁੱਜਿਆ, ਤਦੋਂ ਉੱਥੇ ਫ਼ੈਸਲਾ ਹੋਇਆ, ਕਿਉਂਕਿ ਐਹਿਦਨਾਮਾ, ਜੋ 1809 ਈ. ਨੂੰ ਸਰਕਾਰ ਅੰਗਰੇਜ਼ੀ ਤੋਂ ਮਹਾਰਾਜਾ ਸਾਹਿਬ ਦੇ ਵਿਚਕਾਰ ਹੋਇਆ ਹੈ, ਸਰਦਾਰ ਫ਼ਤਿਹ ਸਿੰਘ ਦੀ ਅਧੀਨਗੀ ਤੋਂ ਕੋਈ ਸਰਦਾਰ ਵੀ ਬਾਹਰ ਨਹੀਂ ਰੱਖਿਆ ਗਿਆ। ਫਿਰ ਅਜਿਹੀ ਹਾਲਤ ਵਿੱਚ ਜਦਕਿ ਸਰਦਾਰ ਮਹਾਂ ਸਿੰਘ ਦੀ ਰਿਆਸਤ ਸਰਦਾਰ ਫ਼ਤਿਹ ਸਿੰਘ ਦੇ ਹੱਕ ਦਿੱਤੀ ਹੋਈ ਹੈ,

ਮਹਾਂ ਸਿੰਘ ਦੇ ਵੱਡੇ ਹਮੇਸ਼ਾ ਕਪੂਰਥਲਾ ਰਿਆਸਤ ਦੇ ਅਧੀਨ ਰਹੇ ਹਨ, ਤਦ ਕੋਈ ਵਜ੍ਹਾ ਨਹੀਂ ਕਿ ਮਹਾਂ ਸਿੰਘ ਨੂੰ ਸਰਦਾਰ ਆਹਲੂਵਾਲੀਆ ਦਾ ਜ਼ੈਲਦਾਰ ਨਾ ਸਮਝਿਆ ਜਾਵੇ, ਜਾਂ ਉਹ ਆਗਿਆ ਨਾ ਮੰਨੇ, ਇਸ ਕਰ ਕੇ ਸਰਦਾਰ ਫਤਹ ਸਿੰਘ ਨੂੰ ਓਸ ਤੋਂ ਜ਼ੋਰ ਜਾਂ ਸੁਲ੍ਹਾ ਨਾਲ ਜਿਵੇਂ ਚਾਹੇ ਹੁਕਮ ਮਨਾਣ ਦਾ ਅਖ਼ਤਿਆਰ ਹੈ।

ਜਿਸ ਵੇਲੇ ਇਹ ਫ਼ੈਸਲਾ ਕਪੂਰਥਲੇ ਪੁੱਜਾ, ਓਸ ਵੇਲੇ ਸਰਦਾਰ ਫ਼ਤਿਹ ਸਿੰਘ ਬੜੀਆਂ ਸੋਚਾਂ ਵਿੱਚ ਪਿਆ ਹੋਇਆ ਸੀ ਤੇ ਮਹਾਰਾਜਾ ਲਾਹੌਰ ਵੱਲੋਂ ਕਈ ਤਰ੍ਹਾਂ ਦੇ ਫ਼ਿਕਰ ਲੱਗੇ ਹੋਏ ਸਨ, ਕਿੰਤੂ ਓਸ ਨੇ 1883 ਬਿ. 1826 ਈ. ਨੂੰ ਆਪਣੇ ਬਾਗ਼ੀ ਸਰਦਾਰ ਭੜੋਕ ਨੂੰ ਸੋਧਣ ਲਈ ਫ਼ੌਜ ਭੇਜ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਫ਼ਤਿਹ ਸਿੰਘ ਨੂੰ ਕੈਹ ਭੇਜਿਆ ਕਿ ਬਿਨਾਂ ਸਾਡੇ ਕਹੇ ਦੇ ਮਹਾਂ ਸਿੰਘ 'ਤੇ ਚੜ੍ਹਾਈ ਨਾ ਕਰੇ। ਜੇ ਕਦੇ ਫ਼ੌਜ ਭੇਜਣੀ ਜ਼ਰੂਰੀ ਹੋਵੇ, ਤਾਂ ਲਾਹੌਰ ਦਰਬਾਰ ਦੀ ਫ਼ੌਜ ਨਾਲ ਜਾਵੇ। ਜਦ ਇਹ ਗੱਲ ਗਵਰਨਮੈਂਟ ਨੇ ਸੁਣੀ, ਤਦ ਓਸ ਨੇ ਲਾਹੌਰ ਦਰਬਾਰ ਦੀ ਫ਼ੌਜ ਨੂੰ ਨਾ ਲੰਘਣ ਦਿੱਤਾ। ਤਦ ਅਣ ਚਾਹੁੰਦਿਆਂ ਹੋਇਆਂ ਫ਼ੌਜ ਰੋਕਣੀ ਪਈ ਤੇ ਇਹ ਗੱਲ ਸੁਣ ਕੇ ਮਹਾਂ ਸਿੰਘ ਦਾ ਹੋਰ ਹੌਸਲਾ ਵਧ ਗਿਆ।

ਸਰਦਾਰ ਫ਼ਤਿਹ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦਾ ਆਪਸ ਵਿੱਚ ਬਹੁਤ ਸਲੂਕ ਰਹਿ ਚੁੱਕਾ ਸੀ। ਸ੍. ਫ਼ਤਿਹ ਸਿੰਘ ਸ਼ੇਰਿ-ਪੰਜਾਬ ਦੇ ਨਾਲ ਹਰ ਜੰਗ ਵਿੱਚ ਸ਼ਾਮਲ ਹੋਇਆ ਤੇ ਲਗ-ਪਗ ਹਰ ਮਾਮਲੇ ਵਿੱਚ ਸ਼ੇਰਿ-ਪੰਜਾਬ ਇਹਨਾਂ ਦੀ ਸਲਾਹ ਵਰਤਦਾ ਰਿਹਾ। ਜੋ ਐਸ਼ਵਰਜ ਤੇ ਪਰਤਾਪ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਾਪਤ ਹੋਇਆ, ਉਹਦੇ ਵਿੱਚ ਕੁਝ ਹਿੱਸਾ ਸ੍. ਫ਼ਤਿਹ ਸਿੰਘ ਦੇ ਯਤਨਾਂ ਦਾ ਵੀ ਸੀ, ਕਿੰਤੂ ਇਹਨਾਂ ਦਿਨਾਂ ਵਿੱਚ ਇਹਨਾਂ ਦੀ ਆਪੋ ਵਿੱਚ ਕਿਸੇ ਕਾਰਨ ਖਟਪਟੀ ਜਿਹੀ ਹੋ ਗਈ।

ਸੰਨ 1818 ਈ. ਵਿੱਚ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਿਆ, ਜਿਸ ਤੋਂ ਇਸ ਦੇ ਇਲਾਕੇ 'ਤੇ ਲਾਹੌਰ ਦਰਬਾਰ ਨੇ ਕਬਜ਼ਾ ਕਰ ਲਿਆ। ਪਿੰਡ ਕਰਮਲ, ਟਾਂਡਾ ਅੱਚੇਪੁਰ ਤੇ ਗਢਦਮਾਲ, ਆਦਿਕ ਸਰਦਾਰ ਫ਼ਤਿਹ ਸਿੰਘ ਦੇ ਕਬਜ਼ੇ ਵਿੱਚ ਆ ਗਏ।

ਇਸ ਸਾਲ ਸਰਦਾਰ ਦੇ ਘਰ ਇੱਕ ਲੜਕੇ ਨੇ ਜਨਮ ਲਿਆ, ਜਿਸ ਦਾ ਨਾਂ ਨਿਹਾਲ ਸਿੰਘ ਰੱਖਿਆ ਗਿਆ। ਸੰਨ 1818 ਈ. ਨੂੰ ਸਰਦਾਰ ਫ਼ਤਿਹ ਸਿੰਘ ਨੇ ਸ੍ਰੀ ਅੰਮ੍ਰਿਤਸਰ ਦੇ ਕਿਲ੍ਹਾ ਗੋਬਿੰਦਗੜ੍ਹ ਦੇ ਨਮੂਨੇ ਦਾ ਕਿਲ੍ਹਾ ਈਸਰੂ ਵਿੱਚ ਬਣਵਾਇਆ। ਇਸ ਦੇ ਅੱਗੇ-ਪਿੱਛੇ ਪਟਯਾਲੇ ਦੇ ਪਿੰਡ ਸਨ, ਜਿਸ ਤੋਂ ਮਹਾਰਾਜਾ ਪਟਿਆਲ੍ਹਾ ਨੂੰ ਸੂਲੇ ਉਤਪੰਨ ਹੋਣ ਲੱਗੇ। ਗਵਨਰਮੈਂਟ ਦੇ ਇਹਨਾਂ ਦਿਨਾਂ ਵਿੱਚ ਇਹ ਗੱਲ ਪੁੱਜਣ 'ਤੇ ਇਹ ਕਿਲ੍ਹਾ ਬਣਨ ਤੋਂ ਸਰਕਾਰ ਨੇ ਰੋਕ ਦਿੱਤਾ।

ਸੰਨ 1821 ਈ. ਨੂੰ ਜਦੋਂ ਮਹਾਰਾਜਾ ਲਾਹੌਰ ਨੇ ਕਸ਼ਮੀਰ 'ਤੇ ਚੜ੍ਹਾਈ ਕੀਤੀ, ਤਦ ਪਿੱਛੋਂ ਲਾਹੌਰ ਦਾ ਪ੍ਰਬੰਧ ਸ੍. ਫ਼ਤਿਹ ਸਿੰਘ ਦੇ ਹੱਥ ਵਿੱਚ ਰਿਹਾ। 1822 ਈ. ਨੂੰ ਸਰਦਾਰ ਫ਼ਤਿਹ ਸਿੰਘ ਨੇ ਕਿਲ੍ਹਾ ਕੋਟਲਾ 'ਤੇ ਕਬਜ਼ਾ ਕਰ ਲਿਆ। ਇਹ ਕਿਲ੍ਹਾ

ਦਰਯਾਇ ਸਤਲੁਜ ਦੇ ਇਸ ਪਾਸਰ ਮੱਧ ਵਿੱਚ ਸੀ। ਸ੍. ਫ਼ਤਿਹ ਸਿੰਘ ਨੇ ਕਿਹਾ ਕਿ ਇਹ ਸਾਡੇ ਅਧੀਨ ਹੈ। ਇਸ ਕਿਲ੍ਹੇ ਦੇ ਮਾਲਕ ਨਿਹੰਗ ਖ਼ਾਂ ਦੇ ਨਿੱਕੇ ਭਰਾ ਬਲਵੰਤ ਖ਼ਾਂ ਦਾ ਸ੍. ਫ਼ਤਿਹ ਸਿੰਘ ਪਾਸ ਰਹਿਣ-ਬਹਿਣ ਸੀ ਤੇ ਦੋਨਾਂ ਭਰਾਵਾਂ ਦੀ ਆਪੋ ਵਿੱਚ ਅਣ-ਬਣ ਸੀ। ਪੋਲੀਟੀਕਲ ਏਜੰਟ ਨੇ ਇਹ ਕਿਲ੍ਹਾ ਛੱਡ ਦੇਣ ਲਈ ਸਰਦਾਰ ਫ਼ਤਿਹ ਸਿੰਘ ਨੂੰ ਬਹੁਤ ਵਾਰੀ ਲਿਖਿਆ, ਪਰੰਤੂ ਉਹਨਾਂ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ। ਨਿਹੰਗ ਖ਼ਾਂ ਤੇ ਬਲਵੰਤ ਖ਼ਾਂ ਦੇ ਝਗੜੇ ਦੇ ਕਾਰਨ ਇਹ ਮਾਮਲਾ ਚੋਖਾ ਲੰਮਾ ਹੋਇਆ। ਅੰਬਾਲੇ ਦੇ ਏਜੰਟ ਨੇ ਜੋ ਵੀ ਫ਼ੈਸਲਾ ਕੀਤਾ ਸਰਦਾਰ ਫ਼ਤਿਹ ਸਿੰਘ ਨੇ ਨਾ ਮੰਨਿਆ ਜਿਸ ਤੋਂ :

ਗਵਰਨਰਮੈਂਟ ਨੇ ਫ਼ੈਸਲਾ ਕੀਤਾ ਕਿ ਇਸ ਵਿੱਚ ਸ਼ੱਕ ਨਹੀਂ ਕਿ ਇਹ ਜਗ੍ਹਾ ਕਿਸੇ ਸਮੇਂ ਵਿੱਚ ਕਪੂਰਥਲੇ ਦੇ ਅਧੀਨ ਰਹਿ ਚੁੱਕੀ ਹੈ, ਪਰੰਤੂ ਉਹ ਅਧੀਨਤਾ ਨਾਮ-ਮਾਤਰ ਤੇ ਕਿਸੇ ਖ਼ਾਸ ਗ਼ਰਜ਼ ਵਾਸਤੇ ਸੀ। ਇਸ ਗੱਲ ਨੂੰ ਛੱਡ ਕੇ ਸਰਕਾਰ ਦਾ ਰਿਆਸਤ ਤੋਂ ਹੱਕ ਸਰਕਾਰ ਅੰਗਰੇਜ਼ੀ ਦੇ ਆਉਣ ਤੋਂ ਪਹਿਲਾਂ ਉੱਠ ਚੁੱਕਾ ਸੀ, ਕਿਉਂਕਿ ਇੱਕ ਤਾਂ ਸਰਕਾਰ ਨੇ ਇਸ ਰਿਆਸਤ ਦਾ ਮਾਮਲਾ ਇਹਨਾਂ ਦੀ ਬਹਾਦਰੀ ਕਰ ਕੇ ਆਪ ਹੀ ਮਾਫ਼ ਕਰ ਦਿੱਤਾ ਸੀ; ਦੂਜਾ, ਸਿੱਖ ਸਰਦਾਰਾਂ ਦੀਆਂ ਜ਼ਿਆਦਤੀਆਂ ਵੀ ਕੋਟਲੇ ਨੂੰ ਨਹੀਂ ਬਚਾਉਂਦੀਆਂ ਸੀ, ਇਸ ਲਈ ਸ੍. ਫ਼ਤਿਹ ਸਿੰਘ ਨੂੰ ਹਿਦਾਇਤ ਹੋਈ ਕਿ ਓਹ ਕੋਟਲੇ ਦੇ ਮਾਮਲੇ ਵਿੱਚ ਅੱਗੋਂ ਨੂੰ ਕਿਸੇ ਤਰ੍ਹਾਂ ਦਾ ਦਖ਼ਲ ਨਾ ਦੇਵੇ। ਨਿਹੰਗ ਖ਼ਾਂ ਨੂੰ ਕੋਟਲਾ ਫਿਰ ਵਾਪਸ ਮਿਲ ਗਿਆ, ਸਗੋਂ ਸਰਕਾਰ ਅੰਗਰੇਜ਼ੀ ਨੇ ਬਲਵੰਤ ਖ਼ਾਂ ਦਾ ਹਿੱਸਾ ਵੀ ਜ਼ਬਤ ਕਰ ਕੇ ਇਸ ਨੂੰ ਦੇ ਦਿੱਤਾ। ਜੋ ਫ਼ੈਸਲਾ ਓਸ ਵੇਲੇ ਸਰਕਾਰ ਨੇ ਕੀਤਾ। ਉਹ ਭਾਵੇਂ ਓਸ ਵੇਲੇ ਦੀ ਪਾਲਸੀ ਦੇ ਅਨੁਕੂਲ ਹੋਵੇ, ਕਿੰਤੂ ਅਸਲ ਵਿੱਚ ਇਸ ਮਾਮਲੇ ਵਿੱਚ ਸ੍. ਫ਼ਤਿਹ ਸਿੰਘ ਗ਼ਲਤੀ 'ਤੇ ਸੀ, ਜੋ ਗੱਲਾਂ ਸਰਕਾਰ ਨੇ ਰਿਆਸਤ ਕਪੂਰਥਲਾ ਦਾ ਹੱਕ ਜਾਂਦਾ ਰਹਿਣ ਬਾਬਤ ਦੱਸੀਆਂ ਹਨ, ਇਹ ਕੋਈ ਵਜ਼ਨਦਾਰ ਨਹੀਂ, ਸਗੋਂ ਇਹ ਵੀ ਸ੍. ਫ਼ਤਿਹ ਸਿੰਘ ਦੇ ਦਾਅਵੇ ਦੀ ਪੁਸ਼ਟੀ ਹੀ ਕਰਦੀਆਂ ਹਨ।

ਸੰਨ 1825 ਈ. ਵਿੱਚ ਲਾਹੌਰ ਤੋਂ ਕਪੂਰਥਲੇ ਫ਼ੌਜ ਆਈ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਦੋ ਪਲਟਣਾਂ ਕਪੂਰਥਲੇ ਵੱਲ ਭੇਜੀਆਂ। ਇਹ ਖ਼ਬਰ ਸੁਣਦੇ ਹੀ ਸਰਦਾਰ ਫ਼ਤਿਹ ਸਿੰਘ ਆਪਣੀ ਰਿਆਸਤ ਛੱਡ ਕੇ ਜਗਰਾਉਂ ਜੋ ਸਰਕਾਰ ਅੰਗਰੇਜ਼ੀ ਦੇ ਕਬਜ਼ੇ ਵਿੱਚ ਸੀ, ਚਲਾ ਗਿਆ। ਉਹ ਅੰਗਰੇਜ਼ੀ ਸਰਕਾਰ ਦੀ ਮਦਦ ਚਾਹੁੰਦਾ ਸੀ। ਇਸ ਲਈ ਫ਼ਤਿਹ ਸਿੰਘ ਅੰਗਰੇਜ਼ਾਂ ਦੀ ਸ਼ਰਨ ਵਿੱਚ ਗਿਆ, ਪਰੰਤੂ 1809 ਈ. ਦੇ ਇਕਰਾਰ ਅਨੁਸਾਰ ਸਰਕਾਰ ਅੰਗਰੇਜ਼ੀ ਸਤਲੁਜੋਂ ਪਾਰ ਦੇ ਮਾਮਲਿਆਂ ਵਿੱਚ ਦਖ਼ਲ ਨਹੀਂ ਦੇ ਸਕਦੀ ਸੀ ਤੇ ਸ੍. ਫ਼ਤਿਹ ਸਿੰਘ ਦੇ ਇਲਾਕੇ ਸਤਲੁਜੋਂ ਪਾਰ ਦੇ ਵੀ ਸਾਰੇ ਅੰਗਰੇਜ਼ੀ ਰਖਯਾ ਵਿੱਚ ਨਹੀਂ ਸਨ। 454 ਪਿੰਡਾਂ ਵਿੱਚੋਂ 291 ਤਾਂ ਖ਼ਾਸ ਸਰਕਾਰ ਫ਼ਤਿਹ ਸਿੰਘ ਦੇ ਕਬਜ਼ੇ ਵਿੱਚ ਸਨ। 103 ਪਿੰਡ ਜਾਗੀਰਦਾਰਾਂ ਪਾਸ ਸਨ। ਇਹਨਾਂ

ਨੂੰ ਛੱਡ ਕੇ 46 ਨਾਰਾਇਣਗੜ੍ਹ ਦੇ, 66 ਜਗਰਾਉਂ ਦੇ ਇਲਾਕੇ, ਜੋ ਸਰਦਾਰ ਫ਼ਤਿਹ ਸਿੰਘ ਨੂੰ ਇੱਕ ਤਕੜੇ ਨਜ਼ਰਾਨੇ ਦੇ ਬਦਲੇ ਮਹਾਰਾਜਾ ਲਾਹੌਰ ਵੱਲੋਂ ਮਿਲੇ ਹੋਏ ਸਨ, ਉਹਨਾਂ 'ਤੇ ਲਾਹੌਰ ਦਰਬਾਰ ਦਾ ਅਧਿਕਾਰ ਆਪ ਸਰਕਾਰ ਮੰਨ ਚੁੱਕੀ ਸੀ।

ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਕਾਮਨਾ ਕਪੂਰਥਲਾ ਰਿਆਸਤ ਵਿਗਾੜਨ ਦੀ ਨਹੀਂ ਸੀ। ਉਸ ਨੇ ਸਰਦਾਰ ਫਤਹ ਸਿੰਘ ਨਾਲ ਸੁਲ੍ਹਾ ਕਰਨ ਦੀ ਮਨਸ਼ਾ ਜ਼ਾਹਿਰ ਕੀਤੀ ਤੇ ਰਿਆਸਤ ਕਾਇਮ ਰੱਖਣ ਦਾ ਹਰ ਤਰ੍ਹਾਂ ਯਕੀਨ ਦਿਵਾਇਆ ਤੇ ਇਸ ਭਾਵ ਦਾ ਇੱਕ ਇਕਰਾਰਨਾਮਾ ਜਾਫਰਾਨ ਦਾ ਪੰਜਾ ਲਾ ਕੇ 1884 ਬਿ. (ਸੰਨ 1827 ਈ.) ਵਿੱਚ ਕੰਵਰ ਨੌਨਿਹਾਲ ਸਿੰਘ, ਰਾਜਾ ਧਿਆਨ ਸਿੰਘ, ਸ੍. ਦੇਸਾ ਸਿੰਘ ਅਨੰਦਪੁਰ ਦੇ ਸੋਢੀਆਂ ਦੀ ਰਾਹੀਂ ਸ੍. ਫ਼ਤਿਹ ਸਿੰਘ ਨੂੰ ਭੇਜ ਕੇ ਵਾਪਸ ਬੁਲਾ ਲਿਆ। ਅੰਗਰੇਜ਼ਾਂ ਵੱਲੋਂ ਕੁਝ ਮਦਦ ਨਾ ਮਿਲਣ ਕਰ ਕੇ ਰਾਜਾ ਧਿਆਨ ਸਿੰਘ ਦੇ ਕਹੇ ਤੇ ਸ੍. ਫਤਹ ਸਿੰਘ ਕਪੂਰਥਲੇ ਵਾਪਸ ਆ ਗਿਆ, ਪਰੰਤੂ ਵਾਪਸ ਮੁੜਨ ਤੋਂ ਪਹਿਲਾਂ ਖ਼ਿਆਲ ਸੀ ਕਿ ਸ਼ਾਇਦ ਫਿਰ ਕਦੀ ਇੱਧਰ ਪਨਾਹ ਲੈਣੀ ਪੈ ਜਾਏ।

ਜਦੋਂ ਸਰਦਾਰ ਫ਼ਤਿਹ ਸਿੰਘ ਕਪੂਰਥਲੇ ਵਾਪਸ ਆ ਗਿਆ ਤਾਂ ਸ਼ੇਰਿ-ਪੰਜਾਬ ਨੇ ਹੇਠ ਲਿਖੇ ਇਲਾਕੇ ਵਾਪਸ ਨਾ ਕੀਤੇ :

| ਨੰ. | ਇਲਾਕਾ | ਪਿੰਡਾਂ ਦੀ ਗਿਣਤੀ |
|---|---|---|
| 1. | ਔਰੰਗਾਬਾਦ | 8 |
| 2. | ਥੇਹ | 9 |
| 3. | ਬਲਾਚੌਰ | 17 |
| 4. | ਥੇਹ ਦੇਸਲ | 12 |
| 5. | ਬੋਂਦਾਸਾ | 5 |
| 6. | ਬੈਹਗਾ | 5 |
| 7. | ਪਿੰਡੋਰੀ | 2 |
| 8. | ਪਤੀ | 15 |
| 9. | ਟਸਕਾ | 1 |
| 10. | ਟਾਂਡਾ ਅੜਮ | 10 |
| 11. | ਤਲਵੈਡੀ ਸਯਦਾਂ | 7 |
| 12. | ਮਹਤੀ (ਕੋਹਸਤਾਨ) | 9 |
| 13. | ਜਲਾਲ ਆਬਾਦ | 6 |
| 14. | ਜੈਡਿਆਲਾ ਦਾਰਤੋਕਰੀ | 44 |
| 15. | ਛਡਾ | 3 |
| 16. | ਚੰਗੀ ਗੋਹਲਵਰਵਾਲੀ | 19 |

| | | |
|---|---|---|
| 17. | ਸੰਦਲਕਚ | 11 |
| 18. | ਚੋਰਚਕ | 0 |
| 19. | ਚੂਹਾਲਾ | 1 |
| 20. | ਚੂਲਹਾ | 19 |
| 21. | ਧਰਮਕੋਟ | 14 |
| 22. | ਰਾਏਕੋਟ | 19 |
| 23. | ਸਰਾਲਾ | 28 |
| 24. | ਸਰਹਾਲੀ | 16 |
| 25. | ਸਰੀਅਸਮੇਤ ਮਲਕਾ | 7 |
| 26. | ਫਤੇਹ ਆਬਾਦ | 65 |
| 27. | ਫ਼ਤੇਹ ਕੋਟ | 24 |
| 28. | ਫਤੇਹਗੜ੍ਹ | 29 |
| 29. | ਅੰਮ੍ਰਿਤਸਰ ਕਟੜਾ ਆਹਲੂਵਾਲੀਆ | 15 |
| 30. | ਕੋਟ ਬਾਬਲ ਖ਼ਾਂ | 8 |
| 31. | ਕਲੇਥਾ | 8 |
| 32. | ਖੇਰਪਾਲ | 7 |
| 33. | ਲਾਡੀਆਂ | 12 |
| 34. | ਸਰਹਾਲੀ ਮਕਸੂਦਪੁਰ | 8 |
| 35. | ਹੈਬਤਪੁਰ | 22 |
| 36. | ਨੂਰਮਹਲ | 22 |
| 37. | ਵੈਰੋਵਾਲ | 5 |
| 38. | ਵੇਰਕਾ | 2 |
| 39. | ਸਰੋਕੜ | 2 |

ਸੰਨ 1827 ਈ. ਨੂੰ ਸਰਦਾਰ ਫ਼ਤਿਹ ਸਿੰਘ ਨੇ ਆਪਣੇ ਵਲੀ ਐਹਦ ਰਾਜਾ ਨਿਹਾਲ ਸਿੰਘ ਦਾ ਵਿਆਹ ਫ਼ਤਿਹ ਆਬਾਦ ਵਿੱਚ ਬੜੀ ਧੂਮ-ਧਾਮ ਨਾਲ ਕੀਤਾ, ਜਿਸ ਵਿੱਚੋਂ 1827 ਈ. ਨੂੰ ਰਣਧੀਰ ਸਿੰਘ ਤਖ਼ਤ ਦਾ ਵਾਰਸ ਉਤਪੰਨ ਹੋਇਆ।

ਸੰਨ 1828 ਈ. ਨੂੰ ਚੜ੍ਹਤ ਸਿੰਘ ਨੂਰਮਹਲ ਦੇ ਚਲਾਣਾ ਕਰ ਜਾਣ ਤੇ ਸਰਦਾਰ ਫ਼ਤਿਹ ਸਿੰਘ ਨੇ ਉਸ ਦੇ ਲੜਕੇ ਕੇਸਰ ਸਿੰਘ ਨੂੰ ਆਗਿਆ ਪਾਲਣ ਵਿੱਚ ਰਹਿਣ ਦੀ ਸ਼ਰਤ 'ਤੇ ਉਸ ਦਾ ਜਾਨਸ਼ੀਨ ਨਿਯਤ ਕੀਤਾ। ਇਸੇ ਸਾਲ ਰਾਜਾ ਨਿਹਾਲ ਸਿੰਘ ਦੇ ਘਰ ਕੰਵਰ ਬਿਕ੍ਰਮਾ ਸਿੰਘ ਦੂਜਾ ਲੜਕਾ ਪੈਦਾ ਹੋਇਆ।

ਅਕਤੂਬਰ, 1937 ਈ. ਮੁਤਾਬਕ 1894 ਬਿਕ੍ਰਮੀ ਨੂੰ ਸਰਦਾਰ ਫ਼ਤਿਹ ਸਿੰਘ

ਇਸ ਦੁਨੀਆ ਤੋਂ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਥਾਂ 'ਤੇ ਰਾਜਾ ਨਿਹਾਲ ਸਿੰਘ ਗੱਦੀ 'ਤੇ ਬੈਠਾ। ਜਦ ਰਾਜਾ ਨਿਹਾਲ ਸਿੰਘ ਮਹਾਰਾਜਾ ਰਣਧੀਰ ਸਿੰਘ ਨੂੰ ਲਾਹੌਰ ਮਿਲਣ ਗਿਆ, ਤਾਂ ਮਹਾਰਾਜਾ ਸਾਹਿਬ ਨੇ ਚਾਰ ਲੱਖ ਰੁਪਯਾ ਉਸ ਤੋਂ ਨਜ਼ਰਾਨਾ ਲਿਆ ਤੇ ਜ਼ਬਰਦਸਤੀ ਪੰਜ ਸੌ ਪਿਆਦਾ ਤੇ ਜੰਬੂਰਕ ਦੀ ਨੌਕਰੀ ਵੀ ਲਿਖਵਾ ਲਈ।

**ਕੰਵਰ ਅਮਰ ਸਿੰਘ ਦੀ ਖਹਿਬਾਜ਼ੀ** : ਕੰਵਰ ਅਮਰ ਸਿੰਘ ਨੇ ਆਪਣੇ ਵੱਡੇ ਭਰਾ ਰਾਜਾ ਨਿਹਾਲ ਸਿੰਘ ਨੂੰ ਤਖ਼ਤ ਤੋਂ ਉਤਾਰ ਕੇ ਆਪ ਤਖ਼ਤ 'ਤੇ ਬੈਠਣ ਦੀ ਸਾਜ਼ਿਸ਼ ਸ਼ੁਰੂ ਕੀਤੀ। ਕਿਹਾ ਜਾਂਦਾ ਹੈ ਕਿ ਇਸ ਮਾਮਲੇ ਵਿੱਚ ਲਾਹੌਰ ਦਰਬਾਰ ਪਾਸੋਂ ਕੁਝ ਮਦਦ ਮੰਗੀ, ਪਰੰਤੂ ਆਪਣੀ ਮੂਰਖਤਾ ਨਾਲ ਫਿਰ ਰਿਆਸਤ ਦੇ ਕੁਝ ਅਹਿਲਕਾਰਾਂ ਨੂੰ ਨਾਲ ਮਿਲਾ ਕੇ ਰਾਜਾ ਨੂੰ ਕਤਲ ਕਰਨ ਦੀ ਗੋਂਦ ਗੁੰਦੀ ਤੇ ਆਪਣੇ ਇਸ ਮੂਰਖਤਾ ਭਰੇ ਮਨਸੂਬੇ ਨੂੰ ਪੂਰਾ ਕਰਨ ਵਾਸਤੇ ਉਹ ਵੇਲਾ ਨਿਯਤ ਕੀਤਾ, ਜਿਸ ਵੇਲੇ ਕਿ ਰਾਜਾ ਸਾਹਿਬ ਨੌਕਰਾਂ ਦੇ ਨਾਲ ਘਰੋਂ ਨਿਕਲ ਕੇ ਸੈਰ ਕਰਨ ਜਾ ਰਹੇ ਸੀ। ਰਾਜਾ ਨਿਹਾਲ ਸਿੰਘ ਆਪਣੇ ਘਰ ਦੇ ਦੋ ਨੌਕਰਾਂ ਨਾਲ ਘਰੋਂ ਨਿਕਲਿਆ। ਉਸੇ ਵੇਲੇ ਲੱਖਾ ਰੂੜ ਸਿੰਘ ਤੇ ਮਹਿਤਾਬ ਸਿੰਘ ਆਦਿਕ ਕੁਝ ਆਦਮੀਆਂ ਨੇ ਨਿਹਾਲ ਸਿੰਘ 'ਤੇ ਹਮਲਾ ਕਰ ਦਿੱਤਾ। ਰਾਜਾ ਨੇ ਬੜੀ ਬਹਾਦਰੀ ਨਾਲ ਆਪਣੀ ਜਾਨ ਬਚਾਈ। ਭਾਵੇਂ ਕੁਝ ਥੋੜ੍ਹੇ ਜਿਹੇ ਜ਼ਖ਼ਮ ਆਏ, ਪਰੰਤੂ ਗੁਲਾਬ ਸਿੰਘ ਤੇ ਚੜ੍ਹਤ ਸਿੰਘ ਨੇ ਆਪਣੇ-ਆਪ ਨੂੰ ਰਾਜਾ ਦੇ ਵਾਸਤੇ ਢਾਲ ਬਣਾ ਦਿੱਤਾ, ਆਪ ਟੁਕੜੇ-ਟੁਕੜੇ ਹੋ ਗਏ ਇਤਨੇ ਵਿੱਚ ਰਾਜਾ ਸਾਹਿਬ ਦੇ ਸਾਥੀ ਆ ਗਏ ਤੇ ਸਾਰੇ ਵੈਰੀ ਫੜੇ ਗਏ, ਆਪਣੇ ਕੀਤੇ ਮਾੜੇ ਕਰਮ ਦੀ ਸਜ਼ਾ ਭੁਗਤੀ।

ਜਦੋਂ ਇਹ ਖ਼ਬਰ ਲਾਹੌਰ ਪੁੱਜੀ, ਤਾਂ ਦੋਨੋਂ ਭਰਾਵਾਂ ਨੂੰ ਮਹਾਰਾਜਾ ਸਾਹਿਬ ਨੇ ਆਪਣੇ ਕੋਲ ਬੁਲਾਇਆ। ਵੱਡੇ ਭਰਾ ਨਾਲ ਹਮਦਰਦੀ ਪ੍ਰਗਟ ਕੀਤੀ ਤੇ ਛੋਟੇ ਨੂੰ ਤਾੜਨਾ ਕੀਤੀ ਤੇ ਵੱਡੇ ਨੂੰ ਕਿਹਾ ਕਿ ਛੋਟੇ ਨੂੰ ਇੱਕ ਲੱਖ ਦੀ ਜਾਗੀਰ ਤੋਂ ਵੱਧ 30 ਹਜ਼ਾਰ ਦੀ ਇੱਕ ਜਾਗੀਰ ਦੇ ਦੇਵੇ ਤੇ ਜਿਨ੍ਹਾਂ ਸ਼ੈਤਾਨਾਂ ਦੀ ਚੁੱਕ ਵਿੱਚ ਇਹ ਘਟਨਾ ਵਾਪਰੀ ਹੈ, ਉਹਨਾਂ ਨੂੰ ਕਰੜਾ ਦੰਡ ਦਿੱਤਾ ਜਾਵੇ। ਸੋ, ਰਾਜਾ ਨਿਹਾਲ ਸਿੰਘ ਨੇ 30 ਹਜ਼ਾਰ ਦਾ ਸੁਲਤਾਨਪੁਰ ਦਾ ਇਲਾਕਾ ਦੇ ਦਿੱਤਾ ਤੇ ਜਿਨ੍ਹਾਂ ਲੂਣ ਹਰਾਮ ਨੌਕਰਾਂ ਨੇ ਕਤਲ ਕਰਨ ਦੀ ਸਾਜ਼ਿਸ਼ ਰਚੀ ਸੀ, ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਸੰਨ 1839 ਨੂੰ ਮੌਲਵੀ ਗ਼ੁਲਾਮ ਮੁਹੰਮਦ ਨੂੰ ਵਜ਼ੀਰ ਬਣਾਇਆ ਗਿਆ।

ਸੰਨ 1840 ਨੂੰ ਮਹਾਰਾਜਾ ਸ਼ੇਰ ਸਿੰਘ ਤਖ਼ਤ 'ਤੇ ਬੈਠਾ ਤਾਂ ਕੰਵਰ ਅਮਰ ਸਿੰਘ ਨੇ ਤਖ਼ਤ ਸੰਭਾਲਣ ਦੀ ਸਾਜ਼ਿਸ਼ ਫਿਰ ਰਚੀ, ਪਰੰਤੂ ਅਜੇ ਕੰਵਰ ਅਮਰ ਸਿੰਘ ਸੋਚਾਂ ਵਿੱਚ ਹੀ ਸੀ ਕਿ ਮੌਤ ਨੇ ਸੱਦਾ ਦੇ ਦਿੱਤਾ।

28 ਮਾਰਚ ਨੂੰ ਮਹਾਰਾਜਾ ਸ਼ੇਰ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਹੀਰਾ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਕਿਸ਼ਤੀ ਵਿੱਚ ਬੈਠੇ ਦਰਿਆ ਰਾਵੀ ਦੀ ਸੈਰ ਕਰ ਰਹੇ

ਸਨ। ਕੰਵਰ ਅਮਰ ਸਿੰਘ ਆਹਲੂਵਾਲੀਆ ਵੀ ਨਾਲ ਬੈਠਾ ਸੀ। ਅਚਨਚੇਤ ਕਿਸ਼ਤੀ ਵਿੱਚ ਪਾਣੀ ਆ ਗਿਆ ਤੇ ਕਿਸ਼ਤੀ ਡੁੱਬ ਗਈ। ਮਹਾਰਾਜਾ ਸਾਹਿਬ ਹੋਰ ਸਾਰੇ ਸਰਦਾਰਾਂ ਸਮੇਤ ਉਹਨਾਂ ਹਾਥੀਆਂ 'ਤੇ, ਜੋ ਦਰਿਆ ਦੇ ਕੰਢੇ 'ਤੇ ਖੜ੍ਹੇ ਹੋਏ, ਇਹ ਵੇਖਦੇ ਹੀ ਦਰਿਆ ਵਿੱਚ ਠੇਲ੍ਹ ਦਿੱਤੇ ਸਨ, ਚੜ੍ਹ ਕੇ ਪਾਰ ਹੋ ਗਏ, ਪਰੰਤੂ ਸਰਦਾਰ ਅਮਰ ਸਿੰਘ ਆਹਲੂਵਾਲੀਆ ਡੁੱਬ ਗਿਆ। ਰਾਜਾ ਨਿਹਾਲ ਸਿੰਘ ਨੇ ਰਾਜਾ ਧਿਆਨ ਸਿੰਘ ਦੀ ਰਾਹੀਂ ਇੱਕ ਤਕੜੀ ਰਕਮ ਦੇ ਕੇ ਕੰਵਰ ਦੀ ਜਾਗੀਰ 'ਤੇ ਕਬਜ਼ਾ ਕਰ ਲਿਆ। ਉਸ ਦੇ ਲੜਕੇ ਕੇਸਰ ਸਿੰਘ ਨੂੰ ਕੁਝ ਪਿੰਡ ਗੁਜ਼ਾਰੇ ਵਾਸਤੇ ਦੇ ਦਿੱਤੇ ਗਏ।

ਸੰਨ 1842 ਈ. ਨੂੰ ਮਹਾਰਾਜਾ ਸ਼ੇਰ ਸਿੰਘ ਨੇ ਕਿਸੇ ਗੱਲ ਤੋਂ ਨਾਰਾਜ਼ ਹੋ ਕੇ ਸਰਦਾਰ ਲੈਹਿਣਾ ਸਿੰਘ ਮਜੀਠੀਏ ਨੂੰ ਭੇਜਿਆ ਤਾਂ ਕਿ ਕਪੂਰਥਲੇ ਦੀ ਰਿਆਸਤ ਦੇ ਕੁਝ ਪਿੰਡਾਂ 'ਤੇ ਕਬਜ਼ਾ ਕਰ ਲਵੇ। ਸੋ, ਉਸ ਨੇ ਸੁਮਾਂਵਾਲਾ, ਮਕੀਵਾਲਾ, ਜੈਸਲ ਵਾਲਾ, ਜੋ ਕਪੂਰਥਲੇ ਦੇ ਇਲਾਕੇ ਵਿੱਚ ਸਨ, ਲਾਹੌਰ ਦਰਬਾਰ ਦੇ ਕਬਜ਼ੇ ਵਿੱਚ ਲੈ ਲਏ। ਇਸ 'ਤੇ ਰਾਜਾ ਨਿਹਾਲ ਸਿੰਘ ਨਾਰਾਜ਼ ਹੋ ਕੇ ਸਤਲੁਜੋਂ ਪਾਰ ਆਪਣੇ ਇਲਾਕੇ ਪੱਖੋਵਾਲ ਚਲਾ ਗਿਆ ਤੇ ਉੱਥੇ ਮਿਸਟਰ ਕਲਾਰਕ ਏਜੰਟ ਗਵਰਨਰ ਜਨਰਲ ਨਾਲ ਮਿਲ ਕੇ ਲਾਹੌਰ ਦਰਬਾਰ ਦੀ ਜਗ੍ਹਾ ਸਰਕਾਰ ਅੰਗ੍ਰੇਜ਼ੀ ਦੇ ਅਧੀਨ ਰਹਿਣਾ ਪਸੰਦ ਕੀਤਾ।

ਰਾਜਾ ਨਿਹਾਲ ਸਿੰਘ ਨੇ ਦੋ-ਤਿੰਨ ਵੇਰ ਸਰਕਾਰ ਅੰਗ੍ਰੇਜ਼ੀ ਨੂੰ ਆਪਣੀ ਖੈਰਖਾਹੀ ਦਾ ਸਬੂਤ ਦਿੱਤਾ। ਇੱਕ ਤਾਂ ਸੰਨ 1838 ਨੂੰ ਜਦ ਲਾਰਡ ਆਕਲੈਂਡ ਪੰਜਾਬ ਵਿੱਚ ਆਏ, ਤਦੋਂ ਉਹਨਾਂ ਦੀ ਫ਼ੌਜ ਨੂੰ ਰਸਦ ਆਦਿਕ ਦਿੱਤੀ। ਫਿਰ ਜਦ ਵਾਪਸ ਮੁੜਨ ਲੱਗੇ, ਤਦ ਸਤਲੁਜੋਂ ਪਾਰ ਹੋਣ ਵਾਸਤੇ ਇੱਕ ਪੁਲ ਹਰੀ ਕੇ ਪੱਤਣ 'ਤੇ ਬਣਵਾ ਦਿੱਤਾ ਤੇ ਮੁਕੋ ਜਾ ਕੇ ਸਾਹਿਬ ਨਾਲ ਮੁਲਾਕਾਤ ਕੀਤੀ। ਸੰਨ 1842 ਈ. ਨੂੰ ਜਦ ਸਰਕਾਰ ਅੰਗ੍ਰੇਜ਼ੀ ਨੇ ਕਾਬਲ 'ਤੇ ਚੜ੍ਹਾਈ ਕੀਤੀ, ਤਦ ਨਿਹਾਲ ਸਿੰਘ ਨੇ ਰਸਦ ਆਦਿਕ ਤੋਂ ਬਿਨਾਂ ਆਪਣੀ ਇੱਕ ਫ਼ੌਜ ਹੈਦਰ ਅਲੀ ਖ਼ਾਂ ਦੀ ਕਮਾਨ ਵਿੱਚ ਸਰਕਾਰੀ ਫ਼ੌਜ ਦੇ ਨਾਲ ਸਹਾਇਤਾ ਵਾਸਤੇ ਭੇਜੀ।

**ਲਾਹੌਰ ਦਰਬਾਰ ਦਾ ਹਾਲ :** 15 ਸਤੰਬਰ, 1843 ਈ. ਨੂੰ ਫਿਰ ਲਾਹੌਰ ਦਰਬਾਰ ਵਿੱਚ ਫ਼ਸਾਦ ਖੜ੍ਹਾ ਹੋਇਆ। ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰ ਕੇ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ। ਇਸ ਮੌਕੇ 'ਤੇ ਜੇ ਕਦੀ ਨਿਹਾਲ ਸਿੰਘ ਦੀ ਇੱਛਾ ਹੁੰਦੀ, ਤਾਂ ਪੰਜਾਬ ਦਾ ਤਖ਼ਤ ਲੈ ਲੈਣਾ ਉਸ ਲਈ ਸਧਾਰਨ ਗੱਲ ਸੀ, ਕਿਉਂਕਿ ਰਾਜਾ ਧਿਆਨ ਸਿੰਘ ਦੇ ਮਰ ਜਾਣ ਨਾਲ ਸੰਧਾਵਾਲੀਆ ਦਾ ਜਥਾ ਵੀ ਟੁੱਟ ਗਿਆ ਸੀ, ਹੀਰਾ ਸਿੰਘ ਤੋਂ ਫ਼ੌਜ ਨਰਾਜ਼ ਸੀ। ਉਸ ਨੇ ਬਾਬਾ ਬੀਰ ਸਿੰਘ ਨੌਰੰਗਾਬਾਦ ਨੂੰ ਸ਼ਹੀਦ ਕਰ ਦਿੱਤਾ ਸੀ। ਦੂਸਰੇ ਪਾਸੇ ਰਾਜਾ ਗੁਲਾਬ ਸਿੰਘ ਨੂੰ ਨਾ ਫ਼ੌਜ ਪਸੰਦ ਕਰਦੀ ਸੀ ਨਾ ਹੀ ਰਾਣੀ। ਲੈਹਣਾ ਸਿੰਘ ਮਜੀਠੀਆ ਇਸ ਦਰਬਾਰ ਵਿੱਚ ਅਜਿਹਾ ਆਦਮੀ ਸੀ ਜਿਸ ਦੀ ਦਾਲ ਗਲ ਸਕਦੀ ਸੀ, ਪਰੰਤੂ ਉਹ ਡਰਪੋਕ ਤੇ ਬੁਜ਼ਦਿਲ ਸੀ ਤੇ ਅੰਦਰੋ-ਅੰਦਰੀ ਅੰਗਰੇਜ਼ਾਂ ਨਾਲ ਵੀ ਗੰਢ-ਤੁੱਪ ਕਰੀ ਬੈਠਾ ਸੀ। ਉਹ ਮੌਕੇ 'ਤੇ

ਆਪਣਾ ਵਤਨ ਛੱਡ ਕੇ ਚਲਾ ਗਿਆ ਸੀ। ਸੋ, ਰਾਜਾ ਨਿਹਾਲ ਸਿੰਘ, ਜੋ ਕਿ ਨਵਾਬ ਕਪੂਰ ਸਿੰਘ ਦੇ ਸ੍. ਜੱਸਾ ਸਿੰਘ ਦੀ ਥਾਂ ਹੋਣ ਕਰ ਕੇ ਸਿੱਖਾਂ ਦੇ ਖਾਨ-ਪਾਨ ਤੇ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ, ਜੇ ਕਦੀ ਇਹ ਜ਼ਰਾ ਵੀ ਇੱਛਾ ਪ੍ਰਗਟ ਕਰਦਾ, ਤਦ ਫ਼ੌਜ ਖ਼ਾਲਸਾ ਇਸ ਨੂੰ ਤਖ਼ਤ 'ਤੇ ਬਿਠਾ ਦੇਂਦੀ, ਪਰੰਤੂ ਇਸ ਨੇ ਅਜਿਹਾ ਨਾ ਕੀਤਾ, ਸਗੋਂ ਦੁਸਹਿਰੇ ਦੇ ਦਰਬਾਰ ਵਿੱਚ ਵੀ ਬਿਮਾਰੀ ਦਾ ਬਹਾਨਾ ਬਣਾ ਕੇ ਨਾ ਗਿਆ। ਇਸ ਨੂੰ ਇਹ ਵੀ ਖ਼ਬਰ ਸੀ ਕਿ ਲਾਹੌਰ ਦੀ ਫੁੱਟ ਦੇ ਕਾਰਨ ਇੱਕ ਨਾ ਇੱਕ ਦਿਨ ਅੰਗਰੇਜ਼ਾਂ ਦਾ ਦਖ਼ਲ ਹੋਵੇਗਾ। ਇਸ ਕਰ ਕੇ ਫ਼ੌਜ ਦੇ ਸੱਦਣ 'ਤੇ ਵੀ ਇਹ ਨਾ ਗਿਆ ਤੇ ਆਪਣੇ ਪਾਰ ਦੇ ਇਲਾਕੇ ਵਿੱਚ ਜਾ ਕੇ ਮੌਲਵੀ ਰਜਬ ਅਲੀ ਖ਼ਾਂ ਦੀ ਰਾਹੀਂ ਅੰਗਰੇਜ਼ੀ ਅਫ਼ਸਰਾਂ ਨੂੰ ਲਾਹੌਰ ਦਰਬਾਰ ਦੀ ਸਾਰੀ ਹਾਲਤ ਦੱਸੀ। ਦੀਵਾਨ ਸੌਦਾਗਰ ਮੱਲ ਤੇ ਨੱਥੂ ਮੱਲ ਨੂੰ ਅੰਗਰੇਜ਼ਾਂ ਦੇ ਪਾਸ ਛੱਡ ਕੇ ਆਪ ਖ਼ਿਲਅਤ ਤੇ ਦੋਸਤੀ ਦੀ ਸਨਦ ਲੈ ਕੇ ਕਪੂਰਥਲੇ ਆ ਗਿਆ।

ਸੰ. 1901 ਬਿ. (ਸੰਨ 1814 ਈ.) ਨੂੰ ਲਾਹੌਰ ਵਿੱਚ ਫ਼ੌਜ ਵੱਲੋਂ ਆਪਾ-ਧਾਪੀ ਮਚਣ ਤੇ ਵੀ ਕਪੂਰਥਲੇ ਹੀ ਰਹੇ ਤੇ ਲਾਲਾ ਕਿਰਪਾ ਰਾਮ ਤੇ ਜੱਸਾ ਰਾਮ ਨੂੰ ਅੰਗਰੇਜ਼ਾਂ ਪਾਸ ਭੇਜ ਕੇ ਸਾਰਾ ਹਾਲ ਦੱਸ ਦਿੱਤਾ।

ਸੰਨ 1845 ਈ. ਵਿੱਚ ਜਦ ਸਤਲੁਜ ਦੇ ਜੰਗ ਦੀ ਤਿਆਰੀ ਹੋ ਰਹੀ ਸੀ, ਤਦ ਅੰਗਰੇਜ਼ਾਂ ਨੇ ਇੱਕ ਐਲਾਨ ਕੱਢ ਕੇ ਸਾਰੇ ਰਈਸਾਂ ਨੂੰ ਜੋ ਉਹਨਾਂ ਦੀ ਰੱਖਿਆ ਵਿੱਚ ਸਨ, ਇਸ ਸਮੇਂ ਮਦਦ ਦੇਣ ਲਈ ਕਿਹਾ ਤੇ ਇਹ ਵੀ ਕਿਹਾ ਕਿ ਜਿਹੜਾ ਰਈਸ ਇਸ ਸਮੇਂ ਮਦਦ ਨਾ ਦੇਵੇਗਾ, ਉਹ ਅਕ੍ਰਿਤਘਣ ਸਮਝਿਆ ਜਾਵੇਗਾ। ਰਾਜਾ ਨਿਹਾਲ ਸਿੰਘ ਨੇ ਲਾਲਾ ਕ੍ਰਿਪਾ ਰਾਮ ਵਕੀਲ ਦੀ ਰਾਹੀਂ ਸਤਲੁਜ ਤੋਂ ਪਾਰ ਜਾਣ ਦੀ ਖ਼ਬਰ ਇੱਕ ਚਿੱਠੀ ਦਵਾਰਾ ਮੇਜਰ ਬ੍ਰਾਡਫੁਟ ਸਾਹਿਬ ਨੂੰ ਦਿੱਤੀ, ਕਿੰਤੂ ਇਸ ਵੇਲੇ ਕਪੂਰਥਲੇ ਦੀ ਫ਼ੌਜ ਆਕੀ ਹੋ ਗਈ। ਉਹਨਾਂ ਨੇ ਵਜ਼ੀਰ ਨੂੰ ਕਤਲ ਕਰ ਦਿੱਤਾ ਤੇ ਮਹਾਰਾਜਾ ਨੂੰ ਘੇਰ ਲਿਆ। ਇਸ ਤੋਂ ਰਾਜਾ ਨਿਹਾਲ ਸਿੰਘ ਅੰਗਰੇਜ਼ਾਂ ਨਾਲ ਸ਼ਾਮਲ ਨਾ ਹੋ ਸਕਿਆ, ਬਲਕਿ ਪਾਲਸੀ ਖ਼ਿਆਲ ਕੀਤਾ, ਕਿਉਂਕਿ ਗਵਨਰਮੈਂਟ ਦੀ ਇਸ ਦੀ ਬਾਬਤ ਰਿਪੋਰਟ ਹੈ ਕਿ :

1. ਅੱਵਲ ਤਾਂ ਰਾਜਾ ਨਿਹਾਲ ਸਿੰਘ ਨੂੰ ਚਾਹੀਦਾ ਸੀ ਕਿ 25 ਅਪ੍ਰੈਲ, 1809 ਦੇ ਇਸ਼ਤਿਹਾਰ ਦੇ ਅੰਕ 4 ਅਨੁਸਾਰ ਸਤਲੁਜ ਤੋਂ ਉਸ ਪਾਰ ਦੀ ਫ਼ੌਜ ਵਾਸਤੇ ਰਸਦ ਦਾ ਸਮਾਨ ਇਕੱਤਰ ਕਰਦਾ।
2. 1848 ਦੇ ਐਲਾਨ ਅਨੁਸਾਰ ਰਾਜਾ ਨੂੰ ਚਾਹੀਦਾ ਸੀ ਕਿ ਆਪ ਸਤਲੁਜ ਤੋਂ ਓਸ ਪਾਰ ਚਲਾ ਜਾਂਦਾ ਤੇ ਅੰਗਰੇਜ਼ਾਂ ਦੀ ਮਦਦ ਕਰਦਾ, ਕਿੰਤੂ ਇਸ ਨੇ ਕਰਨਲ ਮੈਕਸਨ ਕਾਰਤਾਨ ਮੈਲਸ ਸਾਹਿਬ ਤੇ ਮੇਜਰ ਬਰਾਡਫੁਟ ਦੀਆਂ ਕਈ ਤਾਕੀਦੀ ਚਿੱਠੀਆਂ ਲਿਖਣ 'ਤੇ ਵੀ ਨਾ, ਕਾਫ਼ੀ ਰਸਦ ਇਕੱਠੀ ਕੀਤੀ ਤੇ ਨਾ ਹੀ ਆਪ ਹਾਜ਼ਰ ਹੋਇਆ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜਾ ਨਿਹਾਲ ਸਿੰਘ ਦੀ ਹਾਲਤ ਉਸ ਵੇਲੇ ਦੇ ਅਫ਼ਸਰਾਂ ਦੇ ਅਧੀਨ ਹੋਣ ਵਾਲੀ ਸੀ। ਇਸ ਸਮੇਂ ਉਸ ਦਾ ਅੰਗਰੇਜ਼ੀ ਫ਼ੌਜ ਵਿੱਚ ਨਾ ਜਾਣਾ ਵੀ ਸ਼ੱਕ ਤੋਂ ਖ਼ਾਲੀ ਨਹੀਂ ਸੀ, ਪਰੰਤੂ ਉਸ ਨੇ ਆਪਣੇ ਵਿਸ਼ਵਾਸ ਪੂਰਨ ਵਕੀਲ ਕ੍ਰਿਪਾ ਰਾਮ ਨੂੰ ਜਗਰਾਓਂ ਦੇ ਇਲਾਕੇ ਵਿੱਚ ਇਸ ਗੱਲ ਵਾਸਤੇ ਭੇਜਿਆ ਕਿ ਉੱਥੋਂ ਰਸਦ ਆਦਿਕ ਇਕੱਠੀ ਕਰ ਕੇ ਅੰਗਰੇਜ਼ਾਂ ਨੂੰ ਮਦਦ ਕਰੇ ਤੇ ਆਪ ਲਾਹੌਰ ਸਮਾਚਾਰ ਅੰਗਰੇਜ਼ਾਂ ਤਕ ਪਹੁੰਚਾਉਣ ਵਿੱਚ ਲੱਗਾ ਰਿਹਾ। ਇੱਥੋਂ ਤਕ ਹਰ ਰੋਜ਼ ਪੰਜ-ਛੀ ਖ਼ਤ ਨਿਤਾਪ੍ਰਤੀ ਮੇਜਰ ਮੈਕਸਨ ਤੇ ਲੈਫਟੀਨੈਂਟ ਕਨਿੰਘਮ ਸਾਹਿਬ ਦੇ ਪਾਸ ਆਪਣੇ ਆਦਮੀ ਦੇ ਰਾਹੀਂ ਭੇਜਦਾ ਰਹਿੰਦਾ ਸੀ। ਮੇਜਰ ਹੈਨਰੀ ਲਾਰੰਸ ਸਾਹਿਬ ਨੇ ਆਪਣੀ ਰਿਪੋਰਟ ਵਿੱਚ ਇਹਨਾਂ ਖ਼ਤਾਂ ਦਾ ਜ਼ਿਕਰ ਕੀਤਾ।

ਕਪੂਰਥਲੇ ਤੋਂ ਇਸ ਤਰ੍ਹਾਂ ਦੀਆਂ ਚਿੱਠੀਆਂ ਲੈ ਕੇ 15-20 ਹਰਕਾਰੇ ਹਰ ਰੋਜ਼ ਜਾਂਦੇ ਸਨ, ਪਰੰਤੂ ਫ਼ੌਜ ਨਾਲ ਆਪਣੀ ਕੌਮ ਦਾ ਮੁਕਾਬਲਾ ਕਰਨਾ ਨਹੀਂ ਸੀ ਚਾਹੁੰਦਾ ਸੀ। ਇਸ ਕਰ ਕੇ ਫ਼ੌਜ ਨੇ 20 ਦਸੰਬਰ, 1845 ਈ. ਨੂੰ ਰਾਜੇ ਨੂੰ ਘੇਰ ਲਿਆ ਤੇ ਗ਼ੁਲਾਮ ਮੁਹੰਮਦ ਖ਼ਾਂ ਵਜ਼ੀਰ ਨੂੰ ਕਤਲ ਕਰ ਦਿੱਤਾ ਤੇ 22 ਦਸੰਬਰ, 1845 ਨੂੰ ਫ਼ੌਜ ਸਰਦਾਰ ਰਣਜੋਧ ਸਿੰਘ ਨੂੰ ਨਾਲ ਲੈ ਕੇ ਫਿਲੌਰ ਆ ਮਿਲੀ।

ਰਾਜਾ ਨਿਹਾਲ ਸਿੰਘ ਵਜ਼ੀਰ ਦੀ ਤਰ੍ਹਾਂ ਮਾਰੇ ਜਾਣ ਦੇ ਡਰ ਕਾਰਨ ਅੰਦਰੋਂ ਬਾਹਰ ਨਹੀਂ ਨਿਕਲਿਆ, ਮਹੱਲਾਂ ਵਿੱਚ ਹੀ ਬੈਠਾ ਰਿਹਾ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਤਲੁਜ ਦੀ ਜੰਗ ਦੇ ਮਗਰੋਂ ਅੰਗਰੇਜ਼ਾਂ ਨੇ ਉਸ 'ਤੇ ਇਹ ਦੋਸ਼ ਲਾਏ :

1. ਰਾਜਾ ਨਿਹਾਲ ਸਿੰਘ ਵੱਲੋਂ ਓਸ ਵੇਲੇ ਤਕ ਸਰ ਹੈਨਰੀ ਲਾਰੰਸ ਪਾਸ ਕੋਈ ਖ਼ਬਰ ਨਹੀਂ ਪੁੱਜੀ, ਜਦ ਤਕ ਕਿ ਕਿਸੇ ਦੂਜੇ ਪਾਸੋਂ ਉਹ ਖ਼ਬਰ ਨਾ ਪੁੱਜ ਚੁੱਕੀ ਹੋਵੇ।
2. ਮੈਕਸਨ ਸਾਹਿਬ ਨੇ ਆਪਣੀ ਰਿਪੋਰਟ ਵਿੱਚ ਲਿਖਯਾ ਹੈ ਕਿ ਕਈ ਵਾਰੀ ਚਿੱਠੀਆਂ ਭੇਜਣ 'ਤੇ ਵੀ ਆਹਲੂਵਾਲੀਆ ਦੇ ਕਰਮਚਾਰੀ ਰਸਦ ਪੁਚਾਣ ਤੋਂ ਪਿੱਛੇ ਰਹੇ।
3. ਮੈਲਸ ਸਾਹਿਬ ਨੇ ਆਪਣੀ ਰਿਪੋਰਟ ਵਿੱਚ ਲਿਖਯਾ ਹੈ ਕਿ ਆਹਲੂਵਾਲੀਆ ਨੇ ਜੰਗ ਦੇ ਵਿਚਕਾਰ ਕੇਵਲ ਨਾਮਮਾਤਰ 58 ਮਣ ਅਨਾਜ ਭੇਜਿਆ, ਪਰੰਤੂ ਸਿੱਖਾਂ ਨੂੰ ਸ਼ਿਕਸਤ ਮਿਲਣ 'ਤੇ ਇਹਨਾਂ ਨੇ ਖੁੱਲ੍ਹੇ ਦਿਲ ਨਾਲ ਅੰਗਰੇਜ਼ਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ।
4. ਅਲੀਵਾਲ ਤੇ ਬਦੋਵਾਲ ਤੇ ਆਹਲੂਵਾਲੀਆ ਫ਼ੌਜ ਹੈਦਰ ਅਲੀ ਦੀ ਕਮਾਨ ਵਿੱਚ ਅੰਗਰੇਜ਼ਾਂ ਨਾਲ ਲੜੀ ਤੇ ਸਰ ਹੈਨਰੀ ਸਮਿਥ ਦੀ ਫ਼ੌਜ ਪਾਸੋਂ ਇੱਕ ਹਾਥੀ, ਨੌਂ-ਦਸ ਘੋੜੇ ਆਹਲੂਵਾਲੀਆ ਫ਼ੌਜ ਨੇ ਲੁੱਟ ਕੇ ਰਾਜਾ ਸਾਹਿਬ ਕਪੂਰਥਲਾ ਨੂੰ ਤੋਹਫ਼ੇ ਵਜੋਂ ਭੇਜੇ।

ਇਹਨਾਂ ਸਾਰੇ ਦੂਸ਼ਣਾਂ ਵਿੱਚੋਂ ਅੰਤਲਾ ਦੂਸ਼ਣ ਜਿਸ ਸ਼ਕਲ ਵਿੱਚ ਲਾਇਆ ਗਿਆ ਸੀ, ਉਹ ਸਖ਼ਤ ਸੀ, ਪਰੰਤੂ ਰਾਜਾ ਨਿਹਾਲ ਸਿੰਘ ਨੇ ਇਹਦੇ ਉੱਤਰ ਵਿੱਚ ਕਿਹਾ ਕਿ ਜਦ ਮੇਰੀ ਬਾਬਤ ਇਹ ਪਤਾ ਲੱਗਣ 'ਤੇ ਕਿ ਮੈਂ ਅੰਗਰੇਜ਼ਾਂ ਦੀ ਮਦਦ ਕਰਨ ਲੱਗਾ ਹਾਂ, ਫ਼ੌਜ ਨੇ ਬਾਗ਼ੀ ਹੋ ਕੇ ਮੈਨੂੰ ਕੈਦ ਕਰ ਲਿਆ ਤੇ ਵਜ਼ੀਰ ਨੂੰ ਕਤਲ ਕਰ ਦਿੱਤਾ ਤੇ ਮੈਂ ਇਸ ਗੱਲ ਦੀ ਖ਼ਬਰ ਉਸੇ ਵੇਲੇ ਅੰਗਰੇਜ਼ਾਂ ਨੂੰ ਦੇ ਦਿੱਤੀ ਸੀ। ਤਦ ਅਜਿਹੀ ਹਾਲਤ ਵਿੱਚ ਬਾਗ਼ੀ ਫ਼ੌਜ ਦੇ ਕਿਸੇ ਕੰਮ ਦਾ ਮੈਂ ਜ਼ਿੰਮੇਵਾਰ ਨਹੀਂ ਹੋ ਸਕਦਾ, ਪਰੰਤੂ ਅੰਗਰੇਜ਼ਾਂ ਨੇ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ। ਦੂਜਾ, ਵਜ਼ੀਰ ਇਸ ਕਰ ਕੇ ਮਾਰਿਆ ਗਿਆ ਕਿ ਲੋਕੀ ਉਹਨੂੰ ਪਸੰਦ ਨਹੀਂ ਸਨ ਕਰਦੇ ਤੇ ਫ਼ੌਜ ਨੂੰ ਆਪਣੀ ਵਧੀ ਹੋਈ ਤਨਖ਼ਾਹ ਲੈਣ ਵਿੱਚ ਤਕਲੀਫ਼ ਹੋ ਰਹੀ ਸੀ। ਜੇ ਕਦੀ ਇਹ ਮੰਨ ਵੀ ਲਿਆ ਜਾਏ ਕਿ ਫ਼ੌਜ ਬਾਗ਼ੀ ਹੋ ਗਈ ਸੀ, ਤਦ ਰਾਜਾ ਨੂੰ ਇਕੱਲਿਆਂ ਹੀ ਰਹਿ ਜਾਣਾ ਚਾਹੀਦਾ ਸੀ, ਤੀਜੇ, ਫ਼ੌਜ ਆਹਲੂਵਾਲੀਆ ਦਾ ਅੰਗਰੇਜ਼ੀ ਫ਼ੌਜ ਦੇ, ਹਾਥੀ, ਘੋੜੇ ਲੁੱਟ ਕੇ ਭੱਜਣਾ ਇਸ ਗੱਲ ਦਾ ਸਬੂਤ ਹੈ ਕਿ ਅਸਲ ਵਿੱਚ ਅੰਦਰਖਾਤੇ ਉਹ ਫ਼ੌਜ ਨਾਲ ਮਿਲਿਆ ਹੋਇਆ ਸੀ।

ਅੰਗਰੇਜ਼ਾਂ ਤੇ ਰਾਜਾ ਸਾਹਿਬ ਦੀਆਂ ਦਲੀਲਾਂ ਤੋਂ ਇਹ ਨਤੀਜਾ ਕੱਢਣਾ ਬਹੁਤ ਔਖਾ ਹੈ ਕਿ ਕੌਣ ਸੱਚਾ ਹੈ ਤੇ ਕੌਣ ਝੂਠਾ। ਫ਼ੌਜ ਨੇ ਬਗ਼ਾਵਤ ਜ਼ਰੂਰ ਕੀਤੀ ਸੀ, ਭਾਵੇਂ ਵਜ਼ੀਰ ਤੋਂ ਨਰਾਜ਼ਗੀ ਕਰ ਕੇ ਹੋਈ ਜਾਂ ਤਨਖ਼ਾਹ ਦੇ ਨਾ ਮਿਲਣ 'ਤੇ। ਰਾਜਾ ਸਾਹਿਬ ਦੇ ਵੱਸ ਤੋਂ ਫ਼ੌਜ ਬਾਹਰ ਹੋ ਗਈ ਸੀ। ਸੋ, ਇਸ ਸੂਰਤ ਵਿੱਚ ਰਾਜਾ ਨਿਹਾਲ ਸਿੰਘ ਫ਼ੌਜ ਦੇ ਕਿਸੇ ਕੰਮ ਦਾ ਕਿਸ ਤਰ੍ਹਾਂ ਉੱਤਰਦਾਤਾ ਹੋ ਸਕਦਾ ਹੈ।

ਦੂਸਰਾ, ਰਾਜਾ ਨਿਹਾਲ ਸਿੰਘ ਨੂੰ ਫ਼ੌਜ ਨੇ ਘੇਰ ਰੱਖਿਆ ਸੀ। ਜੇ ਕਦੇ ਉਹ ਇਕੱਲਾ ਭੱਜ ਕੇ ਅੰਗਰੇਜ਼ਾਂ ਪਾਸ ਜਾਣ ਦੀ ਹਿਮਾਕਤ ਕਰਦਾ, ਤਾਂ ਵਜ਼ੀਰ ਦੀ ਤਰ੍ਹਾਂ ਰਾਜੇ ਦਾ ਵੀ ਸੋਹਿਲਾ ਪੜ੍ਹ ਦੇਣਾ ਸੀ ਫ਼ੌਜ ਨੇ।

ਤੀਸਰਾ ਕਾਰਨ ਇਹ ਵੀ ਦੇਖਿਆ ਗਿਆ ਹੈ ਕਿ ਜਦੋਂ ਕੋਈ ਨੌਕਰ ਮਾਲਕ ਦੀ ਮਰਜ਼ੀ ਦੇ ਉਲਟ ਕੰਮ ਕਰ ਦੇਵੇ ਤਦ ਉਹ ਕਾਮਯਾਬ ਹੋ ਜਾਣ 'ਤੇ ਮਾਲਕ ਦੀ ਖ਼ੁਸ਼ੀ ਲੈਣ ਤੇ ਆਪਣੇ ਮਤਲਬ ਦੀ ਪੁਸ਼ਟੀ ਕਰਨ ਲਈ ਫ਼ਤਹਯਾਬੀ ਦੀਆਂ ਕੁਝ ਚੀਜ਼ਾਂ ਭੇਜ ਦੇਂਦਾ ਹੈ ਕਿ ਮਾਲਕ ਖ਼ੁਸ਼ ਹੋ ਜਾਵੇ।

ਸਰ ਲੈਪਲ ਗ੍ਰਿਫਨ ਨੇ ਵੀ ਇਹ ਰਾਇ ਦਿੱਤੀ ਹੈ ਕਿ ਰਾਜਾ ਨਿਹਾਲ ਸਿੰਘ ਜਹੇ ਸਰਦਾਰ ਨੂੰ ਜਦ ਉਹਦੇ ਫ਼ਰਜ਼ ਇੱਕ ਪਾਸੇ ਪ੍ਰੇਰਨਾ ਕਰਨ, ਉਹਦੀ ਹਮਦਰਦੀ ਆਪਣੀ ਪਰਜਾ ਤੇ ਫ਼ੌਜ ਦੀ ਆਮ ਖ਼ਾਹਸ਼ ਦੂਜੇ ਪਾਸੇ ਖਿੱਚੇ, ਕਿਸ ਕਦਰ ਤਕਲੀਫ਼ ਹੁੰਦੀ ਹੈ। ਅਜਿਹੀ ਸਖ਼ਤ ਪ੍ਰੀਖਿਆ ਵਿੱਚ ਬੜੇ-ਬੜੇ ਦ੍ਰਿੜ੍ਹ ਵਿਸ਼ਵਾਸੀਆਂ ਦੇ ਪੈਰ ਉੱਖੜ ਜਾਂਦੇ ਹਨ। ਰਾਜਾ ਨਿਹਾਲ ਸਿੰਘ ਜਹੇ ਕਮਜ਼ੋਰ ਸੁਭਾਅ ਦੇ ਆਦਮੀ ਦੀ ਗੱਲ ਹੀ ਕੀ ਸੀ ?

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਰਾਜਾ ਨਿਹਾਲ ਸਿੰਘ ਨੇ ਇਹਨਾਂ ਦੂਸ਼ਣਾਂ ਦਾ ਬੜਾ ਜ਼ੋਰਦਾਰ ਜਵਾਬ ਦਿੱਤਾ ਹੈ: ਇੱਕ ਤਾਂ ਮੈਂ ਹਰ ਰੋਜ਼ ਪੰਜ ਛੀ ਚਿੱਠੀਆਂ ਭੇਜਦਾ ਰਹਿੰਦਾ ਸੀ, ਜਿਸ ਨੂੰ ਅੰਗਰੇਜ਼ ਅਫ਼ਸਰ ਵੀ ਮੰਨਦੇ ਹਨ। ਦੂਜਾ, ਮੇਰੇ ਆਦਮੀ ਜਗਰਾਓਂ ਦੇ ਇਲਾਕੇ ਵਿੱਚ ਰਸਦ ਇਕੱਠੀ ਕਰ ਕੇ ਦੇਣ ਲਈ ਨਿਯਤ ਸੀ, ਜਲੰਧਰ ਵਿੱਚ 40 ਹਜ਼ਾਰ ਦੁਸ਼ਮਣ ਦੀ ਫ਼ੌਜ ਮੌਜੂਦ ਸੀ, ਤਦ ਵੀ ਅੰਗਰੇਜ਼ੀ ਫ਼ੌਜ ਦੇ ਵਾਸਤੇ ਇੱਕ ਲੱਖ ਮਣ ਅਨਾਜ ਇਕੱਠਾ ਕਰ ਰੱਖਯਾ ਸੀ ਜੋ ਲਾਹੌਰ ਤੋਂ ਮੁੜਨ 'ਤੇ ਦਿੱਤਾ ਗਿਆ।

ਅੱਗ ਜਲਾਉਣ ਲਈ ਲੱਕੜਾਂ ਪਹੁੰਚਾਈਆਂ ਗਈਆਂ ਤੇ ਇਹਨਾਂ ਦੇ ਲਿਆਉਣ ਵਿੱਚ ਇੰਨੀ ਸਰਗਰਮੀ ਦਿਖਾਈ ਕਿ ਲੋਕਾਂ ਦੇ ਘਰਾਂ ਦੀਆਂ ਛੱਤਾਂ ਦੀਆਂ ਕੜੀਆਂ ਉਤਰਵਾ ਕੇ ਭੇਜ ਦਿੱਤੀਆਂ। ਬਾਕੀ ਰਿਹਾ ਮੇਰਾ ਨਾ ਪੁੱਜਣਾ ਮੇਰੀ ਫ਼ੌਜ ਬਾਗ਼ੀ ਹੋ ਗਈ, ਵਜ਼ੀਰ ਮਾਰਿਆ ਗਿਆ, ਮੈਂ ਕੈਦ ਵਿੱਚ ਸੀ, ਬੇਵੱਸ ਸੀ, ਹਾਜ਼ਰ ਨਾ ਹੋ ਸਕਿਆ। ਇਸ ਹਾਲਤ ਵਿੱਚ ਵੀ ਮੈਂ ਆਪਣੀ ਸ਼ਕਤੀ ਅਨੁਸਾਰ ਖ਼ਬਰਾਂ ਦੇਂਦਾ ਰਿਹਾ, ਮੈਂ ਹਮੇਸ਼ਾ ਗਵਰਨਮੈਂਟ ਦਾ ਖੈਰਖਾਹ ਰਿਹਾ ਹਾਂ ਆਦਿ।

ਉਸ ਵੇਲੇ ਗਵਰਨਮੈਂਟ ਦੀ ਪਾਲਿਸੀ ਹੀ ਇਹੀ ਸੀ ਕਿ ਸਾਰੇ ਸਿੱਖ ਸਰਦਾਰਾਂ ਦੀ ਸ਼ਕਤੀ ਘਟਾ ਦਿੱਤੀ ਜਾਵੇ। ਇਹ ਹੀ ਕਾਰਨ ਹੈ ਕਿ ਰਾਜਾ ਨਿਹਾਲ ਸਿੰਘ ਦੇ ਇਸ ਤਰ੍ਹਾਂ ਦੇ ਜ਼ੋਰਦਾਰ ਸਬੂਤ ਹੁੰਦਿਆਂ ਵੀ ਉਸ ਨੂੰ ਦੋਸ਼ੀ ਸਮਝਿਆ ਗਿਆ। ਇਸੇ ਤਰ੍ਹਾਂ ਪਟਿਆਲ਼ਾ ਨੂੰ ਛੱਡ ਕੇ ਨਾਭਾ ਤੇ ਜੀਂਦ ਦੇ ਰਾਜਿਆਂ ਨਾਲ ਵੀ ਛੋਟੀ-ਛੋਟੀ ਗੱਲ 'ਤੇ ਸ਼ੱਕ ਕਰ ਕੇ ਉਹਨਾਂ ਨਾਲ਼ ਮਾੜਾ ਸਲੂਕ ਕੀਤਾ ਗਿਆ।

ਮੁੱਕਦੀ ਗੱਲ ਇਹ ਹੈ ਕਿ ਮੇਜਰ ਲਾਰੰਸ ਪੋਲੀਟੀਕਲ ਅਫ਼ਸਰ ਨੇ ਉੱਪਰਲੇ ਅਫ਼ਸਰਾਂ ਨੂੰ ਲਿਖਯਾ: ਇੱਕ ਇਸ ਕਸੂਰ ਦੇ ਕਾਰਨ ਰਾਜਾ ਕਸੂਰ ਦਾ ਕੁੱਲ ਇਲਾਕਾ ਸਤਲੁਜ ਵੱਲੋਂ ਦੱਖਣ ਦੇ ਪਾਸੇ ਦਾ, ਜਿਸ ਦੀ ਆਮਦਨੀ ਪੰਜ ਲੱਖ ਪੈਂਹਠ ਹਜ਼ਾਰ ਰੁਪਯਾ ਸਾਲ ਦੇ ਕਰੀਬ ਹੈ, ਜ਼ਬਤ ਕਰ ਲਿਆ ਜਾਵੇ। ਦੁਆਬਾ ਬਿਸਤ ਜਲੰਧਰ ਦਾ ਪੰਜ ਲੱਖ ਸਤੱਤਰ ਹਜ਼ਾਰ ਸੱਤ ਸੌ ਤਰੇਹਠ (763) ਦਾ ਇਲਾਕਾ ਜਿਸ ਦੀ ਬਾਬਤ ਚਾਰ ਸੌ ਸਵਾਰ, ਪੰਜ ਸੌ ਪੈਦਲ ਉਸ ਲਈ ਜ਼ਰੂਰੀ ਸੀ, ਇਹਨਾਂ ਪਾਸ ਰਹਿਣ ਦਿੱਤਾ ਜਾਵੇ। ਇਸ ਦੇ ਇਲਾਕੇ ਦੇ ਉਹ ਪਿੰਡ ਜੋ ਅੱਡ-ਅੱਡ ਥਾਵਾਂ 'ਤੇ ਹਨ, ਫ਼ੌਜੀ ਖ਼ਿਦਮਤ ਦੇ ਬਦਲੇ ਬੇਹਿਸਾਬ ਫ਼ੀ ਸਵਾਰ 16 ਰੁਪਈਆ, ਫ਼ੀ ਪਿਆਦਾ 6 ਰੁਪਏ ਦੇ ਕੁੱਲ ਮਹਾਵਾਰੀ 1 ਲੱਖ 12 ਹਜ਼ਾਰ 8 ਸੌ ਰੁਪਏ ਸਾਲਾਨਾ ਦਾ ਲੈ ਲਿਆ ਜਾਵੇ। ਇਸ ਤਰ੍ਹਾਂ ਨਾਲ ਇਸ ਸਰਦਾਰ ਪਾਸ 4 ਲੱਖ 64 ਹਜ਼ਾਰ 960 ਰੁਪਏ ਸਾਲਾਨਾ ਦਾ ਇਸ ਸੂਰਤ 'ਤੇ ਰਹੇ ਕਿ ਇਹਨਾਂ ਦਾ ਚਾਲ-ਚਲਣ ਸਰਕਾਰ ਅੰਗਰੇਜ਼ੀ ਨਾਲ ਨੇਕ ਤੇ ਰਿਆਸਤ ਦਾ ਪ੍ਰਬੰਧ ਵਧੀਆ ਰਹੇ ਤੇ ਜੰਗ ਦੇ ਦਿਨਾਂ ਵਿੱਚ ਹਰ ਤਰ੍ਹਾਂ ਨਾਲ ਅੰਗਰੇਜ਼ਾਂ ਦੇ ਨਾਲ ਰਹਿਣ ਤੇ ਜਿਹੜੇ ਆਮ ਰਸਤੇ ਉਸ ਦੀ ਰਿਆਸਤ ਵਿੱਚੋਂ ਲੈ ਆਂਦੇ ਹਨ, ਉਹਨਾਂ ਨੂੰ ਤਿਆਰ ਰੱਖੇ। ਮੇਜਰ ਲਾਰੰਸ ਦੀ ਇਸ ਲਿਖਤ ਨੂੰ ਗਵਰਨਮੈਂਟ ਨੇ ਪ੍ਰਵਾਨ ਕਰ ਲਿਆ ਤੇ ਇਲਾਕੇ ਦੀ ਜ਼ਬਤੀ ਦਾ ਹੁਕਮ ਦੇ ਦਿੱਤਾ।

ਰਾਜਾ ਨਿਹਾਲ ਸਿੰਘ ਬੜਾ ਨੇਕ ਨੀਅਤ ਤੇ ਨਿਆਂ-ਪਸੰਦ ਸੀ। ਪਰਜਾ ਇਸ ਨੂੰ ਚਾਹੁੰਦੀ ਸੀ। ਪਰਜਾ ਨਾਲ ਬਹੁਤ ਪਿਆਰ ਵੀ ਕਰਦਾ ਸੀ। ਇਸ ਦਾ ਪ੍ਰਬੰਧ ਵੀ ਵਧੀਆ ਸੀ ਤੇ ਅੰਗਰੇਜ਼ਾਂ ਦਾ ਵਫ਼ਾਦਾਰ ਸੀ ਤੇ ਲਾਹੌਰ ਦਰਬਾਰ ਦੀਆਂ ਕਾਰਵਾਈਆਂ ਚਿੱਠੀਆਂ ਰਾਹੀਂ ਅੰਗਰੇਜ਼ਾਂ ਨੂੰ ਪਹੁੰਚਾਉਂਦਾ ਰਹਿੰਦਾ ਸੀ। ਅੰਗਰੇਜ਼ਾਂ ਨੂੰ ਹਰ ਪ੍ਰਕਾਰ ਦੀ ਰਸਦ ਪਹੁੰਚਾਉਂਦਾ ਰਿਹਾ। ਰਾਜਾ ਨਿਹਾਲ ਸਿੰਘ ਨੂੰ ਆਪਣੀ ਦੂਜੀ ਰਾਣੀ ਨਾਲ ਬਹੁਤ ਪਿਆਰ ਸੀ, ਇਸ ਲਈ ਇਹ ਚਾਹੁੰਦਾ ਸੀ ਕਿ ਆਪਣੀ ਨਿੱਕੀ ਸੰਤਾਨ ਵਿੱਚੋਂ ਕਿਸੇ ਨੂੰ ਰਾਜ ਮਿਲੇ, ਪਰੰਤੂ ਸਰਕਾਰ ਦੇ ਵੱਡੇ ਲੜਕੇ ਦੇ ਹੱਕ 'ਤੇ ਜ਼ੋਰ ਦੇਣ 'ਤੇ ਬਿਠਾਣਾ ਪਿਆ।

ਰਾਜਾ ਨਿਹਾਲ ਸਿੰਘ ਦੇ ਤਿੰਨ ਪੁੱਤਰ ਸਨ: ਟਿੱਕਾ ਰਣਧੀਰ ਸਿੰਘ, ਕੰਵਰ ਬਿਕ੍ਰਮਾ ਸਿੰਘ ਤੇ ਕੰਵਰ ਸੁਚੇਤ ਸਿੰਘ। ਇਹਨਾਂ ਤਿੰਨਾਂ ਵਿੱਚ ਕੋਈ ਝਗੜਾ ਨਾ ਹੋਵੇ, ਇਸ ਲਈ ਉਸ ਨੇ ਇੱਕ ਵਸੀਅਤ ਤਿਆਰ ਕੀਤੀ। ਇਸ ਨੇ ਆਪਣੀ ਜਾਇਦਾਦ ਦੀ ਵੰਡ ਇਸ ਪ੍ਰਕਾਰ ਕੀਤੀ ਕਿ 1 ਲੱਖ ਰੁਪਏ ਦਾ ਇਲਾਕਾ ਬਿਨਾਂ ਕਿਸੇ ਪ੍ਰਕਾਰ ਦਾ ਗਵਰਨਮੈਂਟ ਨੂੰ ਨਜ਼ਰਾਨਾ ਦਿੱਤੇ ਕੰਵਰ ਬਿਕ੍ਰਮਾ ਸਿੰਘ ਤੇ ਸੁਚੇਤ ਸਿੰਘ ਵਿੱਚੋਂ ਹਰ ਇੱਕ ਨੂੰ ਦਿੱਤਾ ਜਾਵੇ, ਤਾਂ ਜੁ ਆਪਣੇ-ਆਪਣੇ ਇਲਾਕੇ ਲੈ ਕੇ ਖ਼ੁਸ਼ੀ-ਖ਼ੁਸ਼ੀ ਰਹਿਣ। ਬਾਕੀ ਰਿਆਸਤ ਵੱਡੇ ਪੁੱਤਰ ਰਣਧੀਰ ਸਿੰਘ ਦੇ ਕਬਜ਼ੇ ਵਿੱਚ ਰਹੇ, ਜਿਸ ਦੇ ਵਾਸਤੇ ਰੋਜ਼ੀਨੇ, ਨੌਕਰਾਂ ਦੀਆਂ ਤਨਖ਼ਾਹਾਂ, ਪਰਜਾ ਦੇ ਹੱਕਾਂ ਦਾ ਖ਼ਿਆਲ ਰੱਖਣਾ ਤੇ ਦੋਨਾਂ ਭਰਾਵਾਂ ਦੀਆਂ ਜਾਗੀਰਾਂ ਬਾਬਤ ਨਜ਼ਰਾਨੇ ਗਵਰਨਮੈਂਟ ਨੂੰ ਦੇਣਾ ਹੋਵੇਗਾ। ਹਰ ਇੱਕ ਗਵਰਨਮੈਂਟ ਨੂੰ ਹਰ ਇੱਕ ਸਿਪਾਹੀ ਤੋਂ ਵੱਖੋ-ਵੱਖ ਨਜ਼ਰਾਨਾ ਲੈਣ ਦੀ ਪ੍ਰਵਾਨਗੀ ਹੋਵੇ, ਤਾਂ ਇਹਨਾਂ ਦੋਹਾਂ ਭਰਾਵਾਂ ਦੇ ਹਿੱਸਿਆਂ ਵਿੱਚ ਇਤਨਾ ਹੀ ਵਾਧਾ ਕਰਨਾ ਹੋਵੇਗਾ। ਇਹਨਾਂ ਭਰਾਵਾਂ ਦੇ ਇਲਾਕੇ ਤੇ ਫ਼ੌਜਦਾਰੀ ਮਾਮਲਿਆਂ ਦਾ ਸੰਬੰਧ ਵੀ ਟਿੱਕਾ ਪਾਸ ਹੋਵੇਗਾ। ਇਸ ਵਾਸਤੇ ਓਹਦੇ ਲਈ ਨਿਆਇਸ਼ੀਲ ਹੋਣਾ ਜ਼ਰੂਰੀ ਹੋਵੇਗਾ ਤੇ ਜੇ ਇਹ ਦੋਨੋਂ ਭਰਾ ਆਪਣੇ ਇਲਾਕੇ ਦੇ ਫ਼ੌਜਦਾਰੀ ਮਾਮਲਿਆਂ ਦੇ ਪ੍ਰਬੰਧ ਤੋਂ ਟਿੱਕੇ ਰਾਜ਼ੀ ਨਾ ਹੋਣ ਤਦ ਗਵਰਨਮੈਂਟ ਨੂੰ ਇਹ ਮਾਮਲੇ ਆਪਣੇ ਹੱਥ ਲੈ ਲੈਣੇ ਚਾਹੀਦੇ ਹਨ। ਮੇਰੇ ਲੜਕਿਆਂ ਨੂੰ ਗਵਰਨਮੈਂਟ ਦੀ ਵਫ਼ਾਦਾਰੀ ਆਪਣੀ ਇੱਜ਼ਤ ਦਾ ਕਾਰਨ ਸਮਝਣੀ ਚਾਹੀਦੀ ਹੈ ਤੇ ਪਰਜਾ ਦਾ ਇਨਸਾਫ਼ ਕਰਨਾ ਤੇ ਗ਼ਰੀਬਾਂ ਦੇ ਪਾਲਣ ਦਾ ਸਦਾ ਖ਼ਿਆਲ ਰੱਖਣਾ ਚਾਹੀਦਾ ਹੈ। ਇਸ ਵਸੀਅਤ ਦੀ ਇੱਕ ਨਕਲ ਮਹਿਕਮਾ ਬੋਰਡ ਆਪਣੇ ਪਾਸ ਰੱਖੇ ਤੇ ਇੱਕ ਕਾਗਜ਼ ਜਿਸ 'ਤੇ ਬੋਰਡ ਦੇ ਦਸਤਖ਼ਤ ਹੋਣ, ਮੇਰੇ ਪਾਸ ਭੇਜ ਦੇਵੇ। ਇਹਦੇ ਪੁੱਜਣ 'ਤੇ ਨਕਦੀ ਗਹਿਣੇ ਤੇ ਮਕਾਨਾਂ ਬਾਬਤ ਵਸੀਅਤ ਦਾ ਕਾਗਜ਼ ਬੋਰਡ ਪਾਸ ਸਹੀ ਲਈ ਭੇਜਿਆ ਜਾਵੇਗਾ। ਮੈਨੂੰ ਆਸ ਹੈ ਕਿ ਗਵਰਨਮੈਂਟ ਮੇਰੇ ਵਾਂਙ ਮੇਰੇ ਲੜਕਿਆਂ ਦੀ ਇੱਜ਼ਤ ਕਰੇਗੀ, ਇਹਨਾਂ ਨੂੰ ਆਪਣੇ ਅਧੀਨ ਰੱਖੇਗੀ ਤੇ ਇਹ ਵੀ ਸਰਕਾਰ ਦਾ ਹੁਕਮ ਮੰਨਦੇ ਰਹਿਣਗੇ।

ਇਸ ਵਸੀਅਤ ਵਿੱਚ ਭਾਵੇਂ ਟਿੱਕੇ ਨੂੰ ਰਾਜ ਦਾ ਵਾਰਸ ਹੋਣਾ ਦੱਸਿਆ ਸੀ, ਪਰੰਤੂ ਦੂਜੇ ਲੜਕਿਆਂ ਨੂੰ ਇਹਨਾਂ ਲਾਭ ਪਹੁੰਚਾਉਣਾ ਚਾਹਿਆ, ਜਿਸ ਤੋਂ ਨਾ ਕੇਵਲ ਰਣਧੀਰ ਸਿੰਘ ਨੂੰ ਹੀ ਨੁਕਸਾਨ ਪੁੱਜਦਾ ਸੀ, ਬਲਕਿ ਆਹਲੂਵਾਲੀਆ ਰਿਆਸਤ ਦਾ ਕਾਇਮ ਰਹਿਣਾ ਵੀ ਅਸੰਭਵ ਸੀ।

ਸ੍. ਰਣਧੀਰ ਸਿੰਘ ਬਹੁਤ ਸਿਆਣਾ ਤੇ ਅਕਲਮੰਦ ਸੀ। ਪਿਤਾ ਦੇ ਮਰਨ ਉਪਰੰਤ ਉਸ ਨੇ ਆਪਣੇ ਦੋਨਾਂ ਭਰਾਵਾਂ ਨੂੰ ਨਾਲ ਮਿਲਾ ਲਿਆ ਤੇ ਤਿੰਨਾਂ ਨੇ ਮਿਲ ਕੇ ਬੋਰਡ ਨੂੰ ਲਿਖਯਾ ਕਿ ਪਿਤਾ ਦੀ ਵਸੀਅਤ ਸਾਨੂੰ ਮਨਜ਼ੂਰ ਨਹੀਂ। ਵਸੀਅਤ ਮੁਤਾਬਕ ਰਿਆਸਤ ਦੀ ਕੁੱਲ ਆਮਦਨ 5 ਲੱਖ 77 ਹਜ਼ਾਰ 763 ਸੀ, ਜਿਸ ਵਿੱਚੋਂ 2 ਲੱਖ ਦੀ ਉਹਨਾਂ ਨੇ ਆਪਣੇ ਲੜਕਿਆਂ ਨੂੰ ਬਿਨਾਂ ਨਜ਼ਰਾਨਿਆਂ ਦੇ ਦੇਣ ਦੀ ਤਜਵੀਜ਼ ਕੀਤੀ ਤੇ ਬਾਕੀ ਤਿੰਨ ਲੱਖ 77 ਹਜ਼ਾਰ 763 ਵਿੱਚੋਂ ਕੁੱਲ ਖ਼ਰਚ ਕੱਢਣ 'ਤੇ ਰਾਜਾ ਰਣਧੀਰ ਸਿੰਘ ਨੂੰ 20 ਹਜ਼ਾਰ 331 ਰੁਪਏ ਜ਼ਾਤੀ ਖ਼ਰਚਿਆਂ ਵਾਸਤੇ ਬਚਦੇ ਸਨ, ਜਿਸ ਨਾਲ ਰਿਆਸਤ ਬਰਬਾਦ ਹੋ ਸਕਦੀ ਸੀ। ਸੋ, ਤਿੰਨਾਂ ਨੇ ਕਿਹਾ ਕਿ ਅਸੀਂ ਰਿਆਸਤ ਵਿੱਚ ਵੰਡੀਆਂ ਨਹੀਂ ਕਰਨਾ ਚਾਹੁੰਦੇ, ਅਸੀਂ ਮਿਲ ਕੇ ਰਹਾਂਗੇ ਤੇ ਦੋਨਾਂ ਛੋਟੇ ਭਰਾਵਾਂ ਨੇ ਬੋਰਡ ਨੂੰ ਚਿੱਠੀਆਂ ਵੀ ਲਿਖੀਆਂ ਕਿ ਅਸੀਂ ਮਿਲ ਕੇ ਰਹਾਂਗੇ। ਵੱਡੇ ਭਰਾ ਦੇ ਹੁਕਮ ਨਾਲ ਸਾਰੇ ਕੰਮ-ਕਾਜ ਕਰਾਂਗੇ। ਗਵਰਨਮੈਂਟ ਹਿੰਦ ਕੋਲ ਇਹ ਸਿਫ਼ਾਰਸ਼ ਭੇਜ ਦਿੱਤੀ ਗਈ। ਉੱਥੋਂ ਇਹ ਫ਼ੈਸਲਾ ਹੋਇਆ ਕਿ :

ਜਦੋਂ ਤਕ ਤਿੰਨੇ ਭਰਾ ਇਕੱਠੇ ਰਹਿਣ, ਸਾਰੀ ਰਿਆਸਤ ਰਾਜਾ ਰਣਧੀਰ ਸਿੰਘ ਦੇ ਕਬਜ਼ੇ ਵਿੱਚ ਰਹੇ, ਪਰੰਤੂ ਜਦ ਇਹਨਾਂ ਵਿੱਚ ਫੁੱਟ ਪੈ ਜਾਵੇ, ਇਸ ਦੇ ਪੈਣ ਦੀ ਪੂਰਨ ਆਸ ਹੈ, ਤਦ ਇਹਨਾਂ ਦੇ ਹਿੱਸੇ ਵੰਡ ਕਰ ਕੇ ਇੱਕ ਜਾਗੀਰ ਵਜੋਂ ਕਰ ਦਿੱਤੇ ਜਾਣਗੇ ਤੇ ਵਸੀਅਤ ਪ੍ਰਕਾਸ਼ਤ ਕਰ ਦਿੱਤੀ ਜਾਵੇਗੀ। ਇਸ ਤਰ੍ਹਾਂ ਜਾਗੀਰ ਵਿੱਚ, ਫ਼ੌਜਦਾਰੀ ਪ੍ਰਬੰਧ ਵਿੱਚ ਸਾਡਾ ਦਖ਼ਲ ਹੋਵੇਗਾ। ਪੁਲਿਸ ਤੇ ਫ਼ੌਜਦਾਰੀ ਅਖ਼ਤਿਆਰ ਵੀ ਰਾਜਾ ਰਣਧੀਰ ਸਿੰਘ ਕੋਲ ਰਹਿਣ ਦਿੱਤੇ। ਰਾਜਾ ਰਣਧੀਰ ਸਿੰਘ ਨੂੰ 1853 ਈ. ਵਿੱਚ ਕਮਿਸ਼ਨਰ ਸਾਹਿਬ ਜਲੰਧਰ ਨੇ ਗੱਦੀ 'ਤੇ ਬਿਠਾ ਕੇ ਖ਼ਿਲਅਤ ਵੀ ਦਿੱਤੀ।

**ਕੰਵਰ ਸੁਚੇਤ ਸਿੰਘ ਦਾ ਝਗੜਾ** : ਥੋੜ੍ਹੇ ਸਮੇਂ ਬਾਅਦ ਛੋਟੇ ਲੜਕੇ ਕੰਵਰ ਸੁਚੇਤ ਸਿੰਘ ਨੇ ਆਪਣੀਆਂ ਲਿਖਤਾਂ ਨੂੰ ਭੁੱਲ ਕੇ ਆਪਣੇ ਇਲਾਕੇ ਦੇ ਵੰਡ ਦੀ ਦਰਖ਼ਾਸਤ ਦਿੱਤੀ ਤੇ ਸੁਪਰੀਮ ਗਵਰਨਮੈਂਟ ਨੂੰ ਇੱਕ ਚਿੱਠੀ ਵੀ ਭੇਜੀ। ਉਸ ਵੇਲੇ ਵਸੀਅਤ ਦਾ ਪ੍ਰਕਾਸ਼ਤ ਕਰਨਾ ਜ਼ਰੂਰੀ ਸਮਝਿਆ ਗਿਆ ਤੇ ਕਮਿਸ਼ਨਰ ਜਲੰਧਰ ਨੂੰ ਲਿਖਯਾ ਗਿਆ ਕਿ ਉਹ ਜਾਂਚ-ਪੜਤਾਲ ਕਰ ਕੇ ਜਿਹੜੇ ਪਿੰਡ ਉਚਿਤ ਸਮਝੇ, ਇਹਨਾਂ ਨੂੰ ਦਿਵਾ ਦੇਵੇ।

ਅਪ੍ਰੈਲ, 1854 ਨੂੰ ਉਕਤ ਸਾਹਿਬ ਦਾਈਆ ਭੋਗਾਂ ਦੇ ਇਲਾਕੇ, ਜਿਨ੍ਹਾਂ ਦੀ ਆਮਦਨੀ ਲਗ-ਪਗ ਨਿਯਤ ਰਕਮ ਜਿੰਨੀ ਹੀ ਸੀ, ਕੰਵਰ ਸੁਚੇਤ ਸਿੰਘ ਨੂੰ ਦਿਵਾ

ਦਿੱਤੇ ਤੇ ਭੋਗਾਂ ਜ਼ਿਲ੍ਹਾ ਹੁਸ਼ਿਆਰਪੁਰ ਤੇ ਦਾਈਆ ਜ਼ਿਲ੍ਹਾ ਜਲੰਧਰ ਵਿੱਚ ਮਿਲਾ ਦਿੱਤਾ ਗਿਆ।

ਇਸੇ ਸਮੇਂ ਵਿੱਚ ਕੰਵਰ ਸੁਚੇਤ ਸਿੰਘ ਨੇ ਆਪਣੇ ਭਰਾਵਾਂ ਨਾਲ ਮਿਲ ਕੇ ਇੱਕ ਦਰਖ਼ਾਸਤ ਗਵਰਨਮੈਂਟ ਨੂੰ ਦਿੱਤੀ ਕਿ ਮੈਨੂੰ ਇੱਕ ਲੱਖ ਰੁਪਏ ਦੀ ਵੱਖਰੀ ਜਾਗੀਰ ਲੈਣੀ ਪ੍ਰਵਾਨ ਨਹੀਂ, ਮੈਨੂੰ ਆਪਣੇ ਭਰਾ ਦੀ ਤਾਬਿਆਦਾਰੀ ਵਿੱਚ ਰਹਿ ਕੇ 50 ਹਜ਼ਾਰ ਦੀ ਜਾਗੀਰ ਲੈਣੀ ਪ੍ਰਵਾਨ ਹੈ।

ਕਰਨਲ ਲੇਕ ਸਾਹਿਬ, ਕਮਿਸ਼ਨਰ ਜਲੰਧਰ ਨੇ 1860 ਵਿੱਚ ਲਿਖਯਾ ਕਿ ਇੰਜ ਕਰਨ ਦੇ ਨਾਲ ਸਾਰੇ ਭਰਾ ਸਹਿਮਤ ਹਨ, ਵਸੀਅਤ ਵੀ ਨਹੀਂ ਟੁੱਟੇਗੀ, ਨਿੱਕੇ ਭਰਾ ਨੇ ਤਾਬਿਆਦਾਰ ਰੈਹਿਣਾ ਤੇ ਵੱਡੇ ਭਰਾ ਨੇ ਇਲਾਕਾ ਦੇਣਾ ਪ੍ਰਵਾਨ ਕਰ ਲਿਆ ਹੈ ਤੇ ਇਹ ਜਾਗੀਰ ਸੁਚੇਤ ਸਿੰਘ ਦੇ ਵਾਰਸਾਂ ਪਾਸ ਕਾਇਮ ਰਹੇਗੀ। ਇਸ ਕਰ ਕੇ ਇਸ ਗੱਲ ਨੂੰ ਮੰਨ ਲੈਣਾ ਹਾਨੀਕਾਰ ਨਹੀਂ ਹੋਵੇਗਾ।

ਗਵਰਨਮੈਂਟ ਨੇ ਰਾਜਾ ਰਣਧੀਰ ਸਿੰਘ ਦੀ ਗ਼ਦਰ ਦੇ ਦਿਨਾਂ ਵਿੱਚ ਸੇਵਾ ਨੂੰ ਮੁੱਖ ਰੱਖਦਿਆਂ ਇਸ ਗੱਲ ਨੂੰ ਪ੍ਰਵਾਨ ਕਰ ਲਿਆ।

ਸੰਨ 1806 ਈ. ਵਿੱਚ ਫਿਰ ਭਰਾਵਾਂ ਵਿੱਚ ਆਪੋ ਵਿੱਚ ਅਣ-ਬਣ ਹੋ ਗਈ। ਕੰਵਰ ਬਿਕ੍ਰਮਾ ਸਿੰਘ ਨੇ ਗਵਰਨਮੈਂਟ ਨੂੰ ਲਿਖਿਆ ਕਿ ਸਾਡੇ ਤਿੰਨਾਂ ਭਰਾਵਾਂ ਦੀ ਪੂਰੇ ਤੌਰ 'ਤੇ ਅਣ-ਬਣ ਹੋ ਗਈ ਹੈ, ਇਸ ਲਈ ਸਾਡੇ ਪਿਤਾ ਦੀ ਵਸੀਅਤ ਅਨੁਸਾਰ ਵੰਡ ਕੀਤੀ ਜਾਵੇ।

ਗਵਰਨਮੈਂਟ ਨੇ ਹੁਣ ਇਸ ਮਾਮਲੇ ਵਿੱਚ ਦਖ਼ਲ ਦੇਣਾ ਠੀਕ ਨਾ ਸਮਝਿਆ ਤੇ ਕੋਰਾ ਜਵਾਬ ਦੇ ਦਿੱਤਾ। ਫੇਰ ਆਪਣੇ ਦਾਅਵੇ ਨੂੰ ਜ਼ੋਰਦਾਰ ਕਰਨ ਲਈ ਕੰਵਰ ਬਿਕ੍ਰਮਾ ਸਿੰਘ ਨੇ ਆਪਣੇ ਨਿੱਕੇ ਭਰਾ ਕੰਵਰ ਸੁਚੇਤ ਸਿੰਘ ਨੂੰ ਵੀ ਆਪਣੇ ਨਾਲ ਮਿਲਾ ਲਿਆ ਤੇ ਫਿਰ ਦਰਖ਼ਾਸਤ ਦਿੱਤੀ। ਪੰਜਾਬ ਗਵਰਨਮੈਂਟ ਨੇ ਇਸ ਮਾਮਲੇ ਨੂੰ ਆਖ਼ਰੀ ਫ਼ੈਸਲੇ ਲਈ ਸਰਕਾਰ ਹਿੰਦ ਪਾਸ ਭੇਜ ਦਿੱਤਾ, ਜਿੱਥੋਂ ਸ੍. ਬਿਕ੍ਰਮਾ ਸਿੰਘ ਦੇ ਹੱਕ ਵਿੱਚ ਫ਼ੈਸਲਾ ਆਇਆ। ਨਿੱਕੇ ਭਰਾ ਨੂੰ ਇੱਕ ਲੱਖ ਦੀ ਜਾਗੀਰ ਦਾ ਇਲਾਕਾ ਦਿੱਤਾ ਜਾ ਚੁੱਕਾ ਹੈ, ਵੱਡੇ ਨੂੰ ਵੀ ਇਸੇ ਤਰ੍ਹਾਂ ਦਿੱਤਾ ਜਾਵੇ। ਇਹਨਾਂ ਦੀ ਸੰਤਾਨ ਵਿੱਚ ਇਹ ਜਾਇਦਾਦ ਰਹੇਗੀ, ਕਿੰਤੂ ਲੜਕਾ ਨਾ ਹੋਣ ਦੀ ਸੂਰਤ ਵਿੱਚ ਜਾਇਦਾਦ ਫਿਰ ਰਾਜਾ ਸਾਹਿਬ ਕੋਲ ਚਲੀ ਜਾਵੇਗੀ।

ਇਹ ਫ਼ੈਸਲਾ ਰਾਜਾ ਰਣਧੀਰ ਸਿੰਘ ਦੀ ਮਰਜ਼ੀ ਦੇ ਵਿਰੁੱਧ ਹੋਇਆ ਸੀ। ਇਸ ਕਰ ਕੇ ਉਸ ਨੇ ਆਪਣੇ ਦੀਵਾਨ ਮਥਰਾ ਦਾਸ ਨੂੰ ਵਲਾਇਤ ਭੇਜ ਕੇ ਸੈਕਰੇਟਰੀ ਆਫ਼ ਸਟੇਟ ਪਾਸ ਅਪੀਲ ਕੀਤੀ, ਜਿੱਥੋਂ ਰਾਜਾ ਰਣਧੀਰ ਸਿੰਘ ਦੇ ਹੱਕ ਵਿੱਚ ਫ਼ੈਸਲਾ ਹੋਇਆ। 12 ਫ਼ਰਵਰੀ 1869 ਨੂੰ ਵਾਇਸਰਾਇ ਹਿੰਦ ਪਾਸ ਇਸ ਮੁਕੱਦਮੇ ਦਾ ਆਖ਼ਰੀ ਫ਼ੈਸਲਾ ਪੁੱਜਾ।

ਸੰਨ 1857 ਈ. ਨੂੰ ਜਦੋਂ ਹਿੰਦ ਵਿੱਚ ਫ਼ਸਾਦ ਦੀ ਅੱਗ ਬਲੀ, ਉਸ ਵੇਲੇ ਰਾਜਾ ਰਣਧੀਰ ਸਿੰਘ ਨੂੰ ਅੰਗਰੇਜ਼ਾਂ ਦਾ ਇੱਕ ਜ਼ੈਲਦਾਰ ਹੋਣ ਦੀ ਸੂਰਤ ਵਿੱਚ ਵਾਜਬ ਸੀ ਕਿ ਅੰਗਰੇਜ਼ਾਂ ਦੀ ਹਰ ਤਰ੍ਹਾਂ ਸਹਾਇਤਾ ਕਰਦਾ। 1857 ਵਿੱਚ ਜਦੋਂ ਮੇਰਠ ਵਿੱਚ ਗ਼ਦਰ ਹੋਣ ਦੀ ਖ਼ਬਰ ਸੁਣੀ ਤਾਂ ਉਸ ਵੇਲੇ ਸਾਰੀ ਫ਼ੌਜ ਇਕੱਠੀ ਕਰ ਕੇ ਬਿਕ੍ਰਮਾ ਸਿੰਘ ਤੇ ਹੋਰ ਅਹਿਲਕਾਰਾਂ ਸਮੇਤ ਜਲੰਧਰ ਗਏ ਤੇ ਆਪਣੀ ਫ਼ੌਜ ਦਾ ਇੱਕ ਹਿੱਸਾ ਦਿੱਲੀ ਭੇਜਿਆ। ਜਦੋਂ ਜਲੰਧਰ ਵਿਖੇ ਗ਼ਦਰ ਦੀ ਅੱਗ ਭੜਕੀ, ਤਾਂ ਰਾਜਾ ਰਣਧੀਰ ਸਿੰਘ ਨੇ ਸਾਰੇ ਸ਼ਹਿਰ, ਖ਼ਜ਼ਾਨਾ ਤੇ ਜੇਲ੍ਹ ਆਦਿਕਾਂ ਦੀ ਬੜੀ ਸਰਗਰਮੀ ਨਾਲ ਰੱਖਿਆ ਕੀਤੀ। ਸਿਆਲਕੋਟ ਤੇ ਹੁਸ਼ਿਆਰਪੁਰ ਵਿਖੇ ਬਗ਼ਾਵਤ ਨੂੰ ਦਬਾਉਣ ਲਈ ਰਾਜਾ ਸਾਹਿਬ ਨੇ ਆਪਣੀ ਫ਼ੌਜ ਭੇਜੀ ਤੇ ਨਵੰਬਰ ਤਕ ਉੱਥੇ ਹੀ ਰਹੀ। ਸੋ, ਰਾਜਾ ਰਣਧੀਰ ਸਿੰਘ ਨੇ ਅੰਗਰੇਜ਼ ਸਰਕਾਰ ਦੀ ਗ਼ਦਰ ਲਹਿਰ ਨੂੰ ਦਬਾਉਣ ਲਈ ਹਰ ਪ੍ਰਕਾਰ ਦੀ ਸਹਾਇਤਾ ਕੀਤੀ।

ਦੀਵਾਨ ਮਥਰਾ ਦਾਸ ਦੇ ਵਲਾਇਤੋਂ ਮੁਕੱਦਮਾ ਜਿੱਤ ਕੇ ਵਾਪਸ ਆਉਣ 'ਤੇ ਰਾਜਾ ਸਾਹਿਬ ਨੇ ਕਪੂਰਥਲੇ ਇੱਕ ਭਾਰੀ ਦਰਬਾਰ ਕੀਤਾ, ਜਿਸ ਵਿੱਚ ਲਾਹੌਰ ਤੇ ਅੰਮ੍ਰਿਤਸਰ ਆਦਿਕ ਜਗ੍ਹਾ ਤੋਂ ਮੰਨੀਆਂ-ਪ੍ਰਮੰਨੀਆਂ ਸ਼ਖ਼ਸੀਅਤਾਂ ਤੇ ਕਈ ਯੂਰਪੀਨ ਵੀ ਆਏ। ਰਾਜਾ ਸਾਹਿਬ ਨੇ ਦੀਵਾਨ ਮਥਰਾ ਦਾਸ ਦੀ ਸੇਵਾ ਦਾ ਜ਼ਿਕਰ ਤੇ ਪ੍ਰਸੰਸਾ ਕਰ ਕੇ ਦੋ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਦਿੱਤੀ। ਮਲਕਾ ਵਿਕਟੋਰੀਆ ਦੀ ਵੀ ਪ੍ਰਸੰਸਾ ਕੀਤੀ ਗਈ। ਇਸ ਤੋਂ ਬਿਨਾਂ ਗਵਰਨਮੈਂਟ ਨੇ ਰਾਜਾ ਸਾਹਿਬ ਨੂੰ ਦੀਵਾਨ ਮੰਨਯਾ ਤੇ ਜਾਗੀਰ ਦੋ ਹਜ਼ਾਰ ਸਾਲ ਦੀ ਦਿੱਤੀ ਕਿ ਧੰਨਵਾਦੀ ਰਹੇ।

ਰਾਜਾ ਰਣਧੀਰ ਸਿੰਘ ਨੂੰ "ਫਰਜ਼ੰਦੇ ਦਿਲਬੰਦਰਾ ਸਖਉਲ ਏਤਦਾਦ" ਦਾ ਖ਼ਿਤਾਬ ਦਿੱਤਾ ਗਿਆ। ਸਰਦਾਰ ਬਿਕਰਮਾ ਸਿੰਘ ਨੂੰ 'ਬਹਾਦਰ' ਦਾ ਖ਼ਿਤਾਬ ਦਿੱਤਾ ਗਿਆ। ਸੰਨ 1861 ਈ. ਵਿੱਚ ਗਵਰਨਮੈਂਟ ਨੇ ਰਾਜਾ ਸਾਹਿਬ ਨੂੰ ਅਵਧ ਦੇ ਤਅੱਲਕੇਦਾਰਾਂ ਨਾਲੋਂ ਉੱਚਾ ਬਨਾਣ ਲਈ 'ਰਾਜਾਏ ਰਾਜਗਾਨ' ਦਾ ਖ਼ਿਤਾਬ ਦਿੱਤਾ। ਸਤਾਰਾ ਹਿੰਦ ਦਾ ਤਗ਼ਮਾ ਵੀ ਮਿਲਿਆ। 17 ਅਕਤੂਬਰ, 1864 ਨੂੰ ਹਜ਼ੂਰ ਵਾਇਸਰਾਇ ਨੇ ਰਾਜਾ ਰਣਧੀਰ ਸਿੰਘ ਨੂੰ ਲਾਹੌਰ ਦੇ ਵਾਇਸਰਾਇ ਦਰਬਾਰ ਵਿੱਚ ਕਸ਼ਮੀਰ, ਪਟਿਆਲਾ, ਨਾਭਾ, ਜੀਂਦ, ਮੰਡੀ, ਫ਼ਰੀਦਕੋਟ, ਚੰਬਾ, ਸੁਕੇਤ, ਗੋਲੇਰ ਦੇ ਮਹਾਰਾਜਾ ਮਲੇਰਕੋਟਲਾ, ਪਟੌਦੀ, ਦੁਜਾਨ, ਲੁਹਾਰ ਦੇ ਨਵਾਬ ਤੇ ਕਲਸੀਆਂ ਆਦਿਕ ਦੇ ਵੱਡੇ-ਵੱਡੇ ਸਰਦਾਰ ਜਿਸ ਵਿੱਚ ਸ਼ਾਮਲ ਸਨ, 'ਸਤਾਰਾ ਹਿੰਦ' ਦਾ ਖ਼ਿਤਾਬ ਦਿੱਤਾ। ਇਨ੍ਹਾਂ ਤੋਂ ਇਲਾਵਾ ਵਾਇਸਰਾਏ ਹਿੰਦ ਨੇ ਮਹਾਰਾਜੇ ਦੀ ਵਡਿਆਈ ਕੀਤੀ ਤੇ ਸ੍. ਰਣਧੀਰ ਸਿੰਘ ਨੇ ਵੀ ਵਾਇਸਰਾਏ ਤੇ ਮਲਕਾ ਵਿਕਟੋਰੀਆ ਦਾ ਧੰਨਵਾਦ ਕੀਤਾ।

ਇਸ ਤੋਂ ਪਿੱਛੋਂ ਰਾਜਾ ਰਣਧੀਰ ਸਿੰਘ ਨੇ ਵਲਾਇਤ ਦੀ ਸੈਰ ਕਰਨ ਦੀ ਯੋਜਨਾ ਬਣਾਈ। 1870 ਵਿੱਚ ਇਹਨਾਂ ਨੇ ਜਾਣ ਦਾ ਪੱਕਾ ਫ਼ੈਸਲਾ ਕੀਤਾ ਪਰ ਜਿਗਰ ਵਿੱਚ ਨੁਕਸ ਕਾਰਨ ਰਸਤੇ ਵਿੱਚ ਹੀ ਅਕਾਲ ਚਲਾਣਾ ਕਰ ਗਏ। ਮਹਾਰਾਜੇ ਦੇ ਸਰੀਰ ਨੂੰ ਨਾਸਿਕ ਵਿੱਚ ਲਿਜਾ ਕੇ ਦਾਹ ਸਸਕਾਰ ਕੀਤਾ ਗਿਆ।

ਟਿੱਕਾ ਖੜਕ ਸਿੰਘ ਨੂੰ ਆਪਣੇ ਪਿਤਾ ਦੀ ਗੱਦੀ ਮਿਲਣ ਲਈ ਵਾਇਸਰਾਇ ਹਿੰਦ ਦੀ ਮਨਜ਼ੂਰੀ ਮੰਗਾਈ ਗਈ। ਵਾਇਸਰਾਇ ਨੇ ਟਿੱਕਾ ਖੜਕ ਸਿੰਘ ਨੂੰ ਗੱਦੀ 'ਤੇ ਬੈਠਣ ਦੀ ਆਗਿਆ ਦੇ ਦਿੱਤੀ। ਰਾਜਾ ਰਣਧੀਰ ਸਿੰਘ ਦੀ ਮੌਤ 'ਤੇ ਵਾਇਸਰਾਇ ਤੇ ਮਲਕਾ ਵਿਕਟੋਰੀਆ ਵੱਲੋਂ ਦੁੱਖ ਦਾ ਇਜ਼ਹਾਰ ਕੀਤਾ ਗਿਆ।

12 ਮਈ, 1870 ਨੂੰ ਰਾਜਾ ਖੜਕ ਸਿੰਘ ਆਪਣੇ ਪਿਤਾ ਦੀ ਜਗ੍ਹਾ ਬੜੀ ਧੂਮ ਧਾਮ ਨਾਲ ਗੱਦੀ 'ਤੇ ਬੈਠਾ। ਇਸ ਸਮਾਗਮ ਵਿੱਚ ਹਿੰਦੀ ਰਈਸ ਤੇ ਅੰਗਰੇਜ਼ ਅਫ਼ਸਰ ਵੀ ਸ਼ਾਮਲ ਹੋਏ। ਗਵਰਨਮੈਂਟ ਵੱਲੋਂ ਕਰਨਲ ਕਾਕਸ ਨੇ ਖ਼ਿਲਅਤ ਪੇਸ਼ ਕੀਤੀ। ਫਿਰ ਰਿਆਸਤਾਂ ਵੱਲੋਂ ਖ਼ਿਲਅਤਾਂ ਦਿੱਤੀਆਂ ਗਈਆਂ। ਰਾਜਾ ਖੜਕ ਸਿੰਘ ਨੇ ਆਪਣੇ ਪਿਤਾ ਸ੍. ਰਣਧੀਰ ਸਿੰਘ ਵੱਲੋਂ ਮਿਲੀ ਵਿਰਾਸਤ ਅਨੁਸਾਰ ਰਾਜ-ਭਾਗ ਚਲਾਇਆ। ਖੜਕ ਸਿੰਘ ਨੇ ਆਪਣੇ ਪਿਤਾ ਦੀ ਯਾਦ ਵਿੱਚ ਹਸਪਤਾਲ ਤੇ ਕਾਲਜ ਬਣਵਾਇਆ। ਰਾਜਾ ਖੜਕ ਸਿੰਘ ਬਹੁਤੀ ਦੇਰ ਗੱਦੀ 'ਤੇ ਨਾ ਬੈਠ ਸਕਿਆ। ਸੰਨ 1874 ਈ. ਵਿੱਚ ਖੜਕ ਸਿੰਘ ਭਾਗਸੂ (ਕਾਂਗੜਾ) ਤੋਂ ਵਾਪਸ ਆ ਰਿਹਾ ਸੀ ਤਾਂ ਉਹਨਾਂ ਦੇ ਦਿਮਾਗ ਵਿੱਚ ਕੁਝ ਖਲਲ ਹੋਇਆ। ਇਹ ਰੋਗ 9 ਮਈ 1874 ਨੂੰ ਪ੍ਰਗਟ ਹੋਇਆ। ਇਲਾਜ ਵੀ ਕੀਤਾ ਗਿਆ, ਪਰ ਕੋਈ ਫ਼ਾਇਦਾ ਨਾ ਹੋਇਆ। ਸ੍. ਖੜਕ ਸਿੰਘ ਭਾਗਸੂ ਦੇ ਸਥਾਨ 'ਤੇ 5 ਸਤੰਬਰ, 1877 ਨੂੰ ਅਕਾਲ ਚਲਾਣਾ ਕਰ ਗਏ। ਇਹਨਾਂ ਦਾ ਸਰੀਰ ਕਪੂਰਥਲੇ ਲਿਆ ਕੇ ਦਾਹ ਸਸਕਾਰ ਕੀਤਾ ਗਿਆ।

**ਸਰ ਲੈਪਲ ਗਿ੍ਫਨ ਨੂੰ ਸੁਪਰਡੈਂਟ ਬਣਾਇਆ ਗਿਆ :** ਸ੍. ਖੜਕ ਸਿੰਘ ਦੇ ਤੰਦਰੁਸਤ ਨਾ ਰਹਿ ਸਕਣ ਕਾਰਣ ਰਿਆਸਤ ਦਾ ਪ੍ਰਬੰਧ ਸਰ ਲੈਪਲ ਗਿ੍ਫਨ ਸਾਹਿਬ ਨੂੰ ਦਿੱਤਾ ਗਿਆ। ਇਹਨਾਂ ਨੂੰ ਰਿਆਸਤ ਦਾ ਸੁਪਰਡੈਂਟ ਬਣਾਇਆ ਗਿਆ। 18 ਅਪ੍ਰੈਲ, 1875 ਨੂੰ ਇਹਨਾਂ ਨੇ ਕੌਂਸਲ ਦਾ ਚਾਰਜ ਲਿਆ।

ਰਾਜਾ ਖੜਕ ਸਿੰਘ ਦੀ ਜਗ੍ਹਾ 'ਤੇ ਉਹਨਾਂ ਦੇ ਲੜਕੇ ਸ੍. ਜਗਜੀਤ ਸਿੰਘ, ਜਿਨ੍ਹਾਂ ਦਾ ਜਨਮ 23 ਨਵੰਬਰ, 1872 ਨੂੰ ਹੋਇਆ ਸੀ, ਗੱਦੀ 'ਤੇ ਬੈਠੇ। ਇਸ ਰਸਮ ਨੂੰ ਅਦਾ ਕਰਨ ਲਈ 19 ਨਵੰਬਰ, 1877 ਨੂੰ ਐਜਰਟਨ ਸਾਹਿਬ ਬਹਾਦਰ ਲੈਫਟੀਨੈਂਟ ਗਵਰਨਰ ਪੰਜਾਬ 50-60 ਅੰਗਰੇਜ਼ ਅਫ਼ਸਰਾਂ ਸਮੇਤ ਕਪੂਰਥਲਾ ਆਏ। ਦੂਜੀਆਂ ਰਿਆਸਤਾਂ ਦੇ ਰਾਜੇ ਵੀ ਆਏ। ਪਹਿਲਾਂ ਗਵਰਨਮੈਂਟ ਵੱਲੋਂ ਖ਼ਿਲਅਤ ਦਿੱਤੀ ਗਈ, ਫਿਰ ਦੂਜੀਆਂ ਰਿਆਸਤਾਂ ਦੇ ਰਾਜਿਆਂ ਨੇ ਖ਼ਿਲਅਤਾਂ ਦਿੱਤੀਆਂ। ਗੱਦੀ-ਨਸ਼ੀਨੀ ਵੇਲੇ ਜਗਜੀਤ ਸਿੰਘ ਦੀ ਉਮਰ ਪੰਜ ਸਾਲ ਦੀ ਸੀ। ਆਪ ਉੱਠ ਕੇ ਸਾਰੇ ਦਰਬਾਰੀਆਂ ਤੇ ਅਹਿਲਕਾਰਾਂ ਤੇ ਗਵਰਨਰ ਦੇ ਸਾਹਮਣੇ ਇਹ ਬਚਨ ਕਹੇ :

> *"ਮੈਂ ਬੜੇ ਮਾਣ ਨਾਲ ਇਸ ਗੱਲ ਦਾ ਧੰਨਵਾਦ ਕਰਦਾ ਹਾਂ ਕਿ ਸਰਲੇਵਸ ਸਾਹਿਬ ਨੇ ਮੇਰਾ ਨਾਮ ਗਜਟ ਕੀਤਾ ਹੈ ਤੇ ਜਨਾਬ ਐਜਰਟਨ ਸਾਹਿਬ ਨੇ ਮੈਨੂੰ ਗੱਦੀ 'ਤੇ ਬਿਠਾਇਆ ਹੈ।"*

ਮਹਾਰਾਜਾ ਜਗਜੀਤ ਸਿੰਘ ਬਾਲ ਉਮਰ ਵਿੱਚ ਸਨ, ਇਸ ਲਈ ਕਪੂਰਥਲਾ ਰਿਆਸਤ ਕਾਫ਼ੀ ਸਮਾਂ ਅੰਗਰੇਜ਼ੀ ਸਰਕਾਰ ਦੇ ਅਫ਼ਸਰਾਂ ਦੀ ਨਿਗਰਾਨੀ ਹੇਠ ਰਹੀ। ਰਿਆਸਤ ਵਿੱਚ ਹੇਠ ਲਿਖੇ ਅਨੁਸਾਰ ਅੰਗਰੇਜ਼ ਅਫ਼ਸਰ ਸੁਪਰਡੈਂਟ ਰਹੇ :

1. ਸਰ ਲੈਪਲ ਗ੍ਰਿਫ਼ਨ ਸਾਹਿਬ 18 ਅਪ੍ਰੈਲ, 1875 ਤੋਂ 13 ਫ਼ਰਵਰੀ, 1876 ਤਕ।
2. ਮਿਸਟਰ ਰੀਵਾਰ ਸਾਹਿਬ 14 ਫ਼ਰਵਰੀ, 1876 ਤੋਂ ਮਈ, 1883 ਤਕ।
3. ਡਬਲਯੂ ਫਰੇਅਰ ਸਾਹਿਬ 8 ਮਈ, 1883 ਤੋਂ ਫ਼ਰਵਰੀ, 1884 ਤਕ।
4. ਇਸਟਰ ਕਨੇਹਮ 14 ਫ਼ਰਵਰੀ, 1884 ਤੋਂ ਅਪ੍ਰੈਲ, 1885 ਤਕ।
5. ਮਿਸਟਰ ਜਾਰਜ ਕਾਰਲਸ ਨਮਰ ਸਾਹਿਬ 15 ਅਪ੍ਰੈਲ, 1885 ਤੋਂ ਅਗਸਤ, 1886 ਤਕ।
6. ਮੇਜਰ ਮੋਸੀ ਸਾਹਿਬਾ 18 ਅਗਸਤ, 1883 ਤੋਂ 23 ਨਵੰਬਰ, 1890 ਤਕ।

ਜਦੋਂ ਰਾਜਾ ਜਗਜੀਤ ਸਿੰਘ ਅੰਗਰੇਜ਼ੀ ਤੇ ਫ਼ਾਰਸੀ ਦੀ ਸਿਖਯਾ ਵਿੱਚ ਪ੍ਰਬੀਨ ਹੋ ਗਏ ਤੇ ਰਿਆਸਤ ਦਾ ਪ੍ਰਬੰਧ ਕਰਨਯੋਗ ਹੋ ਗਏ, ਤਾਂ ਸਰ ਜੇਮਜ਼ ਲਾਇਲ ਸਾਹਿਬ ਗਵਰਨਰ ਪੰਜਾਬ ਨੇ ਆਪਣੇ ਸਟਾਫ਼ ਤੇ ਹੋਰ ਅੰਗਰੇਜ਼ ਅਫ਼ਸਰਾਂ ਸਮੇਤ ਕਪੂਰਥਲੇ ਪੁੱਜ ਕੇ ਵੱਡੇ ਦਰਬਾਰ ਵਿੱਚ ਰਾਜਾ ਜਗਜੀਤ ਸਿੰਘ ਨੂੰ ਗੱਦੀ 'ਤੇ ਬਿਠਾਇਆ ਤੇ ਅੰਗਰੇਜ਼ ਸੁਪਰਡੈਂਟ ਤੇ ਹੋਰ ਅਹਿਲਕਾਰਾਂ ਦਾ ਸਹਾਇਤਾ ਦੇਣ ਬਦਲੇ ਧੰਨਵਾਦ ਕੀਤਾ।

ਰਾਜਾ ਸਾਹਿਬ ਨੇ ਗੱਦੀ 'ਤੇ ਬੈਠਦੇ ਹੀ ਆਪਣੇ ਅਹਿਲਕਾਰਾਂ ਦੀ ਤਰੱਕੀ ਕੀਤੀ। ਯੋਗਤਾ ਅਨੁਸਾਰ ਉਹਨਾਂ ਦੀ ਤਨਖ਼ਾਹ ਵੀ ਵਧਾਈ। ਮੁਲਕ ਦੇ ਸਾਰੇ ਵੱਡੇ-ਵੱਡੇ ਸ਼ਹਿਰਾਂ ਦੀ ਸੈਰ ਕਰ ਕੇ ਆਪਣੇ ਤਜਰਬੇ ਨੂੰ ਵਧਾਇਆ।

ਰਾਜਾ ਜਗਜੀਤ ਸਿੰਘ ਨੇ ਰਿਆਸਤ ਵਿੱਚ ਬਹੁਤ ਸਾਰੇ ਪ੍ਰਾਇਮਰੀ ਤੇ ਹਾਈ ਸਕੂਲ ਮੁੰਡਿਆਂ ਤੇ ਕੁੜੀਆਂ ਲਈ ਬਣਾਏ। ਖ਼ਾਲਸਾ ਕਾਲਜ, ਅੰਮ੍ਰਿਤਸਰ ਨੂੰ ਇੱਕ ਲੱਖ ਰੁਪੈ ਦੀ ਮਦਦ ਵੀ ਕੀਤੀ। ਰਣਧੀਰ ਕਾਲਜ ਦੀ ਉਸਾਰੀ ਵੀ ਮੁਕੰਮਲ ਕਰਵਾਈ। ਰਾਜਾ ਜਗਜੀਤ ਸਿੰਘ ਨੇ ਬ੍ਰਿਟਿਸ਼ ਪ੍ਰਣਾਲੀ ਅਨੁਸਾਰ ਅਦਾਲਤ ਵੀ ਬਣਾਈ, ਜਿਸ ਰਾਹੀਂ ਅਪਰਾਧੀਆਂ ਨੂੰ ਬਣਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਪਰ ਮਹਾਰਾਜੇ ਨੇ ਕਦੇ ਵੀ ਕਿਸੇ ਨੂੰ ਫ਼ਾਂਸੀ ਦੀ ਸਜ਼ਾ ਨਹੀਂ ਸੀ ਦਿੱਤੀ।

ਖੇਤੀਬਾੜੀ ਨੂੰ ਪ੍ਰਫੁੱਲਿਤ ਕਰਨ ਲਈ ਜ਼ਿਮੀਂਦਾਰਾਂ ਦੀ ਸਹੂਲਤ ਲਈ ਖੇਤੀਬਾੜੀ ਬੈਂਕ ਸਾਰੀ ਰਿਆਸਤ ਵਿੱਚ ਖੋਲ੍ਹੇ ਗਏ। ਕੋ-ਅਪਰੇਟਿਵ ਸੁਸਾਇਟੀਆਂ ਬਣਾਈਆਂ ਗਈਆਂ। ਪਸ਼ੂ ਹਸਪਤਾਲ ਵੀ ਖੋਲ੍ਹੇ ਗਏ।

ਕਪੂਰਥਲਾ ਵਿਖੇ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਸਟੇਟ ਗੁਰਦੁਆਰਾ ਸਾਹਿਬ ਬਣਾਇਆ ਗਿਆ। ਮਹਾਰਾਜਾ ਜਗਜੀਤ ਸਿੰਘ ਬਹੁਤ ਹੀ ਨੇਕ ਦਿਲ ਤੇ ਖੁੱਲ੍ਹੇ ਦਿਲ ਦਾ ਮਾਲਕ ਸੀ। ਮੁਸਲਮਾਨਾਂ ਨੂੰ ਨਮਾਜ਼ ਅਦਾ ਕਰਨ ਲਈ ਬਹੁਤ ਹੀ ਖ਼ੂਬਸੂਰਤ 'ਮੂਰਿਸ਼ ਮਸਜਿਦ ਇੱਕ ਫਰੈਂਚ ਆਰਕੀਟੈਕਟ ਵੱਲੋਂ ਬਣਾਈ ਗਈ। ਇਸ ਦੀ ਕੀਮਤ ਉਸ ਸਮੇਂ 6 ਲੱਖ ਰੁਪੈ ਆਈ ਸੀ। ਮਹਾਰਾਜਾ ਵੱਲੋਂ ਖ਼ੂਬਸੂਰਤ ਮੰਦਰ ਵੀ ਬਣਵਾਇਆ।

ਕਪੂਰਥਲਾ ਸ਼ਹਿਰ ਜਿੱਥੇ ਰਾਜੇ-ਮਹਾਰਾਜਿਆਂ ਦੇ ਖ਼ੂਬਸੂਰਤ ਪੈਲੇਸ ਨਾਲ ਸਸ਼ੋਭਿਤ ਹੈ ਉੱਥੇ ਹਰ ਇੱਕ ਧਰਮ-ਜਾਤ ਲਈ ਪੂਜਣਯੋਗ ਸਥਾਨ ਵੀ ਇਸ ਸ਼ਹਿਰ ਵਿੱਚ ਕਾਇਮ ਹਨ।

ਮਹਾਰਾਜਾ ਜਗਜੀਤ ਸਿੰਘ ਆਏ-ਗਏ ਮਹਿਮਾਨਾਂ ਦੀ ਬਹੁਤ ਵਧੀਆ ਢੰਗ ਨਾਲ ਆਉ-ਭਗਤ ਕਰਦਾ ਸੀ। ਦੁਨੀਆ ਦੀਆਂ ਨਾਮਵਰ ਸ਼ਖ਼ਸੀਅਤਾਂ ਕਪੂਰਥਲਾ ਸ਼ਹਿਰ ਵਿਖੇ ਆਉਂਦੀਆਂ ਸਨ। ਕਪੂਰਥਲਾ ਨੂੰ ਪੰਜਾਬ ਦਾ ਪੈਰਿਸ ਵੀ ਕਿਹਾ ਜਾਂਦਾ ਹੈ।

ਮਹਾਰਾਜਾ ਜਗਜੀਤ ਸਿੰਘ ਵੀ ਇੱਕ ਵੱਡਾ Traveller (ਟਰੈਵਲਰ) ਸੀ। ਉਸ ਨੂੰ ਘੁੰਮਣ-ਫਿਰਨ ਦਾ ਬਹੁਤ ਸ਼ੌਕ ਸੀ। ਘੁੰਮ-ਫਿਰ ਕੇ ਉਸ ਨੇ ਬਹੁਤ ਸਾਰੇ ਤਜਰਬੇ ਵੀ ਹਾਸਲ ਕੀਤੇ। ਮਹਾਰਾਜਾ ਉੱਤਰ ਅਫ਼ਰੀਕਾ, ਸੈਂਟਰਲ ਤੇ ਦੱਖਣੀ ਅਮਰੀਕਾ, ਚੀਨ, ਜਾਪਾਨ, ਸਿਆਮ, ਜਾਵਾ, ਇੰਡੋ ਚਾਈਨਾ, ਮਿਸਰ, ਤੁਰਕੀ ਅਤੇ ਬਾਲੀ ਟਾਪੂ ਤੋਂ ਇਲਾਵਾ ਗਰੇਟ ਬ੍ਰਿਟੇਨ ਅਤੇ ਫ਼ਰਾਂਸ, ਇਟਲੀ, ਜਰਮਨੀ, ਆਸਟਰੀਆ, ਸਪੇਨ, ਬੈਲਜ਼ੀਅਮ, ਗਰੀਸ, ਹਾਲੈਂਡ ਅਤੇ ਨੌਰਵੇ ਆਦਿ ਦੇਸ਼ਾਂ ਦੇ ਦੌਰੇ 'ਤੇ ਗਿਆ। ਜਿਹੜੀਆਂ ਯਾਤਰਾਵਾਂ ਉਹਨੇ ਰਾਜਨੀਤਿਕ ਤੇ ਕੂਟਨੀਤਿਕ ਮਿਸ਼ਨਾਂ ਨੂੰ ਲੈ ਕੇ ਕੀਤੀਆਂ, ਉਹਨਾਂ ਵਿੱਚ ਮਹਾਰਾਜਾ ਨੇ ਲੀਗ ਆਫ਼ ਨੇਸ਼ਨ 'ਚ ਭਾਰਤੀ ਰਾਜ ਘਰਾਣਿਆਂ ਦੀ ਪ੍ਰਤਿਨਿਧਤਾ ਵੀ ਕੀਤੀ। ਜਦੋਂ ਦੂਜੀ ਵਾਰ 1915 ਵਿੱਚ 22 ਸਾਲ ਦੇ ਵਕਫ਼ੇ ਬਾਅਦ ਅਮਰੀਕਾ ਗਿਆ ਤਾਂ ਅਮਰੀਕਾ ਦੀ ਇੱਕ ਪ੍ਰਮੁੱਖ ਸ਼ਖ਼ਸੀਅਤ ਨੇ ਦੱਸਿਆ ਕਿ ਜਦੋਂ ਤੁਹਾਡੇ ਪਿਤਾ ਜੀ ਅਮਰੀਕਾ ਆਏ ਸਨ, ਮੈਂ ਉਹਨਾਂ ਨੂੰ ਮਿਲਿਆ ਸੀ, ਤਾਂ ਉਹਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ ਕਿ ਉਹ ਉਸੇ ਮਹਾਰਾਜੇ ਨੂੰ ਮਿਲ ਰਿਹਾ ਸੀ, ਜੋ 1893 ਵਿੱਚ ਅਮਰੀਕਾ ਆਇਆ ਸੀ। ਮਹਾਰਾਜਾ ਜਗਜੀਤ ਸਿੰਘ ਆਪਣੇ ਕਾਰਜ 1945 ਈ. ਤਕ ਨਿਭਾਉਂਦਾ ਰਿਹਾ, ਜਦੋਂ ਤਕ ਸਟੇਟ ਕਪੂਰਥਲਾ ਭਾਰਤੀ ਹਕੂਮਤ ਵਿੱਚ ਨਾ ਮਿਲ ਗਈ। ਉਸ ਨੂੰ PEPSU ਦਾ ਡਿਪਟੀ ਗਵਰਨਰ ਬਣਾਇਆ ਗਿਆ। ਮਹਾਰਾਜਾ 19 ਜੂਨ, 1947 ਤਕ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਨ ਤਕ ਸੇਵਾ ਨਿਭਾਉਂਦਾ ਰਿਹਾ।

17 ਮਈ, 1949 ਨੂੰ ਰਾਜਾ ਜਗਜੀਤ ਸਿੰਘ ਦੇ ਘਰ ਟਿੱਕਾ ਸਾਹਿਬ ਪੈਦਾ ਹੋਏ, ਜਿਸ 'ਤੇ ਸਾਰੀ ਪਰਜਾ ਨੇ ਬਹੁਤ ਖ਼ੁਸ਼ੀ ਮਨਾਈ।

## ਰਾਮਗੜ੍ਹੀਆ ਮਿਸਲ


ਰਾਮਗੜ੍ਹੀਆ ਮਿਸਲ ਦਾ ਸ਼ਜਰਾ
(ਗਿਆਨੀ ਗਿਆਨ ਸਿੰਘ ਅਨੁਸਾਰ, ਤਵਾਰੀਖ ਗੁਰੂ ਖ਼ਾਲਸਾ)
ਹਰਦਾਸ ਸਿੰਘ
ਭਗਵਾਨ ਸਿੰਘ
ਜੈ ਸਿੰਘ
ਜੱਸਾ ਸਿੰਘ
ਖ਼ੁਸ਼ਹਾਲ ਸਿੰਘ
ਮਾਲੀ ਸਿੰਘ
ਤਾਰਾ ਸਿੰਘ
ਜੋਧ ਸਿੰਘ
ਬਲਬੀਰ ਸਿੰਘ
ਮਹਤਾਬ ਸਿੰਘ
ਦੀਵਾਨ ਸਿੰਘ
ਹੀਰਾ ਸਿੰਘ
ਮੰਗਲ ਸਿੰਘ
ਜੈਮਲ ਸਿੰਘ
ਮੋਹਰ ਸਿੰਘ
ਮੰਗਲ ਸਿੰਘ
ਉੱਤਮ ਸਿੰਘ
ਸੋਭਾ ਸਿੰਘ
ਧਰਤਾ ਸਿੰਘ
ਅਤਰ ਸਿੰਘ
ਗੁਰਦਿੱਤ ਸਿੰਘ
ਸੁਚੇਤ ਸਿੰਘ
ਸ਼ੇਰ ਸਿੰਘ
ਬਿਸ਼ਨ ਸਿੰਘ
ਨਰੈਣ ਸਿੰਘ
ਸੰਤ ਸਿੰਘ
ਸੁੰਦਰ ਸਿੰਘ
ਸੋਹਣ ਸਿੰਘ ਸੀਤਲ ਅਨੁਸਾਰ
ਹਰਦਾਸ ਸਿੰਘ
ਭਗਵਾਨ ਸਿੰਘ
ਜੈ ਸਿੰਘ
ਜੱਸਾ ਸਿੰਘ
ਖ਼ੁਸ਼ਹਾਲ ਸਿੰਘ
ਮਾਲੀ ਸਿੰਘ
ਤਾਰਾ ਸਿੰਘ
ਜੋਧ ਸਿੰਘ
ਵੀਰ ਸਿੰਘ
ਵਰਿਆਮ ਸਿੰਘ
ਦੀਵਾਨ ਸਿੰਘ
ਮਹਤਾਬ ਸਿੰਘ
ਸਾਹਿਬ ਸਿੰਘ
ਗੁਲਾਬ ਸਿੰਘ

ਰਾਮਗੜ੍ਹੀਆ ਮਿਸਲ ਦਾ ਮੁੱਢ ਸ੍. ਖ਼ੁਸ਼ਹਾਲ ਸਿੰਘ ਤੋਂ ਬੱਝਦਾ ਹੈ। ਖ਼ੁਸ਼ਹਾਲ ਸਿੰਘ ਗੱਗੋਬੂਹਾ ਪਿੰਡ ਦਾ ਰਹਿਣ ਵਾਲਾ ਜੱਟ ਸਿੱਖ ਸੀ, ਜੋ ਕਿ ਝਬਾਲ (ਅੰਮ੍ਰਿਤਸਰ) ਦੇ ਨੇੜੇ ਪੈਂਦਾ ਹੈ। ਇੱਥੇ ਇਹ ਵੀ ਦੱਸ ਦਈਏ ਕਿ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲੇ ਵੀ ਗਗੋਬੂਹਾ ਪਿੰਡ ਦੇ ਹੀ ਜੰਮ-ਪਲ ਸਨ। ਸ੍. ਖ਼ੁਸ਼ਹਾਲ ਸਿੰਘ ਨੇ ਬੰਦਾ ਸਿੰਘ ਬਹਾਦਰ ਤੋਂ ਖੰਡੇ ਦੀ ਪਹੁਲ ਲਈ ਸੀ। ਇਸ ਲਈ ਖ਼ੁਸ਼ਹਾਲ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਮੁਗ਼ਲਾਂ ਵਿਰੁੱਧ ਲੜੀਆਂ ਲੜਾਈਆਂ ਵਿੱਚ ਵੀ ਸ਼ਾਮਲ ਹੁੰਦਾ ਰਿਹਾ।

ਪਰੰਤੂ ਗਿਆਨੀ ਗਿਆਨ ਸਿੰਘ ਇਸ ਮਿਸਲ ਦਾ ਕਰਤਾ-ਧਰਤਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਮੰਨਦਾ ਹੈ। ਇਹਨਾਂ ਦੇ ਵੱਡੇ ਤਰਖਾਣ ਸਨ, ਜੋ ਕਿ ਸੁਰ ਸਿੰਘ ਦੇ ਰਹਿਣ ਵਾਲੇ ਸਨ, ਪਰੰਤੂ 1772 ਵਿੱਚ ਇਸ ਦੇ ਦਾਦਾ ਹਰਦਾਸ ਸਿੰਘ ਦੇ ਚਲਾਣਾ ਕਰ ਜਾਣ 'ਤੇ ਇਹਨਾਂ ਦੇ ਪਿਤਾ ਸਰਦਾਰ ਭਗਵਾਨ ਸਿੰਘ ਨੇ ਆਪਣੀ ਵਸੋਂ ਈਚੋਗਿੱਲ ਪਰਗਣਾ ਲਾਹੌਰ ਵਿੱਚ ਕਰ ਲਈ।

ਸੋਹਣ ਸਿੰਘ ਸੀਤਲ ਤੇ ਡਾ. ਭਗਤ ਸਿੰਘ ਲਿਖਦੇ ਹਨ ਕਿ ਖ਼ੁਸ਼ਹਾਲ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁਹਿੰਮਾਂ ਵਿੱਚ ਮੁਗ਼ਲਾਂ ਵਿਰੁੱਧ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਫਿਰ ਉਸ ਦੀ ਥਾਂ 'ਤੇ ਸ੍. ਨੰਦ ਸਿੰਘ ਜੱਟ ਨੇ ਇਸ ਜਥੇ ਦੀ ਵਾਗਡੋਰ ਆਪਣੇ ਹੱਥ ਲੈ ਲਈ। ਸ੍. ਨੰਦ ਸਿੰਘ ਪਿੰਡ ਸਾਘਨਾਂ ਦਾ ਰਹਿਣ ਵਾਲਾ ਸੀ। ਸ੍. ਨੰਦ ਸਿੰਘ ਦੀ ਦੇਖ-ਰੇਖ ਹੇਠ ਇਸ ਜਥੇ ਨੇ ਬਹੁਤ ਤਰੱਕੀ ਕੀਤੀ ਤੇ ਕਈ ਮੁਹਿੰਮਾਂ ਵਿੱਚ ਫ਼ਤਿਹ ਪ੍ਰਾਪਤ ਕੀਤੀ। ਉਸ ਸਮੇਂ ਇਸ ਮਿਸਲ ਦਾ ਨਾਮ ਸਾਂਘਣੀਆਂ ਰੱਖਿਆ ਗਿਆ। ਇਹੀ ਮਿਸਲ ਪਿੱਛੋਂ ਰਾਮਗੜ੍ਹੀਆਂ ਦੀ ਮਿਸਲ ਕਰ ਕੇ ਮਸ਼ਹੂਰ ਹੋਈ। ਸ੍. ਜੱਸਾ ਸਿੰਘ, ਤਾਰਾ ਸਿੰਘ ਤੇ ਮਾਲੀ ਸਿੰਘ ਤਿੰਨੇ ਭਰਾ ਸ੍. ਨੰਦ ਸਿੰਘ ਦੀ ਮਿਸਲ ਵਿੱਚ ਸ਼ਾਮਲ ਹੋ ਗਏ। ਸ੍. ਨੰਦ ਸਿੰਘ ਨੇ ਸ੍. ਜੱਸਾ ਸਿੰਘ ਨੂੰ ਆਪਣੀ ਮਿਸਲ ਦਾ ਸੈਨਾਪਤੀ ਬਣਾ ਲਿਆ।

ਸ੍. ਜੱਸਾ ਸਿੰਘ ਦਾ ਦਾਦਾ ਸ੍. ਹਰਦਾਸ ਸਿੰਘ ਤਰਖਾਣ ਜਾਤ ਨਾਲ ਸੰਬੰਧਿਤ ਸੀ ਤੇ ਉਹ ਸੁਰ ਸਿੰਘ ਪਿੰਡ, ਜੋ ਕਿ 19 ਕੁ ਮੀਲ ਖੇਮਕਰਨ ਦੇ ਨੇੜੇ ਹੈ ਦਾ ਰਹਿਣ ਵਾਲਾ ਸੀ। ਹੁਣ ਇਹ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੈ। ਸ੍. ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਪਾਨ ਕੀਤਾ ਸੀ। ਸ੍. ਹਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਹਾੜੀ ਰਾਜਿਆਂ ਤੇ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿੱਚ ਵੀ ਭਾਗ ਲੈਂਦਾ ਰਿਹਾ। ਜਦੋਂ ਗੁਰੂ ਜੀ ਦੱਖਣ ਨੂੰ ਚਲੇ ਗਏ, ਉਦੋਂ ਹਰਦਾਸ ਸਿੰਘ ਆਪਣੇ ਪਿੰਡ ਵਾਪਸ ਆ ਗਿਆ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਵਿਰੁੱਧ ਲੜਾਈਆਂ ਲੜੀਆਂ, ਤਾਂ ਸ੍. ਹਰਦਾਸ ਸਿੰਘ ਵੀ ਉਹਨਾਂ ਵਿੱਚ ਸ਼ਾਮਲ ਹੁੰਦਾ ਰਿਹਾ। ਸ੍. ਹਰਦਾਸ ਸਿੰਘ ਬਜਵਾੜਾ ਕੋਲ 1715 ਨੂੰ ਇੱਕ ਲੜਾਈ ਵਿੱਚ ਸ਼ਹੀਦ ਹੋ ਗਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

**ਇਨਕਾ ਬਡਾ ਸਿੰਘ ਹਰਦਾਸ।**
**ਰਹਿਓ ਗੁਰੂ ਗੋਬਿੰਦ ਸਿੰਘ ਪਾਸ।**
**ਮਨ ਤਨ ਧਨ ਕਰ ਸੇਵਾ ਕਮਾਈ।**
**ਗੁਰ ਬਰਦੀਨੋ ਰਾਜ ਲਭਾਈ।**
**ਸਿੰਘ ਭਗਵਾਨ ਤਾਹਿ ਸੁਤ ਭਜੋ**
**ਅਬਚਲ ਨਗਰ ਗੁਰੂ ਸੰਗ ਗਜੋ।**

*(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ : ੧੧੭੨)*

ਸ੍. ਹਰਦਾਸ ਸਿੰਘ ਦੀ ਸ਼ਹਾਦਤ ਤੋਂ ਬਾਅਦ ਇਹਨਾਂ ਦਾ ਪੁੱਤਰ ਭਗਵਾਨ ਸਿੰਘ ਈਚੋਗੱਲ ਜਾ ਵਸਿਆ। ਭਗਵਾਨ ਸਿੰਘ ਦੇ ਘਰ ਪੰਜ ਪੁੱਤਰ ਹੋਏ, ਜੈ ਸਿੰਘ, ਜੱਸਾ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ। ਸ੍. ਨੰਦ ਸਿੰਘ ਦੇ ਸੁਰਗਵਾਸ ਹੋਣ 'ਤੇ ਜੱਸਾ ਸਿੰਘ ਮਿਸਲ ਦਾ ਸਰਦਾਰ ਬਣਿਆ। ਭਗਵਾਨ ਸਿੰਘ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਬਾਣੀ ਦਾ ਪਾਠੀ ਸੀ। ਇਸ ਕਰ ਕੇ ਇਸ ਨੂੰ 'ਗਿਆਨੀ' ਕਹਿ ਕੇ ਵੀ ਬੁਲਾਇਆ ਜਾਂਦਾ ਸੀ। ਭਗਵਾਨ ਸਿੰਘ ਬੜਾ ਬਲਵਾਨ ਤੇ ਪਿਆਰ ਵਾਲਾ ਸੀ। ਇਸ ਨੇ ਕਈ ਜੰਗਾਂ ਵਿੱਚ ਭਾਗ ਲਿਆ। ਜਿਸ ਸਮੇਂ ਲਾਹੌਰ ਦੇ ਸੂਬੇ ਨੇ ਬੜੀ ਅੱਕੜ ਵਿੱਚ ਪਿਆ ਵੇਖ ਕੇ ਸਿੰਘਾਂ ਦਾ ਇੱਕ ਜਥਾ ਆਪਣੇ ਪਾਸ ਰਹਿਣ ਦੀ ਖ਼ਾਲਸੇ ਅੱਗੇ ਦਰਖਾਸਤ ਕੀਤੀ ਸੀ। ਓਸ ਵੇਲੇ ਸਰਦਾਰ ਭਗਵਾਨ ਸਿੰਘ ਸਵਾਰਾਂ ਦੇ ਨਾਲ ਲਾਹੌਰ ਵਿੱਚ ਹੀ ਸੀ ਤੇ ਆਪਣੇ ਚੰਗੇ ਗੁਣਾਂ ਕਰ ਕੇ 100 ਸਵਾਰਾਂ ਦਾ ਸਰਦਾਰ ਬਣ ਗਿਆ। ਜਦ 1739 ਵਿੱਚ ਨਾਦਰ ਸ਼ਾਹ ਨੇ ਹਮਲਾ ਕੀਤਾ, ਤਾਂ ਇਸ ਲੜਾਈ ਵਿੱਚ ਇੱਕ ਮੌਕੇ 'ਤੇ ਸ੍. ਭਗਵਾਨ ਸਿੰਘ ਨੇ ਆਪਣੇ-ਆਪ ਨੂੰ ਜ਼ੋਖਮ ਵਿੱਚ ਪਾ ਕੇ ਸੂਬਾ ਲਾਹੌਰ ਦੀ ਜਾਨ ਬਚਾਈ, ਜਿਸ 'ਤੇ ਸੂਬੇ ਨੇ ਇਨ੍ਹਾਂ ਦੇ ਪੰਜੇ ਪੁੱਤਰਾਂ ਨੂੰ ਪੰਜ ਪਿੰਡ : 1. ਵੱਲਾ, 2. ਵੇਰਕਾ, 3. ਸੁਲਤਾਨਵਿੰਡ, 4. ਤੁੰਗ ਤੇ 5. ਚੰਬਾ ਦੇ ਕੇ ਸਿੰਘ ਦੀ ਥਾਂ ਰਸਾਲਦਾਰ ਕਰ ਦਿੱਤਾ।

ਨਾਦਰ ਸ਼ਾਹ ਤੇ ਜ਼ਕਰੀਆ ਖ਼ਾਂ ਵਿਚਕਾਰ ਵਜ਼ੀਰਾਬਾਦ ਵਿਖੇ ਹੋਈ ਜ਼ਬਰਦਸਤ ਲੜਾਈ ਵਿੱਚ ਭਗਵਾਨ ਸਿੰਘ ਬਹੁਤ ਬਹਾਦਰੀ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਜੱਸਾ ਸਿੰਘ ਅਤੇ ਉਸ ਦੇ ਦੋ ਭਰਾ ਮਾਲੀ ਸਿੰਘ ਤੇ ਤਾਰਾ ਸਿੰਘ ਵੀ ਇਸ ਲੜਾਈ ਵਿੱਚ ਨਾਦਰ ਸ਼ਾਹ ਦੇ ਵਿਰੁੱਧ ਲੜੇ।

ਜ਼ਕਰੀਆ ਖ਼ਾਂ 1745 ਵਿੱਚ ਮਰ ਗਿਆ। ਇਸ ਦੀ ਮੌਤ ਪਿੱਛੋਂ ਪੰਜਾਬ ਦੀ ਹਕੂਮਤ ਵਿੱਚ ਰੌਲਾ ਪੈ ਗਿਆ। ਉਸ ਦੇ ਪੁੱਤਰ ਸ਼ਾਹ ਨਵਾਬ ਖ਼ਾਂ ਅਤੇ ਯਹੀਆ ਖ਼ਾਂ ਦਾ ਆਪਸ ਵਿੱਚ ਝਗੜਾ ਪੈ ਗਿਆ। ਇਸ ਦੌਰਾਨ ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲ ਗਿਆ ਅਤੇ ਤਕੜੀ ਫ਼ੌਜ ਨੂੰ ਜਥੇਬੰਦ ਕਰ ਕੇ ਥਾਂ-ਪੁਰ-ਥਾਂ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਸਿੱਖਾਂ ਨੇ ਛੇਤੀ ਹੀ ਆਪਣੀ ਵਧਦੀ ਤਾਕਤ ਦਾ ਵਿਖਾਵਾ ਕਰਨਾ ਸ਼ੁਰੂ ਕਰ ਦਿੱਤਾ। ਥਾਂ-ਪੁਰ-ਥਾਂ ਆਪਣੇ ਪੁਰਬ ਮਨਾਉਣੇ ਸ਼ੁਰੂ ਕਰ

ਦਿੱਤੇ। ਸਭ ਤੋਂ ਪਹਿਲਾਂ ਅਨੰਦਪੁਰ ਸਾਹਿਬ ਹੋਲਾ ਮਹੱਲਾ ਮਨਾਇਆ ਅਤੇ ਫਿਰ ਅੰਮ੍ਰਿਤਸਰ ਵਿਸਾਖੀ ਮਨਾਈ। ਇੱਥੇ ਉੱਘੇ ਸਿੱਖ ਆਗੂਆਂ ਨੇ ਮਤਾ ਪਾਸ ਕੀਤਾ ਕਿ ਖ਼ਾਲਸੇ ਨੂੰ ਆਪਣੀ ਤਾਕਤ ਵਧਾਉਣ ਲਈ ਕਿਲ੍ਹੇ ਉਸਾਰਨੇ ਚਾਹੀਦੇ ਹਨ। ਮਾੜੀ ਕੰਬੋਕੀ ਦੇ ਸ੍. ਸੁੱਖਾ ਸਿੰਘ ਦੀ ਤਜਵੀਜ਼ 'ਤੇ ਪਹਿਲਾ ਕਿਲ੍ਹਾ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਉਸਾਰਿਆ ਗਿਆ, ਜਿਸ ਦਾ ਨਾਂ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਰਾਮ ਰੌਣੀ' ਰੱਖਿਆ ਗਿਆ। ਇਸ ਕਿਲ੍ਹੇ ਦੀ ਉਸਾਰੀ ਵਿੱਚ ਸ੍. ਜੱਸਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਵਿਸ਼ੇਸ਼ ਰੂਪ ਵਿੱਚ ਹਿੱਸਾ ਪਾਇਆ।

1748 ਈ. ਨੂੰ ਅਹਿਮਦ ਸ਼ਾਹ ਅਬਦਾਲੀ ਨੇ ਪਹਿਲੀ ਵਾਰ ਪੰਜਾਬ 'ਤੇ ਹਮਲਾ ਕੀਤਾ ਤੇ ਇਸ ਨੂੰ ਮੁਈਨ-ਉਲ-ਮੁਲਕ ਨੇ ਮਨੂੰਪੁਰ ਦੇ ਅਸਥਾਨ 'ਤੇ ਬੜੀ ਭਾਰੀ ਹਾਰ ਦਿੱਤੀ। ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਖ਼ੁਸ਼ ਹੋ ਕੇ ਮੁਈਨ-ਉਲ-ਮੁਲਕ ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ, ਜੋ ਬਾਅਦ ਵਿੱਚ ਮੀਰ ਮਨੂੰ ਕਰ ਕੇ ਮਸ਼ਹੂਰ ਹੋਇਆ। ਪੰਜਾਬ ਵਿੱਚ ਸਿੱਖਾਂ ਦੀ ਤਾਕਤ ਦਿਨੋ-ਦਿਨ ਵਧ ਰਹੀ ਸੀ। 'ਰਾਮ ਰੌਣੀ' ਦੀ ਉਸਾਰੀ ਤੋਂ ਇਹ ਪ੍ਰਤੱਖ ਜ਼ਾਹਿਰ ਹੋ ਰਿਹਾ ਸੀ ਕਿ ਸਿੱਖ ਪੰਜਾਬ ਦੇ ਰਾਜਨੀਤਿਕ ਖੇਤਰ ਵਿੱਚ ਸ਼ਾਮਲ ਹੋਣ ਦੀਆਂ ਪੱਕੀਆਂ ਤਿਆਰੀਆਂ ਕਰ ਰਹੇ ਹਨ। ਮੀਰ ਮਨੂੰ ਸਿੱਖਾਂ ਦੀ ਇਸ ਵਧਦੀ ਤਾਕਤ ਤੋਂ ਬਹੁਤ ਘਬਰਾ ਰਿਹਾ ਸੀ। ਉਸ ਦਾ ਖ਼ਿਆਲ ਸੀ ਕਿ ਸਿੱਖਾਂ ਨੂੰ ਖ਼ਤਮ ਕੀਤੇ ਬਗੈਰ ਮੁਗ਼ਲ ਰਾਜ ਪੰਜਾਬ ਵਿੱਚ ਸੁਰੱਖਿਅਤ ਨਹੀਂ ਹੋ ਸਕਦਾ। ਉਸ ਨੇ ਜ਼ਕਰੀਆ ਖ਼ਾਂ ਤੇ ਯਹੀਆ ਖ਼ਾਂ ਵਾਲਾ ਸਖ਼ਤੀ ਦਾ ਦੌਰ ਮੁੜ ਕੇ ਜਾਰੀ ਕੀਤਾ ਤੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਸਭ ਪਾਸੇ ਗਸ਼ਤੀ ਫ਼ੌਜਾਂ ਭੇਜ ਦਿੱਤੀਆਂ। ਸਿੱਖਾਂ ਨੇ ਸਦਾ ਵਾਂਗ ਆਪਣੇ-ਆਪਣੇ ਘਰ-ਬਾਰ ਛੱਡ ਕੇ ਪਹਾੜਾਂ ਤੇ ਜੰਗਲਾਂ ਵਿੱਚ ਜਾ ਪਨਾਹ ਲਈ। ਇਸ ਵਾਰੀ ਸਿੱਖਾਂ ਦੀ ਭਾਰੀ ਗਿਣਤੀ ਜਲੰਧਰ ਦੁਆਬੇ ਵਿੱਚ ਜਾ ਵੱਸੀ। ਇਸ ਵੇਲੇ ਜਲੰਧਰ ਦਾ ਫ਼ੌਜਦਾਰ ਅਦੀਨਾ ਬੇਗ ਸੀ। ਇਸ ਲਈ ਹੋਰ ਸਥਾਨਿਕ ਅਫ਼ਸਰਾਂ ਵਾਂਗ ਉਸ ਨੂੰ ਵੀ ਹੁਕਮ ਮਿਲਿਆ ਕਿ ਉਹ ਸਿੱਖਾਂ ਨੂੰ ਸਖ਼ਤੀ ਨਾਲ ਕੁਚਲਣ ਲਈ ਕਾਰਵਾਈ ਕਰੇ।

ਅਦੀਨਾ ਬੇਗ ਬੜਾ ਸਿਆਣਾ ਤੇ ਚਤਰ ਹਾਕਮ ਸੀ। ਉਸ ਦਾ ਖ਼ਿਆਲ ਸੀ ਕਿ ਸਿੱਖਾਂ ਦੇ ਖ਼ਤਮ ਹੋਣ ਨਾਲ ਲਾਹੌਰ ਦੇ ਸੂਬੇਦਾਰ ਦੀ ਤਾਕਤ ਵੀ ਬਹੁਤ ਵਧ ਜਾਵੇਗੀ, ਜਿਸ ਕਰ ਕੇ ਉਸ ਦੀ ਆਪਣੀ ਅਜ਼ਾਦੀ ਘਟ ਜਾਵੇਗੀ। ਸੋ, ਉਸ ਦੇ ਲਈ ਸਿੱਖਾਂ ਨੂੰ ਖ਼ਤਮ ਕਰਨਾ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਗੱਲ ਸੀ। ਇਸ ਲਈ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਥਾਂ ਉਹਨਾਂ ਨਾਲ ਗੰਢ-ਤੁੱਪ ਕਰਨ ਦਾ ਵਿਚਾਰ ਕੀਤਾ। ਉਸ ਨੇ ਸਿੱਖਾਂ ਵੱਲ ਦੂਤ ਭੇਜੇ। ਸਿਖਾਂ ਉੱਤੇ ਪਹਿਰੇ ਦੀ ਸਖ਼ਤੀ ਕਾਰਨ ਉਹਨਾਂ ਦਾ ਇਕੱਠ ਤਾਂ ਨਾ ਹੋ ਸਕਿਆ ਅਤੇ ਸਿੱਖਾਂ ਦੇ ਜਥੇਦਾਰਾਂ ਨੇ ਵੱਖ-ਵੱਖ ਢੰਗ ਨਾਲ ਸੋਚਣਾ ਸ਼ੁਰੂ ਕੀਤਾ। ਸ੍. ਜੱਸਾ ਸਿੰਘ ਆਹਲੂਵਾਲੀਏ ਨੇ ਤਾਂ ਉਸ

ਦੇ ਨਾਲ ਕਿਸੇ ਤਰ੍ਹਾਂ ਮੇਲ਼-ਜੋਲ਼ ਕਰਨੋਂ ਨਾਂਹ ਕਰ ਦਿੱਤੀ, ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨਾਲ ਸੁਲ੍ਹਾ ਕਰਨੀ ਪ੍ਰਵਾਨ ਕਰ ਲਈ। ਗਿਆਨੀ ਗਿਆਨ ਸਿੰਘ ਜੀ ਲਿਖਦੇਹਨ ਕਿ ਜਦ ਅਦੀਨਾ ਬੇਗ ਦੁਆਬਾ ਬਿਸਤ ਜਲੰਧਰ ਦੇ ਹਾਕਮ ਨੇ ਜ਼ੋਰ ਫੜਿਆ ਤੇ ਨਿਤਾਪ੍ਰਤੀ ਉਸ ਦਾ ਸਿੰਘਾਂ ਦੇ ਨਾਲ ਭੇੜ ਰਹਿਣ ਲੱਗਾ, ਤਦ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਆਪਣਾ ਵਕੀਲ ਬਣਾ ਕੇ ਅਦੀਨਾ ਬੇਗ ਪਾਸ ਭੇਜਿਆ। ਸਰਦਾਰ ਜੱਸਾ ਸਿੰਘ ਦੀ ਹੁਸ਼ਿਆਰੀ, ਦਾਨਾਈ ਤੇ ਸਜੀਲੀ-ਫਬੀਲੀ ਸ਼ਕਲ ਦੇਖ ਕੇ ਅਦੀਨਾ ਬੇਗ ਐਨਾ ਖ਼ੁਸ਼ ਹੋਇਆ ਕਿ ਜੱਸਾ ਸਿੰਘ ਨੂੰ ਇੱਕ ਵੱਡੇ ਇਲਾਕੇ ਦਾ ਸਰਦਾਰ ਬਣਾ ਦਿੱਤਾ। ਡਾ. ਭਗਤ ਸਿੰਘ ਲਿਖਦੇ ਹਨ ਕਿ ਜੱਸਾ ਸਿੰਘ ਨੂੰ ਇੱਕ ਵੱਡਾ ਅਫ਼ਸਰ ਨਿਯੁਕਤ ਕਰ ਦਿੱਤਾ ਅਦੀਨਾ ਬੇਗ ਨੇ। ਜੱਸਾ ਸਿੰਘ ਨੂੰ ਖ਼ਾਸ ਖੇਤਰ ਦਾ ਤਸੀਲਦਾਰ ਨਿਯੁਕਤ ਕਰ ਦਿੱਤਾ। ਜੱਸਾ ਸਿੰਘ ਨੇ ਇਸ ਅਹੁਦੇ 'ਤੇ ਰਹਿ ਕੇ ਪ੍ਰਬੰਧਕੀ ਤਜਰਬਾ ਪ੍ਰਾਪਤ ਕੀਤਾ। ਅਦੀਨਾ ਬੇਗ ਨੇ ਇੱਕ ਇਲਾਕੇ ਦਾ ਸਰਦਾਰ ਬਣਾ ਦਿੱਤਾ। ਕਾਫ਼ੀ ਲੰਮਾ ਸਮਾਂ ਇਹ ਉੱਥੇ ਰਿਹਾ। ਜੱਸਾ ਸਿੰਘ ਆਪਣੇ ਦੋਵੇਂ ਭਰਾਵਾਂ ਮਾਲੀ ਸਿੰਘ ਤੇ ਤਾਰਾ ਸਿੰਘ ਨੂੰ ਵੀ ਅਦੀਨਾ ਬੇਗ ਦੀ ਸੇਵਾ ਵਿੱਚ ਲੈ ਆਇਆ। ਇਹ ਸਾਰੇ ਅਦੀਨਾ ਬੇਗ ਦੀ ਤਰਫ਼ੋਂ ਅਹਿਮਦ ਸ਼ਾਹ ਅਬਦਾਲੀ ਨਾਲ ਵੀ ਲੜਦੇ ਰਹੇ। ਜੱਸਾ ਸਿੰਘ ਦੀ ਬਹਾਦਰੀ ਨੂੰ ਦੇਖ ਕੇ ਅਦੀਨਾ ਬੇਗ ਨੇ ਉਸ ਨੂੰ ਆਪਣੀ ਫ਼ੌਜ ਦਾ ਕਮਾਂਡਰ ਵੀ ਨਿਯੁਕਤ ਕਰ ਦਿੱਤਾ।

ਅਦੀਨਾ ਬੇਗ ਆਪਣੀ ਗ਼ਰਜ਼ ਲਈ ਜੱਸਾ ਸਿੰਘ ਨੂੰ ਵਰਤਣਾ ਚਾਹੁੰਦਾ ਸੀ, ਪਰ ਜੱਸਾ ਸਿੰਘ ਵੀ ਆਪਣੀ ਚਾਲ 'ਤੇ ਸੀ। ਆਮ ਖ਼ਿਆਲ ਹੈ ਕਿ ਅਦੀਨਾ ਬੇਗ ਨਾਲ ਸਮਝੌਤਾ ਕਰ ਕੇ ਉਹ ਸਿੱਖਾਂ ਦੇ ਵਿਰੁੱਧ ਮੁਸਲਮਾਨਾਂ ਦੇ ਇਰਾਦਿਆਂ ਤੇ ਸਾਜ਼ਿਸ਼ਾਂ ਅਤੇ ਮੁਗ਼ਲਈ ਫ਼ੌਜ ਦੇ ਲੜਾਈ ਦੇ ਤਰੀਕਿਆਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਸ਼ਾਇਦ ਉਸ ਦਾ ਖ਼ਿਆਲ ਹੋਵੇ ਕਿ ਮੁਗ਼ਲਾਂ ਦੇ ਵਿੱਚ ਰਹਿ ਕੇ ਆਪਣੀ ਕੌਮ ਦੀ ਵਧੀਕ ਸੇਵਾ ਕਰ ਸਕੇਗਾ। ਇਹਨਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਜਥੇ ਦੇ ਸਭ ਸਿੱਖਾਂ ਨਾਲ ਮਿਲ ਕੇ ਅਦੀਨਾ ਬੇਗ ਨਾਲ ਮਿਲਣ ਦਾ ਫ਼ੈਸਲਾ ਕਰ ਲਿਆ। ਜੱਸਾ ਸਿੰਘ ਨੇ ਆਪਣੇ ਅਸਰ-ਰਸੂਖ਼ ਨਾਲ ਅਦੀਨਾ ਬੇਗ ਪਾਸੋਂ ਕਈ ਸਿੱਖਾਂ ਨੂੰ ਜਲੰਧਰ ਦੁਆਬੇ ਵਿੱਚ ਥਾਣੇਦਾਰ ਵੀ ਨਿਯੁਕਤ ਕਰਵਾਇਆ। ਇਸ ਸਮੇਂ ਵਿੱਚ ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨਾਲ ਚੰਗਾ ਅਸਰ-ਰਸੂਖ਼ ਪੈਦਾ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਇਹ ਦੀਵਾਨ ਦੀ ਸਹਾਇਤਾ ਨਾਲ ਬਾਅਦ ਵਿੱਚ 'ਰਾਮ ਰੌਣੀ' ਦਾ ਘੇਰਾ ਚੁਕਾਣ ਵਿੱਚ ਕਾਮਯਾਬ ਵੀ ਹੋਇਆ।

ਕੁਝ ਸਮਾਂ ਤਾਂ ਅਦੀਨਾ ਬੇਗ ਮੀਰ ਮਨੂੰ ਤੇ ਸਿੱਖਾਂ ਦੋਹਾਂ ਧਿਰਾਂ ਨਾਲ ਬਣਾਈ ਰੱਖਣ ਵਿੱਚ ਸਫ਼ਲ ਰਿਹਾ, ਪਰ ਉਸ ਦੀ ਇਹ ਚਾਲ ਤੇ ਦੋਹਰੀ ਖੇਡ ਬਹੁਤਾ ਚਿਰ ਨਾ

ਚੱਲੀ। ਲਾਹੌਰ ਸਰਕਾਰ ਨੇ ਉਸ ਨੂੰ ਮਜਬੂਰ ਕਰ ਦਿੱਤਾ ਕਿ ਉਹ ਸਿੱਖਾਂ ਨਾਲ ਆਪਣੀ ਮਿੱਤਰਤਾ ਖ਼ਤਮ ਕਰ ਕੇ ਸੂਬੇਦਾਰ ਦੀ ਮਰਜ਼ੀ ਅਨੁਸਾਰ ਉਹਨਾਂ ਉੱਤੇ ਸਖ਼ਤੀ ਕਰੇ। ਜਦੋਂ ਅਦੀਨਾ ਬੇਗ ਨੇ ਸਿੱਖਾਂ ਉੱਪਰ ਸਖ਼ਤੀ ਕਰਨੀ ਸ਼ੁਰੂ ਕੀਤੀ, ਤਾਂ ਉਹ ਜਲੰਧਰ ਦੁਆਬੇ ਵਿੱਚੋਂ ਨਿਕਲ ਕੇ ਜੰਗਲਾਂ ਅਤੇ ਪਹਾੜੀਆਂ ਵਿੱਚ ਜਾ ਲੁਕੇ। ਇਹਨਾਂ ਵਿੱਚੋਂ ਕੁਝ ਸਿਰਕੱਢ ਤੇ ਦਲੇਰ ਸਿੱਖ ਰਾਮ ਰੌਣੀ ਦੀ ਸੁਰੱਖਿਆ ਲਈ ਅੰਮ੍ਰਿਤਸਰ ਪਹੁੰਚ ਗਏ। ਕਈ ਬਾਹਰੋਂ ਸਹਾਇਤਾ ਭੇਜਣ ਦੇ ਯਤਨ ਕਰਦੇ ਰਹੇ।

ਸਿੰਘਾਂ ਨੂੰ ਖ਼ਤਮ ਕਰਨ ਲਈ ਮੀਰ ਮਨੂੰ ਨੇ ਇੱਕ ਗਸ਼ਤੀ ਫ਼ੌਜ ਭੇਜੀ ਤੇ ਅਦੀਨਾ ਬੇਗ ਨੂੰ ਲਿਖਿਆ ਕਿ ਉਹ ਇਸ ਦੀ ਸਹਾਇਤਾ ਲਈ ਆਪਣੀ ਫ਼ੌਜ ਦੇ ਕੁਝ ਦਸਤੇ ਘੱਲੇ। ਅਦੀਨਾ ਬੇਗ ਨੇ ਜਿਹੜੀ ਫ਼ੌਜ ਭੇਜੀ, ਉਸ ਵਿੱਚ ਸ੍. ਜੱਸਾ ਸਿੰਘ ਦਾ ਦਸਤਾ ਵੀ ਸ਼ਾਮਲ ਸੀ। ਇਸ ਸਾਰੀ ਮਿਲਵੀਂ ਫ਼ੌਜ ਨੇ ਅੰਮ੍ਰਿਤਸਰ ਵਿੱਚ ਸਿੱਖਾਂ ਦੇ ਕਿਲ੍ਹੇ 'ਰਾਮ ਰੌਣੀ' ਨੂੰ ਘੇਰੇ ਵਿੱਚ ਲੈ ਲਿਆ। ਇਹ ਘੇਰਾ ਲਗ-ਪਗ ਚਾਰ ਮਹੀਨੇ ਰਿਹਾ। ਅਖ਼ੀਰ ਜਦੋਂ ਕਿਲ੍ਹੇ ਵਿੱਚ ਘਿਰੇ ਹੋਏ ਸਿੱਖਾਂ ਦਾ ਰਾਸ਼ਨ ਬਿਲਕੁਲ ਖ਼ਤਮ ਹੋ ਗਿਆ ਤੇ ਅੰਦਰ ਰਾਸ਼ਨ ਪਹੁੰਚਾਉਣ ਦੀ ਕੋਈ ਮਦਦ ਦੀ ਆਸ ਨਾ ਦਿਖਾਈ ਦਿੱਤੀ ਅਤੇ ਕਿਲ੍ਹੇ ਅੰਦਰ ਬਹੁਤ ਥੋੜ੍ਹੇ ਸਿੱਖ ਰਹਿ ਗਏ, ਤਾਂ ਉਹਨਾਂ ਨੇ ਦੁਸ਼ਮਣ ਨਾਲ ਲੜਾਈ ਕਰਦੇ ਹੋਏ ਕਿਲ੍ਹੇ ਵਿੱਚੋਂ ਬਾਹਰ ਨਿਕਲਣ ਦਾ ਫ਼ੈਸਲਾ ਕੀਤਾ। ਸਿੰਘਾਂ ਦੇ ਕਿਲ੍ਹਾ ਖ਼ਾਲੀ ਕਰਨ 'ਤੇ ਦੁਸ਼ਮਣ ਨੇ ਕਿਲ੍ਹਾ ਢਹਿ-ਢੇਰੀ ਕਰ ਦੇਣਾ ਸੀ। ਇਸ ਲਈ ਸ੍. ਜੱਸਾ ਸਿੰਘ ਨੇ ਮਹਿਸੂਸ ਕੀਤਾ ਕਿ ਇਸ ਵੇਲੇ ਸਿੱਖਾਂ ਦੀ ਆਨ ਤੇ ਸ਼ਾਨ ਦਾ ਪ੍ਰਤੀਕ ਇੱਕੋ-ਇੱਕ ਕਿਲ੍ਹਾ ਖ਼ਤਰੇ ਵਿੱਚ ਹੈ, ਇਸ ਲਈ ਰਾਤ ਸਮੇਂ ਸਹੀ ਸਮਾਂ ਦੇਖ ਕੇ ਉਹ ਆਪਣੇ ਸਾਰੇ ਜਥੇ ਸਮੇਤ ਕਿਲ੍ਹੇ ਵਿੱਚ ਜਾ ਵੜਿਆ ਤੇ ਉਸ ਦੀ ਰੱਖਿਆ ਕਰਨ ਦਾ ਸਾਰਾ ਭਾਰ ਉਸ ਨੇ ਆਪਣੇ ਸਿਰ 'ਤੇ ਚੁੱਕ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਿਲ੍ਹੇ ਵਿੱਚ ਘਿਰੇ ਹੋਏ ਸਿੱਖਾਂ ਨੂੰ ਬਹੁਤ ਤਾਕਤ ਤੇ ਉਤਸ਼ਾਹ ਮਿਲਿਆ।

ਸ੍. ਜੱਸਾ ਸਿੰਘ ਘੇਰਾ ਘੱਤਣ ਵਾਲੀਆਂ ਫ਼ੌਜਾਂ ਦੇ ਉੱਘੇ ਜਰਨੈਲਾਂ ਵਿੱਚੋਂ ਸੀ, ਇਸ ਲਈ ਉਸ ਦੇ ਪਾਸਾ ਬਦਲਣ ਨਾਲ ਲਾਹੌਰ ਸਰਕਾਰ ਦੀਆਂ ਫ਼ੌਜਾਂ ਵਿੱਚ ਬੜੀ ਬੇਦਿਲੀ ਫੈਲ ਗਈ ਅਤੇ ਉਹਨਾਂ ਦੀ ਤਾਕਤ ਨੂੰ ਬੜੀ ਸੱਟ ਵੱਜੀ। ਫਿਰ ਜਦੋਂ ਖ਼ਾਲਸੇ ਨੇ ਕੌੜਾ ਮੱਲ ਨੂੰ ਨਾਲ ਲੈ ਕੇ ਮੁਲਤਾਨ ਵਿੱਚ ਸ਼ਾਹ ਨਿਵਾਜ਼ ਖ਼ਾਂ ਨੂੰ ਬੇਦਖ਼ਲ ਕਰਨ ਵਾਸਤੇ ਕੂਚ ਕੀਤਾ, ਤਾਂ ਕਿਲ੍ਹਾ ਰਾਮਗੜ੍ਹ ਸਰਦਾਰ ਜੱਸਾ ਸਿੰਘ ਦੇ ਹਵਾਲੇ ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਮੁੱਦਤ ਤਕ ਇਹ ਕਿਲ੍ਹਾ ਸਰਦਾਰ ਜੱਸਾ ਸਿੰਘ ਦੇ ਕਬਜ਼ੇ ਵਿੱਚ ਰਹਿਣ ਕਰ ਕੇ ਇਹਨਾਂ ਦਾ ਨਾਮ ਹੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮਸ਼ਹੂਰ ਹੋ ਗਿਆ। ਐਥੋਂ ਤਕ ਕਿ ਹੁਣ ਤਕ ਉਹਨਾਂ ਦੀ ਸਾਰੀ ਕੌਮ ਦੇ ਆਦਮੀ ਆਪਣੇ-ਆਪ ਨੂੰ ਰਾਮਗੜ੍ਹੀਏ ਅਖਵਾਂਦੇ ਹਨ।

ਸ੍. ਜੱਸਾ ਸਿੰਘ ਰਾਮਗੜ੍ਹੀਏ ਵੱਲੋਂ ਸਮੇਂ ਸਿਰ ਕੀਤੀ ਸਿੰਘਾਂ ਦੀ ਸਹਾਇਤਾ ਅਤੇ ਰਾਜਨੀਤਿਕ ਸਿਆਣਪ ਨਾਲ ਸਿੰਘਾਂ 'ਤੇ ਆਇਆ ਸੰਕਟ ਟਲ ਗਿਆ। ਇਸ ਨਾਲ ਉਸ ਨੇ ਇਸ ਗੱਲ ਦਾ ਵੀ ਅਕੱਟ ਸਬੂਤ ਦੇ ਦਿੱਤਾ ਕਿ ਉਹ ਸਮਾਂ ਪੈਣ ਉੱਤੇ ਗੁਰੂ ਪੰਥ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੋ ਸਕਦਾ ਹੈ।

ਸ੍. ਜੱਸਾ ਸਿੰਘ ਨੇ ਕਿਲ੍ਹੇ ਅੰਦਰ ਆਉਂਦਿਆਂ ਸਾਰ ਹੀ ਅੰਦਰਲੀ ਫ਼ੌਜ ਦੀ ਕਮਾਨ ਆਪਣੇ ਹੱਥ ਵਿੱਚ ਲੈ ਲਈ ਤੇ ਇਸ ਔਕੜ ਵਿੱਚੋਂ ਨਿਕਲਣ ਲਈ ਆਪਣਾ ਅਸਰ-ਰਸੂਖ਼ ਵਰਤਣਾ ਸ਼ੁਰੂ ਕਰ ਦਿੱਤਾ। ਉਸ ਨੇ ਦੀਵਾਨ ਕੌੜਾ ਮੱਲ ਨੂੰ ਕਈ ਸੁਨੇਹੇ ਭੇਜੇ ਤੇ ਪ੍ਰੇਰਨਾ ਕੀਤੀ ਕਿ ਉਹ ਮੀਰ ਮਨੂੰ ਨੂੰ ਕਿਲ੍ਹੇ ਦਾ ਘੇਰਾ ਚੁੱਕਣ ਦੀ ਸਲਾਹ ਦੇਵੇ। ਦੀਵਾਨ ਕੌੜਾ ਮੱਲ ਨੇ ਲਾਹੌਰ ਸਰਕਾਰ 'ਤੇ ਜ਼ੋਰ ਪਾ ਕੇ ਸਿੱਖਾਂ ਤੇ ਲਾਹੌਰ ਸਰਕਾਰ ਵਿਚਕਾਰ ਸਮਝੌਤਾ ਕਰਾ ਦਿੱਤਾ। ਸਿੱਟੇ ਵਜੋਂ ਉਨ੍ਹਾਂ ਨੇ 'ਰਾਮ ਰੌਣੀ' ਦਾ ਘੇਰਾ ਚੁੱਕ ਲੈਣ ਦਾ ਫ਼ੈਸਲਾ ਕਰ ਲਿਆ।

ਪੰਥ ਦੀ ਅਦੁੱਤੀ ਸੇਵਾ, ਸਮੇਂ ਸਿਰ ਕੀਤੀ ਸਹਾਇਤਾ ਅਤੇ ਅਤੁੱਟ ਪਿਆਰ ਸਦਕਾ ਸ੍. ਜੱਸਾ ਸਿੰਘ ਰਾਮਗੜ੍ਹੀਆ ਕਾਫ਼ੀ ਸਤਿਕਾਰਿਆ ਜਾਣ ਲੱਗਾ। ਉਸ ਦੇ ਦਲ ਖ਼ਾਲਸੇ ਵਿੱਚ ਮੁੜ ਕੇ ਸ਼ਾਮਲ ਹੋਣ ਤੋਂ ਬਾਅਦ ਹਰੇਕ ਸਿੱਖ, ਉਸ ਦੀ ਦਲੇਰੀ, ਬੀਰਤਾ ਤੇ ਨਿਡਰਤਾ ਦੀ ਸ਼ਲਾਘਾ ਕਰਦਾ ਸੀ। ਇਸ ਤੋਂ ਬਾਅਦ 'ਰਾਮ ਰੌਣੀ' ਦਾ ਨਾਂ ਬਦਲ ਕੇ 'ਰਾਮਗੜ੍ਹ' ਰੱਖ ਦਿੱਤਾ ਗਿਆ।

ਫਿਰ ਜਦੋਂ ਅਦੀਨਾ ਬੇਗ ਮਰ ਗਿਆ, ਤਾਂ ਜਿੰਨੇ ਇਲਾਕੇ 'ਤੇ ਸ੍. ਜੱਸਾ ਸਿੰਘ ਸਰਦਾਰ ਸੀ, ਉਹ ਸਾਰਾ ਇਲਾਕਾ ਸਰਦਾਰ ਜੱਸਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਸ੍. ਜੱਸਾ ਸਿੰਘ ਦੀ ਫ਼ੌਜ ਹਮੇਸ਼ਾ ਕਿਲ੍ਹਾ 'ਰਾਮਗੜ੍ਹ' ਵਿੱਚ ਰਹਿੰਦੀ ਸੀ। ਦੁਰਾਨੀ ਅਹਿਮਦ ਸ਼ਾਹ ਦੇ ਨਾਲ ਖ਼ਾਲਸੇ ਵੱਲੋਂ ਸਦਾ ਹੀ ਲੜਦਾ ਰਿਹਾ। ਜਦੋਂ ਸਿੱਖਾਂ ਨੇ ਕਸੂਰ ਸ਼ਹਿਰ ਜਿੱਤਿਆ ਤਾਂ ਉਸ ਵੇਲੇ ਵੀ ਇਹ ਨਾਲ ਸੀ, ਜਿਸ ਤੋਂ ਸ੍. ਜੱਸਾ ਸਿੰਘ ਬਹੁਤ ਪ੍ਰਸਿੱਧ ਹੋਇਆ। ਇਸ ਨੇ ਆਪਣੇ ਤਿੰਨੇ ਭਰਾਵਾਂ ਖ਼ੁਸ਼ਹਾਲ ਸਿੰਘ, ਮਾਲੀ ਸਿੰਘ, ਤਾਰਾ ਸਿੰਘ ਨਾਲ ਸਲਾਹ ਕਰ ਕੇ 3000 ਜਵਾਨ ਆਪਣੇ ਪਾਸ ਰੱਖ ਲਿਆ ਤੇ ਸਾਰੇ ਪੰਜਾਬ ਵਿੱਚ ਅਮਨ ਕਾਇਮੀ, ਪ੍ਰਜਾ ਦੀ ਰੱਖਯਾ ਤੇ ਜ਼ਾਲਮ ਹਾਕਮਾਂ ਦੀ ਸੋਧ ਲਈ ਦੌਰਾ ਸ਼ੁਰੂ ਕਰ ਦਿੱਤਾ। ਇਹਨਾਂ ਹਾਕਮਾਂ ਤੋਂ ਜੋ ਕੁਝ ਜੁਰਮਾਨਾ ਵਸੂਲ ਹੁੰਦਾ ਉਹ ਕਿਲ੍ਹਾ 'ਰਾਮਗੜ੍ਹ' ਵਿੱਚ ਇਕੱਠਾ ਹੁੰਦਾ ਰਹਿੰਦਾ ਸੀ।

ਫਿਰ ਜਦੋਂ ਜੱਸਾ ਸਿੰਘ ਰਾਮਗੜ੍ਹੀਏ ਨੇ ਖ਼ਾਲਸਾ ਪੰਥ ਨਾਲ ਸ਼ਾਮਲ ਹੋ ਕੇ ਅਹਿਮਦ ਸ਼ਾਹ ਦੁਰਾਨੀ ਨੂੰ ਆਖ਼ਰੀ ਹਮਲੇ ਸਮੇਂ ਸਖ਼ਤ ਸ਼ਿਕਸਤ ਦਿੱਤੀ ਤੇ ਕੁੱਲ ਮੁਸਲਮਾਨ ਹਾਕਮਾਂ ਨੂੰ ਪੰਜਾਬ ਵਿੱਚੋਂ ਕੱਢ ਦਿੱਤਾ, ਤਦ ਇਸ ਨੇ ਸੱਤ ਲੱਖ ਰੁਪਏ ਦੇ ਇਲਾਕੇ ਬਟਾਲਾ, ਕਲਾਨੌਰ ਤੇ ਸ੍ਰੀ ਹਰਿਗੋਬਿੰਦਪੁਰ 'ਤੇ ਆਪਣਾ ਕਬਜ਼ਾ ਕਰ ਲਿਆ ਤੇ ਆਪਣੀ ਵੱਸੋਂ ਸ੍ਰੀ ਹਰਿਗੋਬਿੰਦਪੁਰ ਤਕ ਕਰ ਲਈ। ਅਸਲ ਗੱਲ ਇਹ ਹੈ ਕਿ

ਖ਼ਾਲਸੇ ਨੇ ਜਿੰਨੀਆਂ ਵੀ ਲੜਾਈਆਂ ਮੁਗਲਾਂ ਨਾਲ ਲੜੀਆਂ, ਉਹਨਾਂ ਸਭ ਵਿੱਚ ਸ੍. ਜੱਸਾ ਸਿੰਘ ਰਾਮਗੜ੍ਹੀਆ ਬੜੀ ਬਹਾਦਰੀ ਅਤੇ ਜਵਾਂਮਰਦੀ ਨਾਲ ਲੜਦਾ ਰਿਹਾ। ਸਰਹੰਦ ਦੀ ਆਖ਼ਰੀ ਤਬਾਹੀ ਦੇ ਵੇਲੇ ਜਦੋਂ ਜੈਨ ਖ਼ਾਂ ਨੂੰ ਖ਼ਾਲਸੇ ਨੇ ਸ਼ਿਕਸਤ ਦਿੱਤੀ ਸੀ, ਸ੍. ਜੱਸਾ ਸਿੰਘ ਨੇ ਆਪਣੀ ਸੂਰਮਤਾਈ ਦਿਖਾਈ ਸੀ। ਇਹਨਾਂ ਦੀ ਵਧੀ ਹੋਈ ਤਾਕਤ ਤੇ ਬੁਲੰਦ ਹੌਸਲੇ ਦੇ ਸਾਹਮਣੇ ਕੋਈ ਬੋਲ ਨਾ ਸਕਿਆ। ਇਸ ਤੋਂ ਦੁਆਬੇ ਦੇ ਇਲਾਕੇ ਜਲੰਧਰ ਦੇ ਅੱਗੇ-ਪਿੱਛੇ, ਜਿੱਥੋਂ ਕਿ 10 ਲੱਖ ਦਾ ਸਾਲਾਨਾ ਮਾਮਲਾ ਆਉਂਦਾ ਸੀ, ਕਬਜ਼ਾ ਕਰ ਲਿਆ ਤੇ 10 ਹਜ਼ਾਰ ਸਵਾਰ ਆਪਣੇ ਪਾਸ ਰੱਖਣ ਲੱਗਿਆ। ਮਨੀਵਾਲ, ਕਲਾਨੌਰ ਸਹਿਰੀ, ਮਰਲਾ, ਦਬੌਨ, ਝੋਰਾ, ਮਦਨਾਪੁਰ, ਮੇਘਵਾਲ, ਉਰਮੁਰ ਟਾਂਡਾ, ਸਰੀਹਾ, ਮਿਆਨੀ ਆਦਿਕ ਸਾਰੇ ਇਲਾਕੇ ਇਹਨਾਂ ਦੇ ਅਧੀਨ ਸਨ। ਫਿਰ ਜੱਸਾ ਸਿੰਘ ਨੇ ਜਸਵਾਲਾਂ, ਅਕਾਹਪੁਰ, ਦੀਪਾਲਪੁਰ, ਚੰਬਾ, ਹਰੀਪੁਰ, ਕਟੌਚੀ ਆਦਿਕ ਦੇ ਪਹਾੜੀ ਇਲਾਕਿਆਂ ਦੀ ਸੋਧ ਸ਼ੁਰੂ ਕੀਤੀ। ਸਾਰਿਆਂ ਨੂੰ ਆਪਣੇ ਅਧੀਨ ਕਰਕੇ ਦੋ ਲੱਖ ਰੁਪਿਆ ਸਾਲਾਨਾ ਖ਼ਰਾਜ ਲੈਣਾ ਪ੍ਰਵਾਨ ਕਰ ਕੇ ਚਲਾ ਆਇਆ ਤੇ ਹਲਵਾਰਾ ਵਿੱਚ, ਜੋ ਰਾਵੀ ਦੇ ਕੰਢੇ 'ਤੇ ਹੈ, ਇੱਕ ਕਿਲ੍ਹਾ ਬਣਾ ਕੇ ਉਸ ਵਿੱਚ ਆਪਣੇ ਭਾਈ ਮਾਲੀ ਸਿੰਘ ਨੂੰ 4000 ਸਵਾਰਾਂ ਸਮੇਤ ਛੱਡ ਆਇਆ, ਤਾਂ ਜੋ ਪਹਾੜੀ ਰਾਜਿਆਂ ਦੀ ਦੇਖ-ਭਾਲ ਰੱਖਣ। ਇਸੇ ਤਰ੍ਹਾਂ ਆਪਣੇ ਦੂਜੇ ਭਰਾਵਾਂ ਵਿੱਚੋਂ ਹਰ ਇੱਕ ਨੂੰ ਦੂਜਿਆਂ ਇਲਾਕਿਆਂ ਵਿੱਚ ਕਾਫ਼ੀ ਜਾਗੀਰਾਂ ਦੇ ਕੇ ਮੁਲਕ ਦਾ ਪ੍ਰਬੰਧ ਸੌਂਪ ਦਿੱਤਾ।

ਥੋੜ੍ਹੇ ਹੀ ਸਮੇਂ ਵਿੱਚ ਸ੍. ਜੱਸਾ ਸਿੰਘ ਰਾਮਗੜ੍ਹੀਆ ਇਤਨਾ ਪ੍ਰਸਿੱਧ ਹੋ ਗਿਆ ਕਿ ਇਸ ਦੀ ਮਿਸਲ ਭੰਗੀਆਂ ਦੀ ਮਿਸਲ ਨਾਲੋਂ ਵੀ ਪ੍ਰਤਾਪਵਾਨ ਹੋ ਗਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਇਸ ਦੀ ਅਣਬਣ ਰਿਹਾ ਕਰਦੀ ਸੀ, ਪ੍ਰੰਤੂ ਇਤਨਾ ਬਹਾਦਰ ਸੀ ਕਿ ਉਸ ਨੂੰ ਕਦੇ ਇਹਦੇ ਸਾਹਮਣੇ ਕਾਮਯਾਬੀ ਨਹੀਂ ਸੀ ਮਿਲੀ।

ਸ੍. ਜੱਸਾ ਸਿੰਘ ਤੇ ਜੈ ਸਿੰਘ ਕਨ੍ਹਈਆ 'ਦਲ ਖ਼ਾਲਸਾ' ਵਿੱਚ ਮੁੱਢ ਤੋਂ ਹੀ ਗੂੜ੍ਹੇ ਮਿੱਤਰਾਂ ਵਾਂਗ ਰਲ਼ ਕੇ ਕੰਮ ਕਰਦੇ ਸਨ। ਇਲਾਕਿਆਂ ਉੱਤੇ ਕਬਜ਼ਾ ਕਰਨ ਉਪਰੰਤ ਵੀ ਉਹੀ ਸਾਂਝ ਬਣੀ ਰਹੀ, ਪਰੰਤੂ ਕਸੂਰ ਦੀ ਜਿੱਤ ਸਮੇਂ ਲੁੱਟ ਦੇ ਮਾਲ ਦੀ ਵੰਡ ਤੋਂ ਇਹਨਾਂ ਦੀ ਅਣ-ਬਣ ਹੋਈ, ਜਿਸ ਨੇ ਬਾਅਦ ਵਿੱਚ ਇੱਕ ਭਿਆਨਕ ਰੂਪ ਧਾਰ ਲਿਆ ਅਤੇ ਸਾਂਝੇ ਜਿੱਤੇ ਇਲਾਕਿਆਂ ਦੇ ਮਾਲੀਏ ਦੀ ਵੰਡ ਤੋਂ ਇਹ ਖਿੱਚੋਤਾਣ ਕੱਟੜ ਦੁਸ਼ਮਣੀ ਦਾ ਰੂਪ ਧਾਰਨ ਕਰ ਗਈ। ਉਹ ਹਰ ਵੇਲੇ ਇੱਕ-ਦੂਜੇ ਨੂੰ ਨੁਕਸਾਨ ਪਹੁੰਚਾਉਣ ਦੀਆਂ ਵਿਉਂਤਾਂ ਸੋਚਦੇ ਰਹੇ।

ਸ੍. ਜੈ ਸਿੰਘ ਦੀ ਚੁੱਕ ਵਿੱਚ ਆ ਕੇ ਕਾਂਗੜੇ ਦੇ ਰਾਜੇ ਘੁਮੰਡ ਚੰਦ ਨੇ ਸ੍. ਜੱਸਾ ਸਿੰਘ ਉੱਤੇ ਹਮਲਾ ਕਰ ਦਿੱਤਾ, ਪਰ ਦੋਹਾਂ ਫ਼ੌਜਾਂ ਨੂੰ ਮੂੰਹ ਦੀ ਖਾਣੀ ਪਈ ਤੇ ਘੁਮੰਡ ਚੰਦ ਨੂੰ ਫਿਰ ਸ੍. ਜੱਸਾ ਸਿੰਘ ਦੀ ਪ੍ਰਮੁੱਖਤਾ ਮੰਨਣੀ ਪਈ। ਇਸ ਲੜਾਈ ਦੇ ਕੁਝ ਦੇਰ

ਬਾਅਦ ਘੁਮੰਡ ਚੰਦ ਮਰ ਗਿਆ ਤੇ ਇਸ ਦਾ ਪੁੱਤਰ ਸੰਸਾਰ ਚੰਦ ਗੱਦੀ 'ਤੇ ਬੈਠਾ। ਇਹ ਵੀ ਆਪਣੇ-ਆਪ ਨੂੰ ਸ੍. ਜੱਸਾ ਸਿੰਘ ਦੀ ਅਧੀਨਗੀ ਤੋਂ ਮੁਕਤ ਕਰਨਾ ਚਾਹੁੰਦਾ ਸੀ। ਇਸ ਕਾਰਨ ਕਰ ਕੇ ਕਈ ਵਾਰ ਛੋਟੀਆਂ-ਛੋਟੀਆਂ ਲੜਾਈਆਂ ਵੀ ਹੋਈਆਂ। 1774 ਈ. ਤਕ ਕਾਂਗੜੇ ਦਾ ਕਿਲ੍ਹਾ ਮੁਗ਼ਲਾਂ ਦੇ ਕਬਜ਼ੇ ਵਿੱਚ ਸੀ। ਸੰਸਾਰ ਚੰਦ ਨੇ ਜੈ ਸਿੰਘ ਦੀ ਮਦਦ ਨਾਲ ਕਿਲ੍ਹਾ ਜਿੱਤ ਲਿਆ ਤੇ ਜੈ ਸਿੰਘ ਨੇ ਇਸ 'ਤੇ ਆਪਣਾ ਕਬਜ਼ਾ ਕਰ ਲਿਆ। ਸ੍. ਜੈ ਸਿੰਘ ਦੇ ਕਬਜ਼ੇ ਵਿੱਚ ਕਿਲ੍ਹਾ ਜਾਣ ਕਰ ਕੇ ਜੱਸਾ ਸਿੰਘ ਦੇ ਅਸਰ-ਰਸੂਖ਼ ਨੂੰ ਬਹੁਤ ਵੱਡੀ ਸੱਟ ਵੱਜੀ ਤੇ ਪਹਾੜੀ ਇਲਾਕਿਆਂ 'ਤੇ ਉਸ ਦਾ ਅਧਿਕਾਰ ਕਮਜ਼ੋਰ ਪੈ ਗਿਆ। ਇਹ ਸਭ ਸ਼ਰਾਰਤਾਂ ਜੈ ਸਿੰਘ ਕਨ੍ਹਈਆ ਦੀਆਂ ਸਨ ਕਿਵੇਂ ਘੁਮੰਡ ਚੰਦ ਤੇ ਸੰਸਾਰ ਚੰਦ ਨੂੰ ਭੜਕਾ ਕੇ ਸ੍. ਜੱਸਾ ਸਿੰਘ ਰਾਮਗੜ੍ਹੀਏ ਨਾਲ ਲੜਾਇਆ ਜਾਵੇ। ਜੱਸਾ ਸਿੰਘ ਨੂੰ ਦਬਾਉਣ ਲਈ ਜੈ ਸਿੰਘ ਨੇ ਹਰ ਹੀਲਾ ਵਰਤਿਆ। ਸ੍. ਜੱਸਾ ਸਿੰਘ ਜੈ ਸਿੰਘ ਦੀਆਂ ਇਹਨਾਂ ਕਾਰਵਾਈਆਂ ਤੋਂ ਬਹੁਤ ਦੁਖੀ ਹੋਇਆ ਸੀ, ਜਦੋਂ ਉਸ ਨੇ ਦੇਖਿਆ ਕਿ ਜੈ ਸਿੰਘ ਸੰਸਾਰ ਚੰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਇਆ ਹੈ।

ਜੈ ਸਿੰਘ ਕਨ੍ਹਈਆ ਅਤੇ ਸੰਸਾਰ ਚੰਦ ਨੇ ਮਿਲ ਕੇ ਕਾਂਗੜੇ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ, ਪਰ ਕੁਝ ਦਿਨਾਂ ਬਾਅਦ ਸੰਸਾਰ ਚੰਦ ਦੇ ਵੀ ਹੱਥਾਂ ਦੇ ਤੋਤੇ ਉੱਡ ਗਏ, ਜਦੋਂ ਜੈ ਸਿੰਘ ਨੇ ਕਾਂਗੜੇ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਉਹਨਾਂ ਦਿਨਾਂ ਵਿੱਚ ਪਠਾਨਕੋਟ ਦਾ ਇਲਾਕਾ ਨੰਦ ਸਿੰਘ ਭੰਗੀ ਕੋਲ ਸੀ, ਪਰ ਉਸ ਦੀ ਮੌਤ ਪਿੱਛੋਂ ਵਿਧਵਾ ਸਰਦਾਰਨੀ ਨੇ ਆਪਣੀ ਲੜਕੀ ਦਾ ਰਿਸ਼ਤਾ ਤਾਰਾ ਸਿੰਘ ਕਨ੍ਹਈਆ ਨਾਲ ਕਰ ਦਿੱਤਾ। ਇਸ ਤਰ੍ਹਾਂ ਇਹ ਸ਼ਹਿਰ ਹੁਣ ਜਾਗੀਰ ਦੇ ਰੂਪ ਵਿੱਚ ਕਨ੍ਹਈਆ ਸਰਦਾਰਾਂ ਦੇ ਅਧਿਕਾਰ ਵਿੱਚ ਚਲਿਆ ਗਿਆ। ਇੱਥੇ ਤਾਰਾ ਸਿੰਘ ਕਨ੍ਹਈਆ ਨੇ ਮਨਸਾ ਸਿੰਘ ਭੰਗੀ ਸਰਦਾਰ ਦੀ ਵਿਧਵਾ ਸਿੰਘਣੀ ਨਾਲ ਵੀ ਅਨੰਦ ਪੜ੍ਹਾ ਕੇ ਜਾਗੀਰ ਸੰਭਾਲ ਲਈ ਸੀ।

ਸਵਰਗਵਾਸੀ ਨੰਦ ਸਿੰਘ ਦਾ ਭਰਾ ਗੰਡਾ ਸਿੰਘ ਭੰਗੀ ਜਦੋਂ ਮੁਲਤਾਨ ਦੀ ਮੁਹਿੰਮ ਤੋਂ ਵਾਪਸ ਆਇਆ, ਤਾਂ ਪਠਾਨਕੋਟ ਦਾ ਇਲਾਕਾ ਕਨ੍ਹਈਆ ਦੇ ਕਬਜ਼ੇ ਵਿੱਚ ਦੇਖ ਕੇ ਬੜਾ ਗ਼ੁੱਸੇ ਵਿੱਚ ਆ ਗਿਆ। ਉਸ ਨੇ ਇੱਥੇ ਹਮਲਾ ਕਰ ਕੇ ਆਪਣਾ ਕਬਜ਼ਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਅਤੇ ਇਸ ਮਕਸਦ ਲਈ ਉਸ ਨੇ ਸ੍. ਜੱਸਾ ਸਿੰਘ ਰਾਮਗੜ੍ਹੀਆ ਦੇ ਭਰਾ ਤਾਰਾ ਸਿੰਘ ਨਾਲ ਕਲਾਨੌਰ ਵਿਖੇ ਮੁਲਾਕਾਤ ਕਰ ਕੇ ਮਦਦ ਲਈ ਬੇਨਤੀ ਕੀਤੀ। ਹੁਣ ਰਾਮਗੜ੍ਹੀਆ ਸਰਦਾਰਾਂ ਨੇ ਭੰਗੀਆਂ ਦਾ ਸਾਥ ਦੇਣ ਦਾ ਵਚਨ ਦੇ ਦਿੱਤਾ।

ਉੱਧਰ ਕਨ੍ਹਈਆ ਸਰਦਾਰਾਂ ਨੂੰ ਜਦੋਂ ਇਸ ਗੱਠਜੋੜ ਦਾ ਪਤਾ ਲੱਗਿਆ, ਤਾਂ ਉਹਨਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਆਹਲੂਵਾਲੀਆ ਅਤੇ ਸ਼ੁਕਰਚੱਕੀਆ ਸਰਦਾਰਾਂ ਨਾਲ ਗੱਠਜੋੜ ਕਰ ਲਿਆ। ਦੋਵੇਂ ਧਿਰਾਂ ਪਠਾਨਕੋਟ 'ਤੇ ਕਬਜ਼ਾ ਕਰਨ ਲਈ

ਆਹਮੋ-ਸਾਹਮਣੇ ਡਟ ਗਈਆਂ। ਇੱਕ ਪਾਸੇ ਭੰਗੀ ਅਤੇ ਰਾਮਗੜ੍ਹੀਏ, ਦੂਜੇ ਪਾਸੇ ਕਨ੍ਹਈਏ ਸ਼ੁਕਰਚੱਕੀਏ ਅਤੇ ਆਹਲੂਵਾਲੀਏ।

ਜਿਹੜੇ ਆਗੂਆਂ ਨੇ ਖ਼ਾਲਸਾ ਪੰਥ ਨੂੰ ਸੇਧ ਦੇਣੀ ਸੀ ਤੇ ਭਰਾ-ਮਾਰੂ ਜੰਗ ਨੂੰ ਰੋਕਣਾ ਸੀ, ਅੱਜ ਉਹੀ ਇੱਕ ਧਿਰ ਬਣ ਕੇ ਮੈਦਾਨ ਵਿੱਚ ਆਪਣੇ ਹੀ ਸਿੱਖ ਭਰਾਵਾਂ ਵਿਰੁੱਧ ਮਰਨ-ਮਾਰਨ ਲਈ ਖੜ੍ਹੇ ਹੋ ਗਏ। ਇੱਥੇ ਭਾਈ ਗੁਰਦਾਸ ਜੀ ਦਾ ਇਹ ਬਚਨ ਯਾਦ ਆਉਂਦਾ ਹੈ : *'ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।'* ਹੁਣ ਐਸਾ ਕੋਈ ਆਗੂ ਨਹੀਂ ਸੀ ਰਹਿ ਗਿਆ, ਜਿਸ ਨੂੰ ਇਹ ਜੰਗ ਰੋਕਣ ਲਈ ਕਿਹਾ ਜਾ ਸਕਦਾ ਸੀ।

ਆਖ਼ਰਕਾਰ ਜੰਗ ਹੋਈ ਅਤੇ ਭਰਾਵਾਂ ਨੇ ਭਰਾਵਾਂ ਦੇ ਗਾਟੇ ਲਾਹੇ। ਕਨ੍ਹਈਆ ਦਾ ਗੱਠਜੋੜ ਜਿੱਤ ਗਿਆ, ਭੰਗੀ ਹਾਰ ਗਏ। ਇਸ ਜੰਗ ਵਿੱਚ ਸ਼ਾਮਲ ਮਿਸਲਾਂ ਦੀ ਦੁਸ਼ਮਣੀ ਹੋਰ ਵੀ ਗਹਿਰੀ ਹੋ ਗਈ।

ਸ੍. ਜੱਸਾ ਸਿੰਘ ਰਾਮਗੜ੍ਹੀਏ ਦਾ ਤਾਂ ਕਨ੍ਹਈਆਂ ਵਿਰੁੱਧ ਭੰਗੀਆਂ ਦੀ ਮਦਦ ਕਰਨ ਦਾ ਇੱਕ ਵੱਡਾ ਕਾਰਨ ਕਾਂਗੜੇ ਵਾਲੀ ਜ਼ਿਆਦਤੀ ਸੀ, ਜਿਸ ਦਾ ਰਾਮਗੜ੍ਹੀਏ ਸਰਦਾਰ ਕਨ੍ਹਈਆਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ, ਪਰ ਆਹਲੂਵਾਲੀਏ ਤੇ ਸ਼ੁਕਰਚੱਕੀਏ ਸਰਦਾਰਾਂ ਨੇ ਕਨ੍ਹਈਆਂ ਦੀ ਮਦਦ ਕਿਉਂ ਕੀਤੀ, ਇਹ ਸਮਝ ਤੋਂ ਬਾਹਰ ਹੈ, ਜਾਂ ਫਿਰ ਆਹਲੂਵਾਲੀਏ ਤੇ ਸ਼ੁਕਰਚੱਕੀਏ ਸ੍. ਜੱਸਾ ਸਿੰਘ ਰਾਮਗੜ੍ਹੀਏ ਦੀ ਵਧਦੀ ਤਾਕਤ ਨੂੰ ਰੋਕਣਾ ਚਾਹੁੰਦੇ ਸਨ।

ਪਠਾਨਕੋਟ ਦੀ ਇਹ ਲੜਾਈ ਜੱਸਾ ਸਿੰਘ ਨੂੰ ਬੜੀ ਮਹਿੰਗੀ ਪਈ, ਕਿਉਂਕਿ ਹੁਣ ਆਹਲੂਵਾਲੀਏ ਅਤੇ ਸ਼ੁਕਰਚੱਕੀਏ ਵੀ ਅਕਾਰਨ ਹੀ ਇਸ ਦੇ ਦੁਸ਼ਮਣ ਬਣ ਗਏ। ਪਠਾਨਕੋਟ ਦੀ ਲੜਾਈ ਪਿੱਛੋਂ ਵਿਸ਼ੇਸ਼ ਕਰ ਕੇ ਆਹਲੂਵਾਲੀਏ ਸਰਦਾਰ ਆਪਣੇ-ਆਪ ਨੂੰ ਰਾਮਗੜ੍ਹੀਏ ਸਰਦਾਰ ਨਾਲੋਂ ਤਾਕਤਵਰ ਸਮਝਣ ਲੱਗ ਪਏ। ਭਾਵੇਂ ਇਹ ਦੋਵੇਂ ਯੋਧੇ ਹਰ ਪੱਖ ਤੋਂ ਬਰਾਬਰ ਸਨ, ਬਲਕਿ ਆਹਲੂਵਾਲੀਏ ਨਾਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਇਹ ਵਿਸ਼ੇਸ਼ਤਾ ਸੀ ਕਿ ਉਸ ਨੂੰ ਸਿੱਖੀ ਵਿਰਸਾ ਜਨਮ ਸਮੇਂ ਤੋਂ ਹੀ ਆਪਣੇ ਘਰ-ਪਰਿਵਾਰ ਵਿੱਚੋਂ ਮਿਲਿਆ ਸੀ।

ਰਾਮਗੜ੍ਹੀਆ ਅਤੇ ਆਹਲੂਵਾਲੀਆ ਮਿਸਲਾਂ ਦੀ ਲੰਮੀ ਸਰਹੱਦ ਇੱਕ ਦੂਸਰੇ ਨਾਲ ਲੱਗਦੀ ਸੀ। ਦੋਵਾਂ ਵਿੱਚ ਦੁਸ਼ਮਣੀ ਹੋਣ ਕਾਰਨ ਹੁਣ ਕਿਤੇ ਨਾ ਕਿਤੇ ਛੋਟੀ-ਮੋਟੀ ਝੜਪ ਅਕਸਰ ਹੋਣ ਲੱਗ ਪਈ। ਡਾ. ਹਰੀ ਰਾਮ ਗੁਪਤਾ *(ਹਿਸਟਰੀ ਆਫ਼ ਸਿੱਖਸ)* ਵਿੱਚ ਲਿਖਦਾ ਹੈ ਕਿ ਰਾਮਗੜ੍ਹੀਆ ਸਰਦਾਰ ਗੋਲ਼ੀ ਲੱਗਣ ਕਾਰਨ ਜ਼ਖਮੀ ਹੋ ਗਿਆ ਤੇ ਆਹਲੂਵਾਲੀਏ ਨੇ ਇੱਥੇ ਆਪਣਾ ਕਬਜ਼ਾ ਕਰ ਲਿਆ।

ਹੁਣ ਸ੍. ਜੱਸਾ ਸਿੰਘ ਦੇ ਭਰਾ ਆਹਲੂਵਾਲੀਏ ਸਰਦਾਰ ਕੋਲੋਂ ਬਦਲਾ ਲੈਣ ਦੇ ਮੌਕੇ ਦੀ ਭਾਲ਼ ਵਿੱਚ ਸਨ। ਇਹ ਮੌਕਾ ਇਸੇ ਸਾਲ ਸਰਦਾਰ ਮਾਲੀ ਸਿੰਘ ਨੂੰ ਉਸ ਵੇਲੇ ਮਿਲਿਆ, ਜਦੋਂ ਆਹਲੂਵਾਲੀਆ ਸਰਦਾਰ ਗ਼ਲਤੀ ਨਾਲ ਜਾਂ ਜਾਣ ਬੁੱਝ ਕੇ

ਰਾਮਗੜ੍ਹੀਆਂ ਨੂੰ ਚਿੜਾਉਣ ਲਈ ਰਾਮਗੜ੍ਹੀਆ ਮਿਸਲ ਦੇ ਪਿੰਡ ਨੰਗਲ ਨੇੜੇ ਦਿਖਾਈ ਦਿੱਤਾ। ਮਾਲੀ ਸਿੰਘ ਨੇ ਦੇਖਦੇ ਸਾਰ ਹੀ ਬਿਜਲੀ ਦੀ ਤੇਜ਼ੀ ਨਾਲ ਆਹਲੂਵਾਲੀਆ ਸਰਦਾਰ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਜੱਸਾ ਸਿੰਘ ਆਹਲੂਵਾਲੀਆ ਫੱਟੜ ਹੋ ਕੇ ਘੋੜੇ ਤੋਂ ਥੱਲੇ ਡਿੱਗ ਪਿਆ ਅਤੇ ਉਸ ਦੇ ਕਈ ਆਦਮੀ ਇਸ ਹਮਲੇ ਵਿੱਚ ਮਾਰੇ ਗਏ। ਸ੍. ਮਾਲੀ ਸਿੰਘ ਨੇ ਹਿੰਮਤ ਕਰ ਕੇ ਆਹਲੂਵਾਲੀਆ ਸਰਦਾਰ ਨੂੰ ਆਪਣੇ ਘੇਰੇ ਵਿੱਚ ਲੈ ਕੇ ਕੈਦ ਕਰ ਲਿਆ। ਹੁਣ ਇਸ ਨੂੰ ਕੈਦੀ ਦੀ ਸ਼ਕਲ ਵਿੱਚ ਸ੍. ਜੱਸਾ ਸਿੰਘ ਰਾਮਗੜ੍ਹੀਏ ਦੇ ਸਾਹਮਣੇ ਸ੍ਰੀ ਹਰਿਗੋਬਿੰਦਪੁਰ ਵਿੱਚ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਮਾਲੀ ਸਿੰਘ ਨੇ ਆਪਣੇ ਵੱਡੇ ਭਰਾ ਨੂੰ ਫੱਟੜ ਕਰਨ ਦਾ ਬਦਲਾ ਲਿਆ।

ਬੇਸ਼ੱਕ ਆਹਲੂਵਾਲੀਏ ਸਰਦਾਰ ਨੇ ਸ੍. ਜੱਸਾ ਸਿੰਘ ਰਾਮਗੜ੍ਹੀਏ ਨੂੰ ਜ਼ਖਮੀ ਕਰ ਦਿੱਤਾ ਸੀ ਤੇ ਉਸ ਦੇ ਇਲਾਕੇ ਜ਼ਹੂਰਾ ਉੱਪਰ ਕਬਜ਼ਾ ਕਰ ਲਿਆ ਸੀ, ਪਰ ਫਿਰ ਵੀ ਸ੍. ਜੱਸਾ ਸਿੰਘ ਨੇ ਆਪਣੇ ਵਿਰੋਧੀ ਸਰਦਾਰ ਨਾਲ ਉਦਾਰਤਾ ਭਰਿਆ ਵਿਵਹਾਰ ਕੀਤਾ ਕਿ ਸ਼ਾਇਦ ਭਵਿੱਖ ਵਿੱਚ ਸੁਖਾਵੇਂ ਸੰਬੰਧ ਬਣ ਜਾਣ।

ਸ੍. ਜੱਸਾ ਸਿੰਘ ਰਾਮਗੜ੍ਹੀਆ ਆਹਲੂਵਾਲੀਆ ਸਰਦਾਰ ਨੂੰ ਕੈਦ ਕਰ ਕੇ ਲਿਆਉਣ ਬਦਲੇ ਆਪਣੇ ਭਰਾ ਮਾਲੀ ਸਿੰਘ ਨੂੰ ਬਹੁਤ ਗੁੱਸੇ ਹੋਇਆ ਕਿ ਦਲ ਖ਼ਾਲਸਾ ਦੇ ਆਗੂ ਨੂੰ ਇਸ ਤਰ੍ਹਾਂ ਗ੍ਰਿਫ਼ਤਾਰ ਕਿਉਂ ਕੀਤਾ। ਫਿਰ ਉਸ ਨੇ ਆਹਲੂਵਾਲੀਏ ਸਰਦਾਰ ਨੂੰ ਕਿਹਾ ਕਿ ਤੁਸੀਂ ਇਹ ਆਪਣਾ ਹੀ ਘਰ ਸਮਝੋ। ਉਸ ਦਾ ਇਲਾਜ ਕਰਾਇਆ, ਚੰਗੀ ਆਉ-ਭਗਤ ਵੀ ਕੀਤੀ। ਇਹ ਵੀ ਕਿਹਾ ਕਿ ਤੁਹਾਨੂੰ ਇੱਥੇ ਕੋਈ ਫ਼ਿਕਰ ਕਰਨ ਦੀ ਲੋੜ ਨਹੀਂ।

ਤੀਸਰੇ ਦਿਨ ਜੱਸਾ ਸਿੰਘ ਆਹਲੂਵਾਲੀਏ ਨੇ ਆਪਣੇ ਹੈੱਡ-ਕੁਆਰਟਰ ਫ਼ਤਿਆਬਾਦ ਜਾਣ ਦੀ ਇੱਛਾ ਪ੍ਰਗਟ ਕੀਤੀ। ਸ੍. ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂੰ ਤੁਰਨ ਸਮੇਂ ਯੋਗ ਸੁਰੱਖਿਆ, ਇੱਕ ਘੋੜਾ ਅਤੇ ਸ਼ਾਲ ਸਿਰਪਾਓ ਦੇ ਕੇ ਬੜੀ ਇੱਜ਼ਤ ਨਾਲ ਵਿਦਾ ਕੀਤਾ।

ਗਿਆਨੀ ਗਿਆਨ ਸਿੰਘ ਅਨੁਸਾਰ ਕਈ ਪੰਥਕ ਜਥੇਦਾਰਾਂ ਨੇ ਸਰਦਾਰ ਆਹਲੂਵਾਲੀਆ ਨੂੰ ਰਿਹਾਅ ਕਰਨ ਦੀ ਅਪੀਲ ਵੀ ਕੀਤੀ :

**ਪੁਨਾ ਪੰਥ ਕੇ ਕਹੇ ਕਹਾਏ।**
**ਘੋੜਾ ਖ਼ਿਲਅਤ ਪਾਲਕੀ ਦੈਕੈ**
**ਫਤਯਾਬਾਦ ਪਠ ਦਯੋ ਤਜੈ ਕੈ।**

*(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼ ਪੰਨਾ : ੧੭੭੫)*

ਆਹਲੂਵਾਲੀਆ ਸਰਦਾਰ ਜਦੋਂ ਫ਼ਤਿਆਬਾਦ ਪਹੁੰਚਿਆ, ਤਾਂ ਜੈ ਸਿੰਘ ਕਨ੍ਹਈਆ, ਸ਼ੁੱਜਾ ਸਿੰਘ ਭੰਗੀ, ਆਦਿ ਜਥੇਦਾਰ ਉਸ ਦਾ ਹਾਲ ਚਾਲ ਪਤਾ ਕਰਨ

ਲਈ ਆਏ। ਡਾ. ਗੁਪਤਾ ਅਨੁਸਾਰ ਕੁਝ ਲਿਖਾਰੀਆਂ ਨੇ ਲਿਖਿਆ ਹੈ ਕਿ ਸਭ ਦੇ ਸਾਹਮਣੇ ਆਹਲੂਵਾਲੀਏ ਸਰਦਾਰ ਨੇ ਕਸਮ ਖਾਧੀ ਕਿ ਉਹ ਉਦੋਂ ਤਕ ਪਗੜੀ ਸਿਰੋਂ ਢਿੱਲੀ ਨਹੀਂ ਕਰੇਗਾ, ਜਦੋਂ ਤਕ ਉਹ ਰਾਮਗੜ੍ਹੀਆ ਤੋਂ ਉਸ ਦੇ ਸਾਰੇ ਇਲਾਕੇ ਖੋਹ ਨਹੀਂ ਲੈਂਦਾ।

ਇੱਥੇ ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰਨਾ ਬਣਦਾ ਹੈ ਕਿ ਜਦ ਮਾਲੀ ਸਿੰਘ ਦੇ ਕੀਤੇ ਵਰਤਾਓ ਵੱਲੋਂ ਜੱਸਾ ਸਿੰਘ ਰਾਮਗੜ੍ਹੀਆ ਨੇ ਵਡੱਪਣ ਦਿਖਾਉਂਦੇ ਹੋਏ ਖ਼ਿਮਾ ਮੰਗ ਲਈ ਸੀ ਅਤੇ ਆਹਲੂਵਾਲੀਏ ਸਰਦਾਰ ਨੂੰ ਪੂਰੇ ਰਾਜਸੀ ਅਤੇ ਧਾਰਮਿਕ ਸਨਮਾਨ ਨਾਲ ਵਿਦਾ ਕਰਦੇ ਸਮੇਂ ਸਿਰੋਪਾਓ ਵੀ ਦਿੱਤਾ ਸੀ, ਫਿਰ ਇਸ ਤੋਂ ਪਿੱਛੋਂ ਆਹਲੂਵਾਲੀਆ ਸਰਦਾਰ ਦਾ ਆਪਣੇ ਹੈੱਡ-ਕੁਆਰਟਰ ਤੋਂ ਜਥੇਦਾਰਾਂ ਦੇ ਸਾਹਮਣੇ ਕਸਮਾਂ ਖਾਣਾ ਜਾਂ ਪ੍ਰਣ ਕਰਨੇ ਕਿੱਥੋਂ ਤਕ ਜਾਇਜ਼ ਸਨ?

ਹੋ ਸਕਦਾ ਹੈ ਕਿ ਇਹ ਗੱਲ ਐਵੇਂ ਹੀ ਪ੍ਰਚਲਿਤ ਕੀਤੀ ਗਈ ਹੋਵੇ। ਪਰ ਆਹਲੂਵਾਲੀਆ ਸਰਦਾਰ ਨੇ ਸ੍. ਜੱਸਾ ਸਿੰਘ ਦੇ ਨਿਮਰਤਾ ਅਤੇ ਆਦਰ-ਸਤਿਕਾਰ ਭਰੇ ਵਰਤਾਓ ਕਰ ਕੇ ਅਤੇ ਆਪਣੀ ਉੱਚੀ ਪਦਵੀ ਦਾ ਵੀ ਖ਼ਿਆਲ ਰੱਖਦੇ ਹੋਏ ਸ਼ਾਇਦ ਖੁੱਲ੍ਹੇਆਮ ਕੋਈ ਐਸੀ ਗੱਲ ਨਹੀਂ ਕੀਤੀ ਹੋਵੇਗੀ। ਫਿਰ ਵੀ ਉਸ ਦੇ ਮਨ ਹੀ ਮਨ ਅੰਦਰ ਮਾਲੀ ਸਿੰਘ ਰਾਮਗੜ੍ਹੀਆ ਜ਼ਰੂਰ ਚੁੱਭ ਰਿਹਾ ਹੋਵੇਗਾ।

ਬੇਸ਼ੱਕ ਹੁਣ ਤਕ ਸ੍. ਜੱਸਾ ਸਿੰਘ ਨੇ ਕਿਸੇ ਵੀ ਸਰਦਾਰ ਦੇ ਇਲਾਕੇ ਉੱਪਰ ਕੋਈ ਕਬਜ਼ਾ ਨਹੀਂ ਸੀ ਕੀਤਾ, ਪਰ ਫਿਰ ਵੀ ਸਾਰੇ ਸਿੱਖ ਸਰਦਾਰਾਂ ਨੂੰ ਇਹ ਖ਼ਤਰਾ ਜ਼ਰੂਰ ਮਹਿਸੂਸ ਹੋ ਰਿਹਾ ਸੀ ਕਿ ਜੇ ਰਾਮਗੜ੍ਹੀਆ ਸਰਦਾਰ ਨੂੰ ਇਕੱਠੇ ਹੋ ਕੇ ਨਾ ਰੋਕਿਆ ਗਿਆ, ਤਾਂ ਉਹ ਕੱਲ੍ਹ ਨੂੰ ਸਾਰਿਆਂ ਲਈ ਵੱਡਾ ਖ਼ਤਰਾ ਸਾਬਤ ਹੋਵੇਗਾ।

ਵਿਰੋਧੀ ਮਿਸਲਾਂ ਦੀ ਸ਼ਹਿ 'ਤੇ ਸ੍. ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਸ੍. ਜੱਸਾ ਸਿੰਘ ਰਾਮਗੜ੍ਹੀਏ ਦੇ ਇਲਾਕੇ 'ਤੇ ਕਬਜ਼ਾ ਕਰਨ ਲਈ ਹਮਲਾ ਕਰ ਦਿੱਤਾ। ਹਾਲਾਂਕਿ ਇਸ ਦੇ ਇਲਾਕੇ ਦੀ ਕੋਈ ਸਰਹੱਦ ਰਾਮਗੜ੍ਹੀਆ ਮਿਸਲ ਨਾਲ ਨਹੀਂ ਸੀ ਲੱਗਦੀ ਅਤੇ ਨਾ ਹੀ ਇਸ ਨਾਲ ਰਾਮਗੜ੍ਹੀਆ ਸਰਦਾਰ ਦੀ ਕੋਈ ਜ਼ਾਤੀ ਦੁਸ਼ਮਣੀ ਸੀ। ਹਮਲੇ ਸਮੇਂ ਸ੍. ਜੱਸਾ ਸਿੰਘ ਬੜੇ ਧੀਰਜ ਤੋਂ ਕੰਮ ਲੈਂਦਿਆਂ ਹੋਇਆਂ ਸ੍. ਚੜ੍ਹਤ ਸਿੰਘ ਦੇ ਸਾਹਮਣੇ ਮੁਕਾਬਲੇ ਲਈ ਡਟ ਗਿਆ ਅਤੇ ਲੜਾਈ ਸ਼ੁਰੂ ਹੋ ਗਈ। ਸਿੱਖ ਫ਼ੌਜਾਂ ਆਪਸ ਵਿੱਚ ਲੜਨ ਲੱਗੀਆਂ। ਆਖ਼ਰਕਾਰ ਇਸ ਲੜਾਈ ਵਿੱਚ ਸ੍. ਚੜ੍ਹਤ ਸਿੰਘ ਬਹੁਤ ਬੁਰੀ ਤਰ੍ਹਾਂ ਸਿਰਫ਼ ਹਾਰ ਹੀ ਨਹੀਂ ਗਿਆ, ਸਗੋਂ ਉਸ ਨੂੰ ਆਪਣਾ ਬਹੁਤ ਸਾਰਾ ਜੰਗੀ ਸਮਾਨ ਵੀ ਗੁਆ ਕੇ ਵਾਪਸ ਪਰਤਣ ਲਈ ਮਜਬੂਰ ਹੋਣਾ ਪਿਆ।

ਹੁਣ ਪੰਜਾਬ ਵਿੱਚ ਕੋਈ ਵੀ ਇਕੱਲੀ ਮਿਸਲ ਐਸੀ ਨਹੀਂ ਸੀ, ਜਿਹੜੀ ਆਪਣੇ ਤੌਰ 'ਤੇ ਰਾਮਗੜ੍ਹੀਆ ਸਰਦਾਰ ਦਾ ਮੁਕਾਬਲਾ ਕਰਨ ਦੀ ਸ਼ਕਤੀ ਰੱਖਦੀ। ਇਸ ਲਈ ਡਰ ਜਾਂ ਈਰਖਾ ਵਜੋਂ 1776 ਈ. ਵਿੱਚ ਚਾਰ ਪ੍ਰਮੁੱਖ ਮਿਸਲਾਂ

(ਆਹਲੂਵਾਲੀਆ, ਕਨ੍ਹਈਆ, ਭੰਗੀ ਤੇ ਸ਼ੁਕਰਚੱਕੀਆ) ਨੇ ਸਾਂਝੇ ਤੌਰ 'ਤੇ ਸਲਾਹ ਕਰ ਕੇ ਖ਼ੁਦਗਰਜ਼ੀ ਰੁਚੀਆਂ ਪਾਲਣ ਲਈ ਰਾਮਗੜ੍ਹੀਆ ਸਰਦਾਰ ਉੱਪਰ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ।

ਇੱਕ ਪਾਸੇ ਸ੍. ਚੜ੍ਹਤ ਸਿੰਘ ਦੇ ਲੜਕੇ ਮਹਾਂ ਸਿੰਘ ਸ਼ੁਕਰਚੱਕੀਆ ਨੇ ਆਪਣੀ ਭੈਣ ਰਾਜ ਕੌਰ ਦਾ ਵਿਆਹ ਸ੍. ਗੁੱਜਰ ਸਿੰਘ ਭੰਗੀ ਨਾਲ ਕਰ ਕੇ ਆਪਣੀ ਤਾਕਤ ਵਧਾ ਲਈ ਤੇ ਇਸ ਤੋਂ ਪੂਰਾ-ਪੂਰਾ ਰਾਜਸੀ ਲਾਭ ਉਠਾਇਆ ਅਤੇ ਦੂਜੇ ਪਾਸੇ ਜੈ ਸਿੰਘ ਕਨ੍ਹਈਆ ਨੇ ਮਹਾਂ ਸਿੰਘ ਦੀ ਸ਼ਾਦੀ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਲੜਕੀ ਨਾਲ ਕਰਵਾ ਕੇ ਪੱਕੀ ਸਾਂਝ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਬੀਬੀ ਦੀ ਕੁੱਖ ਤੋਂ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਇਆ। ਇਸ ਤਰ੍ਹਾਂ ਰਿਸ਼ਤੇਦਾਰੀਆਂ ਦੀ ਗੰਢ-ਤਰੁਪ ਨਾਲ ਰਾਮਗੜ੍ਹੀਆਂ ਦੇ ਵਿਰੁੱਧ ਸ਼ੁਕਰਚੱਕੀਆ, ਭੰਗੀ ਤੇ ਕਨ੍ਹਈਆ 'ਤੇ ਆਧਾਰਿਤ ਗੱਠਜੋੜ ਕੀਤਾ ਗਿਆ ਸੀ, ਜਿਸ ਦੀ ਅਗਵਾਈ ਨਿੱਜੀ ਕਿੜ ਕੱਢਣ ਲਈ ਆਹਲੂਵਾਲੀਆ ਸਰਦਾਰ ਨੇ ਕੀਤੀ।

ਚਾਰ ਮਿਸਲਾਂ ਨੇ ਮਿਲ ਕੇ ਆਪਣੀ ਪੂਰੀ ਫ਼ੌਜੀ ਸ਼ਕਤੀ ਇਕੱਠੀ ਕਰ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਰਾਜਧਾਨੀ ਹਰਿਗੋਬਿੰਦਪੁਰ ਉੱਤੇ ਹਮਲਾ ਕਰ ਦਿੱਤਾ। ਸ੍. ਜੱਸਾ ਸਿੰਘ ਨੇ ਸ਼ੁਰੂ ਵਿੱਚ ਬੜੀ ਬਹਾਦਰੀ ਨਾਲ ਡੱਟ ਕੇ ਮੁਕਾਬਲਾ ਕੀਤਾ, ਪਰ ਚਾਰ ਮਿਸਲਾਂ ਦੀ ਸਾਂਝੀ ਤਾਕਤ ਸਾਹਮਣੇ ਜ਼ਿਆਦਾ ਸਮਾਂ ਟਿਕ ਨਾ ਸਕਿਆ। ਅੰਤ ਨੂੰ ਸਾਂਝਾ ਮੁਹਾਜ਼ ਇੱਥੇ ਕਬਜ਼ਾ ਕਰਨ ਵਿੱਚ ਕਾਮਯਾਬ ਹੋ ਗਿਆ।

ਹੁਣ ਇਹਨਾਂ ਸਾਰਿਆਂ ਨੇ ਬਟਾਲੇ ਵਲ ਮੂੰਹ ਕਰ ਲਿਆ। ਇਹ ਸ਼ਹਿਰ ਸ੍. ਮਾਲੀ ਸਿੰਘ ਰਾਮਗੜ੍ਹੀਏ ਦੇ ਪ੍ਰਬੰਧ ਅਧੀਨ ਸੀ। ਇਸੇ ਮਾਲੀ ਸਿੰਘ ਨੇ ਆਹਲੂਵਾਲੀਆ ਸਰਦਾਰ ਨੂੰ ਕੈਦ ਕੀਤਾ ਸੀ। ਆਹਲੂਵਾਲੀਆ ਸਰਦਾਰ ਸਾਂਝੇ ਮੁਹਾਜ਼ ਦੀ ਅਗਵਾਈ ਕਰਦਾ ਹੋਇਆ ਬੜੀ ਤੇਜ਼ੀ ਨਾਲ ਬਟਾਲੇ ਆਣ ਪਹੁੰਚਿਆ।

ਸ੍. ਮਾਲੀ ਸਿੰਘ ਨੇ ਬਟਾਲਾ ਸ਼ਹਿਰ ਦੀ ਸੁਰੱਖਿਆ ਦਾ ਏਨਾ ਪੁਖਤਾ ਪ੍ਰਬੰਧ ਕਰ ਰੱਖਿਆ ਸੀ ਕਿ ਕੁਝ ਦਿਨਾਂ ਦੀ ਲੜਾਈ ਪਿੱਛੋਂ ਸਾਂਝੇ ਮੁਹਾਜ਼ ਨੂੰ ਇਹ ਅਹਿਸਾਸ ਹੋਇਆ ਕਿ ਇੱਥੇ ਜਿੱਤ ਪ੍ਰਾਪਤ ਕਰਨੀ ਸੌਖਾ ਕੰਮ ਨਹੀਂ ਹੈ। ਸ੍. ਮਾਲੀ ਸਿੰਘ ਨੇ ਸਾਂਝੇ ਮੁਹਾਜ਼ ਦੀਆਂ ਫ਼ੌਜਾਂ ਦੇ ਪੈਰ ਨਾ ਲੱਗਣ ਦਿੱਤੇ। ਹਾਲਾਤ ਬਹੁਤ ਅਜੀਬੋ-ਗਰੀਬ ਬਣ ਗਏ। ਜਦੋਂ ਕੋਈ ਪੇਸ਼ ਨਾ ਜਾਂਦੀ ਦੇਖੀ, ਇਹਨਾਂ ਸਰਦਾਰਾਂ ਨੂੰ ਇਹ ਖ਼ਤਰਾ ਮਹਿਸੂਸ ਹੋਇਆ ਕਿ ਜੇ ਬਟਾਲਾ ਨਾ ਜਿੱਤਿਆ ਗਿਆ, ਤਾਂ ਰਾਮਗੜ੍ਹੀਆ ਸਰਦਾਰਾਂ ਨੇ ਹਰਿਗੋਬਿੰਦਪੁਰ ਵੀ ਵਾਪਸ ਜਿੱਤ ਲੈਣਾ ਹੈ। ਇਸ ਲਈ ਬਟਾਲੇ ਨੂੰ ਜਿੱਤਣਾ ਬਹੁਤ ਜ਼ਰੂਰੀ ਹੈ।

ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਹਮਲਾਵਰ ਸਰਦਾਰਾਂ ਨੇ ਕੂੜ-ਕਪਟ, ਵਲ-ਛਲ ਅਤੇ ਕਰਮਚਾਰੀਆਂ ਨੂੰ ਝੂਠਾ ਲਾਲਚ ਦੇ ਕੇ ਕਿਲ੍ਹੇ ਦਾ ਦਰਵਾਜ਼ਾ ਖੁੱਲ੍ਹਵਾਉਣ ਦੀ ਕੋਸ਼ਿਸ਼ ਕੀਤੀ। ਇਸ ਯਤਨ ਵਿੱਚ ਉਹ ਸਫ਼ਲ ਹੋ ਗਏ।

ਆਹਲੂਵਾਲੀਆ ਸਰਦਾਰ ਦੀ ਮਾਲੀ ਸਿੰਘ ਨਾਲ ਨਿੱਜੀ ਦੁਸ਼ਮਣੀ ਹੋਣ ਕਰ ਕੇ ਉਹ ਜ਼ਰੂਰ ਚਾਹੁੰਦਾ ਹੋਵੇਗਾ ਕਿ ਕਿਸੇ ਵੀ ਤਰ੍ਹਾਂ ਉਹ ਮਾਲੀ ਸਿੰਘ ਹੱਥੋਂ ਕੁਝ ਸਮਾਂ ਪਹਿਲਾਂ ਹੋਏ ਅਪਮਾਨ ਦਾ ਬਦਲਾ ਲਵੇ। ਇੱਥੇ ਜੱਸਾ ਸਿੰਘ ਆਹਲੂਵਾਲੀਆ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਵੀ ਕਰਨਾ ਚਾਹੁੰਦਾ ਹੋਣਾ ਹੈ, ਕਿਉਂਕਿ ਮਾਲੀ ਸਿੰਘ ਨੇ ਇਸ ਨੂੰ ਕੈਦ ਕਰ ਕੇ ਬੰਦੀ ਦੀ ਸ਼ਕਲ ਵਿੱਚ ਲਿਆਂਦਾ ਸੀ, ਪਰ ਮਾਲੀ ਸਿੰਘ ਇਤਨਾ ਬਹਾਦਰ ਤੇ ਨਿਧੜਕ ਯੋਧਾ ਸੀ ਕਿ ਕੁਝ ਕਰਮਚਾਰੀਆਂ ਦੇ ਦੁਸ਼ਮਣਾਂ ਨਾਲ ਮਿਲ ਜਾਣ ਦੇ ਬਾਵਜੂਦ ਉਹ ਹਮਲਾਵਰਾਂ ਦੇ ਕਾਬੂ ਨਾ ਆਇਆ। ਸਗੋਂ ਕਲਾਨੌਰ ਪਹੁੰਚ ਕੇ ਮੋਰਚੇ ਮਜ਼ਬੂਤ ਕਰਨ ਵਿੱਚ ਰੁੱਝ ਗਿਆ, ਪਰ ਬਟਾਲਾ ਸ਼ਹਿਰ ਰਾਮਗੜ੍ਹੀਆ ਸਰਦਾਰਾਂ ਦੇ ਹੱਥੋਂ ਜਾਂਦਾ ਰਿਹਾ।

ਰਾਮਗੜ੍ਹੀਆ ਮਿਸਲ ਦਾ ਤੀਜਾ ਵੱਡਾ ਕੇਂਦਰ ਕਲਾਨੌਰ ਸੀ। ਇੱਥੋਂ ਦਾ ਸਮੁੱਚਾ ਪ੍ਰਬੰਧ ਤੇ ਇੰਤਜ਼ਾਮ ਸ੍. ਤਾਰਾ ਸਿੰਘ ਰਾਮਗੜ੍ਹੀਆ ਦੀ ਨਿਗਰਾਨੀ ਹੇਠ ਸੀ। ਬਟਾਲੇ ਨੂੰ ਪੂਰੀ ਤਰ੍ਹਾਂ ਕਬਜ਼ੇ ਵਿੱਚ ਕਰਨ ਪਿੱਛੋਂ ਇਹਨਾਂ ਨੇ ਆਪਣਾ ਮੁੱਖ ਕਲਾਨੌਰ ਵੱਲ ਨੂੰ ਕੀਤਾ, ਤਾਂ ਰਾਹ ਵਿੱਚ ਰਾਮਗੜ੍ਹੀਆ ਸਰਦਾਰਾਂ ਨੇ ਬਹੁਤ ਰੋਕਾਂ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਾ ਹੋ ਸਕੇ। ਕਲਾਨੌਰ ਨੇੜੇ ਬੜੇ ਘਸਮਾਣ ਦਾ ਯੁੱਧ ਹੋਇਆ। ਦੋਹਾਂ ਪਾਸਿਆਂ ਤੋਂ ਅਨੇਕ ਬਹਾਦਰਾਂ ਨੇ ਮੈਦਾਨੇ-ਜੰਗ ਵਿੱਚ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇੱਥੇ ਹੋਈ ਭਿਆਨਕ ਲੜਾਈ ਵਿੱਚ ਸ੍. ਜੱਸਾ ਸਿੰਘ ਦਾ ਭਰਾ ਤਾਰਾ ਸਿੰਘ ਮਾਰਿਆ ਗਿਆ ਅਤੇ ਖ਼ੁਸ਼ਹਾਲ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਲਹੂ-ਡੋਲ੍ਹਵੀਂ ਲੜਾਈ ਵਿੱਛੋਂ ਕਲਾਨੌਰ ਰਾਮਗੜ੍ਹੀਆਂ ਦੇ ਹੱਥੋਂ ਨਿਕਲ ਗਿਆ।

**ਤਾਰਾ ਸਿੰਘ ਮਰਜੋ ਤਬ ਲੜਕੈ।**
**ਜ਼ਖਮੀ ਭਾ ਖੁਸ਼ਾਲ ਸਿੰਘ ਬਚਕੈ।**

*(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ : ੧੧੭੫)*

ਸੋ, ਲੰਮੀ ਜਦੋ-ਜਹਿਦ ਪਿੱਛੋਂ ਸ੍ਰੀ ਹਰਿਗੋਬਿੰਦਪੁਰ, ਬਟਾਲਾ ਅਤੇ ਕਲਾਨੌਰ ਵਰਗੇ ਮਹੱਤਵਪੂਰਨ ਕੇਂਦਰ ਰਾਮਗੜ੍ਹੀਆਂ ਦੇ ਹੱਥੋਂ ਨਿਕਲ ਗਏ ਅਤੇ ਲਗ-ਪਗ ਸਾਰੇ ਹੀ ਮੈਦਾਨੀ ਇਲਾਕੇ ਉੱਪਰ ਸਾਂਝੇ ਮੁਹਾਜ ਨੇ ਕਬਜ਼ਾ ਕਰ ਲਿਆ।

ਹੁਣ ਪਹਾੜੀ ਰਿਆਸਤਾਂ ਵੀ ਇੱਕ-ਇੱਕ ਕਰ ਕੇ ਛੇਤੀ ਹੀ ਆਕੀ ਹੋ ਗਈਆਂ। ਉਹਨਾਂ ਉਪਰ ਕੰਟਰੋਲ ਕਰਨ ਲਈ ਸ੍. ਜੱਸਾ ਸਿੰਘ ਰਾਮਗੜ੍ਹੀਆ ਪਾਸ ਕੋਈ ਤਕੜਾ ਕੇਂਦਰ ਨਹੀਂ ਸੀ ਰਹਿ ਗਿਆ।

20 ਲੱਖ ਰੁਪਏ ਦੀ ਸਾਲਾਨਾ ਜਾਗੀਰ ਦਾ ਇਲਾਕਾ ਛੱਡ ਕੇ ਵੀ ਬੇਪ੍ਰਵਾਹ ਰਹਿਣਾ ਬੜਾ ਔਖਾ ਸੀ। ਸਿੱਖੀ ਸਿਦਕ ਅਤੇ ਉੱਚੇ ਆਦਰਸ਼ ਨੂੰ ਹੱਥੋਂ ਨਾ ਛੱਡਣ ਕਰ ਕੇ ਹੀ ਇਤਨੀ ਮਾੜੀ ਰਾਜਨੀਤਿਕ ਦਸ਼ਾ ਹੋ ਜਾਣ ਦੇ ਬਾਵਜੂਦ ਰਾਮਗੜ੍ਹੀਆ ਸਰਦਾਰ ਨਾਲ ਇਸ ਵੇਲੇ ਵੀ ਚਾਰ ਹਜ਼ਾਰ ਘੋੜ-ਸਵਾਰ ਐਸੇ ਸਨ, ਜਿਹੜੇ ਇਸ ਦੇ

ਇਸ਼ਾਰੇ 'ਤੇ ਮਰਨ-ਮਾਰਨ ਲਈ ਹਰ ਸਮੇਂ ਤਤਪਰ ਰਹਿੰਦੇ ਸਨ। ਸ੍. ਜੱਸਾ ਸਿੰਘ ਨੇ ਹੁਣ ਮਾਲਵੇ ਦੇਸ ਵਿੱਚ ਚਲੇ ਜਾਣ ਦਾ ਮਨ ਬਣਾਇਆ, ਕਿਉਂਕਿ ਵੱਡੇ ਘੱਲੂਘਾਰੇ ਪਿੱਛੋਂ ਵੀ ਸਾਰੇ ਸਿੱਖ ਸਰਦਾਰਾਂ ਨੇ ਇਸ ਇਲਾਕੇ ਵਿੱਚ ਹੀ ਕੁਝ ਸਮਾਂ ਟਿਕੇ ਰਹਿਣ ਵਿੱਚ ਭਲਾਈ ਸਮਝੀ ਸੀ।

ਸ੍. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਨਾਲ ਵਾਪਰੇ ਇਸ ਸਾਰੇ ਭਾਣੇ ਨੂੰ ਰੱਬੀ ਹੁਕਮ ਸਮਝ ਕੇ ਖਿੜੇ-ਮੱਥੇ ਪ੍ਰਵਾਨ ਕਰ ਗਿਆ। ਉਸ ਨੇ ਹਾਰੇ ਹੋਏ ਇਹਨਾਂ ਇਲਾਕਿਆਂ ਉੱਤੇ ਅਧਿਕਾਰ ਪ੍ਰਾਪਤ ਕਰਨ ਲਈ ਹਮਲਾਵਰ ਸਿੱਖ ਸਰਦਾਰਾਂ ਵਿਰੁੱਧ ਕੋਈ ਮਾੜੀ ਚਾਲ ਖੇਡਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

ਸੰਨ 1776 ਈ. 'ਚ ਜਦੋਂ ਸਾਰੇ ਇਲਾਕੇ ਖੁਹਾ ਕੇ ਸ੍. ਜੱਸਾ ਸਿੰਘ ਮਾਲਵੇ ਵਿੱਚ ਪਹੁੰਚਣ ਲਈ ਸਤਲੁਜ ਵੱਲ ਅੱਗੇ ਵਧਿਆ, ਤਾਂ ਭਾਗ ਸਿੰਘ ਆਹਲੂਵਾਲੀਆ ਨੇ ਜੱਸਾ ਸਿੰਘ ਉੱਪਰ ਪਿੱਛੋਂ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਰਾਮਗੜ੍ਹੀਆ ਸਰਦਾਰ ਨੂੰ ਰੋਹ ਤਾਂ ਬਹੁਤ ਆਇਆ, ਪਰ ਫਿਰ ਉਸ ਨੇ ਹੌਸਲਾ ਰੱਖਦੇ ਹੋਏ ਲੱਖੂਪੁਰ ਦੇ ਆਪਣੇ ਮਿੱਤਰ ਸ੍. ਰਣਜੀਤ ਸਿੰਘ ਰਾਹੀਂ ਸੁਨੇਹਾ ਭੇਜ ਕੇ ਭਾਗ ਸਿੰਘ ਨੂੰ ਫਿਟਕਾਰ ਪਾਈ ਕਿ ਜਦ ਤੁਸੀਂ ਮਿਲ ਕੇ ਸਾਡੇ ਸਾਰੇ ਇਲਾਕਿਆਂ 'ਤੇ ਕਬਜ਼ਾ ਕਰ ਹੀ ਲਿਆ ਹੈ ਅਤੇ ਅਸੀਂ ਸਭ ਕੁਝ ਛੱਡ ਕੇ ਮਾਲਵੇ ਵੱਲ ਜਾ ਰਹੇ ਹਾਂ, ਤਾਂ ਹੁਣ ਇਸ ਹਾਲਤ ਵਿੱਚ ਪਿੱਛੋਂ ਹਮਲਾ ਕਰਨ ਵਾਲਾ ਇਹ ਨੀਚ ਕਰਮ ਕਿਉਂ ਕਰਦੇ ਹੋ ? ਗੁਰੂ ਸਾਹਿਬ ਨੇ ਤਾਂ ਦੌੜੇ ਜਾਂਦੇ ਦੁਸ਼ਮਣ ਉੱਤੇ ਵੀ ਹਮਲਾ ਕਰਨ ਤੋਂ ਮਨ੍ਹਾ ਕੀਤਾ ਸੀ, ਪਰ ਤੁਸੀਂ ਅਹੰਕਾਰ ਵਿੱਚ ਅੰਨ੍ਹੇ ਹੋਏ ਆਪਣੇ ਹੀ ਭਰਾਵਾਂ ਉੱਪਰ ਹਮਲਾ ਕਰ ਕੇ ਐਵੇਂ ਪਾਪ ਦੇ ਭਾਗੀ ਨਾ ਬਣੋ। ਵਾਹਿਗੁਰੂ ਬੜਾ ਬੇਅੰਤ ਹੈ।

ਆਲੀਵਾਲ ਦੇ ਪੱਤਣ 'ਤੇ ਰਾਮਗੜ੍ਹੀਆ ਸਰਦਾਰਾਂ ਨੇ ਆਪਣੇ ਚਾਰ ਹਜ਼ਾਰ ਘੋੜ-ਸਵਾਰਾਂ ਸਮੇਤ ਸਤਲੁਜ ਦਰਿਆ ਪਾਰ ਕੀਤਾ। ਜੰਗੀ ਸਮਾਨ ਬੇੜੀਆਂ ਉੱਪਰ ਲਦਵਾ ਕੇ ਪਾਰ ਕਰਵਾਇਆ ਗਿਆ। ਰਾਮਗੜ੍ਹੀਆ ਸਰਦਾਰ ਨੇ ਦਰਿਆ ਪਾਰ ਹੋਣ ਪਿੱਛੋਂ ਬੇੜੀਆਂ ਦੇ ਮਲਾਹਾਂ ਨੂੰ ਬਣਦੀ ਮਜ਼ਦੂਰੀ ਦੇਣੀ ਚਾਹੀ ਤਾਂ ਉਹਨਾਂ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਸਰਦਾਰ ਸਾਹਿਬ, ਤੁਸੀਂ ਆਪਣਾ ਰਾਜ-ਭਾਗ ਖੁਹਾ ਕੇ ਇਸ ਹਾਲਤ ਵਿੱਚ ਜਾ ਰਹੇ ਹੋ, ਅਸੀਂ ਤੁਹਾਡੇ ਕੋਲੋਂ ਮਜ਼ਦੂਰੀ ਕਿਵੇਂ ਲੈ ਸਕਦੇ ਹਾਂ ? ਸ੍. ਜੱਸਾ ਸਿੰਘ ਉਹਨਾਂ ਦੀ ਗੱਲ ਸੁਣ ਕੇ ਕਹਿਣ ਲੱਗੇ ਕਿ ਫਿਰ ਕੀ ਹੋਇਆ, ਜੇਕਰ ਰਾਜ-ਭਾਗ ਜਾਂਦਾ ਵੀ ਰਿਹਾ ਹੈ, ਤਾਂ ਵੀ ਮੈਂ ਇਤਨੇ ਜੋਗਾ ਹਾਂ ਕਿ ਤੁਹਾਡੀ ਬਣਦੀ ਮਜ਼ਦੂਰੀ ਦੇ ਸਕਾਂ। ਫਿਰ ਵੀ ਮਲਾਹ ਪੈਸੇ ਲੈਣ ਲਈ ਤਿਆਰ ਨਹੀਂ ਸਨ, ਪਰ ਸਰਦਾਰ ਵੱਲੋਂ ਜ਼ਿਆਦਾ ਜ਼ੋਰ ਦੇਣ 'ਤੇ ਉਹ ਕੁਝ ਪੈਸੇ ਹੀ ਮਜ਼ਦੂਰੀ ਦੇ ਲੈਣ ਲਈ ਰਾਜ਼ੀ ਹੋਏ। ਸ੍. ਜੱਸਾ ਸਿੰਘ ਉਹਨਾਂ ਦੀ ਨਿਮਰਤਾ, ਪਿਆਰ ਤੇ ਤਿਆਗ ਅਤੇ ਹਮਦਰਦੀ ਭਰੇ ਬੋਲਾਂ ਤੋਂ ਏਨਾ ਪ੍ਰਸੰਨ ਹੋਇਆ ਕਿ ਮਲਾਹਾਂ ਦੇ ਨਾ ਚਾਹੁਣ ਦੇ ਬਾਵਜੂਦ ਉਹਨਾਂ

ਸਾਰਿਆਂ ਨੂੰ ਧਨ ਨਾਲ ਮਾਲ-ਮਾਲ ਕਰ ਦਿੱਤਾ। ਇਹ ਵੀ ਸੁਣਨ ਵਿੱਚ ਆਉਂਦਾ ਹੈ ਕਿ ਜਦੋਂ 28 ਜਨਵਰੀ, 1946 ਈ. ਨੂੰ ਆਲੀਵਾਲ ਦੇ ਸਥਾਨ 'ਤੇ ਸਿੱਖਾਂ ਅਤੇ ਅੰਗਰੇਜ਼ਾਂ ਦੀ ਜੰਗ ਹੋਈ, ਤਾਂ ਦਰਿਆ ਪਾਰ ਕਰਦੇ ਸਮੇਂ ਸਿੱਖਾਂ ਕੋਲੋਂ ਇਹ ਕਹਿ ਕੇ ਕੋਈ ਪੈਸਾ ਨਾ ਲਿਆ ਕਿ ਰਾਮਗੜ੍ਹੀਆ ਸਰਦਾਰ ਪਹਿਲਾਂ ਹੀ ਸਾਡੇ ਵੱਡੇ ਵਡੇਰਿਆਂ ਨੂੰ ਖੁੱਲ੍ਹੀ ਕੀਮਤ ਦੇ ਗਿਆ ਸੀ, ਹੁਣ ਸਿੱਖਾਂ ਕੋਲੋਂ ਹੋਰ ਪੈਸੇ ਨਹੀਂ ਲੈਣੇ।

ਸ੍. ਜੱਸਾ ਸਿੰਘ ਪਟਿਆਲ਼ੇ ਦੇ ਰਾਜਾ ਅਮਰ ਸਿੰਘ ਪਾਸ ਆਇਆ, ਤਾਂ ਉਸ ਨੇ ਸ੍. ਜੱਸਾ ਸਿੰਘ ਦਾ ਬਹੁਤ ਭਰਵਾਂ ਸੁਆਗਤ ਕੀਤਾ ਅਤੇ ਕਿਹਾ ਕਿ ਮੇਰੀ ਰਿਆਸਤ ਤੁਹਾਡੇ ਰਹਿਣ ਲਈ ਹਾਜ਼ਰ ਹੈ। ਆਪਸੀ ਸਲਾਹ-ਮਸ਼ਵਰੇ ਪਿੱਛੋਂ ਰਾਜਾ ਅਮਰ ਸਿੰਘ ਨੇ ਰਾਮਗੜ੍ਹੀਆ ਸਰਦਾਰ ਦੀ ਸੂਝ-ਬੂਝ ਤਜਰਬੇ ਅਤੇ ਫ਼ੌਜੀ ਸ਼ਕਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਰਾਜ ਪ੍ਰਬੰਧ ਦੀ ਮਜ਼ਬੂਤੀ ਅਤੇ ਖ਼ੁਸ਼ਹਾਲੀ ਲਈ ਵਰਤਣਾ ਜ਼ਰੂਰੀ ਸਮਝਿਆ। ਉਸ ਨੇ ਸ੍. ਜੱਸਾ ਸਿੰਘ ਨੂੰ ਹਾਂਸੀ ਅਤੇ ਹਿਸਾਰ ਦਾ ਵੱਡਾ ਇਲਾਕਾ ਜਾਗੀਰ ਦੇ ਰੂਪ ਵਿੱਚ ਦਿੱਤਾ, ਜਿਸ ਦਾ ਸਾਰਾ ਪ੍ਰਬੰਧ ਜੱਸਾ ਸਿੰਘ ਨੇ ਇੰਨੇ ਸੁਚੱਜੇ ਢੰਗ ਨਾਲ ਕੀਤਾ ਕਿ ਇੱਥੋਂ ਦੇ ਲੋਕ ਇਸ ਨੂੰ ਆਪਣੀ ਜਿੰਦ-ਜਾਨ ਦਾ ਰਖਵਾਲਾ ਹੀ ਸਮਝਣ ਲੱਗ ਪਏ।

ਇੱਥੋਂ ਹੀ ਸਰਸੇ ਦੇ ਰਹਿ ਚੁੱਕੇ ਗਵਰਨਰ ਨੇ ਆਪਣੀਆਂ ਮਾੜੀਆਂ ਆਦਤਾਂ ਅਨੁਸਾਰ ਇੱਕ ਬ੍ਰਾਹਮਣ ਦੀਆਂ ਦੋ ਧੀਆਂ ਜ਼ਬਰਦਸਤੀ ਉਠਵਾ ਕੇ ਆਪਣੇ ਪਾਸ ਰੱਖ ਲਈਆਂ। ਬ੍ਰਾਹਮਣ ਵੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਰਸੇ ਦਾ ਪ੍ਰਬੰਧ ਹੁਣ ਗੁਰੂ ਗੋਬਿੰਦ ਸਿੰਘ ਜੀ ਦੇ ਇੱਕ ਸਿੱਖ ਸ੍. ਜੱਸਾ ਸਿੰਘ ਕੋਲ ਹੈ ਅਤੇ ਗੁਰੂ ਕੇ ਸਿੱਖ ਐਸੀਆਂ ਹਰਕਤਾਂ ਕਰਨ ਵਾਲਿਆਂ ਨੂੰ ਕਦੇ ਨਹੀਂ ਬਖ਼ਸ਼ਦੇ। ਇਸ ਲਈ ਜੇ ਉਸ ਦੇ ਦਰ 'ਤੇ ਜਾ ਕੇ ਫ਼ਰਿਆਦ ਕੀਤੀ ਜਾਵੇ, ਤਾਂ ਉਹ ਜ਼ਰੂਰ ਮਦਦ ਕਰੇਗਾ। ਸੋ, ਬ੍ਰਾਹਮਣ ਸਮੇਤ ਕਈ ਲੋਕ ਫ਼ਰਿਆਦ ਲੈ ਕੇ ਸ੍. ਜੱਸਾ ਸਿੰਘ ਕੋਲ ਪਹੁੰਚੇ ਅਤੇ ਆਪਣਾ ਦੁੱਖ ਦੱਸਿਆ। ਬ੍ਰਾਹਮਣ ਦੀ ਫ਼ਰਿਆਦ ਸੁਣਦੇ ਸਾਰ ਉਹ ਗੁੱਸੇ ਵਿੱਚ ਆ ਗਿਆ ਤੇ ਉਸੇ ਵੇਲੇ ਇੱਕ ਫ਼ੌਜੀ ਟੁਕੜੀ ਨੂੰ ਨਾਲ ਲੈ ਕੇ ਆਪ ਗਵਰਨਰ ਨੂੰ ਸਜ਼ਾ ਦੇਣ ਲਈ ਚੜ੍ਹਾਈ ਕਰ ਦਿੱਤੀ।

ਸ੍. ਜੱਸਾ ਸਿੰਘ ਨੇ ਲੜਕੀਆਂ ਛੁਡਵਾ ਕੇ ਬ੍ਰਾਹਮਣ ਦੇ ਹਵਾਲੇ ਕੀਤੀਆਂ, ਬਲਕਿ ਉਹਨਾਂ ਨੂੰ ਆਪਣੀਆਂ ਧੀਆਂ ਜਾਣ ਕੇ ਤੁਰਨ ਲੱਗਿਆਂ ਪਿਆਰ ਵਜੋਂ ਮਾਇਆ ਵੀ ਦਿੱਤੀ। ਇਸ ਘਟਨਾ ਨਾਲ ਸ੍. ਜੱਸਾ ਸਿੰਘ ਦਾ ਮਾਣ-ਸਨਮਾਨ ਸਾਰੇ ਇਲਾਕੇ ਵਿੱਚ ਵਧਿਆ।

ਸ੍. ਜੱਸਾ ਸਿੰਘ ਇੱਥੋਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪਣੇ ਪੁੱਤਰ ਸ੍. ਜੋਧ ਸਿੰਘ ਨੂੰ ਸੌਂਪ ਕੇ ਆਪ ਉੱਤਰ ਪ੍ਰਦੇਸ਼ ਦੇ ਇਲਾਕਿਆਂ ਦੀ ਸੁਧਾਈ ਕਰਨ ਲਈ ਚੱਲ ਪਿਆ। ਅਜੇ ਉਹ ਬਹੁਤੀ ਦੂਰ ਨਹੀਂ ਸੀ ਗਿਆ ਕਿ ਪਟੌਦੀ ਦੇ ਨਵਾਬ ਨੇ ਕਈ ਹੋਰ ਛੋਟੇ-ਵੱਡੇ ਰਾਜਿਆਂ ਨੂੰ ਨਾਲ ਲੈ ਕੇ ਰਾਜਾ ਅਮਰ ਸਿੰਘ ਉੱਪਰ ਹੱਲਾ ਕਰ ਦਿੱਤਾ।

ਖ਼ਬਰ ਮਿਲਦੇ ਹੀ ਸ੍. ਜੱਸਾ ਸਿੰਘ ਵੀ ਬਿਜਲੀ ਦੀ ਰਫ਼ਤਾਰ ਵਾਂਗ ਮੈਦਾਨੇ-ਜੰਗ ਵਿੱਚ ਪਹੁੰਚਿਆ। ਹਮਲਾਵਰਾਂ ਨੂੰ ਐਸੀ ਮਾਰ ਮਾਰੀ ਕਿ ਜਿਹੜੀ ਹਮੇਸ਼ਾ ਲਈ ਯਾਦ ਰੱਖਣ। ਇਸ ਤਰ੍ਹਾਂ ਰਾਮਗੜ੍ਹੀਏ ਸਰਦਾਰ ਦੇ ਸਹਿਯੋਗ ਨਾਲ ਸ੍. ਅਮਰ ਸਿੰਘ ਦੀ ਸ਼ਾਨਦਾਰ ਜਿੱਤ ਹੋਈ।

ਰਾਜਾ ਅਮਰ ਸਿੰਘ ਦੀ ਵਧ ਰਹੀ ਸ਼ਕਤੀ ਤੋਂ ਡੱਲੇਵਾਲੀਆ ਮਿਸਲ ਦਾ ਸਰਦਾਰ ਹਰੀ ਸਿੰਘ ਸਿਆਲਬਾ ਬੜੀ ਈਰਖਾ ਕਰਨ ਲੱਗ ਪਿਆ ਸੀ। ਉਹ ਕੋਈ ਨਾ ਕੋਈ ਬਖੇੜਾ ਖੜ੍ਹਾ ਕਰੀ ਰੱਖਦਾ ਸੀ। ਜਦੋਂ ਅਮਨ ਕਾਇਮ ਰੱਖਣ ਦੇ ਸਾਰੇ ਹੀਲੇ ਖ਼ਤਮ ਹੋ ਗਏ, ਤਾਂ ਰਾਜਾ ਅਮਰ ਸਿੰਘ ਨੇ ਸ੍. ਜੋਧ ਸਿੰਘ ਨੂੰ ਨਾਲ ਲੈ ਕੇ 1778 ਈ. ਨੂੰ ਉਸ ਉੱਪਰ ਹਮਲਾ ਕਰ ਦਿੱਤਾ। ਇਹ ਲੜਾਈ ਰਾਜਾ ਅਮਰ ਸਿੰਘ ਨੇ ਬੜੀ ਅਸਾਨੀ ਨਾਲ ਜਿੱਤ ਲਈ ਅਤੇ ਇਸ ਪਿੱਛੋਂ ਕੁਝ ਸਮੇਂ ਲਈ ਸ਼ਾਂਤੀ ਸਥਾਪਿਤ ਹੋ ਗਈ, ਕਿਉਂਕਿ ਹਰੀ ਸਿੰਘ ਸਿਆਲਬਾ ਨੂੰ ਆਪਣੀ ਤਾਕਤ ਦਾ ਅਹਿਸਾਸ ਚੰਗੀ ਤਰ੍ਹਾਂ ਹੋ ਗਿਆ ਸੀ।

ਦਿੱਲੀ ਵਿਖੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੇ ਸਲਾਹਕਾਰਾਂ ਨੇ ਉਸ ਨੂੰ ਰਾਇ ਦਿੱਤੀ ਕਿ ਜੇ ਰਾਮਗੜ੍ਹੀਆਂ ਦੀ ਮਦਦ ਨਾਲ ਰਾਜਾ ਅਮਰ ਸਿੰਘ ਪਟਿਆਲ਼ਾ ਵਾਲਾ ਇਸੇ ਤਰ੍ਹਾਂ ਹੀ ਸ਼ਕਤੀਸ਼ਾਲੀ ਹੁੰਦਾ ਗਿਆ, ਤਾਂ ਇਹ ਇੱਕ ਦਿਨ ਦਿੱਲੀ ਦੀਆਂ ਸਰਹੱਦਾਂ ਲਈ ਵੀ ਖ਼ਤਰਨਾਕ ਹੋ ਸਕਦਾ ਹੈ। ਇਸ ਲਈ ਅਮਰ ਸਿੰਘ ਨੂੰ ਖ਼ਤਮ ਕਰਨ ਲਈ ਇਸ ਉੱਪਰ ਵੱਡਾ ਹਮਲਾ ਬੋਲ ਦੇਣਾ ਚਾਹੀਦਾ ਹੈ। ਸ਼ਾਹ ਆਲਮ ਨੇ ਇਹ ਸਲਾਹ ਠੀਕ ਸਮਝਦੇ ਹੋਏ ਕੁਝ ਸਿੱਖ ਸਰਦਾਰਾਂ ਨੂੰ ਵੀ ਕਿਸੇ ਤਰ੍ਹਾਂ ਆਪਣੇ ਨਾਲ ਮਿਲਾ ਲਿਆ। ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਜਦੋਂ ਸ਼ਾਹ ਆਲਮ ਦੀ ਮੁਗ਼ਲ ਸੈਨਾ ਕਰਨਾਲ ਪਹੁੰਚੀ, ਤਾਂ ਸ੍. ਬਘੇਲ, ਦੇਸਾ ਸਿੰਘ ਕੈਥਲੀਆ, ਦੀਵਾਨ ਸਿੰਘ ਅਤੇ ਸਾਹਿਬ ਸਿੰਘ ਕਾਂਡੀ ਆਦਿ ਸਿੱਖ ਸਰਦਾਰ ਵੀ ਰਾਜਾ ਅਮਰ ਸਿੰਘ ਦੇ ਵਿਰੁੱਧ ਮੁਗ਼ਲ ਸੈਨਾ ਨਾਲ ਆਣ ਮਿਲੇ। ਵਜ਼ੀਰ ਮਾਜ਼ਦ-ਉਦ-ਦੌਲਾ ਅਤੇ ਸਹਿਜ਼ਾਦਾ ਫ਼ਰਰੰਦ ਬਖ਼ਤ ਦੀ ਕਮਾਨ ਹੇਠਾਂ ਇਹ ਸਾਰਾ ਲਾਮ ਲਸ਼ਕਰ ਪਟਿਆਲ਼ਾ ਨੇੜੇ ਪਹੁੰਚ ਗਿਆ।

ਰਾਜਾ ਅਮਰ ਸਿੰਘ ਨੇ ਪਟਿਆਲ਼ਾ ਦੀਆਂ ਸਾਰੀਆਂ ਰਾਜਨੀਤਿਕ ਮਹੱਤਤਾ ਵਾਲੀਆਂ ਥਾਵਾਂ ਦੀ ਸੁਰੱਖਿਆ ਸੰਬੰਧੀ ਜ਼ਿੰਮੇਵਾਰੀਆਂ ਰਾਮਗੜ੍ਹੀਆ ਸਰਦਾਰਾਂ ਦੇ ਹਵਾਲੇ ਕਰ ਦਿੱਤੀਆਂ ਸਨ।

ਸ੍. ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦਾ ਪੁੱਤਰ ਜੋਧ ਸਿੰਘ ਆਪਣੀ ਫ਼ੌਜ ਲੈ ਕੇ ਹਮਲਾਵਰਾਂ ਦੇ ਦੰਦ ਖੱਟੇ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋ ਗਏ। ਰਾਜਾ ਅਮਰ ਸਿੰਘ ਨੇ ਵੀ ਆਪਣੀ ਸਾਰੀ ਸ਼ਕਤੀ ਲੜਾਈ ਵਿੱਚ ਝੋਂਕ ਦਿੱਤੀ। ਆਹਲੂਵਾਲੀਆ ਸਰਦਾਰ ਵੀ ਇਸ ਜੰਗ ਵਿੱਚ ਰਾਜਾ ਅਮਰ ਸਿੰਘ ਦੀ ਸਹਾਇਤਾ ਲਈ ਪਹੁੰਚ ਗਿਆ। ਆਹਲੂਵਾਲੀਆ ਮਿਸਲ ਦੀਆਂ ਹੱਦਾਂ ਰਾਜਾ ਅਮਰ ਸਿੰਘ ਦੀ ਰਿਆਸਤ

ਨਾਲ ਲਗਦੀਆਂ ਸਨ। ਬੜੀ ਜੰਮ ਕੇ ਲੜਾਈ ਹੋਈ। ਮੁਗਲਾਂ ਦੇ ਨਾਲ-ਨਾਲ ਈਰਖਾਲੂ ਸਿੱਖਾਂ ਦਾ ਵੀ ਕਾਫ਼ੀ ਨੁਕਸਾਨ ਹੋਇਆ।

ਮਾਜ਼ਦ-ਉਦ-ਦੌਲਾ ਨੇ ਜਦੋਂ ਦੇਖਿਆ ਕਿ ਸਿੱਖ ਕੌਮ ਦੇ ਦੋ ਵੱਡੇ ਜਰਨੈਲ ਰਾਮਗੜ੍ਹੀਆ ਅਤੇ ਆਹਲੂਵਾਲੀਆ ਰਾਜਾ ਅਮਰ ਸਿੰਘ ਦੀ ਮਦਦ ਉੱਤੇ ਹਨ ਅਤੇ ਇਸੇ ਲਈ ਮੁਗ਼ਲ ਸੈਨਾ ਦੇ ਕਿਤੇ ਪੈਰ ਨਹੀਂ ਲੱਗ ਰਹੇ, ਤਾਂ ਉਸ ਨੇ ਬੇਵੱਸ ਹੋ ਕੇ ਆਪਣੀ ਸੈਨਾ ਨੂੰ ਮੈਦਾਨ ਵਿੱਚੋਂ ਵਾਪਸ ਮੁੜ ਆਉਣ ਦਾ ਹੁਕਮ ਸੁਣਾ ਦਿੱਤਾ। ਅਚਾਨਕ ਮਿਲੇ ਹੁਕਮ ਕਰ ਕੇ ਛੇਤੀ-ਛੇਤੀ ਵਾਪਸ ਮੁੜਦੀ ਸੈਨਾ ਆਪਣਾ ਬਹੁਤ ਸਾਰਾ ਜੰਗੀ ਸਮਾਨ ਮੈਦਾਨ ਵਿੱਚ ਹੀ ਛੱਡ ਕੇ ਨੱਠ ਤੁਰੀ, ਜਿਸ ਨੂੰ ਸਿੱਖ ਫ਼ੌਜਾਂ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ।

ਸ਼ਾਹ ਆਲਮ ਦੀ ਸੈਨਾ ਨੂੰ ਹਰਾਉਣ ਪਿੱਛੋਂ ਰਾਮਗੜ੍ਹੀਆ ਸਿੱਖ ਫ਼ੌਜ ਦੇ ਹੌਸਲੇ ਬਹੁਤ ਵਧ ਗਏ। ਇਸੇ ਲਈ ਸ੍. ਜੱਸਾ ਸਿੰਘ ਹੁਣ ਗੰਗਾ-ਜਮੁਨਾ ਦਰਮਿਆਨ ਦੇ ਨਵਾਬਾਂ ਪਾਸੋਂ ਕਰ ਉਗਰਾਹੁਣ ਲਈ ਤੁਰ ਪਿਆ। ਜੱਸਾ ਸਿੰਘ ਰਾਮਗੜ੍ਹੀਆ ਜਿੱਧਰ ਵੀ ਗਿਆ, ਨਵਾਬਾਂ, ਚੌਧਰੀਆਂ ਨੇ ਝੁਕ-ਝੁਕ ਕੇ ਸਲਾਮਾਂ ਕੀਤੀਆਂ। ਸਹਾਰਨਪੁਰ ਅਤੇ ਮੁਜ਼ੱਫ਼ਰ ਨਗਰ ਦੇ ਇਲਾਕੇ ਨੂੰ ਵੀ ਇਸ ਨੇ ਚੰਗੀ ਤਰ੍ਹਾਂ ਸੋਧ ਦਿੱਤਾ। ਮੁਰਾਦਾਬਾਦ ਦੇ ਨਗਰ ਕਾਸ਼ੀਪੁਰ ਵਿੱਚ ਰੁਹੇਲੇ ਹਿੰਦੂਆਂ ਉੱਪਰ ਬੜੇ ਜ਼ੁਲਮ ਕਰਦੇ ਸਨ। ਉਹਨਾਂ ਦੀ ਰੱਖਿਆ ਲਈ 8-10 ਸਿੱਖ ਪਰਿਵਾਰ ਉੱਥੇ ਹੀ ਟਿਕ ਗਏ, ਜਿਨ੍ਹਾਂ ਦੇ ਨਾਂ 'ਤੇ ਹੁਣ ਵੀ ਉੱਥੇ ਦੇ ਮੁਹੱਲੇ ਹਨ: ਮੁਹੱਲਾ ਸਿੰਘ, ਮੁਹੱਲਾ ਖ਼ਾਲਸਾ।

1780 ਦੇ ਆਸ-ਪਾਸ ਸ੍. ਜੱਸਾ ਸਿੰਘ ਰਾਮਗੜ੍ਹੀਆ ਨੇ ਬਘੇਲ ਸਿੰਘ ਅਤੇ ਗੁਰਦਿੱਤ ਸਿੰਘ ਨੂੰ ਪ੍ਰੇਰਨਾ ਕਰ ਕੇ ਆਪਣੇ ਨਾਲ ਮਿਲਾ ਲਿਆ। ਇਸ ਪਿੱਛੋਂ 30 ਹਜ਼ਾਰ ਦੀ ਨਫ਼ਰੀ ਕਰ ਕੇ ਮੀਰਾਂਪੁਰ ਅਤੇ ਮੇਰਠ ਨੂੰ ਵੀ ਸੋਧ ਦਿੱਤਾ। ਇੱਕ ਤਕੜੇ ਹਮਲੇ ਸਮੇਂ ਇਹਨਾਂ ਨੇ ਇਸ ਪਾਸੇ ਦੇ ਸਾਰੇ ਇਲਾਕਿਆਂ ਦੇ ਮਾਲਕ ਜ਼ਬੀਤਾ ਖ਼ਾਂ ਨੂੰ ਆਪਣੇ ਘੇਰੇ ਵਿੱਚ ਲੈ ਲਿਆ। ਜ਼ਬੀਤਾ ਖ਼ਾਂ ਨੇ ਦਸ ਹਜ਼ਾਰ ਰੁਪਿਆ ਕਰ ਵਜੋਂ ਦੇ ਕੇ ਆਪਣੀ ਜਾਨ-ਬਖ਼ਸ਼ੀ ਕਰਵਾਈ ਅਤੇ ਅੱਗੇ ਵਾਸਤੇ ਇਹ ਇਕਰਾਰ ਕੀਤਾ ਕਿ ਉਹ ਹਰ ਸਾਲ ਨਿਯਤ ਕੀਤਾ ਹੋਇਆ ਕਰ ਦੇਂਦਾ ਰਹੇਗਾ।

ਇਸ ਤੋਂ ਬਾਅਦ ਚੰਦੋਸੀ ਉੱਪਰ ਵੀ ਹਮਲਾ ਕੀਤਾ ਗਿਆ। ਇੱਥੋਂ ਦੀ ਸੋਧ, ਸੁਧਾਈ ਕਰਨ ਪਿੱਛੋਂ ਸ੍. ਜੱਸਾ ਸਿੰਘ ਦੇ ਹੱਥ ਕਈ ਲੱਖ ਰੁਪਿਆ ਲੱਗਿਆ। ਮਜ਼ਬੂਤ ਫ਼ੌਜੀ ਸ਼ਕਤੀ ਦੇ ਨਾਲ ਨਾਲ ਹੁਣ ਸ੍. ਜੱਸਾ ਸਿੰਘ ਪਾਸ ਧਨ ਦੀ ਵੀ ਕੋਈ ਕਮੀ ਨਹੀਂ ਰਹਿ ਗਈ ਸੀ। ਸਾਂਬਲ, ਖੁਜਰਾ ਅਤੇ ਦਾਰਾ ਨਗਰ ਆਦਿਕ ਇਲਾਕਿਆਂ ਵਿੱਚ ਵੀ ਜ਼ਾਲਮ ਲੋਕਾਂ ਨੂੰ ਸੋਧ ਕੇ ਨਜ਼ਰਾਨੇ ਪ੍ਰਾਪਤ ਕੀਤੇ।

ਸਿੱਖ ਸਰਦਾਰਾਂ ਨੇ ਇੱਕ-ਦੂਜੇ ਨੂੰ ਸੁਨੇਹੇ ਭੇਜੇ ਕਿ ਦਿੱਲੀ ਹਮੇਸ਼ਾ ਹੀ ਸਿੱਖਾਂ ਦੀ ਦੁਸ਼ਮਣ ਰਹੀ ਹੈ। ਇੱਥੋਂ ਹੀ ਵਿਦੇਸ਼ੀ ਹਮਲਾਵਰਾਂ ਨੂੰ ਭਾਰਤ ਉਪਰ ਹਮਲਾ ਕਰਨ

ਲਈ ਸੱਦੇ ਦਿੱਤੇ ਜਾਂਦੇ ਰਹੇ ਹਨ। ਇਸ ਲਈ ਕਿਉਂ ਨਾ ਹੋਵੇ ਆਪਸੀ ਗ਼ੁੱਸੇ-ਗਿਲੇ ਇੱਕ ਪਾਸੇ ਰੱਖ ਕੇ ਸਾਂਝੇ ਰੂਪ ਵਿੱਚ ਦਿੱਲੀ ਉੱਪਰ ਹਮਲਾ ਕਰ ਦਿੱਤਾ ਜਾਵੇ। ਇਸ ਗੱਲ 'ਤੇ ਸਾਰਿਆਂ ਨੇ ਸਹਿਮਤੀ ਪ੍ਰਗਟ ਕਰ ਕੇ ਤਿਆਰੀ ਅਰੰਭ ਕਰ ਦਿੱਤੀ ਅਤੇ ਵੱਖ-ਵੱਖ ਦਿਸ਼ਾਵਾਂ ਵੱਲੋਂ ਸਿੱਖ ਫ਼ੌਜਾਂ ਨੇ ਦਿੱਲੀ ਵੱਲ ਅੱਗੇ ਵਧਣਾ ਸ਼ੁਰੂ ਕਰ ਦਿੱਤਾ।

ਭਰਤਪੁਰ 'ਤੇ ਚੜ੍ਹਾਈ ਕਰ ਕੇ ਸ੍. ਜੱਸਾ ਸਿੰਘ ਰਾਮਗੜ੍ਹੀਆ ਵੀ ਮਾਰਚ, 1783 ਈ. ਨੂੰ ਦਿੱਲੀ ਵੱਲ ਨੂੰ ਅੱਗੇ ਵਧਣ ਲੱਗਾ। ਛੇਤੀ ਹੀ ਇਸ ਨੇ ਮੁਗ਼ਲਪੁਰਾ ਵਿੱਚ ਪਹੁੰਚ ਕੇ ਭਾਰੀ ਤਬਾਹੀ ਮਚਾਈ। ਬਾਕੀ ਸਿੱਖ ਸਰਦਾਰ ਵੀ ਵੱਖ-ਵੱਖ ਪਾਸਿਆਂ ਤੋਂ ਦਿੱਲੀ ਵਿੱਚ ਦਾਖ਼ਲ ਹੋ ਗਏ। ਇੱਥੋਂ ਦਾ ਬਾਦਸ਼ਾਹ ਸ਼ਾਹ ਆਲਮ ਦੂਜਾ ਸਿੱਖਾਂ ਦੇ ਵੱਡੇ ਮੁਕਾਬਲੇ ਲਈ ਤਿਆਰ ਨਹੀਂ ਸੀ। ਸਿੰਘਾਂ ਨੇ ਬੜੀ ਤੇਜ਼ੀ ਨਾਲ ਮਹੱਤਵਪੂਰਨ ਥਾਵਾਂ 'ਤੇ ਆਪਣੇ ਕਬਜ਼ੇ ਕਰ ਕੇ ਸਿੱਖ ਫ਼ੌਜ ਦੇ ਹਵਾਲੇ ਕਰ ਦਿੱਤੇ। ਸਿੱਖ ਸਰਦਾਰ ਆਪਣੇ ਤੇਜ਼ ਤੇ ਬਹਾਦਰ ਸਿਪਾਹੀਆਂ ਨੂੰ ਨਾਲ ਲੈ ਕੇ ਲਾਲ ਕਿਲ੍ਹੇ ਵਿੱਚ ਦਾਖ਼ਲ ਹੋ ਗਏ ਅਤੇ ਦਿੱਲੀ ਵਿੱਚ ਸਾਰੇ ਪਾਸੇ ਸਿੰਘਾਂ ਦਾ ਰਾਜ ਹੋ ਗਿਆ। ਇਸ ਸਮੇਂ ਆਹਲੂਵਾਲੀਆ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਿਨਾਂ ਸਰਬ-ਸੰਮਤੀ ਦੇ ਆਪਣੇ ਜਥੇ ਦੀ ਹੀ ਸਲਾਹ ਨਾਲ ਰਾਜ ਸਿੰਘਾਸਨ ਉੱਤੇ ਬਾਦਸ਼ਾਹ ਬਣ ਕੇ ਬੈਠ ਗਿਆ। ਉਸ ਦੇ ਸਾਥੀਆਂ ਨੇ ਕਾਹਲ਼ੀ ਨਾਲ ਉਸ ਨੂੰ ਸਿੱਖਾਂ ਦਾ ਪਾਤਸ਼ਾਹ ਹੋਣ ਦਾ ਐਲਾਨ ਵੀ ਕਰ ਦਿੱਤਾ।

ਇਸ ਘਟਨਾ ਦਾ ਪਤਾ ਜਦੋਂ ਸ੍. ਜੱਸਾ ਸਿੰਘ ਰਾਮਗੜ੍ਹੀਆ ਨੂੰ ਲੱਗਿਆ, ਤਾਂ ਉਹ ਬੜੇ ਰੋਹ ਵਿੱਚ ਆ ਗਿਆ ਅਤੇ ਆਹਲੂਵਾਲੀਏ ਸਰਦਾਰ ਕੋਲ ਜਾ ਕੇ ਉਸ ਨੂੰ ਮੁਖ਼ਾਤਬ ਕਰਦੇ ਹੋਏ ਕਹਿਣ ਲੱਗਾ ਕਿ ਤੂੰ ਛੇਤੀ ਨਾਲ ਤਖ਼ਤ ਤੋਂ ਹੇਠਾਂ ਉਤਰ ਜਾਹ। ਸਿੱਖਾਂ ਦਾ ਪਾਤਸ਼ਾਹ ਕੇਵਲ ਕਲਗੀਧਰ ਹੋ ਸਕਦਾ ਹੈ, ਹੋਰ ਕੋਈ ਨਹੀਂ ਹੋ ਸਕਦਾ। ਦਿੱਲੀ ਨੂੰ ਸਾਰੇ ਖ਼ਾਲਸਾ ਪੰਥ ਨੇ ਸਾਂਝੇ ਰੂਪ ਵਿੱਚ ਰਲ਼ ਕੇ ਫ਼ਤਿਹ ਕੀਤਾ ਹੈ, ਇਸ ਲਈ ਤਖ਼ਤ ਉੱਤੇ ਬੈਠਣ ਦੇ ਅਧਿਕਾਰੀ ਕੇਵਲ ਪੰਜ ਪਿਆਰੇ ਹੀ ਹੋ ਸਕਦੇ ਹਨ, ਕੋਈ ਇਕੱਲਾ ਵਿਅਕਤੀ ਜਾਂ ਜਥੇਦਾਰ ਨਹੀਂ।

ਇਸ ਪਿੱਛੋਂ ਦੋਹਾਂ ਧਿਰਾਂ ਵਿਚਕਾਰ ਬਹੁਤ ਤਨਾਉ ਪੈਦਾ ਹੋ ਗਿਆ। ਗੱਲ ਇੱਥੋਂ ਤਕ ਵਧ ਗਈ ਕਿ ਦੋਹਾਂ ਪਾਸਿਆਂ ਦੇ ਸਰਦਾਰਾਂ ਨੇ ਆਪਣੀਆਂ-ਆਪਣੀਆਂ ਤਲਵਾਰਾਂ ਦੇ ਮੁੱਠਿਆਂ ਨੂੰ ਹੱਥ ਪਾ ਲਏ। ਇਸ ਤੋਂ ਪਹਿਲਾਂ ਕਿ ਖ਼ੂਨ-ਖ਼ਰਾਬਾ ਹੁੰਦਾ, ਆਹਲੂਵਾਲੀਆ ਸਰਦਾਰ ਤਖ਼ਤ ਤੋਂ ਹੇਠਾਂ ਉੱਤਰ ਆਇਆ, ਕਿਉਂਕਿ ਉਹ ਰਾਮਗੜ੍ਹੀਏ ਸਰਦਾਰ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂ ਸੀ।

ਹੁਣ ਸਾਰਿਆਂ ਦੇ ਸਾਹਮਣੇ ਹੀ ਰਾਮਗੜ੍ਹੀਆ ਸਰਦਾਰ ਨੇ ਉਹ ਰੰਗ-ਬਰੰਗੀ ਸਿਲ ਸਿੰਘਾਸਨ ਤੋਂ ਉਖਾੜ ਕੇ ਆਪਣੇ ਕਬਜ਼ੇ ਵਿੱਚ ਕਰ ਲਈ, ਜਿਸ ਉੱਪਰ ਬੈਠ ਕੇ ਬਾਦਸ਼ਾਹ ਬਣਾਉਣ ਦੀ ਤਾਜਪੋਸ਼ੀ ਕੀਤੀ ਜਾਂਦੀ ਸੀ। ਇਹ ਸਿਲ, ਜਿਸ ਦਾ

ਸਾਈਜ਼ 6′ × 4′ × 3″ ਹੈ, ਅੱਜ ਵੀ ਸ੍ਰੀ ਅੰਮ੍ਰਿਤਸਰ ਵਿਖੇ ਰਾਮਗੜ੍ਹੀਆ ਬੁੰਗੇ ਵਿੱਚ ਪਈ ਹੋਈ ਇਸ ਘਟਨਾ ਦੀ ਯਾਦ ਕਰਵਾਉਂਦੀ ਹੈ।

ਫਿਰ ਸਰਬ-ਸੰਮਤੀ ਨਾਲ ਪੰਜ ਸਿੰਘ ਜੱਸਾ ਸਿੰਘ ਰਾਮਗੜ੍ਹੀਆ, ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ, ਸ੍. ਭਾਗ ਸਿੰਘ ਤੇ ਸ੍. ਗੁਰਦਿੱਤ ਸਿੰਘ ਰਾਜ ਸਿੰਘਾਸਨ 'ਤੇ ਬੈਠੇ ਅਤੇ ਦਿੱਲੀ ਵਾਲਿਆਂ ਤੋਂ ਨਜ਼ਰਾਨੇ ਪ੍ਰਵਾਨ ਕੀਤੇ।

ਮਾਰਚ, 1783 ਈ. ਵਿੱਚ ਸਿੰਘਾਂ ਦੇ ਜਥਿਆਂ ਨੇ ਦਿੱਲੀ ਨੂੰ ਫ਼ਤਿਹ ਤਾਂ ਕਰ ਲਿਆ, ਪਰ ਇੰਜ ਲਗਦਾ ਹੈ ਕਿ ਆਪਸੀ ਬੇਇਤਫ਼ਾਕੀ ਪੈ ਜਾਣ ਕਰ ਕੇ ਪੱਕੇ ਰੂਪ ਵਿੱਚ ਇੱਥੇ ਕਬਜ਼ਾ ਨਾ ਕਰ ਸਕੇ। ਕੇਵਲ ਸ੍. ਬਘੇਲ ਸਿੰਘ ਨੂੰ ਜਥੇ ਸਮੇਤ ਇੱਥੇ ਕੁਝ ਸਮੇਂ ਲਈ ਛੱਡ ਗਏ ਕਿ ਉਹ ਘੋਖ ਪੜਤਾਲ ਕਰ ਕੇ ਗੁਰੂਆਂ ਨਾਲ ਸੰਬੰਧਿਤ ਇਤਿਹਾਸਕ ਸਥਾਨਾਂ ਦੀ ਭਾਲ ਕਰ ਕੇ ਯਾਦਗਾਰਾਂ ਬਣਵਾਏ। ਸ੍. ਬਘੇਲ ਸਿੰਘ ਨੇ ਬੜੀ ਮਿਹਨਤ ਕਰ ਕੇ ਕੁਝ ਇਤਿਹਾਸਕ ਸਥਾਨ ਲੱਭ ਕੇ ਯਾਦਗਾਰਾਂ ਸਥਾਪਿਤ ਕਰ ਦਿੱਤੀਆਂ। ਸਿੰਘਾਂ ਦੇ ਬਾਕੀ ਸਾਰੇ ਜਥੇ ਕੇਵਲ ਹੱਥ ਆਇਆ ਮਾਲ-ਮੱਤਾ ਲੈ ਕੇ ਹੀ ਵਾਪਸ ਪੰਜਾਬ ਨੂੰ ਆਪੋ-ਆਪਣੇ ਇਲਾਕਿਆਂ ਵਲ ਰਵਾਨਾ ਹੋ ਗਏ।

ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਸਿੱਖਾਂ ਦੀ ਇਸ ਸਫ਼ਲਤਾ ਦਾ ਭਵਿੱਖ ਵਿੱਚ ਕੋਈ ਰਾਜਸੀ ਲਾਭ ਨਾ ਉਠਾਇਆ ਜਾ ਸਕਿਆ। ਵੈਸੇ ਦਿਲ ਨੂੰ ਤਸੱਲੀ ਦੇਣ ਲਈ ਕਈ ਲਿਖਾਰੀਆਂ ਵੱਲੋਂ ਸਿੱਖਾਂ ਦੇ ਤਿਆਗ ਸੰਬੰਧੀ ਕਈ ਜਜ਼ਬਾਤੀ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਯਥਾਰਥ ਨਾਲ ਦੂਰ ਦਾ ਵੀ ਸੰਬੰਧ ਨਹੀਂ। ਜਿਹੜੇ ਸਿੱਖ ਗਹਿਣਿਆਂ ਦੀ ਇੱਕ ਸੰਦੂਕੜੀ ਪਿੱਛੇ ਆਪਣੇ ਭਰਾਵਾਂ ਦੇ ਦੁਸ਼ਮਣ ਬਣੇ, ਸ਼ਹੀਦ ਹੋਏ ਸਿੰਘਾਂ ਦੀਆਂ ਧੀਆਂ ਅਤੇ ਵਿਧਵਾ ਸਿੰਘਣੀਆਂ ਨਾਲ ਜਾਗੀਰਾਂ ਦੇ ਲਾਲਚ ਵਿੱਚ ਵਿਆਹ ਕਰਵਾਏ, ਸਮੁੱਚੇ ਖ਼ਾਲਸਾ ਪੰਥ ਨੂੰ ਇੱਕ ਰੱਖਣ ਦੀ ਜ਼ਿੰਮੇਵਾਰੀ ਹੋਣ ਦੇ ਬਾਵਜੂਦ ਧੜੇਬੰਦੀ ਵਿੱਚ ਪੈ ਗਏ, ਪਹਾੜੀ ਰਾਜਿਆਂ ਨੂੰ ਬਗ਼ਾਵਤ ਕਰਨ ਲਈ ਇਸ ਲਈ ਉਕਸਾਇਆ ਗਿਆ ਕਿ ਉਹ ਦੂਜੇ ਸਿੱਖ ਸਰਦਾਰ ਦੇ ਅਧੀਨ ਕਿਉਂ ਨਹੀਂ, ਐਸੇ ਸਿੱਖਾਂ ਵੱਲੋਂ ਦੂਜਿਆਂ ਦੇ ਸਾਹਮਣੇ ਕੋਈ ਤਿਆਗ ਦਿਖਾਉਣਾ ਸਿਵਾਏ ਢੌਂਗ ਦੇ ਹੋਰ ਕੁਝ ਨਹੀਂ ਸਮਝਿਆ ਜਾ ਸਕਦਾ। ਜੇਕਰ ਸੱਚਮੁਚ ਹੀ ਉਸ ਸਮੇਂ, ਜਿਵੇਂ ਕਿਸੇ ਸਮੇਂ ਹੋਇਆ ਕਰਦਾ ਸੀ, ਸਿੱਖ ਸਰਦਾਰਾਂ ਵਿੱਚ ਤਿਆਗ ਦੀ ਭਾਵਨਾ ਹੁੰਦੀ, ਤਾਂ ਸਾਰੀਆਂ ਮਿਸਲਾਂ ਆਪਸ ਵਿੱਚ ਪਿਆਰ ਨਾਲ ਰਹਿੰਦੀਆਂ ਅਤੇ ਦਲ ਖ਼ਾਲਸਾ ਜਥੇਬੰਦੀ ਦਾ ਸਾਰੇ ਜਥਿਆਂ ਉੱਪਰ ਪੂਰਾ-ਪੂਰਾ ਨਿਯੰਤਰਣ ਰਹਿੰਦਾ, ਜਿਸ ਨਾਲ ਖ਼ਾਲਸਾ ਪੰਥ ਚੜ੍ਹਦੀ ਕਲਾ ਵਿੱਚ ਆ ਜਾਂਦਾ, ਪਰ ਅਫ਼ਸੋਸ ਇਹ ਹੈ ਕਿ ਹੁਣ ਤਕ ਵੀ ਉਸੇ ਤਰ੍ਹਾਂ ਦਾ ਵਾਤਾਵਰਣ ਬਣਿਆ ਹੋਇਆ ਹੈ, ਹੁਣ ਵੀ ਸਿੱਖ ਜਥੇ ਬਣਾ ਕੇ ਇੱਕ-ਦੂਜੇ ਨਾਲ ਲੜ ਰਹੇ ਹਨ।

ਸ੍. ਜੱਸਾ ਸਿੰਘ ਰਾਮਗੜ੍ਹੀਆ ਦਿੱਲੀ ਤੋਂ ਵਾਪਸ ਆਪਣੀ ਜਾਗੀਰ ਹਿਸਾਰ

ਪਹੁੰਚਿਆ ਅਤੇ ਅਜੇ ਇਹ ਆਪਣੀ ਮਾਲੀ ਅਤੇ ਫ਼ੌਜੀ ਸ਼ਕਤੀ ਨੂੰ ਜਾਂਚ-ਪਰਖ ਰਿਹਾ ਸੀ ਕਿ ਅਕਤੂਬਰ, 1783 ਈ. ਵਿੱਚ ਇਸ ਨੂੰ ਇਹ ਖ਼ਬਰ ਮਿਲੀ ਕਿ ਆਹਲੂਵਾਲੀਆ ਸਰਦਾਰ ਜੱਸਾ ਸਿੰਘ ਅੰਮ੍ਰਿਤਸਰ ਨੂੰ ਜਾਂਦਾ ਹੋਇਆ ਅਕਾਲ ਚਲਾਣਾ ਕਰ ਗਿਆ ਹੈ। ਸ੍. ਜੱਸਾ ਸਿੰਘ ਰਾਮਗੜ੍ਹੀਏ ਨੇ ਫ਼ੈਸਲਾ ਕੀਤਾ ਕਿ ਜਿਹੜੇ ਇਲਾਕੇ ਇਸ ਦੇ ਆਹਲੂਵਾਲੀਏ ਸਰਦਾਰ ਨੇ ਖੋਹ ਲਏ ਸਨ, ਇੱਕ ਵਾਰ ਮੁੜ ਸਤਲੁਜ ਪਾਰ ਕਰ ਕੇ ਆਪਣੇ ਇਲਾਕਿਆਂ 'ਤੇ ਕਬਜ਼ਾ ਕੀਤਾ ਜਾਵੇ। ਆਪਣੇ ਸਾਥੀਆਂ ਦੀ ਸਲਾਹ ਨਾਲ ਜੱਸਾ ਸਿੰਘ ਰਾਮਗੜ੍ਹੀਆ ਨਵੇਂ ਜੋਸ਼ ਤੇ ਉਤਸ਼ਾਹ ਨਾਲ ਮਾਰੋ-ਮਾਰ ਕਰਦਾ ਹੋਇਆ ਇੱਕ ਵਾਰ ਫਿਰ ਪੰਜਾਬ ਦੇ ਉਸ ਇਲਾਕੇ ਵੱਲ ਰਵਾਨਾ ਹੋਇਆ, ਜਿਹੜਾ ਕਦੇ ਉਸ ਦੇ ਆਪਣੇ ਕਬਜ਼ੇ ਹੇਠ ਹੁੰਦਾ ਸੀ।

ਸੰਨ 1783 ਈ. ਵਿੱਚ ਪੰਜਾਬ ਵਿੱਚ ਰਾਜਨੀਤਿਕ ਹਾਲਾਤ ਬੜੀ ਤੇਜ਼ੀ ਨਾਲ ਬਦਲ ਗਏ, ਜਿਸ ਦੇ ਫ਼ਲਸਰੂਪ ਸ੍. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਪਹਿਲੇ ਇਲਾਕਿਆਂ ਉੱਪਰ ਮੁੜ ਕਾਬਜ਼ ਹੋ ਗਿਆ। ਸਮੇਂ-ਸਮੇਂ ਦੀਆਂ ਗੱਲਾਂ ਹਨ। ਸਮੇਂ ਨੇ ਕਰਵਟ ਲਈ। ਸ੍. ਜੱਸਾ ਸਿੰਘ ਰਾਮਗੜ੍ਹੀਆ ਫੇਰ ਉਸੇ ਹਾਲਤ ਵਿੱਚ ਆ ਗਿਆ।

ਜੈ ਸਿੰਘ ਕਨ੍ਹਈਆ ਨੇ ਨੌਜਵਾਨ ਮਹਾਂ ਸਿੰਘ ਸ਼ੁਕਰਚੱਗੀਆ ਨੂੰ ਸੁਨੇਹਾ ਭੇਜਿਆ ਕਿ ਇੱਕ ਪਾਸੇ ਤੋਂ ਮੈਂ ਜੰਮੂ ਉੱਤੇ ਹਮਲਾ ਕਰਦਾ ਹਾਂ ਅਤੇ ਦੂਜੇ ਪਾਸੇ ਤੋਂ ਤੁਸੀਂ ਕਰੋ। ਹੋਇਆ ਇਸ ਤਰ੍ਹਾਂ ਕਿ ਮਹਾਂ ਸਿੰਘ ਸ਼ੁਕਰਚੱਕੀਆ ਆਪਣੀਆਂ ਫ਼ੌਜਾਂ ਸਮੇਤ ਜੰਮੂ ਸ਼ਹਿਰ ਕੋਲ ਪਹੁੰਚ ਗਿਆ, ਪਰ ਜੈ ਸਿੰਘ ਕਨ੍ਹਈਆ ਦੀ ਆਪਣੀ ਫ਼ੌਜ ਸਮੇਤ ਇੱਧਰ ਆਉਣ ਦੀ ਕੋਈ ਖ਼ਬਰ ਨਾ ਆਈ। ਸ੍. ਮਹਾਂ ਸਿੰਘ ਨੇ ਆਪਣੀ ਸੁਰੱਖਿਆ ਨੂੰ ਸਾਹਮਣੇ ਰੱਖਦੇ ਹੋਏ ਇੱਥੇ ਜੈ ਸਿੰਘ ਦੀ ਉਡੀਕ ਕਰਨੀ ਠੀਕ ਨਾ ਸਮਝੀ ਅਤੇ ਇਕੱਲਿਆਂ ਹੀ ਜੰਮੂ ਉੱਪਰ ਹਮਲਾ ਕਰ ਦਿੱਤਾ। ਇਹ ਹਮਲਾ ਅਚਨਚੇਤ ਏਨੇ ਜ਼ੋਰ ਨਾਲ ਕੀਤਾ ਗਿਆ ਕਿ ਜੰਮੂ ਦਾ ਰਾਜਾ ਇਸ ਦਾ ਮੁਕਾਬਲਾ ਨਾ ਕਰ ਸਕਿਆ।

ਆਖ਼ਰਕਾਰ ਮਹਾਂ ਸਿੰਘ ਨੇ ਜੰਮੂ ਉੱਪਰ ਆਪਣਾ ਕੰਟਰੋਲ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਲੁੱਟਿਆ। ਇੱਥੋਂ ਇਸ ਨੂੰ ਬਹੁਤ ਸਾਰਾ ਧਨ-ਮਾਲ ਪ੍ਰਾਪਤ ਹੋਇਆ। ਇਸ ਤਰ੍ਹਾਂ ਸ੍. ਮਹਾਂ ਸਿੰਘ ਨੇ ਆਪਣੀ ਬਹਾਦਰੀ ਅਤੇ ਦਲੇਰੀ ਦਾ ਸਿੱਕਾ ਜੰਮੂ ਨਿਵਾਸੀਆਂ ਉੱਪਰ ਚੰਗੀ ਤਰ੍ਹਾਂ ਬਿਠਾ ਦਿੱਤਾ।

ਸ੍. ਮਹਾਂ ਸਿੰਘ ਦੀ ਇਸ ਬਹਾਦਰੀ ਦਾ ਪਤਾ ਜਦੋਂ ਜੈ ਸਿੰਘ ਨੂੰ ਲੱਗਿਆ, ਤਾਂ ਉਸ ਨੇ ਇਸ ਗੱਲ 'ਤੇ ਬਹੁਤ ਦੁੱਖ ਲੱਗਿਆ ਕਿ ਜੰਮੂ ਤੋਂ ਬਹੁਤ ਸਾਰਾ ਧਨ-ਮਾਲ ਮਹਾਂ ਸਿੰਘ ਹੀ ਲੁੱਟ ਕੇ ਲੈ ਗਿਆ ਹੈ। ਉਸ ਨੇ ਹਮਲਾ ਕਰਨ ਲਈ ਮੋਰੀ ਉਡੀਕ ਕਿਉਂ ਨਹੀਂ ਕੀਤੀ।

ਸੰਨ 1784 ਈ. ਨੂੰ ਦੀਵਾਲੀ ਦੇ ਸਾਲਾਨਾ ਮੇਲੇ ਤੇ ਜਦੋਂ ਸਿੱਖਾਂ ਦੇ ਜਥੇ ਸ੍ਰੀ ਅੰਮ੍ਰਿਤਸਰ ਪਹੁੰਚੇ, ਤਾਂ ਇੱਥੇ ਕਨ੍ਹਈਆ ਅਤੇ ਸ਼ੁਕਰਚੱਕੀਆ ਸਰਦਾਰ ਵੀ ਆਏ

ਹੋਏ ਸਨ। ਸ੍. ਜੈ ਸਿੰਘ ਕਨ੍ਹਈਆ ਨੇ ਮਹਾਂ ਸਿੰਘ ਨੂੰ ਸਾਰਿਆਂ ਦੇ ਸਾਹਮਣੇ ਬਹੁਤ ਹੀ ਬੁਰਾ-ਭਲਾ ਕਿਹਾ ਅਤੇ ਭਾਰੀ ਨਿਰਾਦਰ ਕੀਤਾ। ਉਸ ਨੇ ਮੰਗ ਕੀਤੀ ਕਿ ਜੰਮੂ ਦੀ ਲੁੱਟ ਵਿੱਚੋਂ ਅੱਧਾ ਹਿੱਸਾ ਉਸ ਨੂੰ ਦਿੱਤਾ ਜਾਵੇ, ਕਿਉਂਕਿ ਹਮਲੇ ਦੀ ਸਲਾਹ ਤਾਂ ਉਸ ਨੇ ਹੀ ਦਿੱਤੀ ਸੀ। ਸ੍. ਮਹਾਂ ਸਿੰਘ ਨੇ ਉਸ ਨੂੰ ਕੋਰਾ ਜਵਾਬ ਦਿੰਦੇ ਹੋਏ ਕਿਹਾ ਕਿ ਅੱਧ ਮੰਗਣ ਦਾ ਤੁਹਾਡਾ ਕੋਈ ਹੱਕ ਨਹੀਂ ਹੈ, ਕਿਉਂਕਿ ਜੰਗ ਵਿੱਚ ਤੁਸੀਂ ਕੋਈ ਹਿੱਸਾ ਨਹੀਂ ਸੀ ਲਿਆ। ਇਹੀ ਜੈ ਸਿੰਘ ਕਨ੍ਹਈਆ ਕਸੂਰ ਦੀ ਜਿੱਤ ਪਿੱਛੋਂ ਗਹਿਣਿਆਂ ਦੀ ਵੰਡ ਪਿੱਛੇ ਰਾਮਗੜ੍ਹੀਆਂ ਦਾ ਦੁਸ਼ਮਣ ਬਣ ਗਿਆ ਸੀ। ਜੈ ਸਿੰਘ ਕਨ੍ਹਈਆ ਨੇ 1744 ਈ. ਵਿੱਚ ਕਾਂਗੜੇ ਦਾ ਕਿਲ੍ਹਾ ਰਾਮਗੜ੍ਹੀਆਂ ਤੋਂ ਖੋਹਣ ਲਈ ਪਹਿਲਾਂ ਸੰਸਾਰ ਚੰਦ ਦੀ ਫ਼ੌਜੀ ਮਦਦ ਕੀਤੀ ਪਰ ਜਦੋਂ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਤਾਂ ਇਸ ਨੇ ਸੰਸਾਰ ਚੰਦ ਨਾਲ ਧੋਖਾ ਕਰ ਕੇ ਉਸ ਨੂੰ ਬਾਹਰ ਕੱਢ ਦਿੱਤਾ। ਜੈ ਸਿੰਘ ਕਨ੍ਹਈਆ ਨੇ ਪਠਾਨਕੋਟ ਉੱਪਰ ਆਪਣਾ ਕਬਜ਼ਾ ਪੱਕਾ ਕਰਨ ਲਈ ਸ਼ੁਕਰਚੱਕੀਆ ਅਤੇ ਆਹਲੂਵਾਲੀਆ ਸਰਦਾਰਾਂ ਨੂੰ ਆਪਣੇ ਮਤਲਬ ਲਈ ਖ਼ੂਬ ਵਰਤਿਆ ਸੀ, ਪਰ ਹੁਣ ਇਹ ਸ਼ੁਕਰਚੱਕੀਆ ਸਰਦਾਰ ਦਾ ਦੁਸ਼ਮਣ ਇਸ ਲਈ ਬਣ ਗਿਆ ਸੀ ਕਿ ਜੰਮੂ ਦੀ ਲੁੱਟ ਦੇ ਮਾਲ ਵਿੱਚੋਂ ਉਸ ਨੂੰ ਅੱਧ ਕਿਉਂ ਨਹੀਂ ਦਿੱਤਾ ਗਿਆ, ਬੇਸ਼ੱਕ ਉਹ ਲੜਾਈ ਵਿੱਚ ਵੀ ਨਹੀਂ ਸੀ ਪਹੁੰਚਿਆ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜੈ ਸਿੰਘ ਕਨ੍ਹਈਆ ਨੂੰ ਦਲ ਖ਼ਾਲਸਾ ਨਾਲੋਂ ਧਨ-ਦੌਲਤ ਨਾਲ ਜ਼ਿਆਦਾ ਪਿਆਰ ਸੀ। ਉਹ ਜਿਸ ਵੀ ਸਰਦਾਰ ਨਾਲ ਮਿੱਤਰਤਾ ਕਾਇਮ ਕਰਦਾ, ਪੈਸੇ ਪਿੱਛੇ ਉਸੇ ਦਾ ਹੀ ਪਿੱਛੋਂ ਦੁਸ਼ਮਣ ਬਣ ਜਾਂਦਾ ਰਿਹਾ।

ਦੀਵਾਲ਼ੀ ਤੋਂ ਪਿੱਛੋਂ ਜਦੋਂ ਸ੍. ਮਹਾਂ ਸਿੰਘ ਮਜੀਠੇ ਵੱਲ ਜਾ ਰਿਹਾ ਸੀ, ਤਾਂ ਜੈ ਸਿੰਘ ਕਨ੍ਹਈਏ ਨੇ ਉਸ ਉੱਪਰ ਬੜਾ ਜ਼ੋਰਦਾਰ ਹਮਲਾ ਕਰ ਦਿੱਤਾ। ਮਹਾਂ ਸਿੰਘ ਨੇ ਵੀ ਤਕੜੇ ਹੱਥ ਦਿਖਾਏ ਪਰ ਅੰਤ ਵਿੱਚ ਹਾਰ ਖਾ ਗਿਆ। ਸ੍. ਮਹਾਂ ਸਿੰਘ ਸ਼ੁਕਰਚੱਕੀਏ ਨੇ ਮਨ ਹੀ ਮਨ ਵਿੱਚ ਧਾਰ ਲਿਆ ਕਿ ਉਹ ਜੈ ਸਿੰਘ ਕਨ੍ਹਈਏ ਨੂੰ ਇਸ ਬਦਸਲੂਕੀ ਦਾ ਜ਼ਰੂਰ ਸਬਕ ਸਿਖਾਊਗਾ, ਭਾਵੇਂ ਇਸ ਦੇ ਕੁਝ ਵੀ ਨਤੀਜੇ ਨਿਕਲਣ।

ਸ੍. ਮਹਾਂ ਸਿੰਘ ਸ਼ੁਕਰਚੱਕੀਆ ਨੇ ਕੁਝ ਅਮਨ-ਅਮਾਨ ਹੋ ਜਾਣ ਪਿੱਛੋਂ ਬੜੀ ਸਿਆਣਪ ਅਤੇ ਹੁਸ਼ਿਆਰੀ ਨਾਲ ਕਾਂਗੜੇ ਦੇ ਰਾਜਾ ਸੰਸਾਰ ਚੰਦ ਨੂੰ ਸੁਨੇਹਾ ਭੇਜ ਕੇ ਯਾਦ ਕਰਵਾਇਆ ਕਿ ਜੈ ਸਿੰਘ ਕਨ੍ਹਈਆ ਨੇ ਤੈਨੂੰ ਕਾਂਗੜੇ ਦੇ ਕਿਲ੍ਹੇ ਵਿੱਚੋਂ ਧੋਖੇ ਨਾਲ ਬਾਹਰ ਕੱਢ ਦਿੱਤਾ ਸੀ। ਜੇਕਰ ਹੁਣ ਤੂੰ ਆਪਣਾ ਕਿਲ੍ਹਾ ਉਸ ਕੋਲੋਂ ਵਾਪਸ ਖੋਹਣਾ ਚਾਹੇਂ, ਤਾਂ ਬਿਨਾਂ ਸ਼ਰਤ ਪੂਰੀ-ਪੂਰੀ ਫ਼ੌਜੀ ਮਦਦ ਕਰਨ ਨੂੰ ਤਿਆਰ ਹਾਂ। ਕਨ੍ਹਈਆ ਨੇ ਮੇਰੇ ਨਾਲ ਬਹੁਤ ਬੁਰਾ ਵਿਵਹਾਰ ਕੀਤਾ ਹੈ, ਜਿਸ ਕਰ ਕੇ ਮੈਂ ਉਸ ਕੋਲੋਂ ਹਰ ਹਾਲਤ ਵਿੱਚ ਬਦਲਾ ਲੈਣਾ ਚਾਹੁੰਦਾ ਹਾਂ।

ਇਸ ਦੇ ਨਾਲ ਹੀ ਸ੍. ਮਹਾਂ ਸਿੰਘ ਨੇ ਆਪਣੇ ਇੱਕ ਦੂਤ ਰਾਹੀਂ ਸ੍. ਜੱਸਾ ਸਿੰਘ ਰਾਮਗੜ੍ਹੀਏ ਨੂੰ ਰਾਏਕੋਟ ਸੁਨੇਹਾ ਭੇਜ ਕੇ ਬੇਨਤੀ ਕੀਤੀ ਕਿ ਕਨ੍ਹਈਆ

ਉੱਪਰ ਹਮਲਾ ਕਰਨ ਲਈ ਮੈਂ ਪੂਰੀ-ਪੂਰੀ ਤਿਆਰੀ ਕੀਤੀ ਹੋਈ ਹੈ। ਇਸ ਸਮੇਂ ਜੇਕਰ ਤੁਸੀਂ ਇੱਧਰ ਆ ਕੇ ਮੇਰਾ ਸਾਥ ਦੇਵੋ, ਤਾਂ ਜਿਹੜੇ-ਜਿਹੜੇ ਤੁਹਾਡੇ ਇਲਾਕਿਆਂ ਉੱਪਰ ਕਨ੍ਹਈਆ ਸਰਦਾਰ ਨੇ ਕਬਜ਼ਾ ਕੀਤਾ ਹੋਇਆ ਹੈ, ਉਹ ਮੁੜ ਤੁਹਾਡੇ ਕਬਜ਼ੇ ਹੇਠ ਆ ਜਾਣਗੇ।

ਸ੍. ਜੱਸਾ ਸਿੰਘ ਰਾਮਗੜ੍ਹੀਆ ਭਾਵੇਂ ਪਹਿਲਾਂ ਹੀ ਇੱਧਰ ਆਉਣ ਦਾ ਮਨ ਬਣਾ ਚੁੱਕਾ ਸੀ, ਪਰ ਸਰਦਾਰ ਮਹਾਂ ਸਿੰਘ ਦਾ ਇਹ ਸੁਨੇਹਾ ਮਿਲਣ ਪਿੱਛੋਂ ਉਸ ਨੇ ਕੋਈ ਕਾਹਲ਼ੀ ਕਰਨੀ ਠੀਕ ਨਹੀਂ ਸਮਝੀ, ਸਗੋਂ ਸਾਰੇ ਹਾਲਾਤ ਨੂੰ ਬੜੀ ਗੰਭੀਰਤਾ ਨਾਲ ਪੜਚੋਲਣ ਲੱਗ ਪਿਆ ਜਿਸ ਕਰ ਕੇ ਕੁਝ ਸਮੇਂ ਲਈ ਉਸ ਨੇ ਆਪਣੀਆਂ ਸਾਰੀਆਂ ਸਰਗਰਮੀਆਂ ਜਾਣ-ਬੁੱਝ ਕੇ ਅੱਗੇ ਪਾ ਦਿੱਤੀਆਂ।

ਆਪਣੇ ਕਰੀਬੀ ਸਾਥੀਆਂ ਨਾਲ ਸਲਾਹ ਕਰ ਕੇ ਉਸ ਨੇ ਮਹਾਂ ਸਿੰਘ ਨੂੰ ਮੋੜਵਾਂ ਸੁਨੇਹਾ ਭੇਜਿਆ ਕਿ ਸਾਰਾ ਇਕਰਾਰ ਲਿਖਤੀ ਰੂਪ ਵਿੱਚ ਭੇਜਿਆ ਜਾਵੇ, ਜਿਸ ਨਾਲ ਸਾਨੂੰ ਯਕੀਨ ਹੋ ਜਾਵੇ ਕਿ ਸਾਡੇ ਨਾਲ ਕੋਈ ਧੋਖਾ ਨਹੀਂ ਹੋਵੇਗਾ। ਜ਼ੁਬਾਨੀ ਗੱਲਾਂ 'ਤੇ ਹੁਣ ਭਰੋਸਾ ਕਰਨ ਦਾ ਸਮਾਂ ਨਹੀਂ ਰਿਹਾ। ਅਸੀਂ ਪਹਿਲਾਂ ਹੀ ਕਈ ਧੋਖੇ ਖਾ ਚੁੱਕੇ ਹਾਂ।

ਸ੍. ਜੱਸਾ ਸਿੰਘ ਦਾ ਇਹ ਸੁਨੇਹਾ ਮਿਲਣ ਪਿੱਛੋਂ ਸ਼ੁਕਰਚੱਕੀਆ ਨੇ ਬਹੁਤ ਹੀ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਇੱਕ ਇਕਰਾਰਨਾਮਾ ਤਿਆਰ ਕਰਵਾਇਆ ਤੇ ਉਸ ਉੱਪਰ ਸੰਸਾਰ ਚੰਦ ਦੇ ਵੀ ਦਸਤਖ਼ਤ ਕਰਵਾਏ ਤੇ ਸ੍. ਜੱਸਾ ਸਿੰਘ ਨੂੰ ਭੇਜ ਦਿੱਤਾ। ਇਹ ਦਸਤਾਵੇਜ਼ ਸ੍. ਜੱਸਾ ਸਿੰਘ ਨੇ ਬੜੀ ਗੰਭੀਰਤਾ ਨਾਲ ਘੋਖਿਆ ਅਤੇ ਚੰਗੀ ਤਰ੍ਹਾਂ ਤਸੱਲੀ ਕਰ ਲੈਣ ਪਿੱਛੋਂ ਉਸ ਨੇ ਵੀ ਦਸਤਖ਼ਤ ਕਰ ਦਿੱਤੇ।

ਜਦੋਂ ਸ੍. ਜੈ ਸਿੰਘ ਕਨ੍ਹਈਆ ਨੇ ਇਹ ਗੱਠਜੋੜ ਸੁਣਿਆ, ਤਾਂ ਉਸ ਨੇ ਵੀ ਹੱਥ-ਪੈਰ ਹਿਲਾਉਣੇ ਸ਼ੁਰੂ ਕਰ ਦਿੱਤੇ ਅਤੇ ਭਾਗ ਸਿੰਘ ਆਹਲੂਵਾਲੀਏ ਨੂੰ ਆਪਣੇ ਨਾਲ ਮਿਲਾ ਲਿਆ ਤੇ ਮੁਕਾਬਲੇ ਲਈ ਤਿਆਰੀ ਅਰੰਭ ਕੀਤੀ।

ਅਸੀਂ ਸਮੇਂ ਦੀ ਗੱਲ ਪਿੱਛੇ ਵੀ ਕਰ ਆਏ ਹਾਂ। ਸਮੇਂ ਨੇ ਕਰਵਟ ਲਈ ਤਾਂ ਸ੍. ਜੱਸਾ ਸਿੰਘ ਰਾਮਗੜ੍ਹੀਏ ਦੀਆਂ ਦੁਸ਼ਮਣ ਮਿਸਲਾਂ, ਜਿਨ੍ਹਾਂ ਨੇ ਇਸ ਨੂੰ ਇੱਧਰੋਂ ਕੱਢਿਆ ਸੀ, ਸ੍. ਜੱਸਾ ਸਿੰਘ ਦੀ ਮਦਦ ਕਰਨ ਨੂੰ ਤਿਆਰ ਸਨ। ਇਸੇ ਲਈ ਤਾਂ ਕਹਿੰਦੇ ਹਨ, ਕਰਤਾਰ ਦੇ ਰੰਗ ਬੜੇ ਨਿਆਰੇ ਹੁੰਦੇ ਹਨ। ਬੰਦਾ ਬਹੁਤ ਜਲਦੀ ਘਬਰਾ ਜਾਂਦਾ ਹੈ।

ਜੈ ਸਿੰਘ ਕਨ੍ਹਈਆ ਨੇ ਰਾਮਗੜ੍ਹੀਆ ਸਰਦਾਰ ਨੂੰ ਇੱਧਰ ਆਉਣ ਤੋਂ ਰੋਕਣ ਲਈ ਕੁਝ ਜਥੇ ਭੇਜੇ, ਪਰ ਸਾਰੇ ਇਸ ਤਰ੍ਹਾਂ ਹਾਰ ਖਾ ਕੇ ਉੱਡ ਗਏ, ਜਿਵੇਂ ਹਨੇਰੀ-ਤੂਫ਼ਾਨ ਸਾਹਮਣੇ ਗਲ਼ੀਆਂ ਦੇ ਕੱਖ ਉੱਡਦੇ ਹਨ। ਰਾਮਗੜ੍ਹੀਆ ਸਰਦਾਰ ਪਹਾੜ ਵਾਂਗੂੰ ਅਹਿੱਲ ਸਿੱਧਾ ਅੱਗੇ ਵਧੀ ਆ ਰਿਹਾ ਸੀ।

ਜਿਉਂ ਹੀ ਸ੍. ਜੱਸਾ ਸਿੰਘ ਰਾਮਗੜ੍ਹੀਆ ਸਤਲੁਜ ਦਰਿਆ ਪਾਰ ਕਰ ਕੇ ਅੱਗੇ ਵਧਿਆ, ਤਾਂ ਸ੍. ਮਹਾਂ ਸਿੰਘ ਸ਼ੁਕਰਚੱਕੀਆ ਨੇ ਸਿਆਣਪ ਵਰਤਦੇ ਹੋਏ, ਹੋਣ ਵਾਲੇ ਜੰਗ ਦੀ ਸਾਰੀ ਕਮਾਨ ਤਜਰਬੇਕਾਰ, ਸੁੱਘੜ-ਸਿਆਣੇ, ਬਹਾਦਰ ਤੇ ਨਿਧੜਕ ਬਜ਼ੁਰਗ ਯੋਧੇ ਸ੍. ਜੱਸਾ ਸਿੰਘ ਰਾਮਗੜ੍ਹੀਆ ਦੇ ਹੱਥ ਸੌਂਪ ਦਿੱਤੀ।

ਸਭ ਤੋਂ ਪਹਿਲਾ ਹਮਲਾ ਫ਼ਰਵਰੀ, 1785 ਈ. ਵਿੱਚ ਬਟਾਲਾ ਸ਼ਹਿਰ ਉੱਪਰ ਕੀਤਾ। ਅਚਲ ਪਿੰਡ ਦੇ ਮੈਦਾਨ ਵਿੱਚ ਬੜੀ ਭਿਆਨਕ ਜੰਗ ਹੋਈ। ਇਸ ਸਾਰੀ ਸਾਂਝੀ ਸ਼ਕਤੀ ਨੂੰ ਰੋਕਣ ਲਈ ਤੇ ਬਟਾਲੇ ਤੋਂ ਦੂਰ ਰੱਖਣ ਲਈ ਜੈ ਸਿੰਘ ਕਨ੍ਹਈਆ ਅਤੇ ਉਸ ਦੇ ਪੁੱਤਰ ਨੇ ਆਪਣੇ ਅੱਠ ਹਜ਼ਾਰ ਸਿਪਾਹੀਆਂ ਸਮੇਤ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਕਿਹੜਾ-ਕਿਹੜਾ ਪਾਸਾ ਰੋਕਦੇ ? ਜਦੋਂ ਜੰਗ ਚੰਗੀ ਤਰ੍ਹਾਂ ਮਘ ਰਹੀ ਸੀ ਤਾਂ ਜੈ ਸਿੰਘ ਕਨ੍ਹਈਆ ਦੇ ਪੁੱਤਰ ਗੁਰਬਖ਼ਸ਼ ਸਿੰਘ ਨੂੰ ਅਚਾਨਕ ਇੱਕ ਤੀਰ ਆਣ ਲੱਗਿਆ, ਜਿਸ ਨਾਲ ਉਹ ਥਾਂ 'ਤੇ ਹੀ ਮਾਰਿਆ ਗਿਆ।

ਮੈਦਾਨ-ਏ-ਜੰਗ ਵਿੱਚ ਆਪਣਾ ਪੁੱਤਰ ਮਰਿਆ ਦੇਖ ਕੇ ਜੈ ਸਿੰਘ ਕੋਲੋਂ ਬਰਦਾਸ਼ਤ ਨਾ ਹੋ ਸਕਿਆ। ਉਹ ਆਪਣੇ ਘੋੜੇ ਤੋਂ ਹੇਠਾਂ ਉੱਤਰਿਆ ਤੇ ਆਪਣੇ ਪੁੱਤਰ ਦੀ ਲਾਸ਼ ਕੋਲ ਬੈਠ ਜ਼ਾਰੋ-ਜ਼ਾਰ ਰੋਣ ਲੱਗ ਪਿਆ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਸ ਦੇ ਹਥਿਆਰ ਏਧਰ-ਓਧਰ ਡਿੱਗ ਗਏ। ਉਹਨਾਂ ਨੂੰ ਸੰਭਾਲਣ ਦਾ ਉਸ ਦਾ ਕੋਈ ਧਿਆਨ ਨਹੀਂ ਸੀ। ਪੁੱਤਰ ਦੀ ਲਾਸ਼ ਦੇਖ ਕੇ ਉਸ ਦੀ ਸੁੱਧ-ਬੁੱਧ ਭੁੱਲ ਗਈ।

ਸ੍. ਜੱਸਾ ਸਿੰਘ ਨੇ ਇਸ ਹਾਲਤ ਵਿੱਚ ਜੈ ਸਿੰਘ ਕਨ੍ਹਈਆ ਉੱਪਰ ਹਮਲਾ ਕਰਨ ਤੋਂ ਸਾਰਿਆਂ ਨੂੰ ਮਨ੍ਹਾਂ ਕਰ ਦਿੱਤਾ। ਸਿੱਖੀ ਪਰੰਪਰਾ ਅਨੁਸਾਰ ਕੋਈ ਆਦਮੀ ਉਦੋਂ ਤਕ ਹੀ ਦੁਸ਼ਮਣ ਸਮਝਿਆ ਜਾਂਦਾ ਹੈ, ਜਦੋਂ ਤਕ ਉਸ ਦੇ ਹੱਥ ਵਿੱਚ ਹਥਿਆਰ ਹੋਣ ਅਤੇ ਉਹ ਮੁਕਾਬਲੇ ਲਈ ਡਟਿਆ ਹੋਇਆ ਹੋਵੇ। ਬੇਸ਼ੱਕ ਇਸ ਅਸੂਲ ਨੂੰ ਕਈ ਮਿਸਲਾਂ ਨੇ ਤੋੜਿਆ ਵੀ ਸੀ ਪਰ ਜੱਸਾ ਸਿੰਘ ਨੇ ਹੁਣ ਤਕ ਇਸ ਦੀ ਪੂਰੀ-ਪੂਰੀ ਪਾਲਣਾ ਕੀਤੀ ਸੀ।

ਰਾਮਗੜ੍ਹੀਆ ਸਰਦਾਰ ਨੂੰ ਜੈ ਸਿੰਘ ਕਨ੍ਹਈਆ ਦੀ ਇਸ ਹਾਲਤ ਉੱਪਰ ਬਹੁਤ ਤਰਸ ਆਇਆ ਅਤੇ ਉਸ ਦੀ ਹਾਲਤ ਉੱਪਰ ਤਰਸ ਖਾ ਕੇ ਜੱਸਾ ਸਿੰਘ ਨੇ ਲੜਾਈ ਬੰਦ ਕਰਵਾ ਦਿੱਤੀ। ਉਹ ਆਪ ਜਾ ਕੇ ਜੈ ਸਿੰਘ ਨਾਲ ਅਫ਼ਸੋਸ ਕਰਨ ਲੱਗ ਪਿਆ, ਕਿਉਂਕਿ ਜੈ ਸਿੰਘ ਪਹਿਲਾਂ-ਪਹਿਲ ਇਸ ਦਾ ਗੂੜ੍ਹਾ ਮਿੱਤਰ ਹੁੰਦਾ ਸੀ। ਇਹ ਹੈ ਸੂਰਮੇ ਦਾ ਲੱਛਣ। ਇਸ ਤਰ੍ਹਾਂ ਦੇ ਹਾਲਾਤ ਨਾਲ ਕਨ੍ਹਈਆ ਫ਼ੌਜਾਂ ਦੇ ਹੌਸਲੇ ਟੁੱਟ ਗਏ। ਗੁਰਬਖ਼ਸ਼ ਸਿੰਘ ਦੀ ਪਤਨੀ ਸਦਾ ਕੌਰ ਆਪਣੇ ਪਤੀ ਦੀ ਮੌਤ ਹੋ ਜਾਣ ਕਰ ਕੇ ਘਬਰਾਈ ਹੋਈ ਨੰਗੇ-ਪੈਰੀਂ ਬਟਾਲੇ ਤੋਂ ਦੌੜ ਕੇ ਬੁਰੇ ਹਾਲੀਂ ਪਿੰਡ ਸੋਹੀਆਂ ਦੇ ਕਿਲ੍ਹੇ ਵਿੱਚ ਜਾ ਵੜੀ। ਇਹ ਮਜੀਠੇ ਤੋਂ 3 ਕਿਲੋਮੀਟਰ ਪੱਛਮ ਅਤੇ ਅੰਮ੍ਰਿਤਸਰ ਤੋਂ 15 ਕਿਲੋਮੀਟਰ ਉੱਤਰ ਵੱਲ ਹੈ।

ਬਟਾਲੇ ਦੇ ਕਿਲ੍ਹੇ ਦੇ ਕਿਲ੍ਹੇਦਾਰ ਹਕੀਕਤ ਸਿੰਘ ਕਨ੍ਹਈਆ ਦਾ ਪੁੱਤਰ ਮੰਗਲ ਸਿੰਘ ਸੀ। ਉਹ ਵੀ ਇਸ ਨੂੰ ਖ਼ਾਲੀ ਕਰ ਗਿਆ। ਇਸ ਤਰ੍ਹਾਂ ਕਿਲ੍ਹਾ, ਸ਼ਹਿਰ ਅਤੇ ਸਾਰੇ ਇਲਾਕੇ ਸ੍. ਜੱਸਾ ਸਿੰਘ ਦੇ ਕਬਜ਼ੇ ਹੇਠ ਮੁੜ ਆ ਗਏ।

ਇਸ ਤੋਂ ਕੁਝ ਸਮੇਂ ਬਾਅਦ ਜੱਸਾ ਸਿੰਘ ਅਤੇ ਉਸ ਦੇ ਸਾਥੀ ਦੂਜੇ ਵੱਡੇ ਕੇਂਦਰ ਕਲਾਨੌਰ ਵੱਲ ਅੱਗੇ ਵਧੇ। ਸਿਰਫ਼ ਤਿੰਨ ਕੁ ਦਿਨਾਂ ਦੀ ਲੜਾਈ ਪਿੱਛੋਂ ਜੈ ਸਿੰਘ ਕਨ੍ਹਈਆ ਆਪਣੀ ਜਾਨ ਬਚਾਉਣ ਲਈ ਪਠਾਨਕੋਟ ਦੇ ਰਸਤੇ ਜੰਮੂ ਵੱਲ ਦੌੜ ਗਿਆ। ਇਸ ਤਰ੍ਹਾਂ ਕਲਾਨੌਰ 'ਤੇ ਵੀ ਰਾਮਗੜ੍ਹੀਆਂ ਦਾ ਕਬਜ਼ਾ ਹੋ ਗਿਆ। ਇਹ ਉਹੀ ਥਾਂ ਸੀ, ਜਿੱਥੇ ਤਾਰਾ ਸਿੰਘ ਦਾ ਭਰਾ ਭਾਗ ਸਿੰਘ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ।

ਟਾਂਡਾ ਕਸਬੇ ਵਿੱਚ ਮੁਗ਼ਲ ਪਠਾਣਾਂ ਦਾ ਬਹੁਤ ਜ਼ੋਰ ਸੀ। ਵੱਡੇ-ਵੱਡੇ ਰਈਸ ਪਠਾਣ ਆਪਣੀ ਸੁਰੱਖਿਆ ਨਾਲ ਨਿਸ਼ਚਿੰਤ ਹੋ ਕੇ ਰਹਿੰਦੇ ਸਨ। ਹੁਣ ਮੌਕਾ ਪਾ ਕੇ ਸ੍. ਜੋਧ ਸਿੰਘ ਰਾਮਗੜ੍ਹੀਏ ਨੇ 1786 ਈ. ਨੂੰ ਇੱਥੇ ਹਮਲਾ ਕਰ ਕੇ ਸੈਦ ਖ਼ਾਂ ਦੇ ਪੁੱਤਰ ਯੂਨਸ ਖ਼ਾਂ ਨੂੰ ਹਰਾ ਕੇ ਟਾਂਡੇ ਨੂੰ ਵੀ ਆਪਣੇ ਅਧੀਨ ਕਰ ਲਿਆ।

ਸੰਸਾਰ ਚੰਦ ਕੋਲੋਂ ਕਾਂਗੜੇ ਦਾ ਕਿਲ੍ਹਾ ਅੱਲਗੜ੍ਹ ਅਜੇ ਤਕ ਫ਼ਤਿਹ ਨਹੀਂ ਸੀ ਹੋ ਸਕਿਆ। ਇਸ ਲਈ ਜੱਸਾ ਸਿੰਘ ਨੇ ਉਸ ਨੂੰ ਗੱਲਬਾਤ ਰਾਹੀਂ ਕੋਈ ਸਮਝੌਤਾ ਕਰਨ ਲਈ ਕਹਿ ਦਿੱਤਾ। ਇਸ ਵੇਲੇ ਸ੍. ਜੱਸਾ ਸਿੰਘ ਨੂੰ ਇਲਾਕੇ ਜਿੱਤਣ ਦਾ ਬਹੁਤਾ ਲਾਲਚ ਨਹੀਂ ਸੀ। ਉਹ ਆਪਣੇ ਮੈਦਾਨੀ ਇਲਾਕੇ ਫਿਰ ਤੋਂ ਕਬਜ਼ੇ ਹੇਠ ਕਰ ਕੇ ਹੀ ਸੰਤੁਸ਼ਟ ਹੋ ਗਿਆ ਸੀ।

ਸ੍. ਜੱਸਾ ਸਿੰਘ ਨੇ ਪਹਿਲਾਂ ਵਾਲੇ ਸਾਰੇ ਮੈਦਾਨੀ ਇਲਾਕਿਆਂ ਵਿੱਚ ਆਪਣੀ ਪੁਜ਼ੀਸ਼ਨ ਬਹੁਤ ਮਜ਼ਬੂਤ ਕਰ ਲਈ। ਕਿਸੇ ਵੀ ਪਾਸੇ ਤੋਂ ਹੋਣ ਵਾਲੇ ਸੰਭਾਵਿਤ ਹਮਲੇ ਦੇ ਮੁਕਾਬਲੇ ਲਈ ਯੋਗ ਪ੍ਰਬੰਧ ਕਰ ਕੇ ਰਾਮਗੜ੍ਹੀਆ ਸਰਦਾਰ ਮੁੜ ਪਹਿਲੀ ਸ਼ਾਨ ਨਾਲ ਰਹਿਣ ਲੱਗਿਆ।

ਇਸੇ ਸਮੇਂ ਦੌਰਾਨ ਜੈ ਸਿੰਘ ਕਨ੍ਹਈਆ ਨੇ ਜੱਸਾ ਸਿੰਘ ਵੱਲੋਂ ਕਾਂਗੜੇ ਦੀ ਲੜਾਈ ਬੰਦ ਕਰਨ ਦੀ ਦਿੱਤੀ ਢਿੱਲ ਦਾ ਗ਼ਲਤ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਸੰਸਾਰ ਚੰਦ ਨੂੰ ਝਾਂਸੇ ਵਿੱਚ ਲੈ ਕੇ ਮੁਕੇਰੀਆਂ ਅਤੇ ਹਾਜੀਪੁਰ ਦੇ ਇਲਾਕੇ ਆਪ ਸੰਭਾਲ ਲਏ। ਕਾਂਗੜੇ ਦਾ ਕਿਲ੍ਹਾ ਇਸ ਸ਼ਰਤ 'ਤੇ ਹੀ ਸੰਸਾਰ ਚੰਦ ਨੂੰ ਦਿੱਤਾ ਕਿ ਰਾਮਗੜ੍ਹੀਆਂ ਵਿਰੁੱਧ ਲੋੜ ਪੈਣ 'ਤੇ ਉਹ ਕਨ੍ਹਈਆ ਦੀ ਮਦਦ ਕਰੇਗਾ। ਜੈ ਸਿੰਘ ਕਨ੍ਹਈਆ ਆਪਣੀਆਂ ਪੁਰਾਣੀਆਂ ਚਾਲਾਂ ਤੋਂ ਬਾਜ਼ ਨਾ ਆਇਆ। ਉਸ ਨੇ ਆਪਣੀ ਵਿਧਵਾ ਨੂੰਹ ਸਦਾ ਕੌਰ ਨੂੰ ਭਰੋਸੇ ਵਿੱਚ ਲੈ ਕੇ ਇੱਕ ਚਾਲ ਚੱਲੀ, ਜਿਸ ਮੁਤਾਬਕ ਆਪਣੀ ਪੋਤਰੀ ਮਹਿਤਾਬ ਕੌਰ ਦਾ ਰਿਸ਼ਤਾ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਦੇ ਲੜਕੇ ਰਣਜੀਤ ਸਿੰਘ ਨਾਲ ਕਰ ਕੇ ਰਿਸ਼ਤੇਦਾਰੀ ਗੰਢ ਕੇ ਸੁਲ੍ਹਾ ਕਰ ਲਈ।

ਜਦੋਂ ਸਦਾ ਕੌਰ ਨੂੰ ਪਤਾ ਲੱਗਿਆ ਕਿ ਮਹਾਂ ਸਿੰਘ ਦੀ ਪਤਨੀ ਰਾਜ ਕੌਰ ਆਪਣੇ ਪੁੱਤਰ ਰਣਜੀਤ ਸਿੰਘ ਨੂੰ ਮਾਤਾ (ਚੇਚਕ) ਨਿਕਲਣ ਕਰ ਕੇ ਜਵਾਲਾਮੁਖੀ ਦੇ ਮੰਦਰ ਵਿੱਚ ਅਰਦਾਸ ਕਰਨ ਲਈ ਗਈ ਹੈ, ਤਾਂ ਠੀਕ ਮੌਕਾ ਸਮਝ ਕੇ ਉਹ ਵੀ ਉੱਥੇ ਜਾ ਪਹੁੰਚੀ। ਉਸ ਨੇ ਰਾਜ ਕੌਰ ਨੂੰ ਬੜੀ ਨਿਮਰਤਾ ਨਾਲ ਕਿਹਾ ਕਿ ਮੇਰੀ ਇਕਲੌਤੀ ਲੜਕੀ ਦਾ ਰਿਸ਼ਤਾ ਭੂੰ ਆਪਣੇ ਪੁੱਤਰ ਲਈ ਸਵੀਕਾਰ ਕਰ ਲੈ, ਸ਼ਾਇਦ ਲੜਕੀ ਦੀ ਕਿਸਮਤ ਕਰ ਕੇ ਹੀ ਇਹ ਲੜਕਾ ਠੀਕ ਹੋ ਜਾਵੇ। ਉਸ ਸਮੇਂ ਇਸ ਭਿਆਨਕ ਬਿਮਾਰੀ ਕਾਰਨ ਕਿਸੇ ਦੇ ਜ਼ਿੰਦਾ ਬਚਣ ਦੀ ਕੋਈ ਉਮੀਦ ਨਹੀਂ ਹੁੰਦੀ ਸੀ। ਉਸ ਸਮੇਂ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਨੇ ਦੇਵੀ ਮਾਤਾ ਨੂੰ ਪ੍ਰਸੰਨ ਕਰਨ ਲਈ ਬੜੇ ਕੀਮਤੀ ਤੋਹਫ਼ੇ ਜਵਾਲਾਮੁਖੀ ਅਤੇ ਕਾਂਗੜੇ ਦੇ ਮੰਦਰ ਵਿੱਚ ਅਰਪਨ ਕਰ ਕੇ ਬ੍ਰਾਹਮਣਾਂ ਨੂੰ ਹਜ਼ਾਰਾਂ ਰੁਪਏ ਦਾਨ ਦਿੱਤਾ, *ਗੁਰੂ ਗ੍ਰੰਥ ਸਾਹਿਬ ਜੀ*, ਹਿੰਦੂ ਸ਼ਾਸਤਰਾਂ ਅਤੇ ਕੁਰਾਨ ਦਾ ਲਗਾਤਾਰ ਪਾਠ ਵੀ ਕਰਾਇਆ ਤਾਂ ਕਿ ਉਸ ਦਾ ਪੁੱਤਰ ਠੀਕ ਹੋ ਜਾਵੇ।

ਜੈ ਸਿੰਘ ਕਨ੍ਹਈਆ ਨੇ ਬੜੀ ਲੰਮੀ ਸੋਚ-ਸੋਚ ਕੇ ਆਪਣੀ ਪੋਤਰੀ ਦਾ ਰਿਸ਼ਤਾ ਸ੍. ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਉਸ ਸਮੇਂ ਕੀਤਾ, ਜਦੋਂ ਉਹ ਚੇਚਕ ਦੀ ਬਿਮਾਰੀ ਨਾਲ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਲਟਕ ਰਿਹਾ ਸੀ। ਤਦ ਸ੍. ਮਹਾਂ ਸਿੰਘ ਵੱਲੋਂ ਸ੍. ਜੱਸਾ ਸਿੰਘ ਨਾਲ ਕੀਤਾ ਇਕਰਾਰ ਨਿਭਾਉਣ ਦੇ ਰਸਤੇ ਵਿੱਚ ਇਹ ਨਵੀਂ-ਨਵੀਂ ਬਣੀ ਰਿਸ਼ਤੇਦਾਰੀ ਰੋੜਾ ਬਣ ਗਈ। ਦੂਸਰੇ ਭਾਗ ਸਿੰਘ ਆਹਲੂਵਾਲੀਏ ਦੀ ਈਰਖਾ ਵੀ ਵਧ ਰਹੀ ਸੀ। ਉਹ ਵਿਅਰਥ ਹੀ ਜੱਸਾ ਸਿੰਘ ਰਾਮਗੜ੍ਹੀਏ ਨਾਲ ਦੁਸ਼ਮਣੀ ਨਿਭਾ ਰਿਹਾ ਸੀ।

ਸ੍. ਜੱਸਾ ਸਿੰਘ ਆਪਣੇ ਇਲਾਕਿਆਂ 'ਤੇ ਮੁੜ ਕਾਬਜ਼ ਹੋਇਆ, ਤਾਂ ਭਾਗ ਸਿੰਘ ਆਹਲੂਵਾਲੀਏ ਨੇ ਬੜਾ ਦੁੱਖ ਮਨਾਇਆ। ਇਸ ਨੇ ਈਰਖਾ ਵੱਸ ਫਗਵਾੜੇ ਦੇ ਨੇੜੇ ਰਾਮਗੜ੍ਹ ਨਾਂ ਦੇ ਪਿੰਡ ਕੋਲ ਰਾਮਗੜ੍ਹੀਆ ਸਰਦਾਰ ਨਾਲ ਟੱਕਰ ਲੈ ਲਈ, ਇਸ ਵਿੱਚ ਭਾਗ ਸਿੰਘ ਭਾਰੂ ਰਿਹਾ, ਕਿਉਂਕਿ ਜੱਸਾ ਸਿੰਘ ਨੂੰ ਇਸ ਅਚਾਨਕ ਹਮਲੇ ਦਾ ਅਹਿਸਾਸ ਹੀ ਨਹੀਂ ਸੀ। ਦੂਜੀ ਝੜਪ ਫਿਰ ਬਿਆਸ ਦਰਿਆ ਦੇ ਕੰਢੇ ਉੱਤੇ ਅਚਨਚੇਤ ਹੋਈ। ਇਸ ਵਿੱਚ ਸ੍. ਜੱਸਾ ਸਿੰਘ ਮਾਤ ਖਾ ਗਿਆ।

ਸ੍. ਜੈ ਸਿੰਘ ਕਨ੍ਹਈਆ ਨੇ ਵੀ ਭਾਗ ਸਿੰਘ ਦੀ ਗੀਸ ਕਰਦੇ ਹੋਇਆਂ ਸੰਸਾਰ ਚੰਦ, ਮਹਾਂ ਸਿੰਘ ਸ਼ੁਕਰਚੱਰੀਆ ਅਤੇ ਭਾਗ ਸਿੰਘ ਆਹਲੂਵਾਲੀਏ ਨੂੰ ਨਾਲ ਲੈ ਕੇ ਸ੍. ਜੱਸਾ ਸਿੰਘ ਦੀ ਸਾਰੀ ਤਾਕਤ ਨੂੰ ਫਿਰ ਤੋਂ ਖ਼ਤਮ ਕਰਨ ਦੇ ਮਨਸੂਬੇ ਤਹਿਤ ਬਟਾਲੇ 'ਤੇ ਹਮਲਾ ਕੀਤਾ।

ਸ੍. ਜੱਸਾ ਸਿੰਘ ਨੇ ਬਟਾਲੇ ਦੀ ਸੁਰੱਖਿਆ ਹੋਰ ਮਜ਼ਬੂਤ ਕਰਨ ਲਈ ਕੰਧਾਂ ਦੀ ਚੌੜਾਈ 21 ਫੁੱਟ ਅਤੇ ਉਚਾਈ 30 ਫੁੱਟ ਬਣਾ ਦਿੱਤੀ ਤਾਂ ਕਿ ਸਮੇਂ ਪੈਣ 'ਤੇ ਦੁਸ਼ਮਣਾਂ ਦੇ ਹਮਲੇ ਤੋਂ ਚੰਗਾ ਬਚਾਅ ਹੋ ਸਕੇ। ਹੋਰ ਵੀ ਕਈ ਪੁਖਤਾ ਪ੍ਰਬੰਧ ਕੀਤੇ ਗਏ।

ਬਟਾਲਾ ਸ਼ਹਿਰ ਨੂੰ ਕਨ੍ਹਈਆ, ਸ਼ੁਕਰਚੱਕੀਆ, ਆਹਲੂਵਾਲੀਆ ਅਤੇ ਸੰਸਾਰ ਚੰਦ ਨੇ ਘੇਰਾ ਪਾਈ ਰੱਖਿਆ, ਪਰ ਫਿਰ ਵੀ ਕੋਈ ਪੇਸ਼ ਨਾ ਗਈ। ਹਮਲਾਵਰ ਮਿਸਲਾਂ ਭਾਰੀ ਨੁਕਸਾਨ ਕਰਵਾ ਕੇ ਵਾਪਸ ਮੁੜਨ ਲਈ ਮਜਬੂਰ ਹੋ ਗਈਆਂ। ਇਸ ਤਰ੍ਹਾਂ ਕਨ੍ਹਈਆ ਸਰਦਾਰ ਦੀ ਸਾਜ਼ਿਸ਼ ਧਰੀ ਦੀ ਧਰੀ ਰਹਿ ਗਈ। ਉਹ ਸ੍. ਜੱਸਾ ਸਿੰਘ ਪਾਸੋਂ ਬਟਾਲਾ ਨਾ ਖੋਹ ਸਕਿਆ।

ਕੁਦਰਤ ਵੀ ਆਪਣੀ ਖੇਡ ਖੇਡਦੀ ਹੈ। ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਉਹ ਇਸ ਧਰਤੀ 'ਤੇ ਹੋਰ ਜ਼ਿਆਦਾ ਸਵਾਸ ਲਵੇ। ਸੰਨ 1789 ਈ. ਨੂੰ ਉਸ ਦੀ ਮੌਤ ਹੋ ਗਈ। ਜੈ ਸਿੰਘ ਤੋਂ ਬਾਅਦ ਕਨ੍ਹਈਆ ਮਿਸਲ ਦੀ ਵਾਗਡੋਰ ਉਸ ਦੀ ਨੂੰਹ ਸਦਾ ਕੌਰ ਨੇ ਸੰਭਾਲ ਲਈ। ਭਾਵੇਂ ਜੈ ਸਿੰਘ ਦੀ ਦੂਸਰੀ ਪਤਨੀ ਤੋਂ ਦੋ ਪੁੱਤਰ ਹੋਰ ਸਨ। ਸਦਾ ਕੌਰ ਨੇ ਆਪਣੀ ਮਿਸਲ ਦੇ ਇਲਾਕਿਆਂ ਦੇ ਪ੍ਰਬੰਧ ਵੱਲ ਖ਼ਾਸ ਧਿਆਨ ਦਿੱਤਾ ਅਤੇ ਆਪਣੇ ਕੁੜਮ (ਸ੍. ਮਹਾਂ ਸਿੰਘ ਸ਼ੁਕਰਚੱਕੀਆ) ਦੀ ਮਦਦ ਨਾਲ ਆਪਣੇ-ਆਪ ਨੂੰ ਹੋਰ ਵੀ ਮਜ਼ਬੂਤ ਬਣਾ ਲਿਆ।

ਜਦੋਂ ਸਦਾ ਕੌਰ ਰਾਮਗੜ੍ਹੀਆਂ ਕੋਲੋਂ ਆਪਣੇ ਪਤੀ ਦੀ ਮੌਤ ਦਾ ਬਦਲਾ ਲੈਣ ਦੀਆਂ ਤਿਆਰੀਆਂ ਵਿੱਚ ਰੁੱਝੀ ਹੋਈ ਸੀ, ਤਾਂ ਉਸ ਨੂੰ ਇੱਕ ਬਹੁਤ ਵੱਡਾ ਝਟਕਾ ਲੱਗਿਆ। ਉਸ ਦਾ ਬਹੁਤ ਵੱਡਾ ਆਸਰਾ ਸ੍. ਮਹਾਂ ਸਿੰਘ 27 ਸਾਲ ਦੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਿਆ। ਸਦਾ ਕੌਰ ਦੀਆਂ ਮਨ ਦੀਆਂ ਮਨ ਵਿੱਚ ਹੀ ਰਹਿ ਗਈਆਂ, ਪਰ ਉਸ ਦੀਆਂ ਨਜ਼ਰਾਂ ਹੁਣ ਉਸ ਦੇ ਪੁੱਤਰ ਰਣਜੀਤ ਸਿੰਘ 'ਤੇ ਟਿਕੀਆਂ ਹੋਈਆਂ ਸਨ ਕਿ ਉਹ ਉਸ ਦੇ ਕੰਮ ਜ਼ਰੂਰ ਆਵੇਗਾ।

ਕੁਝ ਸਮੇਂ ਬਾਅਦ ਸਰਦਾਰਨੀ ਸਦਾ ਕੌਰ ਨੇ ਆਪਣੇ ਜਵਾਈ ਰਣਜੀਤ ਸਿੰਘ ਨੂੰ ਇਸ ਤਰ੍ਹਾਂ ਦੀ ਇੱਕ ਚਿੱਠੀ ਲਿਖੀ ਕਿ ਬਟਾਲੇ ਵਿੱਚ ਤੇਰੇ ਸਹੁਰੇ ਨੂੰ ਰਾਮਗੜ੍ਹੀਏ ਸਰਦਾਰ ਨੇ ਮਾਰ ਦਿੱਤਾ ਸੀ। ਮੈਂ ਉਹਨਾਂ ਕੋਲੋਂ ਆਪਣੇ ਜਿਊਂਦੇ-ਜੀ ਬਦਲਾ ਲੈਣਾ ਚਾਹੁੰਦੀ ਹਾਂ, ਪਰ ਲੜਨਾ ਤਾਂ ਆਦਮੀਆਂ ਦਾ ਕੰਮ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਤੂੰ ਮੇਰੀ ਮਦਦ ਕਰ।

ਚਿੱਠੀ ਪੜ੍ਹਨ ਪਿੱਛੋਂ ਰਣਜੀਤ ਸਿੰਘ ਉਸ ਦੀ ਮਦਦ ਕਰਨ ਲਈ ਤਿਆਰ ਹੋ ਗਿਆ। ਸਦਾ ਕੌਰ ਨੇ ਸ਼ੁਕਰਚੱਕੀਏ ਦੀ ਸਹਾਇਤਾ ਨਾਲ ਬਟਾਲੇ ਉੱਪਰ ਹਮਲਾ ਕਰ ਦਿੱਤਾ। ਇੱਥੇ ਸੱਸ-ਜਵਾਈ ਨੇ ਕਿੰਨੇ ਹੀ ਦਿਨ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ, ਪਰ ਕੋਈ ਸਫ਼ਲਤਾ ਨਾ ਮਿਲਦੀ ਨਜ਼ਰ ਆਈ। ਭਾਗ ਸਿੰਘ ਆਹਲੂਵਾਲੀਆ ਵੀ ਆਪਣੀ ਪੂਰੀ ਵਾਹ ਲਾ ਰਿਹਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਬਟਾਲਾ ਜਿੱਤ ਲਿਆ ਜਾਵੇ, ਪਰ ਉਸ ਦੀ ਵੀ ਕੋਈ ਪੇਸ਼ ਨਹੀਂ ਜਾ ਰਹੀ ਸੀ।

ਹੁਣ ਸਦਾ ਕੌਰ ਨੇ ਇੱਕ ਹੋਰ ਨਵਾਂ ਦਾਅ ਖੇਡਿਆ ਅਤੇ ਬਟਾਲੇ ਦੇ ਲੋਕਾਂ ਨੂੰ ਅੰਦਰਖਾਤੇ ਕਿਹਾ ਕਿ ਉਹ ਇੱਕ ਔਰਤ ਹੈ, ਜਿਸ ਦੇ ਪਤੀ ਨੇ ਬਟਾਲੇ ਦੀ ਰੱਖਿਆ

ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ, ਇਸ ਲਈ ਬਟਾਲਾ ਨਿਵਾਸੀਆਂ ਦਾ ਵੀ ਹੁਣ ਫ਼ਰਜ਼ ਬਣਦਾ ਹੈ ਕਿ ਇਸ ਮੌਕੇ ਮੇਰਾ ਸਾਥ ਦੇਣ। ਆਖ਼ਰਕਾਰ ਸ਼ਹਿਰ ਨਿਵਾਸੀਆਂ ਦੇ ਜਜ਼ਬਾਤ ਨਾਲ ਖੇਡ ਕੇ ਸਦਾ ਕੌਰ ਇੱਥੇ ਕਬਜ਼ਾ ਕਰਨ ਵਿੱਚ ਕਾਮਯਾਬ ਹੋ ਗਈ।

ਇਹਨਾਂ ਸਾਰਿਆਂ ਨੇ ਮਿਲ ਕੇ ਜੱਸਾ ਸਿੰਘ ਤੋਂ ਕਲਾਨੌਰ ਵੀ ਖੋਹ ਲਿਆ। ਬਜ਼ੁਰਗ ਜਰਨੈਲ ਜੱਸਾ ਸਿੰਘ ਨੇ ਆਪਣਾ ਹੌਸਲਾ ਨਾ ਛੱਡਿਆ ਅਤੇ ਉਹ ਮਿਆਣੀ ਪਹੁੰਚ ਕੇ ਆਸ-ਪਾਸ ਦੇ ਖੇਤਰਾਂ ਨੂੰ ਮਜ਼ਬੂਤ ਕਰਨ ਲੱਗਿਆ। ਜੱਸਾ ਸਿੰਘ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਦਾ ਕੌਰ ਮਿਆਣੀ ਵਾਲੇ ਪਾਸੇ ਵੀ ਜ਼ਰੂਰ ਆਏਗੀ।

1796 ਈ. ਨੂੰ ਸਦਾ ਕੌਰ ਰਣਜੀਤ ਸਿੰਘ ਨੂੰ ਨਾਲ ਲੈ ਕੇ ਮਿਆਣੀ ਉੱਪਰ ਧਾਵਾ ਬੋਲਣ ਲਈ ਤੁਰ ਪਈ। ਸ੍. ਭਾਗ ਸਿੰਘ ਆਹਲੂਵਾਲੀਆ ਵੀ ਜੱਸਾ ਸਿੰਘ ਦੇ ਵਿਰੁੱਧ ਆਇਆ। ਇਹਨਾਂ ਤਿੰਨਾਂ ਨੇ ਮਿਲ ਕੇ ਮਿਆਣੀ 'ਤੇ ਹਮਲਾ ਕੀਤਾ। ਉੱਧਰ 73 ਸਾਲ ਦਾ ਤਜ਼ਰਬੇਕਾਰ ਬਜ਼ੁਰਗ ਜਰਨੈਲ, ਜਿਹੜਾ ਆਪਣੀ ਸਾਰੀ ਉਮਰ ਵਿੱਚ ਇਸ ਤਰ੍ਹਾਂ ਦੀਆਂ ਅਣਗਿਣਤ ਮੁਹਿੰਮਾਂ ਦਾ ਸਫ਼ਲਤਾ ਪੂਰਵਕ ਮੁਕਾਬਲਾ ਕਰ ਚੁੱਕਿਆ ਸੀ, ਨਿਡਰਤਾ ਨਾਲ ਟਾਕਰੇ ਲਈ ਡਟ ਗਿਆ। ਉਸ ਨੇ ਹਮਲਾਵਰਾਂ ਦੇ ਮੁਕਾਬਲੇ ਲਈ ਆਪਣੀ ਫ਼ੌਜ ਨੂੰ ਪਹਿਲਾਂ ਹੀ ਪੂਰੀ ਤਰ੍ਹਾਂ ਤਿਆਰ ਕੀਤਾ ਹੋਇਆ ਸੀ। ਸ੍. ਜੱਸਾ ਸਿੰਘ ਕਿਲ੍ਹੇ ਅੰਦਰ ਬੜੀ ਨਿਡਰਤਾ ਅਤੇ ਮਜ਼ਬੂਤੀ ਨਾਲ ਡਟਿਆ ਰਿਹਾ। ਇਹ ਸਾਰੀਆਂ ਧਿਰਾਂ ਮਿਲ ਕੇ ਵੀ ਇੱਥੇ ਉਸ ਦਾ ਕੁਝ ਨਾ ਵਿਗਾੜ ਸਕੀਆਂ।

ਜਦੋਂ ਸਦਾ ਕੌਰ ਨੂੰ ਮਿਆਣੀ ਨੂੰ ਜਿੱਤਣ ਲਈ ਕੋਈ ਪੇਸ਼ ਜਾਂਦੀ ਨਾ ਦਿਸੀ, ਤਾਂ ਆਪਣੇ ਵਿਚੋਲੇ ਬਾਬਾ ਸਾਹਿਬ ਸਿੰਘ ਬੇਦੀ ਕੋਲ ਪਹੁੰਚੀ, ਤਾਂ ਜੁ ਗੱਲਬਾਤ ਰਾਹੀਂ ਕੋਈ ਹੱਲ ਕੱਢਿਆ ਜਾ ਸਕੇ। ਅਜੇ ਇਹ ਵਿਚੋਲੇ ਅੰਮ੍ਰਿਤਸਰ ਵਿੱਚ ਹੀ ਸਨ ਕਿ ਸ੍. ਜੱਸਾ ਸਿੰਘ ਦਾ ਇੱਕ ਦੂਤ ਵੀ ਉੱਥੇ ਪਹੁੰਚਿਆ। ਉਸ ਨੇ ਬਾਬਾ ਜੀ ਨੂੰ ਮਿਆਣੀ ਬਾਰੇ ਸਾਰੇ ਹਾਲਾਤ ਦੱਸੇ ਕਿ ਬਿਨਾਂ ਕਿਸੇ ਕਾਰਨ ਦੇ ਇਹ ਸਾਰੇ ਕਿਵੇਂ ਸ੍. ਜੱਸਾ ਸਿੰਘ ਦੇ ਪਿੱਛੇ ਪਏ ਹੋਏ ਹਨ।

ਬਾਬਾ ਸਾਹਿਬ ਸਿੰਘ ਬੇਦੀ ਨੇ ਦੋਹਾਂ ਧਿਰਾਂ ਨੂੰ ਸਾਂਝੀ ਸਲਾਹ ਦਿੰਦੇ ਹੋਏ ਕਿਹਾ ਕਿ ਸਿੱਖਾਂ ਦਾ ਆਪਸ ਵਿੱਚ ਲੜਨ ਕਰ ਕੇ ਬੜਾ ਨੁਕਸਾਨ ਹੋ ਰਿਹਾ ਹੈ। ਕਸੂਰ ਦੇ ਪਠਾਨ ਫਿਰ ਸਿਰ ਚੁੱਕਣ ਲੱਗ ਪਏ ਹਨ। ਵਿਦੇਸ਼ੀ ਹਮਲੇ ਦਾ ਵੀ ਕੋਈ ਪਤਾ ਨਹੀਂ ਕਦੋਂ ਹੋ ਜਾਵੇ, ਇਸ ਲਈ ਤੁਸੀਂ ਆਪਸ ਵਿੱਚ ਲੜ-ਲੜ ਕੇ ਆਪਣੀ ਕੀਮਤੀ ਸ਼ਕਤੀ ਬਰਬਾਦ ਨਾ ਕਰੋ। ਇਸ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਨੇ ਮਿਆਣੀ ਦਾ ਘੇਰਾ ਖ਼ਤਮ ਕਰਨ ਲਈ ਆਪਣੀ ਸਪਸ਼ਟ ਰਾਇ ਪ੍ਰਗਟ ਕਰ ਦਿੱਤੀ।

ਸਦਾ ਕੌਰ ਨੇ ਬਾਬਾ ਸਾਹਿਬ ਸਿੰਘ ਦੀ ਇਸ ਨੇਕ ਸਲਾਹ ਨੂੰ ਅਪ੍ਰਵਾਨ ਕਰ ਦਿੱਤਾ। ਉਲਟਾ ਗ਼ੁੱਸੇ ਵਿੱਚ ਕਹਿਣ ਲੱਗੀ, "ਮੈਂ ਮਿਆਣੀ ਦਾ ਘੇਰਾ ਤਾਂ ਉਦੋਂ ਹੀ

ਚੁੱਕਾਂਗੀ, ਜਦ ਮੇਰੇ ਪਤੀ ਵਾਂਗ ਜੱਸਾ ਸਿੰਘ ਦੇ ਪੁੱਤਰ ਜੋਧ ਸਿੰਘ ਦੀ ਲਾਸ਼ ਮੇਰੇ ਸਾਹਮਣੇ ਤੜਫ-ਤੜਫ ਕੇ ਠੰਢੀ ਹੋ ਜਾਵੇਗੀ ਅਤੇ ਜੱਸਾ ਸਿੰਘ ਦੀ ਨੂੰਹ ਵੀ ਮੇਰੇ ਵਾਂਗ ਰੰਡੀ ਹੋ ਜਾਵੇਗੀ।

ਸਦਾ ਕੌਰ ਦੀਆਂ ਇਹਨਾਂ ਗੱਲਾਂ ਦਾ ਜਦੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੂੰ ਪਤਾ ਲੱਗਿਆ, ਉਹਨਾਂ ਨੂੰ ਬਹੁਤ ਦੁੱਖ ਹੋਇਆ। ਉਹਨਾਂ ਨੇ ਸ੍. ਜੱਸਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਅਹੰਕਾਰੀ ਹੋਈ ਸਰਦਾਰਨੀ ਅਤੇ ਇਸ ਦੇ ਸਮਰਥਕ ਸਰਦਾਰ ਮੇਰਾ ਕਹਿਣਾ ਨਹੀਂ ਮੰਨੇ, ਇਸ ਲਈ ਤੂੰ ਵਾਹਿਗੁਰੂ ਉੱਪਰ ਭਰੋਸਾ ਰੱਖ ਕੇ ਕਿਲ੍ਹੇ ਵਿੱਚ ਡਟਿਆ ਰਹਿ। ਵਾਹਿਗੁਰੂ ਤੇਰੀ ਜ਼ਰੂਰ ਮਦਦ ਕਰੇਗਾ।

ਵਾਹਿਗੁਰੂ ਨੇ ਐਸੀ ਕਲਾ ਵਰਤਾਈ ਕਿ ਬਿਆਸਾ ਦਰਿਆ ਵਿੱਚ ਬੜਾ ਜ਼ੋਰਦਾਰ ਹੜ੍ਹ ਆ ਗਿਆ। ਮਿਆਣੀ ਨੂੰ ਚਾਰੇ ਪਾਸੇ ਤੋਂ ਘੇਰਾ ਪਾਈ ਬੈਠੇ ਹਮਲਾਵਰਾਂ ਦੇ ਕੈਂਪਾਂ ਵਿੱਚ ਪਾਣੀ ਭਰ ਗਿਆ।

ਸਦਾ ਕੌਰ ਅਤੇ ਰਣਜੀਤ ਸਿੰਘ ਤਾਂ ਬੜੀ ਮੁਸ਼ਕਿਲ ਨਾਲ ਛੋਤੀ-ਛੋਤੀ ਆਪਣੀਆਂ ਜਾਨਾਂ ਬਚਾ ਕੇ ਪਿੱਛੇ ਨੂੰ ਹਟ ਗਏ ਪਰ ਇਹਨਾਂ ਦੇ ਬਹੁਤ ਸਾਰੇ ਸਿਪਾਹੀ, ਊਠ-ਘੋੜੇ ਅਤੇ ਗੋਲ਼ੀ-ਸਿੱਕਾ ਹੜ੍ਹ ਦੇ ਪਾਣੀ ਵਿੱਚ ਰੁੜ੍ਹ ਗਿਆ। ਇਸ ਤਰ੍ਹਾਂ ਬਹੁਤ ਸਾਰਾ ਜਾਨੀ ਨੁਕਸਾਨ ਕਰਵਾ ਕੇ ਅਤੇ ਅਸਫ਼ਲ ਹੋਣ ਦੇ ਪਛਤਾਵੇ ਕਾਰਨ ਹੱਥ ਮਲ਼ਦੀ ਹੋਈ ਇਹ ਸਰਦਾਰਨੀ ਵਾਪਸ ਬਟਾਲੇ ਆਣ ਪਹੁੰਚੀ ਅਤੇ ਇੱਥੇ ਕੁਝ ਦਿਨ ਪੜਾਅ ਕਰ ਕੇ ਆਪਣੇ ਹੈੱਡ-ਕੁਆਰਟਰ ਸੋਹੀਆਂ ਨੂੰ ਰਵਾਨਾ ਹੋ ਗਈ। ਰਣਜੀਤ ਸਿੰਘ ਵੀ ਆਪਣੀ ਫ਼ੌਜ ਸਮੇਤ ਗੁੱਜਰਾਂਵਾਲੇ ਵੱਲ ਰਾਮ ਨਗਰ ਨੂੰ ਚਲਿਆ ਗਿਆ। ਇਸ ਤਰ੍ਹਾਂ ਸ੍. ਜੱਸਾ ਸਿੰਘ ਉੱਪਰੋਂ ਇਹ ਮੁਸੀਬਤ ਟਲ ਗਈ।

ਪੰਜਾਬ ਉੱਪਰ 1796 ਈ. ਦੇ ਅੰਤ ਵਿੱਚ ਸ਼ਾਹ ਜਮਾਨ ਨੇ ਸਿੱਖ ਮਿਸਲਾਂ ਨੂੰ ਆਪਸ ਵਿੱਚ ਲੜਦੇ ਦੇਖ ਕੇ ਹਮਲਾ ਕਰ ਦਿੱਤਾ। ਇਸ ਦਾ ਮੁਕਾਬਲਾ ਕਰਨ ਲਈ ਸਾਰੇ ਸਰਦਾਰ ਆਪਸੀ ਗਿਲੇ-ਸ਼ਿਕਵੇ ਤਿਆਗ ਕੇ ਫਿਰ ਇਕੱਠੇ ਹੋ ਗਏ। ਇੱਥੇ ਰਣਜੀਤ ਸਿੰਘ ਸ਼ੁਕਰਚੱਕੀਆ ਚਾਹੁੰਦਾ ਸੀ ਕਿ ਜੰਗ ਦੀ ਸਾਰੀ ਕਮਾਨ ਮੇਰੇ ਹੱਥ ਵਿੱਚ ਰਹੇ, ਪਰ ਰਾਮਗੜ੍ਹੀਆ ਅਤੇ ਭੰਗੀ ਮਿਸਲਾਂ ਇਸ ਲਈ ਨਾ ਮੰਨੀਆਂ, ਜਿਸ ਕਰ ਕੇ ਅੰਮ੍ਰਿਤਸਰ ਦੇ ਨੇੜੇ ਸਾਰੀਆਂ ਮਿਸਲਾਂ ਦੇ ਸਰਦਾਰ ਆਪੋ ਆਪਣੇ ਜਥਿਆਂ ਦੀ ਕਮਾਨ ਸੰਭਾਲ ਕੇ ਸ਼ਾਹ ਜਮਾਨ ਦਾ ਟਾਕਰਾ ਕਰਨ ਲਈ ਤਿਆਰ ਹੋ ਗਏ।

ਸ਼ਾਹ ਜਮਾਨ ਨੇ 11 ਜਨਵਰੀ, 1797 ਈ. ਨੂੰ ਲਾਹੌਰ ਉੱਪਰ ਹਮਲਾ ਕੀਤਾ। ਉਸ ਸਮੇਂ ਤਿੰਨ ਭੰਗੀ ਸਰਦਾਰਾਂ (ਲਹਿਣਾ ਸਿੰਘ ਭੰਗੀ, ਗੁੱਜਰ ਸਿੰਘ ਭੰਗੀ ਅਤੇ ਸੋਭਾ ਸਿੰਘ ਭੰਗੀ) ਦਾ ਕਬਜ਼ਾ ਸੀ। ਇਹਨਾਂ ਤਿੰਨ ਸਰਦਾਰਾਂ ਨੇ ਸ਼ਾਹ ਜਮਾਨ ਦਾ ਮੁਕਾਬਲਾ ਨਾ ਕੀਤਾ ਅਤੇ ਸਮਾਂ ਲੰਘਾਉਣ ਲਈ ਤਿੰਨੇ ਹੀ ਇੱਧਰ-ਉੱਧਰ ਹੋ ਗਏ। ਸ਼ਾਹ ਜਮਾਨ ਨੇ ਬੜੇ ਅਰਾਮ ਨਾਲ ਲਾਹੌਰ 'ਤੇ ਕਬਜ਼ਾ ਕਰ ਲਿਆ। ਉਸ ਨੇ ਸੋਚਿਆ

ਕਿ ਸਿੱਖ ਮੇਰੇ ਡਰ ਕਰ ਕੇ ਪਿੱਛੇ ਹੱਟਦੇ ਜਾ ਰਹੇ ਹਨ, ਪਰ ਉਹ ਇਹ ਭੁੱਲ ਗਿਆ ਕਿ ਇਹ ਤਾਂ ਸਿੱਖਾਂ ਦੀ ਇੱਕ ਚਾਲ ਹੈ।

ਲਾਹੌਰ ਉੱਪਰ ਕਬਜ਼ਾ ਕਰ ਕੇ ਉਹ ਬਹੁਤ ਖ਼ੁਸ਼ ਹੋਇਆ। ਹੁਣ ਉਸ ਨੇ ਆਪਣੇ ਸਿਪਾਹੀਆਂ ਦੇ ਜਥੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਸਾਰੇ ਪਾਸੇ ਭੇਜੇ, ਤਾਂ ਕਿ ਸਿੱਖਾਂ ਦਾ ਸਫ਼ਾਇਆ ਕੀਤਾ ਜਾ ਸਕੇ, ਪਰ ਉਸ ਦੀਆਂ ਛੋਟੀਆਂ-ਛੋਟੀਆਂ ਟੁਕੜੀਆਂ ਕੋਲੋਂ ਭਲਾ ਹੁਣ ਸਿੱਖ ਕਾਬੂ ਵਿੱਚ ਆਉਣ ਵਾਲੇ ਸਨ? ਸ਼ਾਹੀ ਸੈਨਾ ਹਰ ਰੋਜ਼ ਆਪਣਾ ਨੁਕਸਾਨ ਕਰਵਾ ਕੇ ਵਾਪਸ ਲਾਹੌਰ ਪਹੁੰਚਦੀ। ਸ਼ਾਹ ਜਮਾਨ ਸਿੱਖਾਂ ਦੀ ਲੜਾਈ ਦਾ ਢੰਗ ਅਤੇ ਇਰਾਦਿਆਂ ਨੂੰ ਦੇਖ ਕੇ ਛੇਤੀ ਹੀ ਸਮਝ ਗਿਆ ਕਿ ਹੁਣ ਇਹਨਾਂ ਸਿੱਖਾਂ ਨੂੰ ਦਬਾਉਣਾ ਅਸਾਨ ਕੰਮ ਨਹੀਂ ਹੈ।

ਸ਼ਾਹ ਜਮਾਨ ਅਜੇ ਸਿੱਖਾਂ ਵਿਰੁੱਧ ਕੋਈ ਠੋਸ ਨੀਤੀ ਬਣਾ ਹੀ ਰਿਹਾ ਸੀ ਕਿ ਉਸ ਨੂੰ ਖ਼ਬਰ ਮਿਲੀ ਕਿ ਉਸ ਦੇ ਮਤਰੇਏ ਭਰਾ ਮਹਿਮੂਦ ਨੇ ਅਫ਼ਗਾਨਿਸਤਾਨ ਵਿੱਚ ਬਗ਼ਾਵਤ ਕਰ ਦਿੱਤੀ ਹੈ। ਉਸ ਨੇ ਛੇਤੀ ਨਾਲ ਲਾਹੌਰ ਦਾ ਪ੍ਰਬੰਧ ਆਪਣੇ ਇੱਕ ਵਫ਼ਾਦਾਰ ਨੂੰ ਸੌਂਪ ਦਿੱਤਾ ਅਤੇ ਸੈਨਾ ਸਮੇਤ ਮੁਲਕ ਵੱਲ ਰਵਾਨਾ ਹੋ ਗਿਆ। ਲਾਹੌਰ ਤੋਂ ਇਸ ਦੇ ਨਿਕਲਣ ਦੀ ਦੇਰ ਸੀ ਕਿ ਉਸੇ ਵਕਤ ਭੰਗੀ ਸਰਦਾਰਾਂ ਨੇ ਫੇਰ ਕਬਜ਼ਾ ਕਰ ਲਿਆ।

ਸ਼ਾਹ ਜ਼ਮਾਨ ਦੇ ਵਾਪਸ ਜਾਣ ਪਿੱਛੋਂ ਸ੍. ਜੱਸਾ ਸਿੰਘ ਨੇ ਕਿਸੇ ਬਾਹਰੀ ਸ਼ਕਤੀ ਨਾਲ ਗੱਠਜੋੜ ਕਰ ਕੇ ਆਪਣੀ ਫ਼ੌਜੀ ਸ਼ਕਤੀ ਵਿੱਚ ਹੋਰ ਵਾਧਾ ਕਰਨ ਦੇ ਯਤਨ ਅਰੰਭ ਕੀਤੇ। ਇਸ ਮਕਸਦ ਲਈ ਉਸ ਦੀ ਇੱਕ ਚਿੱਠੀ ਲਾਰਡ ਵੈਲਜਲੀ ਨੂੰ 7 ਅਪ੍ਰੈਲ, 1797 ਈ. ਨੂੰ ਮਿਲੀ। ਇਸ ਚਿੱਠੀ ਦਾ ਬਾਕਾਇਦਾ ਉੱਤਰ ਵੀ ਆਇਆ, ਪਰ ਰਾਜਨੀਤਿਕ ਕਾਰਨਾਂ ਕਰ ਕੇ ਅੰਗਰੇਜ਼ ਅਜੇ ਸਿੱਖਾਂ ਦੇ ਕਿਸੇ ਵੀ ਜਥੇ ਨਾਲ ਸੰਬੰਧ ਕਾਇਮ ਕਰਨ ਤੋਂ ਝਿਜਕ ਰਹੇ ਸਨ।

ਲਾਹੌਰ ਵਿੱਚ ਲਹਿਣਾ ਸਿੰਘ ਭੰਗੀ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਉਸ ਦਾ ਪੁੱਤਰ ਚੇਤ ਸਿੰਘ ਲਾਹੌਰ ਵਿਚਲੇ ਆਪਣੇ ਇਲਾਕੇ ਦਾ ਮਾਲਕ ਬਣ ਗਿਆ। ਇਸ ਨੂੰ ਰਾਜ-ਭਾਗ ਚਲਾਉਣ ਦੀ ਜ਼ਿਆਦਾ ਸੂਝ-ਬੂਝ ਨਹੀਂ ਸੀ ਅਤੇ ਇਸ ਦੇ ਨਾਲ ਹੀ ਵਿਸ਼ੇ-ਵਿਕਾਰ ਵੀ ਇਸ ਨੂੰ ਘੇਰੀ ਰੱਖਦੇ ਸਨ। ਚੇਤ ਸਿੰਘ ਦੇ ਇਲਾਕੇ ਵਾਲੇ ਲੋਕ ਇਸ ਕੋਲੋਂ ਖ਼ੁਸ਼ ਨਹੀਂ ਸਨ। ਇਸੇ ਤਰ੍ਹਾਂ ਗੁੱਜਰ ਸਿੰਘ ਦੇ ਚਲਾਣਾ ਕਰ ਜਾਣ ਪਿੱਛੋਂ ਉਸ ਦਾ ਪੁੱਤਰ ਮੋਹਰ ਸਿੰਘ ਵੀ ਅਯੋਗ ਹੀ ਸਿੱਧ ਹੋਇਆ।

ਇਹਨਾਂ ਦੋਹਾਂ ਦੇ ਵਿਵਹਾਰ ਤੋਂ ਤੰਗ ਆ ਕੇ ਲਾਹੌਰ ਨਿਵਾਸੀਆਂ ਨੇ ਰਣਜੀਤ ਸਿੰਘ ਸ਼ੁਕਰਚੱਕੀਆ ਨੂੰ ਬੇਨਤੀ ਕੀਤੀ ਕਿ ਉਹ ਲਾਹੌਰ ਉੱਪਰ ਆਪਣਾ ਕਬਜ਼ਾ ਕਰ ਲਵੇ। ਇਹ ਸੁਨੇਹਾ ਮਿਲਦੇ ਹੀ ਉਸ ਨੇ ਆਪਣੀ ਬਹੁਤ ਚਤੁਰ-ਚਲਾਕ ਸੱਸ ਸਦਾ ਕੌਰ ਨਾਲ ਸਲਾਹ-ਮਸ਼ਵਰਾ ਕਰ ਕੇ ਲਾਹੌਰ ਉੱਪਰ ਕਬਜ਼ਾ ਕਰਨ ਦੀ ਵਿਉਂਤ ਘੜ

ਲਈ। ਨਿਯਤ ਨੀਤੀ ਮੁਤਾਬਕ ਲਾਹੌਰ ਉੱਪਰ ਕਬਜ਼ਾ ਕਰਨ ਲਈ ਦੋਂਹ ਪਾਸਿਆਂ ਤੋਂ ਅਚਨਚੇਤ ਹਮਲਾ ਕੀਤਾ ਗਿਆ। ਭੰਗੀ ਸਰਦਾਰ ਇਸ ਦਾ ਮੁਕਾਬਲਾ ਨਾ ਕਰ ਸਕੇ ਅਤੇ ਉਹਨਾਂ ਨੂੰ ਮਜਬੂਰਨ ਲਾਹੌਰ ਛੱਡ ਕੇ ਭੱਜਣਾ ਪਿਆ। ਇਸ ਤਰ੍ਹਾਂ ਰਣਜੀਤ ਸਿੰਘ ਸ਼ੁਕਰਚੱਰੀਆ ਅਤੇ ਸਦਾ ਕੌਰ ਨੇ ਮਿਲ ਕੇ 7 ਜੁਲਾਈ, 1799 ਈ. ਨੂੰ ਲਾਹੌਰ ਉੱਪਰ ਆਪਣਾ ਪੱਕਾ ਕਬਜ਼ਾ ਕਰ ਲਿਆ।

ਲਾਹੌਰ ਉੱਪਰ ਹੋਏ ਹਮਲੇ ਸਮੇਂ ਭੰਗੀ ਸਰਦਾਰ ਦੌੜ ਕੇ ਸ੍. ਜੱਸਾ ਸਿੰਘ ਰਾਮਗੜ੍ਹੀਆ ਕੋਲ ਆਏ ਅਤੇ ਬੇਨਤੀ ਕੀਤੀ ਕਿ ਸ਼ੁਕਰਚੱਕੀਆ ਸਰਦਾਰ ਅਤੇ ਉਸ ਦੀ ਸੱਸ ਨੇ ਮਿਲ ਕੇ ਲਾਹੌਰ ਉੱਪਰ ਹਮਲਾ ਕਰ ਕੇ ਸਾਡੇ ਹੱਥੋਂ ਖੋਹ ਲਿਆ ਹੈ। ਇਸ ਲਈ ਲਾਹੌਰ ਸਾਨੂੰ ਵਾਪਸ ਦਿਵਾਉਣ ਲਈ ਫ਼ੌਜੀ ਮਦਦ ਕਰੋ।

ਸ੍. ਜੱਸਾ ਸਿੰਘ ਨੇ ਲਾਹੌਰ ਉੱਪਰ ਕਬਜ਼ਾ ਕਰਨ ਵਾਲੀ ਘਟਨਾ ਨੂੰ ਇੱਕ ਜ਼ਿਆਦਤੀ ਸਮਝਦੇ ਹੋਏ ਭੰਗੀਆਂ ਦੀ ਮਦਦ ਕਰਨ ਦਾ ਫ਼ੈਸਲਾ ਕਰ ਲਿਆ। ਸ੍. ਜੋਧ ਸਿੰਘ ਵਜ਼ੀਰਾਬਾਦ, ਸ੍. ਸਾਹਿਬ ਸਿੰਘ ਭੰਗੀ ਗੁਜਰਾਤ ਅਤੇ ਰਾਮਗੜ੍ਹੀਆ ਮਿਸਲ ਇਕੱਠੀ ਹੋ ਗਈ। ਇਹਨਾਂ ਦੇ ਨਾਲ ਕਸੂਰ ਦਾ ਨਿਜ਼ਾਮ-ਉਦ-ਦੀਨ ਵੀ ਆਣ ਮਿਲਿਆ, ਕਿਉਂਕਿ ਉਸ ਨੂੰ ਡਰ ਸੀ ਕਿ ਰਣਜੀਤ ਸਿੰਘ ਸ਼ੁਕਰਚੱਕੀਆ ਕਸੂਰ ਉੱਪਰ ਵੀ ਆਪਣਾ ਕਬਜ਼ਾ ਕਰਨ ਦਾ ਯਤਨ ਕਰ ਸਕਦਾ ਹੈ।

ਇਹਨਾਂ ਸਾਰਿਆਂ ਨੇ ਮਿਲ ਕੇ ਲਾਹੌਰ ਵੱਲ ਕੂਚ ਕਰ ਦਿੱਤਾ। ਉੱਧਰ ਜਦੋਂ ਰਣਜੀਤ ਸਿੰਘ ਨੂੰ ਇਹਨਾਂ ਦੇ ਹਮਲੇ ਬਾਰੇ ਪਤਾ ਲੱਗਿਆ, ਤਾਂ ਉਹ ਵੀ ਆਪਣੀ ਫ਼ੌਜ ਲੈ ਕੇ ਲਾਹੌਰੋਂ ਅੰਮ੍ਰਿਤਸਰ ਵੱਲ ਅੱਗੇ ਵਧਿਆ। ਦੋਵੇਂ ਧਿਰਾਂ ਪਿੰਡ ਭਸੀਨ ਦੇ ਨੇੜੇ ਇੱਕ-ਦੂਜੇ ਦੇ ਵਿਰੁੱਧ ਆਪੋ-ਆਪਣੇ ਮੋਰਚਿਆਂ ਉੱਤੇ ਡਟ ਗਈਆਂ। ਕੋਈ ਵੀ ਧਿਰ ਇੱਕ-ਦੂਜੇ ਉੱਪਰ ਹਮਲਾ ਕਰਨ ਤੋਂ ਝਿਜਕ ਰਹੀ ਸੀ, ਜਿਸ ਦਾ ਮੁੱਖ ਕਾਰਨ ਇੱਕ-ਦੂਜੇ ਦੀ ਤਾਕਤ ਦਾ ਸਹੀ ਅੰਦਾਜ਼ਾ ਨਹੀਂ ਹੋਣਾ ਸੀ। ਇੱਧਰ ਵੀ ਸਿੱਖ ਤੇ ਓਧਰ ਵੀ ਸਿੱਖ ਡਟੇ ਹੋਏ ਸਨ। ਜੇਕਰ ਇਹ ਲੜਾਈ ਹੁੰਦੀ, ਤਾਂ ਹਰ ਹਾਲਾਤ ਵਿੱਚ ਸਿੱਖ ਹੀ ਮਾਰੇ ਜਾਣੇ ਸਨ।

ਦੋ ਮਹੀਨੇ ਇਸੇ ਤਰ੍ਹਾਂ ਹੀ ਇੱਕ-ਦੂਜੇ ਦੇ ਵਿਰੁੱਧ ਡਟੇ ਰਹੇ। ਇੱਥੇ ਹੀ ਇੱਕ ਦਿਨ ਗੁਲਾਬ ਸਿੰਘ ਭੰਗੀ ਜ਼ਿਆਦਾ ਸ਼ਰਾਬ ਪੀਣ ਕਰ ਕੇ ਜਾਂ ਬਿਮਾਰੀ ਕਰ ਕੇ ਅਚਾਨਕ ਚਲਾਣਾ ਕਰ ਗਿਆ, ਜਿਸ ਕਰ ਕੇ ਉਸ ਦੀਆਂ ਫ਼ੌਜਾਂ ਵਿੱਚ ਨਿਰਾਸਤਾ ਛਾ ਗਈ ਅਤੇ ਭੰਗੀਆਂ ਨੇ ਮੈਦਾਨ ਛੱਡ ਜਾਣ ਦਾ ਫ਼ੈਸਲਾ ਕਰ ਲਿਆ। ਜਦੋਂ ਭੰਗੀਆਂ ਨੇ ਹੌਸਲੇ ਛੱਡੇ ਤਾਂ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫ਼ੌਜਾਂ ਲੈ ਕੇ ਵਾਪਸ ਮੁੜ ਆਇਆ, ਕਿਉਂਕਿ ਉਹ ਤਾਂ ਭੰਗੀਆਂ ਦੀ ਮਦਦ ਲਈ ਗਿਆ ਸੀ। ਇਸੇ ਤਰ੍ਹਾਂ ਰਣਜੀਤ ਸਿੰਘ ਆਪਣੀ ਫ਼ੌਜ ਲੈ ਕੇ ਵਾਪਸ ਲਾਹੌਰ ਚਲਿਆ ਗਿਆ ਲੜਾਈ ਹੁੰਦੀ ਹੁੰਦੀ ਟਲ਼ ਹੀ ਗਈ।

ਇਸ ਤੋਂ ਛੇਤੀ ਪਿੱਛੋਂ ਕਨ੍ਹਈਆ ਸਰਦਾਰਨੀ ਸਦਾ ਕੌਰ ਨੇ ਆਪਣੇ ਜਵਾਈ ਰਣਜੀਤ ਸਿੰਘ ਨੂੰ ਉਕਸਾਇਆ ਕਿ ਇਹ ਜੱਸਾ ਸਿੰਘ ਰਾਮਗੜ੍ਹੀਆ ਹੀ ਹੈ, ਜਿਹੜਾ ਬਾਕੀ ਸਰਦਾਰਾਂ ਨੂੰ ਇਕੱਠਾ ਕਰ ਕੇ ਸਾਡੇ ਉੱਪਰ ਹਮਲੇ ਵਾਸਤੇ ਲੈ ਕੇ ਆਇਆ ਸੀ, ਇਸ ਲਈ ਜੱਸਾ ਸਿੰਘ ਨੂੰ ਇਸ ਦੀ ਸਜ਼ਾ ਜ਼ਰੂਰ ਦੇਣੀ ਚਾਹੀਦੀ ਹੈ।

ਰਣਜੀਤ ਸਿੰਘ ਅਤੇ ਸਦਾ ਕੌਰ ਨੇ ਭਾਗ ਸਿੰਘ ਆਹਲੂਵਾਲੀਆ ਨੂੰ ਨਾਲ ਲੈ ਕੇ ਹੁਣ ਇੱਕ ਵਾਰੀ ਫਿਰ ਮਿਆਣੀ ਉੱਪਰ ਧਾਵਾ ਬੋਲ ਦਿੱਤਾ। ਜਦੋਂ ਇਹਨਾਂ ਨੇ ਇੱਥੇ ਪਹਿਲਾਂ ਹਮਲਾ ਕੀਤਾ ਸੀ, ਤਾਂ ਬਿਆਸ ਦਰਿਆ ਵਿੱਚ ਆਏ ਹੜ੍ਹ ਦੇ ਪਾਣੀ ਨੇ ਇਹਨਾਂ ਦਾ ਭਾਰੀ ਨੁਕਸਾਨ ਕਰ ਦਿੱਤਾ ਸੀ।

ਮਿਆਣੀ ਵਿਖੇ ਇੱਕ ਵਾਰ ਦੋਹਾਂ ਦਲਾਂ ਦਾ ਬੜਾ ਭਿਆਨਕ ਯੁੱਧ ਹੋਇਆ। ਰਾਮਗੜ੍ਹੀਆ ਫ਼ੌਜ ਨੇ ਬੜੀ ਜੰਮ ਕੇ ਤੇਗ਼ ਚਲਾਈ, ਪਰ ਰਣਜੀਤ ਸਿੰਘ ਇਸ ਵਾਰ ਇਸ ਕਿਲ੍ਹੇ ਨੂੰ ਆਪਣੇ ਕਬਜ਼ੇ ਵਿੱਚ ਕਰਨ 'ਚ ਸਫ਼ਲ ਹੋ ਗਿਆ। ਰਣਜੀਤ ਸਿੰਘ ਨੇ ਇਹ ਕਿਲ੍ਹਾ ਆਪਣੀ ਸੱਸ ਦੇ ਹਵਾਲੇ ਕਰ ਦਿੱਤਾ ਅਤੇ ਆਪ ਵਾਪਸ ਆ ਗਿਆ।

ਸ੍. ਜੱਸਾ ਸਿੰਘ ਨੇ ਹੁਣ ਆਪਣਾ ਸਾਰਾ ਧਿਆਨ ਸ੍ਰੀ ਹਰਿਗੋਬਿੰਦਪੁਰ ਦੀ ਸੁਰੱਖਿਆ ਵੱਲ ਕਰ ਲਿਆ। ਉਸ ਨੇ ਆਪਣੀ ਸਾਰੀ ਫ਼ੌਜੀ ਸ਼ਕਤੀ ਨੂੰ ਨਵੇਂ ਢੰਗ ਨਾਲ ਸੰਗਠਿਤ ਕਰਨਾ ਜ਼ਰੂਰੀ ਸਮਝਿਆ। ਸ੍. ਜੱਸਾ ਸਿੰਘ ਕੋਲ ਅਜੇ ਵੀ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਆਲ਼ੇ-ਦੁਆਲ਼ੇ ਬਹੁਤ ਸਾਰੇ ਉਪਜਾਊ ਇਲਾਕੇ ਸਨ। ਇਹਨਾਂ ਇਲਾਕਿਆਂ ਦੀ ਬਹੁਤ ਲੰਮੀ ਸਰਹੱਦ ਭਾਗ ਸਿੰਘ ਆਹਲੂਵਾਲੀਆ ਨਾਲ ਲੱਗਦੀ ਸੀ। ਵੈਸੇ ਵੀ ਭਾਗ ਸਿੰਘ ਆਹਲੂਵਾਲੀਆ ਸਾਰੀ ਉਮਰ ਰਾਮਗੜ੍ਹੀਆ ਸਰਦਾਰਾਂ ਦੇ ਵਿਰੁੱਧ ਹੀ ਰਿਹਾ।

ਸ੍. ਜੱਸਾ ਸਿੰਘ ਨੇ ਕਾਂਗੜੇ ਦੇ ਸੰਸਾਰ ਚੰਦ ਨੂੰ ਆਪਣੇ ਨਾਲ ਰਲਾ ਕੇ ਭਾਗ ਸਿੰਘ ਆਹਲੂਵਾਲੀਏ ਨੂੰ ਸਬਕ ਸਿਖਾਉਣ ਲਈ ਇੱਕ ਜ਼ਬਰਦਸਤ ਹਮਲਾ ਕਰ ਦਿੱਤਾ। ਭਾਗ ਸਿੰਘ ਆਪ ਤਾਂ ਮੁਕਾਬਲਾ ਕਰਨ ਨਾ ਆਇਆ, ਪਰ ਉਸ ਨੇ ਆਪਣੇ ਇੱਕ ਜਰਨੈਲ ਹਮੀਰ ਸਿੰਘ ਨੂੰ ਮੁਕਾਬਲਾ ਕਰਨ ਲਈ ਭੇਜਿਆ। ਹਮੀਰ ਸਿੰਘ ਜੱਸਾ ਸਿੰਘ ਦੀਆਂ ਫ਼ੌਜਾਂ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਆਪਣੀ ਫ਼ੌਜ ਦਾ ਭਾਰੀ ਨੁਕਸਾਨ ਕਰਵਾ ਕੇ ਆਪ ਜ਼ਖ਼ਮੀ ਹਾਲਤ ਵਿੱਚ ਫਗਵਾੜੇ ਜਾ ਬੈਠਾ। ਹੁਣ ਭਾਗ ਸਿੰਘ ਆਪ ਸਾਰੀ ਫ਼ੌਜ ਅਤੇ ਜੰਗੀ ਸਾਜ਼-ਸਾਨ ਲੈ ਕੇ ਹਮੀਰ ਸਿੰਘ ਦੀ ਸਹਾਇਤਾ ਲਈ ਉਸ ਕੋਲ ਪਹੁੰਚਿਆ, ਪਰ ਭਾਗ ਸਿੰਘ ਨੂੰ ਆਪਣੇ ਜਰਨੈਲ ਹਮੀਰ ਸਿੰਘ ਦੀ ਜੰਗ ਵਿੱਚ ਹੋਈ ਬੁਰੀ ਦੁਰਗਤ ਦੇਖ ਕੇ ਅਤੇ ਸਾਥੀਆਂ ਕੋਲੋਂ ਸੁਣ ਕੇ ਐਸਾ ਧੱਕਾ ਲੱਗਿਆ ਕਿ ਉਹ ਆਪ ਵੀ ਬਿਮਾਰ ਹੋ ਗਿਆ ਅਤੇ ਇਸ ਬਿਮਾਰੀ ਕਰ ਕੇ 1801 ਈ. ਵਿੱਚ ਅਕਾਲ ਚਲਾਣਾ ਕਰ ਗਿਆ।

ਸ੍. ਜੱਸਾ ਸਿੰਘ ਆਪ 80 ਸਾਲ ਦਾ ਬਜ਼ੁਰਗ ਹੋ ਗਿਆ ਸੀ, ਪਰ ਇਸ ਦਾ

ਰੋਹਬ ਇਤਨਾ ਸੀ ਕਿ ਅਜੇ ਵੀ ਇਸ ਦੇ ਦੁਸ਼ਮਣ ਇਸ ਦਾ ਨਾਮ ਸੁਣ ਕੇ ਕੰਬ ਜਾਂਦੇ ਸਨ। ਆਖ਼ਰਕਾਰ 18ਵੀਂ ਸਦੀ ਦਾ ਇਹ ਮਹਾਨ ਯੋਧਾ 20 ਅਪ੍ਰੈਲ, 1803 ਈ. ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਇਸ ਤੋਂ ਬਾਅਦ ਉਸ ਦਾ ਲੜਕਾ ਸ੍. ਜੋਧ ਸਿੰਘ ਮਿਸਲ ਦਾ ਸਰਦਾਰ ਬਣਿਆ।

ਸ੍. ਜੱਸਾ ਸਿੰਘ ਇੱਕ ਬੜਾ ਹੀ ਲਾਇਕ, ਦਾਨਾ ਤੇ ਬਹਾਦਰ ਆਦਮੀ ਸੀ। ਇਸ ਕਰ ਕੇ ਉਹਨੇ ਆਪਣੇ ਸਮੇਂ ਦੇ ਸਰਦਾਰਾਂ ਦੀ ਕਦੇ ਪ੍ਰਵਾਹ ਨਹੀਂ ਕੀਤੀ ਸੀ। ਇਸ ਦਾ ਐਨਾ ਦਬਦਬਾ ਤੇ ਰੋਅਬ ਸੀ ਕਿ ਦੂਜੇ ਸਰਦਾਰ ਇਹਦਾ ਨਾਮ ਸੁਣ ਕੇ ਡਰ ਜਾਂਦੇ ਸਨ। ਹੌਸਲੇ ਵਾਲਾ ਤੇ ਏਨਾ ਸੂਰਮਾ ਸੀ ਕਿ ਜਿੱਥੇ ਤੋਪਾਂ ਤੇ ਬੰਦੂਕਾਂ ਦੀਆਂ ਗੋਲ਼ੀਆਂ ਮੀਂਹ ਵਾਂਗ ਵਰ੍ਹਦੀਆਂ ਹੁੰਦੀਆਂ ਸਨ, ਉੱਥੇ ਨਿਡਰ ਹੋ ਕੇ ਅੱਪੜ ਜਾਂਦਾ ਸੀ। ਦਾਨੀ ਤੇ ਸ਼ਰਨ ਪਾਲ ਐਨਾ ਸੀ ਕਿ ਜੇ ਕੋਈ ਇਹਦੀ ਸ਼ਰਨ ਵਿੱਚ ਆ ਗਿਆ, ਤਾਂ ਇਹ ਉਹਦੀ ਰੱਖਿਆ ਲਈ ਆਪਣੀ ਜਾਨ ਤਕ ਵੀ ਦੇਣ ਨੂੰ ਤਯਾਰ ਹੋ ਜਾਂਦਾ ਸੀ। ਨਵਾਬ ਭੰਬੂ ਖ਼ਾਂ ਗ਼ੁਲਾਮ ਕਾਦਰ ਖ਼ਾਂ ਦਾ ਭਰਾ ਸ਼ਾਹ ਆਲਮ ਦਿੱਲੀ ਦੇ ਬਾਦਸ਼ਾਹ ਨੂੰ ਮਾਰ ਕੇ ਇਸ ਦੀ ਸ਼ਰਨ ਵਿੱਚ ਆ ਗਿਆ। ਇਸ ਨੇ ਮਾਝੇ ਦੇ ਇਲਾਕੇ ਵਿੱਚ ਇੱਕ ਪਿੰਡ ਜਾਗੀਰ ਦੇ ਕੇ ਇਸ ਨੂੰ ਉੱਥੇ ਰੱਖਿਆ। ਉਹਦਾ ਵਾਲ਼ ਵਿੰਗਾ ਨਹੀਂ ਹੋਣ ਦਿੱਤਾ। ਸਰਦਾਰ ਦਾ ਇੱਕ ਬ੍ਰਾਹਮਣ, ਜੋ ਮਹਾਰਾਜਾ ਰਣਜੀਤ ਸਿੰਘ ਦਾ ਦੋਸ਼ੀ ਸੀ, ਜਦ ਨੱਸ ਕੇ ਉਹਦੇ ਪਾਸ ਆਇਆ, ਤਦ ਇਹਨੇ ਚਾਰ ਮਹੀਨੇ ਤਕ ਉਹਦੇ ਵਾਸਤੇ ਲੜਾਈ ਜਾਰੀ ਰੱਖੀ, ਕਿੰਤੂ ਉਹਨੂੰ ਵਾਪਸ ਨਾ ਕੀਤਾ।

ਸ੍. ਜੱਸਾ ਸਿੰਘ ਦਾ ਪੁੱਤਰ ਸ੍. ਜੋਧ ਸਿੰਘ ਵੀ ਬੜਾ ਸਿਆਣਾ ਤੇ ਦੂਰ- ਅੰਦੇਸ਼ ਨਿਕਲਿਆ, ਜਿਸ ਨੇ ਆਪਣੇ ਬਾਪ ਦੀ ਜਗ੍ਹਾ ਬਹਿੰਦਿਆਂ ਹੀ ਸੰਸਾਰ ਚੰਦ ਨਾਲ ਦੋਸਤੀ ਪਾ ਲਈ। ਸ੍. ਜੋਧ ਸਿੰਘ ਨੇ ਗਡੋਮਾਲਾ, ਭੰਗਾ ਤੇ ਹੁਸ਼ਿਆਰਪੁਰ ਆਦਿਕ ਪਰਗਣਿਆਂ ਨੂੰ ਆਹਲੂਵਾਲੀਏ ਸਰਦਾਰ ਨਾਲ ਜੰਗ ਕਰ ਕੇ ਛੁਡਾ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਫਿਰ ਹੁਸ਼ਿਆਰਪੁਰ ਜੋ ਰਾਜੇ ਦੇ ਕਬਜ਼ੇ ਵਿੱਚ ਸੀ। ਬੈਹਗਾ ਕਵਾਰਾ ਨਵਾਬ ਭੰਬੂ ਖ਼ਾਂ ਨੂੰ ਜਾਗੀਰ ਵਿੱਚ ਦਿੱਤਾ ਤੇ ਮੇਹਰ ਸਿੰਘ, ਠਾਕੁਰ ਸਿੰਘ, ਹਜ਼ਾਰਾ ਸਿੰਘ ਆਦਿਕ ਸਰਦਾਰ ਨੇ ਜਿਨ੍ਹਾਂ ਵਿੱਚ ਫ਼ੌਜੀ ਸਰਦਾਰ ਵੀ ਸਨ, ਆਪਣੀ ਰਿਆਸਤ ਵਿੱਚੋਂ ਕੱਢ ਦਿੱਤੇ। ਜਿਨ੍ਹਾਂ ਨੂੰ ਫ਼ਤਿਹ ਸਿੰਘ ਆਹਲੂਵਾਲੀਆ ਨੇ ਆਪਣੀ ਰਿਆਸਤ ਵਿੱਚੋਂ ਕੱਢ ਦਿੱਤਾ ਸੀ, ਉਹਨਾਂ ਨੂੰ ਪੰਜ-ਪੰਜ ਪਿੰਡ ਜਾਗੀਰ ਦੇ ਕੇ ਆਪਣੇ ਪਾਸ ਰੱਖ ਲਏ।

ਸਰਦਾਰ ਗੁਰਦਿੱਤ ਸਿੰਘ ਭੰਗੀ ਤੇ ਲੱਛਮੀ ਫਗਵਾੜੇ ਵਾਲੀ, ਜੋ ਰਣਜੀਤ ਸਿੰਘ ਤੋਂ ਹਾਰ ਕੇ ਇਹਦੀ ਪਨਾਹ ਵਿੱਚ ਆਈ ਸੀ, ਤੇ ਮਹਾਰਾਜ ਦੀ ਕੁਝ ਪ੍ਰਵਾਹ ਨਾ ਕੀਤੀ। 1805 ਈ. 'ਚ ਉਸ ਦਾ ਚਾਚਾ ਤਾਰਾ ਸਿੰਘ ਮਰ ਗਿਆ। ਤਦ ਉਹਦੇ ਪੁੱਤਰ ਦੀਵਾਨ ਸਿੰਘ ਨੇ ਜੋਧ ਸਿੰਘ ਨਾਲ ਲੜ ਕੇ ਆਪਣੀ ਜਾਇਦਾਦ ਵੰਡ ਲਈ

ਤੇ ਕਾਦੀਆਂ ਦੇ ਤਅੱਲਕੇ ਦੇ 84 ਪਿੰਡਾਂ ਜਿਨ੍ਹਾਂ ਦੀ ਆਮਦਨੀ 8 ਲੱਖ ਸਾਲਾਨਾ ਸੀ, 'ਤੇ ਕਬਜ਼ਾ ਕਰ ਲਿਆ।

ਇਹਨਾਂ ਹੀ ਦਿਨਾਂ ਵਿੱਚ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ ਨੇ ਤਾਰਾ ਸਿੰਘ ਕਨ੍ਹਈਆ ਦੀ ਮਦਦ ਨਾਲ ਤੇ ਸਰਦਾਰਨ ਬਘੇਲ ਸਿੰਘ ਆਦਿ 20 ਹਜ਼ਾਰ ਦਾ ਲਸ਼ਕਰ ਇਕੱਠਾ ਕਰ ਕੇ ਸਰਦਾਰ ਜੋਧ ਸਿੰਘ ਦੇ ਇਲਾਕੇ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ। ਇੱਧਰੋਂ ਇਹ ਵੀ ਸਰਦਾਰ ਨਿਧਾਨ ਸਿੰਘ ਆਦਿਕ ਦੀ ਮਦਦ ਲੈ ਕੇ ਮੁਕਾਬਲੇ ਵਾਸਤੇ ਅੱਪੜ ਗਿਆ ਤੇ ਕਨਾਲਾ ਕਿਲ੍ਹੇ 'ਤੇ ਮੋਰਚਾ ਲੱਗਿਆ, ਕਿੰਤੂ ਸਰਦਾਰ ਜੋਧ ਸਿੰਘ ਦੀ ਹਿੰਮਤ ਤੇ ਦਲੇਰੀ ਨੇ ਸਰਦਾਰ ਫ਼ਤਿਹ ਸਿੰਘ ਦੀ ਕੋਈ ਪੇਸ਼ ਨਾ ਜਾਣ ਦਿੱਤੀ ਤੇ ਉਹਨੂੰ ਹਾਰ ਕੇ ਵਾਪਸ ਮੁੜਨਾ ਪਿਆ।

ਮਹਾਰਾਜਾ ਰਣਜੀਤ ਸਿੰਘ ਨੇ ਇਹ ਸਮਝ ਲਿਆ ਕਿ ਸਰਦਾਰ ਜੋਧ ਸਿੰਘ ਬੜਾ ਬਹਾਦਰ ਤੇ ਸਿਆਣਾ ਹੈ। ਸੋ, ਆਪਸ ਵਿੱਚ ਮਿੱਤਰ ਬਣ ਗਏ। ਦੋਹਾਂ ਨੇ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਦਰਬਾਰ ਸਾਹਿਬ ਜੀ ਵਿੱਚ ਮੁਲਾਕਾਤ ਕੀਤੀ ਤੇ ਦੋਹਾਂ ਨੇ ਆਪਸ ਵਿੱਚ ਹਮੇਸ਼ਾ ਸੁਲ੍ਹਾ ਰੱਖਣ ਲਈ ਸ੍ਰੀ ਦਰਬਾਰ ਸਾਹਿਬ ਜੀ ਦੀ ਹਜ਼ੂਰੀ ਵਿੱਚ ਪ੍ਰਤਿੱਗਿਆ ਕੀਤੀ।

ਸਰਦਾਰ ਜੋਧ ਸਿੰਘ ਹਮੇਸ਼ਾ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਮੁਲਤਾਨ ਤੇ ਕਸੂਰ ਆਦਿਕ ਲੜਾਈਆਂ ਵਿੱਚ ਸ਼ਾਮਲ ਹੋ ਕੇ ਸਹਾਇਤਾ ਕਰਦਾ ਰਿਹਾ। ਸ੍. ਜੋਧ ਸਿੰਘ ਦੀ ਮਦਦ ਨੂੰ ਦੇਖ ਕੇ ਰਣਜੀਤ ਸਿੰਘ ਨੇ 25 ਹਜ਼ਾਰ ਦੀ ਸਾਲਾਨਾ ਆਮਦਨੀ ਦੇ ਪਰਗਣੇ ਘੁੰਮਣ ਨੂੰ ਗੁਲਾਬ ਸਿੰਘ ਪਾਸੋਂ ਲੈ ਕੇ ਸਰਦਾਰ ਜੋਧ ਸਿੰਘ ਨੂੰ ਦਿੱਤੇ। ਫਿਰ 1811 ਈ. ਵਿੱਚ 11 ਪਿੰਡ ਸ਼ੇਖੂਪੁਰ ਦੇ ਇਲਾਕੇ ਦੇ, ਜਿਨ੍ਹਾਂ ਦੀ ਆਮਦਨ 12 ਹਜ਼ਾਰ ਰੁਪਯਾ ਸਾਲਾਨਾ ਸੀ ਬਖ਼ਸ਼ੇ। ਮਹਾਰਾਜਾ ਰਣਜੀਤ ਸਿੰਘ ਸ੍. ਜੋਧ ਸਿੰਘ ਦੀ ਐਨੀ ਇੱਜ਼ਤ ਕਰਦੇ ਸਨ ਕਿ ਦਰਬਾਰ ਵਿੱਚ ਬਾਬਾ ਜੀ ਕਹਿ ਕੇ ਆਪਣੇ ਪਾਸ ਬਿਠਾਉਂਦੇ ਸਨ। ਸੰਨ 1816 ਈ. ਨੂੰ ਜੋਧ ਸਿੰਘ ਚਲਾਨਾ ਕਰ ਗਿਆ। ਜੋਧ ਸਿੰਘ ਦੇ ਅਕਾਲ ਚਲਾਣੇ ਨਾਲ ਇਸ ਮਿਸਲ ਦਾ ਅਸਤਿਤਵ ਵੀ ਖ਼ਤਮ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇਹਨਾਂ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਰਾਮਗੜ੍ਹੀਆ ਬੁੰਗਾ ਅੱਜ ਵੀ ਇਸ ਮਿਸਲ ਦੇ ਸੁਨਹਿਰੀ ਇਤਿਹਾਸ ਦਾ ਪ੍ਰਤੀਕ ਹੈ।

## ਕਨ੍ਹਈਆ ਮਿਸਲ

ਕਨ੍ਹਈਆ ਮਿਸਲ ਦਾ ਸ਼ਜਰਾ




ਇਸ ਮਿਸਲ ਦਾ ਮੋਢੀ ਤੇ ਬਾਨੀ ਸਰਦਾਰ ਜੈ ਸਿੰਘ ਕਨ੍ਹਈਆ ਸੀ। ਉਹ ਪਿੰਡ ਕਾਨ੍ਹਾ ਦਾ ਰਹਿਣ ਵਾਲਾ ਸੀ, ਜਿਹੜਾ ਲਾਹੌਰ ਤੋਂ ਦੱਖਣ ਵੱਲ ਦਸ ਕੋਹ 'ਤੇ ਆਬਾਦ ਹੈ। ਇਸ ਲਈ ਉਸ ਨੂੰ ਸਰਦਾਰ ਜੈ ਸਿੰਘ ਕਨ੍ਹਈਆ ਕਹਿੰਦੇ ਸਨ, ਭਾਵ ਪਿੰਡ ਕਾਨ੍ਹਾ ਦਾ ਰਹਿਣ ਵਾਲਾ। ਇਸ ਦਾ ਪਿਤਾ ਖ਼ੁਸ਼ਹਾਲ ਸਿੰਘ ਇੱਕ ਸਧਾਰਨ ਆਦਮੀ ਸੀ। ਖ਼ੁਸ਼ਹਾਲ ਸੰਧੂ ਜੱਟ ਪਿੰਡ ਕਾਨ੍ਹਾ ਦਾ ਰਹਿਣ ਵਾਲਾ ਸੀ। ਉਹ ਅਤਿ ਗਰੀਬ ਤੇ ਆਤੁਰ ਸੀ। ਇੱਥੋਂ ਤਕ ਕਿ ਉਸ ਦਾ ਗੁਜ਼ਾਰਾ ਭੀਖ ਮੰਗਣ ਨਾਲ ਹੀ ਚਲਦਾ ਸੀ। ਉਸ ਦੇ ਦੋ ਪੁੱਤਰ ਸਨ: ਇੱਕ ਜੈ ਸਿੰਘ ਤੇ ਦੂਸਰੇ ਦਾ ਨਾਮ ਚੰਦਾ ਸਿੰਘ ਸੀ। ਇਹਨਾਂ ਵਿੱਚੋਂ ਜੈ ਸਿੰਘ, ਜਿਸ ਦਾ ਪਹਿਲਾ ਨਾਮ ਜੈ ਚੰਦ ਸੀ, ਬੜਾ ਹਿੰਮਤੀ ਤੇ ਦਾਈਏ ਵਾਲਾ ਸੀ। ਉਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਇਸ ਭੁੱਖ, ਗ਼ਰੀਬੀ ਤੇ ਦੁੱਖ ਦਲਿੱਦਰ ਤੋਂ ਛੁਟਕਾਰਾ ਪਾ ਕੇ ਕੁਝ ਹੱਥ-ਪੈਰ ਮਾਰੇ, ਤਾਂ ਜੋ ਸ਼ਾਇਦ ਇਸ ਤਰ੍ਹਾਂ ਰੱਬ ਮਿਹਰ ਕਰ ਦੇਵੇ ਤੇ ਮੁਸ਼ਕਲ ਅਸਾਨ ਹੋ ਜਾਵੇ। ਹਾਲੀ ਉਹ ਇਸ ਸੋਚ-ਵਿਚਾਰ ਵਿੱਚ

ਹੀ ਸੀ ਅਚਾਨਕ ਸਿੱਖਾਂ ਦੀ ਫ਼ਤਿਹ ਦੇ ਡੰਕੇ ਵੱਜਣ ਲੱਗੇ। ਉਸ ਨੇ ਵੀ ਸਿੱਖ ਬਣਨ ਦੀ ਨੀਅਤ ਧਾਰੀ, ਤਾਂ ਜੋ ਰਾਜ ਕਰ ਸਕੇ। ਉਸ ਨੇ ਵੀ ਪੱਕਾ ਨਿਸ਼ਚਾ ਕਰ ਲਿਆ ਤੇ ਸਰਦਾਰ ਕਪੂਰ ਸਿੰਘ ਫ਼ੈਜ਼ਪੁਰੀਆ ਦੀ ਸੇਵਾ ਵਿੱਚ ਹਾਜ਼ਰ ਹੋਇਆ ਤੇ ਪਾਹੁਲ ਲੈ ਲਈ ਤੇ ਸਿੰਘ ਸਜ ਗਿਆ। ਹੁਣ ਉਸ ਨੇ ਉਸ ਦੀ ਮਿਸਲ ਵਿੱਚ ਰਲ਼ ਕੇ ਬਹੁਤ ਸਾਰੇ ਦਲੇਰੀ ਭਰੇ ਕਾਰਨਾਮੇ ਕੀਤੇ। ਜੈ ਸਿੰਘ ਆਪਣੀ ਬੀਰਤਾ, ਧੀਰਤਾ ਤੇ ਗੰਭੀਰਤਾ ਦੇ ਕਾਰਨ ਪ੍ਰਸਿੱਧ ਸੀ। ਫਿਰ ਇਸ ਨੇ ਹਕੀਕਤ ਸਿੰਘ, ਮਹਤਾਬ ਸਿੰਘ, ਤਾਰਾ ਸਿੰਘ, ਜੀਵਨ ਸਿੰਘ ਅਤੇ ਹੋਰ ਬਹੁਤ ਸਾਰੇ ਭਾਈਬੰਦਾਂ ਨੂੰ ਆਪਣੇ ਨਾਲ ਸ਼ਾਮਲ ਕਰ ਕੇ ਤੁਰਕਾਂ ਦੀ ਸੋਧ ਕਰਨ ਦਾ ਬੀੜਾ ਚੁੱਕ ਲਿਆ। ਜਦੋਂ ਤੁਰਕਾਂ ਦੀ ਚੰਗੀ ਸੋਧ ਕਰਨ ਲੱਗ ਪਿਆ ਤਾਂ ਇਹ ਵੀ ਸਿੰਘਾਂ ਦੇ ਜਥਿਆਂ ਵਿੱਚ ਪ੍ਰਸਿੱਧ ਹੋ ਗਿਆ। ਫਿਰ ਇਸ ਨੇ 400 ਸਵਾਰ ਨਾਲ ਲੈ ਕੇ ਪਿੰਡ ਸੋਹੀਆਂ, ਜੋ ਕਿ ਅੰਮ੍ਰਿਤਸਰ ਤੋਂ 9 ਮੀਲ ਦੀ ਵਿੱਥ 'ਤੇ ਹੈ, ਜਾ ਕੇ ਅੱਡਰਾ ਜਥਾ ਬਣਾ ਲਿਆ ਤੇ ਇਸ ਇਲਾਕੇ ਦੇ ਜ਼ਾਲਮ ਤੁਰਕ ਹਾਕਮਾਂ ਦੀ ਸੋਧ ਕਰ ਕੇ ਕਬਜ਼ਾ ਕਰ ਲਿਆ। ਹਕੀਕਤ ਸਿੰਘ ਤੇ ਮਹਤਾਬ ਸਿੰਘ ਨੂੰ ਸੰਗਤਪੁਰੇ ਦੀ ਹਕੂਮਤ ਸਪੁਰਦ ਕੀਤੀ।

ਇਸ ਦਾ ਭਰਾ ਝੰਡਾ ਸਿੰਘ ਰਾਵਲਕੋਟ ਦੀ ਲੜਾਈ ਵਿੱਚ, ਜੋ ਨਿਧਾਨ ਸਿੰਘ ਰੰਧਾਵੇ ਨਾਲ ਹੋਈ ਸੀ, ਮਾਰਿਆ ਗਿਆ। ਇਸ ਦੀ ਤੀਵੀਂ ਨਾਲ ਜੈ ਸਿੰਘ ਨੇ ਅਨੰਦ ਪੜ੍ਹਾ ਲਿਆ, ਜਿਸ ਦੇ ਕਾਰਨ ਪਿੰਡ ਨਾਰਾ, ਮੁਕੇਰੀਆਂ, ਹਾਜੀਪੁਰ, ਦਾਤਾਰਪੁਰ, ਕਰਵਟ, ਅਡੀਆਂ, ਆਦਿਕ ਪਿੰਡਾਂ 'ਤੇ ਵੀ ਇਹਦਾ ਕਬਜ਼ਾ ਹੋ ਗਿਆ।

ਅਮਰ ਸਿੰਘ ਬਘਾਂ, ਝੰਡਾ ਸਿੰਘ ਬਾਕਰਪੁਰੀਆ, ਲੱਖਾ ਸਿੰਘ ਕਾਹਨੂਵਾਨ, ਅਮਰ ਸਿੰਘ ਖੋਖਰ, ਬੁੱਧ ਸਿੰਘ ਧਰਮਕੋਟੀਆ, ਝੰਡਾ ਸਿੰਘ ਕਰੋਹ ਆਦਿਕ ਵੱਡੇ ਵੱਡੇ ਸਰਦਾਰ ਇਹਦੇ ਨਾਲ ਸਨ। ਸੰਨ 1760 ਈ. ਵਿੱਚ ਇਸ ਦੇ ਘਰ ਲੜਕਾ ਹੋਇਆ, ਜਿਸ ਦਾ ਨਾਂ ਗੁਰਬਖ਼ਸ਼ ਸਿੰਘ ਰੱਖਿਆ। ਬਾਅਦ ਵਿੱਚ ਇਸ ਦਾ ਵਿਆਹ ਸਦਾ ਕੌਰ ਨਾਲ ਹੋਇਆ। ਹੌਲ਼ੀ ਹੌਲ਼ੀ ਜੈ ਸਿੰਘ ਨੇ ਪਠਾਨਕੋਟ, ਕੋਰਾਹਾ, ਹਾਲੀਪੁਰ, ਸੁਜਾਨਪੁਰ, ਦੀਨਾ ਨਗਰ, ਗੜ੍ਹਸ਼ੰਕਰ, ਆਦਿਕ ਬਹੁਤ ਸਾਰੇ ਇਲਾਕੇ ਆਪਣੇ ਕਬਜ਼ੇ ਵਿੱਚ ਕਰ ਲਏ। ਸਰਹੰਦ ਦੇ ਪੂਰਬੀ ਇਲਾਕੇ 'ਤੇ ਖ਼ਾਲਸੇ ਦੇ ਕਬਜ਼ੇ ਸਮੇਂ ਜੈ ਸਿੰਘ ਆਪਣੀ ਕੌਮ ਦੇ ਨਾਲ ਰਿਹਾ।

ਪਹਿਲਾਂ ਜੈ ਸਿੰਘ ਦੀ ਸ੍. ਜੱਸਾ ਸਿੰਘ ਰਾਮਗੜ੍ਹੀਆ ਨਾਲ ਬਹੁਤ ਗੂੜ੍ਹੀ ਦੋਸਤੀ ਸੀ, ਪਰੰਤੂ ਕਸੂਰ ਦੀ ਚੜ੍ਹਾਈ ਸਮੇਂ ਇਹਨਾਂ ਦੀ ਸੋਨੇ ਦੀ ਗਠੜੀ ਵਿੱਚੋਂ ਗਹਿਣਿਆਂ ਦੀ ਵੰਡ ਨੂੰ ਲੈ ਕੇ ਇਹਨਾਂ ਵਿੱਚ ਅਣ-ਬਣ ਹੋ ਗਈ। ਸੰਨ 1774 ਈ. ਵਿੱਚ ਜੰਮੂ ਦੀ ਲੜਾਈ ਵਿੱਚ ਜੈ ਸਿੰਘ ਨੇ ਧੋਖੇ ਨਾਲ ਭੰਗੀ ਮਿਸਲ ਦੇ ਸਰਦਾਰ ਝੰਡਾ ਸਿੰਘ ਨੂੰ ਮਰਵਾ ਦਿੱਤਾ। ਇਸ ਤਰ੍ਹਾਂ ਭੰਗੀ ਮਿਸਲ ਕਮਜ਼ੋਰ ਹੋ ਗਈ। 1775 ਈ. ਵਿੱਚ ਜੈ ਸਿੰਘ ਨੇ ਨੂਰਪੁਰ, ਚੰਬਾ, ਆਦਿਕ ਪਹਾੜੀ ਰਿਆਸਤਾਂ ਉੱਤੇ ਆਪਣੀ ਸਰਦਾਰੀ ਕਾਇਮ ਕਰ ਲਈ। ਪਹਿਲਾਂ ਇਹ ਰਿਆਸਤਾਂ ਰਾਮਗੜ੍ਹੀਆਂ ਦੇ ਅਧੀਨ ਸਨ।

1776 ਈ. ਵਿੱਚ ਕਨ੍ਹਈਆਂ ਨੇ ਆਹਲੂਵਾਲੀਆ, ਸ਼ੁਕਰਚੱਕੀਆ ਤੇ ਸੰਸਾਰ ਚੰਦ ਦੀ ਮਦਦ ਨਾਲ ਰਾਮਗੜ੍ਹੀਆਂ ਦਾ ਇਲਾਕਾ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ ਤੇ ਰਾਮਗੜ੍ਹੀਆ ਸਰਦਾਰ ਹਿਸਾਰ ਨੂੰ ਚਲੇ ਗਿਆ। ਸੰਨ 1781 ਈ. ਨੂੰ ਸ੍. ਹਕੀਕਤ ਸਿੰਘ ਨੇ ਰਾਜਾ ਜੰਮੂ ਬ੍ਰਿਜਰਾਜ ਦੇਵ ਦੀ ਮਦਦ ਭੰਗੀ ਮਿਸਲ ਦੇ ਵਿਰੁੱਧ ਕੀਤੀ, ਤਾਂ ਜੰਮੂ ਦੇ ਰਾਜੇ ਨੇ ਸ੍. ਹਕੀਕਤ ਸਿੰਘ ਦੀ ਅਧੀਨਗੀ ਪ੍ਵਾਨ ਕਰ ਕੇ ਖ਼ਰਾਜ ਦੇਣਾ ਸਵੀਕਾਰ ਕੀਤਾ।

ਪਹਾੜੀ ਰਿਆਸਤਾਂ ਵਿੱਚੋਂ ਸਭ ਤੋਂ ਪਹਿਲਾਂ ਕਟੋਚ ਦੇ ਰਾਜੇ ਘੁਮੰਡ ਚੰਦ ਨੇ ਸਿੱਖਾਂ ਦੀ ਈਨ ਮੰਨੀ ਸੀ। ਉਹ 1774 ਈ. ਵਿੱਚ ਮਰ ਗਿਆ ਸੀ। ਉਸ ਤੋਂ ਬਾਅਦ ਉਸ ਦਾ ਪੁੱਤਰ ਤੇਗ ਚੰਦ ਗੱਦੀ 'ਤੇ ਬੈਠਾ। ਉਹ 1776 ਈ. ਤਕ ਰਿਹਾ ਤੇ ਉਸ ਦੀ ਮੌਤ ਹੋ ਗਈ। ਫਿਰ ਉਸ ਦਾ ਪੁੱਤਰ ਸੰਸਾਰ ਚੰਦ ਰਾਜਾ ਬਣਿਆ। ਸੰਸਾਰ ਚੰਦ ਦੇ ਦਿਲ ਵਿੱਚ ਹਮੇਸ਼ਾ ਇਹੀ ਤਾਂਘ ਰਹਿੰਦੀ ਸੀ ਕਿ ਉਹ ਕਾਂਗੜੇ ਦਾ ਕਿਲ੍ਹਾ ਪ੍ਾਪਤ ਕਰੇ। ਉਸ ਵੇਲੇ ਕਾਂਗੜੇ ਉੱਤੇ ਮੁਗ਼ਲ ਫ਼ੌਜਦਾਰ ਸੈਫ਼ ਅਲੀ ਦਾ ਕਬਜ਼ਾ ਸੀ। ਸੰਸਾਰ ਚੰਦ ਨੇ ਸ੍. ਜੈ ਸਿੰਘ ਕਨ੍ਹਈਆ ਤੋਂ ਇਸ ਕੰਮ ਲਈ ਸਹਾਇਤਾ ਮੰਗੀ। ਸ੍. ਜੈ ਸਿੰਘ ਨੇ ਆਪਣੇ ਪੁੱਤਰ ਗੁਰਬਖ਼ਸ਼ ਸਿੰਘ ਤੇ ਸ੍. ਬਘੇਲ ਸਿੰਘ ਕਰੋੜ ਸਿੰਘੀਏ ਨੂੰ ਫ਼ੌਜ ਦੇ ਕੇ ਭੇਜਿਆ। ਉਹਨਾਂ ਨੇ 1782 ਈ. ਵਿੱਚ ਕਾਂਗੜੇ ਦੇ ਕਿਲ੍ਹੇ ਨੂੰ ਜਾ ਘੇਰਾ ਪਾਇਆ, ਜੋ ਕਿ ਲਗ-ਪਗ ਇੱਕ ਸਾਲ ਦੇ ਕਰੀਬ ਰਿਹਾ। 1783 ਈ. ਵਿੱਚ ਸੈਫ਼ ਅਲੀ ਕੁਦਰਤੀ ਮੌਤ ਮਰ ਗਿਆ ਤੇ ਮੌਕਾ ਤਾੜ ਕੇ ਸੰਸਾਰ ਚੰਦ ਨੇ ਕਿਲ੍ਹੇ ਅੰਦਰ ਸੈਫ਼ ਅਲੀ ਦੇ ਨੌਕਰਾਂ ਚਾਕਰਾਂ ਨਾਲ ਗੰਢ ਤੁਪ ਕਰ ਲਈ ਕਿ ਸਿੱਖਾਂ ਨੂੰ ਪਤਾ ਲੱਗੇ ਬਿਨਾਂ ਕਿਲ੍ਹੇ 'ਤੇ ਕਬਜ਼ਾ ਕਰ ਲਵੇ। ਸੈਫ਼ ਅਲੀ ਦੇ ਪੁੱਤਰ ਜੀਵਨ ਖ਼ਾਂ ਨੇ ਸਿੱਖਾਂ ਨਾਲ ਸੁਲ੍ਹਾ ਕਰ ਲਈ। ਸੋ, ਜਦ ਸੈਫ਼ ਅਲੀ ਦੀ ਅਰਥੀ ਕਿਲ੍ਹੇ ਤੋਂ ਬਾਹਰ ਨਿਕਲੀ, ਸਿੱਖਾਂ ਨੇ ਕਾਂਗੜੇ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸੰਸਾਰ ਚੰਦ ਨੇ ਵੀ ਜਾਂਚ ਲਿਆ ਸੀ ਕਿ ਮੁਸਲਮਾਨ ਮੋਰੇ ਕੋਲ ਇਸ ਕਿਲ੍ਹੇ ਦਾ ਕਬਜ਼ਾ ਨਹੀਂ ਰਹਿਣ ਦੇਣਗੇ। ਇਸ ਲਈ ਉਸ ਨੇ ਕਿਲ੍ਹੇ ਦਾ ਪ੍ਬੰਧ ਸਿੱਖਾਂ ਦੇ ਹੱਥ ਹੀ ਰਹਿਣ ਦਿੱਤਾ। ਸੋ, ਇਸ ਮਿਸਲ ਦਾ ਜ਼ੋਰ ਵੇਖ ਕੇ ਹੋਰ ਵੀ ਜਿੰਨੇ ਪਹਾੜੀ ਰਾਜੇ ਸਨ, ਸਾਰਿਆਂ ਨੇ ਸਰਦਾਰ ਜੈ ਸਿੰਘ ਦੀ ਅਧੀਨਗੀ ਪ੍ਵਾਨ ਕਰ ਲਈ।

ਸੰਨ 1781 ਈ. ਵਿੱਚ ਜੰਮੂ ਦਾ ਰਾਜਾ ਰਣਜੀਤ ਦੇਵ ਮਰ ਗਿਆ, ਤਾਂ ਉਸ ਦਾ ਪੁੱਤਰ ਬ੍ਰਿਜਰਾਜ ਦੇਵ ਗੱਦੀ 'ਤੇ ਬੈਠਿਆ। ਉਸ ਨੇ ਭੰਗੀ ਸਰਦਾਰਾਂ ਤੋਂ ਆਪਣੇ ਉਸ ਮੁਲਕ ਦਾ ਹਿੱਸਾ, ਜੋ ਉਹਨਾਂ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ, ਨੂੰ ਛੁਡਾਉਣ ਲਈ ਹਕੀਕਤ ਸਿੰਘ ਨੂੰ ਆਪਣੀ ਮਦਦ ਵਾਸਤੇ ਬੁਲਾ ਭੇਜਿਆ। ਜਦ ਇਹ ਆਪਣੇ ਲਸ਼ਕਰ ਨੂੰ ਲੈ ਕੇ ਕੜੀਆ ਵਾਲੇ ਜਾ ਉੱਤਰਿਆ, ਤਾਂ ਉਸ ਦੇ ਕਹਿਣ 'ਤੇ 34 ਹਜ਼ਾਰ ਰੁਪਏ ਦੇ ਬਦਲੇ ਉਸ ਦਾ ਇਲਾਕਾ ਦੇ ਦਿੱਤਾ। ਇਹ ਗੱਲ ਕਨ੍ਹਈਏ

ਸਰਦਾਰਾਂ ਨੂੰ ਬਹੁਤ ਗ਼ਲਤ ਲੱਗੀ। ਉਹਨਾਂ ਨੇ ਭੰਗੀ ਸਰਦਾਰ ਗੁੱਜਰ ਸਿੰਘ ਤੇ ਭਾਗ ਸਿੰਘ ਆਹਲੂਵਾਲੀਆ ਨੂੰ ਨਾਲ ਲੈ ਕੇ ਕੜੀਆ ਵਾਲਾ ਇਲਾਕਾ ਰਾਜੇ ਬ੍ਰਿਜਰਾਜ ਦੇਵ ਕੋਲੋਂ ਖੋਹ ਲਿਆ ਤੇ ਉਸ ਦੇ ਬਚਨ ਭੰਗ ਕਰਨ ਦੀ ਸਜ਼ਾ ਦੇਣ ਲਈ ਖ਼ਾਸ ਜੰਮੂ 'ਤੇ ਚੜ੍ਹਾਈ ਕਰ ਦਿੱਤੀ। ਅੰਤ ਨੂੰ ਜਦੋਂ ਰਾਜੇ ਨੇ ਦੇਖਿਆ ਕਿ ਸਿੰਘ ਸਰਦਾਰਾਂ ਨੂੰ ਜਿੱਤਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਤਾਂ ਉਸ ਨੇ 30 ਹਜ਼ਾਰ ਰੁਪਏ ਦੇਣਾ ਕਰ ਕੇ ਹਕੀਕਤ ਸਿੰਘ ਨੂੰ ਵਾਪਸ ਕਰ ਦਿੱਤਾ, ਪਰੰਤੂ ਜਦ ਇੱਕ ਸਾਲ ਬੀਤ ਗਿਆ ਤੇ ਨਿਯਤ ਕੀਤੀ ਰਕਮ ਹਕੀਕਤ ਸਿੰਘ ਕੋਲ ਨਾ ਪਹੁੰਚੀ, ਤਾਂ ਉਸ ਨੇ ਸਰਦਾਰ ਮਹਾਂ ਸਿੰਘ ਨੂੰ ਨਾਲ ਲੈ ਕੇ ਜੰਮੂ 'ਤੇ ਫਿਰ ਚੜ੍ਹਾਈ ਕਰ ਦਿੱਤੀ। ਮਹਾਂ ਸਿੰਘ ਨੇ ਚਪਰਾੜ ਵੱਲ ਕੂਚ ਕੀਤਾ ਤੇ ਹਕੀਕਤ ਸਿੰਘ ਨੇ ਜਫ਼ਰਵਾਲ ਵੱਲੋਂ ਜਾਣਾ ਕੀਤਾ। ਜਦੋਂ ਰਾਜਾ ਬ੍ਰਿਜਰਾਜ ਦੇਵ ਨੂੰ ਪਤਾ ਲੱਗਿਆ ਕਿ ਸਿੱਖ ਸਰਦਾਰਾਂ ਨੇ ਜੰਮੂ 'ਤੇ ਚੜ੍ਹਾਈ ਕਰ ਦਿੱਤੀ ਹੈ, ਇਹ ਜੰਮੂ ਛੱਡ ਕੇ ਨੱਸ ਗਿਆ। ਸ਼ਹਿਰ ਵਾਲਿਆਂ ਬੜੀ ਸਖ਼ਤ ਵਿਰੋਧਤਾ ਕੀਤੀ ਤੇ ਲੜਾਈ ਸ਼ੁਰੂ ਹੋ ਗਈ। ਜਿਸ 'ਤੇ ਸ਼ਹਿਰ ਨੂੰ ਅੱਗ ਲੱਗ ਗਈ। ਸਰਦਾਰ ਮਹਾਂ ਸਿੰਘ ਕਬਜ਼ਾ ਕਰਕੇ ਫਿਰ ਕੁਝ ਦਿਨਾਂ ਬਾਅਦ ਚਲਾ ਗਿਆ। ਕੁਝ ਸਮੇਂ ਬਾਅਦ 1782 ਈ. ਵਿੱਚ ਸ੍. ਹਕੀਕਤ ਸਿੰਘ ਮਰ ਗਿਆ। ਉਸ ਦਾ ਪੁੱਤਰ ਜੈਮਲ ਸਿੰਘ ਉਸ ਦੀ ਜਾਗੀਰ ਦਾ ਮਾਲਕ ਬਣਿਆ। ਹਕੀਕਤ ਸਿੰਘ ਦੇ ਮਰਨ ਦੀ ਖ਼ਬਰ ਸੁਣ ਕੇ ਜੈ ਸਿੰਘ ਕਨ੍ਹਈਏ ਨੇ ਜੈਮਲ ਸਿੰਘ ਨਾਲ ਦੁੱਖ ਸਾਂਝਾ ਕੀਤਾ, ਉਸ ਨੂੰ ਤਸੱਲੀ ਦਿੱਤੀ।

ਜੰਮੂ ਦੀ ਲੁੱਟ 'ਚੋਂ ਜੋ ਮਾਲ ਮਹਾਂ ਸਿੰਘ ਨੇ ਪ੍ਰਾਪਤ ਕੀਤਾ ਸੀ, ਉਸ ਨਾਲ ਜੈ ਸਿੰਘ ਤੇ ਮਹਾਂ ਸਿੰਘ ਵਿੱਚ ਫੁੱਟ ਪੈ ਗਈ। ਜੈ ਸਿੰਘ ਨੇ ਜੰਮੂ ਦੀ ਲੁੱਟ ਵਿੱਚੋਂ ਸ੍. ਹਕੀਕਤ ਸਿੰਘ ਦਾ ਹਿੱਸਾ ਮੰਗਿਆ, ਜਿਸ ਨੂੰ ਦੇਣ ਤੋਂ ਮਹਾਂ ਸਿੰਘ ਨੇ ਸਾਫ਼ ਇਨਕਾਰ ਕਰ ਦਿੱਤਾ। ਇਸੇ ਰੋਸ ਵਿੱਚ ਜੈ ਸਿੰਘ ਨੇ ਮਹਾਂ ਸਿੰਘ ਦੇ ਇਲਾਕੇ ਵਿੱਚ ਜਾ ਡੇਰਾ ਜਮਾਇਆ। ਨਕਈ ਸਿੰਘ, ਜੋ ਸ੍. ਮਹਾਂ ਸਿੰਘ ਦੇ ਰਿਸ਼ਤੇਦਾਰ ਸਨ, ਨੇ ਉਹਨਾਂ ਦੇ ਇਲਾਕੇ ਰਸੂਲਪੁਰ ਤੇ ਮੰਡਿਆਲਾ ਵਿੱਚ ਵੀ ਦਖ਼ਲ ਦੇ ਦਿੱਤਾ।

ਸ੍. ਮਹਾਂ ਸਿੰਘ ਜੈ ਸਿੰਘ ਨਾਲ ਸੰਬੰਧ ਸੁਧਾਰਨ ਲਈ ਦੀਵਾਲ਼ੀ 'ਤੇ ਜੈ ਸਿੰਘ ਕਨ੍ਹਈਏ ਨੂੰ ਮਿਲਣ ਅੰਮ੍ਰਿਤਸਰ ਗਿਆ ਤੇ ਸਤਿਕਾਰ ਵਜੋਂ ਮਿਠਿਆਈ ਲੈ ਕੇ ਹਾਜ਼ਰ ਹੋਇਆ। ਸ੍. ਜੈ ਸਿੰਘ ਨੇ ਫੇਰ ਜੰਮੂ ਦੀ ਲੁੱਟ ਵਿੱਚੋਂ ਹਕੀਕਤ ਸਿੰਘ ਦਾ ਹਿੱਸਾ ਮੰਗਿਆ। ਸ੍. ਮਹਾਂ ਸਿੰਘ ਹਿੱਸਾ ਦੇਣ ਲਈ ਤਿਆਰ ਨਾ ਹੋਇਆ, ਤਾਂ ਜੈ ਸਿੰਘ ਨੇ ਬੜਾ ਹੀ ਨਿਰਾਦਰ ਕਰ ਕੇ ਮਹਾਂ ਸਿੰਘ ਨੂੰ ਘਰੋਂ ਬਾਹਰ ਕੱਢਿਆ। ਮਹਾਂ ਸਿੰਘ ਨੇ ਇਸ ਨਿਰਾਦਰੀ ਦਾ ਬਦਲਾ ਲੈਣ ਲਈ ਸ੍. ਜੱਸਾ ਸਿੰਘ ਰਾਮਗੜ੍ਹੀਏ ਨੂੰ ਬੁਲਾ ਲਿਆ ਕਿ ਕਨ੍ਹਈਆ ਤੋਂ ਆਪਣਾ ਇਲਾਕਾ ਵਾਪਸ ਲਵੇ, ਮੈਂ ਮਦਦ ਕਰਾਂਗਾ।

ਜਦੋਂ ਸਰਦਾਰ ਜੈ ਸਿੰਘ ਨੂੰ ਪਤਾ ਲੱਗਾ ਕਿ ਸ੍. ਜੱਸਾ ਸਿੰਘ ਰਾਮਗੜ੍ਹੀਆ ਵਾਪਸ ਆਪਣੇ ਇਲਾਕੇ ਲੈਣ ਲਈ ਆ ਰਿਹਾ ਹੈ ਤੇ ਉਸ ਦੀ ਮਦਦ ਮਹਾਂ ਸਿੰਘ ਕਰ ਰਿਹਾ ਹੈ ਤੇ ਸੰਸਾਰ ਚੰਦ ਵੀ ਇਹਨਾਂ ਦੀ ਮਦਦ ਲਈ ਨਾਲ ਰਲ਼ ਗਿਆ ਹੈ, ਤਾਂ ਜੈ

ਸਿੰਘ ਨੇ ਗੁਰਬਖ਼ਸ਼ ਸਿੰਘ ਦੋਦੀਆ ਨੂੰ ਕੁਝ ਫ਼ੌਜ ਦੇ ਕੇ ਭੇਜਿਆ, ਤਾਂ ਜੁ ਬਿਆਸ ਤੋਂ ਪਾਰ ਜਾ ਕੇ ਉਹਨਾਂ ਨਾਲ ਲੜਾਈ ਸ਼ੁਰੂ ਕਰੇ ਤੇ ਉਸ ਨੂੰ ਉੱਥੇ ਹੀ ਰੋਕ ਦੇਵੇ। ਬੰਡਾਲੇ ਦੇ ਨੇੜੇ ਲੜਾਈ ਹੋਈ, ਜਿਸ ਵਿੱਚ ਗੁਰਬਖ਼ਸ਼ ਸਿੰਘ ਮਾਰਿਆ ਗਿਆ। ਜੱਸਾ ਸਿੰਘ ਰਾਮਗੜ੍ਹੀਆ ਜਿੱਤ ਦਾ ਡੰਕਾ ਵਜਾਉਂਦਾ ਹੋਇਆ ਅੱਗੇ ਵਧਿਆ ਤਾਂ ਐਨੇ ਸਮੇਂ ਵਿੱਚ ਇਸ ਨਾਲ ਮਹਾਂ ਸਿੰਘ ਤੇ ਸੰਸਾਰ ਚੰਦ ਵੀ ਆਣ ਮਿਲੇ। ਸ੍. ਜੱਸਾ ਸਿੰਘ ਰਾਮਗੜ੍ਹੀਆ ਦਾ ਦੂਜਾ ਟਾਕਰਾ ਕਨ੍ਹਈਏ ਨਾਲ ਬਟਾਲੇ ਦੇ ਨੇੜੇ ਹੋਇਆ, ਲਗ-ਪਗ ਛੇ ਘੰਟੇ ਤਕ ਦੋਹਾਂ ਪਾਸਿਆਂ ਤੋਂ ਲੜਾਈ ਦਾ ਮੈਦਾਨ ਗਰਮ ਰਿਹਾ। ਤੀਰ ਤੇ ਗੋਲ਼ੀਆਂ ਮੀਂਹ ਵਾਂਗ ਵਰ੍ਹਦੀਆਂ ਰਹੀਆਂ। ਇੰਨੇ ਵਿੱਚ ਹੀ ਸ੍. ਜੱਸਾ ਸਿੰਘ ਵੱਲੋਂ ਛੱਡਿਆ ਤੀਰ ਸ੍. ਗੁਰਬਖ਼ਸ਼ ਸਿੰਘ ਨੂੰ ਵਿੰਨ੍ਹ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਆਪਣੇ ਲੜਕੇ ਦੀ ਮੌਤ ਸੁਣ ਕੇ ਜੈ ਸਿੰਘ ਪਾਗਲਾਂ ਵਾਂਗ ਰੋਣ ਲੱਗ ਪਿਆ। ਪੁੱਤਰ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ ਸੀ। ਕਨ੍ਹਈਆ ਦੀ ਫ਼ੌਜ ਜੰਗ ਦੇ ਮੈਦਾਨ ਵਿੱਚੋਂ ਪਿੱਛੇ ਹੱਟ ਗਈ। ਹੁਣ ਕਨ੍ਹਈਆ ਸਰਦਾਰ ਹਰ ਪਾਸਿਉਂ ਘਿਰ ਚੁੱਕਾ ਸੀ। ਉਸ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਤੇ ਸ੍. ਜੱਸਾ ਸਿੰਘ ਰਾਮਗੜ੍ਹੀਆ ਤੋਂ ਪੁੱਤਰ ਦਾ ਬਦਲਾ ਲੈਣ ਲਈ ਗੁਰਬਖ਼ਸ਼ ਸਿੰਘ ਦੀ ਲੜਕੀ ਦਾ ਰਿਸ਼ਤਾ ਸ੍. ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰ ਕੇ ਸ੍. ਮਹਾਂ ਸਿੰਘ ਨਾਲ ਸੁਲ੍ਹਾ ਕਰ ਲਈ। ਕਾਂਗੜੇ ਦਾ ਕਿਲ੍ਹਾ ਸੰਸਾਰ ਚੰਦ ਦੇ ਹਵਾਲੇ ਕਰ ਦਿੱਤਾ ਗਿਆ। ਇਸ ਤੋਂ ਇੱਕ ਸਾਲ ਬਾਅਦ ਜੈ ਸਿੰਘ ਨੇ ਆਪਣੀ ਪੋਤੀ ਮਹਿਤਾਬ ਕੌਰ ਦਾ ਵਿਆਹ ਰਣਜੀਤ ਸਿੰਘ ਨਾਲ ਕਰ ਦਿੱਤਾ। ਵਿਆਹ ਤੋਂ ਕੁਝ ਦੇਰ ਬਾਅਦ ਜੈ ਸਿੰਘ ਕਨ੍ਹਈਆ ਅਕਾਲ ਚਲਾਣਾ ਕਰ ਗਿਆ, ਤਾਂ ਮਿਸਲ ਦੀ ਸਰਦਾਰੀ ਉਸ ਦੀ ਨੂੰਹ ਸਦਾ ਕੌਰ ਨੇ ਸੰਭਾਲ ਲਈ। ਸਦਾ ਕੌਰ ਬਹੁਤ ਹੀ ਚੁਸਤ ਤੇ ਚਲਾਕ ਔਰਤ ਸੀ। ਉਹ ਬੜੇ ਹੌਸਲੇ ਵਾਲੀ ਤੇ ਰਾਜਸੀ ਤਾਕਤ ਹਾਸਲ ਕਰਨ ਦੀ ਤੀਬਰ ਇੱਛਾ ਰੱਖਣ ਵਾਲੀ ਔਰਤ ਸੀ। ਇਸ ਨੇ ਆਪਣੇ ਜਵਾਈ ਰਣਜੀਤ ਸਿੰਘ ਦੀ ਬਹੁਤ ਮਦਦ ਕੀਤੀ। ਲਾਹੌਰ ਤੇ ਅੰਮ੍ਰਿਤਸਰ ਦਾ ਮਾਲਕ ਬਣਨ ਵਿੱਚ ਸਦਾ ਕੌਰ ਨੇ ਮਹਾਰਾਜੇ ਦਾ ਪੂਰਾ ਸਾਥ ਦਿੱਤਾ। ਉਹਦੇ ਦਿਲ ਵਿੱਚ ਬੜੀਆਂ ਰੀਝਾਂ ਸਨ ਕਿ ਰਣਜੀਤ ਸਿੰਘ ਦਾ ਵਲੀ ਅਹਿਦ (ਉਹਦੇ ਪਿੱਛੋਂ ਤਖ਼ਤ ਦਾ ਵਾਰਸ) ਉਸ ਦਾ ਦੋਹਤਾ ਬਣੇਗਾ ਤੇ ਸਿੱਖ ਰਾਜ ਵਿੱਚ ਉਹਦਾ ਉੱਚਾ ਰੁਤਬਾ ਤੇ ਅਧਿਕਾਰ ਹੋਵੇਗਾ, ਪਰ ਉਸ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ, ਜਦੋਂ ਰਣਜੀਤ ਸਿੰਘ ਦੇ ਘਰ ਜੇਠਾ ਪੁੱਤਰ ਖੜਕ ਸਿੰਘ 1802 ਈ. ਵਿੱਚ ਰਾਣੀ ਨਕਾਇਣ ਦੇ ਘਰ ਜਨਮਿਆ। ਮਹਿਤਾਬ ਕੌਰ ਦੀ ਕੁੱਖੋਂ ਸ਼ੇਰ ਸਿੰਘ 1807 ਈ. ਵਿੱਚ ਜਨਮਿਆ। ਸ਼ੇਰ ਸਿੰਘ ਤਾਰਾ ਸਿੰਘ ਜੋੜੇ ਸਦਾ ਕੌਰ ਕੋਲ ਹੀ ਪਲੇ ਸਨ।

ਸਦਾ ਕੌਰ ਨੇ ਆਪਣੀ ਮਿਸਲ ਨੂੰ ਵੀ ਕਾਇਮ ਰੱਖਿਆ ਤੇ ਸ੍. ਰਣਜੀਤ ਸਿੰਘ ਦੀ ਮਦਦ ਵੀ ਕਰਦੀ ਰਹੀ। ਮਹਾਰਾਜਾ ਰਣਜੀਤ ਸਿੰਘ ਨੇ ਕਲਾਨੌਰ, ਦੀਨਾ ਨਗਰ

ਦੇ ਇਲਾਕੇ ਆਪਣੀ ਸਲਤਨਤ ਵਿੱਚ ਮਿਲਾ ਲਏ ਸਨ ਤੇ ਸਦਾ ਕੌਰ ਨੂੰ ਇੱਕ ਪਰਗਣਾ ਤੇ ਕਿਲ੍ਹਾ ਅਟਲਗੜ੍ਹ ਦੇ ਦਿੱਤੇ। ਉਸ ਨੇ ਅੱਗੋਂ ਆਪਣੇ ਦੋਹਤੇ ਸ਼ੇਰ ਸਿੰਘ ਤੇ ਤਾਰਾ ਸਿੰਘ ਨੂੰ, ਜੋ ਮਹਾਰਾਜਾ ਰਣਜੀਤ ਸਿੰਘ ਦੇ ਲੜਕੇ ਸਨ, ਨੂੰ ਦੇ ਦਿੱਤੇ।

ਕੁਝ ਸਮੇਂ ਬਾਅਦ ਸਦਾ ਕੌਰ ਚਲਾਣਾ ਕਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਹੇਮ ਸਿੰਘ ਨੂੰ, ਜੋ ਸਰਦਾਰ ਜੈ ਸਿੰਘ ਕਨ੍ਹਈਏ ਦਾ ਭਤੀਜਾ ਸੀ, 40 ਹਜ਼ਾਰ ਦਾ ਇਲਾਕਾ ਦੇ ਕੇ ਆਪਣੇ ਅਧੀਨ ਕਰ ਲਿਆ। ਫਿਰ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਫ਼ਤਿਹ ਕੀਤਾ ਤਾਂ ਉਸ ਨੂੰ ਖਡੀਆਂ ਦਾ ਦਸ ਹਜ਼ਾਰ ਦਾ ਇਲਾਕਾ ਹੋਰ ਬਖ਼ਸ਼ਿਆ। ਹੇਮ ਸਿੰਘ ਦੇ ਮਰਨ ਪਿੱਛੋਂ ਉਸ ਦਾ ਲੜਕਾ ਅਮਰ ਸਿੰਘ ਗੱਦੀ 'ਤੇ ਬੈਠਾ। ਉਸ ਨੂੰ ਮਹਾਰਾਜਾ ਨੇ ਮੁਲਤਾਨ ਤੇ ਕਸ਼ਮੀਰ ਦੀ ਲੜਾਈ 'ਤੇ ਭੇਜਿਆ। ਉੱਥੋਂ ਮੁੜ ਕੇ ਆਉਣ 'ਤੇ ਉਸ ਨੂੰ ਕੰਜਰੀ ਦੇ ਪੁਲ ਦਾ ਕੰਮ ਸੌਂਪਿਆ ਗਿਆ, ਜਿਥੇ 1826 ਈ. ਨੂੰ ਮਰ ਗਿਆ। ਉਸ ਤੋਂ ਪਿੱਛੋਂ ਸਰੂਪ ਸਿੰਘ, ਅਨੂਪ ਸਿੰਘ, ਅਤਰ ਸਿੰਘ ਉਹਦੇ ਤਿੰਨ ਲੜਕੇ, 30 ਹਜ਼ਾਰ ਦੀ ਜਾਗੀਰ ਦੇ ਮਾਲਕ ਬਣੇ। 1834 ਈ. ਸਰੂਪ ਸਿੰਘ ਦੇ ਮਰਨ ਪਿੱਛੋਂ ਲਾਹੌਰ ਦੀ ਸਰਕਾਰ ਨੇ ਉਹਨਾਂ ਦੀ ਜਾਗੀਰ ਜ਼ਬਤ ਕਰ ਲਈ। ਹੁਣ ਉਹਨਾਂ ਦੀ ਔਲਾਦ ਦੇ ਅਧੀਨ ਕੇਵਲ ਇੱਕ ਪਿੰਡ ਰੁੱਖਾਂ ਵਾਲਾ ਰਹਿ ਗਿਆ। ਅਤਰ ਸਿੰਘ ਦਾ ਪੁੱਤਰ ਮੇਘ ਸਿੰਘ ਸਰਕਾਰੀ ਰਸਾਲੇ ਵਿੱਚ ਨੌਕਰ ਹੋ ਗਿਆ, ਉਹਦੇ ਪਾਸ ਦੋ ਪਿੰਡ ਸਨ। ਇਸ ਖ਼ਾਨਦਾਨ ਵਿੱਚੋਂ ਸਭ ਤੋਂ ਵੱਡੇ ਸਰਦਾਰ ਜਗਤ ਸਿੰਘ ਪਾਸ 1125 ਏਕੜ ਜ਼ਮੀਨ ਸੀ।

## ਨਕਈਆ ਮਿਸਲ

ਨਕਈਆ ਮਿਸਲ ਦਾ ਸ਼ਜਰਾ




ਸਰਦਾਰ ਹੀਰਾ ਸਿੰਘ ਦੇ ਪਿਤਾ ਦਾ ਨਾਮ ਚੌਧਰੀ ਹੇਮ ਰਾਜ, ਪਿੰਡ ਭੜਵਾਲ, ਪਰਗਣਾ ਚੂਨੀਆਂ ਦੇ ਵਸਨੀਕ ਇਸ ਮਿਸਲ ਦੇ ਮਾਲਕ ਸਨ। ਇਹਨਾਂ ਦਾ ਜਨਮ 1706 ਈ. ਵਿੱਚ ਹੋਇਆ। ਜਦੋਂ ਇਹ ਜਵਾਨ ਹੋਏ ਤਾਂ ਸਿੱਖ ਮਜ਼ਹਬ ਧਾਰਣ ਕੀਤਾ ਤੇ ਸਿੰਘਾਂ ਦੇ ਜਥਿਆਂ ਵਿੱਚ ਸ਼ਾਮਲ ਹੋਏ ਤੇ ਦੇਸ਼-ਕੌਮ ਦੀ ਸੇਵਾ ਲਈ ਹਾਜ਼ਰ ਰਹਿੰਦੇ ਸਨ। ਇਹ ਬਹੁਤ ਹੌਸਲੇ ਵਾਲੇ ਤੇ ਜਵਾਂ ਮਰਦ ਸਨ। ਸਰਹੰਦ ਤੇ ਕਸੂਰ ਦੀਆਂ ਲੜਾਈਆਂ ਵਿੱਚ ਇਹਨਾਂ ਬਹੁਤ ਵੱਡਾ ਨਾਮ ਕਮਾਇਆ ਤੇ ਹੋਰ ਸਰਦਾਰਾਂ ਵਾਂਗ ਆਪਣਾ ਜਥਾ ਬਣਾ ਕੇ ਜ਼ਾਲਮ ਹਾਕਮਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ। ਪਹਿਲਾਂ-ਪਹਿਲਾਂ ਇਨ੍ਹਾਂ ਨੇ ਆਪਣੇ ਇਲਾਕੇ ਦੇ ਕੱਚੇ-ਪਿੱਲੇ ਤੇ ਹੋਰ ਬਦਮਾਸ਼ਾਂ ਨੂੰ ਸੋਧ ਕਰ ਕੇ ਕਬਜ਼ੇ ਵਿੱਚ ਲਿਆ। ਫਿਰ ਆਪਣਾ ਜਥਾ ਤਕੜਾ ਬਣਾ ਕੇ ਦੂਜੇ ਇਲਾਕਿਆਂ

ਵਿੱਚ ਵੀ ਫਿਰਨ ਲੱਗੇ। ਦ੍ਰਿੜ੍ਹ ਸੰਕਲਪ ਤੇ ਬਹਾਦਰ ਹੋਣ ਕਾਰਨ ਜਿੱਧਰ ਕਦਮ ਉਠਾਏ, ਫ਼ਤਿਹ ਨੇ ਹਮੇਸ਼ਾ ਪੈਰ ਚੁੰਮੇ, 1750 ਈ. ਵਿੱਚ ਕਲਨਕਾ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। ਕਮਰ ਸਿੰਘ ਚੀਮਾ, ਲਾਲ ਸਿੰਘ, ਰੂਪਾ ਸਿੰਘ ਗੱਲਾ, ਲੈਲ ਸਿੰਘ ਵੈੜਾ, ਲਾਲ ਸਿੰਘ ਸਬੀ, ਨੱਥਾ ਸਿੰਘ ਧੌਲ, ਸਦਾ ਸਿੰਘ ਹਾਂਡਾ ਨਿੱਕਾਦੇ ਇਲਾਕੇ ਦੇ ਸਾਰੇ ਸਰਦਾਰ ਇਨ੍ਹਾਂ ਦੇ ਸਾਥ ਹੋ ਗਏ। ਇਸੇ ਕਰ ਕੇ ਇਸ ਮਿਸਲ ਦਾ ਨਾਮ ਨਕਈ ਮਿਸਲ ਹੋ ਗਿਆ। 8 ਹਜ਼ਾਰ ਸਵਾਰ ਹੀਰਾ ਸਿੰਘ ਦੇ ਨਾਲ ਰਹਿਣ ਲੱਗਾ ਤੇ ਭੜਵਾਲ, ਚੁਨੀਆ, ਦੀਪਾਲਪੁਰ, ਕੰਗਨਪੁਰ, ਜੇਠਪੁਰਾ, ਖਡੀਆ, ਮੁਸਤਫ਼ਾਬਾਦ, ਸ਼ੇਰਗੜ੍ਹ, ਦੇਵ ਸਾਲ, ਫ਼ਰੀਦਾਬਾਦ, ਮੰਦਾਰ, ਜਮੇਰ, ਮਾਗਾ, ਆਦਿਕ 45 ਲੱਖ ਦੇ ਮੁਲਕ 'ਤੇ ਕਬਜ਼ਾ ਕਰ ਲਿਆ।

ਇਹਨਾਂ ਦਿਨਾਂ ਵਿੱਚ ਸ਼ੇਖ ਸੁਬਹਾਨ ਖ਼ਾਂ ਕੁਰੈਸ਼ੀ ਰਈਸ ਪਾਕ ਪਟਨ ਗਊ-ਹੱਤਿਆ ਦਾ ਬੜਾ ਜ਼ੋਰ ਦਿੰਦਾ ਸੀ ਤੇ ਉਹਦੀ ਹਿੰਦੂ ਪਰਜਾ ਬੜੇ ਦੁੱਖਾਂ ਵਿੱਚ ਸੀ। ਹਿੰਦੂਆਂ ਦੇ ਫ਼ਰਿਆਦੀ ਹੋਣ 'ਤੇ ਕਈ ਵਾਰ ਹੀਰਾ ਸਿੰਘ ਨੇ ਇਹਨੂੰ ਇਸ ਗੱਲ ਤੋਂ ਰੋਕਿਆ ਕਿ ਪਰਜਾ ਦੇ ਮਜ਼ਹਬੀ ਹੱਕ 'ਤੇ ਸੱਟ ਨਾ ਮਾਰੋ, ਪ੍ਰੰਤੂ ਜਦ ਉਸ ਨੇ ਇਹ ਗੱਲ ਨਾ ਮੰਨੀ ਤਾਂ 1769 ਈ. ਵਿੱਚ ਹੀਰਾ ਸਿੰਘ ਨੇ ਆਖ਼ਰ ਨੂੰ ਉਸ 'ਤੇ ਚੜ੍ਹਾਈ ਕਰ ਦਿੱਤੀ। ਦੂਸਰੇ ਪਾਸੇ ਸਾਰੇ ਮੁਸਲਮਾਨ ਇਕੱਠੇ ਹੋ ਗਏ। ਅਚਨਚੇਤ ਲੜਾਈ ਵਿੱਚ ਹੀਰਾ ਸਿੰਘ ਗੋਲ਼ੀ ਲੱਗਣ ਨਾਲ ਮਾਰਿਆ ਗਿਆ। ਆਖ਼ਰ ਲਾਚਾਰ ਹੋਈ ਫ਼ੌਜ ਨੂੰ ਵਾਪਸ ਮੁੜਨਾ ਪਿਆ। ਹੀਰਾ ਸਿੰਘ ਦਾ ਬੇਟਾ ਦਲ ਸਿੰਘ ਉਸ ਵੇਲੇ ਐਨਾ ਹੁਸ਼ਿਆਰ ਨਹੀਂ ਸੀ। ਇਸ ਲਈ ਉਸ ਦੇ ਚਾਚੇ ਦਾ ਪੁੱਤ ਭਰਾ ਨਾਹਰ ਸਿੰਘ ਉਸ ਦੀ ਜਗ੍ਹਾ 'ਤੇ ਬੈਠਾ। ਇਹ ਵੀ ਬਹੁਤ ਥੋੜ੍ਹੇ ਦਿਨਾਂ ਦਾ ਮਹਿਮਾਨ ਰਿਹਾ ਤੇ ਤਪਦਿਕ ਦੀ ਬਿਮਾਰੀ ਨਾਲ ਕੁਝ ਮਹੀਨਿਆਂ ਪਿੱਛੋਂ ਅਕਾਲ ਚਲਾਣਾ ਕਰ ਗਿਆ। ਇਸ ਤੋਂ ਪਿੱਛੋਂ ਇਸ ਦਾ ਛੋਟਾ ਭਰਾ ਰਣ ਸਿੰਘ ਮਿਸਲ ਦਾ ਸਰਦਾਰ ਬਣਿਆ। ਇਹ ਬਹੁਤ ਹੁਸ਼ਿਆਰ ਅਤੇ ਸੂਝਵਾਨ ਵਿਅਕਤੀ ਸੀ। ਇਸ ਨੇ ਮਿਸਲ ਨੂੰ ਬਹੁਤ ਵਧਾਇਆ। ਇਸ ਨੇ ਬਹੁਤ ਵਧੀਆ ਤਗੜੇ 20 ਹਜ਼ਾਰ ਦੇ ਕਰੀਬ ਨੌਜਵਾਨ ਆਪਣੇ ਨਾਲ ਕਰ ਲਏ। ਉਹਨਾਂ ਨੂੰ ਹਥਿਆਰਾਂ ਨਾਲ ਸੁਸੱਜਿਤ ਕਰ ਕੇ ਆਪਣੇ ਨਾਲ ਰੱਖਣ ਲੱਗਾ। ਪਿੰਡ ਕੋਟ ਕਮਾਲੀਆ, ਗਲਗੀਰਾਂ ਖਰਲ ਤੇ ਕੁਝ ਹਿੱਸਾ ਤਹਿਸੀਲ ਸਰਕਪੁਰ ਦਾ ਇਸ ਨੇ ਆਪਣੇ ਮਾਤਹਿਤ ਕਰ ਲਿਆ। ਸੱਯਦ ਵਾਲੇ ਕਪੂਰ ਸਿੰਘ ਨਾਲ ਜਦੋਂ ਇਸ ਦੀ ਲੜਾਈ ਹੋਈ, ਤਾਂ ਉਸ ਨੂੰ ਸ਼ਿਕਸਤ ਦੇ ਕੇ ਉਹਦੇ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। 1782 ਈ. ਇਹ ਸਰਦਾਰ ਚਲਾਣਾ ਕਰ ਗਿਆ। ਇਸ ਦੇ ਤਿੰਨ ਬੇਟੇ ਭਗਵਾਨ ਸਿੰਘ, ਖ਼ਜ਼ਾਨ ਸਿੰਘ ਤੇ ਗਿਆਨ ਸਿੰਘ ਸਨ। ਭਗਵਾਨ ਸਿੰਘ ਆਪਣੇ ਬਾਪ ਦੀ ਥਾਂ ਮਿਸਲ ਦਾ ਸਰਦਾਰ ਬਣਿਆ, ਪਰੰਤੂ ਇਹ ਆਪਣੀ ਜਾਇਦਾਦ ਸੰਭਾਲ ਨਹੀਂ ਸਕਿਆ ਤੇ ਵਜ਼ੀਰ ਸਿੰਘ, ਕੰਵਰ ਸਿੰਘ ਦੇ ਭਰਾ, ਨੇ ਇਸ ਦਾ ਬਹੁਤ

ਸਾਰਾ ਇਲਾਕਾ ਕਬਜ਼ੇ ਹੇਠ ਕਰ ਲਿਆ। ਭਗਵਾਨ ਸਿੰਘ ਨੇ ਆਪਣੀ ਭੈਣ ਦਾ ਰਿਸ਼ਤਾ ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰ ਦਿੱਤਾ, ਜਿਸ 'ਤੇ ਮਹਾਰਾਜਾ ਰਣਜੀਤ ਸਿੰਘ ਉਸ ਦੀ ਮਦਦ 'ਤੇ ਆ ਗਿਆ ਤੇ ਜਿਹੜਾ ਇਲਾਕਾ ਵਜ਼ੀਰ ਸਿੰਘ ਨੇ ਆਪਣੇ ਕਬਜ਼ੇ ਹੇਠ ਕੀਤਾ ਸੀ ਉਹ ਸਾਰਾ ਛੁਡਾ ਲਿਆ। ਫਿਰ 1788 ਈ. ਨੂੰ ਮਹਾਂ ਸਿੰਘ ਨੇ ਭਗਵਾਨ ਸਿੰਘ ਤੇ ਵਜ਼ੀਰ ਸਿੰਘ ਨੂੰ ਅੰਮ੍ਰਿਤਸਰ ਬੁਲਾ ਕੇ ਪਹਿਲਾਂ ਇਹਨਾਂ ਦੀ ਆਪਸ ਵਿੱਚ ਸੁਲ੍ਹਾ ਕਰਵਾਈ ਤੇ ਫਿਰ ਜੈ ਸਿੰਘ ਕਨ੍ਹਈਏ ਦੇ ਟਾਕਰੇ 'ਤੇ ਇਸ ਨੂੰ ਖੜ੍ਹਾ ਕਰ ਦਿੱਤਾ। ਇਸ ਲੜਾਈ ਵਿੱਚ ਜੈ ਸਿੰਘ ਨੂੰ ਕਰਾਰੀ ਹਾਰ ਹੋਈ, ਪਰੰਤੂ ਕੁਝ ਦੇਰ ਬਾਅਦ ਭਗਵਾਨ ਸਿੰਘ ਤੇ ਵਜ਼ੀਰ ਸਿੰਘ ਦੀ ਆਪਸ ਵਿੱਚ ਫਿਰ ਲੜਾਈ ਹੋ ਗਈ। ਵਜ਼ੀਰ ਸਿੰਘ ਦੇ ਹੱਥੋਂ ਭਗਵਾਨ ਸਿੰਘ ਮਾਰਿਆ ਗਿਆ ਤੇ ਉਸ ਦੀ ਥਾਂ 'ਤੇ ਉਸ ਦਾ ਛੋਟਾ ਭਰਾ ਗਿਆਨ ਸਿੰਘ ਮਿਸਲ ਦਾ ਸਰਦਾਰ ਬਣਿਆ। ਇਸ ਦੇ ਪਿੱਛੋਂ ਸਰਦਾਰ ਹੀਰਾ ਸਿੰਘ ਮਿਸਲ ਦੇ ਅਸਲ ਬਾਨੀ ਦੇ ਪੁੱਤਰ ਦਲ ਸਿੰਘ ਤੇ ਵਜ਼ੀਰ ਸਿੰਘ ਵਿੱਚ ਲੜਾਈ ਸ਼ੁਰੂ ਹੋਈ। ਦਲ ਸਿੰਘ ਇਹ ਚਾਹੁੰਦਾ ਸੀ ਕਿ ਵਜ਼ੀਰ ਸਿੰਘ ਨੂੰ ਕਤਲ ਕਰ ਕੇ ਨਿਕਲ ਜਾਵੇ, ਪਰੰਤੂ ਉਸ ਦੇ ਨੌਕਰਾਂ ਨੇ ਉਸੇ ਦਾ ਵੀ ਕੰਮ ਪੂਰਾ ਕਰ ਦਿੱਤਾ।

ਸੰਨ 1772 ਈ. ਵਿੱਚ ਮਹਾਂ ਸਿੰਘ ਦੇ ਮਰਨ ਤੋਂ ਬਾਅਦ ਭਗਵਾਨ ਸਿੰਘ ਨੇ ਆਪਣੀ ਭੈਣ ਦਾਤਾਰ ਕੌਰ ਦਾ ਵਿਆਹ ਰਣਜੀਤ ਸਿੰਘ ਨਾਲ ਕਰ ਦਿੱਤਾ, ਜਿਸ ਦੇ ਘਰ 1797 ਈ. ਨੂੰ ਮਹਾਰਾਜਾ ਖੜਕ ਸਿੰਘ ਪੈਦਾ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਐਸ਼ਵਰਜ ਤੇ ਪ੍ਰਤਾਪ ਵਧਣ ਦੇ ਨਾਲ ਜਿਸ ਤਰ੍ਹਾਂ ਹੋਰ ਇਲਾਕੇ ਉਹਨਾਂ ਦੀ ਸਲਤਨਤ ਵਿੱਚ ਭੇਟ ਹੋ ਗਏ, ਇਸ ਤਰ੍ਹਾਂ ਹੀ ਨਕਈ ਮਿਸਲ ਨੇ ਵੀ ਸਾਰੀ ਸਲਤਨਤ ਆਪਣੇ ਵਿੱਚ ਮਿਲਾ ਦਿੱਤੀ। 1807 ਈ. ਵਿੱਚ ਜਦੋਂ ਗਿਆਨ ਸਿੰਘ ਮਰ ਗਿਆ, ਤਾਂ ਉਸ ਦੇ ਲੜਕੇ ਕਾਹਨ ਸਿੰਘ ਨੂੰ ਭੜਵਾਲ ਵਿੱਚ 15 ਹਜ਼ਾਰ ਦੀ ਜਾਗੀਰ ਦਿੱਤੀ ਤੇ ਖ਼ਜ਼ਾਨ ਸਿੰਘ ਨੂੰ ਨਾਨਕੋਟ ਦਾ ਇਲਾਕਾ ਬਖ਼ਸ਼ਿਆ। ਭਾਵੇਂ ਕਾਹਨ ਸਿੰਘ ਦਾ ਲੜਕਾ ਅਤਰ ਸਿੰਘ ਮੁਲਤਾਨ ਦੀ ਲੜਾਈ ਵਿੱਚ ਦੁਸ਼ਮਣਾਂ ਨਾਲ ਜਾ ਮਿਲਿਆ ਸੀ, ਪਰੰਤੂ ਕਾਹਨ ਸਿੰਘ ਦੇ ਬੁਢਾਪੇ ਨੂੰ ਵੇਖ ਕੇ ਉਸ ਦੀ ਪੈਂਨਸ਼ਨ ਵਜੋਂ ਗਿਆਰਾਂ ਹਜ਼ਾਰ ਨੌਂ ਸੌ ਨੱਬੇ ਦੀ ਜਾਗੀਰ ਦਿੱਤੀ ਤੇ ਪਰਗਣਾ ਬਾਹੜਵਾਲ ਦਾ ਆਨਰੇਰੀ ਮੈਜਿਸਟਰੇਟ ਨਿਯਤ ਕੀਤਾ।

ਸੰਮਤ 1914 ਯਾਨੀ ਕਿ 1857 ਈ. ਵਿੱਚ ਕਾਹਨ ਸਿੰਘ ਦਾ ਬੇਟਾ ਚਤਰ ਸਿੰਘ ਤੇ 1874 ਈ. ਵਿੱਚ ਕਾਹਨ ਸਿੰਘ ਮਰ ਗਿਆ। ਹੁਣ ਰਣਜੋਧ ਸਿੰਘ ਮਿੰਟਗੁਮਰੀ ਵਿੱਚ ਖ਼ਾਨਦਾਨ ਦਾ ਵਾਰਸ ਹੋਇਆ, ਪਰੰਤੂ ਸੱਤ ਹਜ਼ਾਰ ਚਾਰ ਸੌ ਦੀ ਜਾਗੀਰ ਤੇ 14 ਸੌ ਘੁਮਾ ਜ਼ਮੀਨ ਦੀ ਮਾਲਕੀ ਜੋ ਅਖ਼ੀਰ ਵਿੱਚ ਰਹਿ ਗਈ ਸੀ, ਇਸ ਤਰ੍ਹਾਂ ਵੰਡੀ ਗਈ :

ਰਣਜੋਧ ਸਿੰਘ ਨੂੰ ਦੋ ਹਜ਼ਾਰ ਦੀ ਜਾਗੀਰ ਹਮੇਸ਼ਾ ਵਾਸਤੇ, ਈਸ਼ਰ ਸਿੰਘ ਨੂੰ ਬਾਰਾਂ ਸੌ, ਅਤਰ ਸਿੰਘ ਨੂੰ ਉਮਰ ਭਰ ਲਈ 240, ਠਾਕੁਰ ਸਿੰਘ, ਪ੍ਰਤਾਪ ਸਿੰਘ, ਲਹਿਣਾ ਸਿੰਘ ਤੇ ਕਾਹਨ ਸਿੰਘ ਦੀ ਤੀਵੀਂ ਨੂੰ ਉਮਰ ਭਰ ਲਈ ਛੀ-ਛੀ ਸੌ, ਜੋ ਇਹਨਾਂ ਦੇ ਮਰਨ ਪਿੱਛੋਂ ਸਲਤਨਤ ਵਿੱਚ ਸ਼ਾਮਲ ਹੋ ਗਈ। ਅਤਰ ਸਿੰਘ ਦਾ ਪੁੱਤਰ ਲਾਭ ਸਿੰਘ ਦੋ ਹਜ਼ਾਰ ਘੁਮਾ ਜ਼ਮੀਨ ਦਾ ਮਾਲਕ ਤੇ ਜ਼ੈਲਦਾਰ ਬਣਿਆ। ਈਸ਼ਰ ਸਿੰਘ ਤੇ ਲੈਹਿਣਾ ਸਿੰਘ ਦੋਵੇਂ ਮੁਸਲਮਾਨ ਹੋ ਗਏ। ਲੈਹਿਣਾ ਸਿੰਘ ਦਰਯਾਏ ਰਾਵੀ ਦੇ ਕੰਢੇ ਚਾਰ ਹਜ਼ਾਰ ਘੁਮਾ ਜ਼ਮੀਨ ਦਾ ਮਾਲਿਕ ਸੀ।

## ਡੱਲੇਵਾਲੀਆ ਮਿਸਲ

ਡੱਲੇਵਾਲੀਆ ਮਿਸਲ ਦਾ ਸ਼ਜਰਾ




ਡੱਲੇਵਾਲੀ ਮਿਸਲ ਦਾ ਕਰਤਾ ਸਰਦਾਰ ਗੁਲਾਬ ਸਿੰਘ ਡੱਲੇਵਾਲੀ ਇਲਾਕਾ ਸੁਲਤਾਨਪੁਰ ਦੁਆਬਾ ਬਿਸਤ ਜਲੰਧਰ ਦਾ ਵਸਨੀਕ ਸੀ। ਇਸ ਦਾ ਪਿਤਾ ਸ਼ਰਧਾ ਰਾਮ ਖੱਤਰੀ ਦੁਕਾਨਦਾਰ ਸੀ। 1726 ਈ. ਵਿੱਚ ਇਸ ਨੇ ਸਿੱਖਾਂ ਦਾ ਮਜ਼ਬ ਕਬੂਲ ਕੀਤਾ ਤੇ ਦੇਸ਼-ਕੌਮ ਦੀ ਸੇਵਾ ਲਈ ਮੈਦਾਨ ਵਿੱਚ ਨਿੱਤਰ ਪਿਆ। ਬੰਦਾ ਬੜਾ ਹੋਣਹਾਰ ਸੀ ਤੇ ਖੁੱਲ੍ਹੇ ਦਿਲ ਦਾ ਮਾਲਕ ਸੀ। ਥੋੜ੍ਹੇ ਹੀ ਸਮੇਂ ਵਿੱਚ ਇਸ ਨੇ ਸਿੱਖਾਂ ਦੇ ਜਥੇ ਵਿੱਚ ਸ਼ਾਮਲ ਹੋ ਕੇ ਲਾਹੌਰ, ਕਸੂਰ, ਜਲੰਧਰ, ਆਦਿਕ ਇਲਾਕਿਆਂ ਵਿੱਚ ਤੁਰਕਾਂ ਦੀ ਸੋਧ ਵਿੱਚ ਬੜੀ ਸੂਰਮਤਾਈ ਦਿਖਾਈ। ਫਿਰ ਥੋੜ੍ਹੇ ਜਿਹੇ ਸਰਦਾਰਾਂ ਨੂੰ ਨਾਲ ਲੈ ਕੇ ਆਪਣਾ ਜਥਾ ਵੱਖਰਾ ਬਣਾ ਲਿਆ। ਇਹ ਬੋਲ-ਚਾਲ ਵਿੱਚ ਬਹੁਤ ਮਿੱਠਾ ਬੋਲਦਾ ਤੇ ਮਿਲਣਸਾਰ ਸ਼ਖ਼ਸੀਅਤ ਦਾ ਮਾਲਕ ਸੀ। ਇਸ ਕਰ ਕੇ ਇਸ ਨੂੰ ਮਿਲਣ ਵਾਲੇ ਸਾਰੇ ਇਸ ਦੇ ਸੁਭਾਅ ਤੋਂ ਬਹੁਤ ਖ਼ੁਸ਼ ਰਹਿੰਦੇ ਸਨ। ਸਾਰੇ ਇਸ ਨੂੰ ਬਹੁਤ ਇੱਜ਼ਤ ਤੇ ਮਾਣ-ਵਡਿਆਈ ਨਾਲ ਵੇਖਦੇ ਸਨ। ਜਵਾਂ ਮਰਦ ਤੇ ਦਲੇਰ ਐਨਾ ਸੀ ਕਿ ਇੱਕ ਵਾਰ ਵੈਸਾਖੀ ਦੇ ਸਮੇਂ 1750 ਈ. ਵਿੱਚ ਕੇਵਲ 150 ਕੁ ਸਵਾਰਾਂ ਦੇ ਨਾਲ ਜਲੰਧਰ ਸ਼ਹਿਰ ਵਿੱਚ ਜਾ ਵੜਿਆ। ਉੱਥੋਂ ਦੇ ਹਾਕਮ ਨਾਲ ਲੜਾਈ ਸ਼ੁਰੂ ਹੋ ਗਈ

ਤੇ ਸੈਂਕੜੇ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਖ਼ਾਲਸਾ ਫ਼ੌਜ ਵਿੱਚ ਜਾ ਮਿਲਿਆ। ਖ਼ਾਲਸਾ ਫ਼ੌਜ ਉਹਨੀਂ ਦਿਨੀਂ ਕਰਤਾਰਪੁਰ ਠਹਿਰੀ ਹੋਈ ਸੀ। ਉਸੇ ਦਿਨ ਤੋਂ ਖ਼ਾਲਸਾ ਜਥਿਆਂ ਵਿੱਚ ਇਹਦੀ ਬਹਾਦਰੀ ਦੀ ਕੀਰਤੀ ਫ਼ੈਲ ਗਈ। ਦਿਨ-ਬ-ਦਿਨ ਓਹਦੀ ਤਰੱਕੀ ਦਾ ਹਾਲ ਵੇਖ ਕੇ ਹਰਦਿਆਲ ਸਿੰਘ, ਗੁਰਦਿਆਲ ਸਿੰਘ, ਜੈਮਲ ਸਿੰਘ, ਆਦਿਕ ਉਸ ਦੇ ਭਾਈ-ਬੰਦਾਂ ਨੇ ਵੀ ਅੰਮ੍ਰਿਤ ਛਕ ਲਿਆ, ਸਿੰਘ ਸਜ ਗਏ ਤੇ ਜਥਿਆਂ ਵਿੱਚ ਸ਼ਾਮਲ ਹੋ ਕੇ ਮੁਲਕ ਦੀ ਰੱਖਿਆ ਦਾ ਕੰਮ ਸ਼ੁਰੂ ਕਰ ਦਿੱਤਾ।

ਇੱਕ ਦਿਨ 1751 ਈ. ਨੂੰ ਇਸੇ ਗੁਲਾਬ ਸਿੰਘ ਨੇ ਐਮਨਾਬਾਦ 'ਤੇ ਛਾਪਾ ਮਾਰਿਆ। ਜਸਪਤ ਰਾਏ ਨੇ ਪਿੱਛਾ ਕੀਤਾ, ਪਰੰਤੂ ਬੜੀ ਬਹਾਦਰੀ ਨਾਲ ਨਿਕਲ ਆਇਆ। ਇਸ ਤੋਂ ਬਾਅਦ 1753 ਈ. ਵਿੱਚ ਰੋੜੀ ਸਾਹਿਬ ਦਾ ਮੇਲਾ ਲੱਗਿਆ ਤੇ ਹਰ ਪਾਸੇ ਤੋਂ ਸਿੰਘ ਇਕੱਠੇ ਹੋਏ ਅਤੇ ਜਿਸ ਵੇਲੇ ਜਸਪਤ ਰਾਏ ਨੇ ਸਿੰਘਾਂ ਨੂੰ ਉੱਥੋਂ ਉਠਾਣਾ ਚਾਹਿਆ ਤੇ ਗੁਰਦੁਆਰੇ ਦੀ ਬੇਅਦਬੀ ਕੀਤੀ, ਤਾਂ ਇਸੇ ਗੁਲਾਬ ਸਿੰਘ ਨੇ ਉਹਨੂੰ ਗੋਲ਼ੀ ਨਾਲ ਮਾਰ ਦਿੱਤਾ। ਸਰਦਾਰ ਕਰੋੜਾ ਸਿੰਘ ਤੇ ਗੁਲਾਬ ਸਿੰਘ ਦੋਵੇਂ ਆਪਸ ਵਿੱਚ ਧਰਮ ਦੇ ਭਰਾ ਬਣੇ ਹੋਏ ਸਨ। ਇਸ ਲਈ ਦੋਨਾਂ ਨੇ 1756 ਈ.ਵਿੱਚ ਹਰਦਵਾਰ ਵੱਲ ਕੂਚ ਕਰ ਦਿੱਤਾ। ਪਹਿਲਾਂ ਤਾਂ ਗੰਗਾ ਦੇ ਪਾਂਡਿਆਂ ਨੂੰ ਸੋਧਿਆ, ਫਿਰ ਨਜੀਬਆਬਾਦ ਦੇ ਨਜ਼ੀਬ ਖ਼ਾਂ ਰੋਹੇਲੇ ਨੂੰ ਜਾ ਘੇਰਿਆ। ਭਾਵੇਂ ਨਵਾਬ ਦੋਦੇ ਖ਼ਾਂ ਨੇ ਬੜੀ ਸਰਗਰਮੀ ਨਾਲ ਇਹਨਾਂ ਦਾ ਟਾਕਰਾ ਕੀਤਾ, ਪਰੰਤੂ ਛੇਤੀ ਹੀ ਮੈਦਾਨ ਛੱਡ ਕੇ ਨੱਸ ਪਿਆ ਤੇ ਮੇਰਠ ਦੇ ਨਵਾਬ ਜਾਬਤਾ ਖ਼ਾਂ ਦਾ ਅੜਬੰਗਪੁਣਾ ਦੂਰ ਕੀਤਾ। ਮੁਜ਼ੱਫ਼ਰਗੜ੍ਹ, ਦੇਵ ਬੰਦ-ਮੀਰਾਪੁਰ ਦੇ ਵੱਲ ਫੇਰਾ ਪਾਇਆ। ਇਹਨਾਂ ਸਾਰਿਆਂ ਨੇ ਟਾਕਰੇ ਦੀ ਹਿੰਮਤ ਨਾ ਰੱਖਣ ਦੇ ਕਾਰਨ ਨਜ਼ਰਾਨੇ ਪੇਸ਼ ਕਰ ਕੇ ਅਧੀਨਤਾ ਸਵੀਕਾਰ ਕਰ ਲਈ। ਫਿਰ ਸਹਾਰਨਪੁਰ ਜਾ ਪੁੱਜੇ। ਉੱਥੇ ਵੀ ਆਪਣਾ ਸਿੱਕਾ ਬਿਠਾ ਕੇ ਪੰਜਾਬ ਨੂੰ ਵਾਪਸ ਮੁੜੇ।

ਸੰਨ 1758 ਈ. ਜਦੋਂ ਅਹਿਮਦਸ਼ਾਹ ਅਬਦਾਲੀ ਮੁਲਕ ਹਿੰਦੋਸਤਾਨ ਵਿੱਚੋਂ ਬਹੁਤ ਸਾਰੀ ਦੌਲਤ ਲੁੱਟ ਕੇ ਤੇ ਹਿੰਦੂ ਨੌਜਵਾਨ ਲੜਕੀਆਂ ਨੂੰ ਬੰਦੀ ਬਣਾ ਕੇ ਵਾਪਸ ਜਾ ਰਿਹਾ ਸੀ, ਤਾਂ ਦਰਿਆ ਰਾਵੀ ਨੂੰ ਲੰਘਣ ਸਮੇਂ ਸਿੱਖਾਂ ਨੇ ਉਹਦੇ ਲਸ਼ਕਰ ਨੂੰ ਜਾ ਘੇਰਿਆ ਤਾਂ ਇਸ ਲੜਾਈ ਵਿੱਚ ਦੋਵੇਂ ਸਰਦਾਰ ਸ਼ਾਮਲ ਸਨ। ਬਹੁਤ ਸਾਰਾ ਲੁੱਟ ਦਾ ਮਾਲ ਇਹਨਾਂ ਦੇ ਹੱਥ ਆਇਆ। ਹਿੰਦੂ ਲੜਕੀਆਂ ਨੂੰ ਜ਼ਾਲਮਾਂ ਪਾਸੋਂ ਛੁਡਾ ਕੇ ਘਰੋ-ਘਰੀ ਅਪੜਾ ਦਿੱਤਾ। ਇਸੇ ਸਾਲ ਕਿਸੇ ਮੁਖ਼ਬਰ ਨੇ ਖ਼ਬਰ ਦਿੱਤੀ ਕਿ ਸ਼ਾਹੀ ਖ਼ਜ਼ਾਨੇ ਦਾ ਪੰਜ ਲੱਖ ਰੁਪਯਾ ਸਰਾਏ ਰਾਵਲਪਿੰਡੀ ਤੇ ਰੁਹਤਾਸ ਦੇ ਇਲਾਕੇ ਦਾ ਵਸੂਲ ਹੋ ਕੇ ਲਾਹੌਰ ਆ ਰਿਹਾ ਹੈ। ਖ਼ਾਲਸੇ ਦੇ ਜ਼ਾਲਮਾਂ ਦੀ ਸੋਧਾਈ ਵਿੱਚ ਕਈ ਦਿਨ ਕੜਾਕੇ ਹੀ ਬੀਤਦੇ ਸਨ। ਇਹ ਖ਼ਬਰ ਸੁਣਦੇ ਸਾਰ ਦੋਵੇਂ ਹੀ ਸਰਦਾਰ ਡੇਹਰਾ ਬਾਬਾ ਨਾਨਕ ਤੋਂ ਚੱਲ ਕੇ ਬਿਜਲੀ ਦੀ ਤਰ੍ਹਾਂ ਕੜਕ ਕੇ ਵੈਰੀ 'ਤੇ ਜਾ ਪਏ। ਖ਼ਜ਼ਾਨੇ ਦਾ ਮੁਹਾਫ਼ਜ਼ ਥੋੜ੍ਹੀ

ਜਿਹੀ ਲੜਾਈ ਨਾਲ ਹੀ ਭੱਜ ਗਿਆ। ਇਹਨਾਂ ਨੇ ਪੰਜ ਲੱਖ ਰੁਪਯਾ ਲੁੱਟ ਕੇ ਖ਼ਾਲਸੇ ਦੇ ਦਲਾਂ ਵਿੱਚ ਰਸਦ ਲੈ ਆਂਦੀ।

ਇਸ ਦੀਆਂ ਐਹੋ ਜਿਹੀਆਂ ਬਹਾਦਰੀਆਂ ਤੇ ਵੰਡ ਛਕਣ ਦੇ ਸੁਭਾਓ ਤੋਂ ਪੰਥ ਵਿੱਚ ਇਹਦਾ ਬੜਾ ਮਾਣ ਹੁੰਦਾ ਸੀ। ਇਸ ਦੇ ਜਥੇ ਦੇ ਲੋਕ ਇਹਦੇ ਨਾਲ ਰਹਿਣਾ ਪਸੰਦ ਕਰਦੇ ਸਨ। ਹੌਲ਼ੀ-ਹੌਲ਼ੀ ਗੁਲਾਬ ਸਿੰਘ 6 ਹਜ਼ਾਰ ਸਵਾਰ ਦਾ ਮਾਲਕ ਬਣ ਗਿਆ। ਸੰਨ 1759 ਨੂੰ ਆਲੂ ਕਲਾਨੌਰ ਦੇ ਜੰਗ ਵਿੱਚ ਸ਼ਹੀਦ ਹੋ ਗਿਆ। ਇਸ ਦੇ ਪੁੱਤਰ ਜੈ ਪਾਲ ਸਿੰਘ ਤੇ ਹਰਦਿਆਲ ਸਿੰਘ ਬਸੋਲੀ ਦੇ ਮੁਕਾਮ 'ਤੇ ਨਿੱਕੇ ਘੱਲੂਘਾਰੇ ਵਿੱਚ ਸ਼ਹੀਦ ਹੋ ਗਏ ਸਨ। ਇਸ ਕਰ ਕੇ ਇਹਨਾਂ ਦੇ ਮੁਸਾਹਿਬ ਗੁਰਦਿਆਲ ਸਿੰਘ ਨੂੰ ਪੰਥ ਖ਼ਾਲਸੇ ਨੇ ਮਿਸਲ ਦਾ ਆਗੂ ਬਣਾਇਆ, ਪਰੰਤੂ ਇਹ ਵੀ ਇੱਕ ਸਾਲ ਬਾਅਦ ਦੁਆਬੇ ਦੀ ਲੜਾਈ ਵਿੱਚ ਗੋਲ਼ੀ ਲੱਗਣ ਨਾਲ ਮਾਰਿਆ ਗਿਆ। ਇਸ ਤੋਂ ਪਿੱਛੋਂ ਇਸ ਦੀ ਮਿਸਲ ਦਾ ਜਥੇਦਾਰ ਤਾਰਾ ਸਿੰਘ ਬਣਿਆ।

ਸ੍. ਤਾਰਾ ਸਿੰਘ ਤੋੜਾਂਵਾਲੀ ਦਾ ਰਹਿਣ ਵਾਲਾ ਸੀ, ਪਹਿਲਾਂ ਇਹ ਬੱਕਰੀਆਂ ਚਾਰਿਆ ਕਰਦਾ ਸੀ। ਸਿੱਖਾਂ ਦਾ ਐਸ਼ਵਰਜ ਪ੍ਰਤਾਪ ਕੁਰਬਾਨੀ ਤੇ ਨਿਸ਼ਕਾਮ ਪੰਥ ਸੇਵਾ ਵੇਖ ਬੱਕਰੀਆਂ ਵੇਚ ਕੇ ਅੰਮ੍ਰਿਤ ਛਕ ਸਿੰਘ ਸਜ ਗਿਆ ਤੇ ਗੁਲਾਬ ਸਿੰਘ ਡੱਲੇਵਾਲੇ ਦੇ ਨਾਲ ਲੜਾਈਆਂ ਵਿੱਚ ਸ਼ਾਮਲ ਰਹਿਣ ਲੱਗਾ। ਇਹ ਆਦਮੀ ਬਹਾਦਰ ਤੇ ਸਿਆਣਾ ਸੀ ਤੇ ਆਪਣੇ ਸੁਭਾਓ ਨਾਲ ਹਰ ਇੱਕ ਨੂੰ ਖ਼ੁਸ਼ ਰੱਖਦਾ ਸੀ। ਇਸ ਕਰ ਕੇ ਗੁਲਾਬ ਸਿੰਘ ਦੇ ਹੁੰਦਿਆਂ ਖ਼ਾਸ ਬੰਦਿਆਂ ਵਿੱਚ ਗਿਣਿਆ ਜਾਂਦਾ ਸੀ। ਆਪਣੀ ਦਿਆਨਤਦਾਰੀ ਤੇ ਹਿੰਮਤ ਕਰ ਕੇ ਮਿਸਲ ਦਾ ਜਥੇਦਾਰ ਬਣ ਗਿਆ। ਥੋੜ੍ਹੇ ਦਿਨਾਂ ਬਾਅਦ ਇਹਦੀ ਕਿਸਮਤ ਦਾ ਸਿਤਾਰਾ ਅਜਿਹਾ ਚਮਕਿਆ ਕਿ ਜਦੋਂ ਇਹ ਹਰੀ ਸਿੰਘ ਭੰਗੀ ਦੇ ਨਾਲ ਕਸੂਰ ਦੀ ਜੰਗ ਵਿੱਚ ਗਿਆ, ਤਦ ਇਸ ਨੇ ਬੜੀ ਬਹਾਦਰੀ ਦੇ ਜੌਹਰ ਦਿਖਾਏ। ਅਦੀਨਾ ਬੇਗ ਦੇ ਦੀਵਾਨ ਬਿਸ਼ੰਭਰ ਦਿਆਲ ਦੇ ਨਾਲ ਲੜਾਈ ਹੋਣ ਤੇ ਉਸ ਨੂੰ ਮਾਰ ਦਿੱਤਾ ਤੇ ਉਹਦੇ ਤਿੰਨ ਲੱਖ ਰੁਪਏ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। ਦੂਸਰੀ ਵੱਡੀ ਗੱਲ ਇਸ ਦੀ ਇਹ ਸੀ ਕਿ ਆਪਣੀ ਬਰਾਦਰੀ ਤੇ ਸੰਬੰਧੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ। ਇਸੇ ਤਰ੍ਹਾਂ ਇਸ ਦਾ ਉੱਚਾ-ਸੁੱਚਾ ਆਚਰਨ ਤੇ ਵਿਵਹਾਰ ਦੇਖ ਕੇ ਚੌਧਰੀ ਗੌਹਰ ਦਾਸ ਸਾਕਨਕਿੰਗ, ਜੋ ਦਰਿਆ ਸਤਲੁਜ ਦੇ ਲੈਹਿੰਦੇ ਪਾਸੇ ਹੈ, ਸਿੰਘ ਬਣ ਗਿਆ। ਚੌਧਰੀ ਦੇ ਸਿੰਘ ਬਣਦੇ ਹੀ ਇਸ ਦਾ ਸਾਰਾ ਪਿੰਡ ਸਿੰਘ ਸੱਜ ਗਿਆ ਤੇ ਸਾਰੇ ਦੇ ਸਾਰੇ ਤਾਰਾ ਸਿੰਘ ਦੇ ਜਥੇ ਵਿੱਚ ਸ਼ਾਮਲ ਹੋ ਗਏ। ਥੋੜ੍ਹੇ ਹੀ ਸਮੇਂ ਵਿੱਚ ਤਾਰਾ ਸਿੰਘ ਦੇ ਜਥੇ ਵਿੱਚ 10 ਹਜ਼ਾਰ ਸਿੰਘ ਹੋ ਗਏ।

ਸ੍. ਤਾਰਾ ਸਿੰਘ ਨੇ ਸੰਨ 1763 ਈ. 'ਚ ਇਸ ਨੇ ਸਿੱਖਾਂ ਦੇ ਨਾਲ ਮਿਲ ਕੇ ਸਰਹਿੰਦ 'ਤੇ ਹਮਲਾ ਕੀਤਾ। ਇਸ ਜੰਗ ਵਿੱਚ ਜੈਨ ਖ਼ਾਂ, ਸਰਹੰਦ ਦਾ ਹਾਕਮ,

ਮਾਰਿਆ ਗਿਆ। ਇਸ ਨੇ ਧਰਮਕੋਟ, ਘੁੰਗਰਾਣਾ, ਬੱਦੋਵਾਲ 'ਤੇ ਆਪਣਾ ਕਬਜ਼ਾ ਕਰ ਲਿਆ ਤੇ ਖ਼ਾਸ ਕਸਬਾ ਰਾਹੋਂ ਨੂੰ ਆਪਣਾ ਕੇਂਦਰੀ ਅਸਥਾਨ ਬਣਾ ਲਿਆ ਤੇ ਅੱਠ ਲੱਖ ਦੀ ਆਮਦਨੀ ਦੇ ਮੁਲਕ 'ਤੇ ਕਬਜ਼ਾ ਕਰ ਬੈਠਾ। ਦਿਨ-ਬਦਿਨ ਇਸ ਦਾ ਸਤਾਰਾ ਚਮਕਣ ਲੱਗਾ।

ਸਰਦਾਰਾਨ, ਥਾਨੇਸਰੀ, ਰੋਪੜ, ਸਿਆਲੀਆ ਖੇੜੀ, ਖਮਾਣੋਂ ਸਾਰੇ ਇਸ ਦੇ ਅਧੀਨ ਹੋ ਗਏ। ਇੱਕ ਵਾਰ ਦੀ ਗੱਲ ਹੈ ਕਿ ਸੰਸਾਰ ਚੰਦ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਨੂੰ ਟਪਲਾ ਦੇ ਕੇ ਤਾਰਾ ਸਿੰਘ 'ਤੇ ਚੜ੍ਹਾਈ ਕਰ ਦਿੱਤੀ ਤੇ ਕਿਲ੍ਹਾ ਦੱਖਣੀ 'ਤੇ 20 ਦਿਨਾਂ ਤਕ ਲੜਾਈ ਹੁੰਦੀ ਰਹੀ, ਪਰੰਤੂ ਤਾਰਾ ਸਿੰਘ ਨੇ ਆਪਣੀ ਬਹਾਦਰੀ ਤੇ ਦਲੇਰੀ ਨਾਲ ਉਸ ਨੂੰ ਗ਼ਾਲਬ ਨਹੀਂ ਹੋਣ ਦਿੱਤਾ ਤੇ ਸਾਰੇ ਨਾਕਾਮਯਾਬ ਹੋ ਕੇ ਵਾਪਸ ਚਲੇ ਗਏ।

ਸੰਨ 1802 ਈ. ਵਿੱਚ ਇਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੂੰ ਵੀ ਸ਼ਿਕਸਤ ਦਿੱਤੀ। ਇਹ ਸਰਦਾਰ ਬੜਾ ਦਾਨੀ ਪੁਰਸ਼ ਸੀ। ਹਰ ਪਿੰਡ ਵਿੱਚ ਇਸ ਨੇ ਗਰੀਬਾਂ ਲਈ ਲੰਗਰ ਲਾਏ ਹੁੰਦੇ ਸਨ ਤੇ ਆਪਣੀ ਪਰਜਾ ਨੂੰ ਬੜਾ ਖ਼ੁਸ਼ ਰੱਖਦਾ ਸੀ। ਇਹ ਹੀ ਕਾਰਨ ਹੈ ਕਿ ਜਦ ਕਦੀ ਇਸ 'ਤੇ ਕੋਈ ਦੁਸ਼ਮਣ ਹਮਲਾ ਕਰਦਾ ਤਾਂ ਪਰਜਾ ਇਕੱਠੀ ਹੋ ਕੇ ਮਦਦ ਲਈ ਨਿਕਲ ਆਉਂਦੀ ਤੇ ਫੈਰੀ ਦੀ ਕੋਈ ਪੇਸ਼ ਨਾ ਜਾਣ ਦਿੰਦੀ। ਇੱਕ ਵਾਰ ਇਹ ਸਰਦਾਰ 30 ਮੀਲ ਦਾ ਧਾਵਾ ਕਰ ਕੇ ਦਾਦਾਪੁਰ 'ਤੇ ਅਚਨਚੇਤ ਜਾ ਪਿਆ ਤੇ ਉੱਥੋਂ ਦੇ ਅਨਿਆਈ ਹਾਕਮ ਨੂੰ ਪਾਰ ਬੁਲਾਇਆ।

ਇਸ ਦੇ ਤਿੰਨ ਪੁੱਤਰ ਸਨ। ਗੁੱਜਰ ਸਿੰਘ ਨੂੰ ਪਰਗਣਾ ਤੇ ਕਿਲ੍ਹਾ ਘੁੰਗਰਾਣਾ, ਧਰਮਕੋਟ ਤੇ ਦਸੌਂਧਾ ਸਿੰਘ ਨੂੰ ਕਿਲ੍ਹਾ ਦੱਖਣੀ ਬੱਦੋਵਾਲ, ਸਤਲੁਜ ਦੇ ਖੱਬੇ ਪਾਸੇ ਤੇ ਤੀਜੇ ਝੰਡਾ ਸਿੰਘ ਨੂੰ ਦੁਆਬਾ ਬਿਸਤ ਜਲੰਧਰ, ਨਕੋਦਰ, ਮੰਝਪੁਰ, ਬੱਲੋਕੀ ਤੀਹ-ਤੀਹ ਹਜ਼ਾਰ ਦੀ ਆਮਦਨੀ ਦੀਆਂ ਜਾਗੀਰਾਂ ਦੇ ਕੇ ਅੱਡ ਕਰ ਦਿੱਤਾ, ਬਾਕੀ ਮੁਲਕ, ਜੋ ਪੰਜ ਲੱਖ ਦੇ ਕਰੀਬ ਸੀ, ਆਪਣੇ ਕੋਲ ਰੱਖਿਆ। ਸੰਨ 1807 ਈ. ਵਿੱਚ ਉਹ ਆਪਣੀ ਰਾਜਧਾਨੀ ਰਾਹੋਂ ਵਿੱਚ ਸ਼ੁਰਗਵਾਸ ਹੋ ਗਿਆ ਤਾਂ ਸ਼ੇਰੇ-ਪੰਜਾਬ ਨੇ ਉਸ ਦੇ ਦੁਆਬਾ ਜਲੰਧਰ ਵਿਚਲੇ ਸਾਰੇ ਇਲਾਕੇ ਜ਼ਬਤ ਕਰ ਕੇ ਜਾਗੀਰਾਂ ਵਾਰਸਾਂ ਨੂੰ ਦੇ ਦਿੱਤੀਆਂ। ਤਾਰਾ ਸਿੰਘ ਦੀ ਸਿੰਘਣੀ ਨੇ ਹਾਥੀ ਦਾ ਇੱਕ ਜ਼ੰਜੀਰ, ਪੰਜ ਘੋੜੇ, 6 ਲੱਖ ਰੁਪਿਆ ਮਹਾਰਾਜਾ ਰਣਜੀਤ ਸਿੰਘ ਨੂੰ ਮਾਤਮ ਪੁਰਸ਼ੀ ਤੇ ਆਉਣ ਦੇ ਸਮੇਂ ਭੇਟਾ ਵਜੋਂ ਦਿੱਤਾ। ਮਹਾਰਾਜਾ ਕਿਲ੍ਹੇ ਵਿੱਚ ਜਾਣਾ ਚਾਹੁੰਦਾ ਸੀ, ਪਰ ਤਾਰਾ ਸਿੰਘ ਦੀ ਸਿੰਘਣੀ ਨੇ ਅੰਦਰ ਜਾਣ ਦੀ ਆਗਿਆ ਨਾ ਦਿੱਤੀ। ਫ਼ੌਜ ਨੇ ਝੱਟ ਹੀ ਤੋਪ ਦੇ ਗੋਲ਼ੇ ਕਿਲ੍ਹੇ 'ਤੇ ਦਾਗਣੇ ਸ਼ੁਰੂ ਕਰ ਦਿੱਤੇ। ਉੱਧਰੋਂ ਤਾਰਾ ਸਿੰਘ ਦੀ ਸਿੰਘਣੀ ਨੇ ਵੀ ਉੱਤਰ ਵਿੱਚ ਗੋਲ਼ੇ ਮਾਰਨੇ ਸ਼ੁਰੂ ਕਰ ਦਿੱਤੇ। ਦੁਪਹਿਰ ਤਕ ਇਤਨੀ ਭੈ-ਭੀਤ ਲੜਾਈ ਹੋਈ ਕਿ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਪੈਰ ਉੱਖੜਨੇ ਸ਼ੁਰੂ ਹੋ ਗਏ। ਕਿਲ੍ਹੇ ਵਿਚਲੇ ਕੁਝ ਨੌਕਰਾਂ

ਨੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦਿੱਤਾ। ਫੇਰ ਕੀ ਸੀ ? ਮਹਾਰਾਜਾ ਰਣਜੀਤ ਸਿੰਘ ਦੀ ਫ਼ਤਿਹ ਹੋ ਗਈ। ਝੰਡਾ ਸਿੰਘ ਦੇ ਪਾਸ ਸੱਤ ਪਿੰਡ ਮਾਲਪੁਰ, ਨਕੋਦਰ, ਬਲੋਕੀ, ਆਦਿਕ ਰਹਿਣ ਦਿੱਤੇ ਤੇ ਦੋ ਪਿੰਡ ਸਰਦਾਰਨੀ ਰਤਨ ਕੌਰ ਦੇ ਗੁਜ਼ਾਰੇ ਵਾਸਤੇ ਉਸ ਨੂੰ ਦਿੱਤੇ, ਜੋ 1820 ਈ. ’ਚ ਬਿਕ੍ਰਮ ਸਿੰਘ ਬੇਦੀ ਦੇ ਕਬਜ਼ੇ ਵਿੱਚ ਆ ਗਏ ਤੇ ਸਖਾਂ ਦੇ ਪੱਤਰ ਰੋਟੀ ਤੋਂ ਆਤਰ ਹੋ ਗਏ।

ਕਿਲ੍ਹਾ ਦੱਖਣੀ ਤਾਂ ਪਹਿਲਾਂ ਹੀ ਦਸੌਂਧਾ ਸਿੰਘ ਤੇ ਬੇਦੀ ਸਾਹਿਬ ਨੇ ਲੈ ਲਿਆ ਸੀ। ਸੋ, ਜਦੋਂ 1807 ਤੇ 1808 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਪਾਰ ਕਰ ਕੇ ਰਾਜਪੂਤਾਨਾ ਰਾਇਕੋਟਾਂ ਦਾ ਮੁਲਕ ਆਪਣੇ ਮਿੱਤਰਾਂ ਵਿੱਚ ਵੰਡ ਦਿੱਤਾ, ਉਸੇ ਵੇਲੇ ਗੁੱਜਰ ਸਿੰਘ, ਦਸੌਂਧਾ ਸਿੰਘ ਪਾਸੋਂ ਵੀ ਘੁੰਗਰਾਣਾ, ਬੱਦੋਵਾਲ ਦਾ ਇਲਾਕਾ ਲੈ ਕੇ ਸਰਦਾਰ ਗੁਰਦਿੱਤ ਸਿੰਘ ਡੱਲੇਵਾਲ ਨੂੰ ਦੇ ਦਿੱਤਾ। ਉਹਨਾਂ ਨੇ ਬੜਾ ਵਾਵੇਲਾ ਖੜ੍ਹਾ ਕੀਤਾ, ਪਰੰਤੂ ਜਦੋਂ ਉਹਨਾਂ ਦੀ ਕੋਈ ਪੇਸ਼ ਨਾ ਗਈ, ਤਾਂ ਦਸੌਂਧਾ ਸਿੰਘ ਆਪਣੇ ਸਹੁਰੇ ਤੁਰ ਗਿਆ, ਜਿੱਥੇ ਉਸ ਨੇ ਚਲਾਣਾ ਕੀਤਾ। ਇਹਨਾਂ ਦੀ ਕੋਈ ਸੰਤਾਨ ਨਹੀਂ ਸੀ। ਗੁੱਜਰ ਸਿੰਘ ਤੇ ਝੰਡਾ ਸਿੰਘ ਨੂੰ ਬੱਲੂ ਪਿੰਡ ਵਿੱਚੋਂ ਅੱਧ ਮਿਲ ਗਿਆ। ਇਹ ਪਿੰਡ ਤਾਰਾ ਸਿੰਘ ਨੇ ਉਦਾਸੀ ਸਾਧੂਆਂ ਨੂੰ ਦੇ ਰੱਖੇ ਸਨ। ਰਤਨ ਕੌਰ ਦੀ ਮਹਾਰਾਜਾ ਨੇ ਇੱਕ ਹਜ਼ਾਰ ਅੱਠ ਸੌ ਰੁਪਯਾ ਮਾਹਵਾਰ ਪੈਂਨਸ਼ਨ ਨਿਯਤ ਕਰ ਦਿੱਤੀ, ਜੋ ਉਹ ਆਪਣੀ ਜ਼ਿੰਦਗੀ ਭਰ 1849 ਈ. ਤਕ ਖਾਂਦੀ ਰਹੀ। ਇਸ ਦੇ ਗੁਜ਼ਰਨ ਨਾਲ 200 ਰੁਪਏ ਦੀ ਪੈਂਨਸ਼ਨ ਨਾਰਲ ਸਿੰਘ ਨੂੰ ਮਿਲੀ। ਬਖਤਾਵਰ ਸਿੰਘ ਤੇ ਨਾਰਲ ਸਿੰਘ ਦੇ ਪਾਸ ਪਿੰਡ ਬਲੋਕੀ ਤੇ ਸਰਕਪੁਰ ਦਾ ਅੱਧਾ ਜ਼ਿਮੀਂਦਾਰਾ ਤੇ 280 ਰੁਪਏ ਦੀ ਸਾਲਾਨਾ ਜਾਗੀਰ ਮਿਲੀ। ਨਾਰਲ ਸਿੰਘ ਨੇ ਅੰਗਰੇਜ਼ੀ ਫ਼ੌਜ ਵਿੱਚ ਸੂਬੇਦਾਰ ਰਹਿ ਕੇ 685 ਰੁਪਏ ਸਾਲਾਨਾ ਦੀ ਪੈਂਨਸ਼ਨ ਪ੍ਰਾਪਤ ਕੀਤੀ। ਇਸ ਦਾ ਪੁੱਤਰ ਅਮਰ ਸਿੰਘ 685 ਰੁਪਏ ਦੀ ਜਾਗੀਰ ਤੇ 40 ਘੁਮਾ ਜ਼ਮੀਨ ਦਾ ਮਾਲਕ ਪਿੰਡ ਬਲੋਕੀ ਜ਼ਿਲ੍ਹਾ ਜਲੰਧਰ ਵਿੱਚ ਸੀ।

## ਸਿੰਘਪੁਰੀਆ ਮਿਸਲ (ਫ਼ੈਜ਼ਲਪੁਰੀਆ)

*ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਇਸ ਮਿਸਲ ਦਾ ਸ਼ਜਰਾ ਇਸ ਪ੍ਰਕਾਰ ਹੈ:*

ਸਿੰਘਪੁਰੀਆ ਮਿਸਲ ਦਾ ਸ਼ਜਰਾ

*(ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ)*




ਗਿਆਨੀ ਗਿਆਨ ਸਿੰਘ ਅਨੁਸਾਰ ਇਸ ਮਿਸਲ ਦਾ ਸ਼ਜਰਾ



ਇਸ ਮਿਸਲ ਨੂੰ ਫ਼ੈਜ਼ਲਪੁਰੀਆਂ ਦੀ ਮਿਸਲ ਵੀ ਆਖਦੇ ਹਨ। ਇਸ ਦਾ ਕਾਰਨ ਇਹ ਹੈ ਕਿ ਜਦ ਸਰਦਾਰ ਕਪੂਰ ਸਿੰਘ ਨੇ, ਜੋ ਇਸ ਮਿਸਲ ਦਾ ਬਾਨੀ ਪਿੰਡ ਫ਼ੈਜ਼ਲਪੁਰ ਦਾ ਰਹਿਣ ਵਾਲਾ ਸੀ, ਉਸ ਨੇ ਆਪਣੇ ਇਲਾਕੇ 'ਤੇ ਕਬਜ਼ਾ ਕੀਤਾ, ਤਾਂ ਇਹਨਾਂ ਦਾ ਨਾਮ ਫ਼ੈਜ਼ਲਪੁਰੀਆ ਪੈ ਗਿਆ। ਫ਼ੈਜ਼ਲਪੁਰ ਮੁਸਲਮਾਨੀ ਨਾਮ ਹੋਣ ਕਰ ਕੇ ਇਸ ਪਿੰਡ ਦਾ ਨਾਮ ਇਹਨਾਂ ਨੇ ਸਿੰਘਪੁਰੀਏ ਰੱਖ ਦਿੱਤਾ ਤੇ ਮਸ਼ਹੂਰ ਹੋ ਗਿਆ।

ਸ੍. ਕਪੂਰ ਸਿੰਘ ਦਾ ਪੂਰਾ ਬਿਰਤਾਂਤ ਇਸ ਤਰ੍ਹਾਂ ਹੈ ਕਿ ਸੰਨ 1726 ਈ. ਨੂੰ ਜਦ ਇਸ ਨੇ ਵੇਖਿਆ ਕਿ ਮੁਸਲਮਾਨ ਹਿੰਦੂਆਂ 'ਤੇ ਜ਼ੁਲਮ ਕਰ ਰਹੇ ਹਨ ਤੇ ਸਿੱਖਾਂ ਦੀ ਇੱਕ ਬੜੀ ਬਹਾਦਰ ਕੌਮ ਉਤਪੰਨ ਹੋਈ ਹੈ, ਜੋ ਮੁਸਲਮਾਨਾਂ ਨੂੰ ਉਹਨਾਂ ਦੀ ਕਰਨੀ ਦਾ ਬਦਲਾ ਦੇਣ ਲਈ ਤਤਪਰ ਹੈ, ਤਾਂ ਇਹ ਵੀ ਆਪਣੀ ਖ਼ੁਸ਼ੀ ਨਾਲ ਅੰਮ੍ਰਿਤਸਰ ਪੁੱਜ ਕੇ ਆਪਣੇ ਸਕੇ ਭਰਾ ਦੀਵਾਨ ਸਿੰਘ ਤੇ ਹੋਰ ਬਹੁਤ ਸਾਰੇ ਜ਼ਿਮੀਂਦਾਰਾਂ ਨੂੰ ਨਾਲ ਲੈ ਕੇ ਅੰਮ੍ਰਿਤ ਛਕ ਸਿੰਘ ਸਜ ਗਿਆ ਤੇ ਦੀਵਾਨ ਦਰਬਾਰਾ ਸਿੰਘ ਦੇ ਨਾਲ ਹੋ ਕੇ ਮੁਸਲਮਾਨਾਂ ਦੀ ਸੋਧ ਕਰਨ ਲੱਗਾ।

ਸੰਨ 1733 ਵਿੱਚ ਜਦੋਂ ਕਿ ਦਿੱਲੀ ਦੇ ਬਾਦਸ਼ਾਹ ਨੇ ਸਿੱਖਾਂ ਵਾਸਤੇ ਇੱਕ ਲੱਖ ਦੀ ਜਾਗੀਰ ਤੇ ਨਵਾਬੀ ਦਾ ਖ਼ਿਤਾਬ ਮਨਜ਼ੂਰ ਕੀਤਾ, ਤਦ ਇਹ ਖ਼ਿਤਾਬ ਸਰਦਾਰ ਕਪੂਰ ਸਿੰਘ ਨੂੰ ਹੀ ਦਿੱਤਾ ਗਿਆ। ਨਵਾਬ ਕਪੂਰ ਸਿੰਘ ਆਪਣੇ-ਆਪ ਵਿੱਚ ਵੱਡੇ ਹੌਸਲੇ ਵਾਲਾ ਤੇ ਬਹਾਦਰ ਸਿੰਘ ਸੀ ਜੋ ਲੜਾਈ ਦੇ ਮੈਦਾਨ ਵਿੱਚ ਮਸਤ ਹਾਥੀ ਦੀ ਤਰ੍ਹਾਂ ਅੱਗੇ ਚਲਾ ਜਾਂਦਾ ਸੀ ਤੇ ਕਦੇ ਵੀ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ। ਇਸ ਦੇ ਸਾਰੇ ਸਰੀਰ 'ਤੇ ਫੱਟਾਂ ਦੇ ਚਿੰਨ੍ਹ ਸਨ ਤੇ ਇਸ ਨੂੰ ਇਸ ਗੱਲ 'ਤੇ ਫ਼ਖ਼ਰ ਸੀ, ਇਸ ਨੇ ਰਣ-ਖੇਤਰ ਵਿੱਚ ਸਰੀਰ ਜ਼ਖ਼ਮਾਂ ਨਾਲ ਛਾਨਣੀ ਕਰਵਾ ਲਿਆ ਹੈ, ਪਰੰਤੂ ਕਦੇ ਪਿੱਛੇ ਨਹੀਂ ਹਟਿਆ। ਨਵਾਬ ਕਪੂਰ ਸਿੰਘ ਨੂੰ ਸਿੱਖੀ ਦੇ ਪ੍ਰਚਾਰ ਦਾ ਬੇਹੱਦ ਸ਼ੌਕ ਸੀ। ਹਜ਼ਾਰਾਂ ਹੀ ਅੱਡ-ਅੱਡ ਜਾਤੀ ਦੇ ਆਦਮੀਆਂ ਨੂੰ ਨਵਾਬ ਸਿੰਘ ਕਪੂਰ ਸਿੰਘ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਊਚ-ਨੀਚ ਦੀ ਕੋਈ ਪ੍ਰਵਾਹ ਨਾ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਪੂਰਾ ਕਰਦਾ ਰਿਹਾ। ਖ਼ਾਲਸੇ ਵਿੱਚ ਇਸ ਨੂੰ ਬਹੁਤ ਮਾਣ-ਸਤਿਕਾਰ ਨਾਲ ਦੇਖਿਆ ਜਾਂਦਾ ਸੀ। ਲੋਕੀਂ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕ ਕੇ ਖ਼ੁਸ਼ ਹੁੰਦੇ ਸਨ। ਮਹਾਰਾਜਾ ਆਲਾ ਸਿੰਘ ਵਾਲੀਏ ਪਟਿਆਲ਼ਾ ਨੇ ਵੀ ਇਹਨਾਂ ਦੇ ਹੱਥੋਂ ਹੀ ਅੰਮ੍ਰਿਤ ਛਕਿਆ, ਜਿਸ ਦੀ ਯਾਦਗਾਰ ਵਿੱਚ ਇੱਕ ਖੂਹ ਪਿੰਡ ਠੀਕਰੀ ਵਿੱਚ, ਜਿੱਥੇ ਕਿ ਨਵਾਬ ਕਪੂਰ ਸਿੰਘ ਰਿਹਾ ਕਰਦਾ ਸੀ, ਲਗਵਾ ਦਿੱਤਾ ਜੋ ਹੁਣ ਤੱਕ ਮੌਜੂਦ ਹੈ। ਨਵਾਬ ਕਪੂਰ ਸਿੰਘ ਨੂੰ ਆਮ ਲੋਕੀਂ ਕਿਸ ਨਜ਼ਰ ਨਾਲ ਵੇਖਦੇ ਸਨ ? ਇਸ ਗੱਲ ਦਾ ਪਤਾ ਕੇਵਲ ਇਸ ਗੱਲ ਤੋਂ ਲੱਗਦਾ ਹੈ ਕਿ ਜਿਸ ਦਰਖ਼ਤ ਦੇ ਹੇਠਾਂ ਇਹਨਾਂ ਦਾ ਡੇਰਾ ਉਹ ਤਨ ਧਾਰਦਾਂ ਨੂੰ ਹਿੰਦੂ ਮੁਸਲਮਾਨ ਮੁਤਬਰਕ

ਸਮਝ ਕੇ ਉਹਨਾਂ ਦੇ ਅੱਗੇ ਸੁੱਖਣਾ ਸੁੱਖਦੇ ਹਨ ਤੇ ਉੱਥੇ ਕੜਾਹ ਪ੍ਰਸ਼ਾਦ ਲਿਆ ਕੇ ਵੰਡਦੇ ਸਨ।

ਤਿੰਨ ਹਜ਼ਾਰ ਤੋਂ ਉਪਰ ਸਵਾਰ ਉਹਨਾਂ ਦੇ ਨਾਲ ਰਹਿੰਦੇ ਸਨ। ਭਾਵੇਂ ਇਹਨਾਂ ਦੇ ਨਾਲ ਦੇ ਸਵਾਰਾਂ ਦੀ ਗਿਣਤੀ ਦੂਜੀਆਂ ਮਿਸਲਾਂ ਦੇ ਸਿੰਘਾਂ ਨਾਲੋਂ ਘੱਟ ਸੀ, ਪਰੰਤੂ ਬਹਾਦਰੀ, ਸੂਰਮਤਾ ਤੇ ਸਿੱਖੀ ਦੇ ਪ੍ਰਚਾਰ ਵਿੱਚ ਕਿਸੇ ਦੂਜੀ ਮਿਸਲ ਨਾਲੋਂ ਘੱਟ ਨਹੀਂ ਸਨ। ਜਿਸ ਪਾਸੇ ਕਦਮ ਉਠਾਂਦੇ, ਕਦੇ ਵਾਪਸ ਨਾ ਮੁੜਦੇ।

ਨਵਾਬ ਕਪੂਰ ਸਿੰਘ ਐਨਾ ਦਲੇਰ ਯੋਧਾ ਸੀ ਕਿ ਜਿਸ ਨੇ ਦਿੱਲੀ ਦੀਆਂ ਦੀਵਾਰਾਂ ਤਕ ਹੱਥ ਮਾਰਿਆ ਤੇ ਸੈਂਕੜੇ ਮੁਸਲਮਾਨ ਹਾਕਮਾਂ ਤੇ ਰਈਸਾਂ ਨੂੰ ਸੋਧਾ ਲਾਇਆ। ਦਰਿਆ ਸਤਲੁਜ ਦੇ ਚੜ੍ਹਦੇ ਤੇ ਲਹਿੰਦੇ 6 ਲੱਖ ਦੇ ਮੁਲਕ 'ਤੇ ਕਬਜ਼ਾ ਕਰ ਲਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਧਨ ਤੇ ਦੌਲਤ ਦੇ ਕਾਰਨ ਕਈ ਮਿਸਲਾਂ ਨਵਾਬ ਕਪੂਰ ਸਿੰਘ ਦੀ ਮਿਸਲ ਨਾਲੋਂ ਵੱਡੀਆਂ ਸਨ।

ਨਵਾਬ ਕਪੂਰ ਸਿੰਘ ਦਾ ਜਨਮ ਸੰਨ 1691 ਨੂੰ ਚੌਧਰੀ ਦਲੀਪ ਸਿੰਘ ਦੇ ਘਰ ਪਿੰਡ ਕਾਨੋਕੇ, ਪਰਗਣਾ ਸ਼ੇਖੂਪੁਰਾ ਵਿੱਚ ਹੋਇਆ। ਉਹਨਾਂ ਦਾ ਪਿਤਾ ਮਾਲੋਕੀ ਪੱਤੀ ਦਾ ਪੱਤੀਦਾਰ ਸੀ ਅਤੇ ਗੁਰੂ ਘਰ ਦਾ ਸਿਦਕੀ ਸਿੱਖ ਸੀ। ਸ੍. ਕਪੂਰ ਸਿੰਘ ਦਾ ਕੱਦ ਉੱਚਾ ਚਿਹਰਾ ਭਰਵਾਂ ਤੇ ਜੁੱਸਾ ਸ਼ਕਤੀ ਭਰਪੂਰ ਸੀ। ਬੁੱਧੀ ਵੀ ਬਹੁਤ ਤੀਖਣ ਸੀ। ਆਪਣੀ ਮਾਤਾ ਪਾਸੋਂ ਉਹਨਾਂ ਨੇ ਗੁਰਬਾਣੀ ਕੰਠ ਕੀਤੀ ਅਤੇ ਸ਼ਸਤ੍ਰ ਵਿਦਿਆ ਦੀ ਸਿੱਖ ਲਈ। ਆਪ ਜੀ ਨੇ ਸੰਨ 1721 ਵਿੱਚ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਨਵਾਬ ਕਪੂਰ ਸਿੰਘ ਜੀ ਦੇ ਸਨਮੁਖ ਬਹੁਤ ਸਾਰੀਆਂ ਚੁਣੌਤੀਆਂ ਸਨ। ਹਕੂਮਤ ਨੇ ਐਸੇ ਹਾਲਾਤ ਪੈਦਾ ਕੀਤੇ ਹੋਏ ਸਨ ਕਿ ਜਿਨ੍ਹਾਂ ਨੇ ਖ਼ਾਲਸੇ ਦੇ ਭਵਿੱਖ ਬਾਰੇ ਸੋਚਣ ਲਈ ਮਜਬੂਰ ਕੀਤਾ। ਇਸ ਸਮੇਂ ਖ਼ਾਲਸਾ ਛੋਟੇ-ਛੋਟੇ ਜਥਿਆਂ ਵਿੱਚ ਵਿਚਰਦਾ ਸੀ, ਤੇ ਭੀੜ ਪੈਣ 'ਤੇ ਸਭ ਇਕੱਠੇ ਹੋ ਜਾਂਦੇ ਸਨ। ਸੰਨ 1724 ਦੀ ਇੱਕ ਘਟਨਾ ਉਪਰੰਤ ਖ਼ਾਲਸੇ ਨੇ ਭਵਿੱਖ ਦਾ ਪ੍ਰੋਗਰਾਮ ਹਾਲਤਾਂ ਅਨੁਸਾਰ ਉਲੀਕਿਆ, ਇਹ ਘਟਨਾ ਸੀ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਦੀ। ਭਾਈ ਸਾਹਿਬ ਦਾ ਪੰਥ ਵਿੱਚ ਵੱਡਾ ਸਤਿਕਾਰ ਸੀ। ਆਪ ਜੀ ਦੀ ਯੋਗ ਅਗਵਾਈ ਨੇ ਸਮੁੱਚੇ ਪੰਥ ਨੂੰ ਇੱਕ ਥਾਂ 'ਤੇ ਇਕੱਠਾ ਕਰ ਦਿੱਤਾ। ਸੈਂਕੜੇ ਗੁਰਸਿੱਖ ਆਪਣੇ ਕੰਮ-ਧੰਦਿਆਂ ਨੂੰ ਛੱਡ ਕੇ ਪੰਥ ਦੀ ਸੇਵਾ ਲਈ ਨਿੱਤਰ ਪਏ। ਆਪ ਜੀ ਨੇ ਕੌਮੀ ਹਾਲਾਤ ਨੂੰ ਵਿਚਾਰਨ ਲਈ ਖ਼ਾਲਸੇ ਦਾ ਇਤਿਹਾਸਿਕ ਇਕੱਠ ਅੰਮ੍ਰਿਤਸਰ ਵਿਖੇ ਸੱਦਿਆ, ਜਿਸ ਵਿੱਚ ਖ਼ਾਲਸੇ ਨੇ ਫ਼ੈਸਲਾ ਕੀਤਾ ਕਿ ਹਕੂਮਤ ਦੇ ਖ਼ਜ਼ਾਨੇ ਲੁੱਟੇ ਜਾਣ, ਸ਼ਾਹੀ ਹਥਿਆਰ ਘਰਾਂ ਤੋਂ, ਹਥਿਆਰ ਅਤੇ ਘੋੜੇ ਪ੍ਰਾਪਤ ਕੀਤੇ ਜਾਣ ਤੇ ਹਕੂਮਤ ਦੇ ਸਹਾਇਕਾਂ ਤੇ ਖ਼ੁਸ਼ਾਮਦੀਆਂ ਦੀ ਪੂਰੀ ਤਰ੍ਹਾਂ ਨਾਲ ਸੁਧਾਈ ਕੀਤੀ ਜਾਵੇ। ਜਥੇਦਾਰ ਦਰਬਾਰਾ ਸਿੰਘ ਨੇ ਨੌਜਵਾਨ

ਕਪੂਰ ਸਿੰਘ ਦੀ ਯੋਗਤਾ ਨੂੰ ਦੇਖਦੇ ਹੋਏ ਉਹਨਾਂ ਨੂੰ ਮੁੱਖ ਸੇਵਾਦਾਰ ਦੇ ਰੂਪ ਵਿੱਚ ਪ੍ਰਵਾਨ ਕਰ ਲਿਆ। ਸ੍. ਕਪੂਰ ਸਿੰਘ ਦੀ ਅਗਵਾਈ ਵਿੱਚ ਨੌਜਵਾਨਾਂ ਦਾ ਇੱਕ ਤਕੜਾ ਜਥਾ ਮਾਝੇ ਵੱਲ ਨਿਕਲਿਆ, ਜਿਸ ਦਾ ਮੁੱਖ ਕੰਮ ਵੈਰੀ ਦੀਆਂ ਖ਼ਬਰਾਂ ਹੈਡਕਵਾਟਰ ਪਹੁੰਚਾਣ ਦਾ ਸੀ।

ਮਿਥੇ ਗਏ ਪ੍ਰੋਗਰਾਮ ਅਨੁਸਾਰ 400 ਸਿੰਘਾਂ ਨੇ ਮਿਲ ਕੇ ਸ਼ਾਹੀ ਖ਼ਜ਼ਾਨਾ ਕਰੀਬ ਚਾਰ ਲੱਖ ਰੁਪਏ ਦਾ ਲੁੱਟਿਆ, ਜੋ ਮੁਲਤਾਨ ਤੋਂ ਲਾਹੌਰ ਜਾ ਰਿਹਾ ਸੀ। ਵੈਰੀ ਦੇ ਘੋੜੇ ਤੇ ਸ਼ਸਤਰ ਵੀ ਖੋਹ ਲਏ। ਦੂਜੀ ਮਾਰ ਵਿੱਚ ਖ਼ਾਲਸੇ ਨੇ ਇੱਕ ਲੱਖ ਰੁਪਏ ਦਾ ਖ਼ਜ਼ਾਨਾ, ਜੋ ਕਸੂਰ ਤੋਂ ਲਾਹੌਰ ਲਿਜਾਇਆ ਜਾ ਰਿਹਾ ਸੀ, ਕਾਹਨੇ ਕਾਛੇ ਦੇ ਲਾਗੇ ਲੁੱਟਿਆ। ਹੋਰ ਵੀ ਕਈ ਲੁੱਟਾਂ ਵਿੱਚ ਖ਼ਾਲਸੇ ਨੇ ਘੋੜੇ ਤੇ ਹਥਿਆਰ ਖੋਹੇ। ਜਿਸ ਨਾਲ ਖ਼ਾਲਸੇ ਕੋਲ ਘੋੜੇ ਤੇ ਹਥਿਆਰਾਂ ਦੀ ਭਰਮਾਰ ਹੋ ਗਈ।

ਇਸ ਸਮੇਂ ਸਿੰਘਣੀਆਂ ਦੇ ਜੀਵਨ ਵੀ ਬੜੀ ਚੜ੍ਹਦੀ ਕਲਾ ਵਾਲੇ ਸਨ ਤੇ ਉਹਨਾਂ ਨੇ ਸਿੰਘਾਂ ਨਾਲ ਮੋਢਾ ਜੋੜ ਕੇ ਪੰਥ ਦੀ ਸੇਵਾ ਕੀਤੀ। ਸੰਨ 1726 ਵਿੱਚ ਜਥੇਦਾਰ ਬਹਾਦਰ ਸਿੰਘ ਚਵੰਡਾ ਨਿਵਾਸੀ ਦੇ ਪੁੱਤ ਦਾ ਵਿਆਹ ਸੀ। ਬਰਾਤ 20 ਕੋਹ 'ਤੇ ਗਈ ਹੋਈ ਸੀ ਅਤੇ ਘਰ ਵਿੱਚ ਸਵਾ ਸੌ ਦੇ ਕਰੀਬ ਸਿੰਘਣੀਆਂ ਹੀ ਰਹਿ ਗਈਆਂ ਸਨ। ਇਸ ਭੇਦ ਦੀ ਖ਼ਬਰ ਅਕ੍ਰਿਤਘਣ ਹਿੰਦੂਆਂ ਨੇ ਹਕੂਮਤ ਦੇ ਕਰਮਚਾਰੀਆਂ ਤਕ ਪਹੁੰਚਾਈ। ਜਦ ਮੁਗ਼ਲਾਂ ਦੀ ਫ਼ੌਜ ਹਮਲਾ ਕਰਨ ਲਈ ਪਹੁੰਚੀ, ਤਾਂ ਬਹਾਦਰ ਸਿੰਘਣੀਆਂ ਨੇ ਹਵੇਲੀ ਦੇ ਵੱਡੇ ਦਰਵਾਜ਼ੇ ਪਰ ਪਹੁੰਚ ਕੇ ਕਮਾਲ ਦੀ ਨਿਰਭੈਤਾ ਨਾਲ ਵੈਰੀਆਂ ਨੂੰ ਅੰਦਰ ਵੜਨ ਤੋਂ ਰੋਕਿਆ ਅਤੇ ਗੋਲ਼ੀਆਂ ਦੀ ਬੁਛਾੜ ਕਰ ਕੇ ਹਵੇਲੀ ਦੇ ਬਾਹਰ ਦੁਸ਼ਮਣਾਂ ਦੀਆਂ ਲੋਥਾਂ ਦੇ ਢੇਰ ਲਾ ਦਿੱਤੇ। ਇਹਨਾਂ ਨੇ ਵੈਰੀਆਂ ਦੇ ਹਥਿਆਰ ਵੀ ਖੋਹ ਲਏ। ਹੁਣ ਜਦ ਇਹਨਾਂ ਕੋਲ ਵਾਧੂ ਸ਼ਸਤਰ ਹੋ ਗਏ, ਤਾਂ ਇਹਨਾਂ ਨੇ ਬਾਹਰ ਨਿਕਲ ਕੇ ਵੈਰੀਆਂ ਦੀਆਂ ਦੀਪੜਾਂ ਲਵਾ ਦਿੱਤੀਆਂ। ਜਰਵਾਣੇ ਜਿੱਧਰੋਂ ਆਏ ਸਨ ਉੱਧਰ ਨੂੰ ਹੀ ਨੱਸ ਗਏ।

ਨਵਾਬ ਕਪੂਰ ਸਿੰਘ ਜੀ ਦਾ ਸਾਰੀਆਂ ਮਿਸਲਾਂ ਦੇ ਸਰਦਾਰ ਸਤਿਕਾਰ ਕਰਦੇ ਸਨ। ਸਾਰੇ ਹੀ ਸਰਦਾਰ ਇਹਨਾਂ ਨੂੰ ਆਪਣਾ ਆਗੂ ਸਮਝਦੇ ਸਨ।

ਮੌਲਵੀ ਬੂਟੇਸ਼ਾਹ ਆਪਣੀ ਤਾਰੀਖ਼ ਵਿੱਚ ਨਵਾਬ ਕਪੂਰ ਸਿੰਘ ਦੀ ਬਾਬਤ ਲਿਖਦਾ ਹੈ ਕਿ "ਨਵਾਬ ਕਪੂਰ ਸਿੰਘ ਪਰਤਾਪੀ, ਸੁੰਦਰ, ਉੱਚੇ ਕੱਦ, ਚੌੜੀ ਛਾਤੀ, ਬੜਾ ਤਾਕਤਵਰ ਤੇ ਨਿਹਾਇਤ ਦਾਨੀ ਸੀ। ਇਸ ਦੇ ਲੰਗਰ ਵਿੱਚੋਂ ਗ਼ਰੀਬਾਂ ਨੂੰ ਹਰ ਵੇਲੇ ਪ੍ਰਸ਼ਾਦਾ ਮਿਲਦਾ ਰਹਿੰਦਾ ਸੀ। ਜਿਹੜਾ ਇੱਕ ਵਾਰ ਇਸ ਨੂੰ ਮਿਲਦਾ, ਉਹ ਦਿਲੋਂ ਇਹਨਾਂ ਤੋਂ ਵਿਛੜਨ ਤੋਂ ਨਾ ਕਰਦਾ। ਫ਼ਤਿਹ ਨੇ ਹਮੇਸ਼ਾ ਇਹਨਾਂ ਦੇ ਕਦਮ ਚੁੰਮੇ।

ਸੰਨ 1756 ਈ. ਨੂੰ ਜਦੋਂ ਲਾਹੌਰ ਦੇ ਸੂਬੇ ਦੀ ਅਦੀਨਾ ਬੇਗ ਨਾਲ ਅਣ-ਬਣ ਹੋ ਗਈ, ਤਾਂ ਉਸ ਨੇ ਨਵਾਬ ਕਪੂਰ ਸਿੰਘ ਨਾਲ ਦੋਸਤੀ ਪਾ ਕੇ ਆਪਣਾ ਸਾਥੀ

ਬਣਾ ਲਿਆ ਤੇ ਅਦੀਨਾ ਬੇਗ ਦੇ ਮਰਨ ਦੇ ਪਿੱਛੋਂ ਬਹੁਤ ਸਾਰਾ ਇਲਾਕਾ ਦੁਆਬਾ ਬਿਸਤ ਜਲੰਧਰ ਦਾ ਨਵਾਬ ਕਪੂਰ ਸਿੰਘ ਦੇ ਕਬਜ਼ੇ ਵਿੱਚ ਆ ਗਿਆ।

ਸੰਨ 1760 ਨੂੰ ਨਵਾਬ ਕਪੂਰ ਸਿੰਘ ਨੇ ਪੰਥ ਖ਼ਾਲਸੇ ਨੂੰ ਅੰਮ੍ਰਿਤਸਰ ਇਕੱਠਾ ਕਰ ਕੇ ਆਪਣੀ ਮਿਸਲ ਦੀ ਸਰਦਾਰੀ ਦੀ ਦਸਤਾਰ ਆਪਣੇ ਛੋਟੇ ਭਰਾ ਖ਼ੁਸ਼ਹਾਲ ਸਿੰਘ ਨੂੰ ਦਿੱਤੀ, ਪਰ ਜਥੇਦਾਰੀ ਦੀ ਦਸਤਾਰ ਸ੍. ਜੱਸਾ ਸਿੰਘ ਆਹਲੂਵਾਲੀਆ ਨੂੰ ਬਖ਼ਸ਼ੀ। ਉਪਰੰਤ ਆਪ ਜੀ ਨੇ ਸ੍ਰੀ ਕਲਗੀਧਰ ਜੀ ਦੇ ਗਾਤਰੇ ਦੀ ਸ੍ਰੀ ਸਾਹਿਬ, ਜੋ ਆਪ ਜੀ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ, ਸ੍. ਜੱਸਾ ਸਿੰਘ ਨੂੰ ਬਖ਼ਸ਼ੀ। ਅਸੂ ਸੁਦੀ ਇਕਾਦਸ਼ੀ ਨੂੰ ਆਪ ਜੀ ਅਕਾਲ ਚਲਾਣਾ ਕਰ ਗਏ। ਆਪ ਜੀ ਦੀ ਸਮਾਧ ਬਾਬਾ ਅਟੱਲ ਦੇ ਪਾਸ ਹੁਣ ਤਕ ਬਣੀ ਹੋਈ ਹੈ। ਇਹ ਸਮਾਧ ਰਣਧੀਰ ਸਿੰਘ ਕਪੂਰਥਲੇ ਵਾਲੇ ਨੇ ਬਣਵਾਈ ਸੀ।

ਨਵਾਬ ਕਪੂਰ ਸਿੰਘ ਜੀ ਦੇ ਚਲਾਣੇ ਮਗਰੋਂ ਉਹਨਾਂ ਦਾ ਛੋਟਾ ਭਾਈ ਖ਼ੁਸ਼ਹਾਲ ਸਿੰਘ ਮਿਸਲ ਦਾ ਸਰਦਾਰ ਬਣਿਆ। ਸਿੱਖੀ ਦੇ ਪ੍ਰਚਾਰ ਵਿੱਚ ਇਸ ਨੇ ਅਹਿਮ ਭੂਮਿਕਾ ਨਿਭਾਈ ਤੇ ਗ਼ਰੀਬਾਂ ਤੇ ਦੁਖੀਆਂ ਦੀ ਰੱਖਿਆ ਤੇ ਜ਼ਾਲਮਾਂ ਦੀ ਸੋਧ ਵਿੱਚ ਇਹ ਆਪਣੇ ਵੱਡਿਆਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਸੀ। ਇਸ ਨੇ ਵੀ ਅਨੇਕ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਸੰਨ 1763 ਈ. ਨੂੰ ਸਰਹੰਦ ਦਾ ਸੂਬਾ ਜੈਨ ਖ਼ਾਂ ਨਵਾਬ ਕਪੂਰ ਸਿੰਘ ਦੇ ਸਾਥੀ ਨੈਹਰਾਜ ਸਿੰਘ ਦੇ ਹੱਥੋਂ ਮਾਰਿਆ ਗਿਆ ਤੇ ਖ਼ਾਲਸੇ ਨੇ 52 ਲੱਖ ਦੇ ਮੁਲਕ 'ਤੇ ਕਬਜ਼ਾ ਕਰ ਲਿਆ। ਤਦ ਸਰਦਾਰ ਖ਼ੁਸ਼ਹਾਲ ਸਿੰਘ ਨੇ ਵੀ ਕੰਥੋਲਾ, ਘਨੌਲੀ, ਭਰਤਗੜ੍ਹ, ਆਦਿਕ ਡੇਢ ਲੱਖ ਦੇ ਇਲਾਕੇ 'ਤੇ ਆਪਣਾ ਕਬਜ਼ਾ ਕਰ ਲਿਆ।

1768 ਈ. ਵਿੱਚ ਸ਼ੇਖ ਨਿਜ਼ਾਮਉਦੀਨ ਜਲੰਧਰ ਦੇ ਹਾਕਮ ਨਾਲ ਲੜਾਈ ਹੋ ਗਈ। ਸ਼ੇਖ ਨੂੰ ਮੈਦਾਨੇ ਜੰਗ ਵਿੱਚ ਭਾਰੀ ਭਾਂਜ ਦਿੱਤੀ ਗਈ। ਇਹ ਇਲਾਕਾ ਸਰਦਾਰ ਖ਼ੁਸ਼ਹਾਲ ਸਿੰਘ ਦੇ ਹੱਥ ਆ ਗਿਆ, ਤੇ ਹੁਣ ਇਹਨਾਂ ਆਪਣੀ ਵਸੋਂ ਖ਼ਾਸ ਜਲੰਧਰ ਸ਼ਹਿਰ ਵਿੱਚ ਰੱਖੀ। ਜਲੰਧਰ, ਬਲੰਦਗੜ੍ਹ, ਹੈਬਤਪੁਰ, ਪੱਟੀ, ਨੂਰਪੁਰ, ਬੈਹਰਾਮਪੁਰ ਤਿੰਨ ਲੱਖ ਦਾ ਇਲਾਕਾ ਓਹਦੇ ਬੇਟੇ ਬੁੱਧ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਬਹੁਤ ਸਾਰੇ ਪੇਂਡੂ ਇਲਾਕੇ ਜਗਤ ਬਨੂੰਡ ਮਹਾਰਾਜਾ ਪਟਿਆਲ਼ਾ ਦੀ ਮਦਦ ਨਾਲ ਰਾਏਕੋਟ ਦੇ ਰਈਸ ਤੋਂ ਜਿੱਤ ਲਏ। 23 ਚੇਤ ਸੰਨ 1795 ਈ. ਨੂੰ ਕਿਲ੍ਹਾ ਲਾਂਬੜੇ ਵਿੱਚ ਸਰਦਾਰ ਖ਼ੁਸ਼ਹਾਲ ਸਿੰਘ ਦੇ ਗੁਜ਼ਰ ਜਾਣ 'ਤੇ ਉਹਨਾਂ ਦਾ ਪੁੱਤਰ ਬੁੱਧ ਸਿੰਘ ਮਿਸਲ ਦਾ ਸਰਦਾਰ ਬਣਿਆ। ਇਸ ਨੇ ਵੀ ਆਪਣੇ ਵੱਡਿਆਂ ਦੇ ਕਦਮਾਂ 'ਤੇ ਚੱਲ ਕੇ ਬੜੀ ਕੀਰਤੀ ਪ੍ਰਾਪਤ ਕੀਤੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਬਨਾਣ ਲਈ ਜੋ ਇੱਟਾਂ ਮੰਗਵਾਈਆਂ ਸਨ, ਉਹਨਾਂ ਨੂੰ ਨੂਰਦੀਨ, ਪੰਜਾਬ ਦੇ ਹਾਕਮ, ਨੇ ਚੁੱਕ ਲਿਆ ਸੀ ਤੇ ਆਪਣੇ ਮਕਾਨ ਬਣਾ ਲਏ ਸਨ। ਗੁਰੂ ਸਾਹਿਬ ਨੇ

ਫੁਰਮਾਇਆ ਸੀ ਕਿ ਇਹੋ ਹੀ ਇੱਟਾਂ ਇਸ ਤਾਲਾਬ ਨੂੰ ਲੱਗਣਗੀਆਂ। ਸੋ, ਗੁਰੂ ਜੀ ਦੇ ਇਹ ਵਾਕ ਚੇਤੇ ਕਰ ਕੇ ਸਰਦਾਰ ਬੁੱਧ ਸਿੰਘ ਨੇ ਨੂਰਦੀਨ ਦੇ ਮਕਾਨ ਢਾਹ ਕੇ ਉਹੋ ਇੱਟਾਂ ਸ੍ਰੀ ਤਰਨਤਾਰਨ ਦੇ ਤਾਲਾਬ 'ਤੇ ਲਾਈਆਂ, ਜਿਸ 'ਤੇ ਇੱਕ ਲੱਖ ਰੁਪਈਆ ਖ਼ਰਚ ਹੋਇਆ।

ਸਰਦਾਰ ਬੁੱਧ ਸਿੰਘ ਨੇ ਕਸੂਰ ਤੇ ਮੁਲਤਾਨ ਦੇ ਜੰਗ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੱਤਾ ਸੀ, ਕਿੰਤੂ ਕੁਝ ਕਾਰਨਾਂ ਕਰ ਕੇ ਆਪਸ ਵਿੱਚ ਅਣ-ਬਣ ਹੋ ਗਈ, ਜਿਸ ਤੇ ਸਰਦਾਰ ਬੁੱਧ ਸਿੰਘ ਸਤਲੁਜ ਦਰਿਆ ਤੋਂ ਪਾਰ ਚਲਾ ਗਿਆ ਤੇ ਫਿਰ ਕਦੇ ਲਾਹੌਰ ਨਹੀਂ ਆਇਆ। ਸੰਨ 1816 ਈ. ਵਿੱਚ ਇਹ ਸਰਦਾਰ ਅਕਾਲ ਚਲਾਣਾ ਕਰ ਗਿਆ। ਇਸ ਦਾ ਇਲਾਕਾ ਲਾਹੌਰ ਦਰਬਾਰ ਵਿੱਚ ਮਿਲਾ ਲਿਆ ਗਿਆ।

ਇਹਨਾਂ ਦੇ ਸੱਤ ਲੜਕੇ ਸਨ, ਜਿਨ੍ਹਾਂ ਵਿੱਚੋਂ ਅਮਰ ਸਿੰਘ ਸਭ ਤੋਂ ਵੱਡਾ ਸੀ, ਜੋ ਆਪਣੇ ਪਿਤਾ ਦੀ ਜਗ੍ਹਾ ਖ਼ਾਨਦਾਨ ਦਾ ਮਾਲਕ ਬਣਿਆ। ਇਸ ਵੇਲੇ ਇਹਨਾਂ ਦੇ ਕਬਜ਼ੇ ਵਿੱਚ ਕੇਵਲ ਇੱਕ ਲੱਖ ਦਾ ਇਲਾਕਾ ਰਹਿ ਗਿਆ ਸੀ। ਸ੍. ਅਮਰ ਸਿੰਘ ਨੇ ਆਪਣੇ ਭਾਈ ਭੁਪਾਲ ਸਿੰਘ ਨੂੰ ਘਨੌਲੀ, ਗੋਪਾਲ ਸਿੰਘ ਨੂੰ ਮਨੌਲੀ, ਲਾਲ ਸਿੰਘ ਨੂੰ ਬੰਗਾ, ਹਰਦਿਆਲ ਸਿੰਘ ਨੂੰ ਬੇਲਾ, ਗੁਰਦਿਆਲ ਸਿੰਘ ਨੂੰ ਅਟਲਗੜ੍ਹ, ਦਿਆਲ ਸਿੰਘ ਨੂੰ ਕੰਥੋਲਾ ਦੇ ਕੇ ਆਪਣੇ ਪਾਸ ਭਰਤਗੜ੍ਹ ਦਾ ਇਲਾਕਾ ਰੱਖਿਆ, ਪਰੰਤੂ ਸਰਦਾਰ ਅਮਰ ਸਿੰਘ ਆਪਣੇ ਇਕਲੌਤੇ ਪੁੱਤਰ ਕਿਰਪਾਲ ਸਿੰਘ ਦੇ (ਜਿਨ੍ਹਾਂ ਦੇ ਸੰਤਾਨ ਕੋਈ ਨਹੀਂ ਸੀ) ਚਲਾਣਾ ਕਰ ਜਾਣ 'ਤੇ ਉਪਰਾਮ ਹੋ ਗਿਆ, ਥਾਨੇਸਰ ਦੇ ਪਾਸ ਸੰਤ ਤੀਰਥ 'ਤੇ 1847 ਈ. ਨੂੰ ਚਲਾਣਾ ਕਰ ਗਿਆ।

ਅਮਰ ਸਿੰਘ ਦੇ ਸੰਤਾਨਹੀਣ ਮਰਨ ਦੇ ਕਾਰਨ ਉਹਨਾਂ ਦੀ ਜਾਗੀਰ ਘਨੌਲੀ ਤੇ ਮਨੌਲੀ ਦੇ ਵਿੱਚ ਵੰਡ ਕੇ ਹਿੱਸਾ ਸਰਦਾਰੀ ਸਰਦਾਰ ਜੈ ਸਿੰਘ ਮਨੌਲੀ ਵਾਲੇ ਨੂੰ ਵੱਡਾ ਭਰਾ ਹੋਣ ਦੇ ਕਾਰਨ ਮਿਲੀ। ਇਹਨਾਂ ਦਾ ਆਪਸ ਵਿੱਚ ਝਗੜਾ ਚੱਲ ਪਿਆ, ਜਿਸ 'ਤੇ ਫ਼ੈਸਲਾ ਹੋਇਆ ਕਿ ਔਰੀਂ ਨੂੰ ਇਸ ਖ਼ਾਨਦਾਨ ਦਾ ਕੋਈ ਆਦਮੀ ਜੇ ਸੰਤਾਨਹੀਣ ਚਲਾਣਾ ਕਰ ਜਾਵੇ ਤਾਂ ਉਸ ਦੀ ਔਰਤ ਨੂੰ ਇੱਕ ਹਜ਼ਾਰ ਰੁਪਯਾ ਨਕਦ ਗੁਜ਼ਾਰੇ ਵਾਸਤੇ ਦਿੱਤਾ ਜਾਵੇ, ਬਾਕੀ ਜਾਗੀਰ ਤੇ ਸਮਾਨ ਅੱਧਾ ਗੱਦੀ-ਨਸ਼ੀਨ ਨੂੰ ਤੇ ਅੱਧਾ ਬਾਕੀਆਂ ਭਰਾਵਾਂ ਵਿੱਚ ਵੰਡ ਦਿੱਤਾ ਜਾਵੇ। ਇਹ ਹੀ ਰਿਵਾਜ ਹੁਣ ਤਕ ਇਹਨਾਂ ਦੇ ਖ਼ਾਨਦਾਨ ਵਿੱਚ ਚਲਿਆ ਆਉਂਦਾ ਹੈ ਤੇ ਇਸੇ ਢੰਗ ਨਾਲ ਰਿਆਸਤ ਬੇਲਾ, ਅਟਲਗੜ੍ਹ ਤੇ ਬੰਗਾ ਰਈਸ ਦੇ ਸੰਤਾਨਹੀਣ ਮਰ ਜਾਣ ਦੇ ਕਾਰਨ ਵੰਡੀਆਂ ਗਈਆਂ ਸਨ।

ਸੰਨ 1877 ਈ. ਨੂੰ ਜੈ ਸਿੰਘ ਦੇ ਚਲਾਣਾ ਕਰ ਜਾਣ 'ਤੇ ਉਹਨਾਂ ਦਾ ਨੇਤਰਹੀਣ ਲੜਕਾ ਅਵਤਾਰ ਸਿੰਘ 1896 ਈ. ਨੂੰ ਚਲਾਣਾ ਕਰ ਗਿਆ। ਇਹਨਾਂ ਦਾ ਇੱਕ ਲੜਕਾ ਸੀ।

ਇਹਨਾਂ ਦੇ ਪਾਸ ਪਹਿਲਾਂ 1-23 ਵਿੱਚ 69656-8-0 ਜਾਗੀਰ ਸੀ, ਹੁਣ 75102-12-0 ਰੁਪਏ ਹੈ, ਜਿਸ ਦਾ ਵੇਰਵਾ ਇਹ ਹੈ 40 ਹਜ਼ਾਰ ਦੇ ਸੌ ਇੱਕ ਰੁਪਏ ਦੀ ਤੇ 18 ਹਜ਼ਾਰ ਦੀ ਆਮਦਨੀ ਬਾਗ ਤੇ ਜ਼ਮੀਨਾਂ ਦੀ ਤੇ 14 ਹਜ਼ਾਰ ਬੈਂਕ ਦਾ ਸੂਦ ਦੋ ਲੱਖ ਰੁਪਿਆ ਜ਼ਿਮੀਦਾਰਾਂ ਬੁੜੀਆਂ ਤੋਂ ਵੱਖਰਾ ਤੇ ਪੰਜਾਹ ਹਜ਼ਾਰ ਦਾ ਜ਼ਿਮੀਂਦਾਰਾ ਰਿਆਸਤ ਕੁਟਗਰ ਤੋਂ ਖ੍ਰੀਦਿਆ ਗਿਆ।

ਇਹ ਸਾਰੀ ਮਿਲ ਕੇ ਕੁੱਲ ਆਮਦਨੀ ਕਰੀਬ 80 ਹਜ਼ਾਰ ਦੀ ਮਨੌਲੀ ਰਿਆਸਤ ਦੀ ਹੈ। ਇੰਨੀ ਤਰੱਕੀ ਦਾ ਕਾਰਨ ਮੁਨਸ਼ੀ ਚੜ੍ਹਤ ਸਿੰਘ ਹੈ 17 ਹਜ਼ਾਰ ਦੀ ਜਾਗੀਰ 4 ਹਜ਼ਾਰ ਦੀ ਆਮਦਨੀ ਬਾਗ ਤਹ ਘਨੌਲੀ ਤੋਂ ਉੱਤਮ ਸਿੰਘ ਪ੍ਰਤਾਪ ਸਿੰਘ ਦੀ ਹੈ, ਬਾਕੀ ਫੂਲਾ ਸਿੰਘ, ਹਰਬੰਸ ਸਿੰਘ, ਸ਼ਮਸ਼ੇਰ ਸਿੰਘ ਕੰਦੋਲੇ ਦੇ ਸਰਦਾਰਾਂ ਦੇ ਪਾਸ ਛੇ-ਛੇ ਹਜ਼ਾਰ ਦੀ ਜਾਗੀਰ ਤੇ ਇੱਕ-ਇੱਕ ਹਜ਼ਾਰ ਦੀ ਬਾਗ ਦੀ ਆਮਦਨ ਹੈ। ਇਸ 75 ਹਜ਼ਾਰ 102 ਦੀ ਜਾਗੀਰ ਵਿੱਚੋਂ 8521 ਕਮਿਸ਼ਨ ਵਜੋਂ ਸਰਕਾਰੀ ਖ਼ਜ਼ਾਨੇ ਵਿੱਚ ਦੇਣਾ ਪੈਂਦਾ ਹੈ।

## ਨਿਸ਼ਾਨਾਂ ਵਾਲੀ ਮਿਸਲ

ਨਿਸ਼ਾਨਾਂ ਵਾਲੀ ਮਿਸਲ ਦਾ ਸ਼ਜਰਾ




ਜਿਸ ਸਮੇਂ ਵਿੱਚ ਖ਼ਾਲਸੇ ਦਾ ਦਲ ਕਾਇਮ ਹੋਇਆ ਤਾਂ ਖ਼ਾਲਸਾ ਜ਼ਾਲਮਾਂ ਦੀ ਸੋਧ ਤੇ ਮੁਲਕ ਰੱਖਯਾ ਲਈ ਦੂਰ-ਦੂਰ ਤਕ ਚੜ੍ਹਾਈ ਕਰਨ ਲੱਗਾ। ਓਸ ਸਮੇਂ ਇਸ ਮਿਸਲ ਦੇ ਬਾਨੀ ਖ਼ਾਲਸਾ ਜਥਿਆਂ ਦੇ ਅੱਗੇ ਖ਼ਾਲਸਾ ਕੌਮ ਦਾ ਨਿਸ਼ਾਨ ਲੈ ਕੇ ਚਲਦੇ ਸਨ। ਇਸ ਕਰ ਕੇ ਇਸ ਮਿਸਲ ਦਾ ਨਾਮ ਨਿਸ਼ਾਨਾਂ ਵਾਲੀ ਮਿਸਲ ਮਸ਼ਹੂਰ ਹੋ ਗਿਆ।

ਇਸ ਮਿਸਲ ਦੇ ਬਾਨੀ ਸਰਦਾਰ ਦਸੌਂਧਾ ਸਿੰਘ ਤੇ ਸੰਗਤ ਸਿੰਘ ਸਨ, ਇਹਨਾਂ ਦੇ ਪਿਤਾ ਦਾ ਨਾਮ ਚੌਧਰੀ ਸਾਹਿਬ ਰਾਏ ਸੀ ਤੇ ਇਹ ਪਿੰਡ ਮਨਸੂਰਵਾਲ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਰਹਿਣ ਵਾਲੇ ਸਨ। ਜੈ ਸਿੰਘ ਵਸਨੀਕ ਕੈਰੋਂ ਦੇ ਰਹਿਣ ਵਾਲੇ ਸਨ ਤੇ ਕੌਰ ਸਿੰਘ, ਮਾਨ ਸਿੰਘ ਵਸਨੀਕ ਢੰਡ ਕਸੇਲ ਪਰਗਣਾ ਤਰਨਤਾਰਨ ਵੀ ਇਹਨਾਂ ਦੇ ਨਾਲ ਸਨ। ਇਹਨਾਂ ਸਾਰੇ ਸਰਦਾਰਾਂ ਨੇ ਦੀਵਾਨ ਦਰਬਾਰਾ ਸਿੰਘ ਤੋਂ ਅੰਮ੍ਰਿਤ ਛਕ ਕੇ ਸਿੱਖ ਧਰਮ ਦੀ ਤਰੱਕੀ ਤੇ ਜ਼ਾਲਮਾਂ ਦੀ ਸੋਧ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਹੌਲ਼ੀ-ਹੌਲ਼ੀ ਇਹਨਾਂ ਨੇ ਸਰਹੰਦ, ਮੇਰਠ ਅਤੇ ਕਸੂਰ ਦੀਆਂ ਜੰਗਾਂ ਵਿੱਚ ਹਿੱਸਾ ਲੈ ਕੇ ਬਹੁਤ ਵਡਿਆਈ ਪ੍ਰਾਪਤ ਕੀਤੀ। ਇਹਨਾਂ ਨੇ 12 ਹਜ਼ਾਰ ਸਵਾਰ ਰੱਖ ਕੇ ਆਪਣਾ ਵੱਖਰਾ ਜਥਾ ਬਣਾ ਲਿਆ। ਸਿੰਘਾਂ ਵਾਲਾ, ਸਾਹਨੇਵਾਲ, ਸਰਾਏ ਲਸ਼ਕਰੀ ਖ਼ਾਂ, ਚੋਰਾਹਾ, ਸੋਂਟੀ, ਅਮਲੋਹ, ਜ਼ੀਰਾ, ਲੱਧੜ ਖੇੜੀ, ਅੰਬਾਲਾ, ਸ਼ਾਹਬਾਦ, ਆਦਿਕ ਇਲਾਕਿਆਂ ਨੂੰ ਫ਼ਤਿਹ ਕਰ ਕੇ ਆਪਣੇ ਕਬਜ਼ੇ ਵਿੱਚ ਲੈ ਆਂਦਾ। ਸ਼ਹਿਰ ਅੰਬਾਲਾ ਇਹਨਾਂ ਦੀ ਰਾਜਧਾਨੀ ਸੀ।

ਸੰਨ 1765 ਈ. ਵਿੱਚ ਦਸੌਂਧਾ ਸਿੰਘ ਜਾਬਤਾ ਖ਼ਾਂ ਦੀ ਲੜਾਈ ਵਿੱਚ ਮਾਰਿਆ ਗਿਆ ਤੇ ਸੰਗਤ ਸਿੰਘ ਇਸ ਦਾ ਭਰਾ ਮਿਸਲ ਦਾ ਸਰਦਾਰ ਬਣਿਆ। ਇਸ ਨੇ ਅੰਬਾਲਾ ਸ਼ਹਿਰ ਪਨਾਹ ਬਣਵਾਇਕੇ, ਪਰੰਤੂ ਇੱਥੋਂ ਦਾ ਪੌਣ-ਪਾਣੀ ਇਹਦੇ ਅਨੁਕੂਲ

ਨਾ ਹੋਣ ਕਰ ਕੇ ਗੁਰਬਖ਼ਸ਼ ਸਿੰਘ ਤੇ ਲਾਲ ਸਿੰਘ ਆਪਣੇ ਸੰਬੰਧੀਆਂ ਨੂੰ ਮੋੜਵਾ ਲਿਆ ਤੇ ਇਸ ਇਲਾਕੇ ਦਾ ਪ੍ਰਬੰਧ ਸੌਂਪ ਕੇ ਤੇ ਆਪ ਸਿੰਘਾਂ ਵਾਲੇ ਜੀਰੇ ਦੇ ਪਾਸ ਜਿਸ ਜਗ੍ਹਾ ਨੂੰ ਇਸ ਨੇ ਆਪ ਵਸਾਇਆ ਸੀ, ਜਾ ਵਸਿਆ, ਜਿੱਥੇ 1774 ਈ. ਚਲਾਣਾ ਕਰ ਗਿਆ। ਇਸ ਦੇ ਤਿੰਨ ਪੁੱਤਰ ਸਨ: ਕਪੂਰ ਸਿੰਘ, ਮੇਹਰ ਸਿੰਘ ਤੇ ਅਨੂਪ ਸਿੰਘ, ਪਰੰਤੂ ਤਿੰਨਾਂ ਦੇ ਅਣਜਾਣ ਹੋਣ ਦੇ ਕਾਰਨ ਸਰਦਾਰ ਧਿਆਨ ਸਿੰਘ ਖੁਸਰਪੁਰਾ, ਸੰਗਤ ਸਿੰਘ ਇਲਾਕੇ ਦਾ ਸਰਪਰਸਤ ਨਿਯਤ ਹੋਇਆ ਤੇ ਅੰਬਾਲੇ ਰਹਿਣ ਲੱਗਾ। ਸਿੰਘ ਵਾਲੇ ਦਾ ਇੰਤਜ਼ਾਮ ਜੈ ਸਿੰਘ ਦੇ ਸਪੁਰਦ ਹੋਇਆ। ਸੰਨ 1779 ਈ. ਵਿੱਚ ਮੇਹਰ ਸਿੰਘ ਬਾਲਕ ਹੋਣ 'ਤੇ ਧਿਆਨ ਸਿੰਘ ਇਲਾਕੇ ਦਾ ਪ੍ਰਬੰਧ ਹਵਾਲੇ ਕਰ ਕੇ ਆਪ ਸਿੰਘਾਂ ਵਾਲੇ ਚਲਾ ਗਿਆ। ਪਿੱਛੋਂ ਇਹਨਾਂ ਦੇ ਦੁਸ਼ਮਣਾਂ ਨੇ ਸਿਰ ਚੁੱਕਿਆ, ਮੇਹਰ ਸਿੰਘ ਨੂੰ ਮਰਵਾ ਦਿੱਤਾ। ਫੇਰ ਗੁਰਬਖ਼ਸ਼ ਸਿੰਘ ਇਲਾਕੇ ਦਾ ਮਾਲਕ ਬਣਿਆ। ਧਿਆਨ ਸਿੰਘ ਨੇ ਆਪਣੇ ਦੋਹਤੇ ਦਾ ਬਦਲਾ ਲੈਣ ਲਈ ਗੁਰਬਖ਼ਸ਼ 'ਤੇ ਕਰੜਾ ਹਮਲਾ ਕੀਤਾ, ਪਰੰਤੂ ਉਹ ਨਾਕਾਮਯਾਬ ਰਿਹਾ।

ਸੰਗਤ ਸਿੰਘ ਦਾ ਦੂਜਾ ਲੜਕਾ ਕਪੂਰ ਸਿੰਘ ਆਪਣੇ ਲੜਕੇ ਫ਼ਤਿਹ ਸਿੰਘ ਸਮੇਤ ਦਿਆਲ ਸਿੰਘ ਦੀ ਲੜਾਈ ਵਿੱਚ ਮਾਰਿਆ ਗਿਆ। ਉਸ ਦਾ ਤੀਜਾ ਲੜਕਾ ਅਨੂਪ ਸਿੰਘ ਕਾਫ਼ੀ ਮੁਦਤ ਤਕ ਸਰਾਏ ਲਸ਼ਕਰ ਵਿੱਚ 11 ਹਜ਼ਾਰ ਦੀ ਜਾਗੀਰ 'ਤੇ ਰਿਹਾ। ਸੰਨ 1797 ਈ. ਨੂੰ ਜਦੋਂ ਇਹ ਸੰਤਾਨਹੀਣ ਚਲਾਣਾ ਕਰ ਗਿਆ ਤਾਂ ਸੰਨ 1807 ਈ. ਨੂੰ ਇਸ ਦਾ ਇਲਾਕਾ ਇਸ ਦੀ ਸਰਦਾਰਨੀ ਦਰਯਾਈ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਵਿੱਚ ਸ਼ਾਮਲ ਹੋ ਗਿਆ। ਇਸ ਤਰ੍ਹਾਂ ਹੀ ਜਦ ਗੁਰਬਖ਼ਸ਼ ਸਿੰਘ ਮਰ ਗਿਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਮੋਹਕਮ ਚੰਦ ਨੂੰ ਭੇਜ ਕੇ ਉਸ ਦਾ ਇਲਾਕਾ ਵੀ ਦਯਾ ਕੌਰ ਤੋਂ ਲੈ ਕੇ ਸਲਤਨਤ ਵਿੱਚ ਮਿਲਾ ਲਿਆ।

ਜਦੋਂ ਇਸ ਮੁਲਕ 'ਤੇ ਅੰਗਰੇਜ਼ਾਂ ਦਾ ਅਧਿਕਾਰ ਹੋਇਆ ਤਾਂ ਸੰਨ 1830 ਈ. ਵਿੱਚ ਸਾਰਾ ਇਲਾਕਾ ਦਯਾ ਕੌਰ ਵਾਲਾ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ।

## ਸ਼ੁਕਰਚੱਕੀਆ ਮਿਸਲ ਦਾ ਸ਼ਜਰਾ




ਸ਼ੁਕਰਚੱਕੀਆ ਮਿਸਲ ਇੱਕ ਬਹੁਤ ਮਸ਼ਹੂਰ ਮਿਸਲ ਹੈ। ਮਹਾਰਾਜਾ ਰਣਜੀਤ ਸਿੰਘ ਜੀ ਇਸੇ ਮਿਸਲ ਵਿੱਚੋਂ ਹੀ ਹੋਏ ਹਨ, ਜਿਨ੍ਹਾਂ ਦੇ ਪ੍ਰਤਾਪ ਦੇ ਸਾਹਮਣੇ ਸਾਰੀਆਂ ਮਿਸਲਾਂ ਇਸ ਤਰ੍ਹਾਂ ਅਲੋਪ ਹੋ ਗਈਆਂ ਜਿਸ ਤਰ੍ਹਾਂ ਸੂਰਜ ਨਿਕਲਣ ਤੇ ਤਾਰਿਆਂ ਦੀ ਰੌਸ਼ਨੀ ਅਲੋਪ ਹੋ ਜਾਂਦੀ ਹੈ। ਭਾਵੇਂ ਇਸ ਮਿਸਲ ਦਾ ਮੁੱਢ ਸਰਦਾਰ ਬੁੱਢਾ ਸਿੰਘ ਤੋਂ ਹੈ, ਜਿਨ੍ਹਾਂ ਦੇ ਪਿੱਛੋਂ ਦਾ ਸਾਲਬਾਹਨ ਨਾਲ ਮਿਲਦਾ ਹੈ, ਪਰੰਤੂ ਇਸ ਮਿਸਲ ਨੂੰ ਮਸ਼ਹੂਰ ਕਰਨ ਵਾਲਾ ਚੜ੍ਹਤ ਸਿੰਘ ਸੀ, ਜੋ ਸ੍. ਬੁੱਢਾ ਸਿੰਘ ਦਾ ਪੋਤਾ ਤੇ ਮਹਾਰਾਜਾ ਰਣਜੀਤ ਸਿੰਘ ਦਾ ਦਾਦਾ ਸੀ। ਸ੍. ਬੁੱਧ ਸਿੰਘ ਉਸ ਮਹਾਨ ਹਸਤੀ ਦਾ ਨਾਂ ਹੈ, ਜਿਸ ਨੂੰ ਇਸ ਗੱਲ ਦੀ ਵਡਿਆਈ ਪ੍ਰਾਪਤ ਸੀ ਕਿ ਇਸ ਨੇ ਕਲਗੀਧਰ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤਪਾਨ ਕੀਤਾ ਤੇ ਸਿੰਘ ਸਜਿਆ।

ਇਹ ਧਰਮੀ ਜੋਧਾ ਜਿੱਥੇ ਆਪਣੇ ਉੱਚ ਆਚਰਨ ਲਈ ਜਗਤ ਪ੍ਰਸਿੱਧ ਸੀ, ਉੱਥੇ ਇਹ ਨਿਰਭੈ ਸੂਰਮਾ ਆਪਣੇ ਬਾਹੂਬਲ ਲਈ ਵੀ ਅਤੁਲ ਸੀ। ਇਹ ਮਸਤ ਹਾਥੀ

ਦੀ ਤਰ੍ਹਾਂ ਮੈਦਾਨ-ਜੰਗ ਵਿੱਚ ਵੈਰੀਆਂ ਦੇ ਸਾਹਮਣੇ ਝੂਮਦਾ ਹੁੰਦਾ ਸੀ। ਇਸ ਦੇ ਸਰੀਰ 'ਤੇ ਚਾਲੀ ਫੱਟ ਤਲਵਾਰਾਂ, ਨੇਜ਼ਿਆਂ ਅਤੇ ਗੋਲ਼ੀਆਂ ਦੇ ਸਨ। ਇਸ ਦੀ ਦੇਸਾਂ ਨਾਮੀ ਅਬਲਕ ਘੋੜੀ ਇਤਿਹਾਸ ਵਿੱਚ ਇੰਨੀ ਹੀ ਪ੍ਰਸਿੱਧਤਾ ਰੱਖਦੀ ਸੀ ਜਿੰਨੀ ਕਿ ਉਸ ਦਾ ਦਲੇਰ ਅਸਵਾਰ। ਇਸ ਦਾ ਨਾਂ ਆਪਣੇ ਮਾਲਕ ਦੇ ਨਾਂ ਨਾਲ ਐਸਾ ਇੱਕ-ਮਿੱਕ ਹੋ ਗਿਆ ਸੀ ਕਿ ਇਨ੍ਹਾਂ ਦੋਵਾਂ ਨਾਵਾਂ ਤੋਂ ਇੱਕ ਨਾਂ ਬਣ ਕੇ ਸਰਦਾਰ ਬੁੱਧ ਸਿੰਘ ਦਾ ਨਾਂ 'ਦੇਸਾਂ ਬੁੱਧ ਸਿੰਘ' ਪ੍ਰਸਿੱਧ ਹੋਇਆ। ਬੁੱਧ ਸਿੰਘ ਦਾ ਪਹਿਲਾ ਨਾਮ ਬੁੱਢਾ ਮੱਲ ਸੀ। ਅੰਮ੍ਰਿਤ ਛਕਣ ਤੋਂ ਬਾਅਦ ਇਸ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ। ਬੁੱਧ ਸਿੰਘ ਦੇਸਾਂ ਘੋੜੀ 'ਤੇ ਸਵਾਰ ਹੋ ਕੇ ਪੰਜਾਹ ਵਾਰੀ ਦਰਿਆ ਰਾਵੀ, ਝਨਾਂ, ਜੇਹਲਮ ਤੋਂ ਪਾਰ ਉਤਾਰ ਆਇਆ ਗਿਆ ਸੀ। 1718 ਈ. ਵਿੱਚ ਬੁੱਧ ਸਿੰਘ ਆਪਣੇ ਪਿੱਛੇ ਦੋ ਪੁੱਤਰ ਚੰਦਾ ਸਿੰਘ ਤੇ ਨੌਧ ਸਿੰਘ ਛੱਡ ਕੇ ਪਰਲੋਕ ਗਮਨ ਕਰ ਗਿਆ।

ਨੌਧ ਸਿੰਘ ਦਾ ਵਿਆਹ ਮਜੀਠੇ ਦੇ ਇੱਕ ਧਨਾਢ ਜ਼ਿਮੀਦਾਰ ਗੁਲਾਬ ਸਿੰਘ ਦੀ ਕੰਨਿਆ ਨਾਲ ਹੋਇਆ। ਇਸ ਦੇ ਚਾਰ ਪੁੱਤਰ ਹੋਏ: ਚੜ੍ਹਤ ਸਿੰਘ, ਦਲ ਸਿੰਘ, ਚੇਤ ਸਿੰਘ ਅਤੇ ਮਾਘੀ ਸਿੰਘ। ਇਹਨਾਂ ਵਿੱਚੋਂ ਸਾਰਿਆਂ ਤੋਂ ਛੋਟੇ ਚੇਤ ਸਿੰਘ ਨੇ ਆਪਣਾ ਜੀਵਨ ਗੁਰਸਿੱਖੀ ਪ੍ਰਚਾਰ ਦੇ ਲੇਖੇ ਲਾ ਦਿੱਤਾ। ਇਸ ਨੇ ਵਿਆਹ ਨਹੀਂ ਸੀ ਕਰਵਾਇਆ ਤੇ ਨਿਰਸੰਤਾਨ ਰਿਹਾ। ਵੱਡਾ ਭਰਾ ਚੜ੍ਹਤ ਸਿੰਘ ਆਪਣੇ ਦੋ ਭਾਈਆਂ ਨਾਲ ਮਿਲ ਕੇ ਜ਼ਮੀਨ ਆਦਿ ਦੇ ਪ੍ਰਬੰਧ ਕਰਦਾ ਰਿਹਾ। ਸਰਦਾਰ ਚੜ੍ਹਤ ਸਿੰਘ ਨੇ ਆਪਣੇ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ ਆਪਣੇ ਜਥੇ ਨਾਲ ਬਹੁਤ ਸਾਰੇ ਸਵਾਰ ਵਧਾ ਲਏ। ਇਸ ਦੇ ਜਥੇ ਨੂੰ ਉਦੋਂ ਹੋਰ ਬਲ ਮਿਲਿਆ, ਜਦੋਂ ਇਸ ਦੇ ਜਥੇ ਨਾਲ ਇੱਕ ਬਿਰਧ ਪਰ ਜਵਾਨਾਂ ਨਾਲੋਂ ਵੱਧ ਤਾਕਤਵਰ ਬਹਾਦਰ ਯੋਧਾ ਅਮੀਰ ਸਿੰਘ ਗੁੱਜਰਾਂਵਾਲਾ ਆ ਮਿਲਿਆ। ਇਸ ਤਰ੍ਹਾਂ ਇਹ ਜਥਾ ਥੋੜ੍ਹੇ ਸਮੇਂ ਵਿੱਚ ਸ਼ੁਕਰਚੱਕੀਆ ਮਿਸਲ ਦੇ ਰੂਪ ਵਿੱਚ ਪ੍ਰਗਟ ਹੋਇਆ। ਇਸ ਮਿਸਲ ਦਾ ਇਹ ਨਿਯਮ ਸੀ, ਜੋ ਵੀ ਇਸ ਮਿਸਲ ਵਿੱਚ ਸ਼ਾਮਲ ਹੋਵੇ, ਉਸ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਸੀ।

ਗਿਆਨੀ ਗਿਆਨ ਸਿੰਘ ਨੇ ਬੁੱਧ ਸਿੰਘ ਦਾ ਨਾਂ ਬੁੱਢਾ ਸਿੰਘ ਲਿਖਿਆ। ਇਸ ਦਾ ਪਹਿਲਾ ਨਾਂ ਬੁੱਢਾ ਮੱਲ ਸੀ। ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਇਹ ਬੁੱਢਾ ਸਿੰਘ ਬਣ ਗਿਆ। ਇਸੇ ਤਰ੍ਹਾਂ ਹੀ ਸੋਹਣ ਸਿੰਘ ਸੀਤਲ ਅਤੇ ਡਾ. ਭਗਤ ਸਿੰਘ ਨੇ ਲਿਖਿਆ ਹੈ। ਪਰ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਜੀ ਨੇ 'ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ' ਵਿੱਚ ਬੁੱਢਾ ਮੱਲ ਦਾ ਨਾਂ ਅੰਮ੍ਰਿਤ ਛਕਣ ਤੋਂ ਬੁੱਧ ਸਿੰਘ ਰੱਖਿਆ। ਅਸੀਂ ਬੁੱਧ ਸਿੰਘ ਜੀ ਤੋਂ ਇਸ ਪਾਠ ਦੀ ਅਰੰਭਤਾ ਕੀਤੀ ਹੈ।

ਸਰਦਾਰ ਚੜ੍ਹਤ ਸਿੰਘ ਤੇ ਅਮੀਰ ਸਿੰਘ ਦਾ ਆਪਸ ਵਿੱਚ ਇੰਨਾ ਪਿਆ ਵਧ ਗਿਆ ਕਿ ਅਮੀਰ ਸਿੰਘ ਨੇ ਸੰਮਤ 1913 ਵਿੱਚ ਆਪਣੀ ਕੰਨਿਆ ਦਾ ਅਨੰਦ ਚੜ੍ਹਤ ਸਿੰਘ ਨਾਲ ਕਰਵਾ ਦਿੱਤਾ। ਇਸ ਤਰ੍ਹਾਂ ਇਹਨਾਂ ਦੋਹਾਂ ਸਰਦਾਰਾਂ ਦੀ ਮਿੱਤਰਤਾ ਦੀ ਗੰਢ ਹੋਰ ਵੀ ਵਧੇਰੇ ਪੀਡੀ ਹੋ ਗਈ।

ਇਸ ਸਮੇਂ ਐਮਨਾਬਾਦ ਵਿੱਚ ਸ਼ਾਹੀ ਫ਼ੌਜਦਾਰ ਰਹਿੰਦਾ ਹੁੰਦਾ ਸੀ, ਜੋ ਬੜਾ ਹੀ ਸੜੀਅਲ ਸੁਭਾਵ ਵਾਲਾ ਸੀ। ਉਸ ਦੇ ਜ਼ੁਲਮ ਤੋਂ ਇਲਾਕੇ ਦੀ ਹਿੰਦੂ ਪਰਜਾ ਅਤਿਅੰਤ ਦੁਖੀ ਸੀ ਤੇ ਸਿੱਖਾਂ ਲਈ ਇਹ ਜਮ ਦਾ ਰੂਪ ਸੀ। ਸਰਦਾਰ ਚੜ੍ਹਤ ਸਿੰਘ ਨੂੰ ਜਦ ਉਸ ਦੀਆਂ ਅਨੀਤੀਆਂ ਦੀਆਂ ਖ਼ਬਰਾਂ ਪਹੁੰਚਦੀਆਂ ਤਾਂ ਇਸ ਦੇ ਦਿਲ ਵਿੱਚ ਉਬਾਲ ਉੱਠਦਾ ਹੈ ਕਿ ਜਿਵੇਂ-ਕਿਵੇਂ ਹੋ ਸਕੇ, ਉਸ ਨੂੰ ਆਪਣੇ ਕੀਤੇ ਦਾ ਫਲ਼ ਚਖਾਇਆ ਜਾਏ। ਕੁਝ ਸਮਾਂ ਉਡੀਕ ਕਰਨ ਤੋਂ ਬਾਅਦ ਸੰਨ 1761 ਦੀਆਂ ਗਰਮੀਆਂ ਵਿੱਚ ਇਸ ਨੇ ਵਧੇਰੀ ਅੱਤ ਕੀਤੀ, ਤਾਂ ਸਰਦਾਰ ਚੜ੍ਹਤ ਸਿੰਘ ਤੋਂ ਰਿਹਾ ਨਾ ਗਿਆ ਅਤੇ ਆਪਣੀ ਮਿਸਲ ਦੇ ਇੱਕ ਸੌ ਪੰਜਾਹ ਸਿਰ-ਕੱਢਵੇਂ ਸਵਾਰ ਨਾਲ ਲੈ ਕੇ ਐਮਨਾਬਾਦ 'ਤੇ ਜਾ ਛਾਪਾ ਮਾਰਿਆ। ਜਾਂਦੇ ਹੀ ਫ਼ੌਜਦਾਰ ਦੇ ਮਹਿਲ ਨੂੰ ਜਾ ਘੇਰਿਆ, ਅੱਗੇ ਦੂਜੇ ਬੰਨਿਓਂ ਭੀ ਤਕੜਾ ਟਾਕਰਾ ਹੋਇਆ, ਪਰ ਲੜਾਈ ਦੇ ਵਧੇਰੇ ਲਟਕਣ ਤੋਂ ਪਹਿਲਾਂ ਹੀ ਚੜ੍ਹਤ ਸਿੰਘ ਆਪ ਦਸ ਸਵਾਰਾਂ ਨਾਲ ਫ਼ੌਜਦਾਰ 'ਤੇ ਟੁੱਟ ਪਿਆ ਤੇ ਇੱਕ ਤਲਵਾਰ ਦੇ ਇੱਕ ਵਾਰ ਨਾਲ ਉਸ ਨੂੰ ਧਰਤੀ 'ਤੇ ਢੇਰੀ ਕਰ ਸੁੱਟਿਆ।

ਸਰਦਾਰ ਚੜ੍ਹਤ ਸਿੰਘ ਨੇ ਸਾਰਾ ਸ਼ਾਹੀ ਹਥਿਆਰ, ਘਰ ਲੁੱਟ ਲਿਆ। ਇਸ ਤੋਂ ਛੁੱਟ ਹਜ਼ਾਰਾਂ ਰੁਪਏ ਤੇ ਸੈਂਕੜੇ ਘੋੜੇ ਇਸ ਧਾਵੇ ਵਿੱਚ ਸਰਦਾਰ ਦੇ ਹੱਥ ਆਏ। ਐਮਨਾਬਾਦ ਤੋਂ ਚੜ੍ਹਤ ਸਿੰਘ ਦੇ ਹੱਥ ਵਧੀਆ ਘੋੜੇ ਆਏ ਤੇ ਨਾਲ ਹੀ ਸ਼ਾਹੀ ਸ਼ਸਤਰ, ਘਰ ਸਾਰੇ ਦਾ ਸਾਰਾ ਇਹਨਾਂ ਦੇ ਹੱਥ ਆ ਗਿਆ। ਇਸ ਤਰ੍ਹਾਂ ਇਸ ਮਿਸਲ ਦੀ ਤਾਕਤ ਹੋਰ ਵੀ ਵਧ ਗਈ। ਇਹ ਮਿਸਲ ਮਾਲਦਾਰ ਤੇ ਦਲੇਰ ਮਸ਼ਹੂਰ ਹੋ ਗਈ। ਚੜ੍ਹਤ ਸਿੰਘ ਸਾਰੇ ਮੁਲਕ ਵਿੱਚ ਮਸ਼ਹੂਰ ਹੋ ਗਿਆ। ਪਰਜਾ ਉੱਪਰ ਸਿੱਖਾਂ ਦਾ ਇੰਨਾਂ ਡਰ ਛਾਇਆ ਹੋਇਆ ਸੀ ਕਿ ਲੋਕ ਉਹਨਾਂ ਦੇ ਪਰਛਾਵੇਂ ਤੋਂ ਵੀ ਨੱਸਦੇ ਸਨ। ਕੋਈ ਵੀ ਉਹਨਾਂ ਦੇ ਟਾਕਰੇ 'ਤੇ ਨਹੀਂ ਸੀ ਆਉਂਦਾ। ਚੜ੍ਹਤ ਸਿੰਘ ਕੋਲ ਹਰ ਰੋਜ਼ ਲੋਕ ਆਉਂਦੇ ਤੇ ਮਿਸਲ ਵਿੱਚ ਸ਼ਾਮਲ ਹੋਣ ਲਈ ਬੇਨਤੀ ਕਰਦੇ, ਪਰ ਚੜ੍ਹਤ ਸਿੰਘ ਇਹ ਕਹਿੰਦਾ ਕਿ ਅਸੀਂ ਸਿਵਾਇ ਸਿੱਖ ਦੇ ਹੋਰ ਕਿਸੇ ਦੂਜੇ ਨੂੰ ਮਿਸਲ ਵਿੱਚ ਸ਼ਾਮਲ ਨਹੀਂ ਕਰਾਂਗੇ। ਹਾਂ, ਜਿਹੜਾ ਪਹਿਲਾਂ ਸਿੱਖ ਸਜ ਜਾਵੇ, ਉਸ ਨੂੰ ਮਿਸਲ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋ ਸਕੇਗਾ। ਉਸ ਦਿਨ ਤੋਂ ਇਹ ਵੇਖਿਆ ਗਿਆ ਕਿ ਜਿਹੜਾ ਵੀ ਉਸ ਦੇ ਕੋਲ ਆਉਂਦਾ, ਪਹਿਲਾਂ ਉਹ ਉਸ ਨੂੰ ਆਪਣੇ ਹੱਥਾਂ ਨਾਲ ਪਾਹੁਲ ਦੇ ਕੇ ਸਿੱਖ ਸਜਾਉਂਦਾ ਤੇ ਜਦੋਂ ਉਸ ਦੇ ਕੇਸ ਵਧ ਜਾਂਦੇ ਤੇ ਸਿੱਖੀ ਰੂਪ ਵਾਲੇ ਬਣ ਜਾਂਦੇ ਤਾਂ ਉਸ ਨੂੰ ਮਿਸਲ ਵਿੱਚ ਸ਼ਾਮਲ ਕਰਦਾ। ਇਸ ਤਰ੍ਹਾਂ ਇੱਕ ਸਾਲ ਵਿੱਚ ਉਸ ਕੋਲ ਬਾਰਾਂ ਸੌ ਸਵਾਰ ਜਮ੍ਹਾ ਹੋ ਗਏ। ਜਿੱਧਰ ਵੀ ਇਸ ਮਿਸਲ ਦੇ ਸਵਾਰ ਜਾਂਦੇ, ਮੁਲਕਾਂ ਦੇ ਮੁਲਕ ਤੇ ਸ਼ਹਿਰਾਂ ਦੇ ਸ਼ਹਿਰ ਲੁੱਟ ਲਿਆਉਂਦੇ। ਜਦ ਰਾਜ-ਪਾਟ ਦਾ ਸਾਰਾ ਸਾਮਾਨ ਬਣ ਗਿਆ ਤਾਂ ਚੜ੍ਹਤ ਸਿੰਘ ਨੇ ਸਹੁਰੇ ਕੋਲੋਂ ਆਗਿਆ ਲੈ ਕੇ ਉੱਥੇ ਇੱਕ ਕਿਲ੍ਹਾ ਬਣਵਾਇਆ ਤੇ ਉੱਥੇ ਹੀ ਰਹਿਣ ਲੱਗਾ। ਫੇਰ ਲਾਹੌਰ ਆ ਕੇ ਖਵਾਜਾ

ਅਬਦੁੱਲਾ ਸੂਬਾ ਲਾਹੌਰ ਨਾਲ ਜੰਗ ਕੀਤੀ ਤੇ ਲਾਹੌਰੋਂ ਚੰਗਾ-ਚੋਖਾ ਮਾਲ ਲੁੱਟ ਕੇ ਲੈ ਗਿਆ। ਲਾਹੌਰ ਤੋਂ ਪਰਤਣ ਲੱਗਿਆਂ ਗੁਰਬਖ਼ਸ਼ ਸਿੰਘ ਦੀ ਸਹਾਇਤਾ ਨਾਲ ਸ਼ਹਿਰ ਵਜੀਰਾਬਾਦ (ਦਿੱਲੀ ਨੇੜੇ ਵਾਲਾ) ਨੂੰ ਖ਼ੂਬ ਲੁੱਟਿਆ ਤੇ ਸ਼ਾਹੀ ਨੌਕਰਾਂ ਨੂੰ ਉੱਥੋਂ ਮਾਰ ਕੱਢਿਆ। ਸ਼ਹਿਰ ਖ਼ਾਲੀ ਹੋ ਜਾਣਪੁਰ ਗੁਰਬਖ਼ਸ਼ ਸਿੰਘ ਦੇ ਭਰਾ ਨੂੰ ਬਖ਼ਸ਼ ਦਿੱਤਾ। ਉੱਥੋਂ ਅਹਿਮਦਾਬਾਦ ਨੂੰ ਪਰਤਿਆ। ਉੱਥੋਂ ਘੱਟ ਗਿਣਤੀ ਵਿੱਚ ਹੋਣ ਕਰ ਕੇ ਸ਼ਾਹੀ ਨੌਕਰ ਨੱਸ ਗਏ। ਇਸ ਲਈ ਇਸ ਨੇ ਸ਼ਹਿਰ ਵਿੱਚ ਦਾਖ਼ਲ ਹੋ ਕੇ ਬਹੁਤ ਲੁੱਟਿਆ। ਫੇਰ ਉਹ ਦਲ ਸਿੰਘ ਨੂੰ ਜਾਗੀਰ ਦੇ ਤੌਰ 'ਤੇ ਬਖ਼ਸ਼ ਦਿੱਤਾ। ਉੱਥੇ ਹੀ ਇਹ ਗੱਲ ਸੁਣੀ ਕਿ ਬਾਦਸ਼ਾਹ ਵੱਲੋਂ ਹਾਲੀ ਤਕ ਨੂਰਦੀਨ ਖ਼ਾਂ ਕਿਲ੍ਹਾ ਰੁਹਤਾਸ ਵਿਖੇ ਮੌਜੂਦ ਹੈ। ਇਹ ਸੁਣਦੇ ਸਾਰ ਚੜ੍ਹਤ ਸਿੰਘ ਆਪਣੀ ਮਿਸਲ ਲੈ ਕੇ ਉੱਧਰ ਨੂੰ ਚੜ੍ਹ ਤੁਰਿਆ। ਜਦੋਂ ਨੇੜੇ ਪੁੱਜਾ ਤਾਂ ਨੂਰਦੀਨ ਖ਼ਾਂ ਮੁਕਾਬਲੇ ਲਈ ਸਾਹਮਣੇ ਆਇਆ ਤੇ ਆਹਮੋ-ਸਾਹਮਣੇ ਪਰਸਪਰ ਗਹਿਗੱਚ ਲੜਾਈ ਹੋਈ। ਅਖ਼ੀਰ ਨੂਰਦੀਨ ਖ਼ਾਂ ਮੈਦਾਨ ਵਿੱਚੋਂ ਭੱਜ ਗਿਆ। ਚੜ੍ਹਤ ਸਿੰਘ ਨੇ ਸਾਰੇ ਸ਼ਹਿਰ ਨੂੰ ਲੁੱਟ ਕੇ ਬਰਬਾਦ ਕਰ ਦਿੱਤਾ। ਉੱਥੋਂ ਇਸ ਨੂੰ ਕੋਈ ਖ਼ਜ਼ਾਨਾ ਨਾ ਮਿਲਿਆ। ਉੱਥੋਂ ਚੱਲ ਕੇ ਉਸ ਨੇ ਧਣੀ ਦਾ ਮੁਲਕ ਫ਼ਤਿਹ ਕੀਤਾ ਤੇ ਲੱਖਾਂ ਰੁਪਇਆਂ ਦਾ ਮਾਲ ਉੱਥੋਂ ਪ੍ਰਾਪਤ ਕੀਤਾ। ਫੇਰ ਚੱਕਵਾਲ, ਜਲਾਲਪੁਰ, ਰਸੂਲਪੁਰ ਵਿੱਚ ਸ਼ਾਮਲ ਕਰ ਲਿਆ। ਉੱਥੋਂ ਉਹ ਪਿੰਡ ਦਾਦਨ ਖ਼ਾਂ ਗਿਆ, ਜਿਥੋਂ ਦੇ ਹਾਕਮ ਸਾਹਿਬ ਖ਼ਾਂ ਖੋਖਰ ਨੇ ਈਨ ਮੰਨ ਲਈ ਤੇ ਜਿੰਨਾ ਨਜ਼ਰਾਨਾ ਉਸ ਮੰਗਿਆ, ਸਾਹਿਬ ਖ਼ਾਂ ਖੋਖਰ ਨੇ ਭੇਂਟ ਕਰ ਦਿੱਤਾ। ਉਸ ਨੇ ਪਿੰਡ ਦਾਦਰ ਖ਼ਾਂ ਵਿਖੇ ਇੱਕ ਕਿਲ੍ਹਾ ਬਣਾਉਣ ਦਾ ਹੁਕਮ ਦਿੱਤਾ ਅਤੇ ਆਪਣੀ ਮਿਸਲ ਦੇ ਦੋ ਸਰਦਾਰਾਂ ਬੁੱਧ ਸਿੰਘ ਤੇ ਗੁਰ ਸਿੰਘ ਨੂੰ ਉੱਥੇ ਰਹਿਣ ਦੀ ਆਗਿਆ ਦੇ ਕੇ ਤਾਕੀਦ ਕੀਤੀ ਕਿ ਕਿਲ੍ਹਾ ਛੇਤੀ ਬਣਵਾਉਣ। ਉੱਥੋਂ ਅਗਾਂਹ ਵਧ ਕੇ ਉਸ ਨੇ ਕੋਟ ਸਾਹਿਬ ਖ਼ਾਂ ਤੇ ਰਾਜਾ ਖ਼ਾਂ ਕੋਟ ਦੇ ਹੋਰ ਕਸਬੇ ਫ਼ਤਿਹ ਕਰ ਲਏ। ਗੱਲ ਕੀ, ਚੜ੍ਹਤ ਸਿੰਘ ਜਿੱਧਰ ਵੀ ਗਿਆ ਫ਼ਤਿਹ ਨੇ ਉਸ ਦੇ ਪੈਰ ਹਮੇਸ਼ਾ ਚੁੰਮੇ। ਜਦ ਉਸ ਦੀ ਵਧਦੀ ਅਮੀਰੀ, ਇੱਜ਼ਤ ਤੇ ਸ਼ਾਨ ਦੂਜੇ ਸਿੱਖਾਂ ਨੇ ਵੇਖੀ ਤਾਂ ਸਾਰਿਆਂ ਨੂੰ ਈਰਖਾ ਹੋਣ ਲੱਗ ਪਈ। ਵਿਸ਼ੇਸ਼ ਕਰ ਕੇ ਭੰਗੀ ਮਿਸਲ ਦੇ ਸਰਦਾਰ ਜਿਹੜੇ ਆਪਣੇ ਜੇਹਾ ਕਿਸੇ ਦੂਜੇ ਨੂੰ ਨਹੀਂ ਸਮਝਦੇ ਸਨ, ਚੜ੍ਹਤ ਸਿੰਘ ਦੀ ਚੜ੍ਹਤ ਵੇਖ ਕੇ ਸੜ-ਬਲ ਗਏ ਤੇ ਉਹਨਾਂ ਨੀਅਤ ਧਾਰੀ ਕਿ ਕਿਸੇ ਤਰ੍ਹਾਂ ਚੜ੍ਹਤ ਸਿੰਘ ਨੂੰ ਲੁੱਟ ਲਈਏ। ਇਹ ਖ਼ਬਰ ਚੜ੍ਹਤ ਸਿੰਘ ਨੂੰ ਵੀ ਪਹੁੰਚ ਗਈ ਤੇ ਆਪਸ ਵਿੱਚ ਦੁਸ਼ਮਣੀ ਤੇ ਰੰਜਸ਼ ਪੈਦਾ ਹੋ ਗਈ। ਇਹਨਾਂ ਦੋਹਾਂ ਮਿਸਲਾਂ ਵਿੱਚ ਪਹਿਲਾਂ ਵੀ ਦੁਸ਼ਮਣੀ ਮੌਜੂਦ ਸੀ। ਪਹਿਲਾਂ ਜਦ ਵੀ ਕੋਈ ਵੈਰੀ ਸਿੱਖਾਂ ਦੇ ਵਿਰੁੱਧ ਮੁਕਾਬਲੇ 'ਤੇ ਆਉਂਦਾ ਤਾਂ ਸਾਰੇ ਮਿਲ ਕੇ ਉਸ ਨੂੰ ਦੂਰ ਕਰਦੇ, ਪਰ ਹੁਣ ਆਪਸ ਵਿਚਲੀ ਉਹ ਗੱਲ ਵੀ ਜਾਂਦੀ ਰਹੀ। ਅਚਾਨਕ ਉਸ ਸਮੇਂ ਇੱਕ ਹੋਰ ਝਗੜਾ ਉੱਠ ਖਲੋਤਾ, ਜਿਸ ਦੇ ਕਾਰਨ ਦੋਹਾਂ ਮਿਸਲਾਂ ਵਿਚਕਾਰ ਸਖ਼ਤ

ਲੜਾਈ ਹੋਈ, ਜਿਸ ਵਿੱਚ ਦੋਹਾਂ ਮਿਸਲਾਂ ਦੇ ਅਧਿਕਾਰੀ ਮਾਰੇ ਗਏ। ਉਸ ਲੜਾਈ ਦਾ ਹਾਲ ਇਸ ਪ੍ਰਕਾਰ ਹੈ :

ਉਹਨਾਂ ਦਿਨਾਂ ਵਿੱਚ ਰਾਜਾ ਰਣਜੀਤ ਦੇਵ ਜੰਮੂ ਦਾ ਹਾਕਮ ਸੀ। ਉਹ ਬੜਾ ਨਿਆਂਕਾਰੀ, ਨੇਕ ਖ਼ਸਲਤਾਂ ਵਾਲਾ ਤੇ ਆਉ-ਭਗਤ ਕਰਨ ਵਾਲਾ ਰਾਜਾ ਸੀ। ਉਸ ਵੇਲੇ ਉਸ ਦੀ ਪਰਜਾ ਬੜੀ ਸੁਖੀ ਵਸਦੀ ਸੀ ਤੇ ਜੰਮੂ ਸਾਰੇ ਪੰਜਾਬ ਵਿੱਚੋਂ ਵਧੇਰੇ ਅਮਨ-ਅਮਾਨ ਦੀ ਥਾਂ ਬਣੀ ਹੋਈ ਸੀ, ਕਿਉਂਕਿ ਸਿੱਖਾਂ ਦੀ ਆਪਸੀ ਖਹਿਬਾਜ਼ੀ ਤੋਂ ਡਰਦੇ ਅਤੇ ਵੈਸੇ ਵੀ ਸਿੱਖਾਂ ਤੋਂ ਡਰਦੇ ਵੱਡੇ-ਵੱਡੇ ਸ਼ਾਹੂਕਾਰ ਤੇ ਧਨਾਢ ਆਦਮੀ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਨਿਕਲ ਕੇ ਉੱਥੇ ਆ ਬੈਠੇ ਸਨ। ਸੋ, ਸਿੱਖਾਂ ਦੀ ਉਸ ਸ਼ਹਿਰ 'ਤੇ ਅੱਖ ਸੀ, ਉੱਥੇ ਚੜ੍ਹਾਈ ਕੀਤੀ ਜਾਵੇ ਤੇ ਚੰਗੀ ਲੁੱਟਮਾਰ ਕੀਤੀ ਜਾਵੇ, ਪਰ ਇਸ ਖ਼ਿਆਲ ਨਾਲ ਕਿ ਰਾਜਾ ਰਣਜੀਤ ਦੇਵ ਤੋਂ ਪਰਜਾ ਵੀ ਵਾਰੇ-ਵਾਰੇ ਜਾਂਦੀ ਹੈ ਤੇ ਉਸ ਕੋਲ ਫ਼ੌਜ ਵੀ ਕਾਫ਼ੀ ਹੈ ਤੇ ਉੱਥੇ ਜਾਣਾ ਤੇ ਮਾਲ ਲੁੱਟ ਕੇ ਲਿਆਉਣਾ ਔਖਾ ਹੈ, ਸਿੱਖ ਉੱਧਰ ਨੂੰ ਮੂੰਹ ਨਹੀਂ ਸਨ ਕਰਦੇ। ਪਰ ਹੁਣ ਕੁਦਰਤ ਵੱਲੋਂ ਕਾਰਨ ਹੀ ਐਸਾ ਬਣ ਗਿਆ। ਤਖ਼ਤ ਬਾਬਤ ਇਸ ਦੀ ਆਪਣੇ ਪੁੱਤਰ ਬ੍ਰਿਜਰਾਜ ਦੇਵ ਨਾਲ ਅਣ-ਬਣ ਹੋ ਗਈ। ਕਿਉਂਕਿ ਬ੍ਰਿਜਰਾਜ ਦੇਵ ਚਾਹੁੰਦਾ ਸੀ ਕਿ ਪਿਤਾ ਉਸ ਨੂੰ ਜਿਊਂਦੇ ਜੀਅ ਹੀ ਰਾਜਗੱਦੀ ਦੇ ਦੇਵੇ, ਪਰ ਰਣਜੀਤ ਦੇਵ ਇਸ ਗੱਲ ਦੇ ਹੱਕ ਵਿੱਚ ਨਹੀਂ ਸੀ, ਉਹ ਆਪਣੇ ਛੋਟੇ ਤੇ ਲਾਡਲੇ ਪੁੱਤਰ ਦਲੇਲ ਸਿੰਘ ਨੂੰ ਗੱਦੀ 'ਤੇ ਬਿਠਾਉਣਾ ਚਾਹੁੰਦਾ ਸੀ। ਇਸ ਝਗੜੇ ਵਿੱਚ ਕਈ ਇੱਕ ਹੋਰ ਅਮੀਰ ਤੇ ਸਰਦਾਰ ਵੀ ਬ੍ਰਿਜਰਾਜ ਦੇਵ ਦੇ ਧੜੇ ਦੇ ਹੋ ਗਏ ਅਤੇ ਪਿਉ-ਪੁੱਤਰ ਵਿੱਚ ਸਖ਼ਤ ਝਗੜਾ ਹੋਇਆ ਤੇ ਹਾਲਾਤ ਕਤਲ ਖ਼ੂਨ ਤਕ ਪਹੁੰਚ ਗਏ। ਉਸ ਵੇਲੇ ਭਾਵੇਂ ਰਾਜਾ ਰਣਜੀਤ ਦੇਵ ਦੀ ਅੱਧੀ ਫ਼ੌਜ ਉਸ ਦੀ ਦੁਸ਼ਮਣ ਹੋ ਗਈ ਤੇ ਉਸ ਦੇ ਪੁੱਤਰ ਨਾਲ ਮਿਲ ਗਈ ਸੀ,ਪਰ ਫੇਰ ਵੀ ਉਹ ਆਪਣੇ ਮਾਲਕ ਨਾਲ ਲੜਨਾ ਚੰਗਾ ਨਹੀਂ ਸਨ ਸਮਝਦੇ। ਇਸ ਲਈ ਬ੍ਰਿਜਰਾਜ ਦੇਵ ਨੇ ਸ੍. ਚੜ੍ਹਤ ਸਿੰਘ ਦੀ ਮਿਸਲ ਨੂੰ ਬੜੀ ਭਾਰੀ ਭੇਟਾ ਦੇਣੀ ਪ੍ਰਵਾਨ ਕਰ ਕੇ ਆਪਣੀ ਸਹਾਇਤਾ ਲਈ ਬੁਲਵਾਇਆ। ਚੜ੍ਹਤ ਸਿੰਘ ਨੇ ਸਰਦਾਰ ਹਕੀਕਤ ਸਿੰਘ ਤੇ ਸਰਦਾਰ ਜੈ ਸਿੰਘ ਕਨ੍ਹਈਆ ਨੂੰ ਵੀ ਇਸ ਚੜ੍ਹਾਈ ਵਿੱਚ ਸ਼ਾਮਲ ਕਰ ਲਿਆ ਤੇ ਦੋਵੇਂ ਮਿਸਲਾਂ ਇੱਕ ਵੱਡਾ ਦਲ ਬਣ ਕੇ ਜੰਮੂ ਵੱਲ ਨੂੰ ਧਾਈਆਂ। ਸਿੱਖ ਦਿਲੋਂ ਬਹੁਤ ਖ਼ੁਸ਼ ਸਨ ਕਿ ਹੁਣ ਜੰਮੂ ਦਾ ਭਾਰੀ ਖ਼ਜ਼ਾਨਾ ਖ਼ਾਲਸਾ ਜੀ ਨੂੰ ਮਿਲ ਜਾਵੇਗਾ। ਜਦ ਇਹ ਖ਼ਬਰ ਰਣਜੀਤ ਦੇਵ ਨੂੰ ਮਿਲੀ ਤਾਂ ਉਹ ਬਹੁਤ ਡਰਿਆ ਤੇ ਉਸ ਨੇ ਇਹ ਯੋਗ ਜਾਣਿਆ ਕਿ ਭੰਗੀਆਂ ਦੀ ਮਿਸਲ ਨੂੰ ਆਪਣੀ ਸਹਾਇਤਾ ਤੇ ਹਮਾਇਤ ਲਈ ਸੱਦ ਭੇਜੇ। ਇਸ ਪੁਰ ਉਸ ਨੇ ਝੰਡਾ ਸਿੰਘ ਤੇ ਗੰਡਾ ਸਿੰਘ ਪੁੱਤਰ ਸਰਦਾਰ ਹਰੀ ਸਿੰਘ ਭੰਗੀ ਨੂੰ ਆਪਣੀ ਮਦਦ ਲਈ ਬੁਲਾਇਆ। ਇਸ ਮਿਸਲ ਦੇ ਸਰਦਾਰ ਕਨ੍ਹਈਆ ਤੇ ਸ਼ੁਕਰਚੱਕੀਆ ਮਿਸਲਾਂ ਦੇ ਵਿਰੁੱਧ ਜੰਮੂ ਨੂੰ ਚੱਲ

ਪਏ। ਇਹ ਲਸ਼ਕਰ ਅੱਗੇ-ਪਿੱਛੇ ਜੰਮੂ ਨੂੰ ਜਾ ਰਹੇ ਸਨ ਕਿ ਦਰਿਆ ਦੇ ਕੰਢੇ ਜਫ਼ਰਵਾਲ ਦੇ ਇਲਾਕੇ ਵਿੱਚ ਪਿੰਡ 'ਦਾਸੂ ਸਹਾਰਾ' ਦੇ ਨੇੜੇ ਦੋਵਾਂ ਲਸ਼ਕਰਾਂ ਦਾ ਮੁਕਾਬਲਾ ਹੋ ਗਿਆ ਤੇ ਆਪਸ ਵਿੱਚ ਬੜੀ ਜ਼ਬਰਦਸਤ ਲੜਾਈ ਹੋਈ। ਥੋੜ੍ਹੇ ਦਿਨ ਜੰਗ-ਯੁੱਧ ਦੀ ਅੱਗ ਭੱਖਦੀ ਰਹੀ, ਪਰ ਕੋਈ ਧਿਰ ਵੀ ਨਾ ਹਾਰੀ। ਇੱਕ ਦਿਨ ਚੜ੍ਹਤ ਸਿੰਘ ਦੀ ਬੰਦੂਕ ਫਟ ਗਈ ਤੇ ਉਸ ਦੀ ਸੱਟ ਨਾਲ ਚੜ੍ਹਤ ਸਿੰਘ ਮਰ ਗਿਆ। ਉਸ ਦੀ ਮ੍ਰਿਤੂ ਪਿੱਛੋਂ ਉਸ ਦੀ ਮਿਸਲ ਦਾ ਕੋਈ ਅਧਿਕਾਰੀ ਨਾ ਰਿਹਾ ਤਾਂ ਜੈ ਸਿੰਘ ਤੇ ਹਕੀਕਤ ਸਿੰਘ ਨੇ ਉਸ ਦੇ ਡੇਰੇ ਦਾ ਪ੍ਰਬੰਧ ਕੀਤਾ। ਸਰਦਾਰ ਚੜ੍ਹਤ ਸਿੰਘ ਦੇ ਮਰ ਜਾਣ ਨਾਲ ਜੈ ਸਿੰਘ ਤੇ ਹਕੀਕਤ ਸਿੰਘ ਦਾ ਵੀ ਲੱਕ ਟੁੱਟ ਗਿਆ ਤੇ ਜਿੱਤ ਦੀ ਆਸ ਜਾਂਦੀ ਰਹੀ, ਪਰ ਉਨ੍ਹਾਂ ਨੇ ਵੀ ਇੱਕ ਕੋਝੀ ਚਾਲ ਚੱਲੀ ਕਿ ਇੱਕ ਮਜ਼ਬੂਤੀ ਸਿੱਖ ਨੂੰ, ਜਿਹੜਾ ਮਿਸਲ ਦੇ ਕਰਤਾ-ਧਰਤਾ ਝੰਡਾ ਸਿੰਘ ਭੰਗੀ ਦਾ ਸੇਵਾਦਾਰ ਸੀ, ਆਪਣੇ ਨਾਲ ਮਿਲਾ ਲਿਆ ਤੇ ਉਸ ਨੂੰ ਕਿੰਨੇ ਹਜ਼ਾਰ ਰੁਪਿਆ ਦੇਣਾ ਕਰ ਕੇ ਇਸ ਗੱਲ 'ਤੇ ਤਿਆਰ ਕਰ ਲਿਆ ਕਿ ਉਹ ਆਪਣੇ ਮਾਲਕ ਝੰਡਾ ਸਿੰਘ ਨੂੰ ਕਤਲ ਕਰ ਦੇਵੇ। ਇਸ ਪੁਰ ਉਸ ਬੇ-ਤਰਸ ਨੇ ਮੌਕਾ ਦੇਖ ਕੇ ਆਪਣੇ ਮਾਲਕ ਨੂੰ ਕਤਲ ਕਰ ਦਿੱਤਾ। ਝੰਡਾ ਸਿੰਘ ਦੇ ਕਤਲ ਹੋਣ ਨਾਲ ਹੀ ਭੰਗੀਆਂ ਦੀ ਮਿਸਲ ਦਾ ਪ੍ਰਬੰਧ ਵੀ ਵਿਗੜ ਗਿਆ ਅਤੇ ਰਣਜੀਤ ਦੇਵ ਨਿਰਾਸ਼ ਹੋ ਗਿਆ। ਉਸ ਨੇ ਅਨੁਭਵ ਕੀਤਾ ਕਿ ਹੁਣ ਜਦ ਤਕ ਸਰਦਾਰ ਜੈ ਸਿੰਘ ਕਨ੍ਹਈਆ ਨਾਲ ਸਾਜ਼-ਬਾਜ਼ ਨਾ ਕੀਤੀ ਜਾਵੇ, ਉਸ ਦੇ ਜਾਨ-ਮਾਲ ਦੀ ਖ਼ੈਰ ਨਹੀਂ। ਇਸ ਖ਼ਿਆਲ ਨਾਲ ਪਹਿਲਾਂ ਤਾਂ ਉਸ ਨੇ ਆਪਣੇ ਪੁੱਤਰ ਨੂੰ ਗੱਦੀ ਦਾ ਹੱਕ ਦੇਣਾ ਪ੍ਰਵਾਨ ਕਰ ਕੇ ਉਸ ਨੂੰ ਰਾਜ਼ੀ ਕਰ ਲਿਆ ਤੇ ਫੇਰ ਸਰਦਾਰ ਜੈ ਸਿੰਘ ਕਨ੍ਹਈਆ ਨੂੰ ਇੱਕ ਲੱਖ ਪੰਝੀ ਹਜ਼ਾਰ ਰੁਪਿਆ ਭੇਟਾ ਦੇ ਕੇ ਵਿਦਾ ਕੀਤਾ। ਉੱਥੋਂ ਵਾਪਸ ਪਰਤਣ ਸਮੇਂ ਸਰਦਾਰ ਝੰਡਾ ਸਿੰਘ ਦੇ ਭਰਾ ਗੰਡਾ ਸਿੰਘ ਭੰਗੀ ਤੇ ਸਰਦਾਰ ਚੜ੍ਹਤ ਸਿੰਘ ਦੇ ਪੁੱਤਰ ਸਰਦਾਰ ਮਹਾਂ ਸਿੰਘ ਵਿੱਚ ਸੁਲ੍ਹਾ ਸਫ਼ਾਈ ਹੋ ਗਈ, ਕਿਉਂਕਿ ਇਸ ਚੜ੍ਹਾਈ ਵਿੱਚ ਦੋਹਾਂ ਮਿਸਲਾਂ ਦਾ ਕਾਫ਼ੀ ਨੁਕਸਾਨ ਹੋਇਆ ਸੀ। ਵੱਡੇ-ਵੱਡੇ ਅਧਿਕਾਰੀ ਵੀ ਇਹਨਾਂ ਦੋਹਾਂ ਮਿਸਲਾਂ ਦੇ ਮਾਰੇ ਗਏ, ਆਉਣ-ਜਾਣ ਦਾ ਖ਼ਰਚ ਵੀ ਮੁਫ਼ਤ ਵਿੱਚ ਪਿਆ ਤੇ ਪ੍ਰਾਪਤ ਵੀ ਕੁਝ ਨਾ ਹੋਇਆ, ਬਲਕਿ ਸਵਾ ਲੱਖ ਰੁਪਿਆ ਭੇਟਾ ਵਜੋਂ ਸ੍. ਜੈ ਸਿੰਘ ਨਕਦ ਲੈ ਗਿਆ। ਇਸ ਲਈ ਇਹਨਾਂ ਦੋਹਾਂ ਸਰਦਾਰਾਂ ਨੇ ਮੁਸੀਬਤ ਦੇ ਮਾਰਿਆਂ ਨੇ ਅੱਗੇ ਤੋਂ ਇਹੀ ਯੋਗ ਸਮਝਿਆ ਕਿ ਆਪਸ ਵਿੱਚ ਸੁਲ੍ਹਾ ਹੀ ਰਹੇ, ਪਰ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਰਣਜੀਤ ਦੇਵ ਨੇ ਇੱਕ ਲੱਖ 25 ਹਜ਼ਾਰ ਰੁਪੈ ਭੰਗੀ ਸਰਦਾਰ ਨੂੰ ਵੀ ਦਿੱਤੇ ਤੇ ਲਸ਼ਕਰ ਨੂੰ ਵਾਪਸ ਭੇਜਿਆ। ਰਣਜੀਤ ਦੇਵ ਦੀ ਇਹ ਚਲਾਕੀ, ਜਿਸ ਦੇ ਨਾਲ ਸਿੱਖਾਂ ਦੇ ਘਰ ਵਿੱਚ ਹੀ ਇੱਕ ਤਰ੍ਹਾਂ ਨਾਲ ਲੜਾਈ ਕਰਵਾ ਕੇ ਇਹਨਾਂ ਦੇ ਦੋ ਬਹੁਮੁੱਲੇ ਸਰਦਾਰ ਸ਼ਹੀਦ ਹੋ ਗਏ ਸਨ, ਖੁੱਲ੍ਹ ਗਈ ਤੇ ਕੁਝ ਸਰਦਾਰਾਂ ਨੇ ਵਿੱਚ ਪੈ ਕੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾ ਦਿੱਤੀ।

ਸਰਦਾਰ ਚੜ੍ਹਤ ਸਿੰਘ ਦੇ ਦੋ ਪੁੱਤਰ ਸਨ: ਮਹਾਂ ਸਿੰਘ ਤੇ ਸੋਹਜ ਸਿੰਘ। ਇੱਕ ਲੜਕੀ ਬੀਬੀ ਰਾਜ ਕੌਰ ਸੀ, ਜਿਸ ਦਾ ਵਿਆਹ ਸਰਦਾਰ ਗੁੱਜਰ ਸਿੰਘ ਮਿਸਲ ਭੰਗੀਆਂ ਵਾਲੀ ਦੇ ਨਾਲ ਹੋਇਆ। ਸਰਦਾਰ ਚੜ੍ਹਤ ਸਿੰਘ ਤੋਂ ਬਾਅਦ ਉਸ ਦਾ ਵੱਡਾ ਲੜਕਾ ਮਹਾਂ ਸਿੰਘ ਗੱਦੀ 'ਤੇ ਬੈਠਾ। ਪਿਤਾ ਦੇ ਚਲਾਣੇ ਸਮੇਂ ਮਹਾਂ ਸਿੰਘ ਦੀ ਉਮਰ 12 ਸਾਲ ਦੀ ਸੀ। ਇਸ ਕਰ ਕੇ ਕੁਝ ਚਿਰ ਇਹਨਾਂ ਦਾ ਸਰਪ੍ਰਸਤ ਸਰਦਾਰ ਜੈ ਸਿੰਘ ਕਨ੍ਹਈਆ ਬਣਿਆ ਰਿਹਾ। ਜੈ ਸਿੰਘ ਕਨ੍ਹਈਏ ਨੇ ਮਹਾਂ ਸਿੰਘ ਦਾ ਵਿਆਹ ਜੀਂਦ ਦੇ ਰਾਜੇ ਗਜਪਤ ਸਿੰਘ ਦੀ ਬੇਟੀ ਰਾਜ ਕੌਰ ਨਾਲ ਕਰਵਾਇਆ, ਜਿਸ ਦੀ ਕੁੱਖੋਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ।

ਸਰਦਾਰ ਮਹਾਂ ਸਿੰਘ ਦੀ ਭੰਗੀ ਸਰਦਾਰ ਨਾਲ ਸੁਲ੍ਹਾ ਸਫ਼ਾਈ ਹੋ ਗਈ ਸੀ। ਪਹਿਲਾਂ ਇਹਨਾਂ ਮਿਲ ਕੇ ਮੁਲਤਾਨ 'ਤੇ ਚੜ੍ਹਾਈ ਕੀਤੀ। ਸਾਲ 1761 ਵਿੱਚ ਨਵਾਬ ਤਕਲੁੱਖ ਖ਼ਾਂ ਕਾਬਲ ਦੇ ਬਾਦਸ਼ਾਹ ਦੇ ਹੁਕਮ ਨਾਲ ਮੁਲਤਾਨ ਦਾ ਸੂਬੇਦਾਰ ਬਣ ਕੇ ਆਇਆ ਤੇ ਪਹਿਲੇ ਸੂਬੇ ਦੇ ਨਾਮ ਹੁਕਮ ਜਾਰੀ ਹੋਇਆ ਕਿ ਉਹ ਕਾਬਲ ਚਲਾ ਜਾਵੇ, ਕਿਉਂਕਿ ਪਹਿਲਾ ਸੂਬਾ ਮੁਲਤਾਨ ਉੱਪਰ ਸੁਤੰਤਰ ਹੋ ਕੇ ਰਾਜ ਕਰਦਾ ਸੀ ਤੇ ਬਾਦਸ਼ਾਹ ਨੂੰ ਕਦੀ ਕੁਝ ਨਹੀਂ ਦਿੰਦਾ ਸੀ। ਉਸ ਨੂੰ ਆਪਣਾ ਤਬਾਦਲਾ ਤੇ ਨਵੇਂ ਸੂਬੇ ਦਾ ਆਉਣਾ ਚੰਗਾ ਨਾ ਲੱਗਾ, ਇਸ ਲਈ ਉਸ ਨੇ ਆਪਣੀ ਮਦਦ ਲਈ ਸਿੱਖਾਂ ਨੂੰ ਬੁਲਾਇਆ। ਨਵਾਬ ਤਕਲੁੱਖ ਖ਼ਾਂ ਮੁਲਤਾਨ ਦੀ ਹਕੂਮਤ ਵਿੱਚ ਦਖ਼ਲ ਨਾ ਦੇਵੇ। ਇਸ ਕਰ ਕੇ ਉਸ ਨੇ ਸਰਦਾਰ ਗੰਡਾ ਸਿੰਘ ਭੰਗੀ ਨੂੰ ਆਪਣੀ ਸਹਾਇਤਾ ਲਈ ਬੁਲਾਇਆ। ਗੰਡਾ ਸਿੰਘ ਨੇ ਮਹਾਂ ਸਿੰਘ ਨੂੰ ਨਾਲ ਚੱਲਣ ਲਈ ਸੱਦ ਭੇਜਿਆ ਤੇ ਦੋਵੇਂ ਮਿਸਲਾਂ ਇਕੱਠੀਆਂ ਤੇ ਇੱਕ ਥਾਂ ਹੋ ਕੇ ਮੁਲਤਾਨ ਨੂੰ ਚੱਲ ਪਈਆਂ। ਜਦ ਇਹ ਖ਼ਬਰ ਨਵਾਬ ਤਕਲੁੱਖ ਖ਼ਾਂ ਨੇ ਸੁਣੀ ਕਿ ਸਿੱਖਾਂ ਦਾ ਦਲ ਉਸ ਦੇ ਮੁਕਾਬਲੇ ਲਈ ਨੇੜੇ ਆ ਗਿਆ ਹੈ, ਤਾਂ ਉਹ ਉਸ ਵੇਲੇ ਕੂਚ ਕਰ ਕੇ ਕਾਬਲ ਨੂੰ ਮੁੜ ਗਿਆ। ਜਦੋਂ ਖ਼ਾਲਸੇ ਦੀ ਇਹ ਫ਼ੌਜ ਮੁਲਤਾਨ ਪਹੁੰਚੀ ਤਾਂ ਮੁਲਤਾਨ ਦੇ ਨਵਾਬ ਨੇ ਬੜੀ ਆਉ-ਭਗਤ ਕੀਤੀ ਤੇ ਭੇਟਾ ਦੇ ਕੇ ਵਿਦਾ ਕੀਤਾ, ਪਰ ਸਿੱਖ ਚਾਹੁੰਦੇ ਸਨ ਕਿ ਇਸ ਕਮਜ਼ੋਰ ਸੂਬੇ ਨੂੰ ਗੱਲਾਂ-ਗੱਲਾਂ ਵਿੱਚ ਹੀ ਰੱਖ ਕੇ ਮੁਲਤਾਨ ਉੱਪਰ ਆਪਣਾ ਅਧਿਕਾਰ ਜਮਾ ਲੈਣ। ਇਸ ਲਈ ਧੋਖੇ ਵਜੋਂ ਅਖਵਾ ਭੇਜਿਆ ਕਿ ਫ਼ੌਜ ਦੀ ਇੱਛਾ ਹੈ ਕਿ ਸ੍ਰੀ ਪ੍ਰਹਲਾਦ ਜੀ ਦੇ ਮੰਦਰ ਦੇ ਦਰਸ਼ਨ ਕਰੇ, ਜਿਹੜਾ ਕਿਲ੍ਹੇ ਦੇ ਅੰਦਰ ਹੈ, ਨਹੀਂ ਤਾਂ ਖ਼ਾਲਸੇ ਨੂੰ ਇਸ ਗੱਲ ਦਾ ਅਫ਼ਸੋਸ ਰਹਿ ਜਾਵੇਗਾ ਕਿ ਮੁਲਤਾਨ ਆ ਕੇ ਉਹਨਾਂ ਨੇ ਸ੍ਰੀ ਪ੍ਰਹਿਲਾਦ ਜੀ ਦੇ ਦਰਸ਼ਨ ਨ ਕੀਤੇ। ਇਹ ਬੇਨਤੀ ਸੁਣ ਕੇ ਮੁਲਤਾਨ ਦੇ ਬੁੱਧੂ ਤੇ ਸਿੱਧੇ-ਸਾਦੇ ਹਾਕਮ ਨੇ ਉੱਤਰ ਵਿੱਚ ਅਖਵਾ ਭੇਜਿਆ ਕਿ ਇਸ ਗੱਲ ਵਿੱਚ ਕੋਈ ਹਰਜ ਨਹੀਂ ਖ਼ਾਲਸਾ ਜੀ ਪੰਜਾਹ-ਪੰਜਾਹ ਦੇ ਜਥਿਆਂ ਵਿੱਚ ਆਉਣ ਤੇ ਦਰਸ਼ਨ ਕਰ ਜਾਣ। ਅਜਿਹੀ ਆਗਿਆ ਮਿਲਣ ਪੁਰ ਪੰਜਾਹ ਆਦਮੀਆਂ ਦਾ ਜਥਾ ਕਿਲ੍ਹੇ ਵਿੱਚ

ਜਾਂਦਾ, ਪਰ ਉੱਥੋਂ ਨਿਕਲਣ ਸਮੇਂ ਦਸ ਆਦਮੀ ਪਿੱਛੇ ਕਿਲ੍ਹੇ ਵਿੱਚ ਰਹਿ ਜਾਂਦੇ। ਇਸ ਤਰ੍ਹਾਂ ਬਹੁਤ ਸਾਰੇ ਆਦਮੀ ਕਿਲ੍ਹੇ ਵਿੱਚ ਜਮ੍ਹਾ ਹੋ ਗਏ। ਕਿਲ੍ਹੇ ਦਾ ਦਰਵਾਜ਼ਾ ਤਾਂ ਖੁੱਲ੍ਹਾ ਹੀ ਸੀ, ਸਾਰੀ ਫ਼ੌਜ ਬਾਹਰੋਂ ਹਮਲਾ ਕਰ ਕੇ ਅੰਦਰ ਜਾ ਵੜੀ ਤੇ ਝੱਟ-ਪੱਟ ਕਿਲ੍ਹੇ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ। ਖ਼ਜ਼ਾਨੇ ਤੇ ਮਾਲ-ਅਸਬਾਬ ਉੱਪਰ ਵੀ ਪਹਿਰੇ ਬਿਠਾ ਦਿੱਤੇ ਤੇ ਨਵਾਬ ਨੂੰ ਫੜ ਲਿਆ। ਜਦ ਉਸ ਨੇ ਹਰ ਇੱਕ ਤੋਂ ਆਪਣਾ ਅਧਿਕਾਰ ਚੁੱਕ ਲਿਆ ਤਾਂ ਉਸ ਨੂੰ ਛੱਡ ਦਿੱਤਾ ਗਿਆ। ਆਪਣੀ ਹਕੂਮਤ ਕਾਇਮ ਕਰ ਕੇ ਉੱਥੇ ਜਮੀਅਤ ਸਿੰਘ ਨਾਮ ਦੇ ਇੱਕ ਸਰਦਾਰ ਨੂੰ ਉੱਥੋਂ ਦਾ ਸੂਬਾ ਕਿਲ੍ਹਾਦਾਰ ਤੇ ਹਾਕਮ ਬਣਾ ਕੇ ਕੁਝ ਫ਼ੌਜ ਕਾਇਮ ਕਰ ਕੇ ਹਿ ਵਾਪਸ ਆਏ। ਰਾਹ ਵਿੱਚ ਪਹਿਲਾਂ ਪਿੰਡ ਢਾਹਾਂ 'ਤੇ ਕਬਜ਼ਾ ਕੀਤਾ, ਫਿਰ ਅਹਿਮਦਾਬਾਦ ਜਾ ਕੇ ਕਸਬੇ ਦੇ ਹਾਕਮ ਅਹਮਦ ਖ਼ਾਂ ਨੂੰ ਤੰਗ ਕਰ ਕੇ ਉਸ ਪਾਸੋਂ ਵੱਡੀ ਅਹਮਦਸ਼ਾਹੀ ਤੋਪ ਖੋਹ ਲਈ, ਜਿਹੜੀ ਚੜ੍ਹਤ ਸਿੰਘ ਨੇ ਲਾਹੌਰ ਦੇ ਕਿਲ੍ਹੇ ਤੋਂ ਲਿਆਂਦੀ ਸੀ ਤੇ ਭਾਰੀ ਹੋਣ ਕਰ ਕੇ ਉਸ ਨੂੰ ਘਰ ਤਕ ਨਹੀਂ ਸੀ ਲੈ ਜਾ ਸਕਿਆ ਤੇ ਇਸ ਨੂੰ ਅਹਮਦ ਖ਼ਾਂ ਉੱਥੋਂ ਆਪਣੇ ਪਿੰਡ ਲੈ ਗਿਆ। ਮੁਲਤਾਨ ਦੀ ਜਿੱਤ ਪਿੱਛੋਂ ਅਤੇ ਸ਼ਾਹੀ ਤੋਪ ਦੇ ਮਿਲ ਜਾਣ ਤੇ ਲਸ਼ਕਰ ਦੇ ਵਧ ਜਾਣ ਕਾਰਨ ਸਰਦਾਰ ਗੰਡਾ ਸਿੰਘ ਨੂੰ ਬਹੁਤ ਅਭਿਮਾਨ ਹੋ ਗਿਆ। ਉਸ ਵੇਲੇ ਸ੍. ਮਹਾਂ ਸਿੰਘ ਵੀ ਉਸ ਦੇ ਅਧੀਨ ਸੀ। ਇਹ ਸਮਾਂ ਗੰਡਾ ਸਿੰਘ ਲਈ ਧਨ-ਦੌਲਤ ਇਕੱਠੀ ਕਰਨ ਤੇ ਤਰੱਕੀ ਕਰਨ ਦਾ ਸੀ। ਉਹ ਜਿੱਧਰ ਵੀ ਮੂੰਹ ਕਰਦਾ, ਕੋਈ ਉਸ ਦੇ ਸਾਹਮਣੇ ਨਾ ਟਿਕਦਾ। ਇਹਨਾਂ ਦਿਨਾਂ ਵਿੱਚ ਹੀ ਪਠਾਨਕੋਟ ਦਾ ਹਾਕਮ ਸਰਦਾਰ ਮਨਸਾ ਸਿੰਘ ਕਾਲ ਵੱਸ ਹੋ ਗਿਆ ਤੇ ਉਸ ਦੀ ਘਰਵਾਲੀ ਨੇ ਸਰਦਾਰ ਹਕੀਕਤ ਸਿੰਘ ਕਨ੍ਹਈਆ ਦੇ ਭਰਾ ਤਾਰਾ ਸਿੰਘ ਨੂੰ ਆਪਣੇ ਘਰ ਬੁਲਾ ਕੇ ਉਸ ਨਾਲ ਚਾਦਰ ਪਾ ਲਈ, ਭਾਵ ਕਿ ਉਸ ਨੂੰ ਆਪਣਾ ਘਰ-ਵਾਲਾ ਬਣਾ ਲਿਆ। ਸਰਦਾਰ ਮਨਸਾ ਸਿੰਘ ਭੰਗੀ ਸਰਦਾਰ ਗੰਡਾ ਸਿੰਘ ਦਾ ਨੇੜੇ ਦਾ ਰਿਸ਼ਤੇਦਾਰ ਸੀ, ਇਸ ਲਈ ਇਸ ਗੱਲ ਵਿੱਚ ਸਰਦਾਰ ਗੰਡਾ ਸਿੰਘ ਦੀ ਬਹੁਤ ਹੱਤਕ ਹੋਈ। ਰਿਆਸਤ ਪਠਾਨਕੋਟ ਵੀ ਇਸ ਮਿਸਲ ਦੇ ਅਧਿਕਾਰ ਹੇਠੋਂ ਨਿਕਲ ਕੇ ਕਨ੍ਹਈਆ ਮਿਸਲ ਦੀ ਹਕੂਮਤ ਵਿੱਚ ਚਲੀ ਗਈ। ਇਸ ਗੱਲ ਤੋਂ ਉਤੇਜਿਤ ਹੋ ਕੇ ਸ੍. ਗੰਡਾ ਸਿੰਘ ਨੇ ਹੁਕਮ ਦਿੱਤਾ ਕਿ ਝੱਟ-ਪੱਟ ਭੰਗੀ ਤੇ ਸ਼ੁਕਰਚੱਕੀਆ ਦੋਵਾਂ ਮਿਸਲਾਂ ਦੇ ਸਰਦਾਰ ਪਠਾਨਕੋਟ 'ਤੇ ਚੜ੍ਹਾਈ ਕਰ ਦੇਣ। ਇਸ ਲਈ ਇਨ੍ਹਾਂ ਨੇ ਉੱਧਰ ਨੂੰ ਬੜੀ ਸ਼ਾਨ ਨਾਲ ਚੜ੍ਹਾਈ ਕੀਤੀ ਤੇ ਜਾਂਦਿਆਂ ਹੀ ਪਠਾਨਕੋਟ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਹਕੀਕਤ ਸਿੰਘ ਦਾ ਭਰਾ ਤਾਰਾ ਸਿੰਘ ਕਿਲ੍ਹੇ ਦੇ ਅੰਦਰ ਹੀ ਇਸ ਆਸ ਤੇ ਉਡੀਕ ਵਿੱਚ ਲੜਦਾ ਰਿਹਾ ਕਿ ਕਦ ਉਸ ਦਾ ਭਰਾ ਫ਼ੌਜ ਲੈ ਕੇ ਆਵੇ ਤੇ ਕਦ ਉਹ ਕਿਲ੍ਹੇ ਦੇ ਬਾਹਰ ਨਿਕਲ ਕੇ ਮੈਦਾਨ ਵਿੱਚ ਲੜਾਈ ਕਰੇ। ਦੇਵਨੇਤ ਐਨ ਲੜਾਈ ਵੇਲੇ ਕਿਸੇ ਸਿੱਖ ਨੇ ਕਿਲ੍ਹੇ ਦੇ ਅੰਦਰੋਂ ਅਜਿਹਾ ਨਿਸ਼ਾਨਾ ਬੰਨ੍ਹ ਕੇ ਗੋਲ਼ੀ ਚਲਾਈ ਕਿ ਉਹ ਸਰਦਾਰ ਗੰਡਾ ਸਿੰਘ

ਭੰਗੀ ਦੇ ਸਿਰ ਵਿੱਚ ਲੱਗੀ ਕਿ ਉਸ ਦਾ ਮਗ਼ਜ਼ ਚੂਰਾ ਚੂਰਾ ਹੋ ਗਿਆ। ਸਰਦਾਰ ਗੰਡਾ ਸਿੰਘ ਦੇ ਮਾਰੇ ਜਾਣ ਉੱਪਰ ਉਸ ਦੇ ਲਸ਼ਕਰ ਵਿੱਚ ਭਾਜੜ ਪੈ ਗਈ। ਭਾਵੇਂ ਉਸ ਦਾ ਛੋਟਾ ਭਰਾ ਦੇਸੂ ਸਿੰਘ ਆਪਣੇ ਭਰਾ ਦੀ ਥਾਂ ਮਿਸਲ ਦਾ ਸਰਦਾਰ ਬਣਿਆ, ਪਰ ਉਸ ਨੇ ਇਸ ਮੁਹਿੰਮ ਨੂੰ ਬਦਸ਼ਗਨੀ ਮੰਨਿਆ ਤੇ ਉਹ ਪਠਾਨਕੋਟ ਦਾ ਘੇਰਾ ਛੱਡ ਕੇ ਅੰਮ੍ਰਿਤਸਰ ਵਾਪਸ ਆ ਗਿਆ। ਉਹਨਾਂ ਦਿਨਾਂ ਵਿੱਚ ਅਹਮਦ ਸ਼ਾਹ ਦਾ ਪੁੱਤਰ ਤੈਮੂਰ ਸ਼ਾਹ ਡੇਰਾਜਾਤ ਵੱਲੋਂ ਮੁਲਤਾਨ ਵਿੱਚ ਦਾਖ਼ਲ ਹੋਇਆ। ਉਸ ਦੇ ਆਉਣ ਪੁਰ ਜਿੰਨੇ ਸਿੱਖ ਵੀ ਮੁਲਤਾਨ ਵਿੱਚ ਸਨ, ਸਾਰੇ ਜਾਨ ਬਚਾ ਕੇ ਭੱਜ ਗਏ। ਸ਼ਹਜ਼ਾਦਾ ਕੁਝ ਦਿਨ ਮੁਲਤਾਨ ਠਹਿਰਿਆ ਤੇ ਨਵਾਬ ਸ਼ੁਜਾ ਖ਼ਾਂ ਬਹਾਦਰ ਨੂੰ ਬਾਦਸ਼ਾਹ ਵੱਲੋਂ ਮੁਲਤਾਨ ਦਾ ਸੂਬੇਦਾਰ ਬਣਾ ਕੇ ਆਪ ਕਾਬਲ ਵਾਪਸ ਚਲਾ ਗਿਆ ਤੇ ਇਸ ਤਰ੍ਹਾਂ ਮੁਲਤਾਨ ਵਿੱਚੋਂ ਭੰਗੀ ਮਿਸਲ ਦਾ ਰਾਜ ਖ਼ਤਮ ਹੋ ਗਿਆ।

ਦੇਸੂ ਸਿੰਘ ਭੰਗੀ, ਜਿਹੜਾ ਗੰਡਾ ਸਿੰਘ ਦੀ ਥਾਂ ਮਿਸਲ ਦਾ ਸਰਦਾਰ ਬਣਿਆ ਸੀ, ਵਿਸ਼ੇ -ਵਕਾਰਾਂ ਵਿੱਚ ਪੈ ਗਿਆ ਤੇ ਉਸ ਨੂੰ ਰਿਆਸਤ ਦੇ ਕੰਮ-ਕਾਜ ਤੇ ਰਾਜ ਪ੍ਰਬੰਧ ਦੀ ਕੋਈ ਖ਼ਬਰ ਨਾ ਰਹੀ। ਉਸ ਵੇਲੇ ਸਰਦਾਰ ਚੜ੍ਹਤ ਸਿੰਘ ਦਾ ਪੁੱਤਰ ਸਰਦਾਰ ਮਹਾਂ ਸਿੰਘ ਉਸ ਤੋਂ ਵੱਖਰਾ ਹੋ ਗਿਆ ਤੇ ਉਹ ਆਪਣੀ ਮਿਸਲ ਦੇ ਸਵਾਰਾਂ ਨੂੰ ਲੈ ਕੇ ਗੁੱਜਰਾਂਵਾਲੇ ਆ ਗਿਆ ਤੇ ਮੁਲਕ ਮਾਰਨ ਵਿੱਚ ਰੁੱਝ ਗਿਆ। ਉਸ ਨੇ ਉਸ ਵੇਲੇ ਪਿੰਡੀ ਭੱਟੀਆਂ, ਸਾਹੀਵਾਲ, ਈਸਾਖੇਲ, ਮੂਸਾਖੇਲ ਦੇ ਇਲਾਕਾ ਝੰਡ ਉੱਤੇ ਚੜ੍ਹਾਈ ਕਰ ਦਿੱਤੀ ਤੇ ਉਹਨਾਂ ਇਲਾਕਿਆਂ ਨੂੰ ਲੁੱਟਿਆ ਤੇ ਨਜ਼ਰਾਨੇ ਵਸੂਲ ਕੀਤੇ। ਦੇਸੂ ਸਿੰਘ ਵਿਸ਼ੇ-ਵਿਕਾਰਾਂ ਵਿੱਚ ਡੁੱਬਾ ਹੋਇਆ ਸੀ। ਉਹ ਮਹਾਂ ਸਿੰਘ ਦੀ ਚੜ੍ਹਤ ਨੂੰ ਰੋਕ ਨਾ ਸਕਿਆ। ਪਿੰਡੀ ਭੱਟੀਆਂ ਦੇ ਸਾਹੀਵਾਲ ਨੂੰ ਪਹਿਲਾਂ ਭੰਗੀ ਸਰਦਾਰ ਜਿੱਤ ਚੁੱਕੇ ਸਨ ਤੇ ਉੱਥੇ ਉਹਨਾਂ ਦਾ ਥਾਣਾ ਵੀ ਕਾਇਮ ਸੀ, ਜੋ ਸਰਦਾਰ ਮਹਾਂ ਸਿੰਘ ਨੇ ਚੁਕਵਾ ਦਿੱਤਾ। ਮਹਾਂ ਸਿੰਘ ਦੇ ਘਰ ਉਸ ਦੀ ਭੈਣ ਰਾਜ ਕੌਰ ਹਾਲੀ ਕੰਵਾਰੀ ਸੀ। ਮਹਾਂ ਸਿੰਘ ਨੇ ਉਸ ਦਾ ਸਾਕ ਗੁੱਜਰ ਸਿੰਘ ਭੰਗੀ ਦੇ ਪੁੱਤਰ ਸਾਹਿਬ ਸਿੰਘ ਭੰਗੀ ਨਾਲ ਕਰ ਦਿੱਤਾ ਤੇ ਉਸ ਨੂੰ ਨਾਲ ਮਿਲਾ ਕੇ ਆਪ ਸ਼ਕਤੀਸ਼ਾਲੀ ਬਣ ਗਿਆ। ਇਹ ਗੁੱਜਰ ਸਿੰਘ ਭੰਗੀ ਸਰਦਾਰਾਂ ਵਿੱਚੋਂ ਬੜੇ ਸਿਰੜ ਤੇ ਨਿਸ਼ਚੇ ਵਾਲਾ ਸਰਦਾਰ ਸੀ। ਲਾਹੌਰ ਸ਼ਹਿਰ ਦਾ ਤੀਜਾ ਹਿੱਸਾ ਵੀ ਉਸ ਦੇ ਅਧਿਕਾਰ ਵਿੱਚ ਸੀ ਤੇ ਉਸ ਦਾ ਰਾਜ ਸ਼ਹਰ ਗੁਜਰਾਤ ਦੇ ਦੁਆਬਾ ਤੇ ਚਨਾਬ ਦੇ ਇਲਾਕੇ ਉੱਤੇ ਵੀ ਸੀ। ਉਸ ਦੇ ਪੁੱਤਰ ਸਾਹਿਬ ਸਿੰਘ ਨੇ ਪਿਤਾ ਦੇ ਵਿਰੁੱਧ ਮਹਾਂ ਸਿੰਘ ਦੀ ਸਹਾਇਤਾ ਨਾਲ ਪਹਿਲਾਂ ਗੁਜਰਾਤ ਉੱਤੇ ਕਬਜ਼ਾ ਕਰ ਲਿਆ ਤੇ ਫੇਰ ਉਹ ਸਾਰੇ ਇਲਾਕੇ, ਜਿਨ੍ਹਾਂ 'ਤੇ ਉਸ ਦਾ ਪਿਤਾ ਰਾਜ ਕਰਦਾ ਸੀ, ਆਪਣੇ ਅਧਿਕਾਰ ਵਿੱਚ ਲੈ ਲਏ। ਉਸ ਵੇਲੇ ਗੁੱਜਰ ਸਿੰਘ ਲਾਹੌਰ ਵਿੱਚ ਸੀ। ਜਦ ਉਸ ਨੇ ਆਪਣੇ ਪੁੱਤਰ ਦੀ ਇਹ ਕਾਰਸਤਾਨੀ ਸੁਣੀ ਤਾਂ ਬਹੁਤ ਕ੍ਰੋਧ ਵਿੱਚ ਆਇਆ ਤੇ ਆਪਣਾ ਲਸ਼ਕਰ ਲੈ ਕੇ ਦਰਿਆ ਰਾਵੀ ਤੇ ਚਨਾਬ ਨੂੰ ਨੰਗੇ ਪੈਰੀਂ ਪਾਰ ਕਰ ਕੇ

ਗੁਜਰਾਤ ਦਾ ਘੇਰਾ ਜਾ ਘੱਤਿਆ। ਉਸ ਵੇਲੇ ਮਹਾਂ ਸਿੰਘ ਨੇ ਵਿੱਚ ਪੈ ਕੇ ਦੋਹਾਂ ਪਿਉ-ਪੁੱਤਰਾਂ ਦੀ ਸੁਲ੍ਹਾ ਕਰਵਾ ਦਿੱਤੀ ਤੇ ਗੁੱਜਰ ਸਿੰਘ ਨੇ ਸਾਰਾ ਇਲਾਕਾ ਆਪਣੇ ਪੁੱਤਰ ਕੋਲੋਂ ਵਾਪਸ ਲੈ ਲਿਆ। ਕੇਵਲ ਸੋਹਦਰਾ ਦਾ ਇਲਾਕਾ ਗੁਜ਼ਾਰੇ ਲਈ ਉਸ ਦੇ ਨਾਮ ਰਹਿਣ ਦਿੱਤਾ। ਇਸ ਕੰਮ ਤੋਂ ਵਿਹਲਾ ਹੋ ਕੇ ਸਰਦਾਰ ਮਹਾਂ ਸਿੰਘ ਨੇ ਕਿਲ੍ਹਾ ਸਾਦੀਵਾਲ ਵੱਲ ਕੂਚ ਕੀਤਾ। ਜਦ ਨੇੜੇ ਪੁੱਜਾ ਤਾਂ ਕਿਲ੍ਹੇਦਾਰ ਨੂੰ ਆਪਣੇ ਕੋਲ ਬੁਲਾ ਕੇ ਕੈਦ ਕਰ ਲਿਆ ਅਤੇ ਸਾਦੀਵਾਲ 'ਤੇ ਕਬਜ਼ਾ ਕਰ ਕੇ ਰੁਹਤਾਸ ਵੱਲ ਵਧਿਆ ਤੇ ਉਸ ਉੱਪਰ ਕਬਜ਼ਾ ਕਰ ਲਿਆ। ਫਿਰ ਸਿਆਲਕੋਟ ਦੇ ਨੇੜੇ ਕਸਬਾ ਕੋਟਲੀ 'ਤੇ ਚੜ੍ਹਾਈ ਕੀਤੀ। ਕੋਟਲੀ ਦੀਆਂ ਬਣੀਆਂ ਹੋਈਆਂ ਬੰਦੂਕਾਂ ਸੁਗਾਤ ਦੇ ਤੌਰ 'ਤੇ ਮਸ਼ਹੂਰ ਹਨ। ਕੋਟਲੀ ਦੇ ਲੋਕਾਂ ਨੂੰ ਮਜਬੂਰ ਕਰ ਕੇ ਉਨ੍ਹਾਂ ਪਾਸੋਂ ਨਜ਼ਰਾਨਾ ਲਿਆ ਤੇ ਕਸਬੇ ਉੱਤੇ ਕਬਜ਼ਾ ਕਰ ਲਿਆ। ਫੇਰ ਕਸਬਾ ਰਾਮਦਾਸ ਪੁਰ ਵੱਲ ਨੂੰ ਧਾਵਾ ਕੀਤਾ। ਉੱਥੋਂ ਦੇ ਵਸਨੀਕਾਂ ਨੇ ਈਨ ਮੰਨ ਲਈ ਤੇ ਚੰਗੀ-ਚੋਖੀ ਭੇਟਾ ਹਾਜ਼ਰ ਕੀਤੀ। ਦੋ ਮਹੀਨੇ ਤਕ ਸਰਦਾਰ ਨੇ ਉੱਥੇ ਡੇਰਾ ਕੀਤਾ। ਉੱਥੇ ਰਹਿ ਕੇ ਉਸ ਨੇ ਇੱਕ ਅਜਿਹਾ ਵੱਡਾ ਕੰਮ ਕੀਤਾ, ਜਿਸ ਨਾਲ ਹਰ ਇੱਕ ਮਿਸਲ ਦੇ ਸਰਦਾਰ ਦੱਬ ਗਏ, ਭਾਵ ਕਿ ਚੜ੍ਹਤ ਸਿੰਘ ਕਲਾਲਵਾਲੀਆ, ਸਾਹਿਬ ਸਿੰਘ ਦੇ ਭਰਾ ਦੇ ਪੁੱਤਰ ਦਯਾ ਸਿੰਘ, ਧੰਨਾ ਸਿੰਘ, ਮੀਹਾਂ ਸਿੰਘ ਵਡਾਲੀਆ ਜੇਹੇ ਬਾਈ ਸਰਦਾਰਾਂ ਨੂੰ ਮੁਲਾਕਾਤ ਦੇ ਬਹਾਨੇ ਬੁਲਾ ਕੇ ਕੈਦ ਕਰ ਲਿਆ ਤੇ ਹਰ ਇੱਕ ਪਾਸੋਂ ਉਸ ਦੇ ਵਿੱਤ ਅਨੁਸਾਰ ਭੇਟਾ ਦੇ ਕੇ ਖ਼ਰਚਾ ਲੈ ਕੇ ਉਹਨਾਂ ਨੂੰ ਛੱਡ ਦਿੱਤਾ। ਫੇਰ ਉਸ ਨੇ ਰਾਮਦਾਸਪੁਰ ਤੋਂ ਕੂਚ ਕਰ ਕੇ ਰਸੂਲ ਨਗਰ ਨੂੰ ਜਾ ਘੇਰਾ ਪਾਇਆ, ਜਿਸ ਦਾ ਕਾਰਨ ਇਹ ਸੀ ਕਿ ਉਹ ਵੱਡੀ ਤੋਪ ਅਹਮਦਸ਼ਾਹੀ, ਜਿਹੜੀ ਮੁਲਤਾਨ ਦੀ ਮੁਹਿੰਮ ਵੇਲੇ ਗੰਡਾ ਸਿੰਘ ਭੰਗੀ ਅਹਿਮਦਾਬਾਦ ਤੋਂ ਲਿਆਇਆ ਸੀ, ਉਸ ਨੇ ਰਸੂਲ ਨਗਰ ਦੇ ਜ਼ਿਮੀਦਾਰ ਤੇ ਹਾਕਮ ਹਵਾਲੇ ਕਰ ਦਿੱਤੀ ਸੀ, ਤੇ ਜਦ ਮਹਾਂ ਸਿੰਘ ਨੇ ਉਹ ਤੋਪ ਮੰਗੀ ਤਾਂ ਰਸੂਲ ਨਗਰ ਦੇ ਹਾਕਮ ਨੇ ਨਾਂਹ ਕਰ ਦਿੱਤੀ ਤੇ ਅਖਵਾ ਭੇਜਿਆ ਕਿ ਇਹ ਤੋਪ ਉਸ ਕੋਲ ਭੰਗੀ ਮਿਸਲ ਦੇ ਸਰਦਾਰ ਦੀ ਅਮਾਨਤ ਪਈ ਹੈ, ਮੈਂ ਤਾਂ ਉਹਨਾਂ ਦੇ ਹੀ ਹਵਾਲੇ ਕਰਾਂਗਾ। ਇਹ ਜਵਾਬ ਸੁਣ ਕੇ ਸਰਦਾਰ ਮਹਾਂ ਸਿੰਘ ਝੱਟ ਰਸੂਲ ਨਗਰ ਜਾ ਵੱਜਿਆ ਤੇ ਕਸਬੇ ਦਾ ਘੇਰਾ ਪਾ ਲਿਆ। ਪਹਿਲਾਂ ਇੱਕ ਮਹੀਨੇ ਤਕ ਆਪਸ ਵਿੱਚ ਲੜਾਈ ਹੁੰਦੀ ਰਹੀ, ਜਿਸ ਵਿੱਚ ਬਹੁਤ ਸਾਰੇ ਆਦਮੀ ਮਾਰੇ ਗਏ। ਪੀਰ ਮੁਹੰਮਦ ਖ਼ਾਂ ਮੈਦਾਨ ਵਿੱਚ ਲੜਦਾ ਰਿਹਾ, ਫੇਰ ਘੇਰੇ ਅੰਦਰ ਚਲਾ ਗਿਆ। ਸਰਦਾਰ ਮਹਾਂ ਸਿੰਘ ਨੇ ਉਸ ਕਸਬੇ ਦਾ ਤਿੰਨ ਮਹੀਨੇ ਘੇਰਾ ਪਾਈ ਰੱਖਿਆ ਤੇ ਪੀਰ ਮੁਹੰਮਦ ਖ਼ਾਂ ਦਾ ਸਾਰਾ ਇਲਾਕਾ ਲੁੱਟ ਲਿਆ। ਕਿਸੇ ਜ਼ਿਮੀਦਾਰ ਦੇ ਘਰ ਇੱਕ ਦਾਣਾ ਵੀ ਨਾ ਛੱਡਿਆ। ਜਦ ਘੇਰਾ ਚਾਰ ਮਹੀਨੇ ਤਕ ਲੰਮਾ ਪੈ ਗਿਆ ਤਾਂ ਪੀਰ ਮੁਹੰਮਦ ਖ਼ਾਂ ਨੇ ਬਹੁਤ ਸਾਰੇ ਅਰਜ਼ੀ ਪਰਚੇ ਤੇ ਖਤ-ਪੱਤਰ ਦੇਸੂ ਸਿੰਘ ਭੰਗੀ ਨੂੰ ਆਪਣੀ ਸਹਾਇਤਾ ਲਈ ਲਿਖੇ, ਪਰ ਉਸ ਨੇ ਰੰਗ-

ਰਲੀਆਂ ਦੀ ਮਸਤੀ ਵਿੱਚ ਜਵਾਬ ਤਕ ਨਾ ਦਿੱਤਾ। ਉੱਧਰ ਮਹਾਂ ਸਿੰਘ ਵੀ ਤੰਗ ਆ ਗਿਆ ਤਾਂ ਉਸ ਨੇ ਸੁਲ੍ਹਾ ਦੀ ਤਜਵੀਜ਼ ਕੀਤੀ ਅਤੇ *ਗ੍ਰੰਥ ਸਾਹਿਬ* ਦੇ ਇੱਕ ਪੱਤ੍ਰੇ ਉੱਤੇ ਮੁਹਰ ਲਾ ਕੇ ਪੀਰ ਮੁਹੰਮਦ ਖ਼ਾਂ ਨੂੰ ਭੇਜ ਦਿੱਤਾ। ਜਿਸ ਵਿੱਚ ਲਿਖਿਆ ਕਿ ਉਹ ਕਦੀ ਵੀ ਉਸ ਨਾਲ ਦਗਾ-ਫ਼ਰੇਬ ਨਹੀਂ ਕਰੇਗਾ ਤੇ ਉਹ (ਪੀਰ ਮੁਹੰਮਦ ਖ਼ਾਂ) ਬਿਨਾਂ ਕਿਸੇ ਡਰ-ਭੈਅ ਦੇ ਉਸ ਕੋਲ ਆ ਜਾਵੇ। ਇਸ ਕਸਮ ਉੱਪਰ ਉਹ ਈਮਾਨਦਾਰ ਰਈਸ ਵਿਸ਼ਵਾਸ ਕਰ ਕੇ ਉਸੇ ਵੇਲੇ ਮਹਾਂ ਸਿੰਘ ਪਾਸ ਹਾਜ਼ਰ ਹੋਇਆ, ਪਰੰਤੂ ਸਰਦਾਰ ਮਹਾਂ ਸਿੰਘ ਨੇ ਆਪਣੇ ਬਚਨ ਦੀ ਪਾਲਣਾ ਨਾ ਕੀਤੀ, ਪੀਰ ਮੁਹੰਮਦ ਖ਼ਾਂ ਨੂੰ ਬੰਦੀ ਬਣਾ ਲਿਆ ਅਤੇ ਸ਼ਹਿਰ ਵਿੱਚ ਦਾਖ਼ਲ ਹੋ ਕੇ ਲੁੱਟ ਮਾਰ ਦਾ ਖ਼ੂਬ ਬਜ਼ਾਰ ਗਰਮ ਕੀਤਾ। ਉਸ ਵੇਲੇ ਜਦ ਮਹਾਂ ਸਿੰਘ ਰਸੂਲ ਨਗਰ ਨੂੰ ਘੇਰਾ ਪਾਉਣ ਵਿੱਚ ਰੁੱਝਿਆ ਹੋਇਆ ਸੀ, ਉਸ ਦੀ ਪਤਨੀ, ਜਿਹੜੀ ਰਾਜਾ ਜੀਂਦ ਦੀ ਲੜਕੀ ਸੀ, ਦੀ ਕੁੱਖੋਂ ਗੁੱਜਰਾਂਵਾਲੇ ਦੂਜੀ ਸੰਗਰਾਂਦ ਤਾਰੀਖ ਵਦੀ ਸੰਨ 1837, ਯਾਨੀ ਕਿ 1780 ਈ. ਵਿੱਚ 19 ਘੜੀ ਵੇਲੇ 13 ਪਲ ਦਿਨ ਚੜ੍ਹੇ ਇੱਕ ਲੜਕਾ ਪੈਦਾ ਹੋਇਆ। ਇਹ ਖ਼ੁਸ਼ਖ਼ਬਰੀ ਸੁਣ ਕੇ ਸਰਦਾਰ ਮਹਾਂ ਸਿੰਘ ਅਤਿ ਪ੍ਰਸੰਨ ਹੋਇਆ ਤੇ ਬਹੁਤ ਰੁਪਿਆ ਆਦਿ ਦਾਨ ਕੀਤਾ ਅਤੇ ਲੜਕੇ ਦਾ ਨਾਮ ਰਣਜੀਤ ਸਿੰਘ ਰੱਖਿਆ ਤੇ ਰਸੂਲ ਨਗਰ ਦਾ ਨਾਮ ਬਦਲ ਕੇ ਰਾਮਨਗਰ ਰੱਖ ਦਿੱਤਾ, ਤਾਂ ਜੁ 'ਰਸੂਲ' ਦਾ ਨਾਮ ਜ਼ੁਬਾਨ 'ਤੇ ਨਾ ਆਵੇ। ਦੂਸਰਾ ਕਸਬਾ ਜਿਹੜਾ ਪੀਰ ਮੁਹੰਮਦ ਖ਼ਾਂ ਦੇ ਅਧਿਕਾਰ ਵਿੱਚੋਂ ਉਸ ਛੁਡਵਾਇਆ, ਉਸ ਦਾ ਨਾਂ ਅਲੀਪੁਰ ਸੀ, ਉਸ ਦਾ ਨਾਮ ਵੀ ਬਦਲ ਕੇ ਉਸ ਨੇ 'ਅਕਾਲਗੜ੍ਹ' ਰੱਖ ਦਿੱਤਾ ਅਤੇ ਅਤਿ ਕ੍ਰਿਪਾਲਤਾ ਸਹਿਤ ਇਹਨਾਂ ਕਸਬਿਆਂ ਦੀ ਹਕੂਮਤ ਆਪਣੇ ਇੱਕ ਕਾਰਿੰਦੇ ਦਲ ਸਿੰਘ ਨੂੰ ਸੌਂਪ ਦਿੱਤੀ। ਜਿਹੜੀਆਂ ਪਵਿੱਤਰ ਮੁਸਲਮਾਨੀ ਚੀਜ਼ਾਂ ਪੀਰ ਮੁਹੰਮਦ ਨੇ ਰਸੂਲ ਨਗਰ ਵਿਖੇ ਰੱਖੀਆਂ ਸਨ, ਉਹ ਲੁੱਟ ਦੇ ਮਾਲ ਵਿੱਚ ਮਹਾਂ ਸਿੰਘ ਦੇ ਹੱਥ ਆਈਆਂ ਪਰ ਉਸ ਨੇ ਪੂਰੇ ਸਤਿਕਾਰ ਸਹਿਤ ਉਹ ਗੁੱਜਰਾਂਵਾਲੇ ਸੁਰੱਖਿਅਤ ਕਰਵਾ ਦਿੱਤੀਆਂ। ਸੰਮਤ 1839 (ਸੰਨ 1782 ਈ.) ਨੂੰ ਜੰਮੂ ਦਾ ਰਣਜੀਤ ਦੇਵ ਮਰ ਗਿਆ ਤੇ ਉਸ ਦਾ ਵੱਡਾ ਪੁੱਤਰ ਬ੍ਰਿਜ ਰਾਜ ਦੇਵ ਗੱਦੀ 'ਤੇ ਬੈਠਾ। ਪਿਤਾ ਦੇ ਮਰਨ ਸਮੇਂ ਉਸ ਨੇ ਆਪਣੇ ਛੋਟੇ ਭਰਾ ਨੂੰ ਕੈਦ ਕਰ ਲਿਆ ਤੇ ਗੱਦੀ 'ਤੇ ਬਹਿ ਕੇ ਰੰਗ-ਰਲੀਆਂ ਮਨਾਉਣ ਲੱਗ ਪਿਆ। ਸਰਦਾਰ ਮਹਾਂ ਸਿੰਘ ਦੀ ਚਿਰਾਂ ਤੋਂ ਇਹ ਇੱਛਾ ਸੀ ਕਿ ਉਹ ਸ਼ਹਿਰ ਜੰਮੂ 'ਤੇ ਚੜ੍ਹਾਈ ਕਰੇ। ਹੁਣ ਉਸ ਨੂੰ ਸਬੱਬੀਂ ਚੰਗਾ ਮੌਕਾ ਮਿਲ ਗਿਆ। ਉਸ ਨੇ ਪਹਿਲਾਂ ਆਪਣੀ ਮਿਸਲ ਦੇ ਸਵਾਰਾਂ ਨੂੰ ਸ਼ਸਤਰਾਂ ਨਾਲ ਚੰਗੀ ਤਰ੍ਹਾਂ ਸਜਾਇਆ ਤੇ ਹਰ ਇੱਕ ਨੂੰ ਪੂਰੇ-ਪੂਰੇ ਹਥਿਆਰ ਦਿੱਤੇ। ਫੇਰ ਉਹ ਚੁੱਪ-ਚੁਪਾਤੀ ਧਾਵਾ ਕਰਦਾ ਹੋਇਆ ਜੰਮੂ ਜਾ ਪਹੁੰਚਿਆ। ਰਾਜਾ ਬ੍ਰਿਜਰਾਜ ਦੇਵ ਵਿੱਚ ਬਹਾਦਰੀ ਜਾਂ ਸੂਰਮਤਾਈ ਦਾ ਇੱਕ ਗੁਣ ਵੀ ਨਹੀਂ ਸੀ। ਇਸ ਲਈ ਉਹ ਡਰਿਆ ਤੇ ਸ਼ਹਿਰ ਨੂੰ ਛੱਡ ਕੇ ਪਹਾੜ 'ਤੇ ਜਾ ਚੜ੍ਹਿਆ। ਜੰਮੂ ਦੇ ਰਈਸ ਸਰਦਾਰ ਦੀ

ਸੇਵਾ ਵਿੱਚ ਹਾਜ਼ਰ ਹੋਏ ਤੇ ਭੇਟਾ ਦੇਣੀ ਮੰਨ ਲਈ, ਪਰ ਮਹਾਂ ਸਿੰਘ ਨੇ ਇਹ ਪ੍ਰਵਾਨ ਨਾ ਕੀਤੀ ਤੇ ਕਿਹਾ ਕਿ 'ਅਸੀਂ ਸ਼ਹਿਰ ਲੁੱਟਣ ਲਈ ਨਹੀਂ ਆਏ, ਤੁਸੀਂ ਨਿਸ਼ਚਿੰਤ ਰਹੋ। ਸਾਨੂੰ ਕੇਵਲ ਜੰਮੂ ਦੇ ਰਾਜ ਨਾਲ ਮਤਲਬ ਹੈ, ਪਿੱਛੋਂ ਮਹਾਂ ਸਿੰਘ ਨੇ ਸ਼ਹਿਰ ਵਿੱਚ ਜਾ ਕੇ ਲੁੱਟ ਮਚਾ ਦਿੱਤੀ। ਤਿੰਨ ਦਿਨ ਤਕ ਮਹਾਂ ਸਿੰਘ ਸ਼ਹਿਰ ਨੂੰ ਲੁੱਟਦਾ ਰਿਹਾ ਤੇ ਸ਼ਹਿਰ ਵਾਲੇ ਰੋਟੀ ਦੀ ਬੁਰਕੀ ਤੋਂ ਵੀ ਆਤੁਰ ਹੋ ਗਏ। ਕਿਸੇ ਕੋਲ ਰੁਪਿਆ ਨਕਦੀ, ਮਾਲ-ਅਸਬਾਬ ਜਾਂ ਅਨਾਜ ਆਦਿ ਕੁਝ ਵੀ ਨਾ ਰਿਹਾ। ਬਹੁਤ ਸਾਰੇ ਲੋਕ ਕਤਲ ਹੋ ਗਏ। ਇਸ ਮਾਰ-ਧਾੜ ਪਿੱਛੋਂ ਮਹਾਂ ਸਿੰਘ ਰਾਮ ਨਗਰ ਆਇਆ। ਸੰਮਤ 1844 ਨੂੰ ਮਹਾਂ ਸਿੰਘ ਅੰਮ੍ਰਿਤਸਰ ਇਸ਼ਨਾਨ ਕਰਨ ਲਈ ਆਇਆ। ਸ੍. ਜੈ ਸਿੰਘ ਕਨ੍ਹਈਆ ਵਾਲੇ ਨੇ ਮਹਾਂ ਸਿੰਘ ਕੋਲ ਮਾਲ ਅਸਬਾਬ ਦੇਖ ਕੇ ਈਰਖਾ ਕੀਤੀ ਤੇ ਜੰਮੂ ਦੀ ਲੁੱਟ ਵਿੱਚੋਂ ਹਿੱਸਾ ਮੰਗਿਆ। ਇਹ ਪ੍ਰਸੰਗ ਅਸੀਂ ਕਨ੍ਹਈਆ ਦੀ ਮਿਸਲ ਵਿੱਚ ਵੀ, ਰਾਮਗੜ੍ਹੀਆ ਮਿਸਲ ਵਿੱਚ ਲਿਖ ਆਏ ਹਾਂ, ਉੱਥੇ ਪੜ੍ਹਿਆ ਜਾ ਸਕਦਾ ਹੈ, ਜਦੋਂ ਮਹਾਂ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਸਰਦਾਰ ਇਕੱਠੇ ਹੋ ਕੇ ਲੜੇ ਤੇ ਇਸ ਜੰਗ ਵਿੱਚ ਜੈ ਸਿੰਘ ਦਾ ਪੁੱਤਰ ਗੁਰਬਖ਼ਸ਼ ਸਿੰਘ ਮਾਰਿਆ ਗਿਆ। ਇਸ ਜੰਗ ਵਿੱਚ ਜਿੱਤ ਮਹਾਂ ਸਿੰਘ ਦੀ ਤੇ ਜੱਸਾ ਸਿੰਘ ਰਾਮਗੜ੍ਹੀਏ ਦੀ ਹੋਈ। ਜੈ ਸਿੰਘ ਮੈਦਾਨ 'ਚੋਂ ਨੱਸ ਕੇ ਨੂਰਪੁਰ ਚਲਾ ਗਿਆ। ਮਹਾਂ ਸਿੰਘ ਨੇ ਉਸ ਦਾ ਪਿੱਛਾ ਕੀਤਾ ਤੇ ਕੂਚ ਤੇ ਕੂਚ ਕਰਦਾ ਹੋਇਆ ਨੂਰਪੁਰ ਜਾ ਪਹੁੰਚਿਆ। ਉਸ ਦੇ ਪਹੁੰਚਣ 'ਤੇ ਜੈ ਸਿੰਘ ਕਿਲ੍ਹੇ ਵਿੱਚ ਵੜਨ ਲੱਗਾ। ਸ੍. ਮਹਾਂ ਸਿੰਘ ਨੇ ਉੱਥੇ ਡੇਰਾ ਪਾਉਣਾ ਯੋਗ ਨਾ ਸਮਝਿਆ, ਕਿਉਂਕਿ ਮਹਾਂ ਸਿੰਘ ਦਾ ਅਸਲ ਮੰਤਵ ਜੈ ਸਿੰਘ ਦੇ ਭੱਜਣ ਨਾਲ ਪੂਰਾ ਹੋ ਗਿਆ ਸੀ। ਉੱਥੋਂ ਮਹਾਂ ਸਿੰਘ ਚੱਲ ਕੇ ਦੀਨਾ ਨਗਰ ਆ ਗਿਆ। ਉੱਥੇ ਸੰਸਾਰ ਚੰਦ ਕੋਹਿਸਤਾਨ ਦਾ ਮਾਲਕ ਠਹਿਰਿਆ ਹੋਇਆ ਸੀ। ਰਾਜਾ ਸੰਸਾਰ ਚੰਦ ਨੇ ਸਰਦਾਰ ਮਹਾਂ ਸਿੰਘ ਪਾਸ ਇਹ ਇੱਛਾ ਪ੍ਰਗਟ ਕੀਤੀ ਕਿ ਜੇਕਰ ਆਪ ਕਾਂਗੜੇ ਦਾ ਕਿਲ੍ਹਾ, ਜਿਸ ਉੱਤੇ ਸਰਦਾਰ ਜੈ ਸਿੰਘ ਨੇ ਧੋਖੇ ਨਾਲ ਕਬਜ਼ਾ ਕੀਤਾ ਹੋਇਆ ਹੈ, ਸਾਨੂੰ ਵਾਪਸ ਦਿਵਾ ਦਿਉ ਤਾਂ ਮੈਂ ਆਪ ਦਾ ਬਹੁਤ ਰਿਣੀ ਹੋਵਾਂਗਾ ਤੇ ਇਸ ਕੰਮ ਦੇ ਬਦਲੇ ਦੋ ਲੱਖ ਰੁਪਏ ਦੀ ਵੱਡੀ ਭੇਟਾ ਖ਼ਾਲਸਾ ਜੀ ਦੀ ਸੇਵਾ ਵਿੱਚ ਪੇਸ਼ ਕਰਾਂਗਾ। ਸ੍. ਮਹਾਂ ਸਿੰਘ ਨੇ ਬਚਨ ਦਿੱਤਾ ਕਿ ਜਦ ਮੈਂ ਗੁੱਜਰਾਂਵਾਲੇ ਪਹੁੰਚਾਂਗਾ ਤਾਂ ਆਪਣੀ ਫ਼ੌਜ ਕਾਂਗੜੇ ਦੇ ਕਿਲ੍ਹੇ ਦੀ ਫ਼ਤਿਹ ਲਈ ਨਿਯੁਕਤ ਕਰਾਂਗਾ, ਜਿਹੜੀ ਕਿਲ੍ਹੇ ਦੇ ਉੱਤੇ ਤੇਰਾ ਕਬਜ਼ਾ ਫਿਰ ਕਰਵਾ ਦੇਵੇਗੀ। ਮਹਾਂ ਸਿੰਘ ਗੁੱਜਰਾਂਵਾਲੇ ਚਲਾ ਗਿਆ ਤੇ ਆਪਣੇ ਕੀਤੇ ਬਚਨ ਅਨੁਸਾਰ ਆਪਣੀ ਫ਼ੌਜ ਦੇ ਅਧਿਕਾਰੀਆਂ ਦਯਾ ਰਾਮ ਤੇ ਮੁਹੰਮਦ ਸਾਲਿਹ ਨੂੰ ਇੱਕ ਹਜ਼ਾਰ ਸਵਾਰਾਂ ਨਾਲ ਕਾਂਗੜੇ ਭੇਜਿਆ ਅਤੇ ਹੁਕਮ ਦਿੱਤਾ ਕਿ ਮਹਾਰਾਜਾ ਸੰਸਾਰ ਚੰਦ ਨੂੰ ਕਾਂਗੜੇ ਦੇ ਕਿਲ੍ਹੇ ਵਿੱਚ ਦਖ਼ਲ ਦਿਵਾ ਕੇ ਉਸ ਕੋਲੋਂ ਦੋ ਲੱਖ ਰੁਪਿਆ ਵਸੂਲ ਕਰ ਲਿਆਉਣਾ। ਜਦ ਇਹ ਫ਼ੌਜ ਕਾਂਗੜੇ ਪਹੁੰਚੀ ਤਾਂ ਸੰਸਾਰ ਚੰਦ ਦੀ ਫ਼ੌਜ ਨਾਲ ਰਲ ਕੇ ਕਾਂਗੜੇ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ, ਪਰੰਤੂ ਸਰਦਾਰ ਮਹਾਂ ਸਿੰਘ ਨੇ

ਆਪਣੀ ਫ਼ੌਜ ਨੂੰ ਖ਼ਜ਼ਾਨਾ ਦੇ ਕੇ ਨਾ ਭੇਜਿਆ। ਇਸ ਲਈ ਥੋੜ੍ਹੇ ਦਿਨਾਂ ਵਿੱਚ ਫ਼ੌਜ ਫਾਕੇ ਕੱਟਣ ਲੱਗੀ। ਇਹ ਸਾਰੀ ਹਾਲਤ ਲਿਖ ਕੇ ਪੱਤਰ ਸਰਦਾਰ ਮਹਾਂ ਸਿੰਘ ਨੂੰ ਭੇਜਿਆ। ਸਰਦਾਰ ਨੇ ਉੱਤਰ ਲਿਖਿਆ ਕਿ ਸੰਸਾਰ ਚੰਦ ਨੇ ਦੋ ਲੱਖ ਰੁਪਿਆ ਦੇਣਾ ਹੈ, ਉਸ ਵਿੱਚੋਂ ਹਾਲੇ ਪੰਜਾਹ ਹਜ਼ਾਰ ਰੁਪਏ ਲੈ ਕੇ ਖ਼ਰਚ ਕਰੋ। ਇਸ ਪੁਰ ਦੋਹਾਂ ਸਰਦਾਰਾਂ ਨੇ ਸੰਸਾਰ ਚੰਦ ਤੋਂ ਰੁਪਏ ਮੰਗੇ, ਪਰ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਇਸ ਸਵਾਲ-ਜਵਾਬ ਵਿੱਚ ਦੋਹਾਂ ਵਿੱਚ ਤਲਵਾਰ ਚੱਲ ਪਈ। ਦੋਵਾਂ ਧਿਰਾਂ ਵਿਚਕਾਰ ਖ਼ੂਬ ਲੜਾਈ ਹੋਈ, ਜਿਸ ਵਿੱਚ ਮੁਹੰਮਦ ਸਾਲਿਹ ਮਾਰਿਆ ਗਿਆ ਤੇ ਦਯਾ ਰਾਮ ਰੋਂਦਾ-ਧੋਂਦਾ ਭੈੜੀ ਹਾਲਤ ਵਿੱਚ ਟੁੱਟੀ-ਭੱਜੀ ਫ਼ੌਜ ਲੈ ਕੇ ਗੁੱਜਰਾਂਵਾਲੇ ਆ ਗਿਆ। ਆਪਣੀ ਫ਼ੌਜ ਦੀ ਅਜਿਹੀ ਹਾਲਤ ਦੇਖ ਕੇ ਮਹਾਂ ਸਿੰਘ ਬਹੁਤ ਗੁੱਸੇ ਹੋਇਆ, ਪਰ ਉਸ ਵਕਤ ਉਹ ਸੰਸਾਰ ਚੰਦ ਤੋਂ ਕੋਈ ਬਦਲਾ ਨਹੀਂ ਲੈ ਸਕਦਾ ਸੀ। ਇਸ ਲਈ ਉਹ ਚੁੱਪ ਹੋ ਗਿਆ। ਸੰਸਾਰ ਚੰਦ ਨੇ ਵੀ ਕਿਲ੍ਹੇ ਦਾ ਘੇਰਾ ਚੁੱਕ ਲਿਆ। ਸੰਸਾਰ ਚੰਦ ਬਹੁਤ ਚਲਾਕ ਨੀਤੀਵਾਨ ਸੀ। ਉਹ ਜਾਣਦਾ ਸੀ ਕਿ ਕਿਲ੍ਹੇ 'ਤੇ ਕਬਜ਼ਾ ਕਰਨ ਲਈ ਤਕੜੀ ਚਲਾਕੀ ਕਰਨੀ ਪੈਣੀ ਹੈ। ਸੰਸਾਰ ਚੰਦ ਬੜਾ ਫ਼ਰੇਬੀ ਬੰਦਾ ਸੀ। ਇਸ ਨੇ ਸ੍. ਜੈ ਸਿੰਘ ਨੂੰ ਅਖਵਾ ਭੇਜਿਆ ਕਿ ਜੇਕਰ ਉਹ ਕਿਲ੍ਹਾ ਖ਼ਾਲੀ ਕਰ ਦੇਵੇ ਤਾਂ ਉਹ ਮਿਲ ਕੇ ਮਹਾਂ ਸਿੰਘ ਉੱਤੇ ਹਮਲਾ ਕਰ ਦੇਣਗੇ ਤੇ ਉਸ ਨੂੰ ਭਾਂਜ ਦੇ ਕੇ ਪੰਜਾਬ ਤੋਂ ਬਾਹਰ ਕੱਢ ਦੇਣਗੇ ਤੇ ਉਸ ਦਾ ਮਾਲ-ਅਸਬਾਬ ਆਪਸ ਵਿੱਚ ਵੰਡ ਲੈਣਗੇ। ਸਰਦਾਰ ਜੈ ਸਿੰਘ ਇਸ ਚਾਲ ਵਿੱਚ ਆ ਗਿਆ ਤੇ ਬਿਨਾਂ ਕਿਸੇ ਪੱਕੇ ਇਕਰਾਰ ਜਾਂ ਬਚਨ ਦੇ ਕਿਲ੍ਹਾ ਮਹਾਰਾਜਾ ਜੈ ਚੰਦ ਦੇ ਹਵਾਲੇ ਕਰ ਦਿੱਤਾ। ਜਦ ਸੰਸਾਰ ਚੰਦ ਨੇ ਕਿਲ੍ਹੇ ਉੱਤੇ ਚੰਗੀ ਤਰ੍ਹਾਂ ਕਬਜ਼ਾ ਜਮਾ ਲਿਆ ਤਾਂ ਆਪਣੇ ਬਚਨ ਤੋਂ ਸਾਫ਼ ਮੁੱਕਰ ਗਿਆ ਤੇ ਜਵਾਬ ਦਿੱਤਾ ਕਿ ਸਾਨੂੰ ਸਰਦਾਰ ਮਹਾਂ ਸਿੰਘ ਨਾਲ ਲੜਨ ਜਾਂ ਉਸ ਉੱਤੇ ਹਮਲਾ ਕਰਨ ਦੀ ਕੀ ਲੋੜ ਹੈ? ਜਦ ਜੈ ਸਿੰਘ ਨੂੰ ਇਹ ਜਵਾਬ ਮਿਲਿਆ ਤਾਂ ਉਹ ਕਿਲ੍ਹਾ ਛੱਡਣ ਉੱਪਰ ਬਹੁਤ ਪਛਤਾਇਆ ਅਤੇ ਉਹ ਤੇ ਸਰਦਾਰ ਮਹਾਂ ਸਿੰਘ ਦੋਵੇਂ ਹੀ ਮਹਾਰਾਜਾ ਸੰਸਾਰ ਚੰਦ ਦੇ ਜਾਨੀ ਦੁਸ਼ਮਣ ਹੋ ਗਏ। ਉਨ੍ਹਾਂ ਦਿਨਾਂ ਵਿੱਚ ਸਰਦਾਰ ਮਹਾਂ ਸਿੰਘ ਨੇ ਸੁਣਿਆ ਕਿ ਜੰਮੂ ਸ਼ਹਿਰ ਫੇਰ ਆਬਾਦ ਹੋ ਗਿਆ ਹੈ ਤੇ ਜਿਹੜੇ ਲੋਕ ਸਿੱਖਾਂ ਦੀ ਫ਼ੌਜ ਦੀ ਚੜ੍ਹਾਈ ਸੁਣ ਕੇ ਮਾਲ ਧਨ ਲੈ ਕੇ ਸ਼ਹਿਰੋਂ ਨੱਸ ਗਏ ਸਨ, ਉਹ ਫੇਰ ਸ਼ਹਿਰ ਵਿੱਚ ਆ ਵੱਸੇ ਤੇ ਰਾਜਾ ਰਾਜ ਦੇਵ ਜਿਹੜਾ ਖ਼ਜ਼ਾਨਾ ਤੇ ਮਾਲ-ਧਨ ਨੱਸਣ ਵੇਲੇ ਨਾਲ ਲੈ ਗਿਆ ਸੀ ਉਹ ਵੀ ਸਾਰਾ ਜੰਮੂ ਵਿੱਚ ਹੀ ਹੈ। ਸ੍. ਮਹਾਂ ਸਿੰਘ ਨੇ ਚੁੱਪ-ਚੁਪੀਤੇ ਹੀ ਦੂਜੀ ਵਾਰ ਜੰਮੂ 'ਤੇ ਚੜ੍ਹਾਈ ਕਰ ਦਿੱਤੀ। ਸ੍. ਮਹਾਂ ਸਿੰਘ ਐਨੀ ਛੇਤੀ ਉੱਥੇ ਪਹੁੰਚਿਆ ਕਿ ਜੰਮੂ ਦੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ।

ਸਿੱਖਾਂ ਨੇ ਇੱਕੋ ਹੀ ਦਿਨ ਵਿੱਚ ਜੰਮੂ ਸ਼ਹਿਰ ਨੂੰ ਚੰਗੀ ਤਰ੍ਹਾਂ ਲੁੱਟ ਲਿਆ। ਇਸ ਦੇ ਨਾਲ ਹੀ ਰਾਜੇ ਦਾ ਵੀ ਸਾਰਾ ਖ਼ਜ਼ਾਨਾ ਲੁੱਟ ਲਿਆ। ਰਿਆਸਤ ਦਾ ਸਾਰਾ ਸਮਾਨ,

ਬੰਦੂਕਾਂ, ਤਲਵਾਰਾਂ, ਆਦਿ ਚੁੱਕ ਲਈਆਂ ਤੇ ਬਾਰੂਦ ਨੂੰ ਅੱਗ ਲਗਾ ਦਿੱਤੀ। ਜੰਮੂ ਨੂੰ ਸਾੜ-ਫੂਕ ਕੇ ਸਰਦਾਰ ਮਹਾਂ ਸਿੰਘ ਨੇ ਲੋਹਾਵਰ ਵੱਲ ਰੁਖ ਕੀਤਾ। ਤਰਾਈ ਦੇ ਸਰਦਾਰ ਆਲਮ ਸਿੰਘ ਅਖਨੂਰ ਆਦਿ ਸੇਵਾ ਸਿੰਘ ਹਾਜ਼ਰ ਹੋਏ ਤੇ ਸਭ ਨੇ ਖਾਸ਼ੇ ਨਜ਼ਰਾਨੇ ਦੇ ਕੇ ਆਪਣੇ ਮੁਲਕ ਨੂੰ ਲੁੱਟ-ਮਾਰ ਤੋਂ ਬਚਾ ਲਿਆ। ਇਸ ਸਫ਼ਰ ਵਿੱਚ ਮਹਾਂ ਸਿੰਘ ਦੇ ਨਾਲ ਬਾਲਕ ਪੁੱਤਰ ਰਣਜੀਤ ਸਿੰਘ ਵੀ ਸੀ। ਇੱਥੇ ਹੀ ਉਸ ਨੂੰ ਮਾਤਾ ਨਿੱਕਲ ਆਈ ਕਿ ਉਸ ਦੇ ਬਚਣ ਦੀ ਕੋਈ ਆਸ ਨਾ ਰਹੀ। ਮਹਾਂ ਸਿੰਘ ਬਹੁਤ ਘਬਰਾਇਆ ਤੇ ਝੱਟ-ਪੱਟ ਕੂਚ ਕਰ ਕੇ ਰਾਮ ਨਗਰ ਆ ਗਿਆ। ਉੱਥੇ ਉਸ ਨੇ ਬਹੁਤ ਪੁੰਨ-ਦਾਨ ਕੀਤੇ ਅਤੇ ਬਹੁਤ ਸਾਰਾ ਮਾਲ-ਅਸਬਾਬ, ਨਕਦੀ ਤੇ ਜਿਨਸ ਜਵਾਲਾਮੁਖੀ ਦੇਵੀ ਦੇ ਅਸਥਾਨ 'ਤੇ ਭੇਜਿਆ। ਬਹੁਤ ਕੁਝ ਕਾਂਗੜੇ ਦੇਵੀ ਦੇ ਮੰਦਰ ਵੀ ਭੇਜਿਆ। ਗ਼ਰੀਬਾਂ ਨੂੰ ਬਹੁਤ ਦਾਨ ਪੁੰਨ ਕੀਤਾ ਗਿਆ। ਮਹਾਂ ਸਿੰਘ ਨੇ ਬ੍ਰਾਹਮਣਾਂ ਨੂੰ ਸੱਦ ਕੇ ਬੇਨਤੀ ਕੀਤੀ ਕਿ ਉਹ ਵੇਦਾਂ ਦੇ ਮੰਤਰ ਪੜ੍ਹਨ ਤੇ ਮੁਸਲਮਾਨਾਂ ਨੂੰ ਸੱਦ ਕੇ ਅਰਜ਼ ਕੀਤੀ ਕਿ ਉਹ ਕੁਰਾਨ ਦੀ ਤਲਾਵਤ ਕਰਨ ਤੇ ਸਾਰਾ ਦਿਨ ਰੱਬੀ ਕਲਾਮ ਪੜ੍ਹਦੇ ਰਹਿਣ ਤੇ ਬਿਮਾਰ ਦੀ ਸਿਹਤਮੰਦੀ ਲਈ ਦੁਆ ਮੰਗਣ। ਗੱਲ ਕੀ, ਮਹਾਂ ਸਿੰਘ ਨੇ ਪੁੰਨ-ਦਾਨ ਦੀ ਕੋਈ ਕਸਰ ਨਾ ਛੱਡੀ। ਇੱਕੀਆਂ ਦਿਨਾਂ ਬਾਅਦ ਰਣਜੀਤ ਸਿੰਘ ਰਾਜ਼ੀ ਹੋਇਆ ਤੇ ਸਿਹਤ ਦਾ ਇਸ਼ਨਾਨ ਕੀਤਾ। ਮਾਨੋ, ਉਸ ਨੂੰ ਦੂਜੀ ਜ਼ਿੰਦਗੀ ਪ੍ਰਾਪਤ ਹੋਈ ਸੀ। ਇਸ ਬਿਮਾਰੀ ਵਿੱਚ ਅੱਖਾਂ ਨੂੰ ਬਹੁਤ ਨੁਕਸਾਨ ਪੁੱਜਾ ਤੇ ਕਈ ਦਿਨਾਂ ਤਕ ਉਸ ਨੇ ਅੱਖਾਂ ਹੀ ਨਾ ਖੋਲ੍ਹੀਆਂ, ਜਦ ਖੁੱਲ੍ਹੀਆਂ ਤਾਂ ਪਤਾ ਚੱਲਿਆ ਕਿ ਦੋਵਾਂ ਵਿੱਚੋਂ ਇੱਕ ਅੱਖ ਅਸਲੋਂ ਨਕਾਰਾ ਹੋ ਗਈ ਹੈ। ਸ੍. ਮਹਾਂ ਸਿੰਘ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ ਪਰ ਉਸ ਨੇ ਏਨਾ ਸ਼ੁਕਰ ਕੀਤਾ ਕਿ ਚਲੋ ਪੁੱਤਰ ਦੀ ਜਾਨ ਤਾਂ ਬਚ ਗਈ।

ਪੁੱਤਰ ਨੂੰ ਇਸ਼ਨਾਨ ਕਰਨ ਤੋਂ ਬਾਅਦ ਸ੍. ਮਹਾਂ ਸਿੰਘ ਨੇ ਬਹੁਤ ਵੱਡਾ ਜਸ਼ਨ ਕੀਤਾ, ਦੂਰ-ਦੂਰ ਤੋਂ ਵੱਡੇ-ਵੱਡੇ ਸਰਦਾਰ ਉਸ ਦੇ ਘਰ ਵਧਾਈਆਂ ਦੇਣ ਆਏ ਸਨ। ਇਸ ਸਮੇਂ ਸ੍. ਜੈ ਸਿੰਘ ਕਨ੍ਹਈਆ ਵੀ ਆਇਆ ਸੀ। ਉਹ ਸੰਸਾਰ ਚੰਦ ਤੋਂ ਬਹੁਤ ਦੁਖੀ ਸੀ ਤੇ ਜੱਸਾ ਸਿੰਘ ਤੋਂ ਵੀ ਆਪਣੇ ਪੁੱਤਰ ਦਾ ਬਦਲਾ ਲੈਣਾ ਚਾਹੁੰਦਾ ਸੀ, ਇਸ ਲਈ ਉਸ ਨੇ ਸ੍. ਮਹਾਂ ਸਿੰਘ ਨਾਲ ਪੱਕੀ ਸਾਂਝ ਬਣਾਉਣ ਲਈ ਬਚਨ-ਬਿਲਾਸ ਕੀਤੇ। ਇਸ ਸਮੇਂ ਜੈ ਸਿੰਘ ਨੇ ਆਪਣੀ ਪੋਤੀ ਗੁਰਬਖ਼ਸ਼ ਸਿੰਘ ਦੀ ਬੇਟੀ ਤੇ ਸਦਾ ਕੌਰ ਦੀ ਧੀ ਦਾ ਰਿਸ਼ਤਾ ਰਣਜੀਤ ਸਿੰਘ ਨਾਲ ਕਰਨ ਦੀ ਅਰਜ਼ ਕੀਤੀ। ਮਹਾਂ ਸਿੰਘ ਨੇ ਇਸ ਰਿਸ਼ਤੇ ਨੂੰ ਸਵੀਕਾਰ ਕਰ ਲਿਆ। ਉਹ ਵੀ ਇੱਕ ਸਮਾਂ ਸੀ, ਜਦੋਂ ਮਹਾਂ ਸਿੰਘ ਨੇ ਜੈ ਸਿੰਘ ਤੋਂ ਬਦਲਾ ਲੈਣ ਲਈ ਸ੍. ਜੱਸਾ ਸਿੰਘ ਰਾਮਗੜ੍ਹੀਏ ਨੂੰ ਮਾਲਵੇ ਵਿੱਚੋਂ ਬੁਲਾਇਆ ਸੀ। ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ ਤੇ ਸ਼ੁੱਭ ਲਗਨ ਮਹੂਰਤ ਸਮੇਂ ਗੁਰਬਖ਼ਸ਼ ਸਿੰਘ ਦੀ ਪੁੱਤਰੀ ਮਹਿਤਾਬ ਕੌਰ ਦਾ ਵਿਆਹ ਰਣਜੀਤ

ਸਿੰਘ ਨਾਲ ਹੋ ਗਿਆ। ਇਹ ਵਿਆਹ 1780 ਈ. ਵਿੱਚ ਹੋਇਆ, ਪਰ ਸ੍. ਜੱਸਾ ਸਿੰਘ ਰਾਮਗੜ੍ਹੀਏ ਨੂੰ ਇਹ ਰਿਸ਼ਤਾ ਚੰਗਾ ਨਾ ਲੱਗਿਆ, ਕਿਉਂਕਿ ਉਸ ਦੀ ਸ੍. ਜੈ ਸਿੰਘ ਕਨ੍ਹਈਆ ਨਾਲ ਦੁਸ਼ਮਣੀ ਸੀ। ਸ੍. ਜੱਸਾ ਸਿੰਘ ਨੇ ਮਹਾਂ ਸਿੰਘ ਤੋਂ ਛੁੱਟੀ ਮੰਗੀ। ਸਰਦਾਰ ਮਹਾਂ ਸਿੰਘ ਨੇ ਉਸ ਦੀ ਪੂਰੀ ਤਸੱਲੀ ਕੀਤੀ ਅਤੇ ਸਰਦਾਰ ਜੈ ਸਿੰਘ ਤੋਂ ਸਾਰੇ ਇਲਾਕੇ, ਜੋ ਜੈ ਸਿੰਘ ਦੇ ਕਬਜ਼ੇ ਵਿੱਚ ਸਨ ਵਾਪਸ ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿਵਾ ਦਿੱਤੇ। ਜੱਸਾ ਸਿੰਘ ਤਲਵਾਰ ਦੇ ਜ਼ੋਰ ਨਾਲ ਜੈ ਸਿੰਘ ਨੂੰ ਮਿਲਣਾ ਚਾਹੁੰਦਾ ਸੀ, ਪਰ ਮਹਾਂ ਸਿੰਘ ਨੇ ਉਸ ਦੀ ਇਹ ਮੁਰਾਦ ਪੂਰੀ ਨਾ ਹੋਣ ਦਿੱਤੀ। ਸ੍. ਜੱਸਾ ਸਿੰਘ ਆਪਣੇ ਦਿਲ 'ਚ ਗ਼ੁਬਾਰ ਲੈ ਕੇ ਚਲਾ ਗਿਆ। ਮਹਾਂ ਸਿੰਘ ਆਪਣੇ ਇਲਾਕੇ ਦਾ ਦੌਰਾ ਕਰਨ ਲਈ ਨਿਕਲ ਗਿਆ। ਸ੍. ਜੱਸਾ ਸਿੰਘ ਨੂੰ ਉਹ ਰਾਮ ਨਗਰ ਛੱਡ ਗਿਆ। ਮਹਾਂ ਸਿੰਘ ਦੇ ਜਾਣ ਪਿੱਛੋਂ ਜੱਸਾ ਸਿੰਘ ਨੇ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਆਪਣੀ ਮਿਸਲ ਦੇ ਸਰਦਾਰਾਂ ਨੂੰ ਨਾਲ ਲੈ ਕੇ ਸਰਦਾਰ ਮਹਾਂ ਸਿੰਘ ਉੱਤੇ ਚੜ੍ਹਾਈ ਕਰ ਦੇਵੇ ਤੇ ਉਸ ਦੇ ਡੇਰੇ ਨੂੰ ਲੁੱਟ ਲਵੇ ਤੇ ਉਸ ਨੂੰ ਕਤਲ ਕਰ ਕੇ ਉਸ ਦਾ ਸਾਰਾ ਮਾਲ-ਧਨ ਆਪਣੇ ਕਬਜ਼ੇ ਵਿੱਚ ਕਰ ਲਵੇ। ਇਸ ਲਈ ਉਹ ਸਿੱਧਾ ਸਰਦਾਰ ਮਹਾਂ ਸਿੰਘ ਦੇ ਪਿੱਛੇ ਨੂੰ ਧਾਇਆ। ਉਸ ਦਾ ਅਧਿਕਾਰੀ ਜੋਧ ਸਿੰਘ ਰਾਮਗੜ੍ਹੀਆ ਵੀ ਤਿਆਰ-ਬਰ-ਤਿਆਰ ਉਸ ਦੇ ਨਾਲ ਸੀ। ਸਰਦਾਰ ਮਹਾਂ ਸਿੰਘ ਨੂੰ ਉਸ ਦੇ ਆਉਣ ਦੀ ਖ਼ਬਰ ਚਾਰ ਕੁ ਘੰਟੇ ਪਹਿਲਾਂ ਹੀ ਮਿਲੀ ਤੇ ਐਨੇ ਵਿੱਚ ਹੀ ਤਿਆਰ ਹੋ ਕੇ ਮੁਕਾਬਲੇ ਲਈ ਡਟ ਗਿਆ। ਜਦ ਜੱਸਾ ਸਿੰਘ ਤੇ ਜੋਧ ਸਿੰਘ ਜਾ ਪਹੁੰਚੇ ਤਾਂ ਘਸਮਾਨ ਦੀ ਲੜਾਈ ਹੋਈ ਤੇ ਦੋਹਾਂ ਧਿਰਾਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ। ਕਲਾਲਵਾਲੀਆ ਜੋਧ ਸਿੰਘ ਤਾਂ ਮਾਰਿਆ ਗਿਆ, ਪਰ ਜੋਧ ਸਿੰਘ ਰਾਮਗੜ੍ਹੀਆ ਨੱਸ ਗਿਆ। ਜੱਸਾ ਸਿੰਘ ਰਾਮਗੜ੍ਹੀਏ ਦੀ ਬੁਰੀ ਤਰ੍ਹਾਂ ਹਾਰ ਹੋਈ। 1791 ਈ. ਵਿੱਚ ਸ੍. ਗੁੱਜਰ ਸਿੰਘ ਭੰਗੀ ਸਵਰਗਵਾਸ ਹੋ ਗਿਆ ਤੇ ਉਸ ਦਾ ਪੁੱਤਰ ਸ਼ਹਿਰ ਗੁਜਰਾਤ ਵਿੱਚ ਉਸ ਦੀ ਥਾਂ ਗੱਦੀ 'ਤੇ ਬੈਠਾ। ਉਹ ਆਪਣੇ ਪਿਤਾ ਦੀ ਜਾਇਦਾਦ 'ਤੇ ਕਬਜ਼ੇ ਲਈ ਲਾਹੌਰ ਗਿਆ। ਸਰਦਾਰ ਮਹਾਂ ਸਿੰਘ ਨੇ ਮੌਕਾ ਦੇਖ ਕੇ ਕਿਲ੍ਹਾ ਸੋਧਰਾ, ਜਿਹੜਾ ਸਾਹਿਬ ਸਿੰਘ ਦੇ ਅਧੀਨ ਸੀ, ਖੋਹ ਲੈਣਾ ਚਾਹਿਆ ਤੇ ਇਸ ਨੀਅਤ ਨਾਲ ਬਹੁਤ ਸਾਰੀ ਫ਼ੌਜ ਲੈ ਕੇ ਕਿਲ੍ਹਾ ਸੋਧਰਾ 'ਤੇ ਚੜ੍ਹਾਈ ਕਰ ਦਿੱਤੀ। ਸਾਹਿਬ ਸਿੰਘ ਨਾਲ ਭਾਵੇਂ ਉਸ ਦੀ ਭੈਣ ਵਿਆਹੀ ਹੋਈ ਸੀ, ਪਰ ਮਹਾਂ ਸਿੰਘ ਨੇ ਇਸ ਰਿਸ਼ਤੇ ਦੀ ਪਰਵਾਹ ਕੀਤੇ ਬਗ਼ੈਰ ਸੋਧਰੇ ਵੱਲ ਧਾਵਾ ਬੋਲ ਦਿੱਤਾ। ਜਾਂਦਿਆਂ ਹੀ ਕਿਲ੍ਹਾ ਸੋਧਰਾ ਨੂੰ ਘੇਰ ਲਿਆ। ਸਾਹਿਬ ਸਿੰਘ ਦੀ ਫ਼ੌਜ ਕਿਲ੍ਹੇ-ਬੰਦ ਹੋ ਕੇ ਲੜਦੀ ਰਹੀ। ਐਨ ਲੜਾਈ ਦੇ ਮੌਕੇ 'ਤੇ ਸ੍. ਮਹਾਂ ਸਿੰਘ ਬੀਮਾਰ ਪੈ ਗਿਆ। ਜਦ ਬਿਮਾਰੀ ਗੰਭੀਰ ਰੂਪ ਧਾਰਨ ਕਰ ਗਈ ਤਾਂ ਉਸ ਨੇ ਦੇਖਿਆ ਕਿ ਹੁਣ ਅੰਤ ਸਮਾਂ ਨੇੜੇ ਆ ਗਿਆ ਹੈ। ਆਪਣੇ ਪੁੱਤਰ ਰਣਜੀਤ ਸਿੰਘ, ਜੋ ਉਸ ਦੇ ਨਾਲ ਸੀ, ਨੂੰ ਆਪਣੇ ਹੱਥੀਂ ਦਸਤਾਰ ਸਜਾ ਕੇ ਆਪਣੇ ਭਰੋਸੇਯੋਗ ਤੇ

ਵਫ਼ਾਦਾਰ, ਦਿਆਨਤਦਾਰ ਅਧਿਕਾਰੀ ਦਿਆਲ ਸਿੰਘ ਕਾਲੀਆਂ ਵਾਲ ਨੂੰ ਉਸ ਦਾ ਉਸਤਾਦ ਬਣਾ ਕੇ ਆਪ ਗੁੱਜਰਾਂਵਾਲਾ ਨੂੰ ਚੱਲ ਪਿਆ। ਸ੍. ਮਹਾਂ ਸਿੰਘ ਦੇ ਜਾਣ ਮਗਰੋਂ ਰਣਜੀਤ ਸਿੰਘ ਉਵੇਂ ਹੀ ਲੜਦਾ ਰਿਹਾ। ਇਤਨੇ ਵਿੱਚ ਖ਼ਬਰ ਪਹੁੰਚੀ ਕਿ ਸਿੱਖਾਂ ਦਾ ਇੱਕ ਵੱਡਾ ਦਲ ਸ੍. ਕਰਮ ਸਿੰਘ ਦੌਲੂ, ਦਲ ਸਿੰਘ, ਜੋਧ ਸਿੰਘ ਭੰਗੀ ਤੇ ਸ੍. ਜੱਸਾ ਸਿੰਘ ਰਾਮਗੜ੍ਹੀਆ ਰਣਜੀਤ ਸਿੰਘ ਨਾਲ ਲੜਨ ਲਈ ਆ ਰਿਹਾ ਹੈ। ਰਣਜੀਤ ਸਿੰਘ ਸੋਧਰਾ ਕਿਲ੍ਹੇ ਦਾ ਘੇਰਾ ਛੱਡ ਕੇ ਦਲ ਦਾ ਰਾਹ ਰੋਕਣ ਚੱਲ ਪਿਆ। ਪਿੰਡ ਕੋਟ ਮਹਾਰਾਜ ਦੇ ਨੇੜੇ ਦੋਹਾਂ ਫ਼ੌਜਾਂ ਦਾ ਟਾਕਰਾ ਹੋਇਆ। ਦੋ-ਤਿੰਨ ਘੰਟੇ ਖ਼ੂਬ ਲੜਾਈ ਹੋਈ। ਇਸ ਲੜਾਈ ਵਿੱਚ ਰਣਜੀਤ ਸਿੰਘ ਦੀ ਫ਼ਤਿਹ ਹੋਈ ਤੇ ਇਸ ਲੜਾਈ ਵਿੱਚ ਚਤਰ ਸਿੰਘ ਕਲਾਲਵਾਲੀਆ ਮਾਰਿਆ ਗਿਆ। ਭੰਗੀਆਂ ਦਾ ਤੋਪਖ਼ਾਨਾ, ਜੰਬੂਰਖ਼ਾਨਾ ਤੇ ਹੋਰ ਬਹੁਤ ਕੁਝ ਮਾਲ-ਅਸਬਾਬ ਰਣਜੀਤ ਸਿੰਘ ਦੇ ਹੱਥ ਆ ਗਿਆ। ਰਣਜੀਤ ਸਿੰਘ ਹਾਲੇ 'ਕੋਟ ਮਹਾਰਾਜ' ਹੀ ਠਹਿਰਿਆ ਹੋਇਆ ਸੀ ਕਿ ਉਸ ਨੂੰ ਖ਼ਬਰ ਮਿਲੀ ਕਿ ਸ੍. ਮਹਾਂ ਸਿੰਘ ਪੰਜ ਵੈਸਾਖ ਸੰਮਤ 1847 ਸੰਨ 1790 ਈ. ਨੂੰ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਿਆ। ਖ਼ਬਰ ਮਿਲਦੇ ਹੀ ਰਣਜੀਤ ਸਿੰਘ ਉਸੇ ਵੇਲੇ ਗੁੱਜਰਾਂਵਾਲਾ ਆ ਗਿਆ ਤੇ ਆਪਣੇ ਪਿਤਾ ਦਾ ਅੰਤਿਮ ਸੰਸਕਾਰ ਕੀਤਾ।

ਸੈਂਕੜੇ ਅਸਫੰਦਯਾਰ ਆਏ ਤੇ ਤੁਰ ਗਏ ਸੰਸਾਰ ਤੋਂ;
ਸੈਂਕੜੇ ਰੁਸਤਮ ਬਲੀ ਆਏ ਤੇ ਤੁਰ ਗਏ ਸੰਸਾਰ ਤੋਂ;
ਦਿਸਦਾ ਨਹੀਂ 'ਹਿੰਦੀ' ਨੂੰ ਇੱਥੇ ਬਾਕੀ ਰਹੰਦਾ ਕੋਈ ਵੀ
ਲਖਾਂ ਫਰੇਦੂੰ ਜਮ ਆਏ ਤੁਰ ਗਏ ਸੰਸਾਰ ਤੋਂ।

## ਮਹਾਰਾਜਾ ਰਣਜੀਤ ਸਿੰਘ : ਜੀਵਨ 'ਤੇ ਇੱਕ ਝਾਤ

ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਬਾਰੇ ਜਾਣਨ ਤੋਂ ਪਹਿਲਾਂ ਉਸ ਸਮੇਂ ਦੇ ਪੰਜਾਬ ਦੇ ਹਾਲਾਤ ਨੂੰ ਵੀ ਜਾਣਨਾ ਜ਼ਰੂਰੀ ਹੈ। ਉਸ ਸਮੇਂ ਪੰਜਾਬ ਦਾ ਬਹੁਤ ਸਾਰਾ ਭਾਗ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਅਧੀਨ ਸੀ। ਇਸ ਦੀ ਰਾਜਧਾਨੀ ਲਾਹੌਰ ਤਿੰਨ ਸਿੱਖ ਸਰਦਾਰਾਂ— ਲੈਹਿਣਾ ਸਿੰਘ, ਗੁੱਜਰ ਸਿੰਘ ਤੇ ਸ਼ੁਭਾ ਸਿੰਘ ਭੰਗੀਆਂ ਨੇ ਸਾਂਭੀ ਹੋਈ ਸੀ। ਉੱਪਰੋਂ ਸੰਨ 1795 ਵਿੱਚ ਸ਼ਾਹ ਜ਼ਮਾਨ ਦੁਰਾਨੀ ਨੇ ਪੰਜਾਬ ਪਰ ਧਾਵਾ ਕੀਤਾ, ਜਿਸ ਕਾਰਨ ਦੇਸ਼ ਵਿੱਚ ਵਧੇਰੇ ਹਲਚਲ ਮਚ ਗਈ। ਉਸ ਸਮੇਂ ਸਿੱਖ ਮਿਸਲਾਂ ਗੁਰੀਲਾ ਯੁੱਧ ਦਾ ਸਹਾਰਾ ਲੈਂਦੀਆਂ ਸਨ, ਪਰ ਇਹ ਮਿਸਲਾਂ ਆਪਸ ਵਿੱਚ ਵੀ ਬਹੁਤ ਲੜਦੀਆਂ-ਭਿੜਦੀਆਂ ਰਹਿੰਦੀਆਂ ਸਨ। ਮਿਸਲਾਂ ਦੇ ਸਰਦਾਰ ਸਾਰੇ ਪੰਜਾਬ ਵਿੱਚ ਹਰਲ-ਹਰਲ ਪਏ ਕਰਦੇ ਸਨ: ਸਿਰ 'ਤੇ ਨਹੀਂ ਕੁੰਡਾ ਹਾਥੀ ਫਿਰੇ ਲੁੰਡਾ, ਹੰਨੇ ਹੰਨੇ ਰਾਜ ਸੀ। ਜ਼ੁਲਮ ਜ਼ਬਰ ਦੇ ਢੋਲ ਵੱਜ ਰਹੇ ਸਨ। ਭਾਵੇਂ ਬਹਾਦਰ ਸਿੱਖਾਂ ਦੇ ਜਥਿਆਂ ਦੀ ਬੜੀ ਧਾਂਕ ਸੀ, ਉਹਨਾਂ ਦੇ ਡੰਕੇ ਵੱਜਦੇ ਸਨ, ਪਰ ਮੁਗ਼ਲ ਸ਼ੀਸ਼ ਮਹਿਲਾਂ ਦੇ ਫ਼ਾਨੂਸ ਟੁੱਟ ਚੁੱਕੇ ਸਨ ਉਹਨਾਂ ਦੀਆਂ ਚਿੱਪਰਾਂ ਸਾਰੇ ਪੰਜਾਬ ਵਿੱਚ ਬਿਖਰੀਆਂ ਪਈਆਂ ਸਨ।

ਅਜਿਹੇ ਸਮੇਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾਂ ਦੀ ਨਜ਼ਰ ਰਣਜੀਤ ਸਿੰਘ ਜੀ 'ਤੇ ਪਈ। ਮਿਸਲਦਾਰ ਤੇ ਸ਼ਰੀਕ ਰਣਜੀਤ ਸਿੰਘ ਨੂੰ ਮਾਰ ਦੇਣਾ ਚਾਹੁੰਦੇ ਸਨ। ਇਸ ਲਈ ਸਰਦਾਰ ਰਣਜੀਤ ਸਿੰਘ ਦੇ ਮਗਰ ਹਰਲ-ਹਰਲ ਕਰਦੇ ਫਿਰਦੇ ਸਨ। ਮਹਾਂ ਸਿੰਘ ਦੇ ਮਰਨ ਉਪਰੰਤ ਭੋਗ 'ਤੇ ਰਣਜੀਤ ਸਿੰਘ ਨੂੰ ਪੱਗ ਬੰਨ੍ਹਾਉਣ ਆਏ ਸਰਦਾਰ ਤੇ ਸ਼ਰੀਕ ਅੰਦਰੋਂ ਰਣਜੀਤ ਸਿੰਘ ਨੂੰ ਖ਼ਤਮ ਕਰਨ ਦੀਆਂ ਵਿਉਂਤਾਂ ਬਣਾ ਰਹੇ ਸਨ। ਬਾਬਾ ਸਾਹਿਬ ਸਿੰਘ ਬੇਦੀ ਵੀ ਉਸੇ ਸਮੇਂ ਉੱਥੇ ਪਹੁੰਚੇ। ਕਹਿੰਦੇ ਹਨ ਕਿ ਅਜੇ ਪੱਗ ਬੱਝੀ ਨਹੀਂ ਸੀ, ਪਰ ਰਣਜੀਤ ਸਿੰਘ ਦੀ ਧੌਣ ਲਾਹੁਣ ਵਾਲੇ ਵੀ ਬਰੂਹਾਂ 'ਤੇ ਖੜ੍ਹੇ ਸਨ। ਰਣਜੀਤ ਸਿੰਘ ਡਰਦਾ ਬਾਬਾ ਸਾਹਿਬ ਸਿੰਘ ਜੀ ਦੀ ਮੰਜੀ ਥੱਲੇ ਆਣ ਲੁਕਿਆ। ਜਦੋਂ ਬਾਬਾ ਸਾਹਿਬ ਸਿੰਘ ਜੀ ਨੇ ਇਹ ਮੰਜ਼ਰ ਵੇਖਿਆ ਤਾਂ ਉਹਨਾਂ ਨੇ ਕਿਹਾ ਆਜੋ ਸਰਦਾਰੋ, ਤੁਹਾਡਾ ਸ਼ਿਕਾਰ ਮੇਰੇ ਕੋਲ ਮੰਜੇ ਥੱਲੇ ਲੁਕਿਆ ਬੈਠਾ ਹੈ। ਬਾਬਾ ਜੀ ਦੇ ਸੇਵਕਾਂ ਨੇ ਵੀ ਤੰਬੂ ਦੇ ਬਾਹਰ ਘੇਰਾ ਪਾ ਲਿਆ ਸੀ, ਅੰਦਰ ਹਥਿਆਰਬੰਦ ਧਨਾਢ ਸਰਦਾਰ ਸਨ, ਜਿਨ੍ਹਾਂ ਦੀਆਂ ਤਲਵਾਰਾਂ ਲਿਸ਼ਕ ਰਹੀਆਂ ਸਨ ਤੇ ਰਣਜੀਤ ਸਿੰਘ ਦੇ ਖ਼ੂਨ ਦੀਆਂ ਪਿਆਸੀਆਂ ਸਨ। ਬਾਬਾ

ਸਾਹਿਬ ਸਿੰਘ ਜੀ ਕਹਿਣ ਲੱਗੇ, ਦੱਸੋ ਸਰਦਾਰੋ, ਪੱਗਾਂ ਲੁਹਾਉਣੀਆਂ ਹਨ ਜਾਂ ਜਾਨ ਬਚਾ ਕੇ ਜਾਣਾ ਹੈ। ਸਾਰੇ ਸਰਦਾਰਾਂ ਨੇ ਆਪਣੀ ਭੁੱਲ ਬਖ਼ਸ਼ਵਾਈ। ਬਾਬਾ ਜੀ ਨੇ ਕਿਹਾ, ਸਰਦਾਰੋ, ਨਾ ਤੁਸੀਂ ਮਾਲ਼ਾ ਦੀ ਸ਼ਕਤੀ ਤੋਂ ਜਾਣੂ ਹੋ ਤੇ ਨਾ ਹੀ ਤਲਵਾਰ ਦੀ ਕਾਟ ਤੋਂ। ਸੁਣੋ ਧਿਆਨ ਨਾਲ, ਇਹੀ ਵੇਲਾ ਹੈ ਆਪਣਾ ਰਾਜ ਸਥਾਪਤ ਕਰਨ ਦਾ। ਜੇ ਇੱਕ ਵੀ ਹੋਰ ਧਾੜਵੀ ਆ ਗਿਆ, ਤੁਹਾਨੂੰ ਲੁਕਦਿਆਂ ਨੂੰ ਰਾਹ ਨਹੀਂ ਲੱਭਣਾ। ਤਲਵਾਰਾਂ ਰੱਖ ਕੇ ਇੱਕਮੁੱਠ ਹੋ ਜਾਵੋ, ਸਾਰਾ ਪੰਜਾਬ ਤੁਹਾਡੀ ਸਰਦਲ 'ਤੇ ਸਿਜਦਾ ਕਰੂਗਾ। ਬਾਬਾ ਜੀ ਨੇ ਰਣਜੀਤ ਸਿੰਘ ਨੂੰ ਕਿਹਾ, ਬਾਹਰ ਆ ਜਾ ਬੱਚਿਆ, ਇਹ ਸਾਰੇ ਸ਼ਰੀਕ ਤੇਰੇ ਚਾਚੇ-ਤਾਏ ਹਨ। ਇਹਨਾਂ ਤੋਂ ਕਾਹਦਾ ਡਰ। ਰਣਜੀਤ ਸਿੰਘ ਕਹਿੰਦਾ, ਬਾਬਾ ਜੀ, ਇਹ ਮੈਨੂੰ ਕੱਚਿਆਂ ਹੀ ਖਾ ਜਾਣਗੇ। ਮੇਰੇ ਪਿਉ ਦੀ ਤਲਵਾਰ ਦੇ ਜ਼ਖ਼ਮ ਇਹਨਾਂ ਦੇ ਪਿੰਡਿਆਂ 'ਤੇ ਜੋ ਲੱਗੇ ਹਨ, ਉਹ ਅਜੇ ਅੱਲੇ ਹਨ। ਬਾਬਾ ਜੀ ਨੇ ਕਿਹਾ, ਦੁਸ਼ਮਣੀ ਬਾਹਰ ਦੀ ਸੀ, ਤੰਬੂ ਵਿੱਚ ਨਹੀਂ। ਇਹ ਗੁਰੂ ਦਾ ਸਥਾਨ ਹੈ। ਇਸ ਲਈ ਇੱਥੇ ਨਿਮਰਤਾ ਦੀ ਬਰਖਾ ਹੁੰਦੀ ਹੈ। ਬਾਬਾ ਜੀ ਨੇ ਸਾਰੇ ਸਰਦਾਰਾਂ ਨੂੰ ਕਿਹਾ, ਆਪਣੇ ਗਲ਼ ਵਿੱਚੋਂ ਇੱਕ-ਇੱਕ ਕੈਂਠਾ ਲਾਹ ਦਿਉ, ਤੇ ਜ਼ਮੀਨ 'ਤੇ ਰੱਖ ਦਿਓ। ਇਸ ਤਰ੍ਹਾਂ ਗਿਆਰਾਂ ਕੈਂਠਿਆਂ ਦਾ ਢੇਰ ਲੱਗ ਗਿਆ। ਰਣਜੀਤ ਸਿੰਘ ਨੇ ਵੀ ਆਪਣੇ ਗਲ਼ੇ ਦਾ ਕੈਂਠਾ ਲਾਹਿਆ। ਬਾਬਾ ਜੀ ਨੇ ਸੁਨਿਆਰੇ ਸੱਦੇ ਤੇ ਬਾਰਾਂ ਕੈਂਠਿਆਂ ਦਾ ਇੱਕ ਹੱਸ ਬਣਾ ਲਿਆ ਤੇ ਆਪਣੇ ਹੱਥੀਂ ਰਣਜੀਤ ਸਿੰਘ ਦੇ ਗਲ਼ ਵਿੱਚ ਪਾ ਦਿੱਤਾ ਤੇ ਤਿਲਕ ਲਾਇਆ। ਬਾਬਾ ਜੀ ਨੇ ਰਣਜੀਤ ਸਿੰਘ ਨੂੰ ਸਾਰੇ ਸਰਦਾਰਾਂ ਦਾ ਸਰਦਾਰ ਬਣਾ ਦਿੱਤਾ। ਬਾਬਾ ਸਾਹਿਬ ਸਿੰਘ ਜੀ ਦੇ ਅਸ਼ੀਰਵਾਦ ਨਾਲ ਹੀ ਰਣਜੀਤ ਸਿੰਘ ਰਾਜ-ਭਾਗ ਦਾ ਭਾਗੀ ਬਣਿਆ ਸੀ। ਬਾਬਾ ਜੀ ਨੇ ਰਣਜੀਤ ਸਿੰਘ ਨੂੰ ਕਿਹਾ ਸੀ ਕਿ ਇਹ ਗੁਰੂ ਸਾਹਿਬ ਦੀ ਦਾਤ ਹੈ, ਬਖ਼ਸ਼ਸ਼ ਹੈ।

ਪੰਜਾਬ ਵਿੱਚ ਲੁੱਟ-ਮਾਰ ਦੇ ਗਰਮ ਬਜ਼ਾਰ ਨੂੰ ਬਾਬਾ ਸਾਹਿਬ ਸਿੰਘ ਜੀ ਨੇ ਗਹੁ ਨਾਲ ਦੇਖਿਆ ਤੇ ਬਾਰਾਂ ਕੈਂਠਿਆਂ ਦਾ ਇੱਕ ਹੱਸ ਬਣਵਾਇਆ ਤੇ ਉਹ ਰਣਜੀਤ ਸਿੰਘ ਦੇ ਗਲ਼ ਵਿੱਚ ਪਾਇਆ। ਪਿਤਾ ਦੇ ਮਰਨੇ ਦੀ ਪੱਗ ਵੀ ਬੰਨ੍ਹਵਾਈ, ਬਾਰਾਂ ਮਿਸਲਾਂ ਦੀ ਸਰਦਾਰੀ ਬਖ਼ਸ਼ੀ ਤੇ ਇਹ ਵਰ ਦਿੱਤਾ ਕਿ ਇਹ ਤੇਰੇ ਦਰ 'ਤੇ ਝੁਕਣਗੀਆਂ। ਬਾਬਾ ਜੀ ਨੇ ਕਿਹਾ, ਸਾਨੂੰ ਗੁਰਾਂ ਨੇ ਬਾਦਸ਼ਾਹੀਆਂ ਬਖ਼ਸ਼ੀਆਂ ਹਨ, ਜਾਹ ਜਿੱਥੇ ਤੇਰਾ ਜੀਅ ਕਰੇ, ਫ਼ਤਿਹ ਤੇਰੇ ਪੈਰ ਚੁੰਮੇਗੀ। ਤੇਰੀ ਕੋਈ ਹਵਾ ਵੱਲ ਨਹੀਂ ਤੱਕੇਗਾ। ਸਾਡਾ ਆਖਿਆ ਪੱਥਰ 'ਤੇ ਲੀਕ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਜਾਣ ਸਮੇਂ ਉਸ ਦੀ ਉਮਰ ਬਾਰਾਂ ਸਾਲ ਤੋਂ ਕੁਝ ਘੱਟ ਹੀ ਸੀ। ਭਾਵੇਂ ਉਹ ਆਪਣੇ ਪਿਤਾ ਨਾਲ ਕਈ ਛੋਟੇ-ਵੱਡੇ ਯੁੱਧਾਂ ਵਿੱਚ ਭਾਗ ਲੈ ਚੁੱਕਾ ਸੀ, ਪਰ ਫੇਰ ਵੀ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਚਿੰਤਾਤੁਰ ਰਹਿੰਦਾ ਸੀ, ਪਰ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ

ਅਸ਼ੀਰਵਾਦ ਨਾਲ ਅਤੇ ਆਪਣੀ ਬਹਾਦਰ ਸੱਸ ਸਰਦਾਰਨੀ ਸਦਾ ਕੌਰ ਤੇ ਰਣਜੀਤ ਸਿੰਘ ਦੀ ਸਿਆਣੀ ਮਾਤਾ ਨੇ ਰਣਜੀਤ ਸਿੰਘ ਨੂੰ ਸ਼ਕਤੀਸ਼ਾਲੀ ਬਾਦਸ਼ਾਹ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

**ਮਹਾਰਾਜੇ ਦੀ ਜਾਨ ਲੈਣ ਦਾ ਯਤਨ** : ਰਣਜੀਤ ਸਿੰਘ ਇੱਕ ਦਿਨ ਰਾਮ ਨਗਰ ਦੇ ਲਾਗੇ ਸ਼ਿਕਾਰ ਖੇਡਦਾ ਹੋਇਆ ਇੰਨਾ ਦੂਰ ਨਿਕਲ ਗਿਆ ਕਿ ਉਸ ਦੇ ਸਾਥੀ ਉਸ ਤੋਂ ਘਣੇ ਜੰਗਲ ਵਿੱਚ ਵਿਛੜ ਗਏ। ਇਸ ਸਮੇਂ ਹਸ਼ਮਤ ਖ਼ਾਨ ਚੱਠਾ, ਜਿਸ ਦਾ ਇਲਾਕਾ ਸਰਦਾਰ ਮਹਾਂ ਸਿੰਘ ਨੇ ਫ਼ਤਿਹ ਕਰ ਲਿਆ ਸੀ, ਸਣੇ ਆਪਣੇ ਨੌਕਰਾਂ ਦੇ ਸ਼ਿਕਾਰ ਦੀ ਭਾਲ ਵਿੱਚ ਇਸ ਨੂੰ ਆਣ ਮਿਲਿਆ। ਹਸ਼ਮਤ ਖ਼ਾਨ ਚਿਰ ਤੋਂ ਇਸ ਭਾਲ ਵਿੱਚ ਸੀ ਕਿ ਕਿਸ ਸਮੇਂ ਇਸ ਦਾ ਹੱਥ ਰਣਜੀਤ ਸਿੰਘ ਤਕ ਪਹੁੰਚੇ ਤੇ ਉਸ ਦੀ ਜਾਨ ਲੈ ਕੇ ਆਪਣੇ ਮਨ ਦੀ ਜਲਨ ਬੁਝਾਏ। ਹੁਣ ਉਸ ਨੂੰ ਵਧੀਆ ਮੌਕਾ ਮਿਲ ਗਿਆ। ਇਸ ਨੇ ਰਣਜੀਤ ਸਿੰਘ 'ਤੇ ਆਪਣੀ ਬੰਦੂਕ ਰਾਹੀਂ ਗੋਲ਼ੀ ਚਲਾਈ ਤੇ ਜੋ ਕਿ ਘੋੜੇ ਦੀਆਂ ਵਾਗਾਂ ਵਿੱਚ ਆ ਲੱਗੀ ਤੇ ਉਹ ਦੋ ਟੱਕ ਹੋ ਗਈਆਂ। ਇੱਧਰ ਰਣਜੀਤ ਸਿੰਘ ਨੇ ਹੱਥ ਵਿੱਚ ਸ੍ਰੀ ਸਾਹਿਬ ਲਈ ਤੇ ਚੱਠੇ ਸਰਦਾਰ 'ਤੇ ਅੱਖ ਦੇ ਫੋਰ ਵਿੱਚ ਐਸਾ ਵਾਰ ਕੀਤਾ ਕਿ ਉਸ ਦਾ ਸਿਰ ਧੜ ਨਾਲੋਂ ਵੱਖਰਾ ਹੋ ਗਿਆ। ਜਦੋਂ ਉਸ ਦੇ ਸਾਥੀਆਂ ਨੇ ਹਸ਼ਮਤ ਖ਼ਾਨ ਦਾ ਸਿਰ ਵੱਖ ਡਿੱਠਾ ਤਾਂ ਉਹ ਵੀ ਨੱਸ ਗਏ ਤੇ ਹੁਣ ਸ਼ੇਰਿ-ਪੰਜਾਬ ਨੇ ਉਸ ਖ਼ਾਨ ਦਾ ਸਿਰ ਤਲਵਾਰ ਦੀ ਨੋਕ 'ਤੇ ਟੰਗਿਆ ਤੇ ਆਪਣੇ ਸਾਥੀਆਂ ਨੂੰ ਆ ਮਿਲਿਆ। ਜਦ ਰਣਜੀਤ ਸਿੰਘ ਨੇ ਇਹ ਸਾਰੀ ਵਿਥਿਆ ਆਪਣੇ ਸਾਥੀਆਂ ਨੂੰ ਸੁਣਾਈ ਤਾਂ ਉਹ ਅਤਿਅੰਤ ਪ੍ਰਸੰਨ ਹੋਏ। ਹਸ਼ਮਤ ਦੀ ਮੌਤ ਪਿੱਛੋਂ ਚੱਠਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਈਨ ਮੰਨ ਲਈ ਸੀ।

**ਬਹਾਦਰ ਸੈਨਿਕ ਤੇ ਸੈਨਾ ਨਾਇਕ** : 1798 ਈ. ਵਿੱਚ ਕਾਬਲ ਦੇ ਬਾਦਸ਼ਾਹ ਜ਼ਮਾਨ ਸ਼ਾਹ ਨੇ ਪੰਜਾਬ ਉੱਤੇ ਹਮਲਾ ਕੀਤਾ ਅਤੇ ਲਾਹੌਰ ਵਿੱਚ ਦਾਖ਼ਲ ਹੋਇਆ ਤਾਂ ਰਣਜੀਤ ਸਿੰਘ ਆਪਣੇ-ਆਪ ਨੂੰ ਇਸ ਯੋਗ ਨਹੀਂ ਸੀ ਸਮਝਦਾ ਕਿ ਉਸ ਨੂੰ ਲਾਹੌਰ ਵਿੱਚੋਂ ਮਾਰ ਭਜਾਊਗਾ, ਪਰ ਉਸ ਦਾ ਇੱਕ ਮਨੋਰਥ ਸੀ ਕਿ ਸ਼ਾਹ ਜ਼ਮਾਨ ਅਤੇ ਉਸ ਦੇ ਆਦਮੀਆਂ ਨੂੰ ਚੈਨ ਨਾਲ ਨਹੀਂ ਰਹਿਣ ਦੇਣਾ, ਪ੍ਰੇਸ਼ਾਨ ਜ਼ਰੂਰ ਕਰਨਾ ਹੈ; ਦੂਸਰਾ, ਸ਼ਾਹ ਪ੍ਰਤੀ ਆਪਣਾ ਗ਼ੁੱਸਾ ਪ੍ਰਗਟ ਕਰਨਾ ਹੈ। ਰਣਜੀਤ ਸਿੰਘ ਹਰ ਰਾਤ ਕੁਝ ਸਵਾਰਾਂ ਸਮੇਤ ਸ਼ਹਿਰ ਵਿੱਚ ਦਾਖ਼ਲ ਹੋ ਕੇ ਸ਼ਾਹ ਦੇ ਆਦਮੀਆਂ ਨੂੰ ਡਰਾਉਂਦਾ ਅਤੇ ਧਮਕਾਉਂਦਾ ਸੀ। ਸੋਹਨ ਲਾਲ ਸੂਰੀ ਅਨੁਸਾਰ ਰਣਜੀਤ ਸਿੰਘ ਨੇ ਸਮਨ ਬੁਰਜ 'ਤੇ ਤਿੰਨ ਵਾਰ ਹਮਲਾ ਕੀਤਾ। ਹਰ ਵਾਰ ਸ਼ਾਹ ਦੇ ਕਈ ਆਦਮੀਆਂ ਨੂੰ ਮਾਰ ਜਾਂਦਾ ਅਤੇ ਸ਼ਾਹ ਨੂੰ ਹੱਥੋ-ਹੱਥੀ ਲੜਾਈ ਲਈ ਵੰਗਾਰਦਾ। ਇੱਕ ਵਾਰ ਰਣਜੀਤ ਸਿੰਘ ਨੇ ਸ਼ਾਹ ਨੂੰ ਲਲਕਾਰਿਆ, "ਉਹ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਬਾਹਰ ਆ ਅਤੇ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ-ਤਿੰਨ ਹੱਥ ਕਰ।" ਅਗਲੇ ਪਾਸਿਓਂ ਕੋਈ ਹੁੰਗਾਰਾ

ਨਾ ਆਇਆ। ਸ਼ਾਹ ਰਣਜੀਤ ਸਿੰਘ ਦੀ ਬਹਾਦਰੀ ਅਤੇ ਨਿਡਰਤਾ ਉੱਤੇ ਬਹੁਤ ਹੈਰਾਨ ਹੋਇਆ।

ਰਣਜੀਤ ਸਿੰਘ ਇੱਕ ਬਹਾਦਰ ਸੈਨਿਕ, ਸੁਯੋਗ ਸੈਨਾ ਨਾਇਕ ਤੇ ਮਹਾਨ ਵਿਜੇਤਾ ਸੀ। ਜਦੋਂ ਉਸ ਨੇ ਆਪਣੀ ਮਿਸਲ ਦੀ ਸਰਦਾਰੀ ਹਾਸਲ ਕੀਤੀ ਤਾਂ ਉਸ ਸਮੇਂ ਉਸ ਕੋਲ ਗੁੱਜਰਾਂਵਾਲਾ ਤੇ ਇਸ ਦੇ ਇਰਦ-ਗਿਰਦ ਦੇ ਕੁਝ ਪਿੰਡ ਸਨ। ਰਣਜੀਤ ਸਿੰਘ ਨੇ ਆਪਣੀ ਬਹਾਦਰੀ ਤੇ ਦਲੇਰੀ ਕਰ ਕੇ ਛੋਟੀ ਜਿਹੀ ਮਿਸਲ ਤੋਂ ਫ਼ਰਾਂਸ ਜਿੱਡਾ ਵੱਡਾ ਤੇ ਸੰਗਠਿਤ ਰਾਜ ਸਥਾਪਿਤ ਕੀਤਾ। ਲੈਪਲ ਗ੍ਰਿਫਨ ਦੇ ਸ਼ਬਦਾਂ ਵਿੱਚ: "ਉਹ ਇੱਕ ਆਦਰਸ਼ ਸੈਨਿਕ ਸੀ, ਜੋ ਬੜਾ ਬਲਵਾਨ, ਫੁਰਤੀਲਾ, ਹੌਸਲੇ ਵਾਲਾ ਅਤੇ ਕਸ਼ਟ ਝੱਲਣ ਦੀ ਸਮਰੱਥਾ ਰੱਖਣ ਵਾਲਾ ਵਿਅਕਤੀ ਸੀ। ਸੰਨ 1799 ਈ. ਵਿੱਚ ਉਸ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਨੂੰ ਜਿੱਤਿਆ ਤੇ ਛੇਤੀ ਪਿੱਛੋਂ ਅੰਮ੍ਰਿਤਸਰ ਨੂੰ ਵੀ ਆਪਣੇ ਅਧਿਕਾਰ ਖੇਤਰ ਵਿੱਚ ਲਿਆਂਦਾ। ਇਸ ਤੋਂ ਕੁਝ ਵਰ੍ਹਿਆਂ ਵਿੱਚ ਹੀ ਲਗ-ਪਗ ਸਾਰੀਆਂ ਸਿੱਖ ਮਿਸਲਾਂ ਲਾਹੌਰ ਦਰਬਾਰ ਦੇ ਅਧੀਨ ਹੋ ਗਈਆਂ। ਰਣਜੀਤ ਸਿੰਘ ਨੇ ਅਫ਼ਗਾਨਾਂ ਪਾਸੋਂ ਮੁਲਤਾਨ, ਅਟਕ, ਕਸ਼ਮੀਰ, ਪਿਸ਼ਾਵਰ ਤੇ ਹੋਰ ਕਈ ਨਿੱਕੇ-ਵੱਡੇ ਇਲਾਕੇ ਆਪਣੇ ਕਬਜ਼ੇ ਵਿੱਚ ਕੀਤੇ। ਭਾਵੇਂ ਕਈ ਲੜਾਈਆਂ ਵਿੱਚ ਰਣਜੀਤ ਸਿੰਘ ਆਪ ਜਾ ਕੇ ਨਹੀਂ ਲੜਿਆ, ਪਰ ਹਰ ਲੜਾਈ ਜਾਂ ਮੁਹਿੰਮ ਦੀ ਛੋਟੀ ਤੋਂ ਛੋਟੀ ਗੱਲ ਲਈ ਮਹਾਰਾਜੇ ਦੀ ਸਲਾਹ ਜਾਂ ਪ੍ਰਵਾਨਗੀ ਜ਼ਰੂਰੀ ਸੀ। ਸਾਰੀਆਂ ਵੱਡੀਆਂ ਲੜਾਈਆਂ ਦੀ ਤਿਆਰੀ ਤੇ ਮੈਦਾਨੇ-ਜੰਗ ਵਿੱਚ ਪੁੱਜਣ ਵਾਲਾ ਜੰਗੀ ਸਮਾਨ ਉਸ ਦੀ ਨਿਗਰਾਨੀ ਹੇਠ ਹੁੰਦਾ ਸੀ। ਉਸ ਦੀਆਂ ਯੋਜਨਾਵਾਂ ਸਦਾ ਅਜਿਹੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਸਫ਼ਲਤਾਪੂਰਵਕ ਅਮਲ ਵਿੱਚ ਲਿਆਂਦਾ ਜਾ ਸਕਦਾ ਸੀ। ਉਸ ਨੇ ਆਪਣੀ ਸਾਵਧਾਨੀ ਤੇ ਸੂਝਬੂਝ ਸਿਆਣੀ ਸੈਨਿਕ ਨੀਤੀ ਸਦਕੇ ਆਪਣੇ ਅਣਗਿਣਤ ਦੁਸ਼ਮਣਾਂ ਨੂੰ ਕੁਚਲ ਦਿੱਤਾ ਅਤੇ ਇੱਕ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ।

ਰਣਜੀਤ ਸਿੰਘ ਨੂੰ ਸੈਨਿਕਤਾ ਦੀ ਐਨੀ ਸੂਝ-ਬੂਝ ਸੀ ਕਿ ਉਹ ਆਪਣੇ ਸਾਹਮਣੇ ਆਉਣ ਵਾਲੀ ਹਰ ਇੱਕ ਵੰਗਾਰ ਨੂੰ ਸਮਝਣ ਅਤੇ ਉਸ ਦੇ ਮੁਕਾਬਲੇ ਲਈ ਯੋਗ ਕਾਰਵਾਈ ਕਰਨ ਦੀ ਸਮਰੱਥਾ ਰੱਖਦਾ ਸੀ। ਭਾਵੇਂ ਮਹਾਰਾਜਾ ਯੂਰਪੀਨ ਯੁੱਧ ਵਿਧੀ ਅਤੇ ਸੈਨਿਕ ਜਥੇਬੰਦੀ ਦੇ ਹੱਕ ਵਿੱਚ ਸੀ, ਪਰ ਕਈ ਕਾਰਨਾਂ ਕਰ ਕੇ ਉਹ ਆਪਣੀ ਸੈਨਾ ਨੂੰ ਉਸ ਮੁਤਾਬਕ ਢਾਲ ਨਾ ਸਕਿਆ। ਮਹਾਰਾਜਾ ਇੱਕ ਤਾਂ ਆਪਣੀ ਪੁਰਾਣੀ ਸੈਨਿਕ ਵਿਧੀ ਗੁਰੀਲਾ ਯੁੱਧ ਨੂੰ ਨਹੀਂ ਸੀ ਛੱਡਣਾ ਚਾਹੁੰਦਾ, ਦੂਜਾ ਸਿੱਖਾਂ ਵਿੱਚ ਬਹਾਦਰੀ ਦਾ ਜਜ਼ਬਾ ਐਨਾ ਸੀ ਕਿ ਉਹ ਤੁਰੰਤ ਹਮਲਾ ਕਰਨ ਅਤੇ ਮੌਕੇ ਅਨੁਸਾਰ ਚਾਲਾਂ ਬਦਲ ਲੈਣ ਦੇ ਹੁਨਰਾਂ ਤੋਂ ਭਲੀ-ਭਾਂਤ ਜਾਣੂ ਸਨ। ਦੂਸਰੀ ਗੱਲ, ਬਹੁਤੇ ਸਿੱਖ ਯੂਰਪੀਨ ਯੁੱਧ ਵਿਧੀ ਨੂੰ ਚੰਗਾ ਨਹੀਂ ਸਨ ਸਮਝਦੇ। ਇਸ ਲਈ ਉਸ

ਪੁਰਾਣੇ ਤਰੀਕੇ ਨੂੰ ਪੂਰੀ ਤਰ੍ਹਾਂ ਛੱਡ ਦੇਣ ਵਿੱਚ ਉਸ ਨੂੰ ਸਿਆਣਪ ਨਾ ਦਿਸੀ। ਇੱਕ ਗੱਲ ਹੋਰ ਵੀ ਸੀ ਕਿ ਮਹਾਰਾਜੇ ਕੋਲ ਐਨਾ ਇਨਫਰਾਸਟਰਕਚਰ ਵੀ ਨਹੀਂ ਸੀ। ਇਸ ਲਈ ਉਸ ਨੇ ਸੈਨਿਕ ਜਥੇਬੰਦੀ ਪੁਰਾਣੇ ਅਤੇ ਨਵੇਂ ਜਾਂ ਦੇਸੀ ਅਤੇ ਵਿਦੇਸ਼ੀ ਸੈਨਿਕ ਢੰਗ-ਤਰੀਕਿਆਂ ਵਿਚਕਾਰ ਇੱਕ ਸੁਮੇਲ ਸੀ। ਨਾ ਤਾਂ ਉਸ ਨੇ ਅੱਖਾਂ ਮੀਟ ਕੇ ਪੱਛਮ ਦੀ ਨਕਲ ਕੀਤੀ ਤੇ ਨਾ ਹੀ ਉਹ ਪੂਰਬੀ ਤਰੀਕਿਆਂ ਦਾ ਕੱਟੜ ਸਮਰਥਕ ਸੀ। ਇਸ ਸੰਬੰਧੀ ਮਹਾਰਾਜਾ ਬਹੁਤ ਸਿਆਣਪ ਤੇ ਸੂਝ-ਬੂਝ ਤੋਂ ਕੰਮ ਲੈਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਯੂਰਪੀਅਨ ਸੈਨਿਕ ਢੰਗ-ਤਰੀਕੇ ਅਪਨਾਉਣੇ ਇਸ ਲਈ ਜ਼ਰੂਰੀ ਸਮਝੇ ਕਿ ਕਦੇ ਨਾ ਕਦੇ ਲਾਹੌਰ ਦਰਬਾਰ ਨੂੰ ਅੰਗਰੇਜ਼ਾਂ ਨਾਲ ਟੱਕਰ ਲੈਣੀ ਪੈਣੀ ਸੀ। ਇਸ ਲਈ ਜ਼ਰੂਰੀ ਸੀ ਕਿ ਯੂਰਪੀ ਫ਼ੌਜਾਂ ਦੀ ਕਵਾਇਦ ਫ਼ੌਜਾਂ ਨੂੰ ਸਿਖਾਈ ਜਾਵੇ। ਸਭ ਸੈਨਿਕਾਂ ਲਈ ਇੱਕ ਤਰ੍ਹਾਂ ਦੀ ਵਰਦੀ, ਇੱਕ ਤਰ੍ਹਾਂ ਦੀ ਸੈਨਿਕ ਸਿਖਲਾਈ, ਇੱਕ ਤਰ੍ਹਾਂ ਦੇ ਹਥਿਆਰ ਅਤੇ ਇੱਕ ਤਰ੍ਹਾਂ ਦੀ ਯੁੱਧ-ਨੀਤੀ ਢੰਗ ਅਨੁਸਾਰ ਸੀ। ਮਹੀਨਾਵਾਰ ਤਨਖ਼ਾਹ ਦੇਣ ਦਾ ਢੰਗ ਵੀ ਯੂਰਪੀਅਨ ਫ਼ੌਜ ਤੋਂ ਹੀ ਸਿੱਖਿਆ ਸੀ, ਪਰੰਤੂ ਮਹਾਰਾਜੇ ਨੇ ਕੁਝ ਫ਼ੌਜ ਪੁਰਾਣੇ ਢੰਗ ਨਾਲ ਹੀ ਰੱਖੀ ਹੋਈ ਸੀ। ਉਹਨਾਂ ਨੂੰ ਕਵਾਇਦ ਤੋਂ ਮੁਕਤ ਰੱਖਿਆ ਹੋਇਆ ਸੀ। ਕੁਝ ਅਹੁਦੇਦਾਰਾਂ ਨੂੰ ਜਾਗੀਰਾਂ ਦੇਣ ਦਾ ਰਿਵਾਜ, ਤਨਖ਼ਾਹਾਂ ਪਿੱਛੇ ਪਾਉਣੀਆਂ, ਭਾਗੀ ਇਨਾਮ ਦੇਣ ਅਤੇ ਖ਼ਿਤਾਬ ਦੇਣ ਦਾ ਰਿਵਾਜ ਸੀ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੂੰ ਜੋ ਵੀ ਯੂਰਪੀਅਨ ਫ਼ੌਜ ਵਿੱਚ ਵਧੀਆ ਲੱਗਿਆ, ਉਹ ਉਸ ਨੇ ਅਪਣਾਇਆ ਤੇ ਜੋ ਠੀਕ ਨਾ ਲੱਗਿਆ, ਉਸ ਨੂੰ ਛੱਡ ਦਿੱਤਾ।

**ਮਹਾਰਾਜਾ ਰਣਜੀਤ ਸਿੰਘ ਇੱਕ ਮਨੁੱਖ ਦੇ ਰੂਪ ਵਜੋਂ** : ਇਹ ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਕੱਦ ਦਾ ਛੋਟਾ ਤੇ ਸ਼ਕਲ ਸੁੰਦਰ ਨਹੀਂ ਸੀ। ਛੋਟੀ ਉਮਰ ਵਿੱਚ ਚੇਚਕ ਨਿਕਲ ਆਉਣ ਕਾਰਨ ਉਹ ਬਦਸ਼ਕਲ ਹੋ ਗਿਆ ਸੀ। ਇੱਕ ਅੱਖ ਵੀ ਖ਼ਰਾਬ ਹੋ ਗਈ ਸੀ। ਜਰਮਨੀ ਯਾਤਰੀ ਬੈਰਕ ਹਿਊਗਲ, ਜੋ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਆ ਕੇ ਮਿਲਿਆ ਸੀ, ਨੇ ਲਿਖਿਆ ਹੈ ਕਿ "ਉਹ ਛੋਟੇ ਕੱਦ ਦਾ ਤੇ ਕਰੂਪ ਮਨੁੱਖ ਹੈ। ਜੇ ਉਸ ਵਿੱਚ ਹੋਰ ਮਹਾਨ ਗੁਣ ਨਾ ਹੁੰਦੇ, ਤਾਂ ਕੋਈ ਉਸ ਵੱਲ ਵੇਖਦਾ ਵੀ ਨਾ।" ਹੋਰ ਯਾਤਰੀ ਵੀ, ਜੋ ਰਣਜੀਤ ਸਿੰਘ ਨੂੰ ਮਿਲੇ ਸਨ, ਇਸ ਬਿਆਨ ਦੀ ਪੁਸ਼ਟੀ ਕਰਦੇ ਹਨ। ਫ਼ਕੀਰ ਅਜ਼ੀਜ਼ੂਦੀਨ, ਜੋ ਮਹਾਰਾਜੇ ਦਾ ਸਭ ਤੋਂ ਨਿਕਟਵਰਤੀ ਦਰਬਾਰੀ ਸੀ, ਨੇ ਇੱਕ ਵਾਰ ਪੁੱਛਣ ਤੇ ਕਿਹਾ, "ਮੈਨੂੰ ਪਤਾ ਨਹੀਂ ਕਿ ਮਹਾਰਾਜਾ ਦੀ ਕਿਹੜੀ ਅੱਖ ਖ਼ਰਾਬ ਹੈ। ਉਹਨਾਂ ਦੇ ਚੇਹਰੇ ਦੇ ਤੇਜ਼ ਦੇ ਸਾਹਮਣੇ ਮੈਂ ਉਹਨਾਂ ਦੇ ਚੇਹਰੇ ਨੂੰ ਲਾਗਿਓਂ ਦੇਖਣ ਦਾ ਕਦੇ ਹੀਆ ਨਹੀਂ ਕੀਤਾ।" ਮਹਾਰਾਜਾ ਦੀ ਲੰਮੀ ਦਾੜ੍ਹੀ ਧੁੰਨੀ ਤਕ ਪੁੱਜਦੀ ਸੀ। ਉਸ ਦਾ ਸਰੀਰ ਪਤਲਾ ਪਰ ਚੁਸਤ ਤੇ ਫੁਰਤੀਲਾ ਸੀ। ਉਹ ਬਹੁਤ ਸਾਦਾ ਪੁਸ਼ਾਕ ਪਹਿਨਦਾ ਸੀ, ਪਰ ਆਪਣੇ ਦਰਬਾਰੀਆਂ ਨੂੰ ਬਹੁਤ ਖ਼ੂਬਸੂਰਤ ਅਤੇ ਕੀਮਤੀ ਪੁਸ਼ਾਕ ਪਹਿਨਣ ਦੀ ਹਿਦਾਇਤ ਕਰਦਾ ਸੀ।

ਮਹਾਰਾਜਾ ਰਣਜੀਤ ਸਿੰਘ ਸੁਭਾਅ ਅਤੇ ਆਦਤਾਂ ਵਿੱਚ ਵੀ ਬਹੁਤ ਹੀ ਸਾਦਾ ਸੀ। ਉਹ ਆਪਣੇ ਪ੍ਰਧਾਨ ਮੰਤਰੀ ਤੋਂ ਲੈ ਕੇ ਮਹੱਲਾਂ ਤਕ ਛੋਟੇ-ਛੋਟੇ ਕਰਮਚਾਰੀਆਂ ਨਾਲ ਇੱਕੋ ਜਿਹੇ ਖੁੱਲ੍ਹੇ ਢੰਗ ਨਾਲ ਗੱਲਬਾਤ ਕਰਦਾ ਸੀ। ਦੂਜਿਆਂ ਨੂੰ ਹਾਸਾ-ਮਜ਼ਾਕ ਕਰ ਵੀ ਲੈਂਦਾ ਸੀ ਤੇ ਉਹਨਾਂ ਵੱਲੋਂ ਹਾਸੇ-ਮਖੌਲ ਦੀਆਂ ਗੱਲਾਂ ਵੀ ਸੁਣ ਲੈਂਦਾ ਸੀ। ਉਸ ਦੀ ਯਾਦ-ਸ਼ਕਤੀ ਬਹੁਤ ਸੀ। ਕਹਿੰਦੇ ਹਨ, ਉਸ ਨੂੰ ਆਪਣੇ ਰਾਜ ਦੇ 13 ਹਜ਼ਾਰ ਪਿੰਡਾਂ ਦੇ ਨਾਂ ਯਾਦ ਸਨ। ਬਹੁਤ ਸਾਰੇ ਪਿੰਡਾਂ ਦੇ ਮੁਖੀਆਂ ਦੇ ਨਾਂ ਉਸ ਨੂੰ ਯਾਦ ਸਨ। ਉਹ ਜਦੋਂ ਇੱਕ ਵਾਰ ਵੀ ਕਿਸੇ ਨੂੰ ਮਿਲ ਪਿਆ ਤਾਂ 20 ਸਾਲ ਬਾਅਦ ਵੀ ਉਸ ਨੂੰ ਪਛਾਣ ਲੈਂਦਾ ਸੀ। ਉਹ ਆਪਣੇ ਕਰਮਚਾਰੀਆਂ ਅਤੇ ਦਰਬਾਰੀਆਂ ਨੂੰ ਉਹਨਾਂ ਦੇ ਨਾਵਾਂ ਤੋਂ ਬੁਲਾਉਂਦਾ ਸੀ। ਅਲੈਗਜ਼ੈਂਡਰ ਬਰਨਜ਼ ਅਨੁਸਾਰ : 'ਰਣਜੀਤ ਸਿੰਘ ਦੇ ਆਚਰਨ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਸ ਅੰਦਰ ਦਿਆਲਤਾ ਕੁੱਟ-ਕੁੱਟ ਕੇ ਭਰੀ ਹੋਈ ਸੀ।" ਬੈਰਨ ਹੂਗਲ ਅਨੁਸਾਰ: "ਉਸ ਨੇ ਆਪਣੀ ਇੱਛਾ ਅਨੁਸਾਰ ਕਦੇ ਵੀ ਆਪਣੇ ਹੱਥ ਕਿਸੇ ਦੇ ਖ਼ੂਨ ਨਾਲ ਨਹੀਂ ਰੰਗੇ ਅਤੇ ਸ਼ਾਇਦ ਕਿਸੇ ਨੇ ਐਨਾ ਵੱਡਾ ਰਾਜ ਨਾ ਬਣਾਇਆ ਹੋਵੇ, ਜਿਸ ਵਿੱਚ ਏਨੀ ਘੱਟ ਨਿਰਦੈਤਾ ਤੋਂ ਕੰਮ ਲਿਆ ਗਿਆ ਹੋਵੇ।"

ਮੈਕਗਰੇਗਰ ਲਿਖਦਾ ਹੈ ਕਿ "ਮਹਾਰਾਜਾ ਆਪਣੀ ਪਰਜਾ ਨਾਲ ਬੜੇ ਪਿਆਰ ਨਾਲ ਵਰਤਦਾ ਸੀ। ਉਹ ਅਕਸਰ ਤਰਸ ਤੇ ਖਿਮਾ ਤੋਂ ਹੀ ਕੰਮ ਲੈਂਦਾ ਸੀ। ਚੰਗੇ ਵਰਤਾਓ ਤੇ ਰਹਿਮ-ਦਿਲੀ ਵਿੱਚ ਉਹ ਨਿਰਸੰਦੇਹ ਇਸ ਦੇਸ਼ ਵਿੱਚ ਹੋ ਗੁਜ਼ਰੇ ਸਾਰਿਆਂ ਬਾਦਸ਼ਾਹਾਂ ਵਿੱਚੋਂ ਮੋਹਰੀ ਸੀ। ਉਹ ਬਿਨਾਂ ਕਿਸੇ ਸੰਗੀਨ ਅਪਰਾਧ ਦੇ ਕਿਸੇ ਨੂੰ ਸਖ਼ਤ ਸਜ਼ਾ ਨਹੀਂ ਸੀ ਦਿੰਦਾ, ਨਾ ਹੀ ਕਿਸੇ ਦੀ ਜਾਨ ਨਾਹੱਕ ਗਵਾਂਦਾ ਤੇ ਨਾ ਹੀ ਕਿਸੇ ਨੂੰ ਅੰਗਹੀਣ ਕਰਵਾਉਂਦਾ ਸੀ।" ਇਸ ਦੇ ਅੱਗੇ ਮੁਹੰਮਦ ਲਤੀਫ਼ ਲਿਖਦਾ ਹੈ ਕਿ "ਕਿਸੇ ਨੂੰ ਵੀ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਕਰੜਾਈ-ਬੁਰਿਆਈ ਤੇ ਜ਼ੁਲਮ ਦੀ ਕੋਈ ਨਜ਼ੀਰ ਨਹੀਂ ਪੜ੍ਹੀ।" ਅਸਾਂ ਕਦੇ ਨਹੀਂ ਸੁਣਿਆ ਕਿ ਉਸ ਨੇ ਕਿਸੇ ਦੀਆਂ ਅੱਖਾਂ ਕਢਵਾ ਸੁੱਟੀਆਂ ਹੋਣ, ਜਾਂ ਕਿਸੇ ਦੇ ਅੰਗ ਭੰਗ ਕੀਤੇ ਹੋਣ, ਜਾਂ ਕਿਸੇ ਨੂੰ ਤਸੀਹੇ ਦੇ ਕੇ ਹੱਤਿਆ ਕੀਤੀ ਹੋਵੇ। ਕਈ ਵਾਰੀ ਇਸ ਦੇ ਵੈਰੀ ਵੀ ਜਦ ਇਸ ਦੇ ਸਾਹਮਣੇ ਪੇਸ਼ ਹੁੰਦੇ, ਤਾਂ ਇਹ ਵਧੇਰੇ ਮਾਫ਼ੀ ਤੋਂ ਹੀ ਕੰਮ ਲੈਂਦਾ ਸੀ। ਸੁਲਤਾਨ ਖ਼ਾਨ ਵਾਲੀਏ ਭਿੰਬਰ ਦੀਆਂ ਸ਼ਰਾਰਤਾਂ ਦੀਆਂ ਖ਼ਬਰਾਂ ਮਹਾਰਾਜੇ ਨੂੰ ਆਮ ਪਹੁੰਚਦੀਆਂ ਸਨ ਕਿ ਉਹ ਕਸ਼ਮੀਰ ਦੇ ਇਲਾਕੇ ਵਿੱਚ ਖ਼ਰੂਦ ਮਚਾਉਂਦਾ ਰਹਿੰਦਾ ਹੈ। ਜਦ ਇਹ ਪਹਿਲੀ ਵਾਰ ਪਕੜਿਆ ਹੋਇਆ ਆਇਆ ਤੇ ਮਹਾਰਾਜੇ ਦੇ ਪੇਸ਼ ਕੀਤਾ ਗਿਆ, ਤਾਂ ਆਮ ਲੋਕਾਂ ਦਾ ਖ਼ਿਆਲ ਸੀ ਕਿ ਇਸ ਨੂੰ ਤੋਪ ਅੱਗੇ ਉਡਵਾਇਆ ਜਾਵੇਗਾ, ਪਰ ਇਹ ਵੇਖ ਕੇ ਲੋਕਾਂ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ, ਜਦ ਮਹਾਰਾਜੇ ਨੇ ਉਸ ਦੇ ਪੈਰਾਂ ਤੋਂ ਬੇੜੀਆਂ ਕੱਟ ਸੁੱਟਣ ਦਾ ਹੁਕਮ ਦਿੱਤਾ। ਇਹ ਜਦ ਮਹਾਰਾਜੇ ਦੇ ਸਾਹਮਣੇ ਆਪਣੇ ਕੀਤੇ 'ਤੇ ਪਛਤਾਇਆ ਤਾਂ ਹਜ਼ੂਰ ਜੀ ਨੇ ਉਸ ਨੂੰ

ਉਸੇ ਵੇਲੇ ਬਖ਼ਸ਼ ਦਿੱਤਾ। ਇਸ ਤਰ੍ਹਾਂ ਦੀਆਂ ਅਣਗਿਣਤ ਨਜ਼ੀਰਾਂ ਹਨ। ਗੱਲ ਕੀ, ਮਹਾਰਾਜਾ ਕਰੜਾਈ ਦੀ ਥਾਂ ਬਖ਼ਸ਼ਿਸ਼ ਦੇ ਭਾਰ ਹੇਠ ਦੋਸ਼ੀਆਂ ਨੂੰ ਦੱਬ ਦਿੰਦਾ ਸੀ, ਜਿਸ ਦੇ ਅਸਰ ਨਾਲ ਅਪਰਾਧੀ ਸੁੱਤੇ-ਸਿੱਧ ਹੀ ਸੁਧਰ ਜਾਂਦਾ ਸੀ।

ਮਿਸਟਰ ਐੱਚ.ਈ. ਫੈਨ, ਸਰ ਹੈਨਰੀ ਫੇਨ ਕਮਾਂਡਰ-ਇਨ-ਚੀਫ਼ ਦਾ ਪ੍ਰਾਈਵੇਟ ਸਕੱਤਰ ਸੀ। ਇਸ ਨੇ ਕੰਵਰ ਨੌ ਨਿਹਾਲ ਸਿੰਘ ਦੀ ਸ਼ਾਦੀ ਉੱਤੇ ਲਾਹੌਰ ਆ ਕੇ ਮਹਾਰਾਜੇ ਦਾ ਆਪਣੀ ਪਰਜਾ ਨਾਲ ਵਰਤਾਓ ਆਪਣੇ ਅੱਖੀਂ ਵੇਖ ਕੇ ਕੁਝ ਲਿਖਿਆ ਸੀ, ਉਹ ਇਸ ਤਰ੍ਹਾਂ ਸੀ : "ਰਣਜੀਤ ਸਿੰਘ ਨੂੰ ਉਸ ਦੀ ਪਰਜਾ ਬੜਾ ਖੁੱਲ੍ਹ-ਦਿਲਾ ਪਿਆਰਦੀ ਤੇ ਬਹੁਤ ਹੀ ਚੰਗਾ ਹੁਕਮਰਾਨ ਜਾਣਦੀ ਹੈ। ਇਸ ਗੱਲ ਦਾ ਬਥੇਰਾ ਸਬੂਤ ਮੌਜੂਦ ਹੈ ਕਿ ਉਹ ਚੰਗਾ ਤੇ ਹਰਮਨ-ਪਿਆਰਾ ਹੁਕਮਰਾਨ ਹੈ। ਉਸ ਨੂੰ ਨਾ ਕੇਵਲ ਵੱਡੇ ਹੀ ਪਿਆਰ ਕਰਦੇ ਸਨ, ਸਗੋਂ ਨਿੱਕੇ-ਨਿੱਕੇ ਮੁੰਡੇ ਵੀ ਦਿਲੋਂ ਆਪਣਾ ਕਿਰਪਾਲੂ ਬਾਦਸ਼ਾਹ ਜਾਣਦੇ ਸਨ।"

ਸ਼ੇਰ-ਪੰਜਾਬ ਦੇ ਮਹਾਂ-ਦਾਨੀ ਹੋਣ ਦੇ ਕਾਰਨ ਜਨਤਾ ਆਮ ਤੌਰ ਪੁਰ ਆਪ ਜੀ ਨੂੰ ਪਾਰਸ ਕਹਿ ਕੇ ਸੱਦਦੀ ਹੁੰਦੀ ਸੀ। ਇੱਕ ਵਾਰ ਆਪ ਜੀ ਦੀ ਸਵਾਰੀ ਲਾਹੌਰ ਵਿੱਚੋਂ ਲੰਘ ਰਹੀ ਸੀ ਕਿ ਇੱਕ ਬਿਰਧ ਮਾਈ ਭੱਜੀ ਆਈ, ਜਿਸ ਦੇ ਹੱਥ ਵਿੱਚ ਇੱਕ ਤਵਾ ਸੀ। ਇਹ ਬੜੇ ਹੱਠ ਨਾਲ ਦਰਸ਼ਕਾਂ ਦੀਆਂ ਸਫ਼ਾਂ ਨੂੰ ਚੀਰਦੀ ਹੋਈ ਸ਼ੇਰ-ਪੰਜਾਬ ਤਕ ਜਾ ਪਹੁੰਚੀ, ਪਰ ਇੱਥੇ ਇਸ ਨੂੰ ਚੋਬਦਾਰਾਂ ਨੇ ਰੋਕ ਦਿੱਤਾ। ਜਦ ਮਾਈ ਨੇ ਰੌਲ਼ਾ ਪਾਇਆ ਤਾਂ ਮਹਾਰਾਜੇ ਨੇ ਆਪਣਾ ਘੋੜਾ ਰੋਕ ਕੇ ਮਾਈ ਤੋਂ ਪੁੱਛਿਆ ਕਿ "ਅੰਮਾ ਤੂੰ ਕੀ ਕਹਿਣਾ ਚਾਹੁੰਦੀ ਏਂ ? ਛੇਤੀ ਦੱਸ।" ਕਹਿੰਦੇ ਹਨ ਕਿ ਮਾਈ ਇਸ ਸਮੇਂ ਹੋਰ ਅੱਗੇ ਹੋਈ ਤੇ ਜਾਂਦਿਆਂ ਹੀ ਇਹ ਆਪਣਾ ਕਾਲ਼ਾ ਤਵਾ ਮਹਾਰਾਜੇ ਦੇ ਪੈਰਾਂ ਨਾਲ ਮਲਣ ਲੱਗ ਪਈ। ਇਸ ਮਾਈ ਦੀ ਇਸ ਬੇਅਦਬੀ ਨੂੰ ਕਰਮਚਾਰੀਆਂ ਨੇ ਮਹਾਰਾਜਾ ਦੀ ਹੱਤਕ ਸਮਝ ਕੇ ਮਾਈ ਨੂੰ ਧੱਕੇ ਮਾਰਨੇ ਚਾਹੇ ਪਰ ਮਹਾਰਾਜਾ ਨੇ ਇਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਮਨ੍ਹਾ ਕਰ ਕੇ ਮਾਈ ਤੋਂ ਪੁੱਛਿਆ, "ਅੰਮਾ! ਇਹ ਤੂੰ ਕੀ ਕੀਤਾ ਹੈ ?" ਅੱਗੋਂ ਮਾਈ ਬੜੀ ਸ਼ਰਧਾ ਨਾਲ ਬੋਲੀ, "ਸਰਕਾਰ! ਲੋਕੀ ਆਖਦੇ ਹਨ, ਸਾਡਾ ਮਹਾਰਾਜਾ ਪਾਰਸ ਹੈ ਅਤੇ ਪਾਰਸ ਨਾਲ ਲੋਹਾ ਛੋਹ ਜਾਏ ਤਾਂ ਸੋਨਾ ਹੋ ਜਾਂਦਾ ਹੈ, ਮੈਂ ਗ਼ਰੀਬਣੀ ਹਾਂ, ਆਪਣੇ ਬੁਢਾਪੇ ਦੇ ਗੁਜ਼ਾਰੇ ਲਈ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣਾ ਚਾਹੁੰਦੀ ਹਾਂ, ਤਾਂ ਜੋ ਬਾਕੀ ਰਹਿੰਦਾ ਜੀਵਨ ਸੁਖੀ ਗੁਜ਼ਾਰਾਂ।" ਮਹਾਰਾਜਾ ਜੀ ਇਹ ਸੁਣ ਕੇ ਅੱਗੋਂ ਖਿੜ-ਖਿੜ ਹੱਸ ਪਏ ਤੇ ਤੋਸ਼ਾਖ਼ਾਨੀਏ ਨੂੰ ਹੁਕਮ ਦਿੱਤਾ ਕਿ ਮਾਈ ਦੇ ਤਵੇ ਨਾਲ ਸਾਵੀਂ ਸੋਨਾ ਤੋਲ ਕੇ ਮਾਈ ਨੂੰ ਦੇ ਦੇਵੋ। ਉਸੇ ਵੇਲੇ ਹੁਕਮ ਦੀ ਪਾਲਣਾ ਕੀਤੀ ਗਈ ਤੇ ਮਾਈ ਅਸੀਸਾਂ ਦਿੰਦੀ ਘਰ ਨੂੰ ਪਰਤ ਗਈ।

ਮਹਾਰਾਜੇ ਦੇ ਹਰਮਨ-ਪਿਆਰੇ ਹੋਣ ਦੇ ਹੋਰ ਵੀ ਕਈ ਪ੍ਰਮਾਣ ਮਿਲਦੇ ਹਨ। ਇਸ ਤੋਂ ਵੱਧ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਜਦ ਤੋਂ ਉਸ ਨੇ ਰਾਜ-ਭਾਗ ਸਾਂਭਿਆ

ਹੈ, ਉਸ ਨੇ ਇੱਕ ਆਦਮੀ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਉਸ ਦੀ ਬੇਓੜਕ ਵਧੀ ਹੋਈ ਕ੍ਰਿਪਾਲਤਾ ਦਾ ਵਰਤਾਓ ਜੋ ਉਸ ਵੱਲੋਂ ਦੇਸ਼ ਦੇ ਆਮ ਲੋਕਾਂ ਨਾਲ ਕੀਤਾ ਜਾਂਦਾ ਹੈ, ਉਸ ਦੇ ਚੰਗੇ ਤੇ ਉੱਚੇ ਆਚਰਨ ਦਾ ਸਬੱਬ ਹੈ। ਇਹ ਗੱਲ ਬੜੀ ਹੀ ਅਸਚਰਜ ਹੈ ਕਿ ਇਹ ਬਿਨਾਂ ਕਿਸੇ ਨੂੰ ਕਰੜੀ ਸਜ਼ਾ ਦੇ ਨਿਰੀ ਤਾੜਨਾ ਨਾਲ ਹੀ ਅਜਿਹੇ ਅੱਥਰੇ ਲੋਕਾਂ ਵਿੱਚ ਰਾਜ ਪ੍ਰਬੰਧ ਨੂੰ ਬਹੁਤ ਚੰਗੀ ਤਰ੍ਹਾਂ ਨਿਭਾ ਸਕਦਾ ਹੈ ਅਤੇ ਉਸ ਦਾ ਮਾਮਲਾ ਬੱਧੇ ਸਮੇਂ ਸਿਰ ਸੌਖਾ ਖ਼ਜ਼ਾਨੇ ਵਿੱਚ ਪਹੁੰਚ ਜਾਂਦਾ ਹੈ। ਗੋਰਡ ਅਨੁਸਾਰ: ''ਮਹਾਰਾਜਾ ਹਾਰੇ ਹੋਏ ਵੈਰੀਆਂ ਨਾਲ ਕਦੇ ਵੀ ਦੁਸ਼ਮਣੀ ਦੀ ਭਾਵਨਾ ਨਾਲ ਪੇਸ਼ ਨਹੀਂ ਸੀ ਆਉਂਦਾ। ਉਸ ਦੇ ਸਮੇਂ ਹੀ ਕਈ ਸ਼ਾਹੀ ਪਰਿਵਾਰ ਦਿੱਲੀ ਅਤੇ ਕਾਬਲ ਦੇ ਬਜ਼ਾਰਾਂ ਵਿੱਚ ਰੋਟੀ ਨੂੰ ਤਰਸਦੇ ਮਾਰੇ-ਮਾਰੇ ਫਿਰਦੇ ਸਨ, ਪਰ ਰਣਜੀਤ ਸਿੰਘ ਹੱਥੋਂ ਹਾਰਿਆਂ ਨੂੰ ਉਸ ਨੇ ਕਦੇ ਭੁੱਖੇ ਨਹੀਂ ਸੀ ਮਰਨ ਦਿੱਤਾ। ਲਾਹੌਰੋਂ ਨਿਕਲੇ ਚੇਤ ਸਿੰਘ ਨੂੰ, ਦਲ ਸਿੰਘ ਅਕਾਲਗੜ੍ਹੀਏ ਦੀ ਵਿਧਵਾ ਨੂੰ, ਅੰਮ੍ਰਿਤਸਰ ਦੇ ਭੰਗੀ ਸਰਦਾਰ ਗੁਲਾਬ ਸਿੰਘ ਦੀ ਵਿਧਵਾ ਮਾਈ ਸੁੱਖਾਂ ਨੂੰ, ਕਸੂਰ ਦੇ ਪਿਛਲੇ ਹਾਕਮ ਕੁਤਬਉਦੀਨ ਨੂੰ ਤੇ ਮੁਲਤਾਨ ਤੋਂ ਮੁਜ਼ੱਫ਼ਰ ਖ਼ਾਂ ਦੇ ਫੜੇ ਆਏ ਦੋ ਪੁੱਤਰਾਂ ਨੂੰ ਗੁਜ਼ਾਰੇ ਲਈ ਭਾਰੀ ਜਾਗੀਰਾਂ ਦਿੱਤੀਆਂ ਗਈਆਂ, ਦਰਜਨਾਂ ਹੋਰ ਅਜਿਹੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।

ਮਹਾਰਾਜਾ ਰਣਜੀਤ ਸਿੰਘ ਹਾਰੇ ਵੈਰੀਆਂ ਨੂੰ ਸਦਾ ਮੁਸਕਰਾ ਕੇ ਤੇ ਪੂਰੇ ਆਦਰ ਨਾਲ ਮਿਲਦਾ ਸੀ। ਉਹਨਾਂ ਨੂੰ ਖੁੱਲ੍ਹੇ ਗੁਜ਼ਾਰੇ ਤੋਂ ਇਲਾਵਾ ਸਰੋਪੇ ਵੀ ਦਿੱਤੇ ਜਾਂਦੇ ਸਨ। ਰਣਜੀਤ ਸਿੰਘ ਮਹਿਮਾਨ-ਨਿਵਾਜ਼ੀ ਲਈ ਲਾਜਵਾਬ ਅਤੇ ਲਾਸਾਨੀ ਸੀ। ਸਮਕਾਲੀ ਲੇਖਕ ਸੋਹਨ ਲਾਲ ਸੂਰੀ ਅਨੁਸਾਰ: ਦੁਨੀਆ ਦੇ ਕਿਸੇ ਵੀ ਵਿਅਕਤੀ ਦਾ ਨਾਂ ਨਹੀਂ ਲਿਆ ਜਾ ਸਕਦਾ, ਜੋ ਪ੍ਰਾਹੁਣਚਾਰੀ ਵਿੱਚ ਉਸ ਦੇ ਮੁਕਾਬਲੇ ਵਿੱਚ ਉਸ ਦੇ ਨੇੜੇ-ਤੇੜੇ ਵੀ ਨਹੀਂ ਸੀ ਪੁੱਜਦਾ। ਉਹ ਆਪਣੇ ਵਰਤਾਓ ਸਦਕਾ ਆਪਣੇ ਪ੍ਰਤੀ ਆਪਣੇ ਹਾਰੇ ਹੋਏ ਵੈਰੀਆਂ ਦੇ ਮਨ ਵਿੱਚ ਵੀ ਆਦਰ ਦੀ ਡੂੰਘੀ ਭਾਵਨਾ ਭਰ ਦਿੰਦਾ ਸੀ। ਉਹ ਸ਼ਾਇਦ ਆਪਣੇ ਜ਼ਮਾਨੇ ਦਾ ਸਭ ਤੋਂ ਵੱਡਾ ਦਿਆਲੂ ਪੁਰਸ਼ ਸੀ। ਪ੍ਰੇਮ ਸਿੰਘ ਹੋਤੀ ਮਰਦਾਨ ਲਿਖਦੇ ਹਨ ਕਿ ਮਹਾਰਾਜਾ ਸਾਹਿਬ ਕਿਹਾ ਕਰਦੇ ਸਨ ਕਿ ਮਾਣ-ਸਨਮਾਨ ਮੇਰੀ ਵਹੀ ਦੇ ਤੇਵਰ ਹਨ।'

ਮਹਾਰਾਜਾ ਰਣਜੀਤ ਸਿੰਘ ਸਮੇਂ ਦਾ ਬੜਾ ਪਾਬੰਦ ਸੀ। ਉਹ ਹਰ ਕੰਮ; ਜਿਵੇਂ: ਸੌਣਾ, ਜਾਗਣਾ, ਖਾਣਾ, ਪੀਣਾ, ਦਰਬਾਰ ਲਾਉਣਾ, ਆਦਿ ਸਭ ਨਿਯਤ ਸਮੇਂ 'ਤੇ ਕਰਦਾ ਸੀ। ਸਰ ਹੈਨਰੀ ਫੋਨ ਆਪਣੀ ਪੁਸਤਕ ਵਿੱਚ ਲਿਖਦਾ ਹੈ ਕਿ ਮਹਾਰਾਜਾ ਰੋਪੜ ਦੇ ਸਥਾਨ 'ਤੇ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਗ ਦੇ ਨਾਲ ਬੈਠਾ ਫ਼ੌਜ ਦੀ ਕਵਾਇਦ ਦੇਖ ਰਿਹਾ ਸੀ ਕਿ ਉਸ ਦੇ ਸਵੇਰ ਦੇ ਖਾਣੇ ਦਾ ਸਮਾਂ ਹੋ ਗਿਆ, ਉਹ ਸਭ ਨੂੰ ਛੱਡ ਕੇ ਉੱਠਿਆ, ਨਾਸ਼ਤਾ ਕਰ

ਕੇ ਗਵਰਨਰ ਜਨਰਲ ਦੇ ਪਾਸ ਮੁੜ ਜਾ ਬੈਠਾ। ਰਣਜੀਤ ਸਿੰਘ ਹਰ ਰੋਜ਼ ਸਵੇਰੇ ਘੋੜੇ ਜਾਂ ਪਾਲਕੀ ਵਿੱਚ ਬੈਠ ਕੇ ਸੈਰ ਲਈ ਜਾਣ ਦਾ ਬਹੁਤ ਸ਼ੌਕੀਨ ਸੀ। ਹਨੇਰੀ ਹੋਵੇ ਜਾਂ ਗਰਮੀ, ਬਾਰਸ਼ ਵਿੱਚ ਉਹ ਬਿਨਾਂ ਨਾਗਾ ਸੈਰ ਕਰਨ ਜਾਂਦਾ ਸੀ। ਵਾਪਸ ਆ ਕੇ ਨਾਸ਼ਤਾ ਕਰ ਕੇ ਦਰਬਾਰ ਲਾਉਂਦਾ ਸੀ। ਦੁਪਹਿਰ ਦਾ ਖਾਣਾ ਖਾ ਕੇ ਕੁਝ ਅਰਾਮ ਕਰਦਾ ਤੇ ਫਿਰ ਉੱਠ ਕੇ ਡੇਢ ਘੰਟੇ ਤਕ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦਾ ਪਾਠ ਸੁਣਦਾ। ਸ਼ਾਮ ਨੂੰ ਫਿਰ ਦਰਬਾਰ ਲਾਉਂਦਾ, ਸੈਰ 'ਤੇ ਜਾਂਦਾ ਅਤੇ ਆਉਂਦਾ-ਜਾਂਦਾ ਰਸਤੇ ਵਿੱਚ ਲੋਕਾਂ ਨੂੰ ਮਿਲਦਾ ਤੇ ਉਹਨਾਂ ਦੀਆਂ ਫਰਿਯਾਦਾਂ ਸੁਣਦਾ।

ਮਹਾਰਾਜਾ ਰਾਜ ਦੇ ਵੱਡੇ-ਵੱਡੇ ਕੰਮਾਂ ਤੋਂ ਲੈ ਕੇ ਘੋੜਿਆਂ ਦੀਆਂ ਖੁਰੀਆਂ ਲੁਆਉਣ ਤਕ ਦੇ ਕੰਮ ਬਾਰੇ ਆਪ ਹੁਕਮ ਦਿੰਦਾ ਤੇ ਬਹੁਤ ਸਾਰੇ ਕੰਮ ਆਪਣੀ ਨਿਗਰਾਨੀ ਵਿੱਚ ਕਰਵਾਉਂਦਾ। ਰਣਜੀਤ ਸਿੰਘ ਖ਼ੁਦ ਸਰਕਾਰੀ ਅਫ਼ਸਰਾਂ ਦੇ ਨਾਂ ਚਿੱਠੀਆਂ ਲਿਖਵਾਂਦਾ ਅਤੇ ਬਾਹਰ ਵਾਲ਼ੀਆਂ ਸਭ ਰਿਪੋਰਟਾਂ ਸੁਣਦਾ। ਆਪਣੇ ਲਿਖਵਾਏ ਪ੍ਰਵਾਨਿਆਂ ਨੂੰ ਮੁੜ ਸੁਣਦਾ, ਤਾਂ ਜੋ ਜਾਣ ਸਕੇ ਕਿ ਉਸ ਚਿੱਠੀ ਵਿੱਚ ਉਸ ਦਾ ਭਾਵ ਪੂਰੀ ਤਰ੍ਹਾਂ ਲਿਖਿਆ ਗਿਆ ਹੈ ਕਿ ਨਹੀਂ। ਮਹਾਰਾਜਾ ਹਰ ਵਕਤ ਇੱਕ ਮੁਨਸ਼ੀ ਆਪਣੇ ਸਰ੍ਹਾਣੇ ਖੜ੍ਹਾ ਰੱਖਦਾ ਸੀ। ਰਾਤ ਸੌਣ ਵੇਲੇ ਵੀ ਆਪਣੇ ਕਮਰੇ ਨਾਲ ਲਗਦੇ ਕਮਰੇ ਵਿੱਚ ਉਸ ਨੂੰ ਹਾਜ਼ਰ ਰੱਖਦਾ। ਜਿਸ ਵੇਲੇ ਵੀ ਕੋਈ ਗੱਲ ਯਾਦ ਆਉਂਦੀ ਜਾਂ ਕੋਈ ਸਕੀਮ ਦਿਮਾਗ਼ ਵਿੱਚ ਆਉਂਦੀ, ਤਾਂ ਤੁਰੰਤ ਮੁਨਸ਼ੀ ਨੂੰ ਲਿਖਵਾ ਦਿੰਦਾ। ਮਹਾਰਾਜਾ ਕਦੇ ਵੀ ਅੱਜ ਹੋ ਸਕਣ ਵਾਲੇ ਕੰਮ ਨੂੰ ਕੱਲ੍ਹ ਉੱਤੇ ਨਾ ਛੱਡਦਾ। ਉਸ ਦੀ ਕਾਮਯਾਬੀ ਦਾ ਇਹ ਇੱਕ ਬੜਾ ਵੱਡਾ ਰਾਜ਼ ਸੀ। ਮਹਾਰਾਜਾ ਹਰ ਵਕਤ ਸਵਾਰੀ ਲਈ ਤਿਆਰ ਘੋੜਾ ਆਪਣੇ ਕੋਲ ਰੱਖਦਾ ਸੀ। ਲੋੜ ਪੈਣ 'ਤੇ ਤੁਰੰਤ ਘੋੜੇ ਉੱਤੇ ਸਵਾਰ ਹੋ ਕੇ ਲੋੜੀਂਦੇ ਸਥਾਨ 'ਤੇ ਪੁੱਜ ਜਾਂਦਾ ਸੀ। ਉਸ ਵੱਲੋਂ ਹੁਕਮ ਸੀ ਕਿ ਖ਼ੁਸ਼ੀ ਦੀ ਖ਼ਬਰ ਉਸ ਤਕ ਪਹੁੰਚਾਉਣ ਵਿੱਚ ਦੇਰੀ ਹੋ ਸਕਦੀ ਹੈ, ਪਰ ਰਾਜ ਬਾਰੇ ਕੋਈ ਬੁਰੀ ਖ਼ਬਰ, ਮੁਹਿੰਮ ਬਾਰੇ ਕੋਈ ਭੈੜੀ ਖ਼ਬਰ ਉਸ ਤਕ ਤੁਰੰਤ ਪਹੁੰਚਾਉਣੀ ਹੁੰਦੀ ਸੀ, ਭਾਵੇਂ ਖਾਣਾ ਖਾ ਰਿਹਾ ਹੋਵੇ ਤੇ ਭਾਵੇਂ ਗ਼ੁਸਲਖ਼ਾਨੇ ਵਿੱਚ ਹੋਵੇ। ਸ਼ਾਇਦ ਰਣਜੀਤ ਸਿੰਘ ਆਪਣੇ ਰਾਜ ਦਾ ਸਭ ਤੋਂ ਵੱਧ ਮਸ਼ਹੂਰ ਆਦਮੀ ਸੀ।

ਮਹਾਰਾਜਾ ਰਣਜੀਤ ਸਿੰਘ ਨੂੰ ਸ਼ੁਰੂ ਵਿੱਚ ਵਿੱਦਿਆ ਪ੍ਰਾਪਤ ਕਰਨ ਦਾ ਕੋਈ ਖ਼ਾਸ ਮੌਕਾ ਵੀ ਨਹੀਂ ਮਿਲ ਸਕਿਆ ਤੇ ਉਸ ਨੂੰ ਵਿੱਦਿਆ ਦਾ ਸ਼ੌਕ ਵੀ ਨਹੀਂ ਸੀ। ਅਨਪੜ੍ਹ ਹੋਣ ਦੇ ਬਾਵਜੂਦ ਰਣਜੀਤ ਸਿੰਘ ਨੂੰ ਬਹੁਤ ਸਾਰੀਆਂ ਚੀਜ਼ਾਂ ਬਾਰੇ ਵਾਕਫ਼ੀਅਤ ਸੀ। ਉਹ ਇੱਕ ਬੇਦਾਰ ਮਗ਼ਜ਼ (ਜਾਗਰੂਕ) ਅਤੇ ਸੂਝਵਾਨ ਵਿਅਕਤੀ ਸੀ। ਬਾਹਰਲੇ ਮੁਲਕਾਂ ਤੋਂ ਆਉਣ ਵਾਲੇ ਯਾਤਰੀਆਂ ਦੀ ਇਹ ਲਗ-ਪਗ ਮੁਤਫ਼ਿਕਾ ਰਾਏ ਸੀ ਕਿ ਰਣਜੀਤ ਸਿੰਘ ਆਪਣੇ ਜ਼ਮਾਨੇ ਵਿੱਚ ਏਸ਼ੀਆ ਦੇ ਹਾਕਮਾਂ ਵਿੱਚੋਂ ਸਭ ਤੋਂ ਵੱਧ ਸਿਆਣਾ ਅਤੇ ਸ਼ਕਤੀਸ਼ਾਲੀ ਹੁਕਮਰਾਨ ਸੀ। ਮਹਾਰਾਜਾ ਭਾਵੇਂ ਆਪ

ਪੜ੍ਹਿਆ-ਲਿਖਿਆ ਨਹੀਂ ਸੀ, ਪਰ ਵਿਦਵਾਨਾਂ ਨੂੰ ਮਿਲ ਕੇ ਬੜਾ ਖ਼ੁਸ਼ ਹੁੰਦਾ ਸੀ ਅਤੇ ਉਹਨਾਂ ਦੀ ਬਹੁਤ ਇੱਜ਼ਤ ਕਰਦਾ ਸੀ। ਉਸ ਨੇ ਵਿੱਦਿਆ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ। ਉਸ ਵੇਲੇ ਇਸਾਈ ਮਿਸ਼ਨ ਨੇ ਲੁਧਿਆਣੇ ਵਿੱਚ ਇੱਕ ਅੰਗਰੇਜ਼ੀ ਸਕੂਲ ਖੋਲ੍ਹਿਆ ਹੋਇਆ ਸੀ। ਮਹਾਰਾਜੇ ਨੇ ਕੁਝ ਨੌਜਵਾਨਾਂ ਨੂੰ ਸਰਕਾਰੀ ਖ਼ਰਚੇ 'ਤੇ ਅੰਗਰੇਜ਼ੀ ਵਿੱਦਿਆ ਪ੍ਰਾਪਤ ਕਰਨ ਲਈ ਲੁਧਿਆਣੇ ਭੇਜਿਆ। ਉਸ ਨੇ ਆਪਣੇ ਪੁੱਤਰ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ। ਰਣਜੀਤ ਸਿੰਘ ਨੇ ਕਈ ਦਰਬਾਰੀਆਂ ਨੂੰ ਵੀ ਤਿਆਰ ਕੀਤਾ ਕਿ ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕਰਨ। ਸਰਕਾਰੀ ਖ਼ਰਚ ਉੱਤੇ ਸਕੂਲ ਖੋਲ੍ਹਣ ਦੀ ਤਜਵੀਜ਼ ਵੀ ਕੀਤੀ ਗਈ ਅਤੇ ਉਸ ਲਈ ਲੁਧਿਆਣਾ ਮਿਸ਼ਨ ਸਕੂਲ ਦੇ ਮਾਸਟਰ ਲੌਰੀ ਨੂੰ ਸੱਦਿਆ ਗਿਆ, ਪਰ ਲੌਰੀ ਸਕੂਲ ਵਿੱਚ ਲਾਜ਼ਮੀ ਤੌਰ 'ਤੇ ਬਾਈਬਲ ਪੜ੍ਹਾਉਣ ਦੀ ਜ਼ਿੱਦ ਕਰ ਰਿਹਾ ਸੀ, ਇਸ ਲਈ ਸਕੂਲ ਖੋਲ੍ਹਣ ਦੀ ਸਕੀਮ ਸਿਰੇ ਨਾ ਚੜ੍ਹ ਸਕੀ। ਮਹਾਰਾਜਾ ਦੇ ਰਾਜ ਵਿੱਚ ਫ਼ਾਰਸੀ, ਅਰਬੀ, ਹਿੰਦੀ ਤੇ ਪੰਜਾਬੀ ਪੜ੍ਹਾਉਣ ਵਾਲੇ ਸਕੂਲਾਂ ਨੂੰ ਸਰਕਾਰ ਵੱਲੋਂ ਵਜ਼ੀਫ਼ੇ ਅਤੇ ਜਾਗੀਰਾਂ ਮਿਲਦੀਆਂ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਚਾਰ ਹਜ਼ਾਰ ਦੇ ਲਗ-ਪਗ ਸਕੂਲ ਸਨ, ਜਿਨ੍ਹਾਂ ਵਿੱਚ ਬੜੀ ਗਿਣਤੀ ਵਿੱਚ ਵਿਦਿਆਰਥੀ ਤੇ ਵਿਦਿਆਰਥਣਾਂ ਗੁਰਮੁਖੀ, ਫ਼ਾਰਸੀ, ਸੰਸਕ੍ਰਿਤ, ਅਰਬੀ ਤੇ ਮਹਾਜਨੀ ਵਿੱਚ ਆਪੋ-ਆਪਣੀ ਰੁਚੀ ਅਨੁਸਾਰ ਵਿੱਦਿਆ ਪ੍ਰਾਪਤ ਕਰਦੇ ਸਨ। ਇਹ ਸਕੂਲ ਗੁਰਦੁਆਰਿਆਂ ਵਿੱਚ, ਮਸੀਤਾਂ, ਮੰਦਰਾਂ ਅਤੇ ਖ਼ਾਸ-ਖ਼ਾਸ ਵਿਦਵਾਨਾਂ ਦੇ ਡੇਰਿਆਂ 'ਤੇ ਚਲਦੇ ਸਨ। ਇਹਨਾਂ ਮਕਤਬਾਂ, ਪਾਠਸ਼ਾਲਾਂ, ਮਦਰੱਸਿਆਂ ਤੇ ਦਰਗਾਹਾਂ ਵਿੱਚ ਪੜ੍ਹਾਉਣ ਵਾਲਿਆਂ ਦੀ ਮਹਾਰਾਜਾ ਸਾਹਿਬ ਬਹੁਤ ਇੱਜ਼ਤ ਕਰਦੇ ਹੁੰਦੇ ਸਨ। ਇਹਨਾਂ ਦੀ ਸਹਾਇਤਾ ਲਈ ਆਪ ਨੇ ਵੱਡੀਆਂ ਜਾਗੀਰਾਂ ਇਹਨਾਂ ਟਿਕਾਣਿਆਂ ਨਾਲ ਲਾ ਦਿੱਤੀਆਂ। ਵਿੱਦਿਆ ਲਈ ਕੋਈ ਖ਼ਾਸ ਮਹਿਕਮਾ ਨਹੀਂ ਸੀ, ਪਰ ਨਾ ਹੀ ਵਿੱਦਿਆ ਵਿੱਚ ਹਕੂਮਤ ਕੋਈ ਦਖ਼ਲ ਦਿੰਦੀ ਸੀ, ਬਲਕਿ ਵਿੱਦਿਆ ਪ੍ਰਾਪਤ ਕਰਨ ਦੀ ਸਭ ਨੂੰ ਪੂਰੀ ਖੁੱਲ੍ਹ ਸੀ। ਡਾ. ਲੈਤੀਨਰ (Dr. Lettiner) ਆਪਣੀ ਇੱਕ ਕਿਤਾਬ ਵਿੱਚ ਲਿਖਦਾ ਹੈ ਕਿ ਉਸ ਸਮੇਂ 22 ਤਰ੍ਹਾਂ ਦੀ ਵਿੱਦਿਆ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਸੀ। ਜਿਹੜੇ ਬੱਚੇ ਪੜ੍ਹ ਕੇ ਨਿਕਲਦੇ ਸਨ, ਉਹਨਾਂ ਨੂੰ ਮਹਾਰਾਜਾ ਫ਼ਰਾਂਸੀਸੀ, ਇਟੈਲੀਅਨ ਤੇ ਅੰਗਰੇਜ਼, ਆਪਣੇ ਡਾਕਟਰਾਂ ਤੇ ਅਫ਼ਸਰਾਂ ਦੀ ਨਿਗਰਾਨੀ ਵਿੱਚ ਜਰ੍ਹਾ ਚੀਰਫਾੜ ਦਾ ਕੰਮ, ਇੰਜੀਨੀਅਰੀ, ਅਸਲਾਬਾਜ਼ੀ ਤੇ ਬਾਰੂਦਸਾਜ਼ੀ ਆਦਿ ਦੇ ਹੁਨਰ ਸਿੱਖਣ ਲਈ ਮੁਕੱਰਰ ਕਰ ਦਿੰਦਾ ਸੀ। ਸੰਨ 1836 ਈ. ਵਿੱਚ ਡਾਕਟਰ ਮੈਕਗਰੇਗਰ ਨੇ ਸ਼ੋਰਿ-ਪੰਜਾਬ ਦਾ ਬਿਜਲੀ (ਬੈਟਰੀ) ਨਾਲ ਇਲਾਜ ਕੀਤਾ ਤੇ ਉਸ ਤੋਂ ਕੁਝ ਲਾਭ ਹੋਇਆ। ਮਹਾਰਾਜਾ ਸਾਹਿਬ ਨੇ ਕਈ ਵਿਦਵਾਨਾਂ ਨੂੰ ਫਰੈਂਚ ਅਤੇ ਅੰਗਰੇਜ਼ੀ ਦੀਆਂ ਗੁਣਕਾਰੀ ਕਿਤਾਬਾਂ

ਦਾ ਪੰਜਾਬੀ ਤੇ ਫ਼ਾਰਸੀ ਵਿੱਚ ਉਲੱਥਾ ਕਰਨ ਲਈ ਨਿਯਤ ਕੀਤਾ ਸੀ। ਜਿਨ੍ਹਾਂ ਵਿੱਚ ਕਹਿੰਦੇ ਹਨ, ਬਹੁਤ ਸਾਰੀਆਂ ਪੁਸਤਕਾਂ ਉਸ ਦੇ ਜਿਉਂਦੇ ਜੀਅ ਹੀ ਉਲੱਥਾ ਹੋ ਗਈਆਂ ਸਨ।

ਮਹਾਰਾਜਾ ਸਾਹਿਬ ਨੂੰ ਇਤਿਹਾਸ ਸੁਣਨ ਦਾ ਆਪ ਬਹੁਤ ਸ਼ੌਕ ਸੀ। ਆਪ ਕਈ-ਕਈ ਘੰਟੇ ਬੜੇ ਚਾਅ ਨਾਲ, ਧਿਆਨ ਨਾਲ ਇਤਿਹਾਸ ਸੁਣਦੇ ਰਹਿੰਦੇ ਅਤੇ ਇਤਿਹਾਸਕਾਰਾਂ ਦਾ ਦਿਲੋਂ ਸਤਿਕਾਰ ਕਰਦੇ ਹੁੰਦੇ ਸਨ।

ਅਖ਼ੀਰ ਵਿੱਚ ਮੁੱਕਦੀ ਗੱਲ ਇਹ ਹੈ ਕਿ ਉਹ ਖ਼ਾਲਸਾ ਕੌਮ ਨੂੰ ਹਰ ਇੱਕ ਪੱਖ ਵਿੱਚ ਨਿਪੁੰਨ ਕਰਨਾ ਚਾਹੁੰਦਾ ਸੀ, ਪਰ ਸਮੇਂ ਦੀ ਕਮੀ ਤੇ ਲਾਇਕ ਆਦਮੀ ਦੀ ਥੁੜ੍ਹ ਦੇ ਕਾਰਨ ਜੋ ਕੁਝ ਮਹਾਰਾਜਾ ਚਾਹੁੰਦਾ ਸੀ, ਉਹ ਉਸ ਦੇ ਜਿਉਂਦੇ ਜੀਅ ਨਾ ਹੋ ਸਕਿਆ। ਬਾਕੀ ਉਸ ਨੇ ਆਪਣੇ ਫ਼ਰਜ਼ ਪੂਰੇ ਕਰਨ ਵਿੱਚ ਕੋਈ ਕਮੀ ਨਹੀਂ ਸੀ ਛੱਡੀ।

ਮਹਾਰਾਜਾ ਰਣਜੀਤ ਸਿੰਘ ਦੇ ਮਨ ਵਿੱਚ ਸਿੱਖ ਧਰਮ ਅਤੇ *ਗੁਰੂ ਗ੍ਰੰਥ ਸਾਹਿਬ* ਲਈ ਅਪਾਰ ਸ਼ਰਧਾ ਸੀ। ਉਹ ਹਰ ਰੋਜ਼ *ਗੁਰੂ ਗ੍ਰੰਥ ਸਾਹਿਬ ਜੀ* ਦਾ ਪਾਠ ਸੁਣਦਾ ਸੀ। ਗਿਆਨੀ ਗਿਆਨ ਸਿੰਘ ਮਹਾਰਾਜੇ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਉਂਦਾ ਸੀ। ਮਹਾਰਾਜਾ ਅਕਸਰ ਹਰਿਮੰਦਰ ਸਾਹਿਬ ਦੀ ਯਾਤਰਾ ਕਰਦਾ ਰਹਿੰਦਾ ਸੀ। ਉਹ ਧਾਰਮਿਕ ਸੰਸਥਾਵਾਂ 'ਤੇ ਵੀ ਧਨ ਖ਼ਰਚਦਾ ਰਹਿੰਦਾ ਸੀ। ਸ਼ਰਧਾਲੂ ਸਿੱਖ ਹੋਣ ਕਰ ਕੇ ਉਸ ਨੇ ਆਪਣੀ ਸਰਕਾਰੀ ਮੋਹਰ ਉੱਤੇ 'ਅਕਾਲ ਸਹਾਇ' ਉਕਰਾਇਆ ਹੋਇਆ ਸੀ। ਉਸ ਦੇ ਸਿੱਕਿਆਂ ਉੱਤੇ ਗੁਰੂ ਨਾਨਕ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਸਨ। ਉਸ ਨੇ ਪੰਜਾਬ ਦੇ ਪ੍ਰਸਿੱਧ ਗੁਰਦੁਆਰਿਆਂ ਦੇ ਨਾਂ ਜਾਇਦਾਦਾਂ ਲਗਵਾ ਰੱਖੀਆਂ ਸਨ, ਜਿਸ ਨਾਲ ਉਹਨਾਂ ਗੁਰਦੁਆਰਿਆਂ ਦੀ ਦੇਖਭਾਲ਼ ਹੋ ਸਕਦੀ ਸੀ ਤੇ ਸਦਾ ਲੰਗਰ ਚਲਦੇ ਰਹਿੰਦੇ ਸਨ। ਮਹਾਰਾਜਾ ਜਦੋਂ ਲਾਹੌਰ ਤੋਂ ਬਾਹਰ ਜਾਂਦਾ ਸੀ ਤਾਂ *ਗੁਰੂ ਗ੍ਰੰਥ ਸਾਹਿਬ ਜੀ* ਦੀ ਬੀੜ ਅਤੇ ਗ੍ਰੰਥੀ ਨਾਲ ਹੁੰਦੇ ਸਨ। ਹਰ ਰਜਮੈਂਟ ਕੋਲ ਆਪਣੀ ਬੀੜ ਹੁੰਦੀ ਸੀ। ਮੰਤਰੀ ਵੀ ਬਾਹਰ ਦੌਰੇ 'ਤੇ ਜਾਂਦੇ ਸਮੇਂ ਆਪਣੇ ਨਾਲ *ਗੁਰੂ ਗ੍ਰੰਥ ਸਾਹਿਬ* ਦੀਆਂ ਬੀੜਾਂ ਲਿਜਾਂਦੇ ਸਨ।

ਮਹਾਰਾਜਾ ਸਦਾ ਸੰਗਤ ਦੇ ਫ਼ੈਸਲੇ ਦੀ ਪਾਲਣਾ ਕਰਦਾ ਸੀ। ਰਵਾਇਤ ਅਨੁਸਾਰ ਜਦੋਂ ਮਹਾਰਾਜੇ ਦੇ ਮੋਰਾਂ ਨਾਲ ਹਾਥੀ 'ਤੇ ਬੈਠ ਕੇ ਲਾਹੌਰ ਦੇ ਬਜ਼ਾਰ ਵਿੱਚੋਂ ਜਾਣ 'ਤੇ ਸਿੱਖਾਂ ਨੇ ਇਤਰਾਜ਼ ਕੀਤਾ, ਤਾਂ ਅਕਾਲ ਤਖ਼ਤ (ਅੰਮ੍ਰਿਤਸਰ) 'ਤੇ ਸਿੱਖ ਸੰਗਤ ਦੇ ਸਾਹਮਣੇ ਪੇਸ਼ ਹੋਣ ਲਈ ਮਹਾਰਾਜੇ ਨੂੰ ਬੁਲਾਇਆ ਗਿਆ। ਉਸ ਨੇ ਆਪਣਾ ਕਸੂਰ ਮੰਨਿਆ ਤੇ ਉਸ ਨੂੰ ਕੋੜੇ ਮਾਰਨ ਦੀ ਸਜ਼ਾ ਦਾ ਐਲਾਨ ਕੀਤਾ ਗਿਆ। ਉਸ ਨੇ ਇਹ ਸਜ਼ਾ ਪ੍ਰਵਾਨ ਕਰ ਲਈ ਪਰ ਸੰਗਤ ਦਾ ਹੁਕਮ ਮੰਨ ਲੈਣ ਦੇ ਸਨਮੁਖ ਕੋੜੇ ਮਾਰਨ ਦੀ ਸਜ਼ਾ ਤੋਂ ਉਸ ਨੂੰ ਮਾਫ਼ ਕਰ ਦਿੱਤਾ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਸਮਾਜ ਦੇ ਸਭ ਵਰਗਾਂ ਵਿੱਚ ਆਪਣੀ ਹਰਮਨ-

ਪਿਆਰਤਾ ਬਣਾਈ। ਉਹ ਕੇਵਲ ਸਿੱਖਾਂ ਨੂੰ ਹੀ ਸਤਿਕਾਰ ਨਹੀਂ ਸੀ ਦਿੰਦਾ, ਬਲਕਿ ਤਖ਼ਤ 'ਤੇ ਬੈਠਣ 'ਤੇ ਉਸ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਕਿ ਕੇਵਲ ਸਿੱਖ ਹੀ ਉਸ ਦੀ ਪਰਜਾ ਨਹੀਂ ਹਨ, ਹਿੰਦੂ ਅਤੇ ਮੁਸਲਮਾਨ ਵੀ ਉਤਨੇ ਹੀ ਸਨਮਾਨਿਤ ਨਾਗਰਿਕ ਹਨ ਅਤੇ ਉਹਨਾਂ ਵੱਲੋਂ ਮਿਲਣ ਵਾਲੀ ਸਲਾਹ ਅਤੇ ਮਸ਼ਵਰਾ ਵੀ ਰਾਜ ਲਈ ਉਤਨਾ ਹੀ ਲਾਹੇਵੰਦ ਹੈ ਜਿੰਨਾ ਸਿੱਖਾਂ ਲਈ। ਮਹਾਰਾਜੇ ਨੇ ਆਪਣੀ ਖੁੱਲ੍ਹਦਿਲੀ ਅਤੇ ਆਪਣੇ ਸਹਿਣਸ਼ੀਲ ਵਰਤਾਓ ਕਰ ਕੇ ਆਪਣੇ ਸਾਹਮਣੇ ਅਸੰਪ੍ਰਦਾਇਕ ਨਿਸ਼ਾਨਾ ਰੱਖਿਆ ਅਤੇ ਆਪਣਾ ਰਾਜ ਚਲਾਉਣ ਲਈ ਸਭ ਕੌਮਾਂ, ਵਿਸ਼ੇਸ਼ ਕਰ ਕੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਮਿਲਵਰਤਨ ਪ੍ਰਾਪਤ ਕੀਤਾ। ਉਸ ਨੇ ਆਪਣੀ ਪਰਜਾ ਨੂੰ ਇਹ ਅਹਿਸਾਸ ਕਰਵਾਇਆ ਕਿ ਉਸ ਦਾ ਰਾਜ ਲੋਕਾਂ ਦਾ ਆਪਣਾ ਰਾਜ ਹੈ। ਉਹ ਸਭ ਦੀ ਭਲਾਈ ਅਤੇ ਸਭ ਨੂੰ ਇੱਕੋ ਜਿਹਾ ਸਥਾਨ ਦਿੰਦਾ ਸੀ, ਤਦੇ ਹੀ ਤਾਂ ਸ਼ਾਹ ਮੁਹੰਮਦ ਲਿਖਦਾ ਹੈ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਅਛਾਤ ਆਹੀ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਦੂਸਰੀ ਜ਼ਾਤ ਆਹੀ।

ਰਣਜੀਤ ਸਿੰਘ ਆਪਣੇ ਧਾਰਮਿਕ ਖ਼ਿਆਲਾਂ ਕਰ ਕੇ ਸਿੱਖ ਮਤ ਵਿੱਚ ਪੂਰਨ ਵਿਸ਼ਵਾਸ ਰੱਖਦਾ ਸੀ ਅਤੇ ਆਪਣੇ ਰਾਜ ਨੂੰ 'ਸਰਕਾਰੇ ਖ਼ਾਲਸਾ' ਕਹਿੰਦਾ ਸੀ, ਪਰ ਅਸਲ ਵਿੱਚ ਉਸ ਨੇ ਸਿੱਖਾਂ ਨੂੰ ਕੋਈ ਵਿਸ਼ੇਸ਼ ਅਧਿਕਾਰੀ ਨਹੀਂ ਬਣਾਇਆ ਅਤੇ ਨਾ ਹੀ ਗ਼ੈਰ-ਸਿੱਖਾਂ ਨੂੰ ਕਿਸੇ ਅਧਿਕਾਰ ਤੋਂ ਵੰਚਿਤ ਕੀਤਾ। ਪਰਜਾ ਵੱਲ ਉਸ ਦਾ ਰਵੱਈਆ ਇੱਕ ਪਿਤਾ ਵਾਲਾ ਸੀ ਤੇ ਸਭ ਨਾਲ ਉਸ ਨੇ ਖ਼ੁਸ਼-ਦਿਲੀ ਅਤੇ ਮੇਹਰਬਾਨੀ ਵਾਲਾ ਵਰਤਾਓ ਕੀਤਾ। ਉਸ ਦੀਆਂ ਨੌਕਰੀਆਂ ਵਿੱਚ ਸਿੱਖ, ਹਿੰਦੂ, ਮੁਸਲਮਾਨ ਅਤੇ ਇਸਾਈ ਸਭ ਲੱਗੇ ਹੋਏ ਸਨ। ਨਿਯੁਕਤੀ ਸਮੇਂ ਉਹ ਯੋਗਤਾ ਨੂੰ ਮੁੱਖ ਰੱਖਦਾ ਸੀ, ਜਾਤ-ਪਾਤ, ਧਰਮ ਅਤੇ ਕੌਮ ਉਸ ਦੀ ਨਜ਼ਰ ਵਿੱਚ ਕੋਈ ਮਾਈਨੇ ਨਹੀਂ ਸਨ ਰੱਖਦੇ।

ਫ਼ਕੀਰ ਵਹੀਉਦਦੀਨ, ਜੋ ਰਣਜੀਤ ਸਿੰਘ ਦੇ ਸਮੇਂ ਦਾ ਪ੍ਰਸਿੱਧ ਫ਼ਕੀਰ ਪਰਿਵਾਰ ਦਾ ਉੱਤਰਾਧਿਕਾਰੀ ਹੈ, ਆਪਣੇ ਖ਼ਾਨਦਾਨੀ ਰਿਕਾਰਡ ਦੇ ਆਧਾਰ 'ਤੇ ਲਿਖਦਾ ਹੈ ਕਿ ਮਹਾਰਾਜਾ ਦੀ ਵਜ਼ੀਰ ਮੰਡਲੀ ਵਿੱਚ ਦੋ ਮੁਸਲਮਾਨ ਮੰਤਰੀ ਸਨ, ਇੱਕ ਗਵਰਨਰ ਅਤੇ ਬਹੁਤ ਸਾਰੇ ਜ਼ਿਲ੍ਹਾ ਅਫ਼ਸਰ ਸਨ। ਮਹਾਰਾਜਾ ਦੀ ਫ਼ੌਜ ਵਿੱਚ 41 ਉੱਚ ਅਧਿਕਾਰੀ ਮੁਸਲਮਾਨ ਅਫ਼ਸਰ ਸਨ, ਜਿਨ੍ਹਾਂ ਵਿੱਚੋਂ ਦੋ ਜਰਨੈਲ, ਬਹੁਤ ਸਾਰੇ ਕਰਨਲ ਅਤੇ ਬਾਕੀ ਬਹੁਤ ਸਾਰੀਆਂ ਜ਼ਿੰਮੇਵਾਰ ਪਦਵੀਆਂ ਉੱਪਰ ਲੱਗੇ ਹੋਏ ਸਨ। 92 ਮੁਸਲਮਾਨ ਪੁਲਿਸ, ਨਿਆਂ ਵਿਭਾਗ ਅਤੇ ਹੋਰ ਦੂਜੇ ਅਲੱਗ-ਅਲੱਗ ਮਹਿਕਮਿਆਂ ਵਿੱਚ ਨਿਯੁਕਤ ਸਨ। ਇਸ ਤਰ੍ਹਾਂ ਮਹਾਰਾਜਾ, ਜੋ ਇੱਕ ਸਿੱਖ ਸੀ, ਸਭ ਕੌਮਾਂ ਦੇ ਮਿਲੇ-ਜੁਲੇ ਆਦਮੀਆਂ ਦੀ ਸਹਾਇਤਾ ਨਾਲ ਆਪਣੀ ਸਰਕਾਰ ਚਲਾਉਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਖ਼ੂਬਸੂਰਤ ਦਰਬਾਰ ਕਾਇਮ ਕੀਤਾ ਸੀ। ਇਹ ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਦੇ ਦਰਬਾਰ ਨਾਲੋਂ ਹੋਰ ਕੋਈ ਵਧੇਰੇ ਸ਼ਾਨਦਾਰ ਚੀਜ਼ ਨਜ਼ਰ ਨਹੀਂ ਆਉਂਦੀ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਤੰਬੂ ਕਸ਼ਮੀਰੀ ਸ਼ਾਲਾਂ ਦੇ ਬਣੇ ਹੋਏ ਸਨ। ਫ਼ਰਸ਼ ਦੀ ਵਿਛਾਈ ਬਹੁਤ ਕੀਮਤੀ ਵਸਤਾਂ ਦੁਆਰਾ ਕੀਤੀ ਜਾਂਦੀ ਸੀ। ਮਹਾਰਾਜਾ ਆਪ ਬਹੁਤ ਸਾਦਾ ਲਿਬਾਸ ਪਹਿਨਦਾ ਸੀ, ਪਰ ਉਸ ਦੇ ਦਰਬਾਰੀਆਂ ਨੂੰ ਕੀਮਤੀ ਪੁਸ਼ਾਕਾਂ ਪਹਿਨਣੀਆਂ ਪੈਂਦੀਆਂ ਸਨ। ਮਹਾਰਾਜ ਸਰਦੀਆਂ ਵਿੱਚ ਪਸ਼ਮੀਨਾ ਪਹਿਨਦਾ ਸੀ ਤੇ ਗਰਮੀਆਂ ਵਿੱਚ ਢਾਕੇ ਦੀ ਮਲਮਲ। ਆਮ ਤੌਰ 'ਤੇ ਮਹਾਰਾਜ ਸੋਨੇ ਦੀ ਕੁਰਸੀ 'ਤੇ ਚੌਂਕੜੀ ਮਾਰ ਕੇ ਬੈਠ ਜਾਂਦਾ ਸੀ, ਪਰ ਕਈ ਵਾਰ ਦਰੀ 'ਤੇ ਸਰ੍ਹਾਣੇ ਦੀ ਢੋਅ ਲਾ ਕੇ ਵੀ ਬੈਠ ਜਾਂਦਾ ਸੀ।

ਸ਼ਹਿਜ਼ਾਦਾ ਖੜਕ ਸਿੰਘ ਅਤੇ ਸ਼ਹਿਜ਼ਾਦਾ ਸ਼ੇਰ ਸਿੰਘ ਅਤੇ ਪ੍ਰਧਾਨ ਮੰਤਰੀ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਮਹਾਰਾਜੇ ਦੇ ਲਾਗੇ ਕੁਰਸੀਆਂ ਉੱਪਰ ਬੈਠਦੇ ਸਨ। ਮਹਾਰਾਜੇ ਦੇ ਖੱਬੇ ਅਤੇ ਸੱਜੇ ਬਾਕੀ ਸਰਦਾਰ ਦਰੀ ਉੱਪਰ ਬੈਠ ਜਾਂਦੇ ਸਨ। ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਗਹਿਣਿਆਂ ਨਾਲ ਆਪਣੇ-ਆਪ ਨੂੰ ਸਜਾਉਂਦਾ ਸੀ।

ਅੰਗਰੇਜ਼ਾਂ ਦੀ ਲੁਧਿਆਣਾ ਪੁਲੀਟੀਕਲ ਏਜੰਸੀ ਦੇ ਕੈਪਟਨ ਵੁੱਡ ਨੇ ਲਿਖਿਆ ਹੈ ਕਿ ਮਹਾਰਾਜਾ ਦੇ ਦਰਬਾਰ ਦੇ ਸਰਦਾਰ ਬਹੁਤ ਸ਼ਾਨਦਾਰ ਅਤੇ ਸੁੰਦਰ ਸ਼ਕਲ-ਸੂਰਤ ਵਾਲੇ ਸਨ। ਸਰਦਾਰ ਮਹਾਰਾਜੇ ਦੀ ਬਹੁਤ ਇੱਜ਼ਤ ਕਰਦੇ ਸਨ। ਦਰਬਾਰ ਵਿੱਚ ਆਉਣਾ-ਜਾਣਾ ਵੀ ਇੱਕ ਮਰਯਾਦਾ ਅਨੁਸਾਰ ਸੀ। ਕਈ ਵਾਰੀ ਮਹਾਰਾਜੇ ਦੇ ਪੁੱਤਰਾਂ ਨੂੰ ਵੀ ਦਰਬਾਰ ਵਿੱਚ ਹਾਜ਼ਰ ਹੋਣ ਲਈ ਘੰਟਿਆਂ-ਬੱਧੀ ਇੰਤਜ਼ਾਰ ਕਰਨਾ ਪੈਂਦਾ ਸੀ। ਭਾਵੇਂ ਮਹਾਰਾਜਾ ਰਾਜ ਦਾ ਸਾਰਾ ਪ੍ਰਬੰਧ, ਕੰਮ ਆਪਣੇ ਹੁਕਮ ਅਤੇ ਆਪਣੀ ਇੱਛਾ ਅਨੁਸਾਰ ਹੀ ਚਲਾਉਂਦਾ ਸੀ, ਪਰ ਫਿਰ ਵੀ ਉਸ ਨੂੰ ਹਰ ਵਕਤ ਸਿਆਣੇ ਦਰਬਾਰੀਆਂ ਦਾ ਸਲਾਹ-ਮਸ਼ਵਰਾ ਪ੍ਰਾਪਤ ਸੀ।

ਲੋਕ ਜਾਂ ਤਾਂ ਸਰਕਾਰੀ ਸੱਦੇ ਉੱਪਰ ਦਰਬਾਰ ਵਿੱਚ ਹਾਜ਼ਰ ਹੁੰਦੇ ਸਨ ਜਾਂ ਫਿਰ ਆਪਣੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ। ਮਹਾਰਾਜੇ ਅੱਗੇ ਪੇਸ਼ ਹੋਣ ਲਈ ਇੱਕ ਖ਼ਾਸ ਮਰਿਯਾਦਾ ਦਾ ਧਿਆਨ ਰੱਖਿਆ ਜਾਂਦਾ ਸੀ। ਮੁਲਾਕਾਤੀ ਆਪਣੀ ਹੈਸੀਅਤ ਅਨੁਸਾਰ ਨਜ਼ਰ ਭੇਟ ਕਰਦਾ ਸੀ। ਇਹ ਨਜ਼ਰਾਨਾ ਨਕਦ ਧਨ, ਘੋੜੇ, ਤਲਵਾਰਾਂ, ਪਿਸਤੌਲ, ਸ਼ਾਲਾਂ ਅਤੇ ਫਲ਼ਾਂ ਦੀ ਸ਼ਕਲ ਵਿੱਚ ਦਿੱਤਾ ਜਾਂਦਾ ਸੀ। ਖ਼ਾਸ ਤਿਉਹਾਰਾਂ 'ਤੇ ਵੱਡੇ-ਵੱਡੇ ਸਰਦਾਰ ਖ਼ਾਸ-ਖ਼ਾਸ ਭੇਟਾ ਪੇਸ਼ ਕਰਦੇ ਸਨ। ਦਰਬਾਰ ਵਿੱਚ ਮਹਾਰਾਜੇ ਦੀ ਆਗਿਆ ਤੋਂ ਬਿਨਾਂ ਕੋਈ ਬੋਲ ਨਹੀਂ ਸੀ ਸਕਦਾ। ਮਹਾਰਾਜੇ ਦੀ ਇਹ ਖ਼ਾਸੀਅਤ ਸੀ ਕਿ ਉਹ ਆਪਣੀ ਕਿਸੇ ਨਿੱਜੀ ਗੱਲ ਨੂੰ ਦਰਬਾਰ ਵਿੱਚ ਖ਼ਾਸੀਅਤ ਨਹੀਂ ਸੀ ਦਿੰਦਾ।

ਮਹਾਰਾਜਾ ਜਿੱਥੇ ਦਰਬਾਰ ਵਿੱਚ ਆਉਣ ਵਾਲੇ ਨਜ਼ਰਾਨੇ ਪ੍ਰਵਾਨ ਕਰਦਾ ਸੀ, ਉੱਥੇ ਉਹ ਉਹਨਾਂ ਨੂੰ ਜਾਣ ਵੇਲੇ ਕੀਮਤੀ ਤੋਹਫ਼ੇ ਵੀ ਦਿੰਦਾ ਸੀ, ਜਿਨ੍ਹਾਂ ਵਿੱਚ

ਹਾਥੀ, ਘੋੜੇ, ਤਲਵਾਰਾਂ, ਸਰੋਪੇ, ਸੋਨੇ ਦੇ ਕੜੇ, ਸ਼ਾਲਾਂ, ਪੱਗਾਂ ਅਤੇ ਨਕਦ ਮਾਇਆ ਸ਼ਾਮਲ ਸੀ। ਸਰੋਪੇ ਕਈ ਵਾਰ ਤਿੰਨ ਕੱਪੜਿਆਂ ਦੇ, ਕਈ ਵਾਰ ਸੱਤ ਕੱਪੜਿਆਂ ਦੇ ਜਾਂ ਪੰਦਰਾਂ ਕੱਪੜਿਆਂ ਦੇ ਅਤੇ ਕਦੇ-ਕਦੇ 51 ਕੱਪੜਿਆਂ ਦੇ ਹੁੰਦੇ ਸਨ। ਮਹਾਰਾਜਾ ਆਪਣੇ ਯੋਗ ਅਹੁਦੇਦਾਰਾਂ ਨੂੰ ਆਪਣੇ ਦਰਬਾਰ ਵਿੱਚ ਖ਼ਿਤਾਬ, ਮੈਡਲ, ਜਾਗੀਰਾਂ ਜਾਂ ਨਕਦ ਇਨਾਮ ਦਿੰਦਾ ਸੀ। ਉਹਨਾਂ ਦੀਆਂ ਸੇਵਾਵਾਂ ਦੀ ਪ੍ਰਸੰਸਾ ਵੀ ਕੀਤੀ ਜਾਂਦੀ ਸੀ। ਈਸਟ ਇੰਡੀਆ ਕੰਪਨੀ ਦੇ ਯਾਤਰੀਆਂ ਜਾਂ ਅਫ਼ਸਰਾਂ ਦੀ ਆਉ-ਭਗਤ ਲਈ ਖ਼ਾਸ ਪ੍ਰਬੰਧ ਕੀਤੇ ਜਾਂਦੇ ਸਨ। ਬੈਰਨ ਹੂਗਲ ਲਿਖਦਾ ਹੈ ਕਿ "ਮਹਾਰਾਜਾ ਵੱਲੋਂ ਮੈਨੂੰ ਨਾ ਕੇਵਲ ਰੱਖਿਆ ਅਤੇ ਖੁੱਲ੍ਹਦਿਲੀ ਦੀਆਂ ਬਰਕਤਾਂ ਪ੍ਰਾਪਤ ਹੋਈਆਂ ਹਨ, ਜੋ ਇੱਕ ਮਹਾਨ ਬਾਦਸ਼ਾਹ ਦੀ ਸ਼ਾਨ ਦੇ ਅਨੁਕੂਲ ਹੁੰਦੀਆਂ ਹਨ, ਸਗੋਂ ਉਸ ਦੀਆਂ ਮੇਹਰਬਾਨੀਆਂ ਨੇ ਮੇਰੇ ਮਨ ਉੱਤੇ ਇੱਕ ਸਦੀਵੀ ਪ੍ਰਭਾਵ ਛੱਡਿਆ ਹੈ।"

ਮਹਾਰਾਜਾ ਰਣਜੀਤ ਸਿੰਘ ਦੀ ਇਹ ਫ਼ਰਾਖ਼ਦਿਲੀ ਸੀ ਕਿ ਉਸ ਨੇ ਆਪਣੇ ਦਰਬਾਰੀਆਂ ਅਤੇ ਗਵਰਨਰਾਂ ਨੂੰ ਇਹ ਕਹਿ ਛੱਡਿਆ ਸੀ ਕਿ ਜੇਕਰ ਉਸ ਦਾ ਕੋਈ ਫ਼ਰਮਾਨ ਲੋਕ ਹਿੱਤਾਂ ਵਿੱਚ ਨਹੀਂ ਹੈ ਤਾਂ ਉਸ ਨੂੰ ਤੁਰੰਤ ਵਾਪਸ ਭੇਜ ਦਿੱਤਾ ਜਾਵੇ। ਮਹਾਰਾਜੇ ਨੇ ਆਪਣੇ-ਆਪ ਨੂੰ ਭੁੱਲਣਹਾਰਿਆਂ ਦੀ ਕਤਾਰ ਵਿੱਚ ਹਮੇਸ਼ਾ ਖੜ੍ਹਾ ਰੱਖਿਆ। ਮਹਾਰਾਜਾ ਆਪਣੇ ਸ਼ਹਿਜ਼ਾਦਿਆਂ ਦੀਆਂ ਸ਼ਿਕਾਇਤਾਂ ਨੂੰ ਵੀ ਆਮ ਲੋਕਾਂ ਦੀਆਂ ਸ਼ਿਕਾਇਤਾਂ ਵਾਂਗ ਸੁਣਦਾ ਸੀ। ਮਹਾਰਾਜੇ ਨੇ ਆਪਣੀ ਪਰਜਾ ਨੂੰ ਹਮੇਸ਼ਾ ਇਹੀ ਅਹਿਸਾਸ ਕਰਵਾਇਆ ਕਿ ਉਹ ਉਹਨਾਂ ਵਿੱਚੋਂ ਇੱਕ ਹੈ ਤੇ ਉਹਨਾਂ ਦੇ ਸਹਿਯੋਗ ਨਾਲ ਰਾਜ ਚਲਾ ਰਿਹਾ ਹੈ। ਸ਼ਾਹ ਮੁਹੰਮਦ ਮਹਾਰਾਜੇ ਦੇ ਰਾਜ ਦੀ ਉਪਮਾ ਕਰਦਾ ਹੋਇਆ ਲਿਖਦਾ ਹੈ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।
ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ। *(ਸ਼ਾਹ ਮੁਹੰਮਦ)*

ਕਾਨ੍ਹ ਸਿੰਘ ਬੰਗਾ ਲਿਖਦਾ ਹੈ :

ਮਹਾਰਾਜਾ ਰਣਜੀਤ ਸਿੰਘ ਹੈ ਨਾਮ।
ਰਖੋ ਖ਼ੌਫ਼ ਖ਼ਲਕ ਕਾ ਦਿਲ ਮੈਂ ਤਮਾਮ।
ਹੁਈ ਦਿਨ ਬਦਿਨ ਜੀਤ ਸਰਕਾਰ ਕੀ।

ਜੋ ਦੁਸ਼ਮਨ ਕਰੈਂ ਸਿਫ਼ਤ ਦਰਬਾਰ ਕੀ।
ਗ੍ਰੀਬੁਲ ਪ੍ਰਸਤੀ ਗ਼ਨੀਮੁਲ ਗ਼ੁਦਾਜ਼।
ਸਭੀ ਕਾਮ ਮੇਂ ਵੁਹ ਰਹਾ ਚਾਰਾ ਬਾਜ਼।
ਕੜਾ ਔਰ ਕੰਠਾ ਇਨਾਯਤ ਕੀਏ।
ਹੀਰਾ ਔ ਜਵਾਹਰ ਦੁਸ਼ਾਲੇ ਦੀਏ।
ਵਿਨਾਯਤ ਕਰੋਕੈਂ ਖ਼ਜ਼ਾਨੇ ਕੀਏ।
ਕਿਤੇ ਗਾਂਉਂ ਸਿਰ ਕੀ ਖੈਰਾਯਤ ਦੀਏ।
ਸਦਾ ਉਸ ਕੇ ਦਿਲ ਮੇਂ ਯਹੀ ਚਾਵ ਥਾ।
ਅਜਬ ਵੁਹ ਸ਼ਖਾਵਤ ਕਾ ਦਬੀਆਵ ਥਾ।

ਕਾਹਨ ਸਿੰਘ ਬੰਗਾ ਦੇ ਜੰਗਨਾਮਾ ਲਾਹੌਰ ਦੇ ਇਹਨਾਂ ਸ਼ਬਦਾਂ ਨਾਲ ਸਮਾਪਤ ਕਰਦੇ ਹਾਂ :

ਨ ਭੂਲੇਗਾ ਜਬ ਤਕ ਜ਼ਮੀਂ ਆਸਮਾਂ।
ਐਸਾ ਬਾਦਸ਼ਾਹ ਫ਼ੈਜ਼ ਬਖ਼ਸ਼ੋ ਜਹਾਂ।
ਐਸਾ ਬਾਦਸ਼ਾਹ ਕਿਉਂ ਨਾ ਜੀਤਾ ਰਹਾ।
ਸਤਿਜੁਗ ਕਲੂ ਬੀਚ ਬੀਤਾ ਰਹਾ।

ਅਖੀਰ ਵਿੱਚ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਇੱਕ ਸੁੱਘੜ ਨੀਤੀਵੇਤਾ, ਮਜ਼ਬੂਤ ਸ਼ਾਸਕ ਤੇ ਨਿਪੁੰਨ ਫ਼ੌਜੀ ਆਗੂ ਸਨ। ਉਹਨਾਂ ਦਾ ਸਿਵਲ ਤੇ ਫ਼ੌਜੀ ਪ੍ਰਬੰਧ ਹਰ ਤਰ੍ਹਾਂ ਨਾਲ ਨਿਪੁੰਨ, ਨਿਰਪੱਖ ਤੇ ਨਿਆਂਇਸ਼ੀਲ ਸੀ। ਆਪ ਤੇਜਸਵੀ ਸਨ, ਪਰ ਦਇਆ ਤੋਂ ਖ਼ਾਲੀ ਨਹੀਂ ਸਨ। ਪਰਜਾ ਨਾਲ ਪਿਆਰ ਰੱਖਦੇ ਸਨ, ਪਰ ਆਪਣੇ ਫ਼ਰਜ਼ ਤੋਂ ਅਵੇਸਲੇ ਹੋ ਕੇ ਨਹੀਂ। ਇਹੀ ਕਾਰਨ ਹੈ ਕਿ ਆਪ ਜੀ ਦੀ ਪਰਜਾ ਆਪ ਨਾਲ ਦਿਲੀ ਪਿਆਰ ਕਰਦੀ ਸੀ। ਮਹਾਰਾਜਾ ਸਾਹਿਬ ਦੇ ਗੁਣਾਂ ਨੂੰ ਸੰਖਿਪਤ ਰੂਪ ਵਿੱਚ ਕਵੀ ਗਵਾਲ ਭੱਟ ਇਸ ਤਰ੍ਹਾਂ ਅੰਕਿਤ ਕਰਦਾ ਹੈ :

ਜੇਤੋ ਕੁਛ ਪ੍ਰਤਾਪ ਬਰ ਤੇਤੇ ਕਹਯੋ ਨ ਜਾਤ।
ਕਹਬੇ ਤੇ ਸੌਵੇਂ ਗੁਨੈ ਜਾਨੈ ਜਗਤ ਬਿਖਯਾਤ॥

**ਮਹਾਰਾਜੇ ਦਾ ਅੰਤਿਮ ਦਰਬਾਰ ਤੇ ਅਕਾਲ ਚਲਾਣਾ :** ਮਹਾਰਾਜਾ ਸਾਹਿਬ ਨੇ 9 ਜੇਠ, ਸੰਮਤ 1896 ਬਿ. ਮੁਤਾਬਕ 22 ਮਈ, ਸੰਨ 1839 ਈ. ਨੂੰ ਲਾਹੌਰ ਵਿੱਚ ਇੱਕ ਭਾਰੀ ਦਰਬਾਰ ਕਰਨ ਦਾ ਹੁਕਮ ਦਿੱਤਾ, ਜਿਸ ਵਿੱਚ ਸਾਰੇ ਸਰਦਾਰਾਂ ਤੇ ਜਾਗੀਰਦਾਰਾਂ ਨੂੰ ਬੁਲਾਇਆ ਗਿਆ। ਸ਼ੇਰਿ-ਪੰਜਾਬ ਇੱਕ ਸੁਨਹਿਰੀ ਪਾਲਕੀ ਵਿੱਚ ਇੱਕ ਤਕੀਏ ਪਰ ਢੋਹ ਲਾਏ ਹੋਏ ਦਰਬਾਰ ਵਿੱਚ ਆਏ, ਅੱਗੋਂ ਸਭ ਨੇ ਉੱਠ ਕੇ ਸਤਿਕਾਰ ਕੀਤਾ, ਮਹਾਰਾਜਾ ਜੀ ਨੂੰ ਫ਼ਤਿਹ ਬੁਲਾਈ। ਤੇ ਨਾਲ ਹੀ ਕਿਲ੍ਹੇ ਤੋਂ ਸਲਾਮੀ ਉਤਾਰੀ ਗਈ। ਮਹਾਰਾਜਾ ਸਾਹਿਬ ਇਸ ਸਮੇਂ ਬਹੁਤ ਕਮਜ਼ੋਰ ਹੋ ਚੁੱਕੇ ਸਨ। ਸ਼ਾਹੀ ਵੈਦ ਨੇ ਕੁਰਸੀ 'ਤੇ ਬੈਠਣ ਦੀ ਮਨਾਹੀ ਕੀਤੀ ਹੋਈ ਸੀ। ਸੋ, ਆਪ ਜੀ ਦੀ ਪਾਲਕੀ ਅਡੋਲ ਹਜ਼ਾਰੀ

ਬਾਗ਼ ਦੀ ਬਰਾਂਦਰੀ ਦੇ ਚਬੂਤਰੇ ਤੇ ਰੱਖੀ ਗਈ। ਖ਼ਾਲਸੇ ਦੀ ਤਾਕਤ ਦਾ ਸੂਰਜ ਇਸ ਵਕਤ ਆਪਣੇ ਪੂਰੇ ਜੋਬਨ 'ਤੇ ਸੀ, ਪਰ ਜਦੋਂ ਪਾਲਕੀ ਵੱਲ ਨਿਗਾਹ ਜਾਂਦੀ ਸੀ ਤਾਂ ਲਿਖਣ ਵਾਲੇ ਲਿਖਦੇ ਹਨ ਕਿ ਕੁਝ ਸਮੇਂ ਲਈ ਮਨ ਉਦਾਸ ਹੋ ਜਾਂਦਾ ਸੀ ਤੇ ਕਾਦਰ ਦੀ ਕੁਦਰਤ ਦਾ ਬਚਿੱਤਰ ਚਿਤਰ ਅੱਖਾਂ ਅੱਗੇ ਆ ਜਾਂਦਾ ਸੀ ਕਿ ਇਹ ਉਹੀ ਬਹਾਦਰ ਯੋਧਾ ਸੀ, ਜਿਹੜਾ ਵਗਦੀਆਂ ਤਲਵਾਰਾਂ ਤੇ ਵਰ੍ਹਦੀਆਂ ਗੋਲ਼ੀਆਂ ਵਿੱਚ ਆਪਣੇ ਘੋੜੇ ਨੂੰ ਉਡਾਂਦਾ ਹੋਇਆ ਬਿਜਲੀ ਵਾਂਙ ਵੈਰੀਆਂ ਦੇ ਸਿਰ ਜਾ ਪੈਂਦਾ ਹੁੰਦਾ ਸੀ। ਅੱਜ ਕੁਰਸੀ ਪਰ ਆਪਣੇ ਆ ਨੂੰ ਥੰਮਣ ਤੋਂ ਵੀ ਅਸਮਰੱਥ ਸੀ। ਇਹ ਸਾਰੇ ਖ਼ਿਆਲ ਸੂਰਜ ਅੱਗੇ ਬੱਦਲ਼ ਆ ਜਾਣ ਦੀ ਤਰ੍ਹਾਂ ਜ਼ਰਾ ਦੀ ਜ਼ਰਾ ਲਈ ਉਦਾਸੀ ਦਾ ਝਲਕਾ ਦੇ ਜਾਂਦੇ ਸਨ, ਪਰ ਇਹ ਸੋਚ ਕੇ ਕਿ ਮਹਾਰਾਜੇ ਦੇ ਪੁੱਤਰ ਲਾਇਕ ਹਨ, ਮਨਾਂ ਨੂੰ ਕੁਝ ਢਾਰਸ ਬੱਝਦੀ ਸੀ।

ਮਹਾਰਾਜੇ ਦੀ ਪਾਲਕੀ ਚਬੂਤਰੇ 'ਤੇ ਰੱਖਣ ਦੇ ਪਿੱਛੋਂ ਕੁਝ ਸਮੇਂ ਲਈ ਦਰਬਾਰ ਵਿੱਚ ਚੁਪ-ਚਾਂ ਵਰਤ ਗਈ। ਅਖੀਰ ਬ੍ਰਿਧ ਸ਼ੇਰ ਨੇ ਆਪਣੇ ਮੂੰਹ ਖੋਲ੍ਹਿਆ ਤੇ ਧੀਮੀ ਆਵਾਜ਼ ਵਿੱਚ ਕਿਹਾ, ''ਬਹਾਦਰ ਖ਼ਾਲਸਾ ਜੀ, ਆਪ ਨੇ ਖ਼ਾਲਸਾ ਰਾਜ ਦੀ ਉਸਾਰੀ ਲਈ ਜੋ ਅਥੱਕ ਘਾਲਾਂ ਘਾਲੀਆਂ ਹਨ ਤੇ ਆਪਣੇ ਬਹੁਮੁੱਲੇ ਲਹੂ ਦੀਆਂ ਨਦੀਆਂ ਵਗਾਈਆਂ ਸਨ, ਉਹ ਅਸਫ਼ਲ ਨਹੀਂ ਗਈਆਂ। ਇਸ ਸਮੇਂ ਜੋ ਤੁਸੀਂ ਖ਼ਾਲਸਾ ਰਾਜ ਦੀ ਚਮਕ-ਦਮਕ ਦੇਖ ਰਹੇ ਹੋ, ਇਹ ਸਭ ਕੁਝ ਆਪ ਸਭ ਦੀ ਤਲਵਾਰ ਦਾ ਫਲ਼ ਹੈ। ਮੈਂ ਸਤਿਗੁਰੂ ਦੇ ਭਰੋਸੇ 'ਤੇ ਆਪ ਦੀ ਸਹਾਇਤਾ ਨਾਲ ਇੱਕ ਸਧਾਰਨ ਪਿੰਡ ਤੋਂ ਉੱਠ ਕੇ ਲਗ-ਪਗ ਸਾਰੇ ਪੰਜਾਬ ਤੇ ਇਸ ਤੋਂ ਬਾਹਰ ਅਫ਼ਗ਼ਾਨਿਸਤਾਨ, ਕਸ਼ਮੀਰ, ਤਿੱਬਤ ਅਤੇ ਸਿੰਧ ਦੀਆਂ ਕੰਧਾਂ ਤਕ ਖ਼ਾਲਸੇ ਦਾ ਰਾਜ ਕਾਇਮ ਕਰ ਦਿੱਤਾ ਹੈ। ਸੰਸਾਰ ਪੁਰ ਸੁਆਸਾਂ ਦਾ ਕੁਝ ਭਰੋਸਾ ਨਹੀਂ, ਮੇਰਾ ਅੰਤ ਨੇੜੇ ਹੀ ਹੈ, ਤਾਂ ਪੱਕਾ ਸਮਝੋ ਕਿ ਮੈਂ ਆਪ ਤੋਂ ਅਤਯੰਤ ਖ਼ੁਸ਼ੀ ਨਾਲ ਵਿਦਾ ਹੋਵਾਂਗਾ। ਮੈਂ ਇਸ ਸਮੇਂ ਆਪ ਸਭ ਨੂੰ ਮਹਾਰਾਜਾ ਖੜਕ ਸਿੰਘ ਦੇ ਹੱਥ ਸੌਂਪਦਾ ਹਾਂ। ਇਸ ਨੂੰ ਆਪ ਨ ਮੇਰੇ ਤੁਲ ਸਮਝਣਾ ਅਤੇ ਇਹ ਸਭ ਤਰ੍ਹਾਂ ਆਪ ਦੀ ਭਲਾਈ ਦਾ ਚਾਹਵਾਨ ਰਹੇਗਾ।'' ਅਖੀਰ ਮਹਾਰਾਜਾ ਜੀ ਨੇ ਅੰਤਿਮ ਫ਼ਤਿਹ ਬੁਲਾਈ ਤੇ ਸ਼ੇਰਿ-ਪੰਜਾਬ ਦਾ ਇਤਿਹਾਸਕ ਦਰਬਾਰ ਸਮਾਪਤ ਹੋਇਆ।'

**ਚਲਾਣਾ** : 15 ਹਾੜ੍ਹ, ਸੰਮਤ 1896, ਮੁਤਾਬਕ 27 ਜੂਨ, 1839 ਈ. ਨੂੰ ਵੀਰਵਾਰ ਨੂੰ ਉਨਾਹਠ ਸਾਲ ਦੀ ਆਯੂ ਭੋਗ ਕੇ ਮਹਾਰਾਜਾ ਰਣਜੀਤ ਸਿੰਘ ਦਾ ਭੌਰ ਉਡਾਰੀਆਂ ਲਾ ਗਿਆ। ਇਸ ਸਮੇਂ ਸਾਰੇ ਪੰਜਾਬ ਵਿੱਚ ਸ਼ਾਇਦ ਹੀ ਕੋਈ ਐਸੀ ਅੱਖ ਹੋਵੇ, ਜੋ ਆਪਣੇ ਪਿਆਰੇ ਮਹਾਰਾਜੇ ਦੇ ਵਿਛੋੜੇ ਵਿੱਚ ਨਾ ਰੋਈ ਹੋਵੇ।

ਅਗਲੇ ਦਿਨ 28 ਜੂਨ ਨੂੰ ਮਹਾਰਾਜਾ ਸਾਹਿਬ ਦਾ ਅੰਤਿਮ ਸੰਸਕਾਰ ਬੜੀ ਭਾਰੀ ਧੂਮ-ਧਾਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਹਰੇ ਸਾਹਿਬ ਦੇ ਨਾਲ ਵਾਲ਼ੇ ਮੈਦਾਨ ਵਿੱਚ ਕਰ ਦਿੱਤਾ ਗਿਆ, ਜਿੱਥੇ ਹੁਣ ਮਹਾਰਾਜਾ ਸਾਹਿਬ ਦੀ ਸਮਾਧ ਮੌਜੂਦ ਹੈ।

## ਮਹਾਰਾਜਾ ਰਣਜੀਤ ਸਿੰਘ ਦੀਆਂ ਮੁਹਿੰਮਾਂ

**ਲਾਹੌਰ 'ਤੇ ਕਬਜ਼ਾ :** ਸਰਦਾਰ ਮਹਾਂ ਸਿੰਘ, ਰਣਜੀਤ ਸਿੰਘ ਦਾ ਪਿਤਾ, ਜਵਾਨੀ ਵਿੱਚ ਹੀ ਸੰਸਾਰ ਅਸਾਰ ਤੋਂ ਚਲਾਣਾ ਕਰ ਗਿਆ ਤਾਂ ਮਹਾਰਾਜਾ ਰਣਜੀਤ ਸਿੰਘ ਕ੍ਰਿਆਕਰਮ ਤੇ ਦੂਜੀਆਂ ਰਸਮਾਂ ਨੂੰ ਪੂਰਾ ਕਰਨ ਉਪਰੰਤ ਸੰ. 1849 ਮੁਤਾਬਕ 1792 ਈ. ਨੂੰ, ਜਦੋਂ ਉਸ ਦੀ ਉਮਰ ਬਾਰਾਂ ਸਾਲਾਂ ਦੀ ਸੀ ਆਪਣੇ ਪਿਤਾ ਦੀ ਰਿਆਸਤ ਦਾ ਮਾਲਕ ਬਣਿਆ, ਪਰੰਤੂ ਛੋਟੀ ਉਮਰ ਦਾ ਹੋਣ ਕਾਰਨ ਅਤੇ ਸਰਦਾਰ ਮਹਾਂ ਸਿੰਘ ਦੇ ਕਾਰ-ਮੁਖ਼ਤਾਰਾਂ ਦੇ ਦਖ਼ਲ ਵਜੋਂ ਉਸ ਦਾ ਰਿਆਸਤੀ ਮਾਮਲਿਆਂ ਵਿੱਚ ਕਿਸੇ ਕਿਸਮ ਦਾ ਹੱਥ ਜਾਂ ਦਖ਼ਲ ਨਹੀਂ ਸੀ। ਰਣਜੀਤ ਸਿੰਘ ਦੀ ਮਾਤਾ ਵੀ ਇਹ ਨਹੀਂ ਚਾਹੁੰਦੀ ਸੀ ਕਿ ਉਹ ਰਿਆਸਤ ਦੇ ਕੰਮ ਕਾਜ ਵਿੱਚ ਕੋਈ ਦਖ਼ਲ ਦੇਵੇ, ਕਿਉਂਕਿ ਉਸ ਨੇ ਲਖਪਤ ਰਾਏ ਖੱਤਰੀ ਨੂੰ ਪੂਰਾ ਪੂਰਾ ਅਧਿਕਾਰ ਦੇ ਰੱਖਿਆ ਸੀ। ਉਹ ਮਹਾਂ ਸਿੰਘ ਵਾਂਗ ਹੀ ਸਾਰੀ ਰਿਆਸਤ ਦਾ ਪ੍ਰਬੰਧ ਆਪਣੇ ਹੁਕਮ ਦੇ ਅਧਿਕਾਰ ਨਾਲ ਕਰਦਾ ਸੀ। ਕੋਈ ਹੋਰ ਆਦਮੀ ਉਸ ਦੇ ਰੁਤਬੇ ਦਾ ਨਹੀਂ ਸੀ। ਜਦੋਂ ਵੀ ਰਣਜੀਤ ਸਿੰਘ ਕਿਸੇ ਕੰਮ ਵਿੱਚ ਦਖ਼ਲ ਦਿੰਦਾ, ਤਾਂ ਉਹ ਉਸ ਦੇ ਉਲਟ ਵਿਚਾਰ ਪ੍ਰਗਟ ਕਰਦਾ ਸੀ। ਰਣਜੀਤ ਸਿੰਘ ਦੀ ਮਾਤਾ ਵੀ ਉਸ ਦੇ ਦਖ਼ਲ ਦੇਣ 'ਤੇ ਨਰਾਜ਼ ਹੋਈ। ਜਦੋਂ ਅਜਿਹੀ ਬੇਦਖ਼ਲੀ ਤੇ ਬੇਇਖ਼ਤਿਆਰੀ ਦੀ ਹਾਲਤ ਵਿੱਚ ਪੰਜ ਸਾਲ ਲੰਘ ਗਏ ਤੇ ਰਣਜੀਤ ਸਿੰਘ ਸਤਾਰਾਂ ਵਰ੍ਹਿਆਂ ਦਾ ਜਵਾਨ ਗੱਭਰੂ ਹੋ ਗਿਆ, ਤਾਂ ਉਹ ਆਪਣੀ ਰਿਆਸਤ ਦੇ ਕੰਮਾਂ ਵਿੱਚ ਦਖ਼ਲ ਦੇਣ ਲੱਗ ਪਿਆ, ਭਾਵੇਂ ਉਸ ਦੀ ਮਾਤਾ ਤੇ ਲਖਪਤ ਰਾਏ ਨੂੰ ਇਹ ਗੱਲ ਚੰਗੀ ਨਾ ਲੱਗਦੀ ਤੇ ਉਹ ਰਣਜੀਤ ਸਿੰਘ ਦੀ ਹਰ ਤਜਵੀਜ਼ ਨੂੰ ਝੱਟ ਬਦਲ ਦਿੰਦੇ ਤੇ ਉਸ ਦੀ ਆਗਿਆ ਜਾਂ ਇੱਛਾ ਅਨੁਸਾਰ ਕੰਮ ਨਾ ਚੱਲਣ ਦਿੰਦੇ। 1796 ਈ. 'ਚ ਸ਼ਾਹ ਜ਼ਮਾਨ, ਜਿਹੜਾ ਅਹਿਮਦਸ਼ਾਹ ਦੇ ਪੁੱਤਰ ਤੈਮੂਰ ਸ਼ਾਹ ਦਾ ਪੁੱਤਰ ਸੀ ਕਾਬਲ ਦੇ ਤਖ਼ਤ 'ਤੇ ਬੈਠਾ। ਉਹ ਇੱਕ ਤਕੜੀ ਫ਼ੌਜ ਲੈ ਕੇ ਪੰਜਾਬ ਨੂੰ ਆਇਆ ਤੇ ਕਿਸੇ ਸੂਰਮੇ ਸਿੱਖ ਸਰਦਾਰ ਨੇ ਉਸ ਦਾ ਮੁਕਾਬਲਾ ਨਾ ਕੀਤਾ ਤੇ ਨਾ ਕਿਸੇ ਨੇ ਉਸ ਦਾ ਰਾਹ ਰੋਕਿਆ। ਉਸ ਸਮੇਂ ਕੋਈ ਗੁਰੂ ਕਾ ਸਿੱਖ ਕਿਸੇ ਪਿੰਡ-ਗਿਰਾਉਂ ਵਿੱਚ ਨਜ਼ਰ ਨਹੀਂ ਆਉਂਦਾ ਸੀ, ਕਿਉਂਕਿ ਸਾਰੇ ਦੇ ਸਾਰੇ ਬਾਦਸ਼ਾਹ ਦੇ ਡਰ ਤੋਂ ਭੱਜ ਕੇ ਜੰਗਲ਼ਾਂ ਵਿੱਚ ਚਲੇ ਗਏ ਸਨ। ਬਾਦਸ਼ਾਹ ਦਾ ਪੰਜਾਬ ਆਉਣ ਦਾ ਮਤਲਬ ਸਿੱਖਾਂ 'ਤੇ ਫਿਰ ਸੰਕਟਮਈ ਦੌਰ ਦੀ ਸ਼ੁਰੂਆਤ ਹੋਣੀ ਸੀ। ਇਸ ਲਈ ਬਾਦਸ਼ਾਹ ਨੇ ਥਾਂ ਪੁਰ ਥਾਂ ਸਿੱਖਾਂ ਨੂੰ ਮਿਟਾਉਣ ਲਈ ਫ਼ੌਜ ਲਗਾ ਦਿੱਤੀ ਕਿ ਸਿੱਖਾਂ ਨੂੰ ਫੜ-ਫੜ ਕੇ ਲਿਵਾਓ। ਦੁਰਾਨੀ ਘੋੜ੍ਹਿਆਂ 'ਤੇ ਸਵਾਰ ਹੋ ਕੇ ਜਿੱਧਰ ਵੀ ਜਾਂਦੇ, ਉੱਧਰੋਂ ਕੋਈ ਵੀ ਸਿੱਖ ਨਾ

ਮਿਲਦਾ। ਬਾਦਸ਼ਾਹ ਦਾ ਇਰਾਦਾ ਸੀ ਕਿ ਉਹ ਪੰਜਾਬ ਵਿੱਚ ਟਿਕ ਕੇ ਯੋਗ ਪ੍ਰਬੰਧ ਕਰੇ, ਪਰ ਉਸ ਨੂੰ ਕਾਬਲ ਤੋਂ ਮਾੜੀ ਖ਼ਬਰ ਆਈ, ਜਿਸ ਕਾਰਨ ਉਸ ਨੂੰ ਝੱਟ-ਪੱਟ ਵਾਪਸ ਕਾਬਲ ਜਾਣਾ ਪਿਆ। ਉਸ ਵੇਲੇ ਰਣਜੀਤ ਸਿੰਘ ਦੀ ਮਾਤਾ ਤੇ ਲਖਪਤ ਰਾਏ ਤੇ ਰਣਜੀਤ ਸਿੰਘ ਵੀ ਸਾਰਾ ਮਾਲ-ਅਸਬਾਬ ਲੈ ਕੇ ਗੁੱਜਰਾਂਵਾਲੇ ਤੋਂ ਅਗਿਆਤ ਥਾਂ 'ਤੇ ਚਲੇ ਗਏ ਸਨ। ਜਦ ਸ਼ਾਹ ਜ਼ਮਾਨ ਲਾਹੌਰ ਤੋਂ ਕਾਬਲ ਨੂੰ ਮੁੜਿਆ ਤਾਂ ਉਸ ਨੇ ਆਪਣੇ ਇੱਕ ਅਮੀਰ ਸ਼ਾਹਨਵੀ ਖ਼ਾਂ ਨੂੰ ਵੀ ਜਿਹੜਾ ਬਹਾਦਰੀ ਤੇ ਸੂਰਮਤਾਈ ਵਿੱਚ ਬੜਾ ਪ੍ਰਸਿੱਧ ਸੀ, ਬਹੁਤ ਸਾਰੀ ਫ਼ੌਜ ਦੇ ਕੇ ਲਾਹੌਰ ਛੱਡਿਆ ਤੇ ਹੁਕਮ ਦਿੱਤਾ ਕਿ ਭਾਵੇਂ ਪੰਜਾਬ ਵਿੱਚ ਉਸ ਵੇਲੇ ਹੰਨੇ-ਹੰਨੇ ਸਰਦਾਰੀ ਹੈ ਤੇ ਮੁਲਕ ਦਾ ਪ੍ਰਬੰਧ ਔਖਾ ਹੈ, ਪਰ ਫਿਰ ਵੀ ਉਹ ਜਿੱਥੋਂ ਤਕ ਹੋ ਸਕੇ, ਇਸ ਕੰਮ ਲਈ ਯਤਨ ਕਰੇ ਤੇ ਬਾਗ਼ੀ ਸਿੰਘਾਂ ਨੂੰ ਤਾੜਨਾ ਕਰ ਕੇ ਬਾਦਸ਼ਾਹ ਦੇ ਅਧੀਨ ਬਣਾਵੇ ਤਾਂ ਜੋ ਸਿੱਖ ਰਾਜ-ਪਾਟ ਤੇ ਰਿਆਸਤਬੰਦੀ ਦਾ ਕੰਮ ਛੱਡ ਕੇ ਜ਼ਿਮੀਂਦਾਰਾਂ ਵਾਂਗ ਖੇਤੀ-ਬਾੜੀ ਦੇ ਕੰਮਾਂ ਵਿੱਚ ਲੱਗ ਜਾਣ। ਇਸ ਲਈ ਇਸ ਅਧਿਕਾਰੀ ਨੇ ਬਾਦਸ਼ਾਹ ਦੇ ਜਾਣ ਪਿੱਛੋਂ ਉਸ ਦੀ ਆਗਿਆ ਅਨੁਸਾਰ ਪੰਜਾਬ ਦਾ ਯੋਗ ਪ੍ਰਬੰਧ ਕਰਨਾ ਅਰੰਭ ਕੀਤਾ। ਉਸ ਨੇ ਵੇਖਿਆ ਕਿ ਸਿੱਖਾਂ ਦਾ ਇਕੱਠ ਗਜੂਲ ਨਗਰ ਤੇ ਗੁਜਰਾਤ ਵੱਲ ਵਧੇਰੇ ਹੈ। ਇਸ ਲਈ ਉਸ ਨੇ ਤੋਪਖ਼ਾਨਾ ਤੇ ਭਾਰੀ ਫ਼ੌਜ ਲੈ ਕੇ ਰਾਮਨਗਰ ਵੱਲ ਨੂੰ ਜਾ ਘੇਰਾ ਪਾਇਆ। ਇਹ ਇਲਾਕਾ ਸਰਦਾਰ ਮਹਾਂ ਸਿੰਘ ਦਾ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਕਾਫ਼ੀ ਫ਼ੌਜ ਨਾਲ ਉਸ ਦਾ ਮੁਕਾਬਲਾ ਕੀਤਾ ਤੇ ਸਰਦਾਰ ਬਰਖਾ ਸਿੰਘ ਪਿੰਡੀ ਵਾਲੇ, ਬੁੱਧ ਸਿੰਘ, ਰਣ ਸਿੰਘ, ਸਰਾਇ ਕਾਲਾ ਵਾਲੇ ਜੋਧ ਸਿੰਘ, ਅਟਾਰੀ ਵਾਲੇ ਧਰਮ ਸਿੰਘ ਜਲਾਲੀਆ, ਆਦਿ ਨੂੰ ਮਦਦ ਲਈ ਬੁਲਵਾਇਆ। ਦੋਹਾਂ ਫ਼ੌਜਾਂ ਦੀ ਆਪਸ ਵਿੱਚ ਸਖ਼ਤ ਲੜਾਈ ਹੋਈ। ਜਦੋਂ ਸ਼ਾਹਨਵੀ ਖ਼ਾਂ ਨੇ ਵੇਖਿਆ ਕਿ ਹੁਣ ਸਿੱਖਾਂ ਦਾ ਵੱਡਾ ਦਲ ਇਕੱਠਾ ਹੋ ਗਿਆ ਤਾਂ ਉਹ ਘੇਰਾ ਛੱਡ ਕੇ ਗੁਜਰਾਤ ਵੱਲ ਨੂੰ ਚਲਾ ਗਿਆ। ਉਸ ਵੇਲੇ ਉਸ ਦੇ ਨਾਲ ਬਾਰਾਂ ਹਜ਼ਾਰ ਸਵਾਰ ਸਨ। ਜਦ ਉਹ ਗੁਜਰਾਤ ਸ਼ਹਿਰ ਦੇ ਨੇੜੇ ਪਹੁੰਚਿਆ, ਤਾਂ ਸਰਦਾਰ ਸਾਹਿਬ ਸਿੰਘ ਭੰਗੀ ਪੰਜ ਸੌ ਸਵਾਰਾਂ ਨਾਲ ਉਸ ਦੇ ਟਾਕਰੇ ਲਈ ਬਾਹਰ ਨਿਕਲਿਆ। ਉੱਧਰੋਂ ਸਿੱਖਾਂ ਦਾ ਲਸ਼ਕਰ ਵੀ ਉਸ ਦਾ ਪਿੱਛਾ ਕਰਦਾ ਹੋਇਆ ਆ ਪਹੁੰਚਿਆ ਤੇ ਦੂਜੀ ਵਾਰ ਫੇਰ ਜੰਗ-ਯੁੱਧ ਤੇ ਖ਼ੂਨ-ਖ਼ਰਾਬੇ ਦਾ ਬਜ਼ਾਰ ਗਰਮ ਹੋਇਆ। ਐਨ ਲੜਾਈ ਵਿੱਚ ਸ਼ਾਹਨਵੀ ਖ਼ਾਂ ਦੀ ਛਾਤੀ ਵਿੱਚ ਗੋਲ਼ੀ ਲੱਗੀ ਕਿ ਉਹ ਉੱਥੇ ਹੀ ਅੰਡਾ ਹੋ ਗਿਆ। ਉਸ ਨੂੰ ਉੱਥੇ ਹੀ ਦੱਬ ਦਿੱਤਾ ਗਿਆ। ਉਸ ਦੀ ਕਬਰ ਗੁਜਰਾਤ ਸ਼ਹਰ ਤੋਂ ਪੂਰਬ ਵੱਲ ਚਾਰ ਮੀਲ 'ਤੇ ਬਣੀ ਹੋਈ ਹੈ। ਉਸ ਦੇ ਮਾਰੇ ਜਾਣ ਪਿੱਛੋਂ ਬਦੇਸ਼ੀ ਫ਼ੌਜ ਵਿੱਚ ਹਫ਼ੜਾ-ਦਫੜੀ ਪੈ ਗਈ ਤੇ ਉਹ ਪੰਜਾਬ 'ਚੋਂ ਨਿਕਲ ਕੇ ਕਾਬਲ ਵੱਲ ਨੂੰ ਚਲੀ ਗਈ। ਜਦ ਪੰਜਾਬ ਵਿੱਚ ਬਦੇਸ਼ੀ ਮੁਲਕ ਦਾ ਬਾਦਸ਼ਾਹ ਹੀ ਨਾ ਰਿਹਾ ਤਾਂ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਉੱਚ ਹਿੰਮਤ

ਤੇ ਭਰ ਜਵਾਨੀ ਮੰਗ ਕਰਦੀ ਸੀ ਕਿ ਉਹ ਸਾਰੇ ਪੰਜਾਬ 'ਤੇ ਕਬਜ਼ਾ ਕਰ ਲਏ, ਪਰ ਦੀਵਾਨ ਲਖਪਤ ਰਾਏ ਉਸ ਨੂੰ ਕਿਸੇ ਕੰਮ ਵਿੱਚ ਦਖ਼ਲ ਨਹੀਂ ਦੇਣ ਦਿੰਦਾ ਸੀ। ਇਸ ਲਈ ਰਣਜੀਤ ਸਿੰਘ ਚੁੱਪ ਸੀ। ਸਾਰੇ ਸਿੱਖ ਇਹ ਚਾਹੁੰਦੇ ਸਨ ਕਿ ਉਸ ਦੀ ਰਿਆਸਤ ਨੂੰ ਮਲੀਆਮੇਟ ਕਰ ਕੇ ਆਪ ਉਸ 'ਤੇ ਕਬਜ਼ਾ ਕਰ ਲੈਣ, ਇਸ ਲਈ ਸਭ ਨੇ ਮਿਲ ਕੇ ਚੱਠੇ ਕੌਮ ਦੇ ਜ਼ਿਮੀਂਦਾਰ ਹਸ਼ਮਤ ਖ਼ਾਂ ਨੂੰ ਰਣਜੀਤ ਸਿੰਘ ਦਾ ਪੱਕਾ ਦੁਸ਼ਮਣ ਬਣਾ ਦਿੱਤਾ। ਹਸ਼ਮਤ ਖ਼ਾਂ ਦੇ ਬਹੁਤ ਸਾਰੇ ਇਲਾਕੇ ਦਰਿਆ ਚਨਾਬ ਦੇ ਕੰਢੇ 'ਤੇ ਸਨ। ਉਸ ਨੇ ਨੀਅਤ ਧਾਰੀ ਕਿ ਕਿਸੇ ਤਰ੍ਹਾਂ ਰਣਜੀਤ ਸਿੰਘ ਨੂੰ ਕਤਲ ਕਰ ਦੇਵੇ। ਇੱਕ ਵਾਰ ਕਰਨੀ ਰੱਬ ਦੀ ਅਜਿਹਾ ਹੀ ਹੋਇਆ ਕਿ ਰਣਜੀਤ ਸਿੰਘ ਸ਼ਿਕਾਰ ਖੇਡਦਾ-ਖੇਡਦਾ ਹਸ਼ਮਤ ਖ਼ਾਂ ਦੇ ਇਲਾਕੇ ਵਿੱਚ ਜਾ ਨਿਕਲਿਆ। ਉੱਧਰੋਂ ਹਸ਼ਮਤ ਖ਼ਾਂ ਵੀ ਆ ਪਹੁੰਚਿਆ ਤੇ ਰਣਜੀਤ ਸਿੰਘ ਨੂੰ ਬੇਧਿਆਨਾ ਦੇਖ ਕੇ ਉਸ 'ਤੇ ਤਲਵਾਰ ਦਾ ਵਾਰ ਕੀਤਾ। ਤਲਵਾਰ ਰਣਜੀਤ ਸਿੰਘ ਨੂੰ ਤਾਂ ਨਾ ਲੱਗੀ, ਪਰ ਉਸ ਦੀ ਕਾਠੀ ਕੱਟੀ ਗਈ। ਇਹ ਵੇਖ ਕੇ ਰਣਜੀਤ ਸਿੰਘ ਸਾਵਧਾਨ ਹੋ ਗਿਆ ਤੇ ਦੂਜਾ ਵਾਰ ਹਸ਼ਮਤ ਖ਼ਾਂ 'ਤੇ ਅਜਿਹਾ ਕੀਤਾ ਕਿ ਉਸ ਦਾ ਸਿਰ ਧੌਣ ਨਾਲੋਂ ਵੱਖ ਹੋ ਗਿਆ। ਉਸ ਦੇ ਮਰਨ ਤੋਂ ਬਾਅਦ ਉਸ ਦੀ ਰਿਆਸਤ ਦਾ ਬਹੁਤ ਸਾਰਾ ਇਲਾਕਾ ਰਣਜੀਤ ਸਿੰਘ ਦੀ ਰਿਆਸਤ ਵਿੱਚ ਸ਼ਾਮਲ ਕਰ ਗਿਆ ਗਿਆ ਤੇ ਚੱਠਾ ਕੌਮ ਦੇ ਸਿਰਕੱਢ ਆਗੂਆਂ ਨੇ ਉਸ ਦੀ ਅਧੀਨਗੀ ਪ੍ਰਵਾਨ ਕਰ ਲਈ।

ਰਣਜੀਤ ਸਿੰਘ ਦੀ ਸੱਸ ਸਦਾ ਕੌਰ, ਜੋ ਕਿ ਬਹੁਤ ਹੁਸ਼ਿਆਰ ਔਰਤ ਸੀ ਰਣਜੀਤ ਸਿੰਘ ਨੂੰ ਇਹ ਗੱਲ ਆਖੀ ਕਿ ਤੇਰੀ ਮਾਤਾ ਨੇ ਤਾਂ ਦੀਵਾਨ ਲਖਪਤ ਰਾਏ ਨੂੰ ਸਾਰੇ ਅਧਿਕਾਰ ਦੇ ਰੱਖੇ ਹਨ, ਇੱਥੋਂ ਤਕ ਕਿ ਖ਼ਜ਼ਾਨੇ ਦਾ ਹਿਸਾਬ-ਕਿਤਾਬ ਵੀ ਉਹੀ ਦੇਖਦਾ ਹੈ, ਤੇਰਾ ਅਧਿਕਾਰ ਨਾ ਖ਼ਜ਼ਾਨੇ 'ਤੇ ਹੈ ਨਾ ਰਿਆਸਤ ਉੱਤੇ, ਸਗੋਂ ਦੀਵਾਨ ਤਾਂ ਤੈਨੂੰ ਸਮਝਦਾ ਹੀ ਕੁਝ ਨਹੀਂ, ਅਜਿਹੇ ਆਦਮੀ ਦਾ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ, ਹੁਣੇ ਤੋਂ ਹੀ, ਨਹੀਂ ਤਾਂ ਕਿਧਰੇ ਅਜਿਹਾ ਨਾ ਹੋਵੇ ਕਿ ਉਹ ਆਪਣੇ ਨਿੱਜੀ ਲਾਭ ਲਈ ਤੇਰਾ ਵੀ ਨੁਕਸਾਨ ਕਰ ਦੇਵੇ ਤੇ ਉਸ ਦੇ ਹੱਥੋਂ ਕਿਧਰੇ ਤੇਰੀ ਜਾਨ 'ਤੇ ਹੀ ਨਾ ਆਣ ਬਣੇ, ਕਿਉਂਕਿ ਤੇਰੀ ਮਾਤਾ ਨੂੰ ਦੀਵਾਨ ਦੀ ਖ਼ੁਸ਼ੀ ਵਧੇਰੇ ਮਨਜ਼ੂਰ ਹੈ, ਪਰ ਤੇਰੀ ਜਾਨ ਦੀ ਰਤਾ ਵੀ ਚਿੰਤਾ ਨਹੀਂ। ਇਹ ਗੱਲ ਸੁਣ ਕੇ ਰਣਜੀਤ ਸਿੰਘ ਚੇਤੰਨ ਹੋ ਗਿਆ ਤੇ ਜ਼ਿਮੀਂਦਾਰਾਂ ਨਾਲ ਮਿਲ ਕੇ ਉਸ ਨੇ ਦੀਵਾਨ ਨੂੰ ਕਤਲ ਕਰਨ ਦੀ ਠਾਣ ਲਈ। ਜਦ ਲਖਪਤ ਰਾਏ ਕਨੂਕਤੀ ਲਈ ਪਿੰਡ ਵਿੱਚ ਗਿਆ ਤਾਂ ਜ਼ਿਮੀਂਦਾਰਾਂ ਨੇ ਦੀਵਾਨ ਨੂੰ ਕਤਲ ਕਰ ਦਿੱਤਾ। ਇਹ ਦੀਵਾਨ ਲਖਪਤ ਰਾਏ ਕੌਮ ਦਾ ਖੱਤਰੀ ਸੀ ਤੇ ਕਸਬਾ ਨੌਸ਼ਹਿਰਾ ਦਾ ਰਹਿਣ ਵਾਲਾ ਸੀ। ਰਣਜੀਤ ਸਿੰਘ ਦੀ ਮਾਤਾ ਉਸ ਪਰ ਬੜੀ ਮਿਹਰਬਨ ਸੀ ਤੇ ਉਸ ਨੂੰ ਪੂਰੇ ਅਧਿਕਾਰ ਪ੍ਰਾਪਤ ਸਨ ਤੇ ਰਿਆਸਤ ਦੇ ਛੋਟੇ-ਵੱਡੇ ਸਾਰੇ ਕੰਮਾਂ ਤੇ ਮੁਲਕ-ਮਾਲ ਦਾ ਕੁੱਲ ਪ੍ਰਬੰਧ ਉਸ ਦੇ ਅਧੀਨ ਸੀ। ਰਣਜੀਤ ਸਿੰਘ ਨੂੰ ਕੇਵਲ ਦਸ ਰੁਪੈ ਰੋਜ਼ ਦੇ ਖ਼ਰਚ ਲਈ ਮਿਲਦੇ ਸਨ।

ਸੰਮਤ 1855 ਬਿ. ਮੁਤਾਬਕ ਸੰਨ 1798 ਈ. ਵਿੱਚ ਸਿਆਲ ਰੁੱਤ ਵਿੱਚ ਕਾਬਲ ਦੇ ਬਾਦਸ਼ਾਹ ਸ਼ਾਹ ਜਮਾਨ ਨੇ ਅਮੀਰ ਸ਼ਾਹਨਵੀ ਖ਼ਾਂ ਦੇ ਮਾਰੇ ਜਾਣ ਕਾਰਨ ਸਿੱਖਾਂ ਤੋਂ ਬਦਲਾ ਲੈਣ ਲਈ ਵੱਡੀ ਯੋਗ ਫ਼ੌਜ ਲੈ ਕੇ ਪੰਜਾਬ 'ਤੇ ਧਾਵਾ ਬੋਲਿਆ। ਜਦ ਬਾਦਸ਼ਾਹ ਦੇ ਆਉਣ ਦੀ ਖ਼ਬਰ ਸਾਰੇ ਪੰਜਾਬ ਵਿੱਚ ਫੈਲ ਗਈ ਤਾਂ ਸਾਰੇ ਸਿੱਖ ਸਰਦਾਰ ਆਪਣੀਆਂ-ਆਪਣੀਆਂ ਰਿਆਸਤਾਂ ਵਿੱਚੋਂ ਉੱਠ ਕੇ ਜੰਗਲ਼ਾਂ ਵਿੱਚ ਜਾ ਛਿਪੇ ਤੇ ਕਿਸੇ ਨੇ ਵੀ ਬਾਦਸ਼ਾਹ ਨਾਲ ਟੱਕਰ ਲੈਣ ਤੇ ਆਪਣੀ ਜਾਨ ਗਵਾਉਣ ਨੂੰ ਚੰਗਾ ਨਹੀਂ ਸਮਝਿਆ, ਕਿਉਂਕਿ ਹਰ ਕੋਈ ਜਾਣਦਾ ਸੀ ਕਿ ਆਖ਼ਰ ਬਾਦਸ਼ਾਹ ਪੰਜਾਬ ਵਿੱਚ ਕੁਝ ਦਿਨ ਠਹਿਰ ਕੇ ਵਾਪਸ ਕਾਬਲ ਚਲਾ ਜਾਵੇਗਾ। ਜਦ ਬਾਦਸ਼ਾਹ ਨੇ ਜਿਹਲਮ ਪਾਰ ਕੀਤਾ ਤਾਂ ਸ਼ਹਿਰਾਂ ਦੇ ਸ਼ਹਿਰ ਤੇ ਪਿੰਡਾਂ ਦੇ ਪਿੰਡ ਉੱਜੜੇ ਹੋਏ ਵੇਖੇ, ਕਿਉਂ ਜੋ ਜਿਹੜੇ ਲੋਕ ਸਿੱਖਾਂ ਦੀ ਲੁੱਟ-ਮਾਰ ਤੋਂ ਬਚ ਗਏ ਸਨ, ਉਹਨਾਂ ਨੂੰ ਡਰ ਸੀ ਕਿ ਕਾਬਲੀ ਪਠਾਣ ਦੀ ਲੁੱਟ-ਮਾਰ ਵੀ ਸਿੱਖਾਂ ਨਾਲੋਂ ਘੱਟ ਨਹੀਂ ਸੀ। ਸਿੱਖ ਤਾਂ ਧਨ-ਮਾਲ ਦੇ ਲਾਲਚ ਲਈ ਲੋਕਾਂ ਨੂੰ ਮਾਰਦੇ ਸਨ, ਪਰ ਅਫ਼ਗਾਨ ਤਾਂ ਪੁੰਨ ਖੱਟਣ ਦੀ ਨੀਅਤ ਨਾਲ ਕਤਲ ਕਰਦੇ ਸਨ। ਜਦ ਬਾਦਸ਼ਾਹ ਨੇ ਸਾਰਾ ਪੰਜਾਬ ਦਾ ਮੁਲਕ ਵੀਰਾਨ ਜੰਗਲ਼ ਦੀ ਨਿਆਈਂ ਦੇਖਿਆ, ਤਾਂ ਉਸ ਨੂੰ ਬਹੁਤ ਸ਼ੋਕ ਹੋਇਆ। ਉਹ ਮੰਜ਼ਲਾਂ ਮਾਰਦਾ ਹੋਇਆ ਲਾਹੌਰ ਆਇਆ। ਉਸ ਦੇ ਆਉਣ ਪਰ ਸ਼ਹਿਰ ਦੇ ਤਿੰਨ ਹਾਕਮ ਜਿਨ੍ਹਾਂ ਦੀ ਹਕੂਮਤ ਕਿਸੇ ਹਿੱਸੇ 'ਤੇ ਸੀ, ਸਭ ਨੱਸ ਗਏ। ਬਾਦਸ਼ਾਹ ਨੇ ਉਹਨਾਂ ਨੂੰ ਫੜਨ ਲਈ ਇੱਕ ਵਿਸ਼ੇਸ਼ ਫ਼ੌਜ ਨਿਯੁਕਤ ਕੀਤੀ, ਪਰ ਉਹ ਕਿਧਰੋਂ ਵੀ ਹੱਥ ਨਾ ਲੱਗੇ। ਬਾਦਸ਼ਾਹ ਚਾਰ ਮਹੀਨੇ ਲਾਹੌਰ ਟਿਕਿਆ ਰਿਹਾ ਤੇ ਬਹੁਤ ਚਾਹਿਆ ਕਿ ਸਿੱਖਾਂ ਨੂੰ ਸਜ਼ਾ ਜਾਂ ਦੰਡ ਦੇਵੇ, ਪਰ ਉਹ ਮਜਬੂਰ ਸੀ। ਸਿੱਖਾਂ ਦਾ ਤਾਂ ਕਿਧਰੇ ਨਾਮ-ਨਿਸ਼ਾਨ ਵੀ ਨਹੀਂ ਸੀ ਮਿਲਦਾ। ਮਹਾਰਾਜਾ ਰਣਜੀਤ ਸਿੰਘ ਉਸ ਸਮੇਂ ਥੋੜ੍ਹੇ ਜਿਹੇ ਸਿੱਖਾਂ ਸਮੇਤ ਰਸੂਲ ਨਗਰ ਵਿੱਚ ਠਹਿਰਿਆ ਹੋਇਆ ਸੀ। ਜਦੋਂ ਬਾਦਸ਼ਾਹ ਨੂੰ ਇਹ ਖ਼ਬਰ ਮਿਲੀ ਤਾਂ ਕਿਹਾ, ਜੇ ਸਿੱਖ ਮੇਰੇ ਮੁਕਾਬਲੇ 'ਤੇ ਇਕੱਠੇ ਹੋ ਕੇ ਆਉਂਦੇ ਤਾਂ ਉਹਨਾਂ ਨੂੰ ਮਜ਼ਾ ਚਖਾਇਆ ਜਾਂਦਾ ਤੇ ਦੰਡ ਦਿੱਤਾ ਜਾਂਦਾ। ਹੁਣ ਜੇਕਰ ਇੱਕ ਆਦਮੀ ਨੂੰ ਅਸੀਂ ਫੜ ਵੀ ਲਿਆ ਤੇ ਮਾਰ ਵੀ ਦਿੱਤਾ, ਤਾਂ ਇਸ ਨਾਲ ਸ਼ਾਹੀ ਫੌਜ ਦਾ ਤਾਂ ਫੇਰ ਵੀ ਪ੍ਰਬੰਧ ਨਹੀਂ ਹੋ ਸਕਦਾ। ਪੰਜਵੇਂ ਰਮਜ਼ਾਨ ਮਹੀਨੇ ਚੰਨ ਨਿਕਲਣ ਨਾਲ ਬਾਦਸ਼ਾਹ ਨੇ ਲਾਹੌਰ ਤੋਂ ਵਾਪਸ ਕੂਚ ਕੀਤਾ। ਜਦ ਉਹ ਦਰਿਆ ਚਨਾਬ ਦੇ ਕੰਢੇ ਪਹੁੰਚਿਆ ਤਾਂ ਸਿੱਖ ਜੰਗਲ਼ਾਂ ਵਿੱਚੋਂ ਨਿਕਲ ਕੇ ਸ਼ਹਿਰ ਲਾਹੌਰ ਨੇੜੇ ਜਮ੍ਹਾਂ ਹੋਏ ਤੇ ਬਾਦਸ਼ਾਹ ਦਾ ਪਿੱਛਾ ਕਰ ਕੇ ਉਸ ਦਾ ਮਾਲ-ਅਸਬਾਬ ਲੁੱਟਣ ਦੀ ਨੀਅਤ ਧਾਰੀ। ਮਹਾਰਾਜਾ ਰਣਜੀਤ ਸਿੰਘ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤੇ ਕਿਹਾ ਕਿ ਤੁਸੀਂ ਇੰਨੇ ਹੀ ਬਹਾਦਰ ਹੋ ਤਾਂ ਮੈਦਾਨ ਵਿੱਚ ਨਿਕਲ ਕੇ ਉਸ ਨਾਲ ਲੜਦੇ, ਹੁਣ ਜਦ ਉਹ ਸਫ਼ਰ ਵਿੱਚ ਹੈ ਤੇ ਆਪਣੀ ਰਾਜਧਾਨੀ ਨੂੰ ਪਰਤ ਰਿਹਾ ਹੈ, ਤਾਂ ਉਸ ਨੂੰ ਨਹੱਕ ਤੰਗ ਕਰਨਾ ਜਾਂ ਤਕਲੀਫ਼ ਦੇਣਾ ਚੰਗਾ ਨਹੀਂ।

ਮਹਾਰਾਜਾ ਰਣਜੀਤ ਸਿੰਘ ਦੀ ਉਸ ਤਾੜਨਾ ਕਰ ਕੇ ਗੁਰੂ ਕੇ ਸਿੱਖ ਆਪਣੀ ਨੀਅਤ ਤੋਂ ਬਾਜ ਆ ਗਏ। ਜਦ ਸ਼ਾਹ ਜ਼ਮਾਨ ਦਾ ਲਸ਼ਕਰ ਚਨਾਬ ਦਰਿਆ ਪਾਰ ਕਰਨ ਲੱਗਾ ਤਾਂ ਉਸ ਵੇਲੇ ਦਰਿਆ ਵਿੱਚ ਬੜਾ ਹੜ੍ਹ ਆਇਆ ਹੋਇਆ ਸੀ। ਇਸ ਲਈ ਬਾਦਸ਼ਾਹ ਨੂੰ ਪੰਦਰਾਂ ਦਿਨਾਂ ਤਾਈਂ ਉੱਥੇ ਰੁਕਣਾ ਪਿਆ। ਲਸ਼ਕਰ ਨੇ ਬੜੀ ਮੁਸ਼ਕਲ ਨਾਲ ਦਰਿਆ ਪਾਰ ਕੀਤਾ, ਪਰ ਜਦ ਤੋਪਖਾਨਾ ਪਾਰ ਹੋਣ ਲੱਗਾ ਤਾਂ ਦਸ ਸ਼ਾਹੀ ਤੋਪਾਂ ਦਰਿਆ ਵਿੱਚ ਹੀ ਡੁੱਬ ਗਈਆਂ। ਜਦੋਂ ਦਰਿਆ ਵਿੱਚੋਂ ਤੋਪਾਂ ਕੱਢਣ ਦਾ ਕੋਈ ਹੀਲਾ ਨਾ ਬਚਿਆ ਤਾਂ ਬਾਦਸ਼ਾਹ ਨੇ ਰਣਜੀਤ ਸਿੰਘ ਨੂੰ ਪਰਵਾਨਾ ਲਿਖਿਆ ਕਿ ਜਦ ਦਰਿਆ ਵਿੱਚ ਪਾਣੀ ਦਾ ਪੱਧਰ ਘਟ ਜਾਏ ਤਾਂ ਇਹਨਾਂ ਤੋਪਾਂ ਨੂੰ ਕਢਵਾ ਕੇ ਕਾਬੁਲ ਭਿਜਵਾ ਦਿਉ, ਇਸ ਨਾਲ ਸਾਡੇ ਦਿਲ ਦੀ ਖ਼ੁਸ਼ੀ ਹੋਵੇਗੀ। ਇਸ ਸੇਵਾ ਦੇ ਬਦਲੇ ਸਾਡੇ ਵੱਲੋਂ ਤੁਹਾਨੂੰ ਆਗਿਆ ਹੈ ਕਿ ਲਾਹੌਰ 'ਤੇ ਜਾ ਕੇ ਕਬਜ਼ਾ ਕਰ ਲਵੋ ਤੇ ਆਪਣਾ ਰਾਜ ਪੰਜਾਬ ਵਿੱਚ ਸਥਾਪਿਤ ਕਰੋ। ਅੱਗੋਂ ਤੋਂ ਸਾਡੇ ਵੱਲੋਂ ਕੋਈ ਹਾਕਮ ਜਾਂ ਬਾਦਸ਼ਾਹ ਤੁਹਾਡੇ ਰਾਜ ਵਿੱਚ ਦਖ਼ਲ ਨਹੀਂ ਦੇਵੇਗਾ ਨਾ ਹੀ ਰੋਕ ਪਾਵੇਗਾ। ਜਦ ਇਹ ਪੱਤਰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਿਆ ਤਾਂ ਉਹ ਬਹੁਤ ਖ਼ੁਸ਼ ਹੋਇਆ ਤੇ ਜਦ ਚਾਰ ਮਹੀਨਿਆਂ ਪਿੱਛੋਂ ਦਰਿਆ ਦਾ ਪਾਣੀ ਲੱਥਾ ਤਾਂ ਬੜੇ ਯਤਨਾਂ ਨਾਲ ਬਾਦਸ਼ਾਹ ਦੀਆਂ ਅੱਠ ਤੋਪਾਂ ਦਰਿਆ ਵਿੱਚੋਂ ਕਢਵਾਈਆਂ ਤੇ ਆਪਣੇ ਵਿਸ਼ਵਾਸੀ ਹੱਥ ਕਾਬਲ ਭਿਜਵਾ ਦਿੱਤੀਆਂ। ਇਸ ਸੇਵਾ ਤੋਂ ਬਾਦਸ਼ਾਹ ਬਹੁਤ ਖ਼ੁਸ਼ ਹੋਇਆ ਤੇ ਉਸ ਇਤਬਾਰੀ ਆਦਮੀ ਨੂੰ ਕੀਮਤੀ ਪੋਸ਼ਾਕਾਂ ਤੇ ਸਿਰੋਪਾ ਇਨਾਮ ਵਜੋਂ ਬਖ਼ਸ਼ਿਆ ਤੇ ਬੜੇ ਮਾਣ-ਸਤਿਕਾਰ ਨਾਲ ਉਸ ਨੂੰ ਵਿਦਾ ਕੀਤਾ। ਬਾਕੀ ਦੀਆਂ ਦੋ ਤੋਪਾਂ ਇੱਕ ਸਾਲ ਪਿੱਛੋਂ ਦਰਿਆ ਵਿੱਚੋਂ ਕੱਢੀਆਂ ਗਈਆਂ ਤੇ ਉਹ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਕਬਜ਼ੇ ਵਿੱਚ ਕਰ ਲਈਆਂ।

ਜਦ ਮਹਾਰਾਜਾ ਰਣਜੀਤ ਸਿੰਘ ਦਿਨੋ-ਦਿਨ ਤਰੱਕੀ ਕਰ ਰਿਹਾ ਸੀ ਤਾਂ ਖ਼ਾਨਦਾਨ ਦੇ ਈਰਖਾਲੂ ਦੱਬਦੇ ਗਏ। ਉੱਧਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਖ਼ਤ ਬਿਮਾਰ ਪੈ ਗਿਆ ਤੇ ਦਮੇ ਨੇ ਉਸ ਨੂੰ ਲੜਨ ਜਾਂ ਚੜ੍ਹਾਈ ਕਰਨ ਯੋਗ ਨਾ ਛੱਡਿਆ। ਦੂਜੇ ਪਾਸੇ ਇਸ ਖ਼ਾਨਦਾਨ ਦਾ ਦੁਸ਼ਮਣ ਗੁਲਾਬ ਸਿੰਘ ਭੰਗੀ ਘੋੜੇ ਤੋਂ ਡਿੱਗ ਪਿਆ। ਉਸ ਨੂੰ ਬੜੀਆਂ ਸਖ਼ਤ ਸੱਟਾਂ ਲੱਗੀਆਂ। ਅਜਿਹੇ ਕਰੜੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰਨਾ ਚਾਹਿਆ, ਪਰ ਉਹ ਇਸ ਕੰਮ ਨੂੰ ਬੜਾ ਬਿਖੜਾ ਸਮਝਦਾ ਸੀ, ਕਿਉਂਕਿ ਇੱਕ ਹਿੱਸਾ ਭੰਗੀ ਮਿਸਲ ਦੇ ਸਰਦਾਰਾਂ ਅਧੀਨ ਸੀ ਤੇ ਉਹਨਾਂ ਦਾ ਹਿਮਾਇਤੀ ਉਹਨਾਂ ਦਿਨਾਂ ਵਿੱਚ ਸਰਦਾਰ ਸਾਹਿਬ ਸਿੰਘ ਭੰਗੀ ਸੀ, ਜਿਹੜਾ ਗੁਜਰਾਤ ਉੱਪਰ ਹਕੂਮਤ ਕਰਦਾ ਸੀ ਤੇ ਲਾਹੌਰ ਦੇ ਹਾਕਮ ਸਰਦਾਰਾਂ ਨੂੰ ਆਪਣਾ ਨਾਇਬ ਸਮਝਦਾ ਸੀ। ਮਹਾਰਾਜਾ ਰਣਜੀਤ ਸਿੰਘ ਹਾਲੀਂ ਏਸੇ ਫ਼ਿਕਰ ਵਿੱਚ ਸੀ ਕਿ ਲਾਹੌਰ ਸ਼ਹਿਰ ਦੇ ਹਾਕਮ ਰਾਇ ਮੁਹੰਮਦ ਆਸ਼ਿਕ,

ਮੁਹੰਮਦ ਬਾਕਰ, ਮੁਹੰਮਦ ਤਾਹਿਰ, ਮੁਫ਼ਤੀ ਮੁਹੰਮਦ ਮੁਕੱਰਿਮ, ਆਦਿ ਜਿਹੇ ਰਈਸਾਂ ਵੱਲੋਂ ਇੱਕ ਬੇਨਤੀ ਪੱਤਰ ਗੁੱਜਰਾਂਵਾਲੇ ਉਸ ਨੂੰ ਮਿਲਿਆ, ਜਿਸ ਦਾ ਭਾਵ ਇਹ ਸੀ ਕਿ ਲਾਹੌਰ ਦੀ ਪਰਜਾ ਤਿੰਨ ਹਾਕਮਾਂ ਤੋਂ ਤੰਗ ਆ ਗਈ ਹੈ ਤੇ ਤਿੰਨਾਂ ਨੇ ਜਨਤਾ ਨੂੰ ਲੁੱਟ ਖਾਧਾ ਹੈ ਤੇ ਲੋਕਾਂ ਦੀ ਦਾਦ ਫ਼ਰਿਆਦ ਕੋਈ ਵੀ ਸੁਣਨ ਵਾਲਾ ਨਹੀਂ। ਤੇ ਫ਼ਸੀਲ ਦੇ ਬਾਹਰਵਾਰ ਜਿੰਨਾ ਵੀ ਸ਼ਹਿਰ ਆਬਾਦ ਸੀ, ਲੁਟੇਰੇ ਸਿੱਖਾਂ ਨੇ ਲੁੱਟ-ਪੁੱਟ ਲਿਆ ਹੈ ਤੇ ਲੋਕਾਂ ਦੇ ਘਰ ਢਾਹ ਕੇ ਲੱਕੜਾਂ ਵੀ ਕੱਢ ਕੇ ਲੈ ਗਏ ਹਨ ਤੇ ਅੰਦਰਲੀ ਅਬਾਦੀ ਜੋ ਰਹਿ ਵੀ ਗਈ ਹੈ, ਇਹ ਤਿੰਨੇ ਹਾਕਮ ਉਸ ਨੂੰ ਵੀ ਉਜਾੜਦੇ ਜਾਂਦੇ ਹਨ। ਇਹ ਤਿੰਨੇ ਹਾਕਮ ਦਿਨ-ਰਾਤ ਰੰਗਰਲੀਆਂ ਮਨਾਉਂਦੇ ਰਹਿੰਦੇ ਹਨ ਤੇ ਜਦ ਇਹਨਾਂ ਨੂੰ ਖ਼ਰਚ ਆਦਿ ਲਈ ਪੈਸੇ ਦੀ ਲੋੜ ਹੁੰਦੀ ਹੈ ਤਾਂ ਇਹ ਆਪ ਹੀ ਆਪਣੀ ਪਰਜਾ ਨੂੰ ਲੁੱਟ ਲੈਂਦੇ ਹਨ। ਇਸ ਲਈ ਸਾਡੀ ਇੱਛਾ ਹੈ ਕਿ ਆਪ ਇੱਥੇ ਪਧਾਰਨ ਦਾ ਕਸ਼ਟ ਕਰੋ, ਕਿਉਂਕਿ ਸ਼ਹਿਰ ਦੇ ਦਰਵਾਜ਼ੇ ਖੁੱਲ੍ਹੇ ਸਨ ਤੇ ਆਪ ਦਾ ਕਬਜ਼ਾ ਸ਼ਹਿਰ ਉੱਪਰ ਝੱਟ-ਪੱਟ ਹੀ ਹੋ ਜਾਵੇਗਾ।

ਜਦ ਇਹ ਬੇਨਤੀ ਪੱਤਰ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿੱਚ ਪੁੱਜਾ ਤਾਂ ਉਹ ਬਹੁਤ ਖ਼ੁਸ਼ ਹੋਇਆ ਤੇ ਵਾਹਿਗੁਰੂ ਦੇ ਹਜ਼ੂਰ ਸਿਰ ਨਿਵਾ ਕੇ ਅਰਦਾਸ ਕੀਤੀ ਤੇ ਉਸੇ ਵੇਲੇ ਤਿਆਰ ਹੋ ਗਿਆ ਕਿ ਲਾਹੌਰ ਸ਼ਹਿਰ 'ਤੇ ਕਬਜ਼ਾ ਕਰ ਕੇ ਪੰਜਾਬ ਵਿੱਚ ਆਪਣਾ ਰਾਜ ਸਥਾਪਿਤ ਕਰ ਲਵੇ। ਇਸ ਲਈ ਆਪਣੇ ਸਵਾਰਾਂ ਦੀ ਫ਼ੌਜ ਲੈ ਕੇ ਪਹਿਲਾਂ ਗੁੱਜਰਾਂਵਾਲੇ ਗਿਆ ਤੇ ਆਪਣੀ ਸੱਸ ਸਦਾ ਕੌਰ ਨਾਲ ਇਸ ਬਾਰੇ ਸਲਾਹ-ਮਸ਼ਵਰਾ ਕੀਤਾ ਤੇ ਉਸ ਪਾਸੋਂ ਸਹਾਇਤਾ ਮੰਗੀ, ਜਿਸ ਪੁਰ ਉਹ ਵੀ ਆਪਣਾ ਲਸ਼ਕਰ ਲੈ ਕੇ ਉਸ ਦੇ ਨਾਲ ਹੋ ਗਈ। ਤੇ ਦੋਵੇਂ ਫ਼ੌਜਾਂ ਕੂਚ ਕਰਦੀਆਂ ਲਾਹੌਰ ਪਹੁੰਚ ਗਈਆਂ। ਮੁਹੱਰਮ ਦੀ ਪਹਿਲੀ ਤਾਰੀਖ਼ ਨੂੰ ਲਾਹੌਰ ਨੇੜੇ ਨਵਾਬ ਵਜ਼ੀਰ ਖ਼ਾਂ ਦੇ ਬਾਗ਼ ਵਿੱਚ ਉੱਤਰੀਆਂ। ਇਹ ਬਾਗ਼ ਹੁਣ ਵਾਲੇ ਅਨਾਰਕਲੀ ਬਜ਼ਾਰ ਦੇ ਸਿਰੇ 'ਤੇ ਡਾਕਖ਼ਾਨੇ ਤੇ ਅਜਾਇਬ-ਘਰ ਦੇ ਨੇੜੇ ਹੈ। ਇਸੇ ਬਾਗ਼ ਦੀ ਬਾਰਾਂਦਰੀ ਵਿੱਚ ਅੰਗਰੇਜ਼ਾਂ ਨੇ ਕਿਤਾਬ-ਘਰ ਬਣਾਇਆ। ਜਦ ਲਾਹੌਰ ਦੇ ਹਾਕਮ ਸਰਦਾਰਾਂ ਨੇ ਇਹ ਖ਼ਬਰ ਸੁਣੀ ਤਾਂ ਬਹੁਤ ਚਿੰਤਾਤੁਰ ਹੋਏ ਤੇ ਝੱਟ-ਪੱਟ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ ਤੇ ਲੋੜੀਂਦੇ ਸਮਾਨ ਤੇ ਮੌਜੂਦਾ ਫ਼ੌਜ ਨਾਲ ਜੰਗ ਕਰਨ ਲਈ ਤਿਆਰ ਹੋ ਗਏ। ਉਸ ਵੇਲੇ ਸ਼ਹਿਰ ਦੇ ਤਿੰਨ ਦਰਵਾਜ਼ੇ ਦਿੱਲੀ ਦਰਵਾਜ਼ਾ, ਲਾਹੌਰੀ ਦਰਵਾਜ਼ਾ ਤੇ ਰੋਸ਼ਨਾਈ ਦਰਵਾਜ਼ਾ ਖੁੱਲ੍ਹੇ ਸਨ ਤੇ ਬਾਕੀ ਦਰਵਾਜ਼ਿਆਂ ਨੂੰ ਪੱਕੀਆਂ ਕੰਧਾਂ ਕਰ ਕੇ ਬੰਦ ਕਰ ਦਿੱਤਾ ਗਿਆ ਸੀ। ਇਸ ਲਈ ਰਣਜੀਤ ਸਿੰਘ ਨੂੰ ਸ਼ਹਿਰ ਵਿੱਚ ਦਾਖ਼ਲ ਹੋਣਾ ਬਹੁਤ ਔਖਾ ਜਾਪਦਾ ਸੀ। ਪਹਿਲਾਂ ਤਿੰਨਾਂ ਹਾਕਮਾਂ ਨੇ ਤਨ-ਮਨ ਨਾਲ ਇੱਕ ਹੋ ਕੇ ਆਪਣੀਆਂ-ਆਪਣੀਆਂ ਫ਼ੌਜਾਂ ਇਕੱਠੀਆਂ ਕੀਤੀਆਂ ਤੇ ਲਗ-ਪਗ ਦੋ ਸੌ ਸਵਾਰ ਲਾਹੌਰੀ ਦਰਵਾਜ਼ੇ ਤੋਂ ਬਾਹਰ ਨਿਕਲ ਕੇ ਰਣਜੀਤ ਸਿੰਘ ਦੇ ਮੁਕਾਬਲੇ 'ਤੇ ਆਏ। ਇਹ ਫ਼ੌਜ ਨਾਮ ਦੀ ਹੀ

ਫ਼ੌਜ ਸੀ ਨਾ ਕੋਲ ਵਧੀਆ ਹਥਿਆਰ ਸਨ, ਇਹਨਾਂ ਦੀ ਹਾਲਤ ਬਹੁਤ ਖਸਤਾ ਸੀ। ਇਸ ਲਈ ਇੱਕੋ ਹੀ ਹਮਲੇ ਵਿੱਚ ਫ਼ੌਜ ਸ਼ਹਿਰ ਅੰਦਰ ਜਾ ਵੜੀ ਤੇ ਉਸ ਦੇ ਪੰਜ ਆਦਮੀ ਮਾਰੇ ਗਏ। ਲਾਹੌਰ ਦੇ ਰਈਸਾਂ, ਜਿਹੜੇ ਅੰਦਰੋਂ ਮਹਾਰਾਜਾ ਰਣਜੀਤ ਸਿੰਘ ਨਾਲ ਰਲੇ ਹੋਏ ਸਨ, ਨੇ ਲਾਹੌਰੀ ਦਰਵਾਜ਼ੇ ਦੇ ਦਰਬਾਨ ਤੇ ਰਖਵਾਲੇ ਮੋਹਕਮਦੀਨ ਨੂੰ ਇਸ ਗੱਲ ਲਈ ਤਿਆਰ ਕਰ ਲਿਆ ਕਿ ਜਦ ਮਹਾਰਾਜਾ ਰਣਜੀਤ ਸਿੰਘ ਦਰਵਾਜ਼ੇ ਤਕ ਪਹੁੰਚੇ, ਤਾਂ ਝੱਟ-ਪੱਟ ਦਰਵਾਜ਼ੇ ਖੋਲ੍ਹ ਦੇਵੇ। ਨਾਲ ਹੀ ਰਣਜੀਤ ਸਿੰਘ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਕਿ ਅਗਲੇ ਭਲਕੇ ਉਹ ਆਪਣੀ ਫ਼ੌਜ ਲੈ ਕੇ ਲਾਹੌਰੀ ਦਰਵਾਜ਼ੇ ਦੇ ਬਾਹਰ ਆ ਜਾਵੇ, ਦਰਵਾਜ਼ੇ ਉਸੇ ਵੇਲੇ ਖੋਲ੍ਹ ਦਿੱਤਾ ਜਾਵੇਗਾ। ਦੂਜੇ ਦਿਨ ਹਾੜ੍ਹ ਸੁਦੀ ਪੰਚਮੀ ਸੰਮਤ 1856 ਬਿ. ਮੁਤਾਬਕ ਸੰਨ 1799 ਨੂੰ ਰਣਜੀਤ ਸਿੰਘ ਨਵਾਬ ਵਜ਼ੀਰ ਖ਼ਾਂ ਦੇ ਬਾਗ਼ ਤੋਂ ਫ਼ੌਜ ਨਾਲ ਸਵਾਰ ਹੋ ਕੇ ਲਾਹੌਰੀ ਦਰਵਾਜ਼ੇ ਵੱਲ ਵਧਿਆ। ਇਸ ਗੱਲ ਦੀ ਖ਼ਬਰ ਸੂਹੀਆਂ ਨੇ ਲਾਹੌਰ ਦੇ ਹਾਕਮ ਸਰਦਾਰਾਂ ਨੂੰ ਪਹੁੰਚਾ ਦਿੱਤੀ ਕਿ ਰਣਜੀਤ ਸਿੰਘ ਲਾਹੌਰੀ ਦਰਵਾਜ਼ੇ ਨੂੰ ਤੋੜ ਕੇ ਸ਼ਹਿਰ ਵਿੱਚ ਦਾਖ਼ਲ ਹੋਣਾ ਚਾਹੁੰਦਾ ਹੈ। ਇਸ ਲਈ ਸਰਦਾਰ ਆਪਣੀਆਂ ਫ਼ੌਜਾਂ ਸਮੇਤ ਸਵਾਰ ਹੋ ਕੇ ਲਾਹੌਰੀ ਦਰਵਾਜ਼ੇ ਵੱਲ ਆਏ ਤੇ ਰਣਜੀਤ ਸਿੰਘ ਨੂੰ ਰੋਕਣਾ ਚਾਹਿਆ, ਪਰ ਉਹ ਜਦੋਂ ਲਾਹੌਰੀ ਦਰਵਾਜ਼ੇ ਦੇ ਨੇੜੇ ਪੁੱਜੇ ਤਾਂ ਮਹਿਰ ਮੋਹਕਮਦੀਨ ਨੇ ਟਪਲਾ ਦੇਂਦਿਆਂ ਹੋਇਆਂ ਉਹਨਾਂ ਨੂੰ ਦੱਸਿਆ ਕਿ ਰਣਜੀਤ ਸਿੰਘ ਇੱਧਰ ਆਇਆ ਤਾਂ ਸੀ, ਪਰ ਅਸਾਂ ਬੰਦੂਕਾਂ ਨਾਲ ਉਸ ਨੂੰ ਇੱਧਰੋਂ ਹਟਾ ਦਿੱਤਾ ਹੈ ਤੇ ਹੁਣ ਉਹ ਦਿੱਲੀ ਦਰਵਾਜ਼ੇ ਵੱਲ ਚਲਾ ਗਿਆ ਹੈ। ਤੁਸੀਂ ਇਧਰੋਂ ਬੇਫ਼ਿਕਰ ਹੋ ਕੇ ਰਹੋ, ਇਸ ਦਰਵਾਜ਼ੇ ਰਾਹੀਂ ਕੋਈ ਵੀ ਅੰਦਰ ਨਹੀਂ ਵੜਨ ਦਿੱਤਾ ਜਾਵੇਗਾ ਤੇ ਤੁਸੀਂ ਸਗੋਂ ਦਿੱਲੀ ਦਰਵਾਜ਼ੇ ਵੱਲ ਚਲੇ ਜਾਵੋ ਤੇ ਪ੍ਰਬੰਧ ਕਰੋ। ਮੋਹਕਮਦੀਨ ਦੀ ਝੂਠੀ ਗੱਲ ਸੱਚੀ ਸਮਝ ਕੇ ਉਹ ਦੌੜਦੇ ਹੋਏ ਦਿੱਲੀ ਦਰਵਾਜ਼ੇ ਨੂੰ ਚਲੇ ਗਏ। ਉਹਨਾਂ ਦੇ ਜਾਣ ਦੀ ਦੇਰ ਸੀ ਕਿ ਦਰਬਾਨ ਨੇ ਦਰਵਾਜ਼ੇ ਖੋਲ੍ਹ ਦਿੱਤੇ ਤੇ ਮਹਾਰਾਜਾ ਰਣਜੀਤ ਸਿੰਘ ਸ਼ਹਿਰ ਵਿੱਚ ਦਾਖ਼ਲ ਹੋ ਗਿਆ। ਜਦੋਂ ਸਰਦਾਰਾਂ ਨੂੰ ਪਤਾ ਲੱਗਾ ਕਿ ਰਣਜੀਤ ਸਿੰਘ ਸ਼ਹਿਰ ਅੰਦਰ ਦਾਖ਼ਲ ਹੋ ਗਿਆ ਹੈ ਤਾਂ ਉਹ ਦਿੱਲੀ ਦਰਵਾਜ਼ੇ ਤੋਂ ਹੀ ਨੱਸ ਗਏ। ਤੇ ਚੇਤ ਸਿੰਘ ਭੰਗੀ ਆਪਣੇ ਅਧੀਨ ਕਿਲ੍ਹੇ ਵਿੱਚ ਜਾ ਵੜਿਆ। ਰਣਜੀਤ ਸਿੰਘ ਨੇ ਸ਼ਹਿਰ ਅੰਦਰ ਦਾਖ਼ਲ ਹੋ ਕੇ ਯੋਗ ਪ੍ਰਬੰਧ ਕਰ ਲਿਆ। ਸ਼ਹਿਰ ਅੰਦਰ ਵੜਦਿਆਂ ਫ਼ੌਜ ਨੇ ਵਧੀਕੀ ਕੀਤੀ, ਪਰ ਰਣਜੀਤ ਸਿੰਘ ਨੇ ਸਭ ਨੂੰ ਤਾੜਨਾ ਕੀਤੀ ਕਿ ਕਿਸੇ ਵੀ ਆਦਮੀ ਨੂੰ ਤੰਗ ਨਾ ਕੀਤਾ ਜਾਵੇ। ਫੇਰ ਰਣਜੀਤ ਸਿੰਘ ਨੇ ਲਾਹੌਰ ਕਿਲ੍ਹੇ ਨੂੰ ਘੇਰਾ ਪਾਉਣ ਦੀ ਤਜਵੀਜ਼ ਪੇਸ਼ ਕੀਤੀ, ਪਰ ਸਦਾ ਕੌਰ ਨੇ ਇਸ ਗੱਲ ਦਾ ਵਿਰੋਧ ਕੀਤਾ ਤੇ ਕਿਹਾ ਚੇਤ ਸਿੰਘ ਨਾਲ ਲੜਨਾ ਜ਼ਰੂਰੀ ਨਹੀਂ, ਕਿਉਂਕਿ ਖ਼ਰਚ ਆਦਿ ਮੁੱਕਣ ਤੇ ਦੋ ਚਾਰ ਦਿਨਾਂ ਬਾਅਦ ਆਪੇ ਹੀ ਕਿਲ੍ਹੇ ਤੋਂ ਬਾਹਰ ਨਿਕਲ ਜਾਵੇਗਾ ਤੇ ਅਖ਼ੀਰ ਇਸੇ ਤਰ੍ਹਾਂ ਹੀ ਹੋਇਆ। ਦੂਜੇ ਦਿਨ

ਹੀ ਚੇਤ ਸਿੰਘ ਦਾ ਵਕੀਲ ਰਣਜੀਤ ਸਿੰਘ ਕੋਲ ਆਇਆ ਤੇ ਬੇਨਤੀ ਕੀਤੀ ਕਿ ਜੇਕਰ ਆਪ ਕਿਸੇ ਕਿਸਮ ਦੀ ਰੋਕ-ਟੋਕ ਨਾ ਪਾਓ ਤਾਂ ਚੇਤ ਸਿੰਘ ਕਿਲ੍ਹੇ ਤੋਂ ਨਿਕਲ ਕੇ ਚਲਾ ਜਾਵੇ। ਰਣਜੀਤ ਸਿੰਘ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਚੇਤ ਸਿੰਘ ਆਪਣੀ ਜਾਨ ਬਚਾ ਕੇ ਭੱਜ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਪਰ ਕਬਜ਼ਾ ਕਰ ਲਿਆ।

ਲਾਹੌਰ 'ਤੇ ਅਧਿਕਾਰ ਕਰਨ ਮਗਰੋਂ ਭੰਗੀ, ਰਾਮਗੜ੍ਹੀਆ ਤੇ ਕੁਝ ਹੋਰ ਮੁਖੀ, ਜੋ ਰਣਜੀਤ ਸਿੰਘ ਨਾਲ ਈਰਖਾ ਕਰਦੇ ਸਨ, ਉਸ ਦੀ ਸ਼ਕਤੀ ਕੁਚਲਣ ਲਈ ਇਕੱਠੇ ਹੋ ਗਏ। ਉਹ ਅੰਮ੍ਰਿਤਸਰ ਵਿੱਚ ਇਕੱਠੇ ਹੋਏ ਤੇ ਕਸੂਰ ਦੇ ਨਿਜ਼ਾਮ-ਉਦ-ਦੀਨ ਦੀ ਉਕਸਾਹਟ 'ਤੇ ਆਪਣੀਆਂ ਫ਼ੌਜਾਂ ਲੈ ਕੇ ਲਾਹੌਰ ਵੱਲ ਵਧੇ। ਰਣਜੀਤ ਸਿੰਘ ਲਾਹੌਰ ਤੋਂ ਦਸ ਮੀਲ ਦੂਰ ਭਸੀਨ ਪਿੰਡ ਵਿੱਚ ਉਹਨਾਂ ਦਾ ਟਾਕਰਾ ਕਰਨ ਲਈ ਪਹੁੰਚ ਗਿਆ। ਦੋਹਾਂ ਧਿਰਾਂ ਦੀਆਂ ਫ਼ੌਜਾਂ ਦੋ ਮਹੀਨੇ ਲਈ ਇੱਕ-ਦੂਸਰੇ ਵਿਰੁੱਧ ਡਟੀਆਂ ਰਹੀਆਂ। ਜ਼ਿਆਦਾ ਸ਼ਰਾਬ ਪੀਣ ਕਰ ਕੇ ਭੰਗੀ ਸਰਦਾਰ ਗੁਲਾਬ ਸਿੰਘ ਮਰ ਗਿਆ ਤੇ ਸਾਰੇ ਪਾਸੇ ਚੁੱਪ-ਚਾਪ ਛਾ ਗਈ ਤੇ ਬਿਨਾਂ ਯੁੱਧ ਲੜੇ ਸਾਰੇ ਉੱਥੋਂ ਚਲੇ ਗਏ, ਪ੍ਰੰਤੂ ਭਸੀਨ ਮੁਹਿੰਮ ਦੇ ਅਖ਼ੀਰ ਵਿੱਚ ਰਣਜੀਤ ਸਿੰਘ ਨੂੰ ਕਾਫ਼ੀ ਮਾਇਕ ਤੋਟ ਆ ਗਈ ਤੇ ਪੈਸੇ ਦੀ ਬਹੁਤ ਲੋੜ ਸੀ। ਤੇ ਉਹ ਸਥਾਨਕ ਸ਼ਾਹੂਕਾਰਾਂ ਤੋਂ ਜ਼ਬਰਦਸਤੀ ਕਰਜ਼ ਲੈਣ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਦੀ ਖ਼ੁਸ਼ਕਿਸਮਤੀ ਸੀ ਕਿ ਐਨ ਉਸੇ ਵਕਤ ਉਸ ਨੂੰ ਸ਼ਹਿਰ ਦੇ ਬਾਹਰ ਬੁੱਧੂ ਦੇ ਆਵੇ ਤੋਂ 20 ਹਜ਼ਾਰ ਸੋਨੇ ਦੀਆਂ ਮੁਹਰਾਂ ਮਿਲ ਗਈਆਂ। ਕਨ੍ਹਈਆ ਲਾਲ ਤਵਾਰੀਖ਼ ਏ ਪੰਜਾਬ ਵਿੱਚ ਲਿਖਦਾ ਹੈ ਕਿ ਰਣਜੀਤ ਸਿੰਘ ਨੂੰ ਇੱਕ ਬੁੱਢੇ ਦੇ ਕਹਿਣ 'ਤੇ ਦੱਬਿਆ ਹੋਇਆ ਬਹੁਤ ਸਾਰਾ ਖ਼ਜ਼ਾਨਾ ਮਿਲਿਆ। ਕਈ ਲੱਖਾਂ ਦੀ ਮਾਲੀਅਤ ਦਾ ਖ਼ਜ਼ਾਨਾ ਹੱਥ ਆਇਆ। ਦੱਬੀਆਂ ਹੋਈਆਂ ਤੋਪਾਂ ਵੀ ਮਿਲੀਆਂ। ਉਹਨਾਂ ਨੂੰ ਤਖ਼ਤਿਆਂ 'ਤੇ ਲੱਦ ਕੇ ਲਾਹੌਰ ਲਿਆਂਦਾ ਗਿਆ। ਭਸੀਨ ਦੀ ਲੜਾਈ ਵਿੱਚ ਗੁਲਾਬ ਸਿੰਘ ਭੰਗੀ ਦੀ ਮੌਤ ਤੋਂ ਬਾਅਦ ਦੂਜੇ ਸਰਦਾਰਾਂ ਨੇ ਰਣਜੀਤ ਸਿੰਘ ਦੀ ਅਧੀਨਗੀ ਪ੍ਰਵਾਨ ਕਰ ਲਈ। ਮਹਾਰਾਜਾ ਨੇ ਉਹਨਾਂ ਨੂੰ ਬੜੀ ਖ਼ੁਸ਼ੀ ਨਾਲ ਨੌਕਰ ਰੱਖ ਲਿਆ। ਭੱਜੇ ਜਾਂਦੇ ਰਾਮਗੜ੍ਹੀਏ ਸਰਦਾਰਾਂ ਦਾ ਕਈ ਮੀਲ ਤਕ ਪਿੱਛਾ ਕੀਤਾ, ਪਰ ਉਹ ਹੱਥ ਨਾ ਆਏ। ਰਣਜੀਤ ਸਿੰਘ ਨੇ ਫ਼ਤਿਹ ਪਾ ਕੇ ਰੱਬ ਦਾ ਸ਼ੁਕਰਾਨਾ ਕੀਤਾ ਤੇ ਬੜੀ ਸ਼ਾਨ ਤੇ ਵੱਡੇ ਠਾਠ ਨਾਲ ਲਾਹੌਰ ਵਿੱਚ ਦਾਖ਼ਲ ਹੋਏ।

ਲਾਹੌਰ ਦੇ ਰਈਸ ਮਹਾਰਾਜੇ ਨੂੰ ਵਧਾਈਆਂ ਦੇਣ ਲਈ ਆਏ। ਮਹਾਰਾਜੇ ਦੀ ਸੇਵਾ ਵਿੱਚ ਹਾਜ਼ਰ ਹੋਏ। ਸਭ ਨੂੰ ਜੋੜੇ ਪੁਸ਼ਾਕੇ ਬਖ਼ਸ਼ੇ ਗਏ ਤੇ ਬਹੁਤ ਸਾਰਾ ਧਨ-ਮਾਲ, ਜਿਹੜਾ ਹਾਰੇ ਹੋਏ ਸਿੱਖਾਂ ਪਾਸੋਂ ਲੁੱਟ ਵਿੱਚ ਮਿਲਿਆ ਸੀ, ਗ਼ਰੀਬਾਂ ਤੇ ਫ਼ਕੀਰਾਂ ਵਿੱਚ ਵੰਡ ਦਿੱਤਾ। ਉਸੇ ਸਾਲ ਮਹਾਰਾਜ ਦੇ ਘਰ ਰਾਣੀ ਰਾਜ ਕੌਰ ਦੀ

ਕੁੱਖੋਂ ਸ਼ੁੱਭ ਘੜੀ ਸਮੇਂ ਪੁੱਤਰ ਦਾ ਜਨਮ ਹੋਇਆ। ਉਸ ਦਾ ਨਾਮ ਕੰਵਰ ਖੜਕ ਸਿੰਘ ਰੱਖਿਆ ਗਿਆ। ਉਸ ਦੇ ਜਨਮ ਸਮੇਂ ਮਹਾਰਾਜੇ ਨੇ ਬੜੀ ਭਾਰੀ ਖ਼ੁਸ਼ੀ ਕੀਤੀ ਤੇ ਖ਼ੁਸ਼ੀ ਦੀਆਂ ਮਹਿਫ਼ਲਾਂ ਗਰਮ ਰਹੀਆਂ। ਬਹੁਤ ਸਾਰਾ ਧਨ-ਮਾਲ ਗਰੀਬਾਂ ਤੇ ਫ਼ਕੀਰਾਂ ਵਿੱਚ ਵੰਡਿਆ ਗਿਆ। ਇਸ ਜਸ਼ਨ ਪਿੱਛੋਂ ਇਹ ਮਤਾ ਹੋਇਆ ਕਿ ਇੱਕ ਵੱਡਾ ਸਮਾਗਮ ਕੀਤਾ ਜਾਵੇ, ਜਿਸ ਵਿੱਚ ਰਣਜੀਤ ਸਿੰਘ ਆਪਣੇ ਲਈ 'ਮਹਾਰਾਜਾ' ਦਾ ਖ਼ਿਤਾਬ ਧਾਰਨ ਕਰੇ। ਇਸ ਲਈ ਕੰਵਰ ਖੜਕ ਸਿੰਘ ਦੇ ਜਨਮ ਦਿਨ ਤੋਂ ਇੱਕ ਮਹੀਨਾ ਬਾਅਦ ਇਹ ਸਮਾਗਮ ਕੀਤਾ ਗਿਆ, ਜਿਸ ਵਿੱਚ ਦੂਰ-ਦੂਰ ਦੇ ਪਤਵੰਤੇ ਸੱਦੇ ਗਏ। ਰਿਆਸਤ ਦੇ ਸਾਰੇ ਚੌਧਰੀ, ਮੁਕੱਦਮ ਤੇ ਨੰਬਰਦਾਰ ਵੀ ਹਾਜ਼ਰ ਹੋਏ। ਮਹਾਰਾਜਾ ਦੇ ਮੱਥੇ 'ਤੇ 'ਵਧਾਈ ਹੋਵੇ', 'ਵਧਾਈ ਹੋਵੇ' ਦੀਆਂ ਅਵਾਜ਼ਾਂ ਚੌਹਾਂ ਪਾਸਿਓਂ ਗੂੰਜ ਉੱਠੀਆਂ। ਮਹਾਰਾਜਾ ਨੇ ਆਪਣੀ ਸ਼ੁੱਭ ਰਸਨਾ ਤੋਂ ਇਹ ਬਚਨ ਕਹੇ ਕਿ ਸਾਨੂੰ ਕੁੱਲ ਜਨਤਾ ਤੇ ਆਹਲਾ ਅਧਿਕਾਰੀ 'ਸਰਕਾਰ' ਸ਼ਬਦ ਨਾਲ ਸੰਬੋਧਨ ਕੀਤਾ ਕਰਨ ਤੇ ਲਿਖਤ ਆਦਿ ਵਿੱਚ 'ਮਹਾਰਾਜਾ ਰਣਜੀਤ ਸਿੰਘ ਬਹਾਦਰ' ਲਿਖਿਆ ਜਾਵੇ। ਉਸ ਸਮੇਂ ਲਾਹੌਰ ਦੇ ਵਿਦਵਾਨ ਆਲਮ ਫ਼ਾਜ਼ਲ ਤੇ ਸ਼ਾਇਰ ਵੀ ਮੌਜੂਦ ਸਨ। ਹਰ ਇੱਕ ਨੂੰ ਉਸ ਦੇ ਪਦ ਤੇ ਮਰਤਬੇ ਅਨੁਸਾਰ ਇਨਾਮ ਬਖ਼ਸ਼ਿਆ ਗਿਆ ਅਤੇ ਹੁਕਮ ਕੀਤਾ ਕਿ ਫ਼ਾਰਸੀ ਵਿੱਚ ਕੋਈ ਅਜਿਹੀ ਤੁਕ ਪੇਸ਼ ਕੀਤੀ ਜਾਵੇ, ਜਿਹੜੀ ਰੁਪਏ ਦੇ ਸਿੱਕੇ ਵਿੱਚ ਢਾਲ਼ੀ ਜਾ ਸਕੇ, ਪਰ ਇਸ ਵਿੱਚ ਗੁਰੂ ਨਾਨਕ ਤਥਾ ਗੁਰੂ ਗੋਬਿੰਦ ਸਿੰਘ ਦਾ ਨਾਮ ਵੀ ਆ ਜਾਵੇ। ਬਹੁਤ ਕੁਝ ਸੁਣਨ ਤੇ ਵਿਚਾਰਨ ਤੋਂ ਬਾਅਦ ਇਹ ਸ਼ਿਅਰ ਦੋ ਤੁਕਾਂ ਦਾ ਪਸੰਦ ਆ ਗਿਆ:

'ਦੇਗੋ ਤੇਗੋ ਫ਼ਤਿਹ ਨੁਸਰਤ ਬੇਦਰੰਗ।
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ।'

*(ਦੇਗ ਤੇ ਤੇਗ ਫ਼ਤਹ ਤੇ ਵਿਜੇ, ਬਿਨਾਂ ਕਿਸੇ ਢਿੱਲ ਦੇ ਪ੍ਰਾਪਤ ਕੀਤੀ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਾਸੋਂ)*

ਜਦ ਇਹ ਸ਼ਿਅਰ ਪਸੰਦ ਆ ਗਿਆ ਤੇ ਪ੍ਰਵਾਨ ਹੋ ਗਿਆ ਤਾਂ ਟਕਸਾਲ ਦੇ ਜਾਰੀ ਕਰਨ ਦਾ ਹੁਕਮ ਦਿੱਤਾ ਤੇ ਆਗਿਆ ਕੀਤੀ ਕਿ 'ਰੁਪਏ' ਦੇ ਇੱਕ ਪਾਸੇ ਉਪਰੋਕਤ ਸ਼ਿਅਰ ਹੋਵੇ ਤੇ ਦੂਜੇ ਪਾਸੇ 'ਰਣਜੀਤ ਸਿੰਘ' ਲਿਖਿਆ ਜਾਵੇ ਤੇ ਉਸ ਮੁਹਰ ਦਾ ਨਾਮ ਦਿੱਤਾ ਜਾਵੇ, ਜਿੱਥੇ ਉਹ ਢਾਲ਼ਿਆ ਗਿਆ ਹੋਵੇ। ਇਸ ਪੁਰ ਸ਼ੁੱਭ ਦਿਨ ਟਕਸਾਲ ਵੀ ਜਾਰੀ ਹੋ ਗਈ ਤੇ ਦੂਜੇ ਦਿਨ ਹੀ ਕਈ ਸੌ ਰੁਪਏ ਟਕਸਾਲੀ ਬਣ ਕੇ ਮਹਾਰਾਜੇ ਦੇ ਪੇਸ਼ ਹੋਏ। ਉਹ ਸਾਰੇ ਮਸਕੀਨਾਂ, ਮੁਥਾਜਾਂ ਨੂੰ ਦੇ ਦਿੱਤੇ ਗਏ। ਲਾਹੌਰ ਦਾ ਕਾਜ਼ੀ ਨਿਜ਼ਾਮੁਦੀਨ ਜਿਸ ਦੇ ਜਿੰਮੇ ਲਾਹੌਰ ਦਾ ਲਿਖਤ-ਪੜ੍ਹਤ ਦਾ ਕੰਮ ਸੀ ਤੇ ਜਿਹੜਾ ਕਾਗ਼ਜ਼ਾਂ ਤੇ ਕਬਾਲਿਆਂ ਦੀ ਤਸਦੀਕ ਕਰਦਾ ਸੀ, ਮਹਾਰਾਜਾ ਦੀ ਸੇਵਾ ਵਿੱਚ ਹਾਜ਼ਰ ਹੋਇਆ ਤੇ ਆਗਿਆ ਚਾਹੀ ਕਿ ਅੱਗੋਂ ਤੋਂ ਇਹ ਕੰਮ ਕਿਸ ਪ੍ਰਕਾਰ

ਜਾਰੀ ਰਹੇ। ਮਹਾਰਾਜਾ ਨੇ ਬਚਨ ਕੀਤਾ ਕਿ ਜਿਵੇਂ ਇਹ ਕੰਮ ਮੁਸਲਮਾਨ 'ਬਾਦਸ਼ਾਹਾਂ' ਦੇ ਸਮੇਂ ਤੋਂ ਉਸ ਦੇ ਜ਼ਿੰਮੇ ਸੀ, ਹੁਣ ਵੀ ਉਸੇ ਤਰ੍ਹਾਂ ਰਹੇਗਾ ਅਤੇ ਜੋੜਾ ਪੁਸ਼ਾਕਾਂ ਦੇ ਕੇ ਕਾਜ਼ੀ ਨੂੰ ਵਿਦਾ ਕੀਤਾ ਤੇ ਇਸ ਗੱਲ ਦੀ ਪੱਕੀ ਕੀਤੀ ਕਿ ਉਹ ਹਰ ਕਾਗਜ਼ ਜਾਂ ਕਬਾਲੇ ਦੀ ਤਸਦੀਕ ਆਪਣੀ ਹੀ ਮੁਹਰ ਤੇ ਹਸਤਾਖ਼ਰਾਂ ਨਾਲ ਕਰ ਲਿਆ ਕਰੇ, ਪਰ ਮੁਹਰ ਲਾਉਣ ਤੇ ਹਸਤਾਖਰ ਕਰਨ ਤੋਂ ਪਹਿਲਾਂ ਹਰ ਗੱਲ ਦਾ ਅੰਤਿਮ ਫ਼ੈਸਲਾ ਕਰ ਲਿਆ ਕਰੇ, ਤਾਂ ਜੋ ਪਰਜਾ ਵਿੱਚ ਕਿਸੇ ਕਿਸਮ ਦਾ ਫ਼ਸਾਦ ਨਾ ਹੋਵੇ।

ਮਹਾਰਾਜਾ ਰਣਜੀਤ ਸਿੰਘ ਦੇ ਵਧਣ ਫੁੱਲਣ ਤੇ ਰਾਜ-ਪਾਟ ਪ੍ਰਾਪਤ ਕਰਨ ਤੋਂ ਸਾਰੇ ਸਿੱਖ ਸਰਦਾਰ ਸੜਦੇ ਸਨ ਤੇ ਚਾਹੁੰਦੇ ਸਨ ਕਿ ਜਲਾਉ ਦੇ ਬਾਗ਼ ਦੇ ਤਾਜ਼ਾ ਬੂਟੇ ਨੂੰ ਹੁਣੇ ਹੀ ਵੱਢ ਦਈਏ, ਤਾਂ ਜੁ ਇਹ ਵਧ-ਫੁੱਲ ਨਾ ਸਕੇ। ਉਸ ਵੇਲੇ ਸਭ ਤੋਂ ਵੱਧ ਈਰਖਾ ਤੇ ਸਾੜਾ ਸਰਦਾਰ ਸਾਹਿਬ ਸਿੰਘ ਭੰਗੀ ਨੂੰ ਸੀ, ਜਿਸ ਦਾ ਕਬਜ਼ਾ ਲਾਹੌਰ 'ਤੇ ਤੀਜੇ ਹਿੱਸੇ ਤੋਂ ਵੀ ਜਾਂਦਾ ਰਿਹਾ ਸੀ। ਉਸ ਨੂੰ ਇਸ ਗੱਲ ਦਾ ਵੀ ਭਰੋਸਾ ਨਹੀਂ ਸੀ ਕਿ ਮਹਾਰਾਜਾ ਉਸ ਦੇ ਰਹਿੰਦੇ ਇਲਾਕੇ 'ਤੇ ਕਬਜ਼ਾ ਕਰਨੋਂ ਛੱਡੇਗਾ, ਸਗੋਂ ਉਸ ਨੂੰ ਯਕੀਨ ਸੀ ਕਿ ਲਾਹੌਰ ਵਿਖੇ ਮਹਾਰਾਜਾ ਫ਼ੌਜ ਇਕੱਠੀ ਕਰ ਕੇ ਉਸ 'ਤੇ ਹਮਲਾ ਅਵੱਸ਼ ਕਰੇਗਾ। ਇਸੇ ਚਿੰਤਾ ਤੇ ਡਰ ਵਿੱਚ ਸਾਹਿਬ ਸਿੰਘ ਨੇ ਆਪਣੀ ਫ਼ੌਜ ਨੂੰ ਹੋਰ ਵਧਾਇਆ ਤੇ ਜੰਗ ਲਈ ਬਹੁਤ ਸਾਰਾ ਸਮਾਨ ਜਮ੍ਹਾਂ ਕੀਤਾ ਤੇ ਉਹ ਇੱਕ ਵੱਡੇ ਲਸ਼ਕਰ ਨਾਲ ਲਾਹੌਰ ਉੱਤੇ ਹਮਲਾ ਕਰਨ ਦੀ ਸੋਚ ਹੀ ਰਿਹਾ ਸੀ ਕਿ ਰਣਜੀਤ ਸਿੰਘ ਨੂੰ ਇਹ ਖ਼ਬਰ ਮਿਲ ਗਈ। ਇਸ ਲਈ ਉਸ ਨੇ ਇਹੀ ਯੋਗ ਜਾਣਿਆ ਕਿ ਉਹ ਆਪ ਇਸ ਦੁਸ਼ਮਣ ਉੱਪਰ ਹਮਲਾ ਕਰ ਦੇਵੇ ਤੇ ਉਸ ਦਾ ਇਲਾਕਾ ਖੋਹ ਕੇ ਉਸ ਨੂੰ ਆਪਣੇ ਅਧੀਨ ਕਰ ਲਵੇ। ਉਹ ਝੱਟ-ਪੱਟ ਹੱਥਲੀ ਫ਼ੌਜ ਹੀ ਲੈ ਕੇ ਗੁਜਰਾਤ ਨੂੰ ਚੱਲ ਪਿਆ। ਜਦ ਉਸ ਦੀ ਫ਼ੌਜ ਗੁਜਰਾਤ ਪਹੁੰਚੀ ਤਾਂ ਸਾਹਿਬ ਸਿੰਘ ਮੈਦਾਨ ਵਿੱਚ ਨਿੱਤਰਿਆ ਤੇ ਉਸ ਨੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਕੇ ਲੜਾਈ ਸ਼ੁਰੂ ਕਰ ਦਿੱਤੀ। ਮਹਾਰਾਜਾ ਦੀ ਫ਼ੌਜ ਨੇ ਕਿਲ੍ਹੇ ਦੇ ਚਾਰੇ ਪਾਸੇ ਮੋਰਚਾਲ ਬੰਨ੍ਹ ਦਿੱਤੇ ਤੇ ਤੋਪਾਂ ਨਾਲ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ। ਦੋਹਾਂ ਧਿਰਾਂ ਵੱਲੋਂ ਕਈ ਦਿਨ ਤਕ ਗੋਲ਼ਾਬਾਰੀ ਹੁੰਦੀ ਰਹੀ। ਗੋਲ਼ਿਆਂ ਦੀਆਂ ਸੱਟਾਂ ਨਾਲ ਕਿਲ੍ਹੇ ਦੀ ਬਹੁਤ ਸਾਰੀ ਕੰਧ ਢਹਿ ਗਈ ਤੇ ਸਾਹਿਬ ਸਿੰਘ ਫ਼ਤਿਹ ਤੋਂ ਨਿਰਾਸ਼ ਹੋ ਕੇ ਗਿਆ ਤਾਂ ਉਸ ਨੇ ਸੁਲ੍ਹਾ ਦਾ ਸੁਨੇਹਾ ਭੇਜਿਆ ਤੇ ਅਧੀਨ ਹੋਣਾ ਮੰਨ ਲਿਆ। ਰਣਜੀਤ ਸਿੰਘ ਨੇ ਬਹੁਤ ਭਾਰੀ ਨਜ਼ਰਾਨਾ ਪ੍ਰਵਾਨ ਕੀਤਾ ਤੇ ਅੱਗੋਂ ਲਈ ਉਸ ਪਾਸੋਂ ਅਧੀਨਗੀ ਦਾ ਬਚਨ ਲੈ ਕੇ ਘੇਰਾ ਚੁੱਕ ਲਿਆ ਅਤੇ ਲਾਹੌਰ ਪਰਤ ਆਇਆ। ਲਾਹੌਰ ਆ ਕੇ ਖ਼ਬਰ ਮਿਲੀ ਕਿ ਸਰਦਾਰ ਦਲ ਸਿੰਘ ਮਹਾਰਾਜਾ ਦੇ ਪਿਤਾ ਮਹਾਂ ਸਿੰਘ ਦਾ ਦੋਸਤ ਸੀ, ਜਿਸ ਨੇ ਸਰਦਾਰ ਮਹਾਂ ਸਿੰਘ ਨੂੰ ਕਸਬਾ ਅਕਾਗੜ੍ਹ ਫ਼ਤਿਹ ਕਰ ਕੇ ਬਖ਼ਸ਼ ਦਿੱਤਾ ਸੀ। ਇਹ ਦੋਵੇਂ ਰਲ ਕੇ ਚਾਹੁੰਦੇ ਸਨ ਕਿ ਫ਼ੌਜਾਂ ਚੜ੍ਹਾਉਂਦੇ ਹੋਏ ਲਾਹੌਰ ਆਉਣ ਤੇ ਆ ਕੇ ਜੰਗ ਕਰਨ। ਦਲ ਸਿੰਘ ਸਰਦਾਰ ਮਹਾਂ ਸਿੰਘ ਦਾ

ਦੋਸਤ ਤੇ ਪਾਲ਼ਿਆ-ਪੋਸਿਆ ਹੋਇਆ ਸੀ, ਇਸ ਲਈ ਇਹ ਗੱਲ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਬਹੁਤ ਦੁੱਖ ਹੋਇਆ। ਉਸ ਨੇ ਇਹੀ ਯੋਗ ਸਮਝਿਆ ਕਿ ਇਹਨਾਂ ਦਾ ਪਹਿਲਾਂ ਹੀ ਮੱਕੂ ਦੱਬਿਆ ਜਾਵੇ। ਇਸ ਲਈ ਉਸ ਨੇ ਉਸ ਵੇਲੇ ਇੱਕ ਪੱਤਰ ਦਲ ਸਿੰਘ ਨੂੰ ਲਿਖਿਆ, ਜਿਸ ਵਿੱਚ ਪਿਆਰ ਮੁਹੱਬਤ ਦਾ ਉਮਾਹ ਤੇ ਮਿਲਣ ਦੀ ਤੀਬਰ ਇੱਛਾ ਪ੍ਰਗਟ ਕੀਤੀ ਤੇ ਇਹ ਲਿਖਿਆ ਕਿ ਜਿਵੇਂ ਮੇਰਾ ਪਿਤਾ ਆਪ ਦਾ ਜਾਨੀ ਦੋਸਤ ਤੇ ਸੱਚਾ ਸ਼ੁਭਚਿੰਤਕ ਸੀ, ਮੈਂ ਵੀ ਆਪ ਜੀ ਦਾ ਮਿੱਤਰ ਤੇ ਸ਼ੁਭਚਿੰਤਕ ਹਾਂ ਤੇ ਮੈਨੂੰ ਯਕੀਨ ਹੈ ਕਿ ਆਪ ਵੀ ਮੇਰੇ ਪਿਤਾ ਦੇ ਪਿਆਰ-ਮੁਹੱਬਤ ਸਦਕਾ ਮੇਰੇ ਨਾਲੋਂ ਵਧੇਰੇ ਹੋਰ ਕੋਈ ਪਿਆਰ ਨਹੀਂ ਹੋਵੇਗਾ ਅਤੇ ਜਿਵੇਂ ਆਪ ਨੇ ਤੇ ਮੇਰੇ ਪਿਤਾ ਨੇ ਏਕਤਾ ਨਾਲ ਰਲ਼ ਕੇ ਮੁਲਕ ਮਾਰੇ ਤੇ ਰਿਆਸਤਾਂ ਦੇ ਮਾਲਕ ਬਣ ਗਏ, ਉਸੇ ਤਰ੍ਹਾਂ ਮੈਂ ਵੀ ਚਾਹੁੰਦਾ ਹਾਂ ਕਿ ਆਪ ਬਿਨਾਂ ਕਿਸੇ ਸੰਕੋਚ ਤੋਂ ਮੇਰੇ ਪਾਸ ਆ ਜਾਓ ਤੇ ਮੇਰੇ ਨਾਲ ਰਲ ਕੇ ਹੋਰ ਮਾਰਾਂ ਵਿੱਚ ਜੁੱਟ ਜਾਓ। ਸਾਡੇ ਦੋਵਾਂ ਦੀਆਂ ਮਾਰਾਂ ਤੇ ਯਤਨ ਕਰ ਕੇ ਜਿੰਨਾ ਇਲਾਕਾ ਫਤਹ ਹੋਵੇ, ਉਹ ਅੱਧੋ-ਅੱਧ ਸਮਝਿਆ ਜਾਵੇਗਾ। ਇੱਕ ਥਾਂ ਬੈਠੇ ਰਹਿਣਾ ਕੋਈ ਬਹਾਦਰਾਂ ਤੇ ਸੂਰਮਿਆਂ ਦਾ ਕੰਮ ਹੈ? ਆਪ ਮੇਰੇ ਵਡੇਰੇ ਹੋ ਤੇ ਮੇਰੇ ਪਿਤਾ ਦੇ ਮਿੱਤਰ ਹੋ, ਮੈਨੂੰ ਆਪ ਤੋਂ ਕੀ ਡਰ ਜਾਂ ਸੰਕੋਚ ਹੋ ਸਕਦਾ ਹੈ? ਬਸ!"

ਜਦ ਇਹ ਪੱਤਰ ਸਰਦਾਰ ਦਲ ਸਿੰਘ ਨੂੰ ਮਿਲਿਆ ਤਾਂ ਲੋਭ ਵਿੱਚ ਆ ਕੇ ਝੱਟ-ਪੱਟ ਸਾਹਿਬ ਸਿੰਘ ਤੋਂ ਮਨ ਖੱਟਾ ਕਰ ਕੇ ਰਣਜੀਤ ਸਿੰਘ ਪਾਸ ਜਾਣ ਲਈ ਤਿਆਰ ਹੋ ਗਿਆ, ਤਾਂ ਜੋ ਉਸ ਦੀ ਫ਼ੌਜ ਲਿਆ ਕੇ ਸਾਹਿਬ ਸਿੰਘ ਪਾਸੋਂ ਆਪਣਾ ਇਲਾਕਾ ਖੋਹ ਲਵੇ। ਗੱਲ ਕੀ, ਉਹ ਲਾਹੌਰ ਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਉਸ ਦੀ ਚੰਗੀ ਆਉ-ਭਗਤ ਕੀਤੀ ਤੇ ਬਾਅਦ ਵਿੱਚ ਕਿਲ੍ਹੇ ਵਿੱਚ ਨਜ਼ਰਬੰਦ ਕਰ ਲਿਆ। ਉਹ ਕੈਦ ਵਿੱਚ ਆ ਗਿਆ। ਮਹਾਰਾਜਾ ਰਣਜੀਤ ਸਿੰਘ ਫ਼ੌਜ ਲੈ ਕੇ ਅਕਾਲਗੜ੍ਹ ਨੂੰ ਚੱਲ ਪਿਆ। ਦਲ ਸਿੰਘ ਦੀ ਰਾਣੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਰਣਜੀਤ ਸਿੰਘ ਨੇ ਉਸ ਦੇ ਪਤੀ ਨੂੰ ਕੈਦ ਕਰ ਲਿਆ ਹੈ ਤੇ ਅਕਾਲਗੜ੍ਹ 'ਤੇ ਫ਼ਤਿਹ ਪਾਉਣ ਆਇਆ ਹੈ, ਉਸ ਨੇ ਝੱਟ-ਪੱਟ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ ਤੇ ਕਿਲ੍ਹੇ ਉੱਤੇ ਦੋ ਤੋਪਾਂ ਚੜ੍ਹਵਾ ਦਿੱਤੀਆਂ ਤੇ ਕੰਧਾਂ ਦੇ ਚੋਹੀਂ ਪਾਸੀਂ ਫ਼ੌਜ ਨਿਯੁਕਤ ਕਰ ਕੇ ਆਪ ਜੰਗ ਲਈ ਤਿਆਰ ਹੋ ਗਈ। ਜਦ ਮਹਾਰਾਜਾ ਰਣਜੀਤ ਸਿੰਘ ਉੱਥੇ ਪੁੱਜਾ ਤਾਂ ਹਾਲਤ ਹੋਰ ਦੀ ਹੋਰ ਨਜ਼ਰ ਆਈ, ਜਿਸ ਦੀ ਉਸ ਨੂੰ ਆਸ ਨਹੀਂ ਸੀ। ਕਈਆਂ ਨੇ ਮਹਾਰਾਜੇ ਨੂੰ ਸਲਾਹ ਦਿੱਤੀ ਕਿ ਇੱਕ ਔਰਤ ਨਾਲ ਲੜਨ ਦੀ ਲੋੜ ਨਹੀਂ, ਕਿਉਂਕਿ ਉਸ ਦਾ ਪਤੀ ਤੁਹਾਡੀ ਕੈਦ ਵਿੱਚ ਹੈ, ਪਰ ਮਹਾਰਾਜਾ ਆਪਣੀ ਜ਼ਿੱਦ 'ਤੇ ਆ ਗਿਆ। ਲੜਾਈ ਸ਼ੁਰੂ ਹੋ ਗਈ। ਦੋਹਾਂ ਧਿਰਾਂ ਵੱਲੋਂ ਤੋਪਾਂ ਤੇ ਗੋਲ਼ੀਆਂ ਚੱਲਣ ਲੱਗ ਪਈਆਂ। ਲੜਾਈ ਕਿੰਨੇ ਦਿਨ ਚਲਦੀ ਰਹੀ। ਦਲ ਸਿੰਘ ਦੀ ਰਾਣੀ ਕਈ ਵਾਰੀ ਆਪਣੀ ਫ਼ੌਜ ਨਾਲ ਕਸਬੇ ਵਿੱਚੋਂ ਬਾਹਰ ਨਿਕਲ ਕੇ ਮਹਾਰਾਜਾ ਰਣਜੀਤ

ਸਿੰਘ ਦੀ ਫ਼ੌਜ 'ਤੇ ਮਰਦਾਂ ਵਾਂਗ ਹਮਲੇ ਕਰਦੀ। ਉਹ ਬੜੀ ਹੁਸ਼ਿਆਰ ਸੀ। ਇੱਕ ਪਾਸੇ ਜੰਗ ਲੜ ਰਹੀ ਸੀ, ਦੂਸਰੇ ਪਾਸੇ ਉਸ ਨੇ ਸ੍. ਸਾਹਿਬ ਸਿੰਘ ਭੰਗੀ ਕੋਲ ਮਦਦ ਮੰਗਣ ਲਈ ਇੱਕ ਵਕੀਲ ਨੂੰ ਭੇਜਿਆ। ਉਹ ਮਦਦ ਲਈ ਤਿਆਰ ਹੋ ਗਿਆ। ਉਸ ਨੇ ਵਜ਼ੀਰਾਬਾਦ ਜੋਧ ਸਿੰਘ ਨੂੰ ਲਿਖਿਆ, ਉਹ ਵੀ ਉਸ ਦੀ ਮਦਦ ਲਈ ਅੱਗੇ ਵਧਣ ਨੂੰ ਤਿਆਰ ਹੋ ਗਿਆ। ਅਜੇ ਇਹ ਦੋਵੇਂ ਦੁਸ਼ਮਣ ਆਪਣੀ ਥਾਂ 'ਤੇ ਫ਼ੌਜਾਂ ਲੈ ਕੇ ਨਿਕਲੇ ਹੀ ਸਨ ਕਿ ਉੱਧਰੋਂ ਰਣਜੀਤ ਸਿੰਘ ਅਕਾਲਗੜ੍ਹ ਤੋਂ ਚੱਲ ਕੇ ਇਹਨਾਂ ਨਾਲ ਦੋ ਹੱਥ ਕਰਨ ਲਈ ਚੱਲ ਪਿਆ। ਜਦੋਂ ਮਹਾਰਾਜੇ ਦਾ ਲਸ਼ਕਰ ਗੁਜਰਾਤ ਕੋਲ ਪਹੁੰਚਿਆ ਤਾਂ ਸਾਹਿਬ ਸਿੰਘ ਨੇ ਸ਼ਹਿਰ ਤੋਂ ਦੋ ਕਿਲੋਮੀਟਰ ਬਾਹਰ ਆ ਕੇ ਮੁਕਾਬਲਾ ਕੀਤਾ। ਦੋਹਾਂ ਪਾਸਿਆਂ ਤੋਂ ਗਹਿਗੱਚ ਲੜਾਈ ਹੋਈ। ਦੋਹਾਂ ਪਾਸਿਆਂ ਦੇ ਕਈ ਸੂਰਮੇ ਮਾਰੇ ਗਏ। ਇਸ ਤਰ੍ਹਾਂ ਦੋ-ਤਿੰਨ ਦਿਨ ਛੋਟੀਆਂ-ਛੋਟੀਆਂ ਲੜਾਈਆਂ ਹੁੰਦੀਆਂ ਰਹੀਆਂ। ਚੌਥੇ ਦਿਨ ਸਾਹਿਬ ਸਿੰਘ ਬਾਹਰ ਨਾ ਨਿਕਲਿਆ। ਕਿਲ੍ਹੇ ਦੇ ਅੰਦਰੋਂ ਲੜਾਈ ਲੜਦਾ ਰਿਹਾ। ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਆਖ਼ਰ ਬਾਬਾ ਸਾਹਿਬ ਸਿੰਘ ਬੇਦੀ ਨੇ ਵਿਚੋਲਗੀ ਕਰ ਕੇ ਦੋਹਾਂ ਧਿਰਾਂ ਨੂੰ ਸ਼ਾਂਤ ਕਰ ਦਿੱਤਾ। ਉਹਨਾਂ ਨੇ ਦੋਵਾਂ ਨੂੰ ਸਿੱਖਿਆ ਦਿੱਤੀ ਕਿ ਇਕੋ ਗੁਰੂ ਦੇ ਸਿੱਖ ਹੋ ਕੇ ਖ਼ਾਲਸਾ ਜੀ ਨੂੰ ਆਪਸ ਵਿੱਚ ਪਿਆਰ-ਮੁਹੱਬਤ ਨਾਲ ਰਹਿਣਾ ਚਾਹੀਦਾ ਹੈ। ਆਪਸ ਵਿੱਚ ਤਲਵਾਰਾਂ ਚੱਲਦੀਆਂ ਰਹਿਣਗੀਆਂ ਤੇ ਆਪਸੀ ਖ਼ੂਨ-ਖ਼ਰਾਬਾ ਚੰਗਾ ਨਹੀਂ ਹੁੰਦਾ। ਮਹਾਰਾਜਾ ਨੇ ਬਾਬਾ ਸਾਹਿਬ ਸਿੰਘ ਬੇਦੀ ਦਾ ਬਹੁਤ ਸਤਿਕਾਰ ਕੀਤਾ ਤੇ ਸਾਹਿਬ ਸਿੰਘ ਭੰਗੀ ਪਾਸੋਂ ਭਾਰੀ ਨਜ਼ਰਾਨਾ, ਜੁਰਮਾਨਾ ਤੇ ਫ਼ੌਜ ਦਾ ਖ਼ਰਚ ਲੈਣਾ ਮੰਨ ਕੇ ਘੇਰਾ ਚੁੱਕ ਲਿਆ। ਅੱਗੋਂ ਤੋਂ ਇਹ ਤੈਅ ਹੋਇਆ ਕਿ ਸਾਹਿਬ ਸਿੰਘ ਭੰਗੀ ਤੇ ਦਲ ਸਿੰਘ ਅਕਾਲਗੜ੍ਹੀਆ ਕਦੇ ਰਣਜੀਤ ਸਿੰਘ ਵਿਰੁੱਧ ਜੰਗ-ਯੁੱਧ ਤੇ ਨਾ ਝਗੜਾ-ਫ਼ਫਸਾਦ ਕਰਨਗੇ। ਇਸ ਗੱਲ ਦੀ ਜ਼ਮਾਨਤ ਸਾਹਿਬ ਸਿੰਘ ਬੇਦੀ ਨੇ ਦਿੱਤੀ। ਮਹਾਰਾਜਾ ਰਣਜੀਤ ਸਿੰਘ ਲਾਹੌਰ ਪਰਤ ਆਇਆ। ਜਦ ਦਲ ਸਿੰਘ ਕੈਦ ਤੋਂ ਛੁੱਟ ਕੇ ਅਕਾਲਗੜ੍ਹ ਗਿਆ ਤਾਂ ਉਸ ਸਮੇਂ ਉਹ ਬੜੇ ਦੁੱਖ ਤੇ ਕਰੋਧ ਵਿੱਚ ਸੀ। ਉਹ ਜਾਂਦਿਆਂ ਹੀ ਬਿਮਾਰ ਪੈ ਗਿਆ ਤੇ ਮਰ ਗਿਆ। ਜਦੋਂ ਰਣਜੀਤ ਸਿੰਘ ਨੂੰ ਉਸ ਦੇ ਮਰਨ ਦੀ ਖ਼ਬਰ ਪਹੁੰਚੀ ਤਾਂ ਉਸ ਨੇ ਅਕਾਲਗੜ੍ਹ ਉੱਤੇ ਕਬਜ਼ਾ ਕਰਨ ਦੀ ਨੀਅਤ ਧਾਰੀ, ਕਿਉਂਕਿ ਉਸ ਨੂੰ ਇਹ ਤੌਖਲਾ ਸੀ ਕਿ ਸਾਹਿਬ ਸਿੰਘ ਭੰਗੀ ਗੁਜਰਾਤੀਆ ਗੁਜਰਾਤ ਤੋਂ ਆ ਕੇ ਅਕਾਲਗੜ੍ਹ 'ਤੇ ਕਬਜ਼ਾ ਨਾ ਕਰ ਲਵੇ। ਇਸ ਵਿਚਾਰ ਨਾਲ ਮਹਾਰਾਜਾ ਅਕਾਲਗੜ੍ਹ ਨੂੰ ਚੱਲ ਪਿਆ। ਜਦ ਅਕਾਲਗੜ੍ਹ ਤੋਂ ਚਾਰ ਮੀਲ ਇਸ ਪਾਸੇ ਪਹੁੰਚਿਆ ਤਾਂ ਆਪਣੇ ਇੱਕ ਇਤਬਾਰੀ ਆਦਮੀ ਨੂੰ ਭੇਜ ਕੇ ਦਲ ਸਿੰਘ ਦੀ ਵਿਧਵਾ ਨੂੰ ਸੂਚਨਾ ਦਿੱਤੀ ਕਿ ਜਿਹੜਾ ਪਿਆਰ-ਮੁਹੱਬਤ ਦਾ ਰਿਸ਼ਤਾ ਚਿਰਾਂ ਤੋਂ ਮਹਾਂ ਸਿੰਘ ਤੇ ਦਲ ਸਿੰਘ ਵਿਚਕਾਰ ਪੱਕਾ ਸੀ, ਉਹ ਉਹਨਾਂ ਦੋਹਾਂ ਸਰਦਾਰਾਂ ਦੇ ਜਿਊਂਦੇ-ਜੀਅ ਕਾਇਮ ਰਿਹਾ ਹੈ ਤੇ ਜਿਊਂਦੇ

ਜੀਅ ਇਸ ਰਿਸ਼ਤੇ ਨੂੰ ਨਾ ਤੋੜੀਏ, ਸਗੋਂ ਚੰਗਾ ਹੈ ਕਿ ਅਸੀਂ ਇਸ ਰਿਸ਼ਤੇ ਨੂੰ ਹੋਰ ਪੱਕਿਆਂ ਕਰੀਏ। ਮੈਨੂੰ ਸਰਦਾਰ ਦਲ ਸਿੰਘ ਦੀ ਮ੍ਰਿਤੂ ਦਾ ਬਹੁਤ ਸ਼ੋਕ ਹੈ। ਇਸੇ ਲਈ ਮੈਂ ਲਾਹੌਰ ਤੋਂ ਚੱਲ ਕੇ ਆਇਆ ਹਾਂ ਕਿ ਆਪਣਾ ਸ਼ੋਕ ਪ੍ਰਗਟ ਕਰਾਂ ਤੇ ਤੇਰੇ ਦੁੱਖ-ਅਫ਼ਸੋਸ ਵਿੱਚ ਸ਼ਰੀਕ ਹੋ ਕੇ ਤੇਰਾ ਇਹ ਦਰਦ ਵੰਡਾਵਾਂ, ਇਸ ਲਈ ਤੈਨੂੰ ਕਿਸੇ ਕਿਸਮ ਦਾ ਫ਼ਿਕਰ ਜਾਂ ਡਰ ਨਹੀਂ ਕਰਨਾ ਚਾਹੀਦਾ ਤੇ ਨਾ ਮੇਰੇ ਵੱਲੋਂ ਕੋਈ ਬੇਪ੍ਰਤੀਤੀ ਹੋਣੀ ਚਾਹੀਦੀ ਹੈ। ਜਦ ਦਲ ਸਿੰਘ ਦੀ ਵਿਧਵਾ ਨੂੰ ਇਹ ਸੁਨੇਹਾ ਮਿਲਿਆ ਤਾਂ ਭਾਵੇਂ ਉਸ ਨੂੰ ਇਹ ਤੌਖਲਾ ਵੀ ਹੋਇਆ ਕਿ ਕਿਧਰੇ ਮਹਾਰਾਜਾ ਰਣਜੀਤ ਸਿੰਘ ਆਪਣੇ ਬਚਨਾਂ ਤੋਂ ਫਿਰ ਨਾ ਜਾਵੇ ਤੇ ਸ਼ਹਿਰ ਵਿੱਚ ਦਾਖ਼ਲ ਹੋ ਕੇ ਉਸ 'ਤੇ ਕਬਜ਼ਾ ਨਾ ਕਰ ਲਵੇ। ਪਰ ਫਿਰ ਵੀ ਉਸ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਉਸ ਦੇ ਸੂਰਗਵਾਸੀ ਪਤੀ ਨਾਲ ਸਾਹਿਬ ਸਿੰਘ ਬੇਦੀ ਰਾਹੀਂ ਮਹਾਰਾਜਾ ਦਾ ਸਮਝੌਤਾ ਹੋ ਚੁੱਕਾ ਸੀ ਤੇ ਪੱਕੇ ਬਚਨ ਸਿ ਮਤਲਬ ਦੇ ਹੋ ਚੁੱਕੇ ਸਨ ਕਿ ਅੱਗੋਂ ਤੋਂ ਨਾ ਰਣਜੀਤ ਸਿੰਘ ਉਸ ਨੂੰ ਕਿਸੇ ਤਰ੍ਹਾਂ ਤੰਗ ਕਰੇਗਾ। ਇਸ ਲਈ ਇਹ ਹੁਣ ਕਿਵੇਂ ਸੰਭਵ ਹੋ ਸਕਦਾ ਹੈ ਕਿ ਰਣਜੀਤ ਸਿੰਘ ਸਾਹਿਬ ਸਿੰਘ ਬੇਦੀ ਨਾਲ ਕੀਤੇ ਇਕਰਾਰ ਨੂੰ ਭੁੱਲ ਜਾਵੇ। ਇਹ ਸੋਚ ਕੇ ਉਸ ਨੇ ਅਖਵਾ ਭੇਜਿਆ ਕਿ ਦਲ ਸਿੰਘ ਦੀ ਮ੍ਰਿਤੂ ਉਪਰੰਤ ਉਸ ਦੇ ਸਾਰੇ ਯਾਰ-ਦੋਸਤ ਤੇ ਸਾਕ-ਸੰਬੰਧੀ ਮਾਤਮ-ਪੁਰਸੀ ਲਈ ਆਏ ਹਨ, ਇਸੇ ਤਰ੍ਹਾਂ ਰਣਜੀਤ ਸਿੰਘ ਬੇਸ਼ਕ ਆ ਜਾਵੇ, ਉਸ ਦੇ ਰਾਹ ਵਿੱਚ ਕੋਈ ਰੁਕਾਵਟ ਨਹੀਂ। ਰਣਜੀਤ ਸਿੰਘ ਨੂੰ ਹੋਰ ਕੀ ਚਾਹੀਦਾ ਸੀ। ਉਹ ਸ਼ਹਿਰ ਵਿੱਚ ਦਾਖ਼ਲ ਹੋਇਆ ਤੇ ਜਾਂਦਿਆਂ ਹੀ ਸ਼ਹਿਰ ਤੇ ਕਿਲ੍ਹੇ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ ਅਤੇ ਆਪਣੇ ਸਿਪਾਹੀ ਖ਼ਜ਼ਾਨੇ ਦੇ ਭੰਡਾਰੇ 'ਤੇ ਨਿਯੁਕਤ ਕਰ ਦਿੱਤੇ। ਦਲ ਸਿੰਘ ਦੀ ਵਿਧਵਾ ਤੇ ਬੱਚੇ ਨਜ਼ਰਬੰਦ ਕਰ ਦਿੱਤੇ। ਇਹ ਸੁਣ ਕੇ ਦਲ ਸਿੰਘ ਦੀ ਫ਼ੌਜ ਤਿੱਤਰ-ਬਿਤਰ ਹੋ ਗਈ। ਇਸ ਕਬਜ਼ੇ ਨਾਲ ਰਣਜੀਤ ਸਿੰਘ ਨੂੰ ਬਹੁਤ ਖ਼ਜ਼ਾਨਾ ਮਿਲਿਆ ਤੇ ਬਹੁਤ ਸਾਰੇ ਸ਼ਸਤਰ ਤੇ ਹੋਰ ਸਮਾਨ ਮਿਲਿਆ। ਜਦ ਰਣਜੀਤ ਸਿੰਘ ਦੇ ਦਲ ਦਾ ਸਾਰੇ ਇਲਾਕੇ 'ਤੇ ਕਬਜ਼ਾ ਹੋ ਗਿਆ ਤਾਂ ਉਸ ਨੇ ਉਸ ਦੇ ਵਿੱਚੋਂ ਦੋ ਪਿੰਡ ਸਰਦਾਰ ਦਲ ਦੇ ਪੁੱਤਰਾਂ ਤੇ ਉਸ ਦੀ ਵਿਧਵਾ ਲਈ ਉਹਨਾਂ ਦੇ ਨਾਮ ਕਰ ਦਿੱਤੇ, ਤਾਂ ਜੋ ਉਹਨਾਂ ਦਾ ਗੁਜ਼ਾਰਾ ਚਲਦਾ ਰਹੇ ਤੇ ਉਹਨਾਂ ਦੀ ਪਾਲਣਾ-ਪੋਸ਼ਣਾ ਹੁੰਦੀ ਰਹੇ।

ਇਸੇ ਸਾਲ ਇਸ ਲੜਾਈ ਤੋਂ ਪਹਿਲਾਂ ਸਰਦਾਰ ਫ਼ਤਿਹ ਸਿੰਘ ਕਾਲੇ ਵਾਲੇ ਦੇ ਨਾਲ ਕਸੂਰ ਨੂੰ ਫ਼ਤਿਹ ਕਰਨ ਵਾਸਤੇ ਇੱਕ ਫ਼ੌਜ ਭੇਜੀ ਸੀ, ਜਿੱਥੋਂ ਦੇ ਰਈਸ ਨਜ਼ਾਮੁੱਦੀਨ ਨੇ ਅਧੀਨਤਾ ਸਵੀਕਾਰ ਕੀਤੀ ਤੇ ਆਪਣੇ ਭਰਾ ਕੁਤਬਦੀਨ ਨੂੰ ਮਹਾਰਾਜੇ ਪਾਸ ਸਲਾਮ ਕਰਨ ਲਈ ਭੇਜਿਆ ਤੇ ਲਾਹੌਰ ਦਰਬਾਰ ਨੂੰ ਇੱਕ ਫ਼ੌਜ ਮਦਦ ਦੇਣ ਲਈ ਇਕਰਾਰ ਕੀਤਾ। ਕੁਤਬਦੀਨ ਜਦੋਂ ਲਾਹੌਰ ਆਇਆ ਮਹਾਰਾਜਾ ਨੇ ਉਸ ਦੀ ਬੜੀ ਖ਼ਾਤਰ ਕੀਤੀ ਤੇ ਉਹਨੂੰ ਇੱਕ ਖ਼ਿਲਅਤ ਵੀ ਦਿੱਤੀ, ਜਿਸ ਵਿੱਚ ਇੱਕ ਹਾਥੀ ਦੀ ਜ਼ੰਜੀਰ ਤੇ ਇੱਕ ਘੋੜਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਸਿੰਘ ਆਹਲੂਵਾਲੀਆ ਨਾਲ ਪੱਗ ਵਟਾ ਕੇ ਮਿੱਤਰਤਾ ਕਾਇਮ ਕੀਤੀ। ਫੇਰ ਸਦਾ ਕੌਰ ਦੀ ਵੀ ਸਹਾਇਤਾ ਕੀਤੀ। ਇਹ ਸਾਰਾ ਹਾਲ ਅਸੀਂ ਸ਼ੁਕਰਚੱਕੀਆ ਮਿਸਲ ਦੇ ਅੰਤਰਗਤ ਲਿਖ ਆਏ ਹਾਂ। ਇਹਨਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਪਠਾਨਕੋਟ ਦੇ ਨੇੜੇ ਕਿਲ੍ਹਾ ਸੁਜਾਨਪੁਰ, ਜੋ ਸ੍. ਬੁੱਧ ਸਿੰਘ-ਸੰਗਤ ਸਿੰਘ ਦੇ ਕਬਜ਼ੇ ਵਿੱਚ ਸੀ ਫ਼ਤਿਹ ਕੀਤਾ।

**ਸਦਾ ਕੌਰ ਦੀ ਸਹਾਇਤਾ** : ਮਹਾਰਾਜਾ ਨੂੰ ਖ਼ਬਰ ਮਿਲੀ ਕਿ ਕਾਂਗੜੇ ਦਾ ਰਾਜਾ ਸੰਸਾਰ ਚੰਦ ਉਹਨਾਂ ਦੀ ਸੱਸ ਸਦਾ ਕੌਰ ਦੇ ਇਲਾਕੇ ਵਿੱਚ ਹਥ ਖਲਾਰਦਾ ਹੈ, ਤਦ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਫ਼ਤਿਹ ਸਿੰਘ ਨੂੰ ਨਾਲ ਲੈ ਕੇ ਚੜ੍ਹਾਈ ਕਰ ਦਿੱਤੀ। ਸੰਸਾਰ ਚੰਦ ਦੇ ਨੌਕਰ ਮਹਾਰਾਜਾ ਦੀ ਆਵਾਜਾਈ ਸੁਣ ਕੇ ਸਾਰੇ ਇਲਾਕੇ ਛੱਡ ਕੇ ਨੱਸ ਗਏ। ਸਰਦਾਰਨੀ ਸਦਾ ਕੌਰ ਨੂੰ ਉਹ ਸਾਰਾ ਇਲਾਕਾ ਵਾਪਸ ਮਿਲ ਗਿਆ, ਬਲਕਿ ਕਾਂਗੜੇ ਦੀ ਮਲਕੀਅਤ ਦਾ ਇਲਾਕਾ ਵੀ ਉਹਦੇ ਹੱਥ ਆ ਗਿਆ। ਇਹ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ਤਿਹ ਦਾ ਦਿੱਤਾ ਸੀ। ਫਿਰ ਮਹਾਰਾਜੇ ਨੇ ਨੂਰਪੁਰ ਦਾ ਇਲਾਕਾ ਫ਼ਤਿਹ ਕੀਤਾ ਤੇ ਰਾਜਾ ਸੰਸਾਰ ਚੰਦ ਮੁਕਾਬਲੇ ਦੀ ਹਿੰਮਤ ਨਾ ਦੇਖ ਕੇ ਪਹਾੜਾਂ ਵੱਲ ਨੱਸ ਗਿਆ।

**ਤਸਕਾ ਤੇ ਚਨਯੋਟ ਦੀ ਜਿੱਤ** : ਸਰਦਾਰ ਫ਼ਤਿਹ ਸਿੰਘ ਨੂੰ ਨਾਲ ਲੈ ਕੇ ਮਹਾਰਾਜੇ ਨੇ ਤਸਕੇ ਵੱਲ ਕੂਚ ਕੀਤਾ। ਇੱਥੋਂ ਦਾ ਕਿਲ੍ਹੇ ਵਾਲਾ ਕਿਲ੍ਹਾ ਛੱਡ ਕੇ ਨੱਸ ਗਿਆ। ਇਸ ਕਿਲ੍ਹੇ ਵਿੱਚ ਆਪਣੇ ਆਦਮੀ ਬਿਠਾ ਕੇ ਮਹਾਰਾਜਾ ਵਾਪਸ ਆ ਗਿਆ।

ਚਨਔਟ ਵਿੱਚ ਜੱਸਾ ਸਿੰਘ ਭੰਗੀ, ਜਿਨ੍ਹਾਂ ਦੇ ਪਿਤਾ ਦਾ ਨਾਮ ਕਰਮ ਸਿੰਘ ਸੀ, ਰਹਿੰਦੇ ਸਨ। ਇਹਨਾਂ ਦੀ ਬਾਬਤ ਖ਼ਬਰ ਮਿਲੀ ਕਿ ਇਨ੍ਹਾਂ ਦੇ ਹੱਥੋਂ ਪਰਜਾ ਬਹੁਤ ਦੁਖੀ ਹੈ। ਮਹਾਰਾਜ ਨੇ ਝੱਟ ਉੱਧਰ ਚੜ੍ਹਾਈ ਕਰ ਦਿੱਤੀ। ਜੱਸਾ ਸਿੰਘ ਨੂੰ ਕੁਝ ਇਲਾਕਾ ਗੁਜ਼ਾਰੇ ਵਾਸਤੇ ਦੇ ਕੇ ਬਾਕੀ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ ਤੇ ਲਾਹੌਰ ਚਲੇ ਆਏ।

**ਕਸੂਰ ਦਾ ਰਾਜ ਵਿਦਰੋਹ** : ਅਜੇ ਮਹਾਰਾਜਾ ਲਾਹੌਰ ਆ ਕੇ ਬੈਠਾ ਹੀ ਸੀ ਕਿ ਇਹ ਖ਼ਬਰ ਮਿਲੀ ਕਿ ਕਸੂਰ ਵਿੱਚ ਬਗਾਵਤ ਹੋ ਗਈ ਹੈ। ਪਤਾ ਲੱਗਾ ਕਿ ਕਸੂਰ ਦੇ ਹਾਕਮ ਨਿਜ਼ਾਮੁਦੀਨ ਦੀ ਮਨਸ਼ਾ ਲਾਹੌਰ ਦਰਬਾਰ ਨਾਲ ਫ਼ਸਾਦ ਕਰਨ ਦੀ ਹੈ। ਉਸ ਨੇ ਪਠਾਣਾਂ ਦੀ ਇੱਕ ਭਾਰੀ ਫ਼ੌਜ ਮੰਗਾ ਕੇ ਸਰਕਾਰ ਦੇ ਕੁਝ ਪਿੰਡਾਂ 'ਤੇ ਕਬਜ਼ਾ ਵੀ ਕਰ ਲਿਆ ਹੈ। ਮਹਾਰਾਜਾ ਨੇ ਆਪਣੀ ਬਹਾਦਰ ਤੇ ਚੋਣਵੀਂ ਫ਼ੌਜ ਲੈ ਕੇ ਕਸੂਰ 'ਤੇ ਚੜ੍ਹਾਈ ਕੀਤੀ ਤੇ ਸ੍. ਫ਼ਤਿਹ ਸਿੰਘ ਨੂੰ ਬੜੀ ਜ਼ਰੂਰੀ ਚਿੱਠੀ ਲਿਖੀ ਕਿ ਤੁਸੀਂ ਵੀ ਕਸੂਰ ਅੱਪੜੋ। ਉੱਧਰੋਂ ਪਠਾਣ ਸਰਦਾਰ ਨੇ ਵੀ ਬੜੀ ਸੂਰਮਤਾ ਨਾਲ ਦੋਹਾਂ ਲਸ਼ਕਰਾਂ ਦਾ ਮੁਕਾਬਲਾ ਕਰਨਾ ਸ਼ੁਰੂ ਕੀਤਾ ਤੇ ਕਈ ਦਿਨਾਂ ਤਕ ਲੜਦਾ ਰਿਹਾ, ਕਿੰਤੂ ਸਿੰਘਾਂ ਦੀ ਤਲਵਾਰ ਦੇ ਸਾਹਮਣੇ ਪਠਾਣਾਂ ਦਾ ਠਹਿਰਨਾ ਅਸੰਭਵ ਹੋ ਗਿਆ। ਕਹਿੰਦੇ ਹਨ, ਇਸ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਤੇ ਫ਼ਤਿਹ ਸਿੰਘ ਨੇ ਕਈ ਵਾਰ

ਆਪ ਜਾ ਕੇ ਬੜੀ ਬਹਾਦਰੀ ਦੇ ਹੱਥ ਦਿਖਾਏ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਨਿਜ਼ਾਮੁਦੀਨ ਨੂੰ ਹਾਰ ਕੇ ਕਿਲ੍ਹੇ ਦੀ ਪਨਾਹ ਲੈਣੀ ਪਈ, ਪਰੰਤੂ ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਵਿੱਚ ਪਹੁੰਚ ਕੇ ਕਿਲ੍ਹੇ ਨੂੰ ਵੀ ਘੇਰ ਲਿਆ ਤੇ ਐਨੀ ਅੱਗ ਵਰ੍ਹਾਈ ਕਿ ਚਾਰੇ ਪਾਸਿਆਂ ਤੋਂ ਨਿਜ਼ਾਮੁਦੀਨ ਦੀ ਫ਼ੌਜ ਘਬਰਾ ਗਈ। ਇੱਕ ਤਕੜੀ ਲੜਾਈ ਦੇ ਮਗਰੋਂ ਕਿਲ੍ਹਾ ਵੀ ਮਹਾਰਾਜਾ ਨੇ ਫ਼ਤਿਹ ਕੀਤਾ। ਜਿੰਨੀ ਫ਼ੌਜ ਕਿਲ੍ਹੇ ਵਿੱਚ ਸੀ ਸਾਰੀ ਮਾਰੀ ਗਈ। ਸਿੱਖਾਂ ਨੇ ਸਾਰੇ ਸ਼ਹਿਰ ਨੂੰ ਅਧੀਨ ਕਰ ਲਿਆ, ਕਾਫ਼ੀ ਸਿਪਾਹੀ ਕੈਦ ਕੀਤੇ, ਪਰੰਤੂ ਅੰਤ ਨੂੰ ਨਜ਼ਾਮੁੱਦੀਨ ਨੇ ਮਾਫ਼ੀ ਮੰਗੀ ਤੇ ਫ਼ੌਜ ਦਾ ਸਾਰਾ ਖ਼ਰਚ ਦੇ ਕੇ ਇੱਕ ਤਕੜੀ ਰਕਮ ਨਜ਼ਰਾਨੇ ਵਜੋਂ ਪੇਸ਼ ਕੀਤੀ ਤੇ ਅੱਗੋਂ ਵਾਸਤੇ ਲਾਹੌਰ ਦਰਬਾਰ ਦੇ ਅਧੀਨ ਰਹਿਣ ਦੀ ਬਾਬਤ ਲਿਖਤ ਕਰ ਦਿੱਤੀ। ਇਸ ਕਰ ਕੇ ਮਹਾਰਾਜਾ ਸਾਹਿਬ ਫਿਰ ਉਸੇ ਨੂੰ ਕਸੂਰ ਦਾ ਹਾਕਮ ਬਣਾ ਕੇ ਵਾਪਸ ਲਾਹੌਰ ਆਏ।

ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਤੇ ਇਲਾਕੇ ਦੇ ਪ੍ਰਬੰਧ ਵੱਲ ਖ਼ਾਸ ਧਿਆਨ ਦਿੱਤਾ। ਰਾਜ ਪ੍ਰਬੰਧ ਦੇ ਮਾਮਲੇ ਵਿੱਚ ਕੇਵਲ ਯੋਗਤਾ ਨੂੰ ਮੁੱਖ ਰੱਖਿਆ ਗਿਆ ਅਤੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਸਭ ਨੂੰ ਹਿੱਸਾ ਦਿੱਤਾ ਗਿਆ। ਸ਼ਹਿਰ ਨੂੰ ਮੁਹੱਲਿਆਂ ਵਿੱਚ ਵੰਡਿਆ ਤੇ ਹਰੇਕ ਮੁਹੱਲੇ ਦਾ ਇੱਕ ਚੌਧਰੀ ਨਿਯੁਕਤ ਕੀਤਾ ਗਿਆ। ਮੁਸਲਮਾਨਾਂ ਦੇ ਝਗੜਿਆਂ ਬਾਰੇ ਇਸਲਾਮੀ ਸ਼ਰ੍ਹਾ ਵਰਤੀ ਜਾਣ ਦਾ ਹੁਕਮ ਦਿੱਤਾ ਗਿਆ। ਕਾਜ਼ੀ ਨੂਰਦੀਨ ਨੂੰ ਲਾਹੌਰ ਦਾ ਕਾਜ਼ੀ ਨਿਯਤ ਕੀਤਾ ਅਤੇ ਸੈਦੁੱਲਾ ਚਿਸ਼ਤੀ ਤੇ ਮੁਹੰਮਦ ਸ਼ਾਹ ਮੁਫ਼ਤੀ ਥਾਪੇ ਗਏ। ਸ਼ਹਿਰ ਵਿੱਚ ਇੱਕ ਸਰਕਾਰੀ ਖ਼ੈਰਾਇਤੀ ਹਸਪਤਾਲ ਖੋਲ੍ਹਿਆ ਗਿਆ, ਜੋ ਫ਼ਕੀਰ ਅਜ਼ੀਜ਼ੁਦੀਨ ਦੇ ਭਰਾ ਹਕੀਮ ਫ਼ਕੀਰ ਨੂਰਦੀਨ ਦੇ ਸਪੁਰਦ ਹੋਇਆ। ਸ਼ਹਿਰ ਵਿੱਚ ਅਮਨ ਕਾਇਮ ਰੱਖਣ ਅਤੇ ਲੋਕਾਂ ਦੀ ਰੱਖਿਆ ਲਈ ਪੁਲਿਸ ਤਿਆਰ ਕੀਤੀ ਗਈ ਅਤੇ ਇਮਾਮ ਬਖ਼ਸ਼ ਨੂੰ ਸ਼ਹਿਰ ਦਾ ਕੋਤਵਾਲ ਥਾਪਿਆ ਗਿਆ। ਸਕੂਲਾਂ, ਮਸੀਤਾਂ ਤੇ ਮੰਦਰਾਂ ਨੂੰ ਖੁੱਲ੍ਹੇ ਦਿਲ ਨਾਲ ਸਹਾਇਤਾ ਦਿੱਤੀ ਗਈ। ਪਿੰਡਾਂ ਵਿੱਚ ਪੰਚਾਇਤਾਂ ਕਾਇਮ ਕੀਤੀਆਂ ਗਈਆਂ, ਜੋ ਨਾ ਕੇਵਲ ਝਗੜੇ ਹੀ ਨਿਬੇੜਦੀਆਂ ਸਨ ਸਗੋਂ ਸਾਂਝੇ ਸਥਾਨਕ ਮਾਮਲਿਆਂ ਦਾ ਵੀ ਪ੍ਰਬੰਧ ਕਰਦੀਆਂ ਸਨ। ਸਰਕਾਰੀ ਕਰਮਚਾਰੀਆਂ ਦੀ ਅਗਵਾਈ ਵਾਸਤੇ ਜੋ ਦਸਤੂਰ ਜਾਂ ਨੇਮ ਬਣਾਏ ਗਏ, ਉਹਨਾਂ ਵਿੱਚੋਂ ਪਹਿਲਾ ਇਹ ਸੀ ਕਿ ਹਰੇਕ ਰਾਜ ਕਰਮਚਾਰੀ ਦਾ ਫ਼ਰਜ਼ ਹੈ ਕਿ ਪਰਜਾ ਜਾਂ ਜਨਤਾ ਦੀ ਭਲਾਈ ਨੂੰ ਮੁੱਖ ਰੱਖੇ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇਲਾਕੇ ਵਿੱਚ ਪੰਜਾਬੀਆਂ ਦਾ ਸਾਂਝਾ ਰਾਜ ਕਾਇਮ ਕੀਤਾ। ਉਹਨਾਂ ਦੀ ਤੀਬਰ ਇੱਛਾ ਸੀ ਕਿ ਸਾਰੇ ਪੰਜਾਬ ਵਿੱਚ ਹੀ ਅਜਿਹਾ ਰਾਜ ਕਾਇਮ ਹੋ ਜਾਵੇ।

ਮਹਾਰਾਜਾ ਰਣਜੀਤ ਸਿੰਘ ਸਾਰੇ ਪੰਜਾਬ ਨੂੰ ਇੱਕ ਰਾਜ ਪ੍ਰਬੰਧ ਹੇਠ ਲਿਆਉਣਾ ਚਾਹੁੰਦੇ ਸਨ, ਪਰ ਇਹ ਕੰਮ ਬਹੁਤ ਔਖਾ ਸੀ। ਪੰਜਾਬ ਉਸ ਵੇਲੇ ਨਿੱਕੇ-ਨਿੱਕੇ ਰਾਜਾਂ

ਵਿੱਚ ਵੰਡਿਆ ਹੋਇਆ ਅਤੇ ਟੁਕੜੇ-ਟੁਕੜੇ ਹੋਇਆ ਪਿਆ ਸੀ। ਮੱਧ ਪੰਜਾਬ, ਮੈਣ ਦੁਆਬ ਤੇ ਮਾਲਵੇ ਉੱਤੇ ਮਿਸਲਾਂ ਦੇ ਸਰਦਾਰਾਂ ਦਾ ਕਬਜ਼ਾ ਸੀ। ਇਹ ਸਰਦਾਰ ਆਪੋ ਵਿੱਚ ਹੀ ਪਾਟੇ ਹੋਏ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੀ ਈਰਖਾਲੂ ਤੇ ਵਿਰੋਧੀ ਸਨ। ਕਸੂਰ, ਮੁਲਤਾਨ, ਡੇਰਾ ਇਸਮਾਇਲ ਖ਼ਾਂ, ਬੈਨੂੰ ਕੁਹਾਟ, ਟਾਂਕ, ਅਟਕ, ਕਸ਼ਮੀਰ ਅਤੇ ਬਹਾਵਲਪੁਰ ਮੁਸਲਮਾਨਾਂ ਦੇ ਕਬਜ਼ੇ ਵਿੱਚ ਸਨ। ਜੰਮੂ, ਕਾਂਗੜਾ, ਮੰਡੀ ਸੁਕੇਤ, ਬਸੌਲੀ, ਕੁੱਲੂ ਆਦਿ ਪਹਾੜੀ ਇਲਾਕੇ ਰਾਜਪੂਤਾਂ ਪਾਸ ਸਨ। ਪੂਰਬ ਵਿੱਚ ਅੰਗਰੇਜ਼ਾਂ ਦੀ ਬੜੀ ਭਾਰੀ ਤਾਕਤ ਸੀ, ਜੋ ਸਾਰੇ ਦੇਸ਼ ਨੂੰ ਆਪਣੇ ਰਾਜ ਵਿੱਚ ਸ਼ਾਮਲ ਕਰਨਾ ਚਾਹੁੰਦੇ ਸਨ। ਚਾਰੇ ਪਾਸੇ ਵਿਰੋਧੀ ਤਾਕਤਾਂ ਸਨ। ਇਹਨਾਂ ਦੇ ਹੁੰਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਵਿਸ਼ਾਲ ਰਾਜ ਕਾਇਮ ਕੀਤਾ। ਉਹ ਸਾਰੇ ਪੰਜਾਬ ਨੂੰ ਇਕੱਠਾ ਨਾ ਕਰ ਸਕੇ। ਫੇਰ ਵੀ ਇਸ ਦੇ ਵਿਸ਼ਾਲ ਇਲਾਕੇ ਵਿੱਚ ਉਨ੍ਹਾਂ ਨੇ ਹਕੂਮਤ ਕਾਇਮ ਕੀਤੀ। ਉਸ ਵਿਚਲੇ ਪੰਜਾਬੀਆਂ ਦੇ ਦਿਲਾਂ ਵਿੱਚ ਪੰਜਾਬੀਆਂ ਦਾ ਪੰਜਾਬੀ ਹੋਣ ਦੇ ਕਾਰਣਾਂ ਦਾ ਭਰਾ ਹੋਣ ਦਾ ਭਾਵ ਮਹਾਰਾਜਾ ਸਾਹਿਬ ਨੇ ਸਭ ਤੋਂ ਪਹਿਲਾਂ ਪੈਦਾ ਕੀਤਾ।

ਆਪਣੇ ਆਦਰਸ਼ ਦੀ ਪੂਰਤੀ ਲਈ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਗੱਲ ਤਾਂ ਇਹ ਕੀਤੀ ਕਿ ਜਿਹੜੇ ਨਿੱਕੇ-ਮੋਟੇ ਟਿਕਾਣੇ ਸਿੱਖ ਸਰਦਾਰਾਂ ਜਾਂ ਮਿਸਲਦਾਰਾਂ ਨੇ ਥਾਂ-ਥਾਂ ਮੱਲ ਰੱਖੇ ਸਨ, ਉਹਨਾਂ ਉੱਪਰ ਕਬਜ਼ਾ ਕੀਤਾ ਅਤੇ ਸਰਦਾਰਾਂ, ਮਿਸਲਦਾਰਾਂ ਨੂੰ ਜਾਗੀਰਾਂ ਦੇ ਕੇ ਸੰਤੁਸ਼ਟ ਕੀਤਾ। ਇਸ ਸਿਲਸਿਲੇ ਵਿੱਚ ਉਹਨਾਂ ਨੇ ਸੰਨ 1802 ਵਿੱਚ ਅੰਮ੍ਰਿਤਸਰ ਉੱਤੇ ਵੀ ਕਬਜ਼ਾ ਕੀਤਾ ਅਤੇ ਭੰਗੀ ਸਰਦਾਰਾਂ ਨੂੰ ਜਾਗੀਰ ਦਿੱਤੀ। ਦੂਜੀ ਗੱਲ ਇਹ ਹੈ ਕਿ ਤਾਕਤਵਰ ਮਿਸਲਾਂ ਨਾਲ ਮਿੱਤਰਤਾ ਗੰਢੀ ਅਤੇ ਉਹਨਾਂ ਦਾ ਆਪੋ ਵਿਚਲਾ ਵਿਰੋਧ ਮਿਟਾਇਆ। ਕਨ੍ਹਈਆਂ ਤੇ ਨਕਈਆਂ ਦੀਆਂ ਮਿਸਲਾਂ ਨਾਲ ਉਹਨਾਂ ਨੇ ਵਿਆਹਾਂ ਰਾਹੀਂ ਗੰਢ ਲਈ। ਆਹਲੂਵਾਲੀਆ ਮਿਸਲ ਦੇ ਮੁਖੀ ਸਰਦਾਰ ਫਤਹ ਸਿੰਘ ਨਾਲ ਉਹਨਾਂ ਨੇ ਸੰਨ 1802 ਵਿੱਚ ਪੱਗ ਵਟਾਈ ਤੇ ਭਰਾਪਣ ਕਾਇਮ ਕੀਤਾ। ਨਾਭੇ ਤੇ ਪਟਿਆਲ਼ੇ ਦੇ ਝਗੜੇ ਖ਼ਤਮ ਕਰਾਏ ਅਤੇ ਉਹਨਾਂ ਨੂੰ ਇੱਕ-ਦੂਜੇ ਦੇ ਅਤੇ ਆਪਣੇ ਮਿੱਤਰ ਬਣਾਇਆ। ਮਿੱਤਰਤਾ ਗੰਢਣ ਤੇ ਪਕਿਆਉਣ ਦੀ ਖ਼ਾਤਰ ਅਤੇ ਉਹਨਾਂ ਨੂੰ ਇਹ ਭਰੋਸਾ ਦਿਵਾਉਣ ਲਈ ਕਿ ਅਸੀਂ ਤੁਹਾਨੂੰ ਹੜੱਪ ਨਹੀਂ ਕਰਨਾ ਚਾਹੁੰਦੇ, ਸਗੋਂ ਵਧਦੇ-ਫੁੱਲਦੇ ਦੇਖਣਾ ਚਾਹੁੰਦੇ ਹਾਂ। ਮਹਾਰਾਜਾ ਸਾਹਿਬ ਨੇ ਆਪਣਾ ਜਿੱਤਿਆ ਹੋਇਆ ਕੁਝ ਇਲਾਕਾ ਨਾਭਾ ਤੇ ਜੀਂਦ ਨੂੰ ਦਿੱਤਾ। ਇਸ ਤਰ੍ਹਾਂ ਫਗਵਾੜੇ ਤੇ ਇਸ ਦੇ ਇਰਦ-ਗਿਰਦ ਦਾ ਇਲਾਕਾ ਜਿੱਤ ਕੇ ਉਹਨਾਂ ਨੂੰ ਆਪਣੇ ਮਿੱਤਰ ਕਪੂਰਥਲਾ ਦੇ ਮਿਸਲਦਾਰ ਸ੍. ਫ਼ਤਿਹ ਸਿੰਘ ਆਹਲੂਵਾਲੀਏ ਨੂੰ ਦਿੱਤਾ।

ਅਜਿਹੇ ਯਤਨਾਂ ਨਾਲ ਮਹਾਰਾਜਾ ਸਾਹਿਬ ਨੇ ਖਿੰਡੀ ਪੁੰਡੀ ਹੋਈ ਅਤੇ ਟੁੱਟੀ-ਫੁੱਟੀ ਸਿੱਖ ਤਾਕਤ ਨੂੰ ਇਕੱਠਾ ਤੇ ਕੇਂਦਰਿਤ ਕੀਤਾ।

ਸਾਰੇ ਪੰਜਾਬ ਨੂੰ ਇੱਕਮੁੱਠ ਕਰ ਕੇ, ਇੱਕ ਰਾਜ ਪ੍ਰਬੰਧ ਹੇਠ ਲਿਆ ਕੇ, ਏਥੇ ਅਮਨ ਭਰਪੂਰ ਨਿਆਂਕਾਰੀ ਅਤੇ ਸਭ ਦਾ ਸਾਂਝਾ ਪੰਜਾਬੀ ਰਾਜ ਕਾਇਮ ਕਰਨ ਦੀ ਖ਼ਾਤਰ ਮਹਾਰਾਜਾ ਸਾਹਿਬ ਨੇ ਪਰਦੇਸੀ ਪਠਾਣਾਂ ਦੇ ਰਾਜ ਹੇਠਲੇ ਪੰਜਾਬ ਦੇ ਟੁਕੜਿਆਂ ਨੂੰ ਸਰ ਕਰਨ ਦਾ ਪ੍ਰੋਗਰਾਮ ਬਣਾਇਆ।

**ਕਸੂਰ 'ਤੇ ਫਿਰ ਚੜ੍ਹਾਈ** : ਨਿਜ਼ਾਮੁਦੀਨ ਦਿਲੋਂ ਬਹੁਤ ਔਖਾ ਸੀ। ਮਹਾਰਾਜਾ ਸਾਹਿਬ ਨੂੰ ਚਨਯੋਟ ਵੱਲ ਰੁੱਝਾ ਹੋਇਆ ਵੇਖ ਕੇ ਉਸ ਨੇ ਆਕੀ ਹੋ ਕੇ ਜਹਾਦ ਸ਼ੁਰੂ ਕਰ ਦਿੱਤਾ। ਮਹਾਰਾਜੇ ਨੇ ਫੇਰ ਫ਼ੌਜ ਭੇਜ ਕੇ ਉਸ ਨੂੰ ਹਾਰ ਦਿੱਤੀ। ਨਿਜ਼ਾਮੁਦੀਨ ਨੇ ਫੇਰ ਤਰਲੇ ਕੀਤੇ ਅਤੇ ਵਫ਼ਾਦਾਰ ਰਹਿਣ ਦੀਆਂ ਕਸਮਾਂ ਖਾਧੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਬਖ਼ਸ਼ ਦਿੱਤਾ।

ਨਵਾਬ ਨਿਜ਼ਾਮੁਦੀਨ ਸੰਨ 1807 ਵਿੱਚ ਮਰ ਗਿਆ ਅਤੇ ਉਸ ਦੀ ਥਾਂ ਉਸ ਦਾ ਭਰਾ ਕੁਤਬਦੀਨ ਕਸੂਰ ਦਾ ਹਾਕਮ ਬਣਿਆ। ਉਹ ਲਾਹੌਰ ਦਰਬਾਰ ਦੇ ਅਧੀਨ ਰਹਿਣਾ ਨਹੀਂ ਸੀ ਚਾਹੁੰਦਾ। ਮਹਾਰਾਜਾ ਸਾਹਿਬ ਨੇ ਫ਼ੈਸਲਾ ਕੀਤਾ ਕਿ ਆਏ ਦਿਨ ਖੜ੍ਹਾ ਹੋਣ ਵਾਲਾ ਕੰਜਰਖ਼ਾਨਾ ਸਦਾ ਲਈ ਨਿਬੇੜਿਆ ਜਾਵੇ। ਇਸ ਕਰ ਕੇ ਕਸੂਰ ਉੱਤੇ ਚੜ੍ਹਾਈ ਕੀਤੀ ਗਈ। ਤਕੜੀ ਲੜਾਈ ਮਗਰੋਂ ਮਹਾਰਾਜਾ ਸਾਹਿਬ ਨੇ ਕਸੂਰ ਉੱਤੇ ਕਬਜ਼ਾ ਕਰ ਲਿਆ। ਨਵਾਬ ਕੁਤਬਦੀਨ ਭੱਜਿਆ ਜਾਂਦਾ ਫੜਿਆ ਗਿਆ। ਮਹਾਰਾਜ ਨੇ ਉਸ ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਮਮਦੋਟ ਦੇ ਇਲਾਕੇ ਦੀ ਜਾਗੀਰ ਦਿੱਤੀ, ਜਿਸ ਦੀ ਵਾਰਸ਼ਕ ਆਮਦਨ ਉਸ ਵੇਲੇ ਇੱਕ ਲੱਖ ਰੁਪਏ ਸੀ।

ਸੰਨ 1803 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਝੰਗ ਅਤੇ ਉਹਦੇ ਇਲਾਕੇ ਫ਼ਤਿਹ ਕਰ ਕੇ ਆਪਣੇ ਇਲਾਕੇ ਵਿੱਚ ਮਿਲਾਏ।

ਕਸੂਰ ਦੇ ਨਵਾਬ ਨਿਜ਼ਾਮੁਦੀਨ ਨੂੰ ਦੂਜੀ ਵੇਰ ਸੋਧਣ ਤੇ ਅਧੀਨ ਕਰਨ ਮਗਰੋਂ ਸੰਨ 1803 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪਟਰਾਣੀ ਰਾਜ ਦੇ ਇੱਕ ਹੋਰ ਵੱਡੇ ਕੇਂਦਰ ਮੁਲਤਾਨ ਉੱਤੇ ਚੜ੍ਹਾਈ ਕੀਤੀ। ਮੁਲਤਾਨ ਦੇ ਨਵਾਬ ਮੁਜ਼ੱਫ਼ਰ ਖ਼ਾਂ ਨੇ ਅਧੀਨਗੀ ਕਬੂਲ ਕਰ ਲਈ ਤੇ ਨਜ਼ਰਾਨਾ ਦਿੱਤਾ।

ਜਦ ਨਵਾਬ ਨਿਜ਼ਾਮੁਦੀਨ ਦੇ ਮਰਨ ਮਗਰੋਂ ਬਣੇ ਕਸੂਰ ਦੇ ਨਵਾਬ ਕੁਤਬਦੀਨ ਨੇ ਆਕੀ ਹੋ ਕੇ ਜਹਾਦ ਅਰੰਭ ਦਿੱਤਾ ਤਾਂ ਮੁਲਤਾਨ ਦੇ ਨਵਾਬ ਮੁਜ਼ੱਫ਼ਰ ਖ਼ਾਂ ਨੇ ਉਸ ਦੀ ਗੁਪਤ ਤੌਰ 'ਤੇ ਸਹਾਇਤਾ ਕੀਤੀ। ਮਹਾਰਾਜਾ ਸਾਹਿਬ ਨੂੰ ਪਤਾ ਲੱਗ ਗਿਆ। ਉਹਨਾਂ ਨੇ ਮੁਲਤਾਨ ਉੱਤੇ ਚੜ੍ਹਾਈ ਕੀਤੀ। ਮੁਜ਼ੱਫ਼ਰ ਖ਼ਾਂ ਅੱਗਿਓਂ ਝੱਟ ਗੋਡਿਆਂ ਪਰਨੇ ਹੋ ਗਿਆ। ਉਸ ਨੇ ਸੱਤਰ ਹਜ਼ਾਰ ਰੁਪਇਆ ਭੇਟਾ ਕੀਤਾ। ਮਹਾਰਾਜਾ ਨੇ ਉਸ ਨੂੰ ਬਖ਼ਸ਼ ਦਿੱਤਾ।

**ਹੁਲਕਰ ਦਾ ਪੰਜਾਬ ਆਉਣਾ** : ਸੰਨ 1805 ਵਿੱਚ ਜਦ ਕਿ ਮਹਾਰਾਜਾ ਰਣਜੀਤ ਸਿੰਘ ਮੁਲਤਾਨ ਵੱਲ ਗਏ ਹੋਏ ਸਨ, ਉਹਨਾਂ ਨੂੰ ਖ਼ਬਰ ਮਿਲੀ ਕਿ ਅੰਗਰੇਜ਼ਾਂ ਤੋਂ ਹਾਰ ਖਾ ਕੇ ਜਸਵੰਤ ਰਾਓ ਹੁਲਕਰ, ਇੰਦੌਰ ਦਾ ਮਰਹੱਟਾ ਰਾਜਾ, ਪਨਾਹ ਤੇ ਸਹਾਇਤਾ ਦੀ ਭਾਲ਼ ਵਿੱਚ ਫ਼ੌਜ ਸਮੇਤ ਪੰਜਾਬ ਆ ਗਿਆ ਹੈ ਅਤੇ ਉਸ ਦੇ ਮਗਰ ਲਾਰਡ ਲੇਕ ਅੰਗਰੇਜ਼ੀ ਫ਼ੌਜ ਲੈ ਕੇ ਆ ਰਿਹਾ ਹੈ। ਮਹਾਰਾਜਾ ਸਾਹਿਬ ਛੇਤੀ ਨਾਲ ਲਾਹੌਰ ਵਾਪਸ ਆਏ। ਹੁਲਕਰ ਦੀ ਰਿਹਾਇਸ਼ ਦਾ ਪ੍ਰਬੰਧ ਉਹਨਾਂ ਨੇ ਅੰਮ੍ਰਿਤਸਰ ਵਿੱਚ ਕਰ ਦਿੱਤਾ। ਹੁਲਕਰ ਨੇ ਅੰਗਰੇਜ਼ਾਂ ਵਿਰੁੱਧ ਸਹਾਇਤਾ ਮੰਗੀ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਸਲਾਹਕਾਰਾਂ ਨਾਲ ਸਲਾਹ ਕਰ ਕੇ ਦੱਸਾਂਗਾ।

ਮਹਾਰਾਜਾ ਸਾਹਿਬ ਪੰਜਾਬ ਨੂੰ ਰਣ-ਭੂਮੀ ਨਹੀਂ ਸਨ ਬਣਾਉਣਾ ਚਾਹੁੰਦੇ, ਨਾਲ ਹੀ ਸ਼ਰਨ ਆਏ ਹੁਲਕਰ ਨੂੰ ਨਿਰਾਸ਼ ਵੀ ਨਹੀਂ ਸਨ ਕਰਨਾ ਚਾਹੁੰਦੇ। ਉਹਨਾਂ ਨੇ ਹੁਲਕਰ ਤੇ ਅੰਗਰੇਜ਼ਾਂ ਦਾ ਆਪੋ ਵਿੱਚ ਸਮਝੌਤਾ ਤੇ ਸੁਲ੍ਹਾ ਸਫ਼ਾਈ ਕਰਾਉਣ ਦਾ ਇਰਾਦਾ ਕੀਤਾ। ਹੁਲਕਰ ਨੂੰ ਇਸ ਲਈ ਮਨਾ ਕੇ ਉਹਨਾਂ ਨੇ ਲਾਰਡ ਲੇਕ ਨੂੰ ਚਿੱਠੀ ਲਿਖੀ। ਅੰਗਰੇਜ਼ਾਂ ਨੇ ਮਹਾਰਾਜਾ ਸਾਹਿਬ ਦੀ ਤਜਵੀਜ਼ ਸਵੀਕਾਰ ਕਰ ਲਈ। ਹੁਲਕਰ ਦਾ ਅੰਗਰੇਜ਼ਾਂ ਨਾਲ ਰਾਜ਼ੀਨਾਮਾ ਹੋ ਗਿਆ। ਅੰਗਰੇਜ਼ਾਂ ਨੇ ਉਸ ਦਾ ਬਹੁਤ ਸਾਰਾ ਇਲਾਕਾ ਵਾਪਸ ਦੇ ਦਿੱਤਾ।

ਪਟਿਆਲ਼ਾ ਤੇ ਨਾਭਾ ਰਿਆਸਤ ਦਾ ਆਪਸੀ ਝਗੜਾ ਨਿਬੇੜ ਕੇ ਮਹਾਰਾਜਾ ਸਾਹਿਬ ਵਾਪਸ ਆ ਰਹੇ ਸਨ ਕਿ ਜਲੰਧਰ ਦੇ ਪਾਸ ਉਹਨਾਂ ਨੂੰ ਕਾਂਗੜੇ ਦੇ ਰਾਜੇ ਸੰਸਾਰ ਚੰਦ ਦਾ ਛੋਟਾ ਭਰਾ ਮਿਲਿਆ। ਉਸ ਨੇ ਬੇਨਤੀ ਕੀਤੀ ਕਿ ਨਿਪਾਲ ਦੇ ਜਰਨੈਲ ਅਮਰ ਸਿੰਘ ਥਾਪਾ ਨੇ ਸਾਰਾ ਪਹਾੜੀ ਇਲਾਕਾ ਜਿੱਤ ਲਿਆ ਹੈ ਅਤੇ ਹੋਰ ਵਧੀਕੀ ਕਰ ਰਿਹਾ ਹੈ। ਸਾਨੂੰ ਮਦਦ ਕਰੋ। ਮਹਾਰਾਜਾ ਰਣਜੀਤ ਸਿੰਘ ਫ਼ੌਜ ਲੈ ਕੇ ਕਾਂਗੜੇ ਵੱਲ ਚੱਲ ਪਏ। ਅਮਰ ਸਿੰਘ ਥਾਪਾ ਨੂੰ ਜਦੋਂ ਪਤਾ ਲੱਗਿਆ, ਉਹ ਬਿਨਾਂ ਲੜਾਈ ਤੋਂ ਹੀ ਨੱਸ ਗਿਆ।

ਸੰਨ 1807 ਵਿੱਚ ਮਹਾਰਾਜਾ ਸਾਹਿਬ ਨੇ ਪਹਾੜੀ ਇਲਾਕਾ ਸਰ ਕਰਨ ਦਾ ਇਰਾਦਾ ਕੀਤਾ। ਉਹਨਾਂ ਦੀ ਫ਼ੌਜ ਨੇ ਪਠਾਨਕੋਟ ਜਮਰੋਟਾ ਤੇ ਚੰਬਾ ਨੂੰ ਫ਼ਤਿਹ ਕਰ ਲਿਆ।

**ਸਤਲੁਜੋਂ ਪਾਰ ਦੀਆਂ ਰਿਆਸਤਾਂ ਅੰਗਰੇਜ਼ਾਂ ਨਾਲ** : ਮਹਾਰਾਜਾ ਰਣਜੀਤ ਸਿੰਘ ਦਾ ਆਦਰਸ਼ ਸੀ ਕਿ ਸਾਰੀ ਸਿੱਖ ਤਾਕਤ ਨੂੰ ਇਕੱਠਿਆਂ ਕਰ ਕੇ ਇੱਕ ਵੱਡੀ ਸਲਤਨਤ ਕਾਇਮ ਕੀਤੀ ਜਾਵੇ, ਜੋ ਸਿੱਖ ਰਾਜ ਹੁੰਦਿਆਂ ਵੀ ਸਭ ਦੇ ਸਾਂਝੇ ਪੰਜਾਬੀ ਰਾਜ ਦਾ ਨਮੂਨਾ ਹੋਵੇ। ਉਹਨਾਂ ਨੇ ਪਟਿਆਲ਼ਾ, ਨਾਭਾ, ਜੀਂਦ ਆਦਿ ਨਾਲ ਮਿੱਤਰਤਾ ਗੰਢਣੀ ਚਾਹੀ। ਉਹਨਾਂ ਨੇ ਸਪਸ਼ਟ ਕਰ ਦਿੱਤਾ ਸੀ ਅਤੇ ਵਤੀਰੇ ਰਾਹੀਂ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਸੀ ਕਿ ਅਸੀਂ ਤੁਹਾਨੂੰ ਖ਼ਤਮ ਨਹੀਂ ਕਰਨਾ ਚਾਹੁੰਦੇ, ਪਰ ਇੱਕ

ਨਿੱਕੀ ਜਿਹੀ ਗੱਲ ਨੇ ਸਤਲੁਜੋਂ ਪਾਰ ਦੇ ਸਰਦਾਰਾਂ ਨੂੰ ਡਰਾ ਦਿੱਤਾ। ਉਹ ਇਹ ਸੀ ਕਿ ਸ੍. ਤਾਰਾ ਸਿੰਘ ਡੱਲੇਵਾਲ ਦੇ ਮਰਨ 'ਤੇ ਮਹਾਰਾਜਾ ਸਾਹਿਬ ਨੇ ਉਸ ਦਾ ਇਲਾਕਾ ਆਪਣੇ ਰਾਜ ਵਿੱਚ ਮਿਲਾ ਲਿਆ ਸੀ।

ਸੰਨ 1808 ਵਿੱਚ ਇਹਨਾਂ ਸਰਦਾਰਾਂ ਨੇ ਪਟਿਆਲ਼ੇ ਦੇ ਪਿੰਡ ਸਮਾਣੇ ਵਿੱਚ ਇਕੱਠ ਕੀਤਾ ਅਤੇ ਫ਼ੈਸਲਾ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਮਿਲਣ ਦੀ ਥਾਂ ਅੰਗਰੇਜ਼ਾਂ ਨਾਲ ਮਿਲਿਆ ਜਾਵੇ। ਇਹਨਾਂ ਨੇ ਆਪਣੇ ਵਕੀਲ ਦਿੱਲੀ ਭੇਜ ਕੇ ਅੰਗਰੇਜ਼ਾਂ ਨੂੰ ਇਸ ਫ਼ੈਸਲੇ ਦੀ ਇਤਲਾਹ ਦਿੱਤੀ।

ਅੰਗਰੇਜ਼ਾਂ ਨੂੰ ਉਸ ਵੇਲੇ ਡਰ ਸੀ ਕਿ ਸ਼ਾਇਦ ਨੈਪੋਲੀਅਨ ਤੇ ਰੂਸ ਦਾ ਬਾਦਸ਼ਾਹ ਜ਼ਾਰ ਹਿੰਦੁਸਤਾਨ 'ਤੇ ਹੱਲਾ ਨਾ ਬੋਲ ਦੇਣ। ਇਸ ਕਰ ਕੇ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਵਿਗਾੜਨੀ ਨਹੀਂ ਸੀ ਚਾਹੁੰਦੇ। ਉਹ ਕੁਝ ਚਿਰ ਟਾਲ਼-ਮਟੋਲ਼ ਕਰਦੇ ਰਹੇ। ਨਾਲ ਦੀ ਨਾਲ ਹੀ ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਮਿੱਤਰਤਾ ਗੰਢ ਕੇ ਅਹਿਦਨਾਮਾ ਵੀ (ਸੰਧੀ ਪੱਤਰ) ਕਰਨ ਦੀ ਖ਼ਾਤਰ ਆਪਣਾ ਦੂਤ, ਸਰ ਚਾਰਲਸ ਮੈਟਕਾਫ਼ ਮਹਾਰਾਜਾ ਦੀ ਸੇਵਾ ਵਿੱਚ ਭੇਜਿਆ। ਮਹਾਰਾਜਾ ਸਾਹਿਬ ਸਾਰੀ ਗੱਲ ਸਮਝਦੇ ਸਨ। ਜਿਹੜੀਆਂ ਸ਼ਰਤਾਂ ਮੈਟਕਾਫ਼ ਨੇ ਪ੍ਰਸਤੁਤ ਕੀਤੀਆਂ, ਉਹ ਉਹਨਾਂ ਨੇ ਨਾ ਮੰਨੀਆਂ, ਸਗੋਂ ਉਹਨਾਂ ਦੀ ਥਾਂ 'ਤੇ ਹੋਰ ਤਜਵੀਜ਼ਾਂ ਕੀਤੀਆਂ। ਮੈਟਕਾਫ਼ ਨੂੰ ਸੰਧੀ ਦੀਆਂ ਸ਼ਰਤਾਂ ਵਿੱਚ ਤਬਦੀਲੀ ਕਰਨ ਦਾ ਅਧਿਕਾਰ ਨਹੀਂ ਸੀ। ਉਸ ਨੇ ਮਹਾਰਾਜਾ ਸਾਹਿਬ ਦੀਆਂ ਸ਼ਰਤਾਂ ਕਲਕੱਤੇ ਵਿਚਲੇ ਵੱਡੇ ਅੰਗਰੇਜ਼ ਗਵਰਨਰ ਜਨਰਲ ਨੂੰ ਭੇਜ ਦਿੱਤੀਆਂ।

ਮਹਾਰਾਜਾ ਸਾਹਿਬ ਨੂੰ ਡਰ ਭਾਸ ਗਿਆ ਸੀ ਕਿ ਅੰਗਰੇਜ਼ਾਂ ਨੇ ਮਾਲਵੇ ਦੀਆਂ ਰਿਆਸਤਾਂ ਉੱਪਰ ਕਬਜ਼ਾ ਕਰ ਲੈਣਾ ਹੈ। ਉਹਨਾਂ ਵਿੱਚ ਆਪਣਾ ਅਸਰ-ਰਸੂਖ ਕਾਇਮ ਰੱਖਣ ਲਈ ਮਾਲਵੇ ਦਾ ਦੌਰਾ ਕੀਤਾ। ਉਹਨਾਂ ਨੇ ਫਰੀਦਕੋਟ ਅਤੇ ਮਲੇਰਕੋਟਲਾ ਵਿੱਚ ਆਪਣੇ ਥਾਣੇ ਕਾਇਮ ਕੀਤੇ, ਜਿਨ੍ਹਾਂ ਵਿੱਚ ਆਪਣੀ ਫ਼ੌਜ ਅਸਥਾਪਨ ਕੀਤੀ।

ਉੱਧਰੋਂ ਅੰਗਰੇਜ਼ਾਂ ਨੂੰ ਨੈਪੋਲੀਅਨ ਦੇ ਹਮਲੇ ਦਾ ਖ਼ਤਰਾ ਹਟ ਗਿਆ। ਗਵਰਨਰ ਜਨਰਲ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਚਿੱਠੀ ਭੇਜੀ ਤੇ ਸਤਲੁਜ ਤੋਂ ਦੱਖਣ ਵੱਲ ਦੇ ਸਿੱਖ ਰਾਜਿਆਂ, ਸਰਦਾਰਾਂ ਨੂੰ ਅੰਗਰੇਜ਼ੀ ਸਰਕਾਰ ਨੇ ਆਪਣੀ ਰੱਖਿਆ ਹੇਠ ਲੈ ਲਿਆ। ਨਾਲ ਹੀ ਉਸ ਨੇ ਤਕੜੀ ਫ਼ੌਜ ਜਮਨਾ ਦੇ ਪਾਰ ਭੇਜੀ, ਜੋ ਬੂੜੀਏ ਤੇ ਪਟਿਆਲ਼ੇ ਹੁੰਦੀ ਹੋਈ ਲੁਧਿਆਣੇ ਆ ਟਿਕੀ।

ਇਸ ਗੱਲ ਦਾ ਮਹਾਰਾਜਾ ਸਾਹਿਬ ਨੂੰ ਬੜਾ ਗ਼ੁੱਸਾ ਆਇਆ। ਉਹ ਜੰਗੀ ਤਿਆਰੀਆਂ ਕਰਨ ਲੱਗੇ। ਫ਼ੌਜ ਤੇ ਤੋਪਖ਼ਾਨੇ ਨੂੰ ਫਿਲੌਰ ਇਕੱਠੇ ਹੋਣ ਦਾ ਹੁਕਮ ਦਿੱਤਾ ਗਿਆ। ਅੰਮ੍ਰਿਤਸਰ ਦੇ ਕਿਲ੍ਹੇ ਨੂੰ ਵਧੇਰੇ ਪੱਕਾ ਕੀਤਾ ਗਿਆ। ਤੋਪਾਂ ਬੀੜੀਆਂ ਗਈਆਂ ਅਤੇ ਦਾਰੂ-ਸਿੱਕਾ ਇਕੱਠਾ ਕੀਤਾ ਗਿਆ। ਸਭ ਸਿੱਖ ਸਰਦਾਰਾਂ ਨੂੰ ਤਿਆਗੀ

ਦਾ ਹੁਕਮ ਦਿੱਤਾ ਗਿਆ। ਥੋੜ੍ਹੇ ਹੀ ਦਿਨਾਂ ਵਿੱਚ ਇੱਕ ਲੱਖ ਦੇ ਕਰੀਬ ਫ਼ੌਜ ਲਾਹੌਰ ਵਿਖੇ ਇਕੱਠੀ ਹੋ ਗਈ।

ਪਰ ਮਹਾਰਾਜਾ ਸਾਹਿਬ ਨੇ ਗ਼ੁੱਸੇ ਵਿੱਚ ਆ ਕੇ ਕੋਈ ਕਦਮ ਨਾ ਚੁੱਕਿਆ ਅਤੇ ਜੰਗ ਸੰਬੰਧੀ ਕੋਈ ਪਹਿਲ ਕਰਨ ਵਾਲੀ ਗੱਲ ਨਾ ਕੀਤੀ। ਉਹ ਜਾਣਦੇ ਸਨ ਕਿ ਸਾਡਾ ਰਾਜ ਅਜੇ ਪੱਕੀ ਤਰ੍ਹਾਂ ਕਾਇਮ ਨਹੀਂ ਹੋਇਆ ਅਤੇ ਸਾਡੇ ਰਾਜ ਦੇ ਵਿੱਚ ਵੀ ਸਰਹੱਦਾਂ ਦੇ ਆਸ-ਪਾਸ ਸਾਡੇ ਬਹੁਤ ਦੁਸ਼ਮਣ ਬੈਠੇ ਹਨ। ਉਹਨਾਂ ਨੇ ਸੋਚਿਆ ਕਿ ਜੇ ਅੰਗਰੇਜ਼ਾਂ ਨਾਲ ਜੰਗ ਛਿੜ ਗਈ ਤਾਂ ਮਗਰੋਂ ਇਹ ਲੋਕ ਵੀ ਉੱਠ ਖੜ੍ਹੇ ਹੋਣਗੇ। ਇਸ ਕਰ ਕੇ ਉਹਨਾਂ ਨੇ ਆਪਣੇ ਗ਼ੁੱਸੇ ਨੂੰ ਰੋਕੀ ਰੱਖਿਆ।

**ਅੰਗਰੇਜ਼ਾਂ ਨਾਲ ਸੰਧੀ :** ਮੈਟਕਾਫ਼ ਨਵਾਂ ਸੰਧੀ ਪੱਤਰ ਲੈ ਕੇ ਹਾਜ਼ਰ ਹੋਇਆ। ਇਸ ਦੀਆਂ ਸ਼ਰਤਾਂ ਮਹਾਰਾਜਾ ਸਾਹਿਬ ਦੇ ਮਨਪਸੰਦ ਸਨ। 25 ਅਪ੍ਰੈਲ, 1809 ਨੂੰ ਅੰਮ੍ਰਿਤਸਰ ਵਿੱਚ ਇਸ ਅਹਿਦਨਾਮੇ (ਸੰਧੀ ਪੱਤਰ) ਉੱਤੇ ਦੋਹਾਂ ਧਿਰਾਂ ਦੇ ਦਸਤਖਤ ਹੋਏ। ਇਸ ਦੀਆਂ ਸ਼ਰਤਾਂ ਇਹ ਸਨ : ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਵਿੱਚ ਸਦਾ ਦੋਸਤੀ ਰਹੇਗੀ। ਸਰਕਾਰ ਅੰਗਰੇਜ਼ੀ ਮਹਾਰਾਜਾ ਸਾਹਿਬ ਨੂੰ ਸਭ ਤੋਂ ਵੱਧ ਸਤਿਕਾਰਯੋਗ ਤਾਕਤਾਂ ਵਿੱਚ ਗਿਣੇਗੀ ਅਤੇ ਉਨ੍ਹਾਂ ਦੇ ਸਤਲੁਜੋਂ ਉੱਤਰ ਵੱਲ ਦੇ ਇਲਾਕਿਆਂ ਵਿੱਚ ਦਖ਼ਲ ਨਹੀਂ ਦੇਵੇਗੀ ਅਤੇ ਮਹਾਰਾਜ ਸਾਹਿਬ ਸਤਲੁਜੋਂ ਦੱਖਣ ਵਾਲੇ ਇਲਾਕਿਆਂ ਵਿੱਚ ਦਖ਼ਲ ਨਹੀਂ ਦੇਣਗੇ।

ਇਸ ਸੰਧੀ ਅਨੁਸਾਰ ਅੰਗਰੇਜ਼ਾਂ ਦੀ ਲੁਧਿਆਣੇ ਛਾਉਣੀ ਪੈ ਗਈ। ਮਹਾਰਾਜਾ ਵੱਲੋਂ ਬਖ਼ਸ਼ੀ ਨੰਦ ਸਿੰਘ ਭੰਡਾਰੀ ਵਕੀਲ ਜਾਂ ਦੂਤ ਹੋ ਕੇ ਲੁਧਿਆਣੇ ਭੇਜਿਆ ਗਿਆ ਤੇ ਅੰਗਰੇਜ਼ਾਂ ਵੱਲੋਂ ਖ਼ੁਸ਼ਵਕਤ ਰਾਏ ਲਾਹੌਰ ਭੇਜਿਆ ਗਿਆ।

ਇਸ ਸੰਧੀ ਦਾ ਪੰਜਾਬ ਉੱਪਰ ਬਹੁਤ ਰਾਜਨੀਤਿਕ ਅਸਰ ਪਿਆ। ਮਹਾਰਾਜੇ ਦਾ ਰਾਜ ਸਤਲੁਜੋਂ ਪਾਰ ਵੱਲ ਵਧਣੋਂ ਰੁਕ ਗਿਆ। ਅੰਗਰੇਜ਼ਾਂ ਨੂੰ ਹਿੰਗ ਜਾਂ ਫਟਕੜੀ ਲੱਗਣ ਤੋਂ ਬਗ਼ੈਰ ਹੀ ਜਮਨਾ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਉੱਪਰ ਅਧਿਕਾਰ ਮਿਲ ਗਿਆ। ਮਹਾਰਾਜਾ ਸਾਹਿਬ ਦਾ ਸਿੱਖ ਤਾਕਤ ਨੂੰ ਇੱਕਮੁੱਠ ਕਰ ਕੇ ਤਕੜੀ ਸਲਤਨਤ ਕਾਇਮ ਕਰਨ ਦਾ ਖ਼ਿਆਲ ਵਿੱਚੇ ਰਹਿ ਗਿਆ। ਪਰ ਨਾਲ ਹੀ ਉਨ੍ਹਾਂ ਨੂੰ ਇਸ ਪਾਸਿਓਂ ਕੋਈ ਖ਼ਤਰਾ ਨਾ ਰਿਹਾ। ਹੁਣ ਉਹ ਪੱਛਮ ਤੇ ਪਹਾੜ ਵੱਲ ਦੇ ਇਲਾਕੇ ਜਿੱਤਣ ਵੱਲ ਬੇਫ਼ਿਕਰ ਹੋ ਕੇ ਧਿਆਨ ਦੇ ਸਕਦੇ ਸਨ।

ਪਰ ਇਸ ਸੰਧੀ ਦਾ ਸਭ ਤੋਂ ਖ਼ਤਰਨਾਕ ਅਸਰ ਇਹ ਹੋਇਆ ਕਿ ਸਿੱਖਾਂ ਵਿੱਚ ਮਾਝੇ ਅਤੇ ਮਾਲਵੇ ਦਾ ਸਵਾਲ ਪੈਦਾ ਹੋ ਗਿਆ। ਮਗਰੋਂ ਸਿੱਖਾਂ ਨੂੰ ਪਾੜੀ ਰੱਖਣ ਲਈ ਅਤੇ ਆਪਣੀ ਤਾਕਤ ਵਧਾਉਣ, ਪਕਿਆਉਣ ਲਈ ਅੰਗਰੇਜ਼ਾਂ ਨੇ ਇਸ ਪਾਟ ਨੂੰ ਗਿਣ-ਮਿੱਥ ਕੇ ਵਧਾਇਆ।

## ਕਾਂਗੜੇ ਤੇ ਅਟਕ ਦੀਆਂ ਜਿੱਤਾਂ : ਕੋਹਨੂਰ ਹੀਰਾ

**ਕਾਂਗੜੇ ਦੀ ਜਿੱਤ** : ਮਹਾਰਾਜਾ ਸਾਹਿਬ ਨੇ ਲੁਧਿਆਣੇ ਅੰਗਰੇਜ਼ੀ ਫ਼ੌਜ ਆਈ ਦੇਖ ਕੇ ਆਪਣੀ ਕਾਂਗੜੇ ਵਿਚਲੀ ਫ਼ੌਜ ਨੂੰ ਫਿਲੌਰ ਜਾਣ ਦਾ ਹੁਕਮ ਦਿੱਤਾ। ਇਸ 'ਤੇ ਨਿਪਾਲ ਦਾ ਸੈਨਾਪਤੀ ਅਮਰ ਸਿੰਘ ਥਾਪਾ ਫੇਰ ਫ਼ੌਜ ਲੈ ਕੇ ਕਾਂਗੜੇ ਵਿੱਚ ਆ ਵੜਿਆ। ਕਾਂਗੜੇ ਦੇ ਰਾਜੇ ਨੇ ਫੇਰ ਸਹਾਇਤਾ ਲਈ ਬੇਨਤੀ ਕੀਤੀ। ਮਹਾਰਾਜਾ ਸਾਹਿਬ ਨੇ ਕਾਂਗੜੇ ਵੱਲ ਕੂਚ ਕੀਤਾ। ਉਹਨਾਂ ਨੇ ਗੋਰਖਿਆਂ ਦੀ ਫ਼ੌਜ ਦੇ ਰਸਦ-ਪਾਣੀ ਦੇ ਰਾਹ ਰੋਕ ਲਏ। ਸਿੱਖਾਂ ਤੇ ਗੋਰਖਿਆਂ ਦੀ ਡਟ ਕੇ ਲੜਾਈ ਹੋਈ। ਸਿੱਖਾਂ ਨੇ ਗੋਰਖਿਆਂ ਦੇ ਚੰਗੇ ਆਹੂ ਲਾਹੇ ਅਤੇ ਉਹਨਾਂ ਨੂੰ ਲੱਕ-ਤੋੜਵੀਂ ਹਾਰ ਦਿੱਤੀ। 24 ਸਤੰਬਰ, 1809 ਨੂੰ ਖ਼ਾਲਸਾ ਫ਼ੌਜ ਨੇ ਕਿਲ੍ਹੇ ਉੱਪਰ ਕਬਜ਼ਾ ਕਰ ਲਿਆ।

ਨੇਪਾਲੀਆਂ ਵੱਲੋਂ ਨਿੱਤ ਦੀ ਛੇੜਖਾਨੀ ਰੋਕਣ ਅਤੇ ਉਹਨਾਂ ਦੇ ਇੱਧਰ ਦੇ ਨਾਕੇ ਬੰਦ ਕਰਨ ਲਈ ਮਹਾਰਾਜੇ ਨੇ ਕਾਂਗੜੇ ਦਾ ਇਲਾਕਾ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਅਤੇ ਸ੍. ਦੇਸਾ ਸਿੰਘ ਮਜੀਠੀਏ ਨੂੰ ਇਸ ਦਾ ਹਾਕਮ ਨਿਯਤ ਕੀਤਾ। ਮਹਾਰਾਜਾ ਸਾਹਿਬ ਨੇ ਇਸ ਕਿਲ੍ਹੇ ਵਿੱਚ ਸ਼ਾਹੀ ਦਰਬਾਰ ਕੀਤਾ, ਜਿਸ ਵਿੱਚ ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰ, ਗੁਲੇਰ, ਕਹਿਲੂਰ, ਮੰਡੀ, ਸੁਕੇਤ ਅਤੇ ਕੁੱਲੂ ਦੇ ਰਾਜੇ ਸ਼ਾਮਲ ਹੋਏ ਅਤੇ ਸਭ ਨੇ ਟਕੇ ਤਾਰੇ।

**ਮੁਲਤਾਨ ਤੇ ਚੜ੍ਹਾਈ** : ਇਸ ਮਗਰੋਂ ਮਹਾਰਾਜਾ ਸਾਹਿਬ ਨੇ ਗੁਜਰਾਤ, ਭੇਰਾ, ਮਿਆਣੀ, ਖ਼ਸ਼ਾਬ, ਸਾਹੀਵਾਲ, ਜੰਮੂ, ਵਜ਼ੀਰਾਬਾਦ, ਆਦਿ ਇਲਾਕੇ ਸਰ ਕਰ ਕੇ ਆਪਣੇ ਰਾਜ ਵਿੱਚ ਮਿਲਾਏ। ਫ਼ਰਵਰੀ ਸੰਨ 1810 ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਮੁਲਤਾਨ ਵੱਲ ਫੇਰ ਧਿਆਨ ਦੇਣਾ ਪਿਆ। ਉੱਥੋਂ ਦਾ ਨਵਾਬ ਮੁਜ਼ੱਫ਼ਰ ਖ਼ਾਂ, ਜਿਸ ਨੇ ਅਧੀਨਗੀ ਕਬੂਲ ਕੇ ਟਕੇ ਭਰਨੇ ਮੰਨੇ ਸੀ, ਕੁਝ ਆਕੜ ਬੈਠਾ ਸੀ। ਮਹਾਰਾਜਾ ਸਾਹਿਬ ਫ਼ੌਜ ਲੈ ਕੇ ਮੁਲਤਾਨ ਪੁੱਜ ਗਏ। ਸ੍. ਫ਼ਤਿਹ ਸਿੰਘ ਆਹਲੂਵਾਲੀਆ ਵੀ ਫ਼ੌਜ ਲੈ ਕੇ ਆ ਗਿਆ। ਨਵਾਬ ਨੇ ਵੀ ਡਟ ਕੇ ਲੜਾਈ ਲੜੀ, ਪਰ ਅਖ਼ੀਰ ਨੂੰ ਹਾਰ ਗਿਆ। ਉਸ ਨੇ ਸਰਕਾਰ ਪਾਸੋਂ ਫੇਰ ਮਾਫ਼ੀ ਮੰਗੀ ਅਤੇ ਅਗਾਂਹ ਲਈ ਅਧੀਨ ਤੇ ਵਫ਼ਾਦਾਰ ਹੋ ਕੇ ਰਹਿਣ ਦੀ ਸਹੁੰ ਖਾਧੀ। ਖੁੱਲ੍ਹ ਦਿਲੇ ਮਹਾਰਾਜ ਸਾਹਿਬ ਨੇ ਉਸ ਨੂੰ ਫੇਰ ਮਾਫ਼ ਕਰ ਦਿੱਤਾ।

ਮੁਲਤਾਨ ਤੋਂ ਲਾਹੌਰ ਵਾਪਸ ਆ ਕੇ ਉਹਨਾਂ ਨੇ ਡਸਕਾ, ਹਲੋਵਾਲ, ਕਟਾਸ ਤੇ ਖਿਊੜਾ ਦੇ ਇਲਾਕੇ ਸਰ ਕੀਤੇ ਅਤੇ ਆਪਣੇ ਰਾਜ ਵਿੱਚ ਸ਼ਾਮਲ ਕੀਤੇ। ਮਗਰੋਂ ਜਿਹਲਮੋਂ ਪਾਰ ਕਿਲ੍ਹਾ ਮੰਗਲਾ ਤੇ ਉਸ ਦੇ ਨਾਲ ਲੱਗਦੇ ਕਿਲ੍ਹੇ ਵੀ ਸਰ ਕੀਤੇ।

**ਸ਼ਾਹ ਸੁਜਾਹ ਤੇ ਕੋਹਨੂਰ** : ਕਾਬਲ ਦੇ ਬਾਦਸ਼ਾਹ ਸ਼ਾਹ ਸੁਜਾਹ ਨੂੰ ਉਸ ਦੇ ਭਰਾ ਮਹਮੂਦ ਨੇ ਹਰਾ ਕੇ ਦੇਸੋਂ ਬਾਹਰ ਕੱਢ ਦਿੱਤਾ। ਉਹ ਨੱਠ ਕੇ ਪਨਾਹ ਦੀ ਭਾਲ਼ ਵਿੱਚ ਪੰਜਾਬ ਆਇਆ। ਮਹਾਰਾਜਾ ਰਣਜੀਤ ਸਿੰਘ ਉਸ ਵੇਲੇ ਖ਼ੁਸ਼ਾਬ ਦੇ ਪਾਸ ਠਹਿਰਿਆ

ਹੋਇਆ ਸੀ। ਉਹਨਾਂ ਨੇ ਸ਼ਾਹ ਸੁਜਾਹ ਨੂੰ ਸੱਦਿਆ ਅਤੇ ਉਸ ਦਾ ਬੜਾ ਆਦਰ ਕੀਤਾ। ਉਹਨਾਂ ਨੇ ਉਸ ਦੇ ਨਿਰਬਾਹ ਵਾਸਤੇ ਚੋਖੀ ਰਕਮ ਦਿੱਤੀ ਅਤੇ ਅਗਾਂਹ ਵਾਸਤੇ ਵੀ ਪੈਂਨਸ਼ਨ ਲਾ ਦਿੱਤੀ ਅਤੇ ਕਿਹਾ ਕਿ ਜਿਥੇ ਵੀ ਜੀ ਕਰਦਾ, ਜੇ ਰਿਹਾਇਸ਼ ਕਰ ਲਵੋ। ਉਸ ਨੇ ਰਾਵਲਪਿੰਡੀ ਰਹਿਣਾ ਪਸੰਦ ਕੀਤਾ।

ਕੁਝ ਚਿਰ ਮਗਰੋਂ ਆਪਣਾ ਟੱਬਰ ਰਾਵਲਪਿੰਡੀ ਛੱਡ ਕੇ ਉਹ ਕਾਬਲ ਚਲਿਆ ਗਿਆ ਅਤੇ ਸ਼ਾਹ ਮਹਮੂਦ ਨੂੰ ਹਰਾ ਕੇ ਬਾਦਸ਼ਾਹ ਬਣ ਗਿਆ, ਪਰ ਚਹੁੰ ਮਹੀਨਿਆਂ ਪਿੱਛੋਂ ਉਸ ਨੂੰ ਫੇਰ ਤਖ਼ਤੋਂ ਲਾਹਿਆ ਅਤੇ ਕੈਦ ਕਰ ਕੇ ਕਸ਼ਮੀਰ ਭੇਜਿਆ ਗਿਆ। ਮਹਾਰਾਜਾ ਸਾਹਿਬ ਨੇ ਉਸ ਦੇ ਭਰਾ ਤੇ ਪਰਵਾਰ ਨੂੰ ਲਾਹੌਰ ਸੱਦ ਲਿਆ, ਜਿੱਥੇ ਉਹਨਾਂ ਨੂੰ ਰਹਿਣ ਲਈ ਮਕਾਨ ਅਤੇ ਗੁਜ਼ਾਰੇ ਲਈ ਚੋਖੀ ਰਕਮ ਦਿੱਤੀ ਤੇ ਪੈਂਨਸ਼ਨ ਬੰਨ੍ਹੀ ਗਈ।

ਕਾਬਲ ਦੇ ਵਜ਼ੀਰ ਫ਼ਤਿਹ ਖ਼ਾਂ ਨੇ ਕਸ਼ਮੀਰ ਉੱਪਰ ਚੜ੍ਹਾਈ ਕਰ ਕੇ ਸ਼ਾਹ ਸੁਜਾਹ ਨੂੰ ਕਾਬੂ ਕਰਨਾ ਚਾਹਿਆ। ਉਸ ਨੇ ਆਪਣਾ ਦੀਵਾਨ ਗੋਦੜ ਮੱਲ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਭੇਜਿਆ ਅਤੇ ਸਹਾਇਤਾ ਮੰਗੀ। ਮਹਾਰਾਜਾ ਸਾਹਿਬ ਸਹਾਇਤਾ ਕਰਨੀ ਮੰਨ ਗਏ। ਸ਼ਾਹ ਸੁਜਾਹ ਕਸ਼ਮੀਰ ਵਿੱਚ ਕੈਦ ਸੀ। ਉਸ ਦੇ ਪਰਿਵਾਰ ਨੂੰ ਬੜਾ ਫ਼ਿਕਰ ਹੋਇਆ। ਉਹਨਾਂ ਨੂੰ ਨਿਸ਼ਚਾ ਸੀ ਕਿ ਵਜ਼ੀਰ ਫ਼ਤਿਹ ਖ਼ਾਂ ਸ਼ਾਹ ਸੁਜਾਹ ਨੂੰ ਮਾਰ ਦੇਵੇਗਾ। ਉਸ ਦੇ ਘਰਵਾਲੀ ਵਫ਼ਾ ਬੇਗਮ ਨੇ ਫ਼ਕੀਰ ਅਜ਼ੀਜ਼ੁਦੀਨ ਅਤੇ ਦੀਵਾਨ ਮੁਹਕਮ ਚੰਦ ਨੂੰ ਕਿਹਾ ਕਿ ਜੇ ਮਹਾਰਾਜਾ ਸਾਹਿਬ ਮੇਰੇ ਪਤੀ ਨੂੰ ਕਸ਼ਮੀਰੋਂ ਛੁਡਾ ਲਿਆਉਣ ਤਾਂ ਮੈਂ ਉਹਨਾਂ ਨੂੰ ਕੋਹਨੂਰ ਹੀਰਾ ਸ਼ੁਕਰਾਨੇ ਵਜੋਂ ਪੇਸ਼ ਕਰਾਂਗੀ। ਮਹਾਰਾਜਾ ਸਾਹਿਬ ਮੰਨ ਗਏ।

ਦੀਵਾਨ ਮੁਹਕਮ ਚੰਦ ਦੀ ਕਮਾਨ ਹੇਠ ਖ਼ਾਲਸਾ ਫ਼ੌਜ ਕਸ਼ਮੀਰ ਵੱਲ ਭੇਜੀ ਗਈ। ਫ਼ਤਿਹ ਖ਼ਾਂ ਦੀ ਫ਼ੌਜ ਵੀ ਆ ਮਿਲੀ। ਡਟਵੀਂ ਲੜਾਈ ਹੋਈ। ਕਸ਼ਮੀਰ ਦਾ ਹਾਕਮ ਅਤਾਮੁਹੰਮਦ ਹਾਰ ਗਿਆ। ਦੀਵਾਨ ਮੁਹਕਮ ਚੰਦ ਨੇ ਸ਼ਾਹ ਸੁਜਾਹ ਨੂੰ ਕੈਦ ਵਿੱਚੋਂ ਕੱਢਿਆ ਅਤੇ ਫ਼ਤਿਹ ਖ਼ਾਂ ਦੀ ਵਿਰੋਧਤਾ ਤੇ ਈਰਖਾ ਦੀ ਪਰਵਾਹ ਨਾ ਕਰਦੇ ਹੋਏ ਉਸ ਨੂੰ ਲਾਹੌਰ ਲਿਆਂਦਾ। ਜਦ ਸ਼ਾਹ ਸੁਜਾਹ ਨੂੰ ਲਾਹੌਰ ਆਪਣੇ ਟੱਬਰ ਵਿੱਚ ਰਹਿੰਦਿਆਂ ਕੁਝ ਕੁ ਮਹੀਨੇ ਹੋ ਗਏ ਤਾਂ ਦੀਵਾਨ ਮੁਹਕਮ ਚੰਦ ਤੇ ਫ਼ਕੀਰ ਅਜ਼ੀਜ਼ੁਦੀਨ ਨੇ ਉਸ ਨੂੰ ਕਾਬਲ ਦੀ ਬੇਗਮ ਦਾ ਇਕਰਾਰ ਚੇਤੇ ਕਰਵਾਇਆ। ਸ਼ਾਹ ਟਾਲ਼-ਮਟੋਲ਼ ਕਰਨ ਲੱਗਾ। ਉਸ ਨੇ ਝੂਠੀ-ਮੂਠੀ ਕਹਿ ਦਿੱਤਾ ਕਿ ਮੇਰੀ ਬੇਗਮ ਨੇ ਕੋਹਨੂਰ ਹੀਰਾ ਕੰਧਾਰ ਵਿੱਚ ਗਹਿਣੇ ਰੱਖ ਦਿੱਤਾ ਸੀ, ਉਹ ਸਾਡੇ ਪਾਸ ਨਹੀਂ। ਫ਼ਕੀਰ ਅਜ਼ੀਜ਼ੁਦੀਨ ਤੇ ਦੀਵਾਨ ਮੁਹਕਮ ਚੰਦ ਬੜੇ ਨਿਰਾਸ਼ ਹੋਏ। ਉਨ੍ਹਾਂ ਨੇ ਮਹਾਰਾਜਾ ਸਾਹਿਬ ਨੂੰ ਸ਼ਾਹ ਸੁਜਾਹ ਨੂੰ ਛੁਡਾਉਣ ਦੀ ਖ਼ਾਤਰ ਕਸ਼ਮੀਰ ਦੀ ਚੜ੍ਹਾਈ ਕਰਨ ਲਈ ਪ੍ਰੇਰਿਆ ਸੀ। ਉਹਨਾਂ ਦੇ ਕਹੇ ਸ਼ਾਹ ਅਤੇ ਉਸ ਦੀ ਬੇਗਮ ਉੱਤੇ ਜ਼ੋਰ ਪਾਇਆ ਅਤੇ ਉਹਨਾਂ ਨੂੰ

ਆਪਣਾ ਬਚਨ ਪੂਰਾ ਕਰਨ ਲਈ ਮਨਾ ਲਿਆ। ਜੂਨ, 1813 ਵਿੱਚ ਸ਼ਾਹ ਸੁਜਾਹ ਤੇ ਉਸ ਦੀ ਬੇਗਮ ਨੇ ਕੋਹਨੂਰ ਹੀਰਾ ਮਹਾਰਾਜਾ ਸਾਹਿਬ ਨੂੰ ਦੇ ਦਿੱਤਾ।

**ਅਟਕ ਦੀ ਜਿੱਤ** : ਹੁਣ ਮਹਾਰਾਜਾ ਰਣਜੀਤ ਸਿੰਘ ਨੇ ਸਰਹੱਦ ਵੱਲ ਰਾਜ ਵਧਾਉਣ ਦੀ ਨੀਤੀ ਬਣਾਈ। ਉਹਨਾਂ ਨੂੰ ਖ਼ਿਆਲ ਸੀ ਕਿ ਪੰਜਾਬ ਤੇ ਹਿੰਦੁਸਤਾਨ ਦੀ ਰਾਖੀ ਤਾਂ ਹੀ ਹੋ ਸਕਦੀ ਹੈ, ਜੇ ਪਠਾਣਾਂ ਦੀ ਤਾਕਤ ਨੂੰ ਦਬਾ ਦਿੱਤਾ ਜਾਵੇ। ਕਸ਼ਮੀਰ ਦੀ ਮੁਹਿੰਮ ਸਮੇਂ ਸਿੱਖ ਜੋਧਿਆਂ ਨੂੰ ਪਠਾਣ ਫ਼ੌਜਾਂ ਦੇ ਮੋਹ ਮਦਾਨ ਦਾ ਪਤਾ ਲੱਗ ਗਿਆ ਸੀ ਅਤੇ ਯਕੀਨ ਹੋ ਗਿਆ ਸੀ ਕਿ ਅਸੀਂ ਉਨ੍ਹਾਂ ਨੂੰ ਹਰਾ ਸਕੀਏ। ਦਰਿਆ ਸਿੰਧ ਦੇ ਕੰਢੇ ਉੱਪਰਲਾ ਅਟਕ ਦਾ ਕਿਲ੍ਹਾ ਪੱਛਮੀ ਹਮਲਾਵਰਾਂ ਲਈ ਹਿੰਦੁਸਤਾਨ ਦਾ ਦਰਵਾਜ਼ਾ ਸੀ। ਇਹਨਾਂ ਦੇ ਹਮਲਿਆਂ ਤੋਂ ਦੇਸ਼ ਨੂੰ ਬਚਾਉਣ ਲਈ ਅਟਕ ਉੱਤੇ ਕਬਜ਼ਾ ਕਰਨਾ ਜ਼ਰੂਰੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਮੱਲਣ ਦਾ ਇਰਾਦਾ ਕਰ ਲਿਆ। ਸੰਨ 1813 ਵਿੱਚ ਦੀਵਾਨ ਮੁਹਕਮ ਚੰਦ, ਸ੍. ਹਰੀ ਸਿੰਘ ਨਲੂਏ ਅਤੇ ਸ੍. ਦੇਸਾ ਸਿੰਘ ਮਜੀਠੀਏ ਦੀ ਕਮਾਨ ਹੇਠ ਤਕੜੀ ਫ਼ੌਜ ਅਟਕ ਵੱਲ ਤੋਰੀ ਗਈ।

ਜਦੋਂ ਕਾਬਲ ਦੇ ਵਜ਼ੀਰ ਖ਼ਾਂ ਨੂੰ ਮਹਾਰਾਜੇ ਦੀ ਫ਼ੌਜ ਦੀ ਅਟਕ ਉੱਤੇ ਚੜ੍ਹਾਈ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਭਰਾ ਦੋਸਤ ਮੁਹੰਮਦ ਦੀ ਕਮਾਨ ਹੇਠ ਬਹੁਤ ਸਾਰੀ ਫ਼ੌਜ ਭੇਜੀ, ਪਰ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਸਿੱਖ ਫ਼ੌਜ ਨੇ ਅਟਕ ਦਾ ਕਿਲ੍ਹਾ ਮੱਲ ਲਿਆ। ਦੋਸਤ ਮੁਹੰਮਦ ਨੇ ਕਿਲ੍ਹੇ ਦੁਆਲੇ ਘੇਰਾ ਘੱਤ ਲਿਆ। ਕੁਝ ਚਿਰ ਮਗਰੋਂ ਸਿੱਖ ਫ਼ੌਜ ਨੇ ਪਠਾਣੀ ਡੇਰੇ ਉੱਤੇ ਹੱਲਾ ਕੀਤਾ। ਹਜ਼ਰੋ ਦੇ ਪਾਸ ਬੜੀ ਖ਼ੂਨੀ ਲੜਾਈ ਹੋਈ। ਦੋਸਤ ਮੁਹੰਮਦ ਫੱਟੜ ਹੋ ਗਿਆ। ਉਸ ਦੀ ਫ਼ੌਜ ਘਾਬਰ ਕੇ ਨੱਠ ਉੱਠੀ। ਖ਼ਾਲਸਾ ਫ਼ੌਜ ਨੇ ਦੂਰ ਤਕ ਉਸ ਦਾ ਪਿੱਛਾ ਕੀਤਾ।

ਬੁਰਹਾਨ ਦਾ ਇਲਾਕਾ ਅਤੇ ਮਖੱਡ ਤੇ ਅਟਕ ਦੇ ਪਾਸ ਦੇ ਸਭ ਕਿਲ੍ਹੇ ਵੀ ਕਬਜ਼ੇ ਵਿੱਚ ਕੀਤੇ ਗਏ। ਇਹ ਜਿੱਤ ਬੜੀ ਮਹੱਤਤਾ ਵਾਲੀ ਸੀ। ਇੱਕ ਤਾਂ ਇਸ ਨਾਲ ਮਹਾਰਾਜਾ ਸਾਹਿਬ ਅਟਕ ਤੀਕ ਦੇ ਇਲਾਕੇ ਦੇ ਮਾਲਕ ਬਣ ਗਏ; ਦੂਜੇ, ਉਹਨਾਂ ਨੇ ਉਹਨਾਂ ਪਠਾਣਾਂ ਨੂੰ ਹਰਾਇਆ, ਜਿਹੜੇ ਅੱਗੇ ਬੇਰੋਕ ਇਸ ਦੇਸ਼ ਨੂੰ ਆ ਲੁੱਟਿਆ ਕਰਦੇ ਸਨ। ਇਸ ਜਿੱਤ ਨੇ ਮਹਾਰਾਜਾ ਸਾਹਿਬ ਨੂੰ ਦੇਸ਼ ਵਿੱਚ ਹਰਮਨ-ਪਿਆਰਾ ਅਤੇ ਵੈਰੀਆਂ ਵਾਸਤੇ ਹਊਆ ਬਣਾ ਦਿੱਤਾ।

## ਪਹਾੜੀ ਇਲਾਕੇ ਤੇ ਮੁਲਤਾਨ ਦੀਆਂ ਜਿੱਤਾਂ

**ਕਸ਼ਮੀਰ 'ਤੇ ਚੜ੍ਹਾਈ** : ਸੰਨ 1814 ਦੀਆਂ ਗਰਮੀਆਂ ਵਿੱਚ ਕਸ਼ਮੀਰ ਉੱਤੇ ਚੜ੍ਹਾਈ ਕੀਤੀ ਗਈ। ਮਹਾਰਾਜਾ ਸਾਹਿਬ ਆਪ ਵੀ ਇਸ ਮੁਹਿੰਮ 'ਤੇ ਗਏ। ਬਹਿਰਾਮ ਗਲੇ ਦੇ ਪਾਸ ਲੜਾਈਆਂ ਹੋਈਆਂ। ਸਿੱਖ ਫ਼ੌਜ ਅੱਗੇ ਵਧਦੀ ਗਈ। ਆਦਮਪੁਰ ਤੇ ਹਮੀਰਪੁਰ ਉੱਤੇ ਕਬਜ਼ਾ ਕੀਤਾ ਗਿਆ। ਪਠਾਣੀ ਫ਼ੌਜਾਂ ਨਾਲ ਘਮਸਾਨ ਦੀਆਂ ਲੜਾਈਆਂ ਹੋਈਆਂ, ਜਿਨ੍ਹਾਂ ਵਿੱਚ ਖ਼ਾਲਸੇ ਦੀ ਜਿੱਤ ਹੋਈ।

ਬਰਸਾਤ ਸ਼ੁਰੂ ਹੋ ਗਈ। ਖ਼ਾਲਸਾ ਫ਼ੌਜ ਸ੍ਰੀਨਗਰ ਵੱਲ ਵਧੀ ਅਤੇ ਸ਼ਹਿਰ ਦੁਆਲ਼ੇ ਘੇਰਾ ਪਾ ਬੈਠੀ। ਕਸ਼ਮੀਰ ਦੇ ਹਾਕਮ ਅਜੀਮ ਖ਼ਾਂ ਨੇ ਸੁਲ੍ਹਾ ਕਰ ਲਈ। ਮਹਾਰਾਜਾ ਸਾਹਿਬ ਦਾ ਵਫ਼ਾਦਾਰ ਰਹਿਣਾ ਮੰਨਿਆ ਅਤੇ ਕੀਮਤੀ ਤੋਹਫ਼ੇ ਭੇਜੇ। ਇਸ ਤਰ੍ਹਾਂ ਇਹ ਮੁਹਿੰਮ ਖ਼ਤਮ ਹੋਈ। ਕਸ਼ਮੀਰ ਫ਼ਤਿਹ ਨਾ ਹੋ ਸਕਿਆ।

**ਪਹਾੜੀ ਰਾਜਿਆਂ ਦੀ ਸੁਧਾਈ** : ਸੰਨ 1814 ਦੀ ਕਸ਼ਮੀਰ ਦੀ ਮੁਹਿੰਮ ਵਿੱਚ ਸਿੱਖ ਫ਼ੌਜਾਂ ਨੂੰ ਪੂਰੀ ਸਫ਼ਲਤਾ ਨਾ ਹੋਈ ਵੇਖ ਕੇ ਰਾਜੌਰੀ, ਭਿੰਬਰ, ਆਦਿ ਦੇ ਰਾਜੇ ਆਕੜ ਬੈਠੇ। ਮਹਾਰਾਜਾ ਰਣਜੀਤ ਸਿੰਘ ਨੇ ਉਹਨਾਂ ਨੂੰ ਸੋਧਣ ਲਈ ਫ਼ੌਜ ਭੇਜੀ। ਰਾਜੌਰੀ ਦਾ ਰਾਜਾ ਪਹਾੜੀ ਉੱਪਰ ਕਿਲ੍ਹੇ ਵਿੱਚ ਡਟ ਬੈਠਾ। ਸਿੱਖ ਫ਼ੌਜਾਂ ਨੇ ਹਾਥੀਆਂ ਉੱਤੇ ਲੱਦ ਕੇ ਤੋਪਾਂ ਪਹਾੜੀ ਉੱਤੇ ਚਾੜ੍ਹੀਆਂ ਅਤੇ ਗੋਲ਼ਾਬਾਰੀ ਕੀਤੀ। ਰਾਜੇ ਨੇ ਹਾਰ ਮੰਨ ਲਈ। ਉਸ ਦਾ ਸਾਰਾ ਇਲਾਕਾ ਸਿੱਖ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ। ਇਸ ਦੇ ਨਾਲ ਭਿੰਬਰ ਵੀ ਫ਼ਤਿਹ ਕੀਤਾ ਗਿਆ। ਰਾਜਾ ਨੂਰਪੁਰ ਨੂੰ ਅਧੀਨ ਕਰ ਕੇ ਉਸ ਦਾ ਇਲਾਕਾ ਵੀ ਰਾਜ ਵਿੱਚ ਸ਼ਾਮਲ ਕੀਤਾ ਗਿਆ। ਮਗਰੋਂ ਰਾਜੇ ਜਸਵਾਲ ਦੇ ਇਲਾਕੇ ਅਤੇ ਕਾਂਗੜੇ ਨੂੰ ਕਾਬੂ ਕੀਤਾ ਗਿਆ।

**ਮਹਾਰਾਜਾ ਖੜਕ ਸਿੰਘ ਨੂੰ ਰਾਜ ਤਿਲਕ** : ਮਹਾਰਾਜਾ ਸਾਹਿਬ ਦੀ ਇਹ ਨੀਤੀ ਸੀ ਕਿ ਰਾਜਕੁਮਾਰਾਂ, ਅਰਥਾਤ ਆਪਣੇ ਪੁੱਤਰਾਂ ਤੇ ਪੋਤਰਿਆਂ ਨੂੰ ਜ਼ਿੰਮੇਵਾਰੀਆਂ ਨਿਭਾਉਣ ਦਾ ਅਹਿਸਾਸ ਕਰਾਇਆ ਜਾਵੇ। ਇਸੇ ਨੀਤੀ ਮੁਜ਼ਬ ਉਹਨਾਂ ਨੇ ਸੰਨ 1816 ਦੇ ਦੁਸਹਿਰੇ ਦੇ ਮੌਕੇ ਸ਼ਹਿਜ਼ਾਦੇ ਖੜਕ ਸਿੰਘ ਨੂੰ ਰਾਜ-ਤਿਲਕ ਦਿੱਤਾ। ਉਸ ਨੂੰ ਆਪਣਾ ਜਾਂ-ਨਸ਼ੀਨ ਨੀਅਤ ਕੀਤਾ ਅਤੇ ਰਾਜ ਪ੍ਰਬੰਧ ਦੇ ਫ਼ਰਜ਼ ਉਸ ਨੂੰ ਸੌਂਪੇ।

**ਸਰਦਾਰ ਨਿਹਾਲ ਸਿੰਘ ਅਟਾਰੀ ਦੀ ਕੁਰਬਾਨੀ** : ਅਗਲੇ ਸਾਲ, ਅਰਥਾਤ ਸੰਨ 1817 ਦੀਆਂ ਗਰਮੀਆਂ ਵਿੱਚ ਮਹਾਰਾਜਾ ਸਾਹਿਬ ਬਿਮਾਰ ਹੋ ਗਏ। ਉਹਨਾਂ ਦੀ ਹਾਲਤ ਦਿਨੋ-ਦਿਨ ਵਿਗੜਦੀ ਗਈ। ਸਾਰੀ ਪਰਜਾ ਚਿੰਤਾਤੁਰ ਹੋ ਗਈ। ਆਪ ਦੀ ਅਰੋਗਤਾ ਵਾਸਤੇ ਨਾ ਕੇਵਲ ਸਿੱਖਾਂ ਨੇ ਹੀ ਅਖੰਡ ਪਾਠ ਕਰਾ ਕੇ ਅਰਦਾਸਾਂ ਕੀਤੀਆਂ ਅਤੇ ਪੁੰਨ-ਦਾਨ ਕੀਤੇ, ਸਗੋਂ ਮੁਸਲਮਾਨਾਂ ਨੇ ਮਸੀਤਾਂ ਵਿੱਚ ਕੁਰਾਨ ਸ਼ਰੀਫ਼ ਦੇ ਖ਼ਤਮ ਕਰਵਾਏ ਅਤੇ ਨਿਆਜ਼ਾਂ ਵੰਡੀਆਂ ਤੇ ਹਿੰਦੂਆਂ ਨੇ ਮੰਦਰਾਂ ਤੇ ਤੀਰਥਾਂ ਤੇ ਯੱਗ ਦੇ ਦਾਨ ਕੀਤੇ ਅਤੇ ਅਰਦਾਸਾਂ ਕੀਤੀਆਂ, ਪਰ ਮਹਾਰਾਜਾ ਸਾਹਿਬ ਦੀ ਹਾਲਤ ਨਾ ਸੁਧਰੀ। ਸਰਦਾਰ ਨਿਹਾਲ ਸਿੰਘ ਅਟਾਰੀ ਨੇ ਮਹਾਰਾਜਾ ਸਾਹਿਬ ਲਈ ਉਹ ਕੁਝ ਕੀਤਾ, ਜੋ ਬਾਬਰ ਨੇ ਹਿਮਾਯੂੰ ਦੀ ਖ਼ਾਤਰ ਕੀਤਾ ਸੀ। ਉਸ ਨੇ ਉਨ੍ਹਾਂ ਦੇ ਪਲੰਘ ਉਦਾਲੇ ਤਿੰਨ ਪਰਕਰਮਾਂ ਕੀਤੀਆਂ ਅਤੇ ਅਰਦਾਸ ਕੀਤੀ, "ਹੇ ਪਰਮਾਤਮਾ! ਮਹਾਰਾਜਾ ਸਾਹਿਬ ਦੀ ਬਿਮਾਰੀ ਮੈਨੂੰ ਲੱਗ ਜਾਵੇ ਅਤੇ ਇਹ ਰਾਜ਼ੀ ਹੋ ਜਾਣ।" ਇਹ ਅਰਦਾਸ ਕਰ ਕੇ ਉਹ ਅਟਾਰੀ ਚਲਿਆ ਗਿਆ। ਉੱਥੇ ਉਹ ਬਿਮਾਰ ਹੋ ਕੇ ਚੜ੍ਹਾਈ ਕਰ ਗਿਆ ਤੇ ਮਹਾਰਾਜਾ ਸਾਹਿਬ ਰਾਜ਼ੀ ਹੋ ਗਏ।

**ਮੁਲਤਾਨ 'ਤੇ ਕਬਜ਼ਾ** : ਮੁਲਤਾਨ ਦੇ ਹਾਕਮ ਮੁਜ਼ੱਫ਼ਰ ਖ਼ਾਂ ਨੇ ਟਕੇ ਭਰਨੇ ਮੰਨੇ ਤਾਂ ਸਨ, ਪਰ ਤਾਰਨ ਵਿੱਚ ਟਾਲ-ਮਟੋਲ ਕਰਦਾ ਰਹਿੰਦਾ ਸੀ। ਉਹ ਦਿਲੋਂ ਮਹਾਰਾਜਾ ਸਾਹਿਬ ਦਾ ਵਿਰੋਧੀ ਸੀ। ਇਸ ਕਰ ਕੇ ਸੰਨ 1817 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਨੂੰ ਫ਼ਤਿਹ ਕਰ ਕੇ ਸਿੱਖ ਰਾਜ ਵਿੱਚ ਸ਼ਾਮਲ ਕਰਨ ਅਤੇ ਨਿੱਤ ਦੀ ਘੋਂਸ-ਘੋਂਸ ਨੂੰ ਮੁਕਾਉਣ ਦਾ ਫ਼ੈਸਲਾ ਕੀਤਾ। ਨਵਾਬ ਮੁਜ਼ੱਫ਼ਰ ਖ਼ਾਂ ਨੇ ਜਹਾਦ ਦਾ ਐਲਾਨ ਕੀਤਾ। ਚਾਰ-ਚੁਫ਼ੇਰਿਉਂ ਮੁਸਲਮਾਨ ਗਾਜ਼ੀ ਇਸ ਜਹਾਦ (ਇਸਲਾਮੀ ਜੰਗ) ਵਿੱਚ ਸ਼ਾਮਲ ਹੋਣ ਲਈ ਆਏ। ਪਹਿਲਾਂ ਮੁਲਤਾਨ ਸ਼ਹਿਰ ਦੇ ਪਾਸ ਘਮਸਾਨ ਦੀ ਲੜਾਈ ਹੋਈ। ਮੁਜ਼ੱਫ਼ਰ ਖ਼ਾਂ ਹਾਰ ਕੇ ਸ਼ਹਿਰ ਦੀ ਫ਼ਸੀਲ ਦੇ ਅੰਦਰ ਚਲਿਆ ਗਿਆ ਤੇ ਦਰਵਾਜ਼ੇ ਬੰਦ ਕਰ ਬੈਠਾ। ਖ਼ਾਲਸਾ ਫ਼ੌਜ ਨੇ ਸ਼ਹਿਰ ਦੀ ਕੰਧ ਕਈ ਥਾਵਾਂ ਤੋਂ ਤੋੜ ਦਿੱਤੀ ਅਤੇ ਚੰਗੀ ਕੱਟ-ਵੱਢ ਮਗਰੋਂ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਮੁਜ਼ੱਫ਼ਰ ਖ਼ਾਂ ਕਿਲ੍ਹੇ ਵਿੱਚ ਜਾ ਡਟਿਆ। ਖ਼ਾਲਸੇ ਨੇ ਕਿਲ੍ਹੇ ਦੁਆਲ਼ੇ ਘੇਰਾ ਪਾ ਲਿਆ ਅਤੇ ਭਿਆਨਕ ਗੋਲ਼ਾਬਾਰੀ ਹੋਣ ਲੱਗ ਪਈ।

ਇੱਕ ਮੁਸਲਮਾਨ ਲਿਖਾਰੀ ਗ਼ੁਲਾਮ ਜੈਲਾਨੀ ਨੇ ਇਸ ਮੌਕੇ ਦਾ ਅੱਖੀਂ ਡਿੱਠਾ ਵਾਕਿਆ ਬਿਆਨ ਕੀਤਾ ਹੈ, ਜੋ ਦੱਸਦਾ ਹੈ ਕਿ ਸਿੱਖਾਂ ਵਿੱਚ ਆਪਾ ਵਾਰਨ ਦਾ ਭਾਵ ਕਿੰਨਾ ਜ਼ਬਰਦਸਤ ਸੀ। ਉਹ ਲਿਖਦਾ ਹੈ, "ਜਦ ਕਿਲ੍ਹੇ ਦੀਆਂ ਕੰਧਾਂ ਉੱਪਰ ਗੋਲ਼ਾਬਾਰੀ ਹੋ ਰਹੀ ਸੀ, ਇੱਕ ਤੋਪ ਦਾ ਪਹੀਆ ਟੁੱਟ ਗਿਆ। ਗੋਲ਼ਾਬਾਰੀ ਕਰਾ ਰਹੇ ਸਰਦਾਰ ਦੀ ਰਾਇ ਸੀ ਕਿ ਕੁਝ ਦੇਰ ਗੋਲ਼ੇ ਹੋਰ ਸੁੱਟੇ ਜਾਣ ਤਾਂ ਕਿਲ੍ਹੇ ਦੀ ਕੰਧ ਟੁੱਟ ਜਾਵੇਗੀ। ਪਹੀਏ ਨੂੰ ਮੁਰੰਮਤ ਕਰਾਉਣ ਦਾ ਸਮਾਂ ਨਹੀਂ ਸੀ। ਸਰਦਾਰ ਨੇ ਆਪਣੇ ਸਾਥੀਆਂ ਨੂੰ ਕਿਹਾ, 'ਖ਼ਾਲਸਾ ਜੀ! ਕੁਰਬਾਨੀ ਦਾ ਵੇਲਾ ਜੇ! ਕੁਰਬਾਨੀ ਕਰੋ ਤਾਂ ਸਫ਼ਲਤਾ ਮਿਲ ਸਕਦੀ ਹੈ। ਪੰਥ ਦੀ ਆਨ-ਸ਼ਾਨ ਦੀ ਖ਼ਾਤਰ ਕੋਈ ਜਵਾਨ ਪਹੀਏ ਦੇ ਥਾਂ ਆਪਣਾ ਮੋਢਾ ਡਾਹਵੇ।' ਬਹੁਤ ਸਾਰੇ ਜਵਾਨ ਛਾਲ਼ਾਂ ਮਾਰ ਕੇ ਅੱਗੇ ਵਧੇ ਅਤੇ ਇੱਕ-ਦੂਜੇ ਤੋਂ ਪਹਿਲਾਂ ਮੋਢਾ ਡਾਹੁਣ ਦਾ ਯਤਨ ਕਰਨ ਲੱਗੇ। ਸਰਦਾਰ ਦੇ ਹੁਕਮ ਨਾਲ ਵਾਰੀ-ਵਾਰੀ ਜਵਾਨ ਅੱਗੇ ਆਉਂਦੇ ਗਏ। ਤੋਪ ਦੇ ਗੋਲ਼ੇ ਚਲਦੇ ਰਹੇ ਅਤੇ ਹਰ ਵੇਰ ਇੱਕ ਜਵਾਨ ਸ਼ਹੀਦ ਹੁੰਦਾ ਗਿਆ ਦਸ ਕੁ ਗੋਲ਼ੇ ਚੱਲ ਚੁੱਕੇ ਤਾਂ ਕੰਧ ਵਿੱਚ ਪਾੜ ਪੈ ਗਿਆ।"

ਇਹ ਘੇਰਾ ਤਿੰਨ ਮਹੀਨੇ ਜਾਰੀ ਰਿਹਾ। ਇਹ ਜੰਗ ਬੜੀ ਹੀ ਭਿਆਨਕ ਹੋਈ। ਨਵਾਬ ਮੁਜ਼ੱਫ਼ਰ ਉਸ ਦੇ ਪੰਜ ਪੁੱਤ ਤੇ ਭਤੀਜੇ ਅਤੇ ਬਹੁਤ ਸਾਰੇ ਹੋਰ ਮਿੱਤਰ-ਸੰਬੰਧੀ ਮਾਰੇ ਗਏ। ਜੇਠ ਸੁਦੀ 11 ਸੰਮਤ 1875 ਬਿ. ਮੁਤਾਬਕ 1818 ਈ. ਨੂੰ ਮੁਲਤਾਨ ਦਾ ਕਿਲ੍ਹਾ ਸਰ ਹੋਇਆ। ਉਸ ਦੇ ਦੋ ਪੁੱਤ ਜੀਉਂਦੇ ਗ੍ਰਿਫ਼ਤਾਰ ਕੀਤੇ ਅਤੇ ਲਾਹੌਰ ਲਿਆਂਦੇ ਗਏ। ਉਸ ਨੂੰ ਮਹਾਰਾਜੇ ਨੇ ਸ਼ਕਰਪੁਰ ਦੇ ਇਲਾਕੇ ਵਿੱਚ ਜਾਗੀਰ ਦਿੱਤੀ। ਇਸ ਜਿੱਤ ਦੀ ਖ਼ੁਸ਼ੀ ਵਿੱਚ ਲਾਹੌਰ ਨਿਵਾਸੀਆਂ ਨੇ ਦੀਪਮਾਲਾ ਕੀਤੀ।

**ਪਿਸ਼ੌਰ ਤੇ ਕਸ਼ਮੀਰ ਦੀਆਂ ਜਿੱਤਾਂ :** ਪਿਸ਼ੌਰ ਦੀ ਜਿੱਤ : ਮਹਾਰਾਜਾ ਸਾਹਿਬ ਨੂੰ ਚੇਤੇ ਸੀ ਕਿ ਪਛਮੋਤਰ ਵੱਲੋਂ ਪਠਾਣ ਪੰਜਾਬ ਉੱਤੇ ਹਮਲਾ ਕਰ ਕੇ ਤਬਾਹੀ ਮਚਾਉਂਦੇ ਰਹੇ ਸਨ। ਆਪ ਨੇ ਇਰਾਦਾ ਕੀਤਾ ਸੀ ਕਿ ਅਜਿਹੇ ਹਮਲਿਆਂ ਦੀ ਪੱਕੀ ਨਾਕਾਬੰਦੀ ਕਰਨੀ ਹੈ ਅਤੇ ਪਠਾਣਾਂ ਨੂੰ ਪੰਜਾਬੀਆਂ ਦੇ ਹੱਥ ਵਿਖਾਉਣੇ ਸਨ। ਅਟਕ ਉੱਪਰ ਕਬਜ਼ਾ ਕਰਨ ਮਗਰੋਂ ਉਨ੍ਹਾਂ ਨੇ ਪਿਸ਼ੌਰ ਮਾਰਨ ਦੀ ਦਲੀਲ ਕੀਤੀ। ਪਿਸ਼ੌਰ ਕਾਬਲ (ਅਫ਼ਗਾਨਿਸਤਾਨ) ਦੇ ਰਾਜ ਦਾ ਹਿੱਸਾ ਸੀ।

ਸੰਨ 1818 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ੌਰ ਵੱਲ ਚੜ੍ਹਾਈ ਕੀਤੀ। ਰੁਹਤਾਸ, ਰਾਵਲਪਿੰਡੀ, ਪੰਜਾ ਸਾਹਿਬ ਆਦਿ ਤੋਂ ਹੁੰਦੇ ਹੋਏ ਉਹ ਹਜ਼ਰੋ ਪਹੁੰਚੇ। ਦਰਿਆ ਅਟਕੋਂ ਪਾਰ ਦੇ ਇਲਾਕੇ ਦੀ ਜਾਂਚ-ਪੜਤਾਲ ਅਤੇ ਵੈਰੀਆਂ ਦੇ ਟਿਕਾਣਿਆਂ ਦਾ ਪਤਾ ਕਰਨ ਲਈ ਇੱਕ ਫ਼ੌਜੀ ਦਸਤਾ ਦਰਿਆਓਂ ਪਾਰ ਘੱਲਿਆ ਗਿਆ। ਪਠਾਣਾਂ ਨੂੰ ਪਤਾ ਲੱਗਾ। ਉਹ ਸੱਤ-ਅੱਠ ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਸ਼ੈਰਾਬਾਦ ਦੀਆਂ ਪਹਾੜੀਆਂ ਵਿੱਚ ਸਿੱਖ ਫ਼ੌਜੀ ਦਸਤੇ ਦੇ ਰਾਹ ਦੇ ਦੋਹੀਂ ਪਾਸੀਂ ਸ਼ਹਿ ਕੇ ਬਹਿ ਗਏ ਅਤੇ ਜਦ ਸਿੱਖ ਗੋਲ਼ੀ ਦੀ ਮਾਰ ਹੇਠ ਆਏ ਤਾਂ ਉਹਨਾਂ ਨੂੰ ਦੂਰੋਂ ਬੈਠਿਆਂ ਹੀ ਭੁੰਨ ਘੱਤਿਆ।

ਜਦ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਸਾਕੇ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਸਖ਼ਤ ਰੋਹ ਚੜ੍ਹਿਆ। ਉਹਨਾਂ ਨੇ ਰਾਵੀ, ਚਨਾਬ (ਝਨਾਂ) ਤੇ ਜਿਹਲਮ ਦੇ ਸਿਆਣੇ ਮਲਾਹ ਨਾਲ ਲਿਆਂਦੇ ਹੋਏ ਸਨ। ਉਹਨਾਂ ਨੂੰ ਹੁਕਮ ਦਿੱਤਾ ਕਿ ਪਤਾ ਕਰੋ ਕਿ ਕਿਸ ਥਾਂ ਤੋਂ ਦਰਿਆ ਵਧੇਰੇ ਸੌਖ ਨਾਲ ਪਾਰ ਕੀਤਾ ਜਾ ਸਕਦਾ ਹੈ। ਫੇਰ ਮਹਾਰਾਜ ਸਾਹਿਬ ਨੇ ਲਲਕਾਰਾਂ ਮਾਰ-ਮਾਰ ਕੇ ਉੱਚੀ ਅਵਾਜ਼ ਵਿੱਚ ਕਿਹਾ, "ਅਟਕ ਉਸ ਨੂੰ ਅਟਕਾ ਸਕਦਾ ਹੈ, ਜਿਸ ਦੇ ਮਨ ਵਿੱਚ ਅਟਕ ਹੈ, ਝਕ-ਝਕਾ ਹੈ। ਜਿਨ੍ਹਾਂ ਦੇ ਮਨ ਵਿੱਚ ਅਟਕ ਨਹੀਂ, ਉਹਨਾਂ ਨੂੰ ਇਹ ਅਟਕਾ ਨਹੀਂ ਸਕਦਾ।" ਇਹ ਕਹਿ ਕੇ ਪੰਜਾਬ ਦੇ ਸ਼ੇਰ ਨੇ ਆਪਣਾ ਹਾਥੀ ਹਰਿਆ ਵਿੱਚ ਠੇਲ੍ਹ ਦਿੱਤਾ। ਦਰਿਆ ਦੇ ਅੱਧ-ਵਿਚਕਾਰ ਜਾ ਕੇ ਉਹ ਹਾਥੀ ਖਲ੍ਹਿਆਰ ਕੇ ਡਟ ਗਏ। ਉਨ੍ਹਾਂ ਦੀ ਫ਼ੌਜ ਜੈਕਾਰੇ ਗਜਾ ਕੇ ਦਰਿਆ ਵਿੱਚ ਠਿੱਲ੍ਹ ਪਈ ਅਤੇ ਛੇਤੀ ਹੀ ਅਗਲੇ ਪਾਰ ਪੁੱਜ ਗਏ।

ਅੱਗੇ ਪਠਾਣ ਵੀ ਤਿਆਰ ਸਨ। ਬੜੇ ਘਮਸਾਨ ਦੀ ਲੜਾਈ ਹੋਈ। ਸਿੱਖ ਜੋਧਿਆਂ ਨੇ ਖ਼ੂਬ ਤੇਗ਼ ਵਾਹੀ। ਅਕਾਲੀ ਫੂਲਾ ਸਿੰਘ ਨੇ ਉਹ ਜੌਹਰ ਦਿਖਾਏ ਕਿ ਪਠਾਣਾਂ ਦੇ ਛੱਕੇ ਛੁਟ ਗਏ। ਕਈ ਹਜ਼ਾਰ ਪਠਾਣ ਮਾਰੇ ਗਏ। ਉਹਨਾਂ ਨੇ ਸੁਲ੍ਹਾ ਦਾ ਝੰਡਾ ਖੜ੍ਹਾ ਕਰ ਦਿੱਤਾ। ਉਹਨਾਂ ਨੇ ਹਾਰ ਮੰਨ ਲਈ ਅਤੇ ਅਧੀਨਗੀ ਕਬੂਲ ਕਰ ਲਈ। ਇਸ ਤਰ੍ਹਾਂ ਮਹਾਰਾਜਾ ਸਾਹਿਬ ਨੇ ਸ਼ੈਰਾਬਾਦ ਤੇ ਜਹਾਂਗੀਰੇ ਦੇ ਕਿਲ੍ਹਿਆਂ ਉੱਪਰ ਕਬਜ਼ਾ ਕਰ ਲਿਆ।

ਇਹਨਾਂ ਕਿਲ੍ਹਿਆਂ ਉੱਤੇ ਕਬਜ਼ਾ ਕਰਨ ਮਗਰੋਂ ਖ਼ਾਲਸਾ ਫ਼ੌਜ ਅਗਾਂਹ ਪਿਸ਼ੌਰ ਵੱਲ ਵਧੀ। ਉੱਥੋਂ ਦੇ ਹਾਕਮ ਯਾਰ ਮੁਹੰਮਦ ਖ਼ਾਂ ਨੂੰ ਜਦ ਪਤਾ ਲੱਗਾ ਤਾਂ ਉਹ ਪਿਸ਼ੌਰ

ਛੱਡ ਕੇ ਨੱਸ ਗਿਆ। ਮਹਾਰਾਜੇ ਨੇ ਤੁਰੰਤ ਜਾ ਕੇ ਸ਼ਹਿਰ ਉੱਪਰ ਕਬਜ਼ਾ ਕਰ ਲਿਆ, ਜੱਗਦਾਦ ਖ਼ਾਂ ਨੂੰ ਪਿਸ਼ੌਰ ਦੇ ਹਾਕਮ ਨਿਯਤ ਕਰ ਕੇ ਉਹ ਵਾਪਸ ਆਟਕ ਆ ਗਏ।

ਪਿਸ਼ੌਰ ਦੀ ਲੜਾਈ ਵਿੱਚ ਮਹਾਰਾਜਾ ਸਾਹਿਬ ਨੂੰ 14 ਤੋਪਾਂ, ਬਹੁਤ ਸਾਰੇ ਘੋੜੇ ਅਤੇ ਬਹੁਤ ਸਾਰਾ ਜੰਗੀ ਸਮਾਨ ਮਿਲਿਆ।

ਇਹ ਲੜਾਈ ਕਈ ਨੁਕਤਿਆਂ ਤੋਂ ਮਹਾਨਤਾ ਰੱਖਦੀ ਹੈ। ਇਸ ਨੇ ਪਛਮੋਤਰੀ ਹਮਲਿਆਂ ਦੀ ਪਰੰਪਰਾ ਤੋੜ ਕੇ ਉਹਨਾਂ ਹਮਲਿਆਂ ਦੇ ਸਦੀਆਂ ਤੋਂ ਬਣੇ ਆਉਂਦੇ ਸ਼ਿਕਾਰਾਂ ਦੇ ਡੇਰੇ ਹਮਲਾਵਰਾਂ ਦੀ ਘਰੀਂ ਜਾ ਪਵਾਏ। ਯਾਰਵੀਂ ਸਦੀ ਦੇ ਸ਼ੁਰੂ ਵਿੱਚ ਮਹਿਮੂਦ ਗਜ਼ਨਵੀ ਨੇ ਰਾਜਾ ਅਨੰਗਪਾਲ ਨੂੰ ਹਾਰ ਦੇ ਕੇ ਪੰਜਾਬ ਤੇ ਭਾਰਤ ਨੂੰ ਲੁੱਟਿਆ ਸੀ। ਉਸ ਤੋਂ ਮਗਰੋਂ ਹਮਲਿਆਂ ਦੀ ਲੀਹ ਹੀ ਪੈ ਗਈ। ਘੜੀ-ਮੁੜੀ ਪਛਮੋਤਰੀ ਦੇਸਾਂ ਤੋਂ ਧਾੜਾਂ ਪਾਪਾਂ ਦੀਆਂ ਜੰਝਾਂ ਆਉਂਦੀਆਂ, ਪੰਜਾਬ ਨੂੰ ਲੁੱਟਦੀਆਂ-ਲਿਤਾੜਦੀਆਂ ਅਤੇ ਇੱਥੋਂ ਦੀਆਂ ਬੱਚੀਆਂ, ਬੁੱਢੀਆਂ, ਮੁਟਿਆਰਾਂ, ਨੱਢਿਆਂ ਨੂੰ ਗੋਲੇ ਬਣਾ ਕੇ ਆਪਣੇ ਦੇਸੀਂ ਵੇਚਣ ਲਈ ਹਿੱਕ ਖੜ੍ਹਦੀਆਂ। ਮਹਾਰਾਜਾ ਰਣਜੀਤ ਸਿੰਘ ਨੇ ਇਸ ਹੜ੍ਹ ਨੂੰ ਠੱਲ੍ਹ ਪਾ ਦਿੱਤੀ। ਪਠਾਣਾਂ ਨੂੰ ਯਕੀਨ ਕਰਾ ਦਿੱਤਾ ਕਿ ਜਿਨ੍ਹਾਂ ਲੋਕਾਂ ਨੂੰ ਤੁਸੀਂ ਭੇਡਾਂ ਸਮਝ ਕੇ ਕੋਂਹਦੇ ਰਹੇ ਹੋ, ਉਹ ਹੁਣ ਸ਼ੇਰ ਬਣ ਚੁੱਕੇ ਹਨ ਅਤੇ ਤੁਹਾਡੀਆਂ ਗਿੱਚੀਆਂ ਨੱਪ ਕੇ ਭੋਂ 'ਤੇ ਲਾਉਣ ਜੋਗੇ ਤੇਗ਼ ਦੇ ਧਨੀ, ਸੂਰਬੀਰ ਯੋਧੇ ਬਣ ਗਏ ਹਨ। ਜੇਕਰ ਕਦੇ ਇਸ ਦੇਸ਼ ਵਾਲੇ ਪਛਮੋਤਰ ਵੱਲੋਂ ਆਉਣ ਵਾਲੇ ਹਮਲਾਵਰਾਂ ਤੋਂ ਤ੍ਰਹਿਕਿਆ ਕਰਦੇ ਸਨ, ਉਸ ਤਰ੍ਹਾਂ ਉਹਨਾਂ ਹਮਲਾਵਰਾਂ ਦੇ ਟੱਬਰ ਹੁਣ ਸ੍. ਹਰੀ ਸਿੰਘ ਜੀ ਨਲੂਏ ਅਤੇ ਅਕਾਲੀ ਫੂਲਾ ਸਿੰਘ ਜੀ ਦੇ ਨਾਵਾਂ ਤੋਂ ਤ੍ਰਹਿਣ ਤੇ ਕੰਬਣ ਲੱਗ ਪਏ। ਵੱਡੇ ਫ਼ਖ਼ਰ ਵਾਲੀ ਗੱਲ ਹੈ ਕਿ ਖ਼ਾਲਸਾ ਬਹਾਦਰਾਂ ਨੇ ਪਠਾਣਾਂ ਦੇ ਦਿਲਾਂ ਉੱਪਰ ਜੋ ਆਪਣਾ ਭੈ (ਡਰ) ਪਾਇਆ ਤੇ ਸਿੱਕਾ ਜਮਾਇਆ, ਉਹ ਅਜਿਹੀ ਬੇਕਿਰਕੀ ਜਾਂ ਸਬਰ ਨਾਲ ਨਹੀਂ ਸਗੋਂ ਆਪਣੀ ਬੀਰਤਾ ਅਤੇ ਬਾਹੂਬਲ ਦੇ ਕਰਿਸ਼ਮੇ ਵਿਖਾ ਕੇ। ਮਹਾਰਾਜਾ ਸਾਹਿਬ ਦੀ ਸਾਰੀ ਫ਼ੌਜ ਨੂੰ ਪੱਕੀ ਹਿਦਾਇਤ ਹੁੰਦੀ ਸੀ ਕਿ ਜਿੱਤੇ ਹੋਏ ਸ਼ਹਿਰ ਵਿੱਚ ਕਿਸੇ ਪ੍ਰਕਾਰ ਦੀ ਲੁੱਟ-ਮਾਰ ਜਾਂ ਵਧੀਕੀ ਨਾ ਕੀਤੀ ਜਾਵੇ ਅਤੇ ਅਸੈਨਿਕ, ਬੇਹਥਿਆਰੇ ਬੰਦਿਆਂ ਉੱਤੇ ਹੱਥ ਨਾ ਚੁੱਕਿਆ ਜਾਵੇ। ਇਸ ਜਿੱਤ ਨੇ ਪੰਜਾਬੀਆਂ ਨੂੰ ਸਵੈਮਾਣ ਤੇ ਸਵੈਵਿਸ਼ਵਾਸ ਦਿੱਤਾ।

**ਕਸ਼ਮੀਰ ਦੀ ਜਿੱਤ** : ਕਸ਼ਮੀਰ ਪਠਾਣੀ ਹਕੂਮਤ ਹੇਠ ਸੀ। ਮਹਾਰਾਜਾ ਸਾਹਿਬ ਨੇ ਜੋ ਨੀਤੀ ਧਾਰਨ ਕੀਤੀ ਸੀ, ਉਸ ਮੂਜਬ ਏਥੋਂ ਵੀ ਪਠਾਣੀ ਰਾਜ ਦਾ ਕੰਡਾ ਕੱਢ ਕੇ ਏਥੇ ਪੰਜਾਬੀ ਰਾਜ ਕਾਇਮ ਕਰਨਾ ਜ਼ਰੂਰੀ ਸੀ, ਨਹੀਂ ਤਾਂ ਪਠਾਣਾਂ ਦਾ ਕੁੰਡਾ ਸਿਰ 'ਤੇ ਗੱਡਿਆ ਰਹਿਣਾ ਸੀ।

ਕਸ਼ਮੀਰ ਦਾ ਹਾਕਮ ਜੱਬਾਰ ਖ਼ਾਂ ਬੜਾ ਜ਼ਾਲਮ ਤੇ ਬੇਰਹਿਮ ਸੀ। ਉਹ ਹਿੰਦੂਆਂ ਉੱਪਰ ਖ਼ਾਸ ਸਖ਼ਤੀ ਕਰਦਾ ਸੀ। ਆਮ ਜਨਤਾ ਵੀ ਦੁਖੀ ਸੀ। ਉਸ ਦਾ ਮਾਲ ਮੰਤਰੀ

ਪੰਡਿਤ ਬੀਰ ਦੇਵ ਤੰਗ ਆ ਕੇ ਉਸ ਨਾਲ ਰੁੱਸ ਗਿਆ ਅਤੇ ਓਟ ਦੀ ਖ਼ਾਤਰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਆ ਗਿਆ। ਮਹਾਰਾਜਾ ਸਾਹਿਬ ਦਾ ਤਾਂ ਸ਼ੁਰੂ ਤੋਂ ਸ਼ਰਨ ਆਏ ਨੂੰ ਗਲ਼ ਲਾਉਣ ਦਾ ਸੁਭਾਅ ਸੀ, ਉਹਨਾਂ ਨੇ ਪੰਡਿਤ ਬੀਰ ਦੇਵ ਨੂੰ ਆਦਰ ਦਿੱਤਾ। ਉਸ ਤੋਂ ਉਹਨਾਂ ਨੇ ਕਸ਼ਮੀਰ ਵਿਚਲੀ ਹਾਲਤ ਅਤੇ ਕਸ਼ਮੀਰ ਨੂੰ ਜਾਣ ਵਾਲੇ ਰਾਹਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਸੰਨ 1819 ਵਿੱਚ ਮਹਾਰਾਜਾ ਸਾਹਿਬ ਨੇ ਕਸ਼ਮੀਰ ਜਿੱਤਣ ਦੀ ਤਿਆਰੀ ਕੀਤੀ। ਵਜ਼ੀਰਾਬਾਦ ਫ਼ੌਜ ਇਕੱਠੀ ਕੀਤੀ ਗਈ। ਫ਼ੌਜ ਦੇ ਤਿੰਨ ਹਿੱਸੇ ਕੀਤੇ ਗਏ। ਇੱਕ ਹਿੱਸਾ ਮਿਸਰ ਦੀਵਾਨ ਚੰਦ ਅਤੇ ਸ੍. ਸ਼ਾਮ ਸਿੰਘ ਅਟਾਰੀ ਦੀ ਕਮਾਨ ਹੇਠ ਰੱਖਿਆ, ਤਾਂ ਜੁ ਦੂਜਾ ਸ਼ਾਹਜ਼ਾਦਾ ਖੜਕ ਸਿੰਘ ਦੀ ਕਮਾਨ ਹੇਠ ਦਿੱਤਾ ਗਿਆ ਅਤੇ ਪਿੱਛੇ ਰੱਖਿਆ, ਤਾਂ ਜੁ ਅਗਾਂਹ ਗਈ ਫ਼ੌਜ ਨੂੰ ਲੋੜੀਂਦੀ ਚੀਜ਼-ਵਸਤ ਪੁਚਾਈ ਜਾਵੇ ਅਤੇ ਜਿੱਥੇ ਸਹਾਇਤਾ ਦੀ ਲੋੜ ਪਵੇ, ਉੱਧਰ ਸਹਾਇਤਾ ਭੇਜੀ ਜਾਵੇ। ਸਾਰੀ ਫ਼ੌਜ ਦੀ ਕਮਾਨ ਸ਼ਾਹਜ਼ਾਦਾ ਖੜਕ ਸਿੰਘ ਨੂੰ ਦਿੱਤੀ ਗਈ।

ਸਿੱਖ ਫ਼ੌਜ ਨੇ ਰਾਜੌਰੀ ਉੱਤੇ ਹਮਲਾ ਕੀਤਾ। ਉੱਥੋਂ ਦਾ ਹਾਕਮ ਅਗਰ ਖ਼ਾਂ ਨੱਸ ਗਿਆ। ਉਸ ਦੇ ਭਰਾ ਰਹੀਮੁਲਾ ਨੇ ਆਪਣੇ-ਆਪ ਨੂੰ ਸ਼ਾਹਜ਼ਾਦਾ ਖੜਕ ਸਿੰਘ ਦੇ ਹਵਾਲੇ ਕਰ ਦਿੱਤਾ। ਇਸ ਨੇ ਉਸ ਨੂੰ ਮਹਾਰਾਜਾ ਸਾਹਿਬ ਦੇ ਪਾਸ ਭੇਜ ਦਿੱਤਾ। ਉਹਨਾਂ ਨੇ ਉਸ ਨਾਲ ਖੁੱਲ੍ਹ-ਦਿਲੀ ਵਾਲਾ ਸਲੂਕ ਕੀਤਾ ਤੇ ਉਸ ਨੂੰ ਰਾਜੌਰੀ ਦਾ ਹਾਕਮ ਬਣਾ ਦਿੱਤਾ।

ਖ਼ਾਲਸਾ ਫ਼ੌਜ ਬਹਿਰਾਮ ਰਾਲੇ ਪਹੁੰਚ ਗਈ। ਏਥੇ ਸੁਪੀਨ ਦੇ ਹਾਕਮ ਨੇ ਅਧੀਨਗੀ ਕਬੂਲ ਕਰ ਲਈ। ਪੁਣਛ ਦਾ ਹਾਕਮ ਜ਼ਬਰਦਸਤ ਖ਼ਾਂ ਲੜਾਈ ਲਈ ਤਿਆਰ ਹੋ ਗਿਆ, ਪਰ ਛੇਤੀ ਹੀ ਨਿੱਸਲ ਹੋ ਕੇ ਅਧੀਨ ਹੋ ਗਿਆ। ਪਹਾੜੀਆਂ ਉੱਪਰ ਦੀ ਲੰਘ ਕੇ ਖ਼ਾਲਸਾ ਫ਼ੌਜ ਕਸ਼ਮੀਰ ਜਾ ਪਹੁੰਚੀ। ਅੱਗੋਂ ਜਬਾਰ ਖ਼ਾਂ ਵੀ ਪਠਾਣੀ ਦਲ ਲੈ ਕੇ ਆ ਗਿਆ। ਖ਼ਾਲਸਾ ਫ਼ੌਜ ਨੇ ਇਸ ਉੱਪਰ 21 ਹਾੜ੍ਹ ਸੰ. 1876 ਮੁਤਾਬਕ 1819 ਈ. ਨੂੰ ਹਮਲਾ ਬੋਲਿਆ। ਤੋਪਾਂ ਨੇ ਅੱਗ ਵਰ੍ਹਾਈ। ਬੰਦੂਕਾਂ ਨੇ ਗੋਲ਼ੀਆਂ ਦਾ ਮੀਂਹ ਵਰ੍ਹਾਇਆ। ਤੇਗ਼ਾਂ ਬਿਜਲੀ ਵਾਂਗ ਲਿਸ਼ਕੀਆਂ। ਸਿੰਘ ਸੂਰਬੀਰ ਸ਼ੇਰਾਂ ਵਾਂਗਰ ਗਰਜੇ। ਪਠਾਣਾਂ ਦੇ ਆਹੂ ਲੱਥੇ। ਜਬਾਰ ਖ਼ਾਂ ਹਾਰ ਗਿਆ ਤੇ ਰਣ ਛੱਡ ਕੇ ਹਰਨ ਹੋ ਗਿਆ 22 ਹਾੜ੍ਹ 1876 ਬਿ. ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਬੜੀ ਸਜ-ਧੱਜ ਕੇ ਸ੍ਰੀਨਗਰ ਵਿੱਚ ਦਾਖ਼ਲ ਹੋਈ। ਸਾਰੀ ਫ਼ੌਜ ਨੂੰ ਹੁਕਮ ਸੀ ਕਿ ਸਿਰੀ ਨਗਰੀਆਂ ਨੂੰ ਕਿਸੇ ਪਰਕਾਰ ਦੀ ਵੀ ਤੰਗੀ ਨਾ ਦਿੱਤੀ ਜਾਵੇ। ਸੋ, ਐਸਾ ਹੀ ਹੋਇਆ। ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਸੂਬਾ ਜਾਂ ਹਾਕਮ ਨਿਯਤ ਕੀਤਾ ਗਿਆ। ਸ੍. ਸ਼ਾਮ ਸਿੰਘ ਜੀ ਅਟਾਰੀ, ਸ੍. ਜਵਾਲਾ ਸਿੰਘ ਭੜਾਣੀਆਂ ਅਤੇ ਮਿਸਰ ਦੀਵਾਨ ਚੰਦ ਇਲਾਕੇ ਵਿੱਚ ਅਮਨ ਕਾਇਮ ਕਰਨ ਖ਼ਾਤਰ ਟਿਕਾਏ ਗਏ। ਮਹਾਰਾਜਾ ਸਾਹਿਬ ਨੇ ਇਸ ਜਿੱਤ ਦੀ ਬੜੀ

ਖ਼ੁਸ਼ੀ ਮਨਾਈ। ਉਹ ਬਹੁਤ ਸਾਰੀ ਭੇਟਾ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਏ। ਗ਼ਰੀਬਾਂ ਗੁਰਬਿਆਂ ਨੂੰ ਚੋਖਾ ਦਾਨ ਦਿੱਤਾ ਗਿਆ। ਲਾਹੌਰ ਤੇ ਅੰਮ੍ਰਿਤਸਰ ਵਿੱਚ ਤਿੰਨ ਰਾਤਾਂ ਦੀਪ-ਮਾਲਾ ਕੀਤਾ ਗਿਆ।

ਮਹਾਰਾਜਾ ਸਾਹਿਬ ਕਸ਼ਮੀਰ ਦੀ ਉੱਨਤੀ ਦਾ ਖ਼ਾਸ ਖ਼ਿਆਲ ਰੱਖਿਆ ਕਰਦੇ ਸਨ। ਉਹਨਾਂ ਨੇ ਇੱਥੋਂ ਦੇ ਵਪਾਰ ਵਿਹਾਰ ਤੇ ਦਸਤਕਾਰੀ ਨੂੰ ਉੱਨਤ ਕਰਨ ਦੇ ਖ਼ਾਸ ਯਤਨ ਕੀਤੇ ਅਤੇ ਜਨਤਾ ਦੇ ਹਿੱਤਾਂ ਤੇ ਸੁੱਖਾਂ ਦਾ ਖ਼ਿਆਲ ਰੱਖਿਆ। ਉੱਥੇ ਸੰਨ 1833 ਵਿੱਚ ਭਿਆਨਕ ਕਾਲ ਪੈ ਗਿਆ। ਮਹਾਰਾਜਾ ਸਾਹਿਬ ਨੇ ਆਪਣੇ ਗੁਦਾਮਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਹਜ਼ਾਰਾਂ ਮਣ ਅਨਾਜ ਕਸ਼ਮੀਰ ਭੇਜਿਆ। ਜਦ ਉਨ੍ਹਾਂ ਨੇ ਵੇਖਿਆ ਕਿ ਉੱਥੋਂ ਦਾ ਸੂਬਾ ਕੁਝ ਢਿੱਲਾ-ਮੱਠਾ ਹੈ ਤਾਂ ਉਸ ਨੂੰ ਹਟਾ ਕੇ ਉਸ ਦੀ ਥਾਂ ਪ੍ਰਸਿੱਧ ਜਰਨੈਲ ਸ੍. ਹਰੀ ਸਿੰਘ ਨਲੂਏ ਨੂੰ ਨਿਯਤ ਕਰ ਦਿੱਤਾ।

**ਚਨਯੋਟ ਤੇ ਮੁਲਤਾਨ ਦਾ ਦੌਰਾ :** ਕਸ਼ਮੀਰ ਦੀ ਜਿੱਤ ਮਗਰੋਂ ਮਹਾਰਾਜਾ ਸਾਹਿਬ ਨੇ ਚਨਯੋਟ ਤੇ ਮੁਲਤਾਨ ਦਾ ਦੌਰਾ ਕੀਤਾ। ਥੋੜ੍ਹੀ ਜਿਹੀ ਫ਼ੌਜ ਨਾਲ ਲੈ ਕੇ ਪਹਿਲਾਂ ਪਿੰਡੀ ਭੱਟੀਆਂ ਤੇ ਚਨਯੋਟ ਗਏ। ਮਗਰੋਂ ਬੇੜੀ ਰਾਹੀਂ ਚਨਾਬ ਦੇ ਰਸਤੇ ਮੁਲਤਾਨ ਪਹੁੰਚੇ। ਰਾਹ ਵਿੱਚ ਸਭ ਵੱਡੇ-ਵੱਡੇ ਨਗਰਾਂ ਤੇ ਸ਼ਹਿਰਾਂ ਵਿੱਚ ਉਹਨਾਂ ਨੇ ਦਰਬਾਰ ਕੀਤੇ। ਇਹਨਾਂ ਦਰਬਾਰਾਂ ਵਿੱਚ ਉਹ ਲੋਕਾਂ ਦਾ ਹਾਲ-ਚਾਲ ਪੁੱਛਦੇ ਅਤੇ ਸ਼ਿਕਾਇਤਾਂ-ਔਕੜਾਂ ਸੁਣਦੇ ਤੇ ਉਹਨਾਂ ਸੰਬੰਧੀ ਜ਼ਰੂਰੀ ਕਾਰਵਾਈ ਮੌਕੇ ਉੱਪਰ ਕਰਦੇ ਸਨ। ਗ਼ਰੀਬ ਤੋਂ ਗ਼ਰੀਬ ਅਤੇ ਮਾੜੇ ਤੋਂ ਮਾੜੇ ਬੰਦੇ ਨੂੰ ਵੀ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿੱਚ ਪਹੁੰਚ ਕੇ ਆਪਣੀ ਤਕਲੀਫ਼ ਬਿਆਨ ਕਰਨ ਦੀ ਖੁੱਲ੍ਹ ਸੀ। ਇਸ ਦੌਰੇ ਸਮੇਂ ਸਰਕਾਰ ਨੂੰ ਪਤਾ ਲੱਗਾ ਕਿ ਮੁਲਤਾਨ ਦੇ ਹਾਕਮ ਸ੍. ਸ਼ਾਮ ਸਿੰਘ ਪਿਸ਼ੌਰੀਏ ਦੇ ਹੱਥੋਂ ਜਨਤਾ ਤੰਗ ਤੇ ਦੁਖੀ ਹੈ। ਆਪ ਨੇ ਉਸੇ ਵੇਲੇ ਉਸ ਨੂੰ ਪਦਵੀ ਤੋਂ ਅੱਡ ਕਰ ਕੇ ਨਜ਼ਰਬੰਦ ਕਰ ਦਿੱਤਾ, ਉਸ ਦੀ ਥਾਂ 'ਤੇ ਹੋਰ ਸੂਬਾ ਨਿਯੁਕਤ ਕਰ ਦਿੱਤਾ।

**ਡੇਹਰਾ ਗਾਜ਼ੀ ਖਾਂ :** ਡੇਹਰਾ ਗਾਜ਼ੀ ਖ਼ਾਂ ਦਾ ਹਾਕਮ ਜ਼ਮਾਨ ਖ਼ਾਂ ਆਪਣੇ-ਆਪ ਨੂੰ ਕਾਬਲ ਦੇ ਅਧੀਨ ਸਮਝਦਾ ਸੀ। ਉਸ ਨੂੰ ਠੀਕ ਕਰਨ ਤੇ ਉਸ ਦਾ ਇਲਾਕਾ ਪੰਜਾਬ ਵਿੱਚ ਮਿਲਾਉਣ ਲਈ ਮਹਾਰਾਜਾ ਸਾਹਿਬ ਨੇ ਮੁਲਤਾਨ ਤੋਂ ਜਮੇਂਦਾਰ ਖ਼ੁਸ਼ਹਾਲ ਸਿੰਘ ਦੀ ਕਮਾਨ ਹੇਠ ਫ਼ੌਜ ਭੇਜੀ। ਮਾਮੂਲੀ ਜਿਹੀ ਲੜਾਈ ਮਗਰੋਂ ਜ਼ਮਾਨ ਖ਼ਾਂ ਨੱਸ ਗਿਆ। ਡੇਹਰਾ ਗਾਜ਼ੀ ਖ਼ਾਂ ਉੱਪਰ ਕਬਜ਼ਾ ਕਰ ਲਿਆ।

ਪਠਾਣੀ ਰਾਜ ਸਮੇਂ ਹਜ਼ਾਰੇ ਦਾ ਜ਼ਿਲ੍ਹਾ ਕਸ਼ਮੀਰ ਦਾ ਹਿੱਸਾ ਸੀ। ਕਸ਼ਮੀਰ ਮਹਾਰਾਜਾ ਸਾਹਿਬ ਨੇ ਫ਼ਤਿਹ ਕਰ ਲਿਆ ਸੀ, ਪਰ ਹਜ਼ਾਰੇ ਦੇ ਪਠਾਣ ਅਜੇ ਵੀ ਆਪਣੇ-ਆਪ ਨੂੰ ਕਾਬਲ ਦੇ ਅਧੀਨ ਸਮਝਦੇ ਸਨ। ਉਹ ਮਹਾਰਾਜਾ ਸਾਹਿਬ ਦਾ ਅਧਿਕਾਰ ਨਹੀਂ ਸਨ ਮੰਨਦੇ। ਕਸ਼ਮੀਰ ਦਾ ਪ੍ਰਬੰਧ ਠੀਕ ਕਰਨ ਮਗਰੋਂ ਸਰਕਾਰ ਨੇ 1820 ਵਿੱਚ ਹਜ਼ਾਰੇ ਵੱਲ ਧਿਆਨ ਦਿੱਤਾ ਅਤੇ ਸ਼ਾਹਜ਼ਾਦਾ ਸ਼ੇਰ ਸਿੰਘ ਦੀ ਕਮਾਨ

ਹੇਠ ਹਜ਼ਾਰੇ ਦੇ ਲੋਕਾਂ ਨੂੰ ਠੀਕ ਕਰਨ ਲਈ ਫ਼ੌਜ ਭੇਜੀ। ਇਸ ਫ਼ੌਜ ਦੇ ਨਾਲ ਸ੍. ਫ਼ਤਿਹ ਸਿੰਘ ਆਹਲੂਵਾਲੀਆ, ਸ੍. ਸ਼ਾਮ ਸਿੰਘ ਅਟਾਰੀ ਤੇ ਦੀਵਾਨ ਰਾਮ ਦਿਆਲ ਵੀ ਸਨ। ਅੱਗੋਂ ਪਠਾਣ ਵੀ ਲੜਾਈ ਲਈ ਤਿਆਰ ਸਨ। ਲੜਾਈ ਸ਼ੁਰੂ ਹੋ ਗਈ। ਨੌਜਵਾਨ ਸੈਨਾਪਤੀ ਰਾਮ ਦਿਆਲ ਇੱਕ ਪਠਾਣੀ ਦਸਤੇ ਦਾ ਪਿੱਛਾ ਕਰਦਾ ਹੋਇਆ ਮਾਰਿਆ ਗਿਆ। ਸਿੱਖ ਫ਼ੌਜਾਂ ਨੇ ਪਠਾਣਾਂ ਦੇ ਚੰਗੇ ਆਹੂ ਲਾਹੇ। ਪਠਾਣ ਮੈਦਾਨ ਛੱਡ ਕੇ ਨੱਸ ਗਏ। ਹਜ਼ਾਰੇ ਦਾ ਇਲਾਕਾ ਫ਼ਤਿਹ ਹੋ ਗਿਆ। ਆਕੀ ਆਗੂ ਹੁਣ ਠੀਕ ਹੋ ਗਏ ਸਨ। ਉਹਨਾਂ ਨੇ ਮਾਫ਼ੀ ਮੰਗੀ ਅਤੇ ਅਧੀਨਗੀ ਕਬੂਲ ਕਰ ਲਈ। ਹਜ਼ਾਰੇ ਦਾ ਇਲਾਕਾ ਮੱਲ ਲਿਆ ਗਿਆ ਅਤੇ ਸ੍. ਫ਼ਤਿਹ ਸਿੰਘ ਆਹਲੂਵਾਲੀਆ ਅਤੇ ਦੀਵਾਨ ਕਿਰਪਾ ਰਾਮ ਦੇ ਸਪੁਰਦ ਕੀਤਾ ਗਿਆ।

ਸੰਨ 1821 ਵਿੱਚ ਮਹਾਰਾਜਾ ਸਾਹਿਬ ਨੇ ਪਠਾਣੀ ਰਾਜ ਦੇ ਟਿਕਾਣੇ ਮਨਕੇਰੇ ਦੇ ਇਲਾਕੇ ਨੂੰ ਫ਼ਤਿਹ ਕਰਨ ਲਈ ਫ਼ੌਜ ਭੇਜੀ। ਮਗਰੋਂ ਉਹ ਆਪ ਵੀ ਜਿਹਲਮ ਪਾਰ ਕਰ ਕੇ ਖੁਸ਼ਾਬ ਤੋਂ ਹੁੰਦੇ ਹੋਏ ਕੁੰਦੀਆਂ ਪਹੁੰਚੇ। ਸ੍. ਹਰੀ ਸਿੰਘ ਨਲੂਆ ਅਤੇ ਮਿਸਰ ਦੀਵਾਨ ਚੰਦ ਵੀ ਆਪਣੀ ਫ਼ੌਜ ਲੈ ਕੇ ਪੁੱਜ ਗਏ। ਸਾਰਾ ਲਸ਼ਕਰ ਕੁੰਦੀਆਂ ਤੋਂ ਚੱਲ ਕੇ ਮਨਕੇਰੇ ਦੇ ਇਲਾਕੇ ਵਿੱਚ ਜਾ ਦਾਖ਼ਲ ਹੋਇਆ। ਪਹਿਲਾਂ ਭੱਖਰ ਦਾ ਕਿਲ੍ਹਾ ਸਰ ਕੀਤਾ ਗਿਆ, ਫੇਰ ਸਿੱਖ ਫ਼ੌਜ ਦੇ ਇੱਕ ਹਿੱਸੇ ਨੇ ਡੇਰਾ ਇਸਮਾਈਲ ਖ਼ਾਂ ਉੱਤੇ ਹੱਲਾ ਕੀਤਾ ਅਤੇ ਛੇਤੀ ਹੀ ਉਸ ਉੱਪਰ ਕਬਜ਼ਾ ਕਰ ਲਿਆ। ਫ਼ੌਜ ਦੇ ਇੱਕ ਹੋਰ ਦਸਤੇ ਨੇ ਲਈਆ, ਖ਼ਾਨਗੜ੍ਹ, ਆਦਿ ਕਿਲ੍ਹੇ ਸਰ ਕਰ ਲਏ।

ਫੇਰ ਫ਼ੌਜ ਮਨਕੇਰੇ ਵੱਲ ਵਧੀ। ਨਵਾਬ ਅਹਿਮਦ ਖ਼ਾਂ ਨੇ ਡਟ ਕੇ ਮੁਕਾਬਲਾ ਕੀਤਾ। ਪੰਦਰਾਂ ਦਿਨ ਲੜਾਈ ਹੁੰਦੀ ਰਹੀ। ਅੰਤ ਨੂੰ ਨਵਾਬ ਨੇ ਹਾਰ ਮੰਨ ਲਈ। ਉਸ ਨੇ ਸਰਕਾਰ ਦੇ ਅਧੀਨ ਹੋ ਕੇ ਰਹਿਣਾ ਮੰਨ ਲਿਆ। ਮਹਾਰਾਜਾ ਸਾਹਿਬ ਨੇ ਮਨਕੇਰੇ 'ਤੇ ਕਬਜ਼ਾ ਕਰ ਲਿਆ, ਪਰ ਨਵਾਬ ਅਹਿਮਦ ਖ਼ਾਂ ਨੂੰ ਡੇਰਾ ਇਸਮਾਈਲ ਖ਼ਾਂ ਜਾਗੀਰ ਵਜੋਂ ਦੇ ਦਿੱਤਾ। ਇਸ ਮੁਹਿੰਮ ਵਿੱਚ ਲਗ-ਪਗ ਦਸ ਲੱਖ ਰੁਪਏ ਸਾਲਾਨਾ ਆਮਦਨ ਦਾ ਇਲਾਕਾ ਸਿੱਖ ਰਾਜ ਵਿੱਚ ਸ਼ਾਮਲ ਕੀਤਾ ਗਿਆ।

ਸੰਨ 1818 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ੌਰ ਫ਼ਤਿਹ ਕੀਤਾ ਤੇ ਯਾਰ ਮੁਹੰਮਦ ਖ਼ਾਂ ਨੂੰ ਆਪਣੇ ਅਧੀਨ ਉੱਥੋਂ ਦਾ ਹਾਕਮ ਨਿਯੁਕਤ ਕੀਤਾ ਸੀ। ਉਹ ਲਾਹੌਰ ਦਰਬਾਰ ਨੂੰ ਨਜ਼ਰਾਨੇ ਭੇਂਟ ਕਰਦਾ ਸੀ। ਉਸ ਦਾ ਭਰਾ ਮੁਹੰਮਦ ਅਜ਼ੀਮ ਖ਼ਾਂ ਕਾਬਲ ਦਾ ਵਜ਼ੀਰ ਤੇ ਬਾਰਕਜ਼ਈ ਕਬੀਲੇ ਦਾ ਸਰਦਾਰ ਸੀ। ਉਸ ਨੂੰ ਇਹ ਗੱਲ ਚੁੱਭਦੀ ਸੀ ਕਿ ਮੇਰਾ ਭਰਾ ਮਹਾਰਾਜਾ ਰਣਜੀਤ ਸਿੰਘ ਨੂੰ ਟਕੇ ਭਰੇ ਤੇ ਉਸ ਦੇ ਅਧੀਨ ਹੋਵੇ। ਨਾਲੇ ਮਹਾਰਾਜਾ ਸਾਹਿਬ ਨੇ ਉਸ ਦੇ ਦੂਜੇ ਭਰਾ ਜਬਾਰ ਖ਼ਾਂ ਪਾਸੋਂ ਕਸ਼ਮੀਰ ਖੋਹ ਲਿਆ ਸੀ। ਇਹਨਾਂ ਗੱਲਾਂ ਕਰ ਕੇ ਅਜ਼ੀਮ ਖ਼ਾਂ ਬੜਾ ਔਖਾ ਸੀ। ਉਹ ਚਾਹੁੰਦਾ ਸੀ ਕਿ ਹੋਰ ਨਹੀਂ ਤਾਂ ਪਿਸ਼ੌਰ ਤਾਂ ਜਿੱਤ ਕੇ ਪਠਾਣੀ ਰਾਜ ਦਾ ਅੰਗ ਬਣਾਇਆ ਜਾਵੇ ਤੇ ਸਿੱਖ ਰਾਜ ਅਟਕ ਦਰਿਆ ਤੋਂ ਪਰ੍ਹੇ-ਪਰ੍ਹੇ ਹੀ ਰਹਿਣ ਦਿੱਤਾ ਜਾਵੇ।

ਸੰਨ 1823 ਵਿੱਚ ਅਜ਼ੀਮ ਖ਼ਾਂ ਨੇ ਬਹੁਤ ਵੱਡਾ ਪਠਾਣੀ ਲਸ਼ਕਰ ਲੈ ਕੇ ਪਿਸ਼ੌਰ 'ਤੇ ਚੜ੍ਹਾਈ ਕੀਤੀ। ਨਾਲ ਹੀ ਉਸ ਨੇ 'ਜਹਾਦ' ਦਾ ਢੋਲ ਵਜਾਇਆ ਅਤੇ ਪਠਾਣਾਂ ਨੂੰ ਦੀਨ ਇਸਲਾਮ ਦੇ ਨਾਂ 'ਤੇ ਵੰਗਾਰਿਆ। ਉਸ ਦਾ ਭਰਾ ਯਾਰ ਮੁਹੰਮਦ ਖ਼ਾਂ ਪਿਸ਼ੌਰ ਦਾ ਹਾਕਮ ਸੀ ਤੇ ਵਿੱਚੋਂ ਉਸ ਦੇ ਨਾਲ ਸੀ। ਉਹ ਸ਼ਹਿਰ ਛੱਡ ਕੇ ਪਹਾੜੀਂ ਜਾ ਲੁਕਿਆ। ਅਜ਼ੀਮ ਖ਼ਾਂ ਨੇ ਬਿਨਾਂ ਕਿਸੇ, ਟਾਕਰੇ ਵਿਰੋਧ ਦੇ ਪਿਸ਼ੌਰ ਤੇ ਕਬਜ਼ਾ ਕਰ ਲਿਆ। ਆਸ-ਪਾਸ ਤੋਂ ਹਜ਼ਾਰਾਂ ਹੋਰ ਪਠਾਣ ਜਹਾਦ ਦੀ ਖ਼ਾਤਰ ਉਸ ਦੇ ਨਾਲ ਆ ਰਲੇ। ਉਸ ਨੇ ਸਿੱਖਾਂ ਨਾਲ ਦੋ ਹੱਥ ਕਰਨ ਲਈ ਨੁਸ਼ਹਿਰਾ ਤੇ ਹਸਤ ਨਗਰ 'ਰਣਭੂਮੀ' ਲਈ ਚੁਣੇ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਵੀ ਜੰਗ ਦਾ ਨਗਾਰਾ ਵਜਾ ਦਿੱਤਾ। ਸ਼ਾਹਜ਼ਾਦਾ ਸ਼ੇਰ ਸਿੰਘ ਦੀ ਕਮਾਨ ਹੇਠ ਫ਼ੌਜ ਪਿਸ਼ੌਰ ਵੱਲ ਤੋਰੀ ਗਈ। ਮਗਰੇ-ਮਗਰ ਸ੍. ਹਰੀ ਸਿੰਘ ਨਲੂਆ ਤੁਰ ਪਿਆ। ਕੁਝ ਦਿਨਾਂ ਮਗਰੋਂ ਮਹਾਰਾਜਾ ਸਾਹਿਬ ਨੇ ਆਪ ਬਹੁਤ ਵੱਡੀ ਫ਼ੌਜ ਸਮੇਤ ਪਿਸ਼ੌਰ ਵੱਲ ਕੂਚ ਕੀਤਾ। ਅਕਾਲੀ ਫੂਲਾ ਸਿੰਘ, ਸ੍. ਦੇਸਾ ਸਿੰਘ ਮਜੀਠੀਆ ਅਤੇ ਫ਼ਤਿਹ ਸਿੰਘ ਆਹਲੂਵਾਲੀਆ ਉਹਨਾਂ ਦੇ ਨਾਲ ਸਨ। ਅਜ਼ੀਮ ਖ਼ਾਂ ਨੇ ਆਪਣੇ ਭਤੀਜੇ ਮੁਹੰਮਦ ਜ਼ਮਾਨ ਨੂੰ ਭਾਰੀ ਲਸ਼ਕਰ ਦੇ ਕੇ ਜਹਾਂਗੀਰੇ ਦਾ ਕਿਲ੍ਹਾ ਸਰ ਕਰਨ ਲਈ ਭੇਜਿਆ। ਉੱਧਰੋਂ ਸ਼ਾਹਜ਼ਾਦਾ ਸ਼ੇਰ ਸਿੰਘ ਅਤੇ ਸ੍. ਹਰੀ ਸਿੰਘ ਨਲਵਾ ਅਟਕ ਪਾਰ ਕਰ ਕੇ ਆ ਪਹੁੰਚੇ। ਉਨ੍ਹਾਂ ਨੇ ਜਹਾਂਗੀਰੇ ਉੱਪਰ ਫਿਰ ਕਬਜ਼ਾ ਕਰ ਲਿਆ। ਜਹਾਂਗੀਰੇ ਦੀ ਹਾਰ ਸੁਣ ਕੇ ਅਜ਼ੀਮ ਖ਼ਾਂ ਤੜਫ ਉੱਠਿਆ। ਉਸ ਨੇ ਦੋਸਤ ਮੁਹੰਮਦ ਖ਼ਾਂ ਤੇ ਜਬਾਰ ਖ਼ਾਂ ਦੀ ਕਮਾਨ ਹੇਠ ਗਾਜ਼ੀਆਂ ਦਾ ਤਗੜਾ ਲਸ਼ਕਰ ਜਹਾਂਗੀਰੇ ਵੱਲ ਭੇਜਿਆ। ਜਹਾਂਗੀਰੇ ਪਾਸ ਖ਼ੂਨੀ ਜੰਗ ਹੋਈ। ਸਿੱਖਾਂ ਨੇ ਗਾਜ਼ੀਆਂ ਦੇ ਚੰਗੇ ਆਹੂ ਲਾਹੇ। ਜਿਸ ਬੇੜੀਆਂ ਦੇ ਪੁਲ ਰਾਹੀਂ ਸਿੱਖ ਫ਼ੌਜ ਨੇ ਅਟਕ ਪਾਰ ਕੀਤਾ ਸੀ, ਪਠਾਣਾਂ ਨੇ ਉਹ ਤੋੜ ਦਿੱਤਾ, ਤਾਂ ਜੁ ਮਹਾਰਾਜਾ ਵੱਲੋਂ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ ਸਹਾਇਤਾ ਨਾ ਪੁੱਜ ਸਕੇ। ਉੱਧਰੋਂ ਮਹਾਰਾਜਾ ਰਣਜੀਤ ਸਿੰਘ ਫ਼ੌਜ ਸਮੇਤ ਅਟਕ ਦੇ ਕੰਢੇ ਪਹੁੰਚ ਗਿਆ। ਉਨ੍ਹਾਂ ਨੇ ਬੇੜੀਆਂ ਦਾ ਨਵਾਂ ਪੁਲ ਤਿਆਰ ਕਰਵਾਉਣਾ ਸ਼ੁਰੂ ਕੀਤਾ, ਪਰ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਫ਼ੌਜ ਨੂੰ ਟਿੱਡੀ ਦਲ ਨੇ ਘੇਰਿਆ ਹੋਇਆ ਹੈ, ਤਾਂ ਉਨ੍ਹਾਂ ਨੇ ਅਟਕ ਵਿੱਚ ਦੀ ਲੰਘ ਕੇ ਪਾਰ ਜਾਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਫ਼ੌਜ ਨੂੰ ਲਲਕਾਰਾ ਮਾਰ ਕੇ ਅਤੇ ਜੈਕਾਰਾ ਗਜਾ ਕੇ ਆਪਣਾ ਘੋੜਾ ਅਟਕ ਵਿੱਚ ਠੇਲ੍ਹ ਦਿੱਤਾ, ਉਹਨਾਂ ਦੇ ਮਗਰ ਖ਼ਾਲਸਾ ਸੂਰਬੀਰ ਠਿੱਲ੍ਹ ਪਏ ਅਤੇ ਅਟਕੋਂ ਪਾਰ ਹੋ ਗਏ। ਇਹ ਸੁਣ ਕੇ ਪਠਾਣਾਂ ਦੇ ਛੱਕੇ ਛੁੱਟ ਗਏ। ਉਹ ਜਹਾਂਗੀਰੇ ਲਾਗਿਓਂ ਨੱਸ ਕੇ ਨੁਸ਼ਹਿਰੇ ਵੱਲ ਚਲੇ ਗਏ ਤੇ ਵੱਡੇ ਲਸ਼ਕਰ ਨਾਲ ਜਾ ਮਿਲੇ। ਮਹਾਰਾਜਾ ਸਾਹਿਬ ਨੇ ਜਹਾਂਗੀਰੇ ਤੇ ਖ਼ੈਰਾਬਾਦ ਦੇ ਕਿਲ੍ਹਿਆਂ ਨੂੰ ਵਧੇਰੇ ਪੱਕਿਆਂ ਕੀਤਾ ਅਤੇ ਵੈਰੀਆਂ ਦਾ ਭੇਤ ਲੈਣ ਲਈ ਪਿਸ਼ੌਰ ਤੇ ਨੁਸ਼ਿਹਰੇ ਭੇਜੇ।

ਜਹਾਂਗੀਰੇ ਦੇ ਮੁਕਾਮ 'ਤੇ ਸਰਦਾਰ ਜੈ ਸਿੰਘ ਅਟਾਰੀ ਵਾਲਾ, ਜੋ ਕਿਸੇ ਗੱਲੋਂ ਨਰਾਜ਼ ਹੋ ਕੇ ਮਹਾਰਾਜ ਸਾਹਿਬ ਦੀ ਸੇਵਾ ਛੱਡ ਕੇ ਕਾਬਲ ਚਲਿਆ ਗਿਆ ਸੀ ਅਤੇ ਆਪਣੇ ਸਵਾਰਾਂ ਸਮੇਤ ਅਜ਼ੀਮ ਖ਼ਾਂ ਦੇ ਨਾਲ ਸੀ, ਮਹਾਰਾਜਾ ਨਾਲ ਆ ਮਿਲਿਆ। ਉਹਨਾਂ ਨੇ ਉਸ ਨੂੰ ਮਾਫ਼ ਕਰ ਕੇ ਪਹਿਲੀ ਪਦਵੀ ਉੱਤੇ ਬਹਾਲ ਕਰ ਦਿੱਤਾ। ਮਹਾਰਾਜਾ ਸਾਹਿਬ ਨੇ ਪਠਾਣਾਂ ਉੱਪਰ ਹੱਲੇ ਦੀ ਯੋਜਨਾ ਤਿਆਰ ਕਰ ਲਈ। ਫ਼ੌਜ ਦੇ ਚਾਰ ਹਿੱਸੇ ਕੀਤੇ ਗਏ। ਇੱਕ ਹਿੱਸੇ ਦੀ ਕਮਾਨ ਅਕਾਲੀ ਫੂਲਾ ਸਿੰਘ ਨੂੰ ਦਿੱਤੀ ਗਈ। ਉਸ ਨੂੰ ਇੱਕ ਪਾਸਿਓਂ ਹੱਲਾ ਕਰਨ ਦਾ ਹੁਕਮ ਹੋਇਆ। ਸ੍. ਦੇਸਾ ਸਿੰਘ ਮਜੀਠੀਏ ਤੇ ਸ੍. ਫ਼ਤਿਹ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਦੂਜੇ ਹਿੱਸੇ ਨੇ ਦੂਜੇ ਪਾਸਿਉਂ ਹੱਲਾ ਕਰਨਾ ਸੀ। ਤੀਜੇ ਹਿੱਸੇ ਨੂੰ ਲੈ ਕੇ ਸ਼ਾਹਜ਼ਾਦਾ ਖੜਕ ਸਿੰਘ, ਸ੍. ਹਰੀ ਸਿੰਘ ਨਲੂਆ ਜਨਰਲ ਵੈਨਤੂਰਾ ਨੇ ਅਜ਼ੀਮ ਖ਼ਾਂ ਨੂੰ ਲੰਡਾ ਦਰਿਆ ਪਾਰ ਕਰ ਕੇ ਪਠਾਣੀ ਲਸ਼ਕਰ ਨਾਲ ਮਿਲਣੋਂ ਰੋਕਣਾ ਸੀ। ਜਿਸ ਨੂੰ ਜਿੱਥੇ ਲੋੜ ਪਵੇ, ਉੱਥੇ ਜਾ ਸਹਾਇਤਾ ਦੇਣੀ ਸੀ।

14 ਮਾਰਚ, ਸੰਨ 1824 ਨੂੰ ਅੰਮ੍ਰਿਤ ਵੇਲੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਹਜ਼ੂਰੀ ਵਿੱਚ ਫੈਰੀ ਦਲ ਉੱਪਰ ਹੱਲਾ ਬੋਲਣ ਦਾ ਅਰਦਾਸਾ ਸੋਧਿਆ ਗਿਆ। ਫ਼ੌਜਾਂ ਅਗਾਂਹ ਨੂੰ ਵਧਣ ਲੱਗੀਆਂ ਹੀ ਸਨ ਕਿ ਸੂਹੀਏ ਨੇ ਖ਼ਬਰ ਆ ਦਿੱਤੀ ਕਿ ਫੈਰੀਆਂ ਦੀ ਮਦਦ ਲਈ ਬਹੁਤ ਸਾਰੀ ਫ਼ੌਜ ਅਤੇ 40 ਤੋਪਾਂ ਵੱਡੀਆਂ ਆਣ ਪੁੱਜੀਆਂ ਹਨ। ਮਹਾਰਾਜਾ ਸਾਹਿਬ ਨੇ ਸੋਚਿਆ ਕਿ ਫੈਰੀ ਦੀਆਂ ਤੋਪਾਂ ਨਾਲ ਖ਼ਾਲਸੇ ਦਾ ਵਧੇਰੇ ਨੁਕਸਾਨ ਹੋਵੇਗਾ। ਚੰਗਾ ਹੋਵੇ ਜੇ ਹੱਲਾ ਅਜੇ ਨਾ ਕੀਤਾ ਜਾਵੇ। ਆਪਣੀਆਂ ਵੱਡੀਆਂ ਤੋਪਾਂ ਦੁਪਹਿਰ ਤਕ ਆ ਜਾਣਗੀਆਂ, ਫੇਰ ਹੱਲਾ ਕਰਾਂਗੇ।

ਪਰ ਅਕਾਲੀ ਫੂਲਾ ਸਿੰਘ ਨੇ ਕਿਹਾ, ਅਸੀਂ ਅਰਦਾਸਾ ਕਰ ਚੁੱਕੇ ਹਾਂ। ਅਸੀਂ ਤਾਂ ਪਿਛਾਂਹ ਨਹੀਂ ਹਟਣਾ। ਅਕਾਲੀ ਜੀ ਆਪਣੀ ਫ਼ੌਜ ਲੈ ਕੇ ਅਗਾਂਹ ਵਧੇ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾਉਂਦੇ ਵਿਉਂਤ ਮੁਜਬ ਫੈਰੀਆਂ ਦੇ ਦਲ ਉੱਪਰ ਜਾ ਪਏ। ਮਗਰੋਂ ਹੀ ਮਹਾਰਾਜਾ ਸਾਹਿਬ ਨੇ ਹੋਰ ਫ਼ੌਜ ਨੂੰ ਵਿਉਂਤ ਅਨੁਸਾਰ ਹੱਲਾ ਕਰਨ ਦਾ ਹੁਕਮ ਦਿੱਤਾ। ਦੋਹਾਂ ਪਾਸਿਆਂ ਤੋਂ ਫ਼ੌਜਾਂ ਇੱਕ-ਦੂਜੇ 'ਤੇ ਟੁੱਟ ਕੇ ਪਈਆਂ। ਘਮਸਾਨ ਦੀ ਗਹਿਗਚ ਲੜਾਈ ਹੋਈ। ਲੋਥਾਂ ਦੇ ਢੇਰ ਲੱਗ ਗਏ। ਅਕਾਲੀ ਜੀ ਨੇ ਰਣਤੱਤੇ ਵਿੱਚ ਉਹ ਹੱਥ ਵਿਖਾਏ ਕਿ ਫੈਰੀ ਦੰਗ ਰਹਿ ਗਏ। ਫੈਰੀਆਂ ਨੇ ਆਪ ਉੱਪਰ ਵੱਧ ਤੋਂ ਵੱਧ ਗੋਲ਼ੀਆਂ ਵਰਸਾਈਆਂ, ਪਰ ਉਹ ਨਿਧੜਕ ਹੋ ਕੇ ਤੇਗ ਵਾਹੁੰਦੇ ਅਤੇ ਫੈਰੀਆਂ ਦੇ ਆਹੂ ਲਾਹੁੰਦੇ ਰਹੇ। ਉਹਨਾਂ ਦੇ ਘੋੜੇ ਨੂੰ ਗੋਲ਼ੀ ਲੱਗੀ ਤੇ ਉਹ ਮਰ ਗਿਆ। ਅਕਾਲੀ ਜੀ ਹਾਥੀ ਉੱਪਰ ਬੈਠ ਗਏ। ਉਹ ਆਪ ਵੀ ਜ਼ਖ਼ਮੀ ਹੋ ਗਏ, ਪਰ ਉਹ ਫੇਰ ਵੀ ਉਸੇ ਤਰ੍ਹਾਂ ਲੜਦੇ ਤੇ ਲਲਕਾਰਦੇ ਰਹੇ। ਅੰਤ ਨੂੰ ਉਹ ਗੋਲ਼ੀਆਂ ਨਾਲ ਵਿੰਨ੍ਹ ਕੇ ਸ਼ਹੀਦ ਹੋ ਗਏ। ਇਸ 'ਤੇ ਸਿੱਖ ਫ਼ੌਜ ਨੂੰ ਵਧੇਰੇ ਰੋਹ ਚੜ੍ਹਿਆ ਤੇ ਜੋਸ਼

ਆਇਆ। ਰਣ ਹੋਰੇ ਵੀ ਤੱਤਾ ਹੋ ਗਿਆ ਅਤੇ ਪਠਾਣਾਂ ਦੇ ਪੈਰ ਉੱਖੜ ਗਏ। ਉਹ ਮੈਦਾਨ ਛੱਡ ਕੇ ਸਿਰ 'ਤੇ ਪੈਰ ਰੱਖ ਕੇ ਨੱਠ ਤੁਰੇ। ਖ਼ਾਲਸੇ ਨੇ ਦੂਰ ਤੀਕ ਉਹਨਾਂ ਦਾ ਪਿੱਛਾ ਕੀਤਾ। ਹਜ਼ਾਰਾਂ ਘੋੜੇ, ਊਠ, ਤੰਬੂ, ਤੋਪਾਂ ਅਤੇ ਹੋਰ ਫ਼ੌਜੀ ਸਮਾਨ ਖ਼ਾਲਸਾ ਫ਼ੌਜ ਦੇ ਹੱਥ ਆਇਆ।

ਭਾਵੇਂ ਇਸ ਜੰਗ ਵਿੱਚ ਖ਼ਾਲਸੇ ਦਾ ਬਹੁਤ ਨੁਕਸਾਨ ਹੋਇਆ, ਪਰ ਇਸ ਨਾਲ ਚੰਗਾ-ਚੋਖਾ ਪਠਾਣੀ ਇਲਾਕਾ ਖ਼ਾਲਸੇ ਦੇ ਹੱਥ ਆ ਗਿਆ। ਦੂਜੇ, ਪਠਾਣਾਂ ਉੱਤੇ ਰੁਹਬ ਦਾ ਸਿੱਕਾ ਬਹਿ ਗਿਆ। ਅਜ਼ੀਮ ਖ਼ਾਂ ਅਜਿਹਾ ਡਰਿਆ ਤੇ ਸ਼ਰਮਿੰਦਾ ਹੋਇਆ ਕਿ ਕਾਬਲ ਨੂੰ ਨੱਸਾ ਜਾਂਦਾ ਰਾਹ ਵਿੱਚ ਹੀ ਮਰ ਗਿਆ। ਫ਼ੌਜ ਨੂੰ ਹੁਕਮ ਸੀ ਕਿ ਸ਼ਹਿਰ ਵਿੱਚ ਲੁੱਟ-ਮਾਰ ਨਹੀਂ ਕਰਨੀ ਜਾਂ ਕਿਸੇ ਪਰਕਾਰ ਦੀ ਵਧੀਕੀ ਨਹੀਂ ਕਰਨੀ। ਇਸ ਹੁਕਮ ਦੀ ਪੂਰੀ-ਪੂਰੀ ਪਾਲਣਾ ਕੀਤੀ ਗਈ।

17 ਮਾਰਚ, 1824 ਨੂੰ ਮਹਾਰਾਜਾ ਸਾਹਿਬ ਬੜੀ ਸਜ-ਧਜ ਨਾਲ ਪਿਸ਼ੌਰ ਦਾਖ਼ਲ ਹੋਏ। ਸ਼ਹਿਰ ਵਾਸੀਆਂ ਨੇ ਖ਼ੁਸ਼ੀ ਮਨਾਈ ਅਤੇ ਆਦਰ-ਸਤਿਕਾਰ ਤੇ ਸ਼ਾਨ ਨਾਲ ਉਹਨਾਂ ਦਾ ਸੁਆਗਤ ਕੀਤਾ। ਕੁਝ ਦਿਨਾਂ ਮਗਰੋਂ ਯਾਰ ਮੁਹੰਮਦ ਖ਼ਾਂ ਤੇ ਦੌਲਤ ਮੁਹੰਮਦ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋਏ। ਉਹਨਾਂ ਨੇ ਪਿਛਲੀ ਭੁੱਲ ਲਈ ਮਾਫ਼ੀ ਮੰਗੀ। ਪੰਜਾਹ ਵਧੀਆ ਘੋੜੇ ਅਤੇ ਹੋਰ ਕੀਮਤੀ ਤੁਹਫੇ ਭੇਂਟ ਕੀਤੇ ਅਤੇ ਅਗਾਂਹ ਲਈ ਅਧੀਨ ਰਹਿਣ ਦਾ ਇਕਰਾਰ ਕੀਤਾ। ਮਹਾਰਾਜਾ ਸਾਹਿਬ ਨੇ ਉਹਨਾਂ ਨੂੰ ਮਾਫ਼ ਕਰ ਦਿੱਤਾ ਅਤੇ ਯਾਰ ਮੁਹੰਮਦ ਨੂੰ ਪਿਸ਼ੌਰ ਦਾ ਹਾਕਮ ਨਿਯਤ ਕਰ ਦਿੱਤਾ। ਇਹ ਜੰਗ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ 27 ਅਪ੍ਰੈਲ, 1824 ਨੂੰ ਲਾਹੌਰ ਪਹੁੰਚਿਆ।

ਸੰਨ, 1827 ਈ. ਵਿੱਚ ਅੰਗਰੇਜ਼ੀ ਇਲਾਕੇ ਦੇ ਸ਼ਹਿਰ ਬਰੇਲੀ ਦਾ ਵਸਨੀਕ ਸੱਯਦ ਅਹਿਮਦ ਸਿੱਖ ਰਾਜ ਦੇ ਪਠਾਣੀ ਇਲਾਕੇ ਵਿੱਚ ਆਇਆ ਅਤੇ ਪਠਾਣਾਂ ਨੂੰ ਸਿੱਖ ਰਾਜ ਵਿਰੁੱਧ ਭੜਕਾਉਣ ਤੇ ਬਗ਼ਾਵਤਾਂ ਲਈ ਤਿਆਰ ਕਰਨ ਲੱਗ ਪਿਆ। ਇਹ ਅੰਗਰੇਜ਼ੀ ਇਲਾਕੇ ਵਿੱਚ ਆਦਮੀ ਅਤੇ ਰੁਪਿਆ ਲੈ ਕੇ ਸਰਹੱਦ ਵਿੱਚ ਗਿਆ। ਅਸਲ ਵਿੱਚ ਇਸ ਨੂੰ ਸਿੱਖ ਰਾਜ ਦੇ ਸਰਹੱਦੀ ਇਲਾਕੇ ਵਿੱਚ ਰੌਲਾ-ਗੌਲਾ ਖੜ੍ਹਾ ਕਰਨ ਲਈ ਉਚੇਚੇ ਤੌਰ 'ਤੇ ਭੇਜਿਆ ਗਿਆ ਸੀ, ਤਾਂ ਜੁ ਮਹਾਰਾਜਾ ਰਣਜੀਤ ਸਿੰਘ ਇਸ ਪੁਆੜੇ ਵਿੱਚ ਰੁੱਝੇ ਰਹਿਣ ਅਤੇ ਹੋਰ ਪਾਸੇ ਧਿਆਨ ਨਾ ਦੇਣ। ਸੱਯਦ ਅਹਿਮਦ ਤੇ ਉਸ ਦੇ ਸਾਥੀਆਂ ਨੇ ਦੀਨ-ਮਜ਼ਹਬ ਦੇ ਨਾਂ 'ਤੇ ਫ਼ਤਵੇ ਦੇ ਕੇ ਪਠਾਣ ਕਬੀਲਿਆਂ ਨੂੰ ਸਿੱਖ ਰਾਜ ਵਿਰੁੱਧ ਜਹਾਦ ਕਰਨ ਲਈ ਭੜਕਾਇਆ। ਚਾਲ਼ੀ ਹਜ਼ਾਰ ਪਠਾਣ ਇਸ ਦੇ ਉਦਾਲੇ ਆ ਜੁੜੇ ਅਤੇ ਬਗ਼ਾਵਤ ਲਈ ਤਿਆਰ ਹੋ ਪਏ। ਮਹਾਰਾਜਾ ਸਾਹਿਬ ਨੇ ਇਸ ਬਗ਼ਾਵਤ ਨੂੰ ਦਬਾਉਣ ਵਾਸਤੇ ਸ੍. ਬੁੱਧ ਸਿੰਘ ਸੰਧਾਵਾਲੀਏ ਨੂੰ ਫ਼ੌਜ ਦੇ ਕੇ ਪਿਸ਼ੌਰ ਵੱਲ ਭੇਜਿਆ। ਦੋ ਤਕੜੀਆਂ ਲੜਾਈਆਂ ਹੋਈਆਂ, ਸੱਯਦ ਅਹਿਮਦ ਹਾਰ ਗਿਆ ਅਤੇ ਪਹਾੜੀਆਂ ਵੱਲ ਨੂੰ ਨੱਸ ਗਿਆ, ਪਰ ਉਸ ਨੇ ਕੁਝ ਚਿਰ ਮਗਰੋਂ

ਅੱਗੇ ਨਾਲੋਂ ਵੀ ਵਡੇਰਾ ਲਸ਼ਕਰ ਇਕੱਠਾ ਕਰ ਕੇ ਅਟਕ ਦੇ ਇਲਾਕੇ ਵਿੱਚ ਗੜਬੜ ਸ਼ੁਰੂ ਕਰ ਦਿੱਤੀ। ਮਹਾਰਾਜਾ ਸਾਹਿਬ ਨੇ ਇਸ ਨੂੰ ਮਾਰ ਭਜਾਉਣ ਖ਼ਾਤਰ ਸ੍. ਖੜਕ ਸਿੰਘ ਦੀ ਕਮਾਨ ਹੇਠ ਤਕੜੀ ਫ਼ੌਜ ਭੇਜੀ। ਪਠਾਣਾਂ ਤੇ ਸਿੱਖਾਂ ਵਿਚਕਾਰ ਸਖ਼ਤ ਲੜਾਈ ਹੋਈ। ਪਠਾਣਾਂ ਦੇ ਚੰਗੇ ਆਹੂ ਲਾਹੇ। ਉਹ ਮੈਦਾਨ ਛੱਡ ਕੇ ਹਰਨ ਹੋ ਗਏ। ਸੱਯਦ ਅਹਿਮਦ ਫੇਰ ਪਹਾੜੀ 'ਤੇ ਜਾ ਚੜ੍ਹਿਆ, ਪਰ ਥੋੜ੍ਹੇ ਚਿਰ ਮਗਰੋਂ ਉਸ ਨੇ ਹੋਰ ਵਡੇਰਾ ਲਸ਼ਕਰ ਇਕੱਠਾ ਕੀਤਾ ਅਤੇ ਪਿਸ਼ੌਰ 'ਤੇ ਹੱਲਾ ਬੋਲਿਆ। ਮਹਾਰਾਜਾ ਸਾਹਿਬ ਵੱਲੋਂ ਯਾਰ ਮੁਹੰਮਦ ਖ਼ਾਂ ਪਿਸ਼ੌਰ ਦਾ ਹਾਕਮ ਨਿਯਤ ਸੀ। ਉਸ ਨੇ ਸੱਯਦ ਅਹਿਮਦ ਖ਼ਾਂ ਦਾ ਟਾਕਰਾ ਕੀਤਾ। ਉਹ ਲੜਦਾ ਹੋਇਆ ਮਾਰਿਆ ਗਿਆ। ਸੱਯਦ ਨੇ ਸ਼ਹਿਰ ਉੱਪਰ ਕਬਜ਼ਾ ਕਰ ਲਿਆ। ਪਿਸ਼ੌਰ ਉੱਤੇ ਕਬਜ਼ਾ ਕਰਨ ਪਿੱਛੋਂ ਸੱਯਦ ਅਹਿਮਦ ਨੇ ਫ਼ਤਵਾ ਦਿੱਤਾ, "ਪਿਸ਼ੌਰ ਦੇ ਇਲਾਕੇ ਵਿੱਚ ਜਿੰਨੀਆਂ ਵਿਧਵਾ ਹਿੰਦੂ ਔਰਤਾਂ ਹਨ, ਉਹ ਤਿੰਨ ਦਿਨਾਂ ਦੇ ਅੰਦਰ-ਅੰਦਰ ਪਠਾਣਾਂ ਨਾਲ ਵਿਆਹ ਕਰਾ ਲੈਣ, ਨਹੀਂ ਤਾਂ ਉਹਨਾਂ ਦੇ ਵਾਰਸਾਂ ਦੇ ਘਰ ਲੁੱਟੇ ਅਤੇ ਸਾੜੇ ਜਾਣਗੇ। ਕਵਾਰੀਆਂ ਲੜਕੀਆਂ ਬਾਰਾਂ ਦਿਨਾਂ ਦੇ ਅੰਦਰ ਮੇਰੇ ਮਾਤਹਿਤਾਂ ਦੇ ਪੇਸ਼ ਕੀਤੀਆਂ ਜਾਣ। ਇਸ 'ਤੇ ਸਭ ਪਾਸੇ ਹਾਹਾਕਾਰ ਮਚ ਗਈ।

ਮਹਾਰਾਜਾ ਸਾਹਿਬ ਨੇ ਕੰਵਰ ਸ਼ੇਰ ਸਿੰਘ ਤੇ ਵੈਨਤੂਰਾ ਦੀ ਕਮਾਨ ਹੇਠ ਜ਼ਬਰਦਸਤ ਫ਼ੌਜ ਭੇਜੀ। ਤਕੜੀ ਘਮਸਾਨ ਦੀ ਲੜਾਈ ਹੋਈ। ਸੱਯਦ ਹਾਰ ਕੇ ਫੇਰ ਪਹਾੜੀਂ ਜਾ ਚੜ੍ਹਿਆ। ਪਿਸ਼ੌਰ ਉੱਪਰ ਫੇਰ ਕਬਜ਼ਾ ਹੋ ਗਿਆ। ਯਾਰ ਮੁਹੰਮਦ ਖ਼ਾਂ ਦੇ ਭਰਾ ਸੁਲਤਾਨ ਮੁਹੰਮਦ ਖ਼ਾਂ ਨੂੰ ਪਿਸ਼ੌਰ ਦਾ ਹਾਕਮ ਨਿਯਤ ਕੀਤਾ ਗਿਆ। ਉਸ ਨੇ ਆਪਣੇ ਭਰਾ ਦਾ ਪ੍ਰਸਿੱਧ ਘੋੜਾ 'ਲੇਲੀ' ਮਹਾਰਾਜਾ ਸਾਹਿਬ ਦੀ ਭੇਟਾ ਕੀਤਾ। ਇਸ ਘੋੜੇ ਦੀ ਪਰਾਪਤੀ ਲਈ ਮਹਾਰਾਜਾ ਕਾਫ਼ੀ ਦੇਰ ਤੋਂ ਚਾਹਵਾਨ ਸੀ। ਉਨ੍ਹਾਂ ਨੇ ਯਾਰ ਮੁਹੰਮਦ ਖ਼ਾਂ ਨੂੰ ਅੱਗੇ ਇੱਕ ਵੇਰ ਬਹੁਤ ਵੱਡੀ ਰਕਮ ਦੇ ਕੇ ਅਤੇ ਇੱਕ ਵੇਰ ਵਧੀਆ ਨਸਲ ਦੇ ਪੰਜਾਹ ਘੋੜੇ ਵਟਾਂਦਰੇ ਵਿੱਚ ਦੇ ਕੇ ਇਹ ਘੋੜਾ ਖ਼ਰੀਦਣ ਦਾ ਯਤਨ ਕੀਤਾ ਸੀ, ਪਰ ਯਾਹ ਮੁਹੰਮਦ ਖ਼ਾਂ ਮੰਨਿਆ ਨਹੀਂ ਸੀ। ਜਦ ਕੰਵਰ ਸ਼ੇਰ ਸਿੰਘ ਨੇ ਇਹ ਘੋੜਾ ਲਿਆ ਕੇ ਮਹਾਰਾਜਾ ਸਾਹਿਬ ਨੂੰ ਪੇਸ਼ ਕੀਤਾ ਤਾਂ ਉਹ ਬਹੁਤ ਖ਼ੁਸ਼ ਹੋਏ।

ਸੱਯਦ ਅਹਿਮਦ ਕੁਝ ਸਮਾਂ ਮਗਰੋਂ ਫੇਰ ਪਹਾੜਾਂ ਵਿੱਚੋਂ ਨਿਕਲ ਕੇ ਪਠਾਣਾਂ ਨੂੰ ਭੜਕਾਉਣ ਤੇ ਗੜਬੜ ਕਰਾਉਣ ਲੱਗ ਪਿਆ। ਪਿਸ਼ੌਰ ਦੇ ਹਾਕਮ ਸੁਲਤਾਨ ਮੁਹੰਮਦ ਖ਼ਾਂ ਨੇ ਕਈ ਵੇਰ ਉਸ ਨਾਲ ਲੜਾਈ ਕੀਤੀ, ਪਰ ਉਸ ਨੂੰ ਪੂਰੀ ਤਰ੍ਹਾਂ ਨਿਸਲ ਜਾਂ ਦੱਰਾਲ ਨਾ ਕਰ ਸਕਿਆ। ਅੰਤ ਨੂੰ ਪਠਾਣ ਉਸ ਨਾਲ ਨਰਾਜ਼ ਹੋ ਕੇ ਵੱਖ ਹੋ ਬੈਠੇ। ਸੱਯਦ ਅਹਿਮਦ ਇਹ ਇਲਾਕਾ ਛੱਡ ਕੇ ਮੁਜ਼ੱਫ਼ਰਾਬਾਦ ਦੇ ਇਲਾਕੇ ਵਿੱਚ ਚਲਿਆ ਗਿਆ। ਅਪਰੈਲ, 1831 ਵਿੱਚ ਖ਼ਾਲਸਾ ਫ਼ੌਜ ਨੇ ਮੁਜ਼ੱਫਰਾਬਾਦ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਲੜਾਈ ਹੋਈ, ਸੱਯਦ ਅਹਿਮਦ ਮਾਰਿਆ ਗਿਆ। ਇਸ ਤਰ੍ਹਾਂ ਇਹ 'ਜਹਾਦ' ਖ਼ਤਮ ਹੋਇਆ।

**ਮਹਾਰਾਜਾ ਸਾਹਿਬ ਤੇ ਅੰਗਰੇਜ਼ ਸਰਕਾਰ :** ਅੰਗਰੇਜ਼ ਸਰਕਾਰ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤਾਨਾ ਸੰਬੰਧ ਕਾਇਮ ਰੱਖਣੇ ਚਾਹੁੰਦੀ ਸੀ। ਇਸੇ ਗ਼ਰਜ਼ ਲਈ ਉਸ ਨੇ ਮਹਾਰਾਜਾ ਸਾਹਿਬ ਨਾਲ 1809 ਵਿੱਚ ਅੰਮ੍ਰਿਤਸਰ ਦਾ ਅਹਿਦਨਾਮਾ ਕੀਤਾ ਸੀ। ਜਦ ਜਨਵਰੀ, 1812 ਵਿੱਚ ਕੰਵਰ ਖੜਕ ਸਿੰਘ ਦਾ ਵਿਆਹ ਹੋਇਆ ਸੀ ਤਾਂ ਅੰਗਰੇਜ਼ ਸਰਕਾਰ ਵੱਲੋਂ ਕਰਨਲ ਡੇਵਿਡ ਆਕਟਰਲੋਨੀ ਤੁਹਫ਼ੇ ਲੈ ਕੇ ਹਾਜ਼ਰ ਹੋਇਆ ਸੀ। ਜਦ ਸੰਨ 1826 ਦੀਆਂ ਗਰਮੀਆਂ ਵਿੱਚ ਮਹਾਰਾਜਾ ਸਾਹਿਬ ਬਿਮਾਰ ਹੋ ਗਏ, ਅੰਗਰੇਜ਼ ਡਾਕਟਰ ਉਹਨਾਂ ਦੇ ਇਲਾਜ ਵਾਸਤੇ ਭੇਜਿਆ।

ਦੂਜੇ ਪਾਸਿਓਂ ਮਹਾਰਾਜਾ ਸਾਹਿਬ ਵੀ ਮਿੱਤਰਤਾ ਕਾਇਮ ਰੱਖਣ ਦੇ ਚਾਹਵਾਨ ਸਨ। ਜਦੋਂ ਸੰਨ 1827 ਦੀਆਂ ਗਰਮੀਆਂ ਵਿੱਚ ਅੰਗਰੇਜ਼ ਵੱਡਾ ਹਾਕਮ ਗਵਰਨਰ ਜਨਰਲ ਲਾਰਡ ਐਮਰਸਟ ਕਲਕੱਤੇ ਤੋਂ ਸ਼ਿਮਲੇ ਆਇਆ ਤਾਂ ਮਹਾਰਾਜ ਸਾਹਿਬ ਨੇ ਫ਼ਕੀਰ ਅਜ਼ੀਜ਼ੁਦੀਨ ਤੇ ਦੀਵਾਨ ਮੋਤੀ ਰਾਮ ਨੂੰ ਗਵਰਨਰ ਜਨਰਲ ਲਈ ਕੀਮਤੀ ਤੋਹਫ਼ੇ ਦੇ ਕੇ ਸ਼ਿਮਲੇ ਭੇਜਿਆ। ਇਹਨਾਂ ਦੋਹਾਂ ਦਾ ਖ਼ਾਸ ਆਦਰ-ਸਤਿਕਾਰ ਕੀਤਾ ਗਿਆ। ਮਗਰੋਂ ਲਾਰਡ ਐਮਰਸਟ ਨੇ ਵੀ ਕਈ ਕੀਮਤੀ ਤੁਹਫ਼ੇ ਮਹਾਰਾਜਾ ਸਾਹਿਬ ਲਈ ਭੇਜੇ।

ਇਸ ਤੋਂ ਮਗਰੋਂ 1831 ਵਿੱਚ ਇੰਗਲੈਂਡ ਦੇ ਬਾਦਸ਼ਾਹ ਨੇ ਮਹਾਰਾਜਾ ਸਾਹਿਬ ਲਈ ਪੰਜ ਵਧੀਆ ਘੋੜੇ ਅਤੇ ਇੱਕ ਸੁੰਦਰ ਗੱਡੀ ਤੁਹਫ਼ੇ ਵਜੋਂ ਭੇਜੀ। ਇਸੇ ਸਾਲ ਸ੍. ਹਰੀ ਸਿੰਘ ਨਲੂਆ, ਫ਼ਕੀਰ ਅਜ਼ੀਜ਼ੁਦੀਨ, ਦੀਵਾਨ ਮੋਤੀ ਰਾਮ, ਸ੍. ਧੰਨਾ ਸਿੰਘ ਮਲਵਈ, ਸ੍. ਅਜੀਤ ਸਿੰਘ ਸੰਧਾਵਾਲੀਏ ਅਤੇ ਸ੍. ਲਹਿਣਾ ਸਿੰਘ ਮਜੀਠੀਏ ਨੂੰ ਲਾਰਡ ਬੈਨਟਿੰਕ ਨਾਲ ਮੁਲਾਕਾਤ ਕਰਨ ਲਈ ਭੇਜਿਆ ਗਿਆ। ਉਹਨਾਂ ਦਾ ਬਹੁਤ ਆਦਰ-ਸਤਿਕਾਰ ਕੀਤਾ ਗਿਆ। ਇਸ ਮੌਕੇ 'ਤੇ ਇੱਕ ਦਿਨ ਲਾਰਡ ਬੈਨਟਿੰਕ ਦੀ ਫ਼ਕੀਰ ਅਜੀਜ਼ਦੀਨ ਨਾਲ ਮੁਲਾਕਾਤ ਹੋ ਰਹੀ ਸੀ। ਗਵਰਨਰ ਜਨਰਲ ਨੇ ਪੁੱਛਿਆ, "ਫ਼ਕੀਰ ਜੀ! ਮਹਾਰਾਜਾ ਸਾਹਿਬ ਕਿਹੜੀ ਅੱਖੋਂ ਲਾਵੇ (ਕਾਣੇ) ਹਨ?" ਅੱਗੋਂ ਫ਼ਕੀਰ ਅਜ਼ੀਜ਼ੁਦੀਨ ਨੇ ਜਵਾਬ ਦਿੱਤਾ, "ਮੈਨੂੰ ਅੱਖਾਂ ਚੁੱਕ ਗਹੁ ਨਾਲ ਵੇਖਣ ਦਾ ਹੀਆ ਹੀ ਕਦੇ ਨਹੀਂ ਪਿਆ। ਇਸ ਕਰ ਕੇ ਮੈਂ ਇਹ ਦੱਸਣੋਂ ਅਸਮਰੱਥ ਹਾਂ ਕਿ ਉਨ੍ਹਾਂ ਦੀ ਕਿਹੜੀ ਅੱਖ ਮਾਰੀ ਹੋਈ ਹੈ।"

ਲਾਹੌਰ ਦਰਬਾਰ ਦੇ ਇਹਨਾਂ ਮੁਖੀਆਂ ਨਾਲ ਮੁਲਾਕਾਤ ਤੋਂ ਵਿਲੀਅਮ ਬੈਨਟਿੰਕ ਦੇ ਮਨ ਵਿੱਚ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਕਰਨ ਦੀ ਚਾਹ ਪੈਦਾ ਹੋਈ। ਉਸ ਨੇ ਆਪਣਾ ਖ਼ਾਸ ਆਦਮੀ ਮਹਾਰਾਜਾ ਸਾਹਿਬ ਪਾਸ ਭੇਜਿਆ ਤਾਂ ਜੁ ਉਹਨਾਂ ਨੂੰ ਮਨਾਇਆ ਜਾਵੇ। ਉਹ ਮੰਨ ਗਏ। ਮੁਲਾਕਾਤ ਵਾਸਤੇ ਰੋਪੜ ਚੁਣਿਆ ਗਿਆ। ਜ਼ੋਰ-ਸ਼ੋਰ ਦੀਆਂ ਤਿਆਰੀਆਂ ਸ਼ੁਰੂ ਹੋਈਆਂ। ਦੋਹੀਂ ਪਾਸੀਂ ਬਹੁਤ ਧਨ ਤੇ ਮਿਹਨਤ ਖ਼ਰਚ ਕਰ ਕੇ ਥਾਂ ਨੂੰ ਸਜਾਇਆ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ 15 ਅਕਤੂਬਰ, ਸੰਨ 1831 ਨੂੰ ਲਾਹੌਰੋਂ ਰੋਪੜ ਨੂੰ ਕੂਚ ਕੀਤਾ। 26 ਅਕਤੂਬਰ ਨੂੰ ਉਹ ਲਾਰਡ ਬੈਨਟਿੰਕ ਨੂੰ ਸਤਲੁਜੋਂ ਪਾਰ ਜਾ ਕੇ ਮਿਲੇ। ਅਗਲੇ ਦਿਨ ਲਾਰਡ ਬੈਨਟਿੰਕ ਮਹਾਰਾਜਾ ਸਾਹਿਬ ਦੇ ਡੇਰੇ ਵਿੱਚ ਮੁਲਾਕਾਤ ਵਾਸਤੇ ਪੁੱਜਾ। ਦੋਹਾਂ ਧਿਰਾਂ ਵੱਲੋਂ ਇੱਕ-ਦੂਜੇ ਦਾ ਬੜਾ ਆਦਰ-ਸਤਿਕਾਰ ਕੀਤਾ ਗਿਆ। ਇਸ ਮੁਲਾਕਾਤ ਤੋਂ ਗਵਰਨਰ ਜਨਰਲ ਦਾ ਮਨੋਰਥ ਦੁਨੀਆ ਨੂੰ ਇਹ ਦੱਸਣਾ ਸੀ ਕਿ ਦੋਹਾਂ ਹਕੂਮਤਾਂ ਵਿਚਕਾਰ ਪੂਰਨ ਏਕਤਾ ਹੈ।

## ਪਿਸ਼ੌਰ ਤੇ ਲਦਾਖ ਦੀਆਂ ਜਿੱਤਾਂ

**ਪਿਸ਼ੌਰ ਦੀ ਮੁਹਿੰਮ :** ਮਹਾਰਾਜਾ ਸਾਹਿਬ ਨੇ ਯਾਰ ਮੁਹੰਮਦ ਖ਼ਾਂ ਦੇ ਮਰਨ ਤੋਂ ਬਾਅਦ ਉਸ ਦੀ ਥਾਂ 'ਤੇ ਉਸ ਦੇ ਭਰਾ ਸੁਲਤਾਨ ਮੁਹੰਮਦ ਖ਼ਾਂ ਨੂੰ ਪਿਸ਼ੌਰ ਦਾ ਹਾਕਮ ਬਣਾਇਆ ਸੀ, ਪਰ ਸੁਲਤਾਨ ਮੁਹੰਮਦ ਖ਼ਾਂ ਚੰਗਾ ਤੇ ਇਤਬਾਰਯੋਗ ਸਾਬਤ ਨਾ ਹੋਇਆ। ਇਹ ਪਠਾਣਾਂ ਨੂੰ ਸ਼ਹਿ ਦੇ ਕੇ ਚੁੱਕਦਾ ਤੇ ਵਿਗਾੜਦਾ ਸੀ। ਮਹਾਰਾਜਾ ਸਾਹਿਬ ਨੇ ਨਿੱਤ ਦਾ ਕਜੀਆ ਮੁਕਾਉਣ ਲਈ ਪਿਸ਼ੌਰ ਨੂੰ ਪੂਰਨ ਤੌਰ 'ਤੇ ਸਿੱਖ ਰਾਜ ਵਿੱਚ ਸ਼ਾਮਲ ਕਰਨ ਲਈ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਸੰਨ 1834 ਵਿੱਚ ਆਪਣੇ ਪੋਤਰੇ ਕੰਵਰ ਨੌ ਨਿਹਾਲ ਸਿੰਘ ਅਤੇ ਸ੍. ਹਰੀ ਸਿੰਘ ਨਲੂਏ ਦੀ ਕਮਾਨ ਹੇਠ ਜ਼ਬਰਦਸਤ ਫ਼ੌਜ ਪਿਸ਼ੌਰ ਨੂੰ ਭੇਜੀ।

ਪਠਾਣਾਂ ਨੇ ਪਿਸ਼ੌਰ ਸ਼ਹਿਰ ਦੀ ਕਿਲ੍ਹਾਬੰਦੀ ਕਰ ਲਈ ਅਤੇ ਖ਼ਾਲਸਾ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ, ਪਰ ਅੰਤ ਨੂੰ ਖ਼ਾਲਸੇ ਨੇ ਫ਼ਤਿਹ ਪ੍ਰਾਪਤ ਕੀਤੀ। ਪਠਾਣ ਹਾਰ ਕੇ ਨੱਠ ਗਏ। ਉਹਨਾਂ ਦਾ ਆਗੂ ਖ਼ਾਨ ਮੁਹੰਮਦ ਖ਼ਾਂ ਸਖ਼ਤ ਫੱਟੜ ਹੋ ਗਿਆ। ਉਹ ਲੜਾਈ ਦੇ ਮੈਦਾਨੋਂ ਭੱਜਾ ਜਾਂਦਾ ਫੜਿਆ ਗਿਆ। ਕੰਵਰ ਨੌ ਨਿਹਾਲ ਸਿੰਘ ਨੇ ਉਸ ਦੀ ਬਹਾਦਰੀ ਦੀ ਸਲਾਹਣਾ ਕੀਤੀ ਅਤੇ ਉਸ ਦੇ ਜ਼ਖ਼ਮਾਂ 'ਤੇ ਮੱਲ੍ਹਮ-ਪੱਟੀ ਕੀਤੀ।

ਨਿੱਤ ਦੇ ਨੇਮ ਮੁਤਾਬਕ ਖ਼ਾਲਸਾ ਫ਼ੌਜ ਨੂੰ ਹੁਕਮ ਸੀ ਕਿ ਸ਼ਹਿਰ ਵਿੱਚ ਕਿਸੇ ਤਰ੍ਹਾਂ ਦੀ ਲੁੱਟਮਾਰ ਜਾਂ ਤਬਾਹੀ ਨਾ ਕੀਤੀ ਜਾਵੇ ਅਤੇ ਕਿਸੇ ਵੀ ਸ਼ਹਿਰੀ ਨੂੰ ਤੰਗ ਨਾ ਕੀਤਾ ਜਾਵੇ। ਕੰਵਲ ਨੌ ਨਿਹਾਲ ਸਿੰਘ ਬੜੀ ਸਜ-ਧਜ ਨਾਲ ਸ਼ਹਿਰ ਵਿੱਚ ਦਾਖ਼ਲ ਹੋਇਆ। ਸ਼ਹਿਰ ਵਾਸੀਆਂ ਨੇ ਕਾਬਲੀ ਪਠਾਣਾਂ ਦੇ ਰਾਜ ਤੋਂ ਖਲਾਸੀ ਪਾਉਣ 'ਤੇ ਬੜੀਆਂ ਖ਼ੁਸ਼ੀਆਂ ਮਨਾਈਆਂ। ਹਿੰਦੂਆਂ-ਮੁਸਲਮਾਨਾਂ ਸਭ ਨੇ ਕੰਵਰ ਨੌ ਨਿਹਾਲ ਸਿੰਘ ਨੂੰ ਵਧਾਈਆਂ ਦਿੱਤੀਆਂ।

ਕੁਝ ਚਿਰ ਮਗਰੋਂ ਮਹਾਰਾਜਾ ਰਣਜੀਤ ਸਿੰਘ ਪਿਸ਼ੌਰ ਗਏ, ਉਹਨਾਂ ਨੂੰ ਇਹ ਵੇਖ ਕੇ ਬੜੀ ਖ਼ੁਸ਼ੀ ਹੋਈ ਕਿ ਕੰਵਰ ਨੌ ਨਿਹਾਲ ਸਿੰਘ ਅਤੇ ਸ੍. ਹਰੀ ਸਿੰਘ ਨਲੂਏ ਨੇ ਸ਼ਹਿਰ ਅਤੇ ਇਲਾਕੇ ਵਿੱਚ ਪੂਰਨ ਅਮਨ-ਅਮਾਨ ਕਾਇਮ ਰੱਖਿਆ ਹੋਇਆ ਹੈ ਅਤੇ ਪਰਜਾ ਹਰ ਤਰ੍ਹਾਂ ਸੁਖੀ ਤੇ ਖ਼ੁਸ਼ ਹੈ। ਉਹਨਾਂ ਨੇ ਕੁਝ ਹੋਰ ਕਿਲ੍ਹੇ ਬਣਾਉਣ ਅਤੇ ਸਰਹੱਦ

ਨੂੰ ਪੱਕਿਆਂ ਕਰਨ ਦਾ ਹੁਕਮ ਦਿੱਤਾ। ਉਹਨਾਂ ਨੇ ਪੰਜਾਬ ਦੇ ਲੋਕਾਂ ਨੂੰ ਪਿਸ਼ੌਰ ਜਾ ਵਸਣ ਲਈ ਪ੍ਰੇਰਿਆ ਤੇ ਉਤਸ਼ਾਹਿਤ ਕੀਤਾ। ਇਸ ਤਰ੍ਹਾਂ ਕਈ ਹੋਰ ਪਿੰਡ ਵਸ ਗਏ।

ਜਦ ਕਾਬਲ ਦੇ ਬਾਦਸ਼ਾਹ ਮੁਹੰਮਦ ਖ਼ਾਂ ਨੂੰ ਇਹ ਪਤਾ ਲੱਗਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਮੇਰੇ ਭਰਾਵਾਂ ਨੂੰ ਪਿਸ਼ੌਰ ਵਿੱਚੋਂ ਕੱਢ ਦਿੱਤਾ ਹੈ ਅਤੇ ਇਲਾਕੇ ਨੂੰ ਮੁਕੰਮਲ ਤੌਰ 'ਤੇ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਹੈ, ਤਾਂ ਉਸ ਦੇ ਤਨ-ਮਨ ਨੂੰ ਅੱਗ ਲੱਗ ਉੱਠੀ। ਉਸ ਨੇ ਬਦਲਾ ਲੈਣ ਲਈ ਪਿਸ਼ੌਰ ਨੂੰ ਜਿੱਤਣ ਦਾ ਫ਼ੈਸਲਾ ਕੀਤਾ। ਬਹੁਤ ਤਕੜਾ ਲਸ਼ਕਰ ਇਕੱਠਾ ਕਰ ਕੇ ਉਸ ਨੇ ਸੰਨ 1835 ਵਿੱਚ ਪਿਸ਼ੌਰ 'ਤੇ ਚੜ੍ਹਾਈ ਕੀਤੀ, ਪਰ ਮਹਾਰਾਜਾ ਸਾਹਿਬ ਨੇ ਅਜਿਹੇ ਪੱਕੇ ਮੋਰਚੇ ਬਣਾਏ ਹੋਏ ਸਨ ਅਤੇ ਪਠਾਣਾਂ ਦੇ ਟਾਕਰੇ ਲਈ ਅਜਿਹੀ ਵਿਉਂਤ ਬਣਾ ਰੱਖੀ ਸੀ ਕਿ ਦੋਸਤ ਮੁਹੰਮਦ ਖ਼ਾਂ ਦੀ ਕੋਈ ਪੇਸ਼ ਨਾ ਗਈ। ਆਪਣੇ ਸਾਹਮਣੇ ਅਜਿਹੀ ਜ਼ਬਰਦਸਤ ਫ਼ੌਜ ਦੇਖ ਕੇ ਕਾਬਲ ਦੇ ਪਠਾਣ ਦਾ ਦਿਲ ਕੰਬ ਗਿਆ। ਉਸ ਨੇ ਇੱਕ ਚਾਲ ਖੇਡਣ ਦਾ ਇਰਾਦਾ ਕੀਤਾ। ਉਸ ਨੇ ਆਪਣਾ ਵਕੀਲ ਮਹਾਰਾਜਾ ਸਾਹਿਬ ਵੱਲ ਭੇਜਿਆ ਅਤੇ ਕਿਹਾ, "ਮੈਂ ਨਿੱਤ ਦੀ ਜੰਗ ਤੋਂ ਅੱਕ ਗਿਆ ਹਾਂ। ਮੈਂ ਚਾਹੁੰਦਾ ਹਾਂ ਕਿ ਪਰਸਪਰ ਵਿਚਾਰ ਰਾਹੀਂ ਦੋਹਾਂ ਰਾਜਾਂ ਦੀਆਂ ਹੱਦਾਂ ਬੰਨ੍ਹੀਆਂ ਜਾਣ, ਤਾਂ ਜੁ ਝਗੜੇ-ਬਖੇੜੇ ਦੀ ਗੁੰਜਾਇਸ਼ ਹੀ ਨਾ ਰਹੇ ਅਤੇ ਦੋਹਾਂ ਹਕੂਮਤਾਂ ਵਿਚਕਾਰ ਅਮਨ ਅਤੇ ਦੋਸਤੀ ਕਾਇਮ ਹੋਈ ਰਹੇ।"

ਮਹਾਰਾਜਾ ਰਣਜੀਤ ਸਿੰਘ ਨੇ ਇਹ ਸਲਾਹ ਝੱਟ ਮੰਨ ਲਈ। ਉਹਨਾਂ ਨੇ ਫ਼ਕੀਰ ਅਜ਼ੀਜ਼ੁਦੀਨ ਅਤੇ ਮਿਸਟਰ ਹਾਰਲਕ ਨਾਂ ਦੇ ਅਮਰੀਕੀ ਨੂੰ ਦੋਸਤ ਮੁਹੰਮਦ ਖ਼ਾਂ ਪਾਸ ਸਲਾਹ-ਵਿਚਾਰ ਵਾਸਤੇ ਭੇਜਿਆ। ਜੰਗ ਦੇ ਸਭ ਨੇਮਾਂ ਤੇ ਰਿਵਾਜ਼ਾਂ ਨੂੰ ਛੱਡ ਕੇ ਦੋਸਤ ਮੁਹੰਮਦ ਖ਼ਾਂ ਨੇ ਇਹਨਾਂ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜਲਾਲਾਬਾਦ ਲੈ ਗਿਆ। ਜਦ ਮਹਾਰਾਜਾ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਜ਼ਬਰਦਸਤ ਫ਼ੌਜੀ ਹਮਲੇ ਦੀ ਤਿਆਰੀ ਕੀਤੀ। ਫ਼ਕੀਰ ਅਜ਼ੀਜ਼ੁਦੀਨ ਬੜਾ ਸਿਆਣਾ ਤੇ ਹੁਸ਼ਿਆਰ ਸੀ। ਉਸ ਨੇ ਦੋਸਤ ਮੁਹੰਮਦ ਖ਼ਾਂ ਨੂੰ ਕਿਹਾ ਕਿ ਤੇਰੀ ਇਹ ਕਾਰਵਾਈ ਤੇਰੀ ਤਬਾਹੀ ਦਾ ਕਾਰਨ ਬਣੇਗੀ, ਮਹਾਰਾਜਾ ਸਾਹਿਬ ਆਪਣੇ ਬੰਦਿਆਂ ਨੂੰ ਛੁਡਾਉਣ ਲਈ ਹਰ ਪ੍ਰਕਾਰ ਦੀ ਕੋਸ਼ਿਸ਼ ਤੇ ਕੁਰਬਾਨੀ ਕਰਨਗੇ ਅਤੇ ਤੈਨੂੰ ਤੇਰੀ ਕੀਤੀ ਦਾ ਮਜ਼ਾ ਚਖਾਉਣਗੇ। ਦੋਸਤ ਮੁਹੰਮਦ ਖ਼ਾਂ ਨੇ ਆਪਣੀ ਗ਼ਲਤੀ ਅਨੁਭਵ ਕਰ ਲਈ ਅਤੇ ਦੋਹਾਂ ਨੂੰ ਛੱਡ ਦਿੱਤਾ। ਨਾਲ ਹੀ ਉਹ ਅਜਿਹਾ ਭੈ-ਭੀਤ ਹੋਇਆ ਕਿ ਉਸ ਨੇ ਪਿਸ਼ੌਰ ਨੂੰ ਜਿੱਤਣਾ ਅਸੰਭਵ ਸਮਝਿਆ। ਉਹ ਵਾਪਸ ਘਰ ਨੂੰ ਮੁੜ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਦਾ ਪ੍ਰਬੰਧ ਹੋਰ ਵੀ ਪੱਕਿਆਂ ਕੀਤਾ ਤੇ ਹੋਰ ਕਿਲ੍ਹੇ ਬਣਵਾਏ।

**ਲਦਾਖ ਦੀ ਜਿੱਤ** : ਇਸ ਸਮੇਂ ਕੰਵਰ ਸ਼ੇਰ ਸਿੰਘ ਕਸ਼ਮੀਰ ਦਾ ਹਾਕਮ ਸੀ। ਇੱਕ ਵੇਰ ਉਹ ਕਸ਼ਮੀਰ ਦੀ ਸਰਹੱਦ ਦਾ ਦੌਰਾ ਕਰਦਾ-ਕਰਦਾ ਕਸ਼ਮੀਰ ਅਤੇ ਲੱਦਾਖ ਦੀ ਹੱਦ ਪਾਸ ਪੁੱਜਾ, ਜੋ ਕਸ਼ਮੀਰ ਤੋਂ ਉੱਤਰ-ਪੂਰਬ ਵੱਲ ਹੈ। ਉਸ ਨੇ ਵੇਖਿਆ ਕਿ

ਲਦਾਖ ਦੀਆਂ ਪਹਾੜੀਆਂ ਉੱਪਰ ਦੀ ਕਈ ਰਾਹ ਕਸ਼ਮੀਰ ਦੀ ਘਾਟੀ ਵਿੱਚ ਆਉਂਦੇ ਹਨ। ਉਸ ਨੇ ਖ਼ਿਆਲ ਕੀਤਾ ਕਿ ਕਸ਼ਮੀਰ ਦੀ ਸੁਰੱਖਿਆ ਵਾਸਤੇ ਜ਼ਰੂਰੀ ਹੈ ਕਿ ਉਨ੍ਹਾਂ ਰਾਹਾਂ ਉੱਪਰ ਕਬਜ਼ਾ ਕੀਤਾ ਜਾਵੇ। ਇਹ ਤਾਂ ਹੀ ਹੋ ਸਕਦਾ ਸੀ, ਜੇ ਲਦਾਖ ਨੂੰ ਜਿੱਤ ਕੇ ਸਿੱਖ ਰਾਜ ਦਾ ਅੰਗ ਬਣਾਇਆ ਜਾਵੇ। ਅਜਿਹਾ ਕਰਨ ਨਾਲ ਇੱਕ ਤਾਂ ਇੱਧਰੋਂ ਹਮਲੇ ਦਾ ਖ਼ਤਰਾ ਹਟ ਜਾਂਦਾ ਸੀ ਅਤੇ ਦੂਜੇ, ਤਿੱਬਤ, ਚੀਨ ਤੇ ਗਿਲਗਿਟ ਨਾਲ ਵਪਾਰ ਦੇ ਰਾਹ ਖੁੱਲ੍ਹ ਜਾਂਦੇ ਸਨ। ਕੰਵਰ ਸ਼ੇਰ ਸਿੰਘ ਨੇ ਲਾਹੌਰ ਆ ਕੇ ਆਪਣੀ ਤਜਵੀਜ਼ ਮਹਾਰਾਜਾ ਸਾਹਿਬ ਨੂੰ ਦੱਸੀ। ਉਹਨਾਂ ਨੇ ਇਸ ਨੂੰ ਹਰ ਪੱਖ ਤੋਂ ਵਿਚਾਰਿਆ ਅਤੇ ਆਪਣੇ ਸਲਾਹਕਾਰਾਂ, ਦਰਬਾਰੀਆਂ ਦੀ ਸਲਾਹ ਵੀ ਲਈ। ਉਹਨਾਂ ਨੇ ਕੰਵਰ ਸਾਹਿਬ ਦੀ ਸਿਆਣਪ ਦੀ ਦਾਦ ਦਿੱਤੀ ਅਤੇ ਇਸ ਤਜਵੀਜ਼ ਨੂੰ ਪਸੰਦ ਕੀਤਾ। ਮਹਾਰਾਜਾ ਸਾਹਿਬ ਨੇ ਇਸ ਦੀ ਪ੍ਰਵਾਨਗੀ ਦੇ ਦਿੱਤੀ। ਕੰਵਰ ਸ਼ੇਰ ਸਿੰਘ ਨੇ ਸ੍. ਜੋਰਾਵਰ ਸਿੰਘ ਦੀ ਕਮਾਨ ਹੇਠ 8,000 ਫ਼ੌਜ ਭੇਜੀ। ਇਹ ਫ਼ੌਜ ਪਹਾੜੀਆਂ ਦੀ ਸਖ਼ਤੀ ਭਰੀ ਚੜ੍ਹਾਈ ਕਰ ਕੇ ਇਸਕਰਦੂ ਪਹੁੰਚ ਗਈ। ਲਦਾਖੀ ਬੜੀ ਬਹਾਦਰੀ ਨਾਲ ਲੜੇ। ਦੋ ਮਹੀਨੇ ਲੜਾਈ ਹੁੰਦੀ ਰਹੀ। ਅੰਤ ਨੂੰ ਲਦਾਖੀ ਹਾਰ ਕੇ ਨੱਸ ਗਏ। ਲਦਾਖ ਦਾ ਇਲਾਕਾ ਸਿੱਖ ਰਾਜ ਦਾ ਅੰਗ ਬਣ ਗਿਆ। ਸ੍. ਜੋਰਾਵਰ ਸਿੰਘ ਨੇ ਇਸ ਦੀ ਸੁਰੱਖਿਆ ਵਾਸਤੇ ਦੋ ਕਿਲ੍ਹੇ ਬਣਵਾਏ।

**ਕੰਵਰ ਨੌ ਨਿਹਾਲ ਸਿੰਘ ਦਾ ਵਿਆਹ** : ਮਾਰਚ, ਸੰਨ 1837 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੋਤਰੇ ਮਹਾਰਾਜਾ ਖੜਕ ਸਿੰਘ ਦੇ ਸਪੁੱਤਰ ਕੰਵਰ ਨੌ ਨਿਹਾਲ ਸਿੰਘ ਦਾ ਵਿਆਹ ਸ੍. ਸ਼ਾਮ ਸਿੰਘ ਜੀ ਅਟਾਰੀ ਦੀ ਸਪੁੱਤਰੀ ਬੀਬੀ ਨਾਨਕੀ ਜੀ ਨਾਲ ਬੜੀ ਧੂਮ-ਧਾਮ ਨਾਲ ਕਰਵਾਇਆ। ਇਤਿਹਾਸਕਾਰਾਂ ਦੀ ਰਾਇ ਹੈ ਕਿ ਦੁਨੀਆ ਵਿੱਚ ਕਿਤੇ ਵੀ ਤੇ ਕਦੇ ਕਿਸੇ ਵਿਆਹ ਉੱਪਰ ਇੰਨਾ ਰੁਪਈਆ ਖ਼ਰਚ ਨਹੀਂ ਹੋਇਆ ਤੇ ਉਸ ਵਿੱਚ ਇੰਨੇ ਲੋਕ ਸ਼ਾਮਲ ਨਹੀਂ ਹੋਏ, ਜਿੰਨੇ ਇਸ ਵਿਆਹ ਵਿੱਚ ਹੋਏ। ਮਹਾਰਾਜਾ ਸਾਹਿਬ ਦੇ ਪ੍ਰਾਹੁਣਿਆਂ ਦੀ ਗਿਣਤੀ ਪੰਜ ਲੱਖ ਦੇ ਕਰੀਬ ਸੀ। ਉਹਨਾਂ ਨੇ ਇੱਕ ਦਿਨ ਵਿੱਚ ਵੀਹ ਲੱਖ ਰੁਪਿਆ ਗ਼ਰੀਬਾਂ ਵਿੱਚ ਵੰਡਿਆ।

ਫ਼ਰੀਦਕੋਟ, ਪਟਿਆਲ਼ਾ, ਨਾਭਾ, ਜੀਂਦ, ਕਲਸੀਆਂ, ਕਪੂਰਥਲਾ, ਨਰਾਇਣਗੜ੍ਹ, ਮਲੇਰਕੋਟਲਾ, ਮੰਡੀ, ਸੁਕੇਤ, ਆਦਿ ਦੇ ਰਾਜੇ ਇਸ ਵਿਆਹ 'ਤੇ ਪੁੱਜੇ। ਅੰਗਰੇਜ਼ ਸਰਕਾਰ ਵੱਲੋਂ ਫ਼ੌਜ ਦਾ ਮਹਾਂਸੈਨਾਪਤੀ ਸਰ ਹੈਨਰੀ ਫੇਨ, ਉਸ ਦੀ ਮੇਮ ਅਤੇ ਹੋਰ ਬਹੁਤ ਸਾਰੇ ਕਰਮਚਾਰੀ ਆਏ। ਮਹਾਰਾਜਾ ਸਾਹਿਬ ਨੇ ਵੀ ਦਿਲ ਖੋਲ੍ਹ ਕੇ ਖ਼ਰਚ ਕੀਤਾ ਅਤੇ ਅੱਗੋਂ ਸ੍. ਸ਼ਾਮ ਸਿੰਘ ਅਟਾਰੀ ਨੇ ਵੀ ਵੀਹ ਪੁਜਾ ਦਿੱਤੀ। ਠੀਕ ਹੀ ਅਜਿਹਾ ਸ਼ਾਨਦਾਰ ਵਿਆਹ ਸ਼ਾਇਦ ਹੀ ਕਦੇ ਹੋਰਥੇ ਕਿਤੇ ਹੋਇਆ ਹੋਵੇ।

**ਜਮਰੌਦ ਦੀ ਜੰਗ, ਸ੍. ਹਰੀ ਸਿੰਘ ਦੀ ਸ਼ਹੀਦੀ** : ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ੌਰ ਉੱਪਰ ਮੁਕੰਮਲ ਕਬਜ਼ਾ ਕਰ ਲਿਆ ਹੋਇਆ ਸੀ। ਕੰਵਰ ਨੌ ਨਿਹਾਲ

ਸਿੰਘ ਉੱਥੋਂ ਦਾ ਹਾਕਮ ਸੀ। ਸ੍. ਹਰੀ ਸਿੰਘ ਨਲੂਆ ਉੱਥੋਂ ਦਾ ਵੱਡਾ ਫ਼ੌਜੀ ਅਫ਼ਸਰ ਅਤੇ ਕੰਵਰ ਸਾਹਿਬ ਦਾ ਖ਼ਾਸ ਸਲਾਹਕਾਰ ਤੇ ਸਹਾਇਕ ਸੀ। ਪਿਸ਼ੌਰ ਦਾ ਸਿੱਖ ਰਾਜ ਦਾ ਅੰਗ ਹੋਣਾ ਅਤੇ ਉਸ ਵਿੱਚ ਸਿੱਖ ਹਾਕਮ ਅਤੇ ਖ਼ਾਸ ਕਰ ਕੇ ਸ੍. ਹਰੀ ਸਿੰਘ ਨਲੂਏ ਜਿਹੇ ਸੂਰਬੀਰ ਸਿੱਖ ਜਰਨੈਲ ਦੀ ਮੌਜੂਦਗੀ ਕਾਬਲ ਦੇ ਬਾਦਸ਼ਾਹ ਦੋਸਤ ਮੁਹੰਮਦ ਖ਼ਾਂ ਅਤੇ ਸਰਹੱਦੀ ਪਠਾਣਾਂ ਨੂੰ ਬੜੀ ਚੁੱਭਦੀ ਸੀ। ਅਸਾਂ ਵੇਖਿਆ ਹੈ ਕਿ ਸੰਮਤ 1892 (ਸੰਨ 1835) ਵਿੱਚ ਉਸ ਨੇ ਪਿਸ਼ੌਰ 'ਤੇ ਹਮਲਾ ਵੀ ਕੀਤਾ, ਪਰ ਮਾਰ ਖਾ ਕੇ ਘਰ ਨੂੰ ਮੁੜ ਗਿਆ। ਸ੍. ਹਰੀ ਸਿੰਘ ਨੇ ਸਰਹੱਦੀ ਇਲਾਕੇ ਦਾ ਪ੍ਰਬੰਧ ਠੀਕ-ਠਾਕ ਕਰ ਕੇ ਇਸ ਇਲਾਕੇ ਦੀ ਸੁਰੱਖਿਆ ਤੇ ਪਕਿਆਈ ਵੱਲ ਧਿਆਨ ਦਿੱਤਾ। ਉਸ ਨੇ ਕਾਬਲ ਵੱਲੋਂ ਹਿੰਦੁਸਤਾਨ ਵਿੱਚ ਆਉਣ ਤੇ ਵੱਡੇ ਰਾਹ ਦੱਰਾ ਖ਼ੈਬਰ ਨੂੰ ਰੋਕਣ ਦਾ ਪ੍ਰਬੰਧ ਕਰਨ ਦਾ ਫ਼ੈਸਲਾ ਕੀਤਾ। ਇਸ ਨਾਕਾਬੰਦੀ ਦੀ ਗ਼ਰਜ਼ ਨੂੰ ਮੁੱਖ ਰੱਖ ਕੇ ਉਸ ਨੇ ਦੱਰਾ ਖ਼ੈਬਰ ਦੇ ਐਨ ਮੂੰਹ ਪਾਸਲੇ ਕਿਲ੍ਹੇ ਜਮਰੌਦ ਉੱਪਰ ਕਬਜ਼ਾ ਕਰ ਲਿਆ ਅਤੇ ਉਸ ਨੂੰ ਨਵੇਂ ਸਿਰਿਓਂ ਤਿਆਰ ਕਰ ਕੇ ਪੱਕਿਆਂ ਕੀਤਾ। ਸਰਦਾਰ ਮਹਾਂ ਸਿੰਘ ਨੂੰ ਇੱਥੋਂ ਦਾ ਫ਼ੌਜਦਾਰ ਨਿਯਤ ਕੀਤਾ ਗਿਆ। ਹੋਰ ਵੀ ਬਹੁਤ ਸਾਰੇ ਕਿਲ੍ਹੇ ਬਣਾਏ ਗਏ। ਪਿਸ਼ੌਰ ਤੇ ਜਮਰੌਦ ਦੇ ਰਾਹ ਉੱਤੇ ਇੱਕ ਕਿਲ੍ਹਾ ਬਣਵਾਇਆ ਜਿਸ ਦਾ ਨਾਂ ਬੁਰਜ ਹਰੀ ਸਿੰਘ ਰੱਖਿਆ ਗਿਆ। ਇੱਕ ਕਿਲ੍ਹਾ ਬਾੜਾ ਨਦੀ ਦੇ ਕੰਢੇ ਉੱਤੇ ਤਿਆਰ ਕੀਤਾ ਗਿਆ। ਦਰਿਆ ਕਾਬਲ ਦੇ ਕੰਢੇ ਪਾਸ ਮਿਦਨੀ ਦਾ ਕਿਲ੍ਹਾ ਉਸਾਰਿਆ ਗਿਆ। ਹਸਤ ਨਗਰ, ਬਿਜੌਰ ਤੇ ਗੰਧਾਵ ਦੇ ਰਾਹ ਰੋਕਣ ਲਈ ਕਿਲ੍ਹਾ ਸੰਕਰਗੜ੍ਹ ਦੀ ਉਸਾਰੀ ਕੀਤੀ ਗਈ। ਇਸ ਕਿਲ੍ਹਾਬੰਦੀ ਦਾ ਸਦਕਾ ਇੱਕ ਪਠਾਣੀ ਇਲਾਕੇ ਵਿੱਚ ਪੂਰਨ ਅਮਨ ਹੋ ਗਿਆ ਅਤੇ ਪਠਾਣਾਂ ਉੱਪਰ ਸਿੱਖਾਂ ਦਾ ਤੇ ਖ਼ਾਸ ਕਰ ਕੇ ਸ੍. ਹਰੀ ਸਿੰਘ ਜੀ ਦਾ ਦਬਦਬਾ ਕਾਇਮ ਹੋ ਗਿਆ। ਸਰਹੱਦੀ ਇਲਾਕੇ ਵਿੱਚ ਸਿੱਖ ਫ਼ੌਜ ਵੀ ਚੋਖੀ ਸੀ। ਇਲਾਕੇ ਪਿਸ਼ੌਰ ਵਿੱਚ ਅੱਠ ਪਲਟਣਾਂ ਅਤੇ ਪੰਦਰਾਂ ਤੋਪਾਂ ਸਨ।

ਇਹ ਸਾਰੀ ਤਿਆਰੀ ਦੇਖ ਕੇ ਦੋਸਤ ਮੁਹੰਮਦ ਖ਼ਾਂ ਨੂੰ ਬੜਾ ਦੁੱਖ ਹੋਇਆ। ਦੱਰਾ ਖ਼ੈਬਰ ਦਾ ਰੁਕ ਜਾਣਾ ਉਸ ਲਈ ਬਹੁਤ ਦੁਖਦਾਈ ਸੀ। ਉਸ ਨੂੰ ਆਪਣੇ ਘਰ ਦਾ ਫ਼ਿਕਰ ਪੈ ਗਿਆ। ਉਸ ਨੂੰ ਡਰ ਪੈ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਮੇਰੀ ਸਰਹੱਦ ਦੇ ਨੇੜੇ ਆ ਡਟੀਆਂ ਹਨ, ਜਿਸ ਕਰ ਕੇ ਜਲਾਲਾਬਾਦ ਅਤੇ ਕਾਬਲ ਉਹਨਾਂ ਦੀ ਮਾਰ ਹੇਠ ਆ ਗਏ ਹਨ। ਇਹ ਸਭ ਸੋਚ ਕੇ ਉਹ ਘਾਬਰ ਗਿਆ। ਉਸ ਨੇ ਜੰਗ ਲਈ ਤਿਆਰੀ ਅਰੰਭ ਦਿੱਤੀ। ਅਪਰੈਲ, ਸੰਨ 1837 ਵਿੱਚ ਦੋਸਤ ਮੁਹੰਮਦ ਖ਼ਾਂ ਨੇ ਸਿੱਖ ਰਾਜ ਵਿਰੁੱਧ ਜਹਾਦ ਦਾ ਐਲਾਨ ਕੀਤਾ ਅਤੇ ਪਠਾਣਾਂ ਨੂੰ ਇਸ ਵਿੱਚ ਸ਼ਾਮਲ ਹੋਣ ਤੇ ਸਹਾਇਤਾ ਕਰਨ ਲਈ ਵੰਗਾਰਿਆ। ਉਸ ਨੂੰ ਆਪਣੇ ਘਰ ਦਾ ਫ਼ਿਕਰ ਪੈ ਗਿਆ। ਉਸ ਨੇ ਆਪਣੇ ਪੁੱਤ ਮੁਹੰਮਦ ਅਕਬਰ ਖ਼ਾਂ ਦੀ ਕਮਾਨ ਹੇਠ ਬਹੁਤ ਤਕੜੀ ਫ਼ੌਜ ਪਿਸ਼ੌਰ ਉੱਤੇ ਹਮਲਾ ਕਰਨ ਲਈ ਭੇਜੀ। ਹਜ਼ਾਰਾਂ ਹੀ ਪਠਾਣ ਇਸ ਫ਼ੌਜ ਨਾਲ ਆਣ ਰਲੇ। ਦੱਰਾ ਖ਼ੈਬਰ ਲੰਘ ਕੇ ਉਹ ਜਮਰੌਦ ਤੀਕ ਪਹੁੰਚ ਗਏ। ਉਸ ਕਿਲ੍ਹੇ

ਵਿੱਚ ਉਸ ਵੇਲੇ ਸ੍. ਮਹਾਂ ਸਿੰਘ ਦੀ ਕਮਾਨ ਹੇਠ ਮਸਾਂ ਅੱਠ ਕੁ ਸੌ ਸਿੰਘ ਸਨ। ਸ੍. ਹਰੀ ਸਿੰਘ ਜੀ ਪਿਸ਼ੌਰ ਵਿੱਚ ਤਾਪ ਨਾਲ ਬਿਮਾਰ ਪਏ ਸਨ। ਸ੍. ਹਰੀ ਸਿੰਘ ਜੀ ਦੇ ਉੱਥੇ ਨਾ ਹੋਣ ਦੀ ਖ਼ਬਰ ਸੁਣ ਕੇ ਪਠਾਣ ਹੋਰ ਵੀ ਭੂਹੇ ਹੋ ਗਏ। ਉਨ੍ਹਾਂ ਨੇ 28 ਅਪ੍ਰੈਲ 1837 ਈ. ਨੂੰ ਜਮਰੌਦ ਦੇ ਕਿਲ੍ਹੇ ਦੀਆਂ ਕੰਧਾਂ ਉੱਪਰ ਗੋਲ਼ੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਸ੍. ਮਹਾਂ ਸਿੰਘ ਨੇ ਵੀ ਅੱਗੋਂ ਤੋਪਾਂ ਚਲਾਈਆਂ ਅਤੇ ਫੈਰੀ ਦਲ ਨੂੰ ਡੱਕੀ ਰੱਖਿਆ। ਸਾਰਾ ਦਿਨ ਲੜਾਈ ਹੁੰਦੀ ਰਹੀ। ਪਠਾਣਾਂ ਨੇ ਅਗਲੇ ਦਿਨ ਵੀ ਗੋਲ਼ਿਆਂ ਦੀ ਵਰਖਾ ਜਾਰੀ ਰੱਖੀ। ਉਹ ਕਿਲ੍ਹੇ ਦੀ ਇੱਕ ਕੰਧ ਡੇਗਣ ਵਿੱਚ ਸਫ਼ਲ ਹੋ ਗਏ, ਪਰ ਉਹਨਾਂ ਨੂੰ ਕਿਲ੍ਹੇ ਦੇ ਅੰਦਰ ਜਾਣ ਦਾ ਹੀਆ ਨਾ ਪਿਆ। ਅੱਗੋਂ ਸਿੰਘ ਜੁ ਜਾਨਾਂ ਹੀਲ ਕੇ ਸ਼ੇਰਾਂ ਵਾਂਗਰ ਟੁੱਟ-ਟੁੱਟ ਕੇ ਪੈ ਰਹੇ ਸਨ। ਰਾਤ ਨੂੰ ਰੇਤ ਦੀਆਂ ਬੋਰੀਆਂ ਨਾਲ ਇਹ ਪਾੜ ਪੂਰ ਦਿੱਤਾ ਗਿਆ। ਨਾਲ ਹੀ ਸ੍. ਹਰੀ ਸਿੰਘ ਜੀ ਵੱਲ ਚਿੱਠੀ ਵੀ ਭੇਜੀ ਗਈ।

ਚਿੱਠੀ ਮਿਲਦਿਆਂ ਹੀ ਬਿਮਾਰੀ ਦੀ ਹਾਲਤ ਵਿੱਚ ਸ੍. ਹਰੀ ਸਿੰਘ ਜੀ ਦਸ ਹਜ਼ਾਰ ਫ਼ੌਜ ਲੈ ਕੇ ਵਾਹੋ-ਦਾਹੀ ਜਮਰੌਦ ਵੱਲ ਚੱਲ ਪਏ ਅਤੇ ਬਹੁਤ ਛੇਤੀ ਉੱਥੇ ਪੁੱਜ ਗਏ। ਕਿਲ੍ਹੇ ਵਿੱਚ ਘਿਰੇ ਸਿੰਘਾਂ ਨੂੰ ਬੜੀ ਖ਼ੁਸ਼ੀ ਹੋਈ। ਸ੍. ਹਰੀ ਸਿੰਘ ਜੀ ਸੂਰਬੀਰ ਪਠਾਣਾਂ ਉੱਪਰ ਇਉਂ ਜਾ ਪਏ, ਜੀਕੁਰ ਭੁੱਖੇ ਸ਼ੇਰ ਸ਼ਿਕਾਰ ਉੱਪਰ ਪੈਂਦੇ ਹਨ। ਸਿੱਖਾਂ ਤੇ ਪਠਾਣਾਂ ਦੀ ਭਿਆਨਕ ਲੜਾਈ ਹੋਈ। ਸਿੰਘਾਂ ਨੇ ਪਠਾਣਾਂ ਦੇ ਆਹੂ ਲਾਹੇ ਅਤੇ ਲੋਥਾਂ ਦੇ ਢੇਰ ਲਾ ਦਿੱਤੇ। ਅੰਤ ਨੂੰ ਪਠਾਣੀ ਲਸ਼ਕਰ ਨੂੰ ਭਾਂਜ ਪੈ ਗਈ। ਉਹ 14 ਤੋਪਾਂ ਤੇ ਹੋਰ ਬਹੁਤ ਸਾਰਾ ਜੰਗੀ ਸਮਾਨ ਛੱਡ ਕੇ ਨੱਸ ਗਏ। ਸਿੰਘਾਂ ਨੇ ਕਾਫ਼ੀ ਦੂਰ ਤਕ ਉਹਨਾਂ ਦਾ ਪਿੱਛਾ ਕੀਤਾ। ਸ੍. ਨਿਧਾਨ ਸਿੰਘ ਪੰਜ ਹੱਥਾ ਉਨ੍ਹਾਂ ਦੇ ਮਗਰ ਬਹੁਤਾ ਹੀ ਦੂਰ ਚਲਿਆ ਗਿਆ। ਅੱਗੋਂ ਕਾਬਲੋਂ ਆਏ ਇੱਕ ਨਵੇਂ ਫ਼ੌਜੀ ਦਸਤੇ ਨੇ ਉਸ ਦਾ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ। ਉਹ ਤੇ ਉਸ ਦੇ ਸਾਥੀ ਘੇਰੇ ਵਿੱਚ ਆ ਗਏ। ਸ੍. ਹਰੀ ਸਿੰਘ ਜੀ ਉਸ ਦੀ ਸਹਾਇਤਾ ਲਈ ਨੱਠੇ। ਖ਼ੈਬਰ ਦੇ ਪਾਸ ਕੁਝ ਪਠਾਣ ਲੁਕੇ ਬੈਠੇ ਸਨ। ਉਹਨਾਂ ਨੇ ਸ੍. ਹਰੀ ਸਿੰਘ ਉੱਪਰ ਬੰਦੂਕਾਂ ਦੀਆਂ ਗੋਲ਼ੀਆਂ ਚਲਾਈਆਂ। ਉਹਨਾਂ ਨੂੰ ਦੋ ਗੋਲ਼ੀਆਂ ਲੱਗੀਆਂ : ਇੱਕ ਵੱਖੀ ਵਿੱਚ ਅਤੇ ਇੱਕ ਢਿੱਡ ਵਿੱਚ। ਸਖ਼ਤ ਫੱਟੜ ਹੋ ਚੁੱਕੇ ਖ਼ਾਲਸਾ ਜਰਨੈਲ ਨੇ ਉਹਨਾਂ ਲੁਕੇ ਹੋਏ ਪਠਾਣਾਂ ਨੂੰ ਜਾ ਘੇਰਿਆ ਤੇ ਸਭ ਦਾ ਸਫ਼ਾਇਆ ਕੀਤਾ।

ਸ੍. ਹਰੀ ਸਿੰਘ ਦੇ ਜ਼ਖ਼ਮਾਂ ਵਿੱਚੋਂ ਲਹੂ ਪਰਲ-ਪਰਲ ਵਗ ਰਿਹਾ ਸੀ। ਉਹ ਕਮਜ਼ੋਰ ਹੀ ਕਮਜ਼ੋਰ ਹੁੰਦੇ ਜਾ ਰਹੇ ਸਨ। ਉਨ੍ਹਾਂ ਨੂੰ ਕਿਲ੍ਹੇ ਅੰਦਰ ਲਿਜਾਇਆ ਗਿਆ ਤੇ ਉਹਨਾਂ ਦੇ ਜ਼ਖ਼ਮ ਬੰਨ੍ਹੇ ਗਏ, ਪਰ ਉਨ੍ਹਾਂ ਦੀ ਜਾਨ ਬਚਾਈ ਨਾ ਜਾ ਸਕੀ। ਉਹਨਾਂ ਦੀ ਆਤਮਾ ਗੁਰ-ਚਰਨਾਂ ਵਿੱਚ ਜਾ ਬਿਰਾਜੀ। ਸਿੱਖ ਰਾਜ ਦਾ ਵੱਡਾ ਥੰਮ੍ਹ ਡਿੱਗ ਪਿਆ। ਉਹਨਾਂ ਦੇ ਚਲਾਣੇ ਦੀ ਖ਼ਬਰ ਨੂੰ ਓਨਾ ਚਿਰ ਗੁਪਤ ਰੱਖਿਆ ਗਿਆ, ਜਦ ਤੀਕ ਪਠਾਣ ਪੂਰੀ ਤਰ੍ਹਾਂ ਦੱਗਲ ਹੋ ਕੇ ਘਰਾਂ ਵੱਲ ਨੂੰ ਹਰਨ ਨਾ ਹੋ ਚੁੱਕੇ ਅਤੇ ਮੈਦਾਨੋਂ ਦੂਰ-ਦੁਰਾਡੇ ਨਾ ਚਲੇ ਗਏ।

ਜਦ ਮਹਾਰਾਜਾ ਸਾਹਿਬ ਨੂੰ ਆਪਣੇ ਪਿਆਰੇ ਅਦੁੱਤੀ ਬਹਾਦਰ ਜਰਨੈਲ ਦੀ ਸ਼ਹੀਦੀ ਦੀ ਖ਼ਬਰ ਮਿਲੀ ਤਾਂ ਉਹਨਾਂ ਨੂੰ ਅਤਿ ਦੁੱਖ ਹੋਇਆ। ਉਹਨਾਂ ਦੇ ਅੱਥਰੂ ਨਿਕਲ ਗਏ, ਪਰ ਉਹ ਛੇਤੀ ਸੰਭਲੇ ਅਤੇ ਤਕੜੀ ਫ਼ੌਜ ਲੈ ਕੇ ਪਿਸ਼ੌਰ ਵੱਲ ਚੱਲ ਪਏ। ਉੱਥੇ ਪੁੱਜ ਕੇ ਉਨ੍ਹਾਂ ਨੇ ਸ਼ਹੀਦ ਜਰਨੈਲ ਨੂੰ ਸ਼ਰਧਾਂਜਲੀ ਪੇਸ਼ ਕੀਤੀ ਅਤੇ ਉਸ ਦੇ ਛੱਡੇ ਕੰਮ ਨੂੰ ਪੂਰਨ ਕੀਤਾ। ਕੁਝ ਚਿਰ ਉੱਥੇ ਰਹਿ ਕੇ ਇਲਾਕੇ ਵਿੱਚ ਪੂਰਨ ਤੌਰ 'ਤੇ ਅਮਨ ਵਰਤਾ ਕੇ ਮਹਾਰਾਜਾ ਸਾਹਿਬ ਵਾਪਸ ਆ ਗਏ।

ਰਵਾਇਤ ਇਹ ਵੀ ਕਹਿੰਦੀ ਹੈ ਕਿ ਹਰੀ ਸਿੰਘ ਦੇ ਚਲਾਣੇ ਦੀ ਖ਼ਬਰ ਲਾਹੌਰ ਪੁੱਜੀ, ਤਦ ਰਾਜਾ ਧਿਆਨ ਸਿੰਘ ਨੇ ਇਹ ਖ਼ਬਰ ਮਹਾਰਾਜੇ ਤੋਂ ਛੁਪਾਈ ਰੱਖੀ। ਜਦ ਮਹਾਰਾਜਾ ਸਾਹਿਬ ਨੇ ਇਹ ਗੱਲ ਸੁਣੀ, ਤਦ ਹੱਥ ਦਾ ਲੋਟਾ ਧਿਆਨ ਸਿੰਘ ਨੂੰ ਮਾਰਿਆ ਤੇ ਕਿਹਾ, ਹੁਣ ਤੇਰੀ ਛਾਤੀ ਠੰਢੀ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਨੂੰ ਇਹ ਖ਼ਬਰ ਸੁਣ ਕੇ ਬਹੁਤ ਸ਼ੋਕ ਹੋਇਆ। ਵਫ਼ਾਦਾਰ ਸਰਦਾਰ ਦੇ ਚਲਾਣੇ ਨੇ ਉਸ ਨੂੰ ਸੋਚਾਂ 'ਚ ਪਾ ਦਿੱਤਾ ਤੇ ਉਸ ਨੂੰ ਫ਼ਿਕਰ ਲੱਗ ਗਿਆ ਕਿ ਪਿਸ਼ਾਵਰ ਇਲਾਕੇ ਦੇ ਪਠਾਣ ਸਰਦਾਰ ਹਰੀ ਸਿੰਘ ਦੇ ਨਾਮ ਤੋਂ ਕੰਬਦੇ ਸਨ। ਜਦ ਬਾਲ-ਬੱਚੇ ਨੂੰ ਡਰਾਣਾ ਤੇ ਸੁਆਣਾ ਹੁੰਦਾ ਸੀ, ਤਦ ਇਹ ਕਹਿ ਕੇ ਕਿ 'ਹਰੀਆ ਆ ਗਿਆ', ਚੁੱਪ ਕਰਾ ਦਿੰਦੇ ਸੀ। ਹੁਣ ਉਹ ਪਠਾਣ ਹਮਲਾ ਕਰ ਕੇ ਪਿਸ਼ਾਵਰ ਨਾ ਲੈ ਲੈਣ।

ਮਹਾਂ ਸਿੰਘ ਵੱਲੋਂ ਸ੍. ਹਰੀ ਸਿੰਘ ਜੀ ਦਾ ਪੇਟ ਚਾਕ ਕਰ ਕੇ ਤੇ ਤੋਲ ਲਾ ਕੇ ਇੱਕ ਖ਼ਾਸ ਖੇਮੇ ਵਿੱਚ ਰੱਖ ਦਿੱਤਾ ਗਿਆ। ਲਾਂਗਰੀ ਹਰ ਰੋਜ਼ ਪਰਸ਼ਾਦਾ ਤਯਾਰ ਕਰ ਕੇ ਲੈ ਜਾਂਦਾ ਤੇ ਜਾ ਕੇ ਕਹਿ ਦਿੰਦਾ ਕਿ ਹੁਣ ਅੱਗੋਂ ਨਾਲੋਂ ਕੁਝ ਅਰਾਮ ਹੈ। ਇਸ ਤਰ੍ਹਾਂ ਓਸ ਵੇਲੇ ਤਕ ਅਸਲ ਹਾਲ ਤੋਂ ਕਿਸੇ ਨੂੰ ਜਾਣੂ ਨਾ ਹੋਣ ਦਿੱਤਾ। ਜਦੋਂ ਤਕ ਲਾਹੌਰ ਤੋਂ ਸਹਾਇਕ ਫ਼ੌਜ ਨਾ ਅੱਪੜ ਗਈ, ਸਾਰੀ ਫ਼ੌਜ ਨੂੰ ਦਲੇਰੀ ਦਿੱਤੀ ਰੱਖੀ। ਜਦੋਂ ਮਹਾਰਾਜਾ ਸਾਹਿਬ ਪਿਸ਼ਾਵਰ ਪੁੱਜੇ, ਉਦੋਂ ਮਹਾਂ ਸਿੰਘ ਨੇ ਸਰਦਾਰ ਹਰੀ ਸਿੰਘ ਦੇ ਚਲਾਣੇ ਦੀ ਖ਼ਬਰ ਦਿੱਤੀ। ਖੇਮੇ ਵਿੱਚੋਂ ਬੜੀ ਧੂਮ-ਧਾਮ ਨਾਲ ਉਹਨਾਂ ਦੀ ਅਰਥੀ ਨਿਕਲੀ। ਸਾਰੇ ਸਰਦਾਰ ਸਿਪਾਹੀ ਨਾਲ ਸਨ। ਸਾਰਾ ਕਿਰਿਆ ਕਰਮ ਕਰ ਕੇ ਜਮਰੌਦ ਦੇ ਕਿਲ੍ਹੇ ਵਿੱਚ ਸਰਦਾਰ ਹਰੀ ਸਿੰਘ ਦੀ ਸਮਾਧ ਬਣਾਈ ਗਈ, ਜੋ ਹੁਣ ਤਕ ਮੌਜੂਦ ਹੈ।

**ਲਾਰਡ ਆਕਲੈਂਡ ਨਾਲ ਮੁਲਾਕਾਤ :** ਜਦੋਂ ਅੰਗਰੇਜ਼ ਸਰਕਾਰ ਦਾ ਵੱਡਾ ਹਾਕਮ ਜਾਂ ਗਵਰਨਰ ਜਨਰਲ ਲਾਰਡ ਆਕਲੈਂਡ ਸੰਨ 1838 ਈ. ਵਿੱਚ ਸ਼ਿਮਲੇ ਆਇਆ ਤਾਂ ਮਹਾਰਾਜਾ ਸਾਹਿਬ ਨੇ ਦੋਸਤੀ ਭਾਵ ਪਰਗਟ ਕਰਨ ਲਈ ਛੇ ਮੁਖੀ ਸਰਦਾਰਾਂ ਨੂੰ ਭੇਜਿਆ। ਲਾਰਡ ਆਕਲੈਂਡ ਨੇ ਉਹਨਾਂ ਦਾ ਬੜਾ ਆਦਰ ਕੀਤਾ। ਮਗਰੋਂ ਲਾਰਡ ਆਕਲੈਂਡ ਨੇ ਵੀ ਪੰਜ ਅੰਗਰੇਜ਼ ਅਫ਼ਸਰਾਂ ਨੂੰ ਮਹਾਰਾਜੇ ਦੇ ਦਰਬਾਰ ਵਿੱਚ ਭੇਜਿਆ। ਇਹਨਾਂ ਦਾ ਵੀ ਰੱਜ ਕੇ ਆਦਰ ਕੀਤਾ ਗਿਆ। ਇਸ ਤੋਂ ਬਾਅਦ ਲਾਰਡ ਆਕਲੈਂਡ ਅਤੇ ਮਹਾਰਾਜਾ ਸਾਹਿਬ ਦੀ ਮੁਲਾਕਾਤ ਪਹਿਲਾਂ ਫ਼ਿਰੋਜ਼ਪੁਰ ਅਤੇ ਫਿਰ ਅੰਮ੍ਰਿਤਸਰ ਹੋਈ।

**ਅਫ਼ਗਾਨਿਸਤਾਨ ਦੀ ਜੰਗ** : ਰੂਸ ਨੂੰ ਅਫ਼ਗਾਨਿਸਤਾਨ ਦੀ ਰਾਹੀਂ ਲੰਘ ਕੇ ਹਿੰਦੁਸਤਾਨ 'ਤੇ ਹਮਲਾ ਕਰਨੋਂ ਰੋਕਣ ਲਈ ਅੰਗਰੇਜ਼ ਅਫ਼ਗਾਨਿਸਤਾਨ ਨੂੰ ਆਪਣੇ ਹੱਥ ਹੇਠ ਰੱਖਣਾ ਚਾਹੁੰਦੇ ਸਨ। ਉਹਨਾਂ ਨੇ ਉੱਥੋਂ ਦੇ ਬਾਦਸ਼ਾਹ ਦੋਸਤ ਮੁਹੰਮਦ ਖ਼ਾਂ ਨਾਲ ਗੰਢਣੀ ਚਾਹੀ, ਪਰ ਉਸ ਨੇ ਅੱਗੋਂ ਮੰਗ ਕੀਤੀ ਕਿ ਮੈਨੂੰ ਪਿਸ਼ੌਰ ਦਿਵਾਓ। ਪਿਸ਼ੌਰ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਮੱਲ ਲਿਆ ਸੀ। ਅੰਗਰੇਜ਼ ਮਹਾਰਾਜਾ ਨਾਲ ਵਿਗਾੜਨੀ ਨਹੀਂ ਸੀ ਚਾਹੁੰਦੇ। ਇਸ ਕਰ ਕੇ ਦੋਸਤ ਮੁਹੰਮਦ ਖ਼ਾਂ ਦੀ ਗੱਲ ਨਾ ਮੰਨੀ ਗਈ ਅਤੇ ਉਸ ਨਾਲ ਅਹਿਦਨਾਮਾ ਜਾਂ ਸਮਝੌਤਾ ਨਾ ਹੋ ਸਕਿਆ।

ਇਸ 'ਤੇ ਅੰਗਰੇਜ਼ਾਂ ਨੇ ਫ਼ੈਸਲਾ ਕੀਤਾ ਕਿ ਦੋਸਤ ਮੁਹੰਮਦ ਖ਼ਾਂ ਨੂੰ ਤਖ਼ਤ ਤੋਂ ਲਾਹ ਕੇ ਉਸ ਦੇ ਥਾਂ ਸ਼ਾਹ ਸੁਜਾਹ ਨੂੰ ਕਾਬਲ ਦਾ ਬਾਦਸ਼ਾਹ ਬਣਾਇਆ ਜਾਵੇ। ਇਸ ਕੰਮ ਲਈ ਮਹਾਰਾਜਾ ਸਾਹਿਬ ਦੀ ਸਹਾਇਤਾ ਦੀ ਲੋੜ ਸੀ। ਜਦ ਉਨ੍ਹਾਂ ਨੇ ਸਹਾਇਤਾ ਦੀ ਮੰਗ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਇਸ ਸ਼ਰਤ ਉੱਤੇ ਮਦਦ ਦੇਣੀ ਮੰਨੀ ਕਿ ਸ਼ਾਹ ਸੁਜਾਹ ਸਿੱਖ ਰਾਜ ਵਿੱਚ ਸ਼ਾਮਲ ਕੀਤੇ ਜਾ ਚੁੱਕੇ ਪਿਸ਼ੌਰ ਦੇ ਆਸ-ਪਾਸ ਦੇ ਇਲਾਕੇ ਦੀ ਮੰਗ ਨਹੀਂ ਕਰੇਗਾ।

ਮਹਾਰਾਜਾ ਸਾਹਿਬ ਨੇ ਕੰਵਰ ਨੌ ਨਿਹਾਲ ਸਿੰਘ ਦੀ ਕਮਾਨ ਹੇਠ ਤਕੜੀ ਫ਼ੌਜ ਅਫ਼ਗਾਨਿਸਤਾਨ ਭੇਜੀ। ਦੋਸਤ ਮੁਹੰਮਦ ਖ਼ਾਂ ਸਿੱਖਾਂ ਤੇ ਅੰਗਰੇਜ਼ਾਂ ਦੀ ਮਿਲਵੀਂ ਤਾਕਤ ਦਾ ਟਾਕਰਾ ਨਾ ਕਰ ਸਕਿਆ। ਸ਼ਾਹ ਸੁਜਾਹ ਨੂੰ ਕਾਬਲ ਦੇ ਤਖ਼ਤ ਉੱਤੇ ਬਿਠਾਇਆ ਗਿਆ।

**ਪੰਜਾਬ ਦੇ ਸ਼ੇਰ ਦਾ ਅੰਤ** : ਮਈ, ਸੰਨ 1839 ਈ. ਵਿੱਚ ਮਹਾਰਾਜਾ ਸਾਹਿਬ ਨੂੰ ਅਧਰੰਗ ਦਾ ਸਖ਼ਤ ਦੌਰਾ ਪਿਆ ਲਾਹੌਰ, ਅੰਮ੍ਰਿਤਸਰ ਤੇ ਹੋਰ ਥਾਵਾਂ ਦੇ ਪ੍ਰਸਿੱਧ ਹਕੀਮਾਂ ਨੇ ਆਪਣੀ ਵਾਹ ਲਾਈ। ਅੰਗਰੇਜ਼ ਸਰਕਾਰ ਨੇ ਵੀ ਇੱਕ ਲਾਇਕ ਡਾਕਟਰ ਭੇਜਿਆ, ਪਰ ਕੁਝ ਨਾ ਅਰਾਮ ਆਇਆ। ਰੋਗ ਵਧਦਾ ਤੇ ਸਰੀਰ ਘਟਦਾ ਹੀ ਗਿਆ। ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਆਪ ਨੇ ਆਪਣੇ ਸਭ ਸੰਬੰਧੀਆਂ, ਸਰਦਾਰਾਂ, ਵਜ਼ੀਰਾਂ, ਜਰਨੈਲਾਂ ਤੇ ਜੋਧਿਆਂ ਨੂੰ ਸੱਦ ਦੇ ਹਜ਼ੂਰੀ ਬਾਗ਼ ਵਿੱਚ ਅੰਤਿਮ ਦਰਬਾਰ ਕੀਤਾ। ਆਪ ਬਿਮਾਰੀ ਦੀ ਹਾਲਤ ਵਿੱਚ ਪਾਲਕੀ ਵਿੱਚ ਬਹਿ ਕੇ ਦਰਬਾਰ ਵਿੱਚ ਆਏ। ਜਿਸ ਪੰਜਾਬ ਦੇ ਸ਼ੇਰ ਦਾ ਨਾਂ ਸੁਣ ਕੇ ਕਾਬਲ-ਕੰਧਾਰ ਦੀਆਂ ਕੰਧਾਂ ਕੰਬਦੀਆਂ ਸਨ, ਜਿਸ ਦੀ ਖ਼ਬਰ ਸੁਣ ਕੇ ਵੈਰੀਆਂ ਦੇ ਲਹੂ ਸੁੱਕਦੇ ਤੇ ਦਿਲ ਕੰਬਦੇ ਸਨ, ਜਿਸ ਦੀ ਬੇਅਟਕ ਰਵਾਨਗੀ ਅੱਗੇ 'ਅਟਕ' ਵੀ ਝੱਟ ਅਟਕ ਜਾਂਦਾ ਸੀ, ਉਹ ਅੱਜ ਨਿਢਾਲ ਹੋਇਆ ਪਾਲਕੀ ਵਿੱਚ ਪਿਆ ਸੀ। ਉਸ ਦੀ ਹਾਲਤ ਵੇਖ ਕੇ ਸਭ ਦਰਬਾਰੀਆਂ ਦੀਆਂ ਅੱਖਾਂ ਤਰ ਹੋ ਗਈਆਂ ਅਤੇ ਭੁੱਬਾਂ ਨਿਕਲ ਗਈਆਂ।

ਮਹਾਰਾਜਾ ਸਾਹਿਬ ਨੇ ਸਭ ਨੂੰ ਸੰਬੋਧਨ ਕਰ ਕਿਹਾ, "ਖ਼ਾਲਸਾ ਜੀ! ਜਾਪਦਾ ਹੈ ਕਿ ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ। ਹੁਣ ਕੁਝ ਦਿਨਾਂ ਦਾ ਹੀ ਮੇਲਾ ਹੈ, ਪਰ ਕਰਤਾਰ ਦਾ ਭਾਣਾ ਇਵੇਂ ਹੈ। ਇਸ ਅੱਗੇ ਸਿਰ ਝੁਕਾਉਣਾ ਹੀ ਬਣਦਾ ਹੈ। ਮੇਰੀ

ਅੰਤਿਮ ਖ਼ਾਹਸ਼ ਅਤੇ ਅੰਤਿਮ ਸੁਨੇਹਾ ਇਹ ਹੈ ਕਿ ਜਿਸ ਤਾਕਤ ਤੇ ਸਲਤਨਤ ਨੂੰ ਆਪਾਂ ਨੇ ਅਕਾਲੀ ਜੀ, ਨਲੂਆ ਜੀ ਅਤੇ ਅਨੇਕਾ ਹੋਰ ਸੂਰਬੀਰਾਂ ਦਾ ਲਹੂ ਡੋਲ੍ਹ ਕੇ ਅਤੇ ਤੁਹਾਡੀ ਸਭ ਦੀ ਰਲਵੀਂ ਹਿੰਮਤ ਤੇ ਕੁਰਬਾਨੀ ਨਾਲ ਕਾਇਮ ਕੀਤਾ ਹੈ, ਉਸ ਨੂੰ ਕਮਜ਼ੋਰ ਤੇ ਨਾਸ਼ ਨਾ ਹੋਣ ਦੇਣਾ। ਵੇਖਣਾ ਕਿਤੇ ਫੁੱਟ ਦਾ ਸ਼ਿਕਾਰ ਹੋ ਕੇ ਗੁਆਂਢੀਆਂ ਦਾ ਸ਼ਿਕਾਰ ਨਾ ਬਣ ਜਾਣਾ। ਵੈਰੀਆਂ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ। ਅਜ਼ਾਦੀ ਮੈਨੂੰ ਜਿੰਦ-ਜਾਨ ਨਾਲੋਂ ਪਿਆਰੀ ਹੈ। ਅਕਾਲ ਪੁਰਖ ਦੀ ਮਿਹਰ ਤੇ ਤੁਹਾਡੀਆਂ ਬਾਹਵਾਂ ਨਾਲ ਮੈਂ ਪੰਜਾਬ ਨੂੰ ਪਰਦੇਸੀ ਰਾਜ ਦੇ ਜੂਲੇ ਵਿੱਚੋਂ ਕੱਢਿਆ ਹੈ। ਕਿਤੇ ਇਸ ਦੀ ਧੌਣ ਉੱਤੇ ਮੁੜ ਜੂਲਾ ਨਾ ਪਵਾ ਦੇਣਾ। ਜੇ ਓਪਰੇ ਪੈਰ ਪੰਜਾਬ ਦੀ ਧਰਤੀ ਨੂੰ ਲਿਤਾੜਨਗੇ, ਤਾਂ ਉਹ ਮੇਰੀ ਛਾਤੀ ਨੂੰ ਮਿੱਧਣਗੇ। ਮੈਨੂੰ ਇਸ ਦੁਖਦਾਈ ਬੇਇੱਜ਼ਤੀ ਤੋਂ ਬਚਾਈ ਰੱਖਣਾ, ਪੰਜਾਬ ਦੀ ਅਜ਼ਾਦੀ ਨੂੰ ਸੰਭਾਲ ਰੱਖਣਾ। ਜੇ ਤੁਸੀਂ ਇੱਕ-ਮੁੱਠ ਤੇ ਇੱਕ-ਜਾਨ ਰਹੋਗੇ, ਤਾਂ ਤੁਹਾਡੀ ਵਾ ਵੱਲ ਕੋਈ ਨਹੀਂ ਵੇਖ ਸਕਦਾ, ਤੁਸੀਂ ਅਜ਼ਾਦ ਰਹੋਗੇ ਮੇਰੀ ਆਤਮਾ ਨਿਹਾਲ ਰਹੇਗੀ। ਹੁਣ ਵਧੇਰੇ ਕੁਝ ਕਹਿਣ ਦਾ ਸਮਾਂ ਨਹੀਂ। ਟਿੱਕਾ ਖੜਕ ਸਿੰਘ ਨੂੰ ਮੇਰੇ ਸਾਹਮਣੇ ਲਿਆਓ। ਮਹਾਰਾਜਾ ਸਾਹਿਬ ਨੇ ਪਹਿਲਾਂ ਸੰਮਤ (1816, ਜੂਨ) ਸੰਮਤ 1873 ਵਿੱਚ ਰਾਜ ਤਿਲਕ ਦਿੱਤਾ ਸੀ। ਆਪਣੇ ਤੋਂ ਬਾਅਦ ਤਖ਼ਤ ਤੇ ਬਹਿਣ ਦਾ ਹੱਕਦਾਰ ਨਿਯਤ ਕੀਤਾ ਸੀ। ਹੁਣ ਆਪ ਜੀ ਨੇ ਟਿੱਕਾ ਸਾਹਿਬ ਨੂੰ ਰਾਜ ਤਿਲਕ ਦਿੱਤਾ ਅਤੇ ਉਸ ਦੀ ਬਾਂਹ ਰਾਜਾ ਧਿਆਨ ਸਿੰਘ ਡੋਗਰੇ ਦੇ ਹੱਥ ਦਿੱਤੀ ਤੇ ਕਿਹਾ, "ਮੇਰੇ ਥਾਂ ਮਹਾਰਾਜਾ ਖੜਕ ਸਿੰਘ ਹੋਣਗੇ, ਤੁਸੀਂ ਇਹਨਾਂ ਦੇ ਵਜ਼ੀਰ ਹੋਵੋਗੇ। ਇਹਨਾਂ ਦਾ ਖ਼ਿਆਲ ਰੱਖਣਾ।" ਰਾਜਾ ਧਿਆਨ ਸਿੰਘ ਨੇ ਗੀਤਾ ਉੱਪਰ ਹੱਥ ਧਰ ਕੇ ਮਹਾਰਾਜਾ ਖੜਕ ਸਿੰਘ ਦਾ ਵਫ਼ਾਦਾਰ ਤੇ ਰਾਜ ਭਗਤ ਰਹਿਣ ਦੀ ਸਹੁੰ ਖਾਧੀ। ਸਰਦਾਰਾਂ, ਦਰਬਾਰੀਆਂ ਨੇ ਮਹਾਰਾਜਾ ਖੜਕ ਸਿੰਘ ਨੂੰ ਨਜ਼ਰਾਨੇ ਦਿੱਤੇ।

ਫੇਰ ਮਹਾਰਾਜਾ ਰਣਜੀਤ ਸਿੰਘ ਦੀ ਇੱਛਾ ਅਨੁਸਾਰ ਖ਼ਜ਼ਾਨੇ ਦੇ ਬੂਹੇ ਖੋਲ੍ਹੇ ਗਏ ਅਤੇ ਗਰੀਬਾਂ ਨੂੰ ਦਾਨ ਦਿੱਤੇ ਗਏ। ਪੱਚੀ ਲੱਖ ਰੁਪੈ ਇਸ ਤਰ੍ਹਾਂ ਵੰਡੇ ਗਏ। ਇਸ ਤੋਂ ਮਗਰੋਂ ਆਪ ਨੇ ਹੁਕਮ ਦਿੱਤਾ ਕਿ ਕੋਹਨੂਰ ਹੀਰਾ ਅਤੇ ਕੁਝ ਹੋਰ ਹੀਰੇ ਜਵਾਹਰਾਤ ਹਰਿਮੰਦਰ ਸਾਹਿਬ ਅੰਮ੍ਰਿਤਸਰ ਭੇਟ ਕੀਤੇ ਜਾਣ, ਪਰ ਰਾਜਾ ਧਿਆਨ ਸਿੰਘ ਅਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਉਰਾਂ-ਪਰ੍ਹਾਂ ਕਰ ਛੱਡਿਆ। ਓਨੇ ਚਿਰ ਨੂੰ ਮਹਾਰਾਜਾ ਸਾਹਿਬ ਨੂੰ ਬਿਮਾਰੀ ਦਾ ਦੌਰਾ ਪੈ ਗਿਆ ਅਤੇ ਉਹ ਬੇਸੁਰਤ ਹੋ ਗਏ। ਇਸ ਹਾਲਤ ਵਿੱਚ ਦਰਬਾਰ ਸਮਾਪਤ ਹੋਇਆ। ਮਹਾਰਾਜਾ ਸਾਹਿਬ ਦੀ ਪਾਲਕੀ ਮੁੜ ਕਿਲ੍ਹੇ ਵਿੱਚ ਚਲੀ ਗਈ।

ਬਿਮਾਰੀ ਜ਼ੋਰ ਫੜਦੀ ਗਈ। ਅੰਤ ਨੂੰ 15 ਹਾੜ੍ਹ ਸੰ. 1896 (27 ਜੂਨ, 1839) ਨੂੰ ਇਹ ਮਹਾਂਬਲੀ, ਨਿਰਭੈ ਯੋਧਾ, ਸੂਰਬੀਰ ਜਰਨੈਲ, ਧਰਮੀ ਮਹਾਂਦਾਨੀ, ਨੀਤੀਵਾਨ,

ਪੰਜਾਬ ਨੂੰ ਓਪਰਿਆਂ ਤੋਂ ਆਜ਼ਾਦ ਕਰਾਉਣ ਵਾਲਾ, ਪੰਜਾਬ ਦਾ ਸ਼ੇਰ ਅਕਾਲ ਚਲਾਣਾ ਕਰ ਗਿਆ। ਸਾਰੇ ਦੇਸ਼ ਵਿੱਚ ਸੋਗ ਵਿਛ ਗਿਆ। ਸਭ ਦੇ ਮੂੰਹੋਂ ਆਪ-ਮੁਹਾਰੇ ਇਹ ਲਫ਼ਜ਼ ਨਿਕਲਦੇ ਸਨ ਕਿ ਪੰਜਾਬ ਦਾ ਸਹਾਰਾ ਲੁੱਟਿਆ ਗਿਆ, ਪੰਜਾਬ ਰੰਡੀ ਹੋ ਗਈ, ਪੰਜਾਬ ਯਤੀਮ ਹੋ ਗਈ।

ਅਗਲੇ ਦਿਨ ਹਜ਼ੂਰੀ ਬਾਗ਼ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦੇ ਪਾਸ ਪੰਜਾਬ ਦੇ ਸ਼ੇਰ ਮਹਾਰਾਜਾ ਰਣਜੀਤ ਸਿੰਘ ਦਾ ਅੰਤਮ ਸਸਕਾਰ ਕੀਤਾ ਗਿਆ। ਉਸ ਥਾਂ 'ਤੇ ਮਗਰੋਂ ਆਲੀਸ਼ਾਨ ਸਮਾਧ ਬਣਾਈ ਗਈ।

**ਮਹਾਰਾਜਾ ਸਾਹਿਬ ਦੇ ਗੁਣ** : ਇੱਕ ਛੋਟੇ ਸਰਦਾਰ ਦੇ ਘਰ ਜਨਮ ਲੈ ਕੇ ਆਪਣੀ ਯੋਗਤਾ, ਹਿੰਮਤ ਅਤੇ ਸਿਆਣਪ ਨਾਲ ਰਣਜੀਤ ਸਿੰਘ ਜੀ ਇੱਕ ਅਜਿਹੀ ਵਿਸ਼ਾਲ ਸਲਤਨਤ ਦੇ ਮਹਾਰਾਜੇ ਬਣੇ, ਜੋ ਸਤਿਲੁਜ ਤੋਂ ਪਿਸ਼ੌਰ ਤੀਕ ਅਤੇ ਤਿੱਬਤ ਦੀ ਹੱਦ ਤੋਂ ਸਿੰਧ ਤੀਕ ਫੈਲੀ ਹੋਈ ਸੀ, ਜਿਸ ਦਾ ਰਕਬਾ (ਖੇਤਰਫਲ) ਇੱਕ ਲੱਖ ਚਾਲ੍ਹੀ ਹਜ਼ਾਰ ਵਰਗ ਮੀਲ ਸੀ ਅਤੇ ਜਿਸ ਦੀ ਸਾਲਾਨਾ ਆਮਦਨ ਤਿੰਨ ਕਰੋੜ ਰੁਪਏ ਸੀ। ਆਪ ਦੇ ਚਲਾਣੇ ਸਮੇਂ ਆਪ ਦੇ ਖ਼ਜ਼ਾਨੇ ਵਿੱਚ ਹੀਰਿਆਂ, ਜਵਾਹਰਾਤਾਂ ਤੇ ਹੋਰ ਕੀਮਤੀ ਸ਼ੈਆਂ ਤੋਂ ਇਲਾਵਾ 12 ਕਰੋੜ ਰੁਪਏ ਨਕਦ ਮੌਜੂਦ ਸਨ। ਆਪ ਜੀ ਦੀ ਫ਼ੌਜ ਹਰ ਮੈਦਾਨੇ ਅਜਿੱਤ ਤੇ ਜੈਵੰਤ ਸਾਬਤ ਹੋਈ ਸੀ। ਆਪ ਨੇ ਪੰਜਾਬ ਨੂੰ ਓਪਰਿਆਂ ਦੇ ਜੂਲੇ ਹੇਠੋਂ ਕੱਢ ਕੇ ਏਥੇ ਸਾਂਝਾ ਪੰਜਾਬੀ ਰਾਜ ਕਾਇਮ ਕੀਤਾ, ਜਨਤਾ ਨੂੰ ਸੁਖੀ, ਖ਼ੁਸ਼ਹਾਲ ਬਣਾਇਆ ਅਤੇ ਪੱਛਮ ਵੱਲੋਂ ਹਮਲਾਵਰਾਂ ਦਾ ਸਦਾ ਲਈ ਮੂੰਹ ਭੁਆਂ ਦਿੱਤਾ।

**ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ** : ਮਹਾਰਾਜਾ ਰਣਜੀਤ ਸਿੰਘ ਕੱਦ ਦੇ ਬਹੁਤ ਲੰਮੇ ਨਹੀਂ ਸਨ। ਉਹਨਾਂ ਦੇ ਚਿਹਰੇ ਉੱਪਰ ਚੇਚਕ ਦੇ ਦਾਗ਼ ਸਨ। ਉਹ ਇੱਕ ਅੱਖੋਂ ਲਾਵੇ ਸਨ, ਪਰ ਫੇਰ ਵੀ ਉਹਨਾਂ ਦੇ ਚਿਹਰੇ ਦਾ ਜਲਾਲ ਇੰਨਾ ਤੇਜ਼ ਸੀ ਕਿ ਕਿਸੇ ਨੂੰ ਉਨ੍ਹਾਂ ਅੱਗੇ ਅੱਖ ਚੁੱਕਣ ਦਾ ਹੀਆ ਨਹੀਂ ਸੀ ਪੈਂਦਾ। ਉਹਨਾਂ ਵਿੱਚ ਉਹ ਸਭ ਖ਼ੂਬੀਆਂ ਸਨ, ਜਿਹੜੀਆਂ ਨਮੂਨੇ ਦੇ ਸਿਪਾਹੀ ਜਾਂ ਯੋਧੇ ਵਿੱਚ ਹੋਣੀਆਂ ਚਾਹੀਦੀਆਂ ਹਨ। ਉਹ ਸਰੀਰ ਦੇ ਬਲਵਾਨ, ਨਰੋਏ, ਦਲੇਰ, ਨਿਡਰ ਅਤੇ ਅਥੱਕ ਸਨ। ਉਹ ਵਧੀਆ ਦਰਜੇ ਦੇ ਘੋੜ-ਸਵਾਰ ਸਨ। ਉਹ ਸਾਰਾ ਦਿਨ ਘੋੜੇ ਦੀ ਕਾਠੀ 'ਤੇ ਬੈਠੇ ਵੀ ਥੱਕਦੇ ਨਹੀਂ ਸਨ। ਜਦ ਉਹਨਾਂ ਨੇ ਸਰਦਾਰ ਹਰੀ ਸਿੰਘ ਨਲੂਆ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਪਿਸ਼ੌਰ ਵੱਲ ਤੁਰ ਪਏ ਅਤੇ ਲਾਹੌਰ ਤੋਂ ਜੇਹਲਮ ਤੀਕ ਦਾ 102 ਮੀਲ ਦਾ ਸਫ਼ਰ-ਪੰਧ ਉਹਨਾਂ ਨੇ ਘੋੜੇ ਦੀ ਪਿੱਠ ਉੱਪਰ ਇੱਕ ਦਿਨ ਵਿੱਚ ਮੁਕਾ ਲਿਆ ਸੀ। ਜਦੋਂ ਸੰਨ 1831 ਵਿੱਚ ਉਹਨਾਂ ਨੇ ਰੋਪੜ ਦੇ ਮੁਕਾਮ 'ਤੇ ਅੰਗਰੇਜ਼ ਗਵਰਨਰ ਜਨਰਲ ਨਾਲ ਮੁਲਾਕਾਤਾਂ ਕੀਤੀ ਤਾਂ ਉਹ ਅੰਗਰੇਜ਼ ਫ਼ੌਜੀਆਂ ਨਾਲ਼ ਨੇਜਾਬਾਜ਼ੀ ਅਤੇ ਤਲਵਾਰਬਾਜ਼ੀ ਦੇ ਟਾਕਰੇ ਵਿੱਚ ਸ਼ਾਮਲ ਹੋਏ ਅਤੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਉਹਨਾਂ ਨੇ ਇੱਕ ਅਜਿਹਾ ਕਰਤਬ ਕੀਤਾ, ਜੋ ਹੋਰ ਕੋਈ ਨਾ

ਕਰ ਸਕਿਆ। ਇੱਕ ਆਦਮੀ ਆਪਣੀ ਬਾਂਹ ਤੇ ਨਿੰਬੂ ਟਿਕਾ ਕੇ ਬਾਂਹ ਪਸਾਰ ਕੇ ਖੜੋ ਗਿਆ। ਮਹਾਰਾਜਾ ਸਾਹਿਬ ਦੂਰੋਂ ਸਰਪਟ ਘੋੜਾ ਭਜਾਈ ਆਏ ਅਤੇ ਤਲਵਾਰ ਨਾਲ ਨਿੰਬੂ ਦੇ ਟੁਕੜੇ ਕਰ ਕੇ ਲੰਘ ਗਏ। ਉਸ ਬੰਦੇ ਦੀ ਬਾਂਹ ਨੂੰ ਝਰੀਟ ਵੀ ਨਾ ਲੱਗੀ। ਇਹ ਸੀ ਉਹਨਾਂ ਦੀ ਤੇਗ ਦਾ ਕਮਾਲ।

ਉਹ ਦਲੇਰ ਐਨੇ ਸਨ ਕਿ ਕਿਸੇ ਔਕੜ ਜਾਂ ਖ਼ਤਰੇ ਤੋਂ ਨਹੀਂ ਸਨ ਡਰਦੇ। ਅਸਾਂ ਵੇਖਿਆ ਹੈ ਕਿ ਦਰਿਆ ਅਟਕ ਵੀ ਉਹਨਾਂ ਦੇ ਰਾਹ ਵਿੱਚ ਅਟਕ ਨਾ ਪਾ ਸਕਿਆ। ਜਿਸ ਪਾਸੇ ਉਨ੍ਹਾਂ ਨੇ ਮੂੰਹ ਕੀਤਾ, 'ਫ਼ਤਿਹ' ਨੇ ਬਾਂਹ ਪਸਾਰ ਕੇ ਉਹਨਾਂ ਦੇ ਚਰਨ ਛੂਹੇ। ਉਹਨਾਂ ਦਾ ਜੀਵਨ ਸਾਦਾ ਤੇ ਰੁਝੇਵਿਆਂ ਭਰਿਆ ਸੀ। ਆਲਸ ਉਹਨਾਂ ਦੇ ਕਦੇ ਵੀ ਨੇੜੇ ਨਹੀਂ ਸੀ ਆਉਂਦੀ। ਕਵੀ ਸਾਹਿਬ ਸਿੰਘ ਜੀ ਲਿਖਦੇ ਹਨ :

**''ਸਦ ਹੀ ਕਮਰ ਕਸੀ ਹਮ ਦੇਖੀ, ਕਬਹੂੰ ਨ ਸੁਸਤੀ ਮੁਖ ਪਰ ਪੇਖੀ।''**

ਸੂਰਬੀਰਤਾ ਦੇ ਨਾਲ ਹੀ ਉਹਨਾਂ ਦੀ ਉਦਾਰਤਾ ਜਗਤ ਪ੍ਰਸਿੱਧ ਸੀ। ਉਹ ਗ਼ਰੀਬਾਂ, ਲੋੜਵੰਦਾਂ ਨੂੰ ਦਾਨ ਦੇ ਕੇ ਖ਼ੁਸ਼ ਹੁੰਦੇ ਸਨ। ਹਰੇਕ ਜਿੱਤ ਮਗਰੋਂ ਉਹ ਦਾਨ ਵਰਤਾਇਆ ਕਰਦੇ ਸਨ। ਜਦ ਕਦੇ ਕਿਤੇ ਕਾਲ ਪੈ ਜਾਂਦਾ ਸੀ ਤਾਂ ਉਹ ਸਦਾ ਵਰਤ ਲਾ ਦਿਆ ਕਰਦੇ ਸਨ। ਭੇਸ ਵਟਾ ਕੇ ਵੇਖਿਆ ਕਰਦੇ ਸਨ ਕਿ ਵਰਤਾਵੇ ਕਿਸੇ ਨਾਲ ਸਖ਼ਤੀ ਜਾਂ ਵਧੀਕੀ ਤਾਂ ਨਹੀਂ ਕਰਦੇ। ਉਹਨਾਂ ਦੇ ਦਰ 'ਤੇ ਆਇਆ ਸਵਾਲੀ ਕਦੇ ਨਿਰਾਸ਼ ਨਹੀਂ ਸੀ ਜਾਂਦਾ। ਉਹਨਾਂ ਦੀ ਉਦਾਰਤਾ ਬਾਰੇ ਅਨੇਕ ਕਹਾਣੀਆਂ ਪ੍ਰਸਿੱਧ ਹਨ।

ਇੱਕ ਦਿਨ ਘੋੜੇ 'ਤੇ ਚੜ੍ਹੇ ਜਾਂਦਿਆਂ ਇੱਕ ਬੱਚੇ ਦਾ ਬੇਰ ਨੂੰ ਝਾੜਨ ਲਈ ਮਾਰਿਆ ਵੱਟਾ ਆ ਵੱਜਾ। ਆਪ ਜੀ ਦੇ ਸਾਥੀ ਬੱਚੇ ਨੂੰ ਗ਼ੁੱਸੇ ਹੋਣ ਲੱਗੇ, ਤਾਂ ਆਪ ਨੇ ਕਿਹਾ, ''ਨਾ ਭਈ, ਇਉਂ ਨਾ ਕਰੋ। ਵੱਟਾ ਵੱਜਣ 'ਤੇ ਬੇਰੀ ਇਸ ਨੂੰ ਬੇਰ ਦਿੰਦੀ ਹੈ। ਮੈਂ ਇਸ ਨੂੰ ਮੋਹਰਾਂ ਦਿੰਦਾ ਹਾਂ।''

ਇੱਕ ਜਲੂਸ ਸਮੇਂ ਇੱਕ ਬਿਰਧ ਬ੍ਰਾਹਮਣੀ ਆਪ ਜੀ ਦੇ ਕੱਪੜਿਆਂ ਨਾਲ ਤਵਾ ਘਸਾਉਣ ਲੱਗੀ। ਆਪ ਗ਼ੁੱਸੇ ਨਾ ਹੋਏ। ਉਸ ਤੋਂ ਕਾਰਨ ਪੁੱਛਿਆ। ਉਹ ਬੋਲੀ, ਸੁਣਿਆ ਸੀ, ਰਾਜੇ ਪਾਰਸ ਹੁੰਦੇ ਹਨ। ਪਾਰਸ ਨਾਲ ਲੋਹਾ ਛੁਹਾਈਏ ਤਾਂ ਸੋਨਾ ਬਣ ਜਾਂਦਾ ਹੈ। ਮੈਂ ਗ਼ਰੀਬ ਹਾਂ। ਜਵਾਨ ਧੀ ਵਿਆਹੁਣੀ ਹੈ, ਮੇਰੇ ਘਰ ਲੋਹੇ ਦੀ ਇਹੋ ਸ਼ੈ ਹੈ। ਮੈਂ ਆਖਿਆ ਤੁਹਾਡੇ ਨਾਲ ਛੁਹਾ ਕੇ ਇਸ ਨੂੰ ਸੋਨੇ ਦਾ ਕਰ ਲਵਾਂ, ਪਰ ਇਹ ਤਾਂ ਲੋਹਾ ਹੀ ਰਿਹਾ ? ਅੱਗੋਂ ਮਹਾਰਾਜਾ ਸਾਹਿਬ ਬੋਲੇ, ਨਹੀਂ ਮਾਈ, ਇਹ ਸੋਨੇ ਦਾ ਬਣ ਗਿਆ ਹੈ। ਉਹਨਾਂ ਨੇ ਹੁਕਮ ਦਿੱਤਾ ਕਿ ਮਾਈ ਨੂੰ ਤਵੇ ਦੇ ਬਰਾਬਰ ਸੋਨਾ ਤੋਲ ਦਿੱਤਾ ਜਾਵੇ। ਉਚੇਚੇ ਅਸਾਧਰਨ ਮੌਕਿਆਂ ਨੂੰ ਛੱਡ ਕੇ, ਉਹ ਹਰ ਸਾਲ ਬਾਰਾਂ ਲੱਖ ਰੁਪਈਆ ਦਾਨ ਕਰਦੇ ਸਨ।

ਉਹਨਾਂ ਨੂੰ ਆਦਮੀ ਦੀ ਪਰਖ ਪਰਮਾਤਮਾ ਐਨੀ ਬਖ਼ਸ਼ੀ ਸੀ ਕਿ ਇੱਕੋ ਨਜ਼ਰ ਨਾਲ ਉਹ ਅਗਲੇ ਦੇ ਔਗੁਣ ਜਾਣ ਲੈਂਦੇ ਸਨ। ਹਰੇਕ ਅਹੁਦੇ ਲਈ ਉਹ ਯੋਗ ਬੰਦੇ

ਦੀ ਝੱਟ ਹੀ ਚੋਣ ਕਰ ਲੈਂਦੇ ਸਨ। ਹਰੇਕ ਪੇਸ਼ ਹੋਏ ਬੰਦੇ ਲਈ ਉਹ ਢੁਕਵਾਂ ਕੰਮ ਅੱਖ ਦੇ ਫੋਰ ਵਿੱਚ ਚੁਣ-ਮਿਥ ਲੈਂਦੇ ਸਨ। ਉਹਨਾਂ ਦੀ ਚੋਣ ਕਦੇ ਗਲਤ ਨਹੀਂ ਸੀ ਹੋਈ। ਦੀਵਾਨ ਮੁਹਕਮ ਚੰਦ ਹਟਵਾਣਾ ਸੀ ਤੇ ਫ਼ਕੀਰ ਅਜ਼ੀਜ਼ੁਦੀਨ ਫੱਟ ਬੰਨ੍ਹ। ਮਗਰੋਂ ਇਹ ਸ਼ੇਰ-ਪੰਜਾਬ ਦੇ ਲਾਇਕ ਵਜ਼ੀਰ ਬਣੇ।

ਆਪ ਜੀ ਸਿੱਖੀ ਘਰਾਣੇ ਵਿੱਚ ਜੰਮੇ-ਪਲੇ ਸਨ। ਬਚਪਨ ਵਿੱਚ ਉਹਨਾਂ ਨੂੰ ਧਰਮ ਦੀ ਸਿੱਖਿਆ ਦਿੱਤੀ ਗਈ। ਇਸ ਸਿੱਖਿਆ ਦਾ ਅਸਰ ਸਾਰੀ ਉਮਰ ਰਿਹਾ। ਉਹ ਨੇਮ ਨਾਲ ਹਰ ਰੋਜ਼ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਪਾਠ ਘੰਟਾ ਭਰ ਸੁਣਿਆ ਕਰਦੇ ਸਨ। ਜੇ ਕੰਮ ਜਾਂ ਮੁਹਿੰਮ 'ਤੇ ਜਾਣਾ ਹੁੰਦਾ ਸੀ ਤਾਂ ਪਹਿਲਾਂ ਅਰਦਾਸਾ ਸੋਧ ਕੇ ਗੁਰੂ ਜੀ ਦਾ ਹੁਕਮਨਾਮਾ ਸੁਣ ਕੇ ਫੇਰ ਜਾਂਦੇ ਸਨ। ਜਿੱਤ ਪ੍ਰਾਪਤ ਕਰ ਕੇ ਵੀ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਸਨ ਅਤੇ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਂਦੇ ਸਨ। ਉਹ ਆਪਣੇ-ਆਪ ਨੂੰ '*ਸਿੰਘ ਸਾਹਿਬ*' ਅਖਵਾ ਕੇ ਖ਼ੁਸ਼ ਹੁੰਦੇ ਸਨ।

ਇੱਕ ਵੇਰ ਦਿੱਲੀ ਦੇ ਗੁਰਦਵਾਰਿਆਂ ਦੇ ਪੁਜਾਰੀ ਆਪ ਨੂੰ ਲਾਹੌਰ ਮਿਲਣ ਆਏ। ਆਪ ਨੇ ਭਰੇ ਦਰਬਾਰ ਵਿੱਚ ਉਹਨਾਂ ਦੇ ਚਰਨ ਆਪਣੀ ਦਾੜ੍ਹੀ ਨਾਲ ਝਾੜੇ। ਜਦ ਅਕਾਲੀ ਫੂਲਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੀਵਾਨ ਵਿੱਚ ਉਹਨਾਂ ਨੂੰ ਤਨਖ਼ਾਹੀਆ ਕਰ ਕੇ ਖੜ੍ਹਾ ਕੀਤਾ ਤਾਂ ਆਪ ਨੇ ਇਮਲੀ ਦੇ ਰੁੱਖ ਨਾਲ ਬੰਨ੍ਹੇ ਜਾਣ ਅਤੇ ਪਿੱਠ ਨੰਗੀ ਕਰ ਕੇ ਕੋਰੜੇ ਖਾਣੇ ਪਰਵਾਨ ਕਰ ਲਏ।

ਆਪ ਆਪਣੇ ਨਾਮ ਨਾਲੋਂ ਸਤਿਗੁਰੂ ਜੀ ਦੀ ਪ੍ਰਸਿੱਧਤਾ ਵਧੇਰੇ ਚਾਹੁੰਦੇ ਸਨ। ਆਪ ਨੇ ਸਿੱਕਾ ਚਲਾਇਆ ਤਾਂ ਉੱਪਰ '*ਗੁਰੂ ਨਾਨਕ ਗੁਰੂ ਗੋਬਿੰਦ ਸਿੰਘ*' ਦੇ ਨਾਵਾਂ ਦਾ ਠੱਪਾ ਲਵਾਇਆ ਅਤੇ ਸਿੱਕੇ ਨੂੰ '*ਨਾਨਕਸ਼ਾਹੀ*' ਸਿੱਕੇ ਦਾ ਨਾਂ ਦਿੱਤਾ। ਅੰਮ੍ਰਿਤਸਰ ਵਿੱਚ ਕਿਲ੍ਹਾ ਬਣਵਾਇਆ। ਉਸ ਦਾ ਨਾਂ ਸ੍ਰੀ ਕਲਗੀਧਰ ਜੀ ਦੇ ਨਾਂ 'ਤੇ '*ਗੋਬਿੰਦਗੜ੍ਹ*' ਰੱਖਿਆ। ਉਸੇ ਸ਼ਹਿਰ ਵਿੱਚ ਬਾਗ਼ ਲਵਾਇਆ ਤਾਂ ਉਸ ਦਾ ਨਾਂ *ਸ੍ਰੀ ਗੁਰੂ ਰਾਮਦਾਸ ਜੀ* ਦੇ ਨਾਂ ਤੇ '*ਰਾਮ ਬਾਗ*' ਰੱਖਿਆ। ਹੈਦਰਾਬਾਦ ਦੱਖਣ ਦੇ ਨਵਾਬ ਨੇ ਆਪ ਲਈ ਅਤਿ ਸੁੰਦਰ ਕੀਮਤੀ ਚਾਨਣੀ ਭੇਜੀ ਤਾਂ ਆਪ ਨੇ ਕਿਹਾ ਕਿ ਇਹ *ਸ੍ਰੀ ਦਰਬਾਰ ਸਾਹਿਬ* ਵਿੱਚ ਲੱਗਣ ਦੇ ਯੋਗ ਹੈ। ਕੰਵਰ ਨੌ ਨਿਹਾਲ ਸਿੰਘ ਦਾ ਵਿਆਹ ਸਮੇਂ ਜੋ ਸਿਹਰਾ ਤਿਆਰ ਕੀਤਾ ਗਿਆ, ਉਹ ਵੀ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਭੇਟਾ ਕਰ ਦਿੱਤਾ।

ਆਪ ਨੇ ਅਨੇਕ ਗੁਰਦੁਆਰਿਆਂ ਦੀ ਸੇਵਾ ਕੀਤੀ ਅਤੇ ਉਹਨਾਂ ਦੇ ਨਾਮ ਜ਼ਮੀਨਾਂ ਤੇ ਜਾਗੀਰਾਂ ਲਵਾਈਆਂ; ਜਿਵੇਂ ਸ੍ਰੀ ਨਨਕਾਣਾ ਸਾਹਿਬ ਦੇ ਨਾਂ ਇੰਨੀ ਜ਼ਮੀਨ ਲਵਾਈ, ਜੋ ਸਾਢੇ ਸੱਤ ਸੌ ਮੁਰੱਬੇ ਦੇ ਬਰਾਬਰ ਸੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੋਨੇ ਤੇ ਸੰਗਮਰਮਰ ਦੀ ਸੇਵਾ ਤੋਂ ਬਿਨਾਂ ਪੱਚੀ ਹਜ਼ਾਰ ਰੁਪੈ ਸਾਲ ਦੀ ਜਾਗੀਰ ਇਸ ਦੇ ਨਾਂ ਲਵਾਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਉੱਪਰਲੀਆਂ

ਛੱਤਾਂ (ਮੰਜ਼ਲਾਂ) ਬਣਵਾਈਆਂ। ਪਟਨਾ ਸਾਹਿਬ ਵਿਚਲੇ ਸ੍ਰੀ ਕਲਗੀਧਰ ਜੀ ਦੇ ਜਨਮ ਸਥਾਨ ਦੀ ਸੇਵਾ ਕਰਵਾਈ ਤੇ ਇਮਾਰਤ ਬਣਵਾਈ। ਹਜ਼ੂਰ ਸਾਹਿਬ ਸੱਚਖੰਡ ਨਾਂਦੇੜ (ਦੱਖਣ) ਦੀ ਸੇਵਾ ਕਰਾਈ ਤੇ ਇਮਾਰਤ ਬਣਾਈ। ਸ੍ਰੀ ਕਰਤਾਰਪੁਰ (ਜਲੰਧਰ) ਦੇ ਗੁਰਦਵਾਰੇ ਦੀ ਸੇਵਾ ਕਰਵਾਈ ਤੇ ਗੁਰਦਵਾਰੇ ਦੀ ਇਮਾਰਤ ਵਾਸਤੇ ਸਵਾ ਲੱਖ ਰੁਪਿਆ ਦਿੱਤਾ ਅਤੇ ਇੱਕ ਪਿੰਡ ਦਾ ਮਾਮਲਾ ਜਾਗੀਰ ਵਜੋਂ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਦੇ ਸੋਢੀਆਂ ਨੂੰ ਭਾਰੀ ਜਾਗੀਰ ਦਿੱਤੀ। ਦਰਬਾਰ ਸਾਹਿਬ ਤਰਨਤਾਰਨ ਦੀ ਸੇਵਾ ਕਰਵਾਈ। ਹਰ ਇੱਕ ਇਤਿਹਾਸਕ ਗੁਰਦਵਾਰੇ ਦੀ ਸੇਵਾ ਮਹਾਰਾਜਾ ਸਾਹਿਬ ਨੇ ਕਰਵਾਈ।

ਜਿੱਥੇ ਮਹਾਰਾਜਾ ਸਾਹਿਬ ਦੇ ਮਨ ਵਿੱਚ ਸਿੱਖੀ ਅਤੇ ਸਿੱਖ ਗੁਰਧਾਮਾਂ ਲਈ ਸ਼ਰਧਾ ਸੀ, ਉੱਥੇ ਸਿੱਖੀ ਦੇ ਅਸੂਲਾਂ ਅਨੁਸਾਰ ਉਹ ਹੋਰਨਾਂ ਧਰਮਾਂ ਤੇ ਉਹਨਾਂ ਦੇ ਧਰਮ ਅਸਥਾਨਾਂ ਦਾ ਪੂਰਾ ਸਤਿਕਾਰ ਤੇ ਖ਼ਿਆਲ ਕਰਦੇ ਸਨ। ਉਹਨਾਂ ਨੇ ਮੁਸਲਮਾਨਾਂ ਤੇ ਹਿੰਦੂਆਂ ਦੇ ਧਰਮ ਅਸਥਾਨਾਂ ਨੂੰ ਵੀ ਚੋਖੀ ਮਾਇਆ ਸਹਾਇਤਾ ਵਜੋਂ ਦਿੱਤੀ। ਲਾਹੌਰ ਵਿੱਚ ਭਿਖਾਰੀ ਖ਼ਾਂ ਦੀ ਸੁਨਹਿਰੀ ਮਸਜਦ ਮਿਸਲਾਂ ਦੇ ਸਮੇਂ ਤੋਂ ਸਿੱਖਾਂ ਦੇ ਕਬਜ਼ੇ ਵਿੱਚ ਸੀ। ਮਹਾਰਾਜਾ ਸਾਹਿਬ ਨੇ ਇਹ ਮੁਸਲਮਾਨਾਂ ਨੂੰ ਦੇ ਦਿੱਤੀ। ਮੁਲਤਾਨ ਫ਼ਤਿਹ ਕਰਨ 'ਤੇ ਆਪ ਨੇ ਪੀਰ ਬਹਾਵਲ ਹੱਕ ਦੇ ਲੰਗਰ ਵਾਸਤੇ ਸਾਢੇ ਤਿੰਨ ਹਜ਼ਾਰ ਰੁਪਏ ਸਾਲਾਨਾ ਜਾਗੀਰ ਦਿੱਤੀ। ਸੰਨ 1821 ਵਿੱਚ ਜਦ ਰਾਵੀ ਦੇ ਹੜ੍ਹ ਨਾਲ ਸ਼ਾਹ ਬਹਾਵਲ ਦੇ ਮਜ਼ਾਰ ਨੂੰ ਰੁੜ੍ਹਨ ਦਾ ਖ਼ਤਰਾ ਪੈਦਾ ਹੋਇਆ ਤਾਂ ਆਪ ਨੇ ਇਸ ਦੀ ਰੱਖਿਆ ਲਈ ਹਜ਼ਾਰਾਂ ਰੁਪਏ ਖ਼ਰਚ ਕੇ ਬੰਨ੍ਹ ਬਣਵਾਇਆ। ਜਦ ਉਹ ਢਾਹ ਤੋਂ ਬਚਦਾ ਨਾ ਦਿਸਿਆ ਤਾਂ ਮਜ਼ਾਰ ਉੱਥੋਂ ਚੁੱਕ ਕੇ ਹੁਣ ਵਾਲੀ ਥਾਂ ਬਣਵਾ ਦਿੱਤੀ। ਲਾਹੌਰ ਵਿਚਲੇ ਹਜ਼ਰਤ ਦਾਤਾ ਗੰਜ ਬਖ਼ਸ਼ ਦੇ ਮਜ਼ਾਰ ਦੀ ਮੁਰੰਮਤ ਸਰਕਾਰੀ ਖ਼ਰਚ 'ਤੇ ਕਰਵਾਈ। ਇਸੇ ਤਰ੍ਹਾਂ ਆਪ ਨੇ ਕਈ ਵੇਰ ਹਰਿਦੁਆਰ, ਕਾਸ਼ੀ, ਜਵਾਲਾ ਮੁਖੀ (ਕਾਂਗੜਾ) ਕਟਾਸ਼ ਆਦਿ ਤੇ ਹਿੰਦੂ ਮੰਦਰਾਂ ਨੂੰ ਦਾਨ ਵੀ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਆਪਣੇ-ਆਪ ਨੂੰ 'ਸਿੰਘ ਸਾਹਿਬ' ਅਖਵਾ ਕੇ ਖ਼ੁਸ਼ ਹੁੰਦੇ ਸਨ ਅਤੇ ਸਿੱਖੀ ਭਾਵਨਾ ਵਾਲੇ ਸਨ। ਉਹਨਾਂ ਦੀਆਂ ਨਜ਼ਰਾਂ ਵਿੱਚ ਸਮੁੱਚੀ ਪਰਜਾ ਇੱਕ ਸਮਾਨ ਸੀ। ਸਭ ਲਈ ਆਪ ਜੀ ਦੇ ਦਿਲ ਵਿੱਚ ਇਕੋ ਜਿਹਾ ਪਿਆਰ ਸੀ। ਕਿਸੇ ਨੂੰ ਕਿਸੇ ਵੀ ਧਰਮ ਵਿੱਚ ਦਖ਼ਲ ਦੇਣ ਅਤੇ ਨਿਰਾਦਰੀ ਕਰਨ ਦੀ ਖੁੱਲ੍ਹ ਨਹੀਂ ਸੀ। ਆਪ ਨੇ ਆਪਣੇ ਜਰਨੈਲਾਂ ਨੂੰ ਹੁਕਮ ਕੀਤਾ ਹੋਇਆ ਸੀ ਕਿ ਜਿਸ ਸ਼ਹਿਰ ਨੂੰ ਜਿੱਤਿਆ ਜਾਵੇ, ਉੱਥੋਂ ਦੇ ਕਿਸੇ ਵੀ ਧਰਮ ਅਸਥਾਨ ਜਾਂ ਧਰਮ ਪੁਸਤਕ ਦੀ ਬੇਅਦਬੀ ਨਾ ਕੀਤੀ ਜਾਵੇ। ਮਹਾਰਾਜੇ ਕੋਲ ਹਰ ਕੋਈ ਫਰਿਆਦ ਕਰ ਸਕਦਾ ਸੀ। ਇੱਕ ਸੰਦੂਕੜੀ ਵਿੱਚੋਂ ਸ਼ਿਕਾਇਤਾਂ ਕੱਢ ਕੇ ਸੁਣੀਆਂ ਜਾਂਦੀਆਂ ਸਨ ਤੇ ਉਹਨਾਂ ਦਾ ਯੋਗ ਹੱਲ ਕੀਤਾ ਜਾਂਦਾ ਸੀ। ਇਸ ਤੋਂ ਬਿਨਾਂ ਹਰ ਤਿੰਨ ਮਹੀਨਿਆਂ ਬਾਅਦ ਦੌਰੇ 'ਤੇ

ਜਾਂਦੇ ਸਨ। ਸਭ ਥਾਵਾਂ 'ਤੇ ਪਹਿਲਾਂ ਖ਼ਬਰ ਕਰ ਦਿੱਤੀ ਜਾਂਦੀ ਸੀ। ਇਸ ਸਮੇਂ ਹਰੇਕ ਨੂੰ ਸ਼ਿਕਾਇਤ ਕਰਨ ਦੀ ਖੁੱਲ੍ਹ ਸੀ। ਮਹਾਰਾਜਾ ਸਾਹਿਬ ਦਾ ਰਾਜ ਪ੍ਰਬੰਧ ਬਹੁਤ ਵਧੀਆ ਸੀ। ਸਾਰੀ ਪਰਜਾ ਅਮਨ-ਅਮਾਨ ਤੇ ਸੁਖੀ ਵਸਦੀ ਸੀ। ਪੰਚਾਇਤਾਂ ਵੀ ਫ਼ੈਸਲੇ ਕਰਦੀਆਂ ਸਨ। ਪੰਚਾਂ ਦੀ ਸਲਾਹ ਸਿਰ ਮੱਥੇ ਪ੍ਰਵਾਨ ਕੀਤੀ ਜਾਂਦੀ ਸੀ।

**ਮਹਾਰਾਜਾ ਖੜਕ ਸਿੰਘ** : ਮਹਾਰਾਜਾ ਖੜਕ ਸਿੰਘ ਦਾ ਜਨਮ 9 ਫ਼ਰਵਰੀ, 1801 ਨੂੰ ਹੋਇਆ। ਖੜਕ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਸੀ। ਉਸ ਦੀ ਸ਼ਾਦੀ ਚੰਦ ਕੌਰ (ਪੁਤਰੀ ਜੈਮਲ ਸਿੰਘ ਕਨ੍ਹਈਆ ਮਿਸਲ) ਨਾਲ ਹੋਈ ਸੀ। ਉਸ ਨੇ ਨੌ ਨਿਹਾਲ ਸਿੰਘ ਨੂੰ ਜਨਮ ਦਿੱਤਾ। ਰਣਜੀਤ ਸਿੰਘ ਨੇ ਖੜਕ ਸਿੰਘ ਨੂੰ ਰਾਜ ਦਰਬਾਰ ਦੇ ਕੰਮਾਂ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਸੌਂਪੀ, ਇਸ ਕਰ ਕੇ ਉਹ ਇਸ ਪੱਖ ਤੋਂ ਬਿਲਕੁਲ ਅਣਜਾਣ ਹੀ ਰਿਹਾ। ਸਾਰੀ ਤਾਕਤ ਬਰੇਲੀ ਦੇ ਮਿਸ਼ਰਾ ਅਤੇ ਜੰਮੂ ਦੇ ਡੋਗਰਿਆਂ ਦੇ ਹੱਥਾਂ ਵਿੱਚ ਹੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਕੁਝ ਫ਼ੌਜੀ ਮੁਹਿੰਮਾਂ ਤੇ ਜ਼ਰੂਰ ਭੇਜਿਆ ਸੀ, ਖ਼ਾਸ ਕਰ ਕੇ ਸੰਨ 1818 ਵਿੱਚ ਮੁਲਤਾਨ ਤੇ ਸੰਨ 1819 ਦੇ ਦਿਨ ਮਹਾਰਾਜਾ ਨੂੰ ਕਸ਼ਮੀਰ ਦੀ ਮੁਹਿੰਮ 'ਤੇ। 27 ਜੂਨ ਸੰਨ 1839 ਦੇ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ 'ਤੇ ਉਸ ਨੂੰ ਤਖ਼ਤ 'ਤੇ ਬਿਠਾਇਆ ਗਿਆ।

ਰਣਜੀਤ ਸਿੰਘ ਨੇ ਆਪਣੀ ਹਕੂਮਤ ਦੀ ਬਹੁਤੀ ਤਾਕਤ ਧਿਆਨ ਸਿੰਘ ਡੋਗਰੇ ਤੇ ਉਸ ਦੇ ਪੁੱਤਰ ਹੀਰਾ ਸਿੰਘ ਅਤੇ ਧਿਆਨ ਸਿੰਘ ਦੇ ਭਰਾਵਾਂ ਗੁਲਾਬ ਸਿੰਘ ਤੇ ਸੁਚੇਤ ਸਿੰਘ ਵਗ਼ੈਰਾ ਨੂੰ ਸੌਂਪੀ ਹੋਈ ਸੀ। ਮਹਾਰਾਜੇ ਦੇ ਚਲਾਣੇ ਤੋਂ ਬਾਅਦ ਛੇ ਕੁ ਮਹੀਨੇ ਸ੍. ਖੜਕ ਸਿੰਘ ਨੇ ਵਧੀਆ ਕੰਮਕਾਜ ਚਲਾਇਆ। ਇਸ ਤੋਂ ਪਿੱਛੋਂ ਜ਼ਮਾਨੇ ਨੇ ਰੰਗ ਬਦਲਿਆ। ਹਰ ਇੱਕ ਦੇ ਦਿਲ ਵਿੱਚ ਫ਼ਸਾਦ ਅਤੇ ਝਗੜੇ ਨੇ ਘਰ ਕਰ ਲਿਆ। ਦਰਬਾਰ ਵਿੱਚ ਧੜੇਬੰਦੀ ਤੇ ਇੱਕ-ਦੂਜੇ ਵਿਰੁੱਧ ਸਾਜ਼ਿਸ਼ਾਂ ਦਾ ਚੱਕਰ ਚੱਲ ਪਿਆ। ਵਜ਼ੀਰ ਧਿਆਨ ਸਿੰਘ ਨੇ ਆਪਣੇ ਕੀਤੇ ਬਚਨ ਤੇ ਚੁੱਕੀਆਂ ਹੋਈਆਂ ਸਹੁੰਆਂ ਭੁਲਾ ਦਿੱਤੀਆਂ ਤੇ ਉਸ ਨੇ ਮਹਾਰਾਜੇ ਦੇ ਹਰ ਇੱਕ ਕੰਮ ਵਿੱਚ ਆਪਣੀ ਦਖ਼ਲਅੰਦਾਜ਼ੀ ਵਧਾ ਦਿੱਤੀ। ਮਹਾਰਾਜਾ ਖੜਕ ਸਿੰਘ ਨੇ ਪਾਣੀ ਸਿਰ ਤੋਂ ਲੰਘਦਾ ਦੇਖ ਕੇ ਵਜ਼ੀਰ ਧਿਆਨ ਸਿੰਘ ਨੂੰ ਕਿਹਾ ਕਿ ਤੁਸੀਂ ਹੁਣ ਅੰਦਰ ਮਹਲਾਂ ਵਿੱਚ ਨਾ ਜਾਣਾ। ਇਸ 'ਤੇ ਤੁਹਾਡੇ ਅਖ਼ਤਿਆਰਾਂ ਵਿੱਚ ਕਿਸੇ ਤਰ੍ਹਾਂ ਦੀ ਕਮੀ ਕਰਨ ਦਾ ਖ਼ਿਆਲ ਨਹੀਂ, ਕਿੰਤੂ ਇਹ ਗੱਲ ਸ਼ੋਭਾ ਨਹੀਂ ਦਿੰਦੀ। ਬਾਕੀ ਕੰਮ-ਕਾਰ ਜਿਸ ਤਰ੍ਹਾਂ ਅੱਗੇ ਕਰਦੇ ਹੋ, ਕਰੀ ਚੱਲੋ। ਧਿਆਨ ਸਿੰਘ ਪ੍ਰਾਈਮ ਮਨਿਸਟਰ ਸੀ। ਖੜਕ ਸਿੰਘ ਡੋਗਰਿਆਂ ਦੀਆਂ ਸਾਜ਼ਿਸ਼ ਕਾਰਵਾਈਆਂ ਤੋਂ ਬਹੁਤ ਦੁਖੀ ਸੀ। ਉਸ ਦਾ ਸਭ ਤੋਂ ਵੱਡਾ ਸਲਾਹਕਾਰ ਚੇਤ ਸਿੰਘ ਬਾਜਵਾ ਸੀ। ਡੋਗਰੇ ਸਮਝਦੇ ਸਨ ਕਿ ਚੇਤ ਸਿੰਘ ਨੂੰ ਰਾਹ ਵਿੱਚੋਂ ਹਟਾਉਣ ਨਾਲ ਉਹ ਸਾਰੀ ਤਾਕਤ ਆਪਣੇ ਹੱਥ ਵਿੱਚ ਰੱਖ ਸਕਦੇ ਸਨ। ਇਸ ਕਰ ਕੇ ਉਹਨਾਂ ਨੇ ਚੇਤ ਸਿੰਘ ਦੇ ਖ਼ਿਲਾਫ਼ ਇੱਕ ਸਾਜ਼ਿਸ਼ ਘੜੀ। ਉਹਨਾਂ ਨੇ

ਚੇਤ ਸਿੰਘ ਵੱਲੋਂ ਅੰਗਰੇਜ਼ਾਂ ਨੂੰ ਲਿਖੀਆਂ ਨਕਲੀ ਚਿੱਠੀਆਂ ਤਿਆਰ ਕੀਤੀਆਂ ਅਤੇ ਉਸ ਨੂੰ 'ਗ਼ਦਾਰ' ਐਲਾਨ ਕਰਵਾਉਣ ਵਾਸਤੇ ਇਨ੍ਹਾਂ ਖ਼ਤਾਂ ਨੂੰ ਆਪੇ ਬਣਾਈ ਇੱਕ 'ਕੌਂਸਲ' ਕੋਲ ਪੇਸ਼ ਕੀਤਾ। ਇਸ 11-ਮੈਂਬਰੀ ਕੌਂਸਲ ਵਿੱਚ ਤਿੰਨ ਡੋਗਰੇ (ਧਿਆਨ ਸਿੰਘ, ਕੇਸਰੀ ਸਿੰਘ ਤੇ ਹੀਰਾ ਸਿੰਘ), ਚਾਰ ਸੰਧਾਵਾਲੀਏ (ਅਤਰ ਸਿੰਘ, ਕਿਹਰ ਸਿੰਘ, ਲਹਿਣਾ ਸਿੰਘ, ਸ਼ੇਰ ਸਿੰਘ), ਮਿਸ਼ਰ ਲਾਲ ਸਿੰਘ ਬ੍ਰਾਹਮਣ, ਅਲੈਗਜ਼ੈਂਡਰ ਗਾਰਡਨਰ ਤੋਂ ਇਲਾਵਾ ਰਾਣੀ ਚੰਦ ਕੌਰ (ਮਹਾਰਾਣੀ) ਅਤੇ ਕੰਵਰ ਨੌ ਨਿਹਾਲ ਸਿੰਘ ਸ਼ਾਮਲ ਸਨ। ਇਸ ਕੌਂਸਲ ਦੀ ਸਾਜ਼ਸ਼ੀ ਮੀਟਿੰਗ ਵਿੱਚ ਡੋਗਰਿਆਂ ਨੇ ਮਤਾ ਪਾਸ ਕਰਵਾਇਆ ਕਿ ਚੇਤ ਸਿੰਘ ਨੂੰ ਜਾਲ੍ਹੀ ਚਿੱਠੀਆਂ ਲਿਖਣ ਬਦਲੇ ਸਜ਼ਾਏ-ਮੌਤ ਦਿੱਤੀ ਜਾਵੇ ਤੇ ਖੜਗ ਸਿੰਘ ਨੂੰ ਹਟਾ ਕੇ ਤਾਕਤ ਕੰਵਰ ਨੌ ਨਿਹਾਲ ਸਿੰਘ ਨੂੰ ਸੌਂਪੀ ਜਾਵੇ।

9 ਅਕਤੂਬਰ, 1839 ਨੂੰ ਧਿਆਨ ਸਿੰਘ ਡੋਗਰੇ ਦੀ ਅਗਵਾਈ ਹੇਠ ਇਸ ਕੌਂਸਲ ਦੇ ਕੁਝ ਮੈਂਬਰ ਖੜਕ ਸਿੰਘ ਦੇ ਕਮਰੇ ਵਿੱਚ ਦਾਖ਼ਲ ਹੋਏ। ਉਹਨਾਂ ਨੇ ਚੇਤ ਸਿੰਘ ਬਾਜਵਾ ਨੂੰ ਲੱਭ ਕੇ ਖੜਕ ਸਿੰਘ ਦੇ ਸਾਹਮਣੇ ਹੀ ਕਤਲ ਕਰ ਦਿੱਤਾ। ਕਨਿੰਘਮ ਅਨੁਸਾਰ ਖੜਕ ਸਿੰਘ ਰੋ-ਰੋ ਕੇ ਤੇ ਚੀਕ-ਚੀਕ ਕੇ ਰੋਕਦਾ ਰਿਹਾ, ਪਰ ਧਿਆਨ ਸਿੰਘ ਨੇ ਆਪਣੇ ਹੱਥੀਂ ਚੇਤ ਸਿੰਘ ਨੂੰ ਕਤਲ ਕਰ ਦਿੱਤਾ। ਇੱਥੋਂ ਪਤਾ ਲੱਗਦਾ ਹੈ ਕਿ ਖੜਕ ਸਿੰਘ ਕਿੰਨਾ ਕਮਜ਼ੋਰ ਦਿਲ ਤੇ ਬੇਜਾਨ ਰਾਜਾ ਸੀ, ਜੋ ਆਪਣੇ ਸਲਾਹਕਾਰ ਤੇ ਦੋਸਤ ਨੂੰ ਵੀ ਬਚਾਅ ਨਾ ਸਕਿਆ ਤੇ ਉਸ ਦੇ ਕਤਲ ਸਮੇਂ ਸਿਰਫ਼ ਰੋਂਦਾ ਰਿਹਾ ਸੀ। ਉਹਨਾਂ ਨੇ ਖੜਕ ਸਿੰਘ ਨੂੰ ਵੀ ਉਸ ਦੀ ਰਿਹਾਇਸ਼ ਵਿੱਚ ਨਜ਼ਰਬੰਦ ਕਰ ਦਿੱਤਾ ਤੇ ਨੌ ਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾ ਦਿੱਤਾ। ਖੜਕ ਸਿੰਘ ਐਨਾ ਦੁਖੀ ਹੋਇਆ ਕਿ ਉਸ ਨੇ ਕਈ ਦਿਨ ਖਾਣਾ ਵੀ ਨਾ ਖਾਧਾ। ਨਜ਼ਰਬੰਦੀ ਵਿੱਚ ਹੀ ਡੋਗਰਿਆਂ ਨੇ ਉਸ ਨੂੰ ਜ਼ਹਿਰੀਲੀ ਖ਼ੁਰਾਕ ਦੇਣੀ ਸ਼ੁਰੂ ਕਰ ਦਿੱਤੀ।

ਹੁਣ ਕੰਵਰ ਨੌ ਨਿਹਾਲ ਸਿੰਘ ਨੂੰ ਵੀ ਡੋਗਰਿਆਂ ਦੀਆਂ ਚਾਲਾਂ ਸਮਝ ਆਉਣ ਲੱਗੀਆਂ ਸਨ। ਉਸ ਨੇ ਧਿਆਨ ਸਿੰਘ ਦੇ ਨਾਲ ਫ਼ਕੀਰ ਅਜ਼ੀਜ਼ੁਦੀਨ ਅਤੇ ਦੋ ਬ੍ਰਾਹਮਣਾਂ ਜਮਾਂਦਾਰ ਖ਼ੁਸ਼ਹਾਲ ਸਿੰਘ ਤੇ ਭਈਆ ਰਾਮ ਸਿੰਘ ਤੋਂ ਇਲਾਵਾ ਲਹਿਣਾ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਸੰਧਾਵਾਲੀਆ ਨੂੰ ਵੀ ਨਿਜ਼ਾਮ ਵਿੱਚ ਭਾਈਵਾਲ ਬਣਾ ਦਿੱਤਾ। ਇਸ ਤਰ੍ਹਾਂ ਡੋਗਰੇ ਪੂਰੀ ਹਕੂਮਤ 'ਤੇ ਕਾਬਜ਼ ਨਾ ਹੋ ਸਕੇ। ਇਹ ਗੱਲ ਧਿਆਨ ਸਿੰਘ ਨੂੰ ਮਨਜ਼ੂਰ ਨਹੀਂ ਸੀ। ਇਸ ਕਰ ਕੇ ਉਸ ਨੇ ਨੌ ਨਿਹਾਲ ਸਿੰਘ ਨੂੰ ਵੀ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ। ਉੱਧਰ ਜ਼ਹਿਰੀਲੀ ਖ਼ੁਰਾਕ ਖਾਣ ਨਾਲ ਖੜਕ ਸਿੰਘ ਦੀ 4-5 ਨਵੰਬਰ ਦੀ ਰਾਤ ਨੂੰ ਮੌਤ ਹੋ ਗਈ। ਉਸ ਦਾ ਸਸਕਾਰ 5 ਨਵੰਬਰ, 1839 ਦੇ ਦਿਨ ਗੁਰਦੁਆਰਾ ਡੇਹਰਾ ਸਾਹਿਬ ਅਤੇ ਸ਼ਾਹੀ ਮਸਜਿਦ ਦੇ ਵਿਚਕਾਰ (ਸਮਾਧ ਰਣਜੀਤ ਸਿੰਘ ਦੇ ਨੇੜੇ) ਕੀਤਾ ਗਿਆ। ਇਸ ਮੌਕੇ 'ਤੇ ਖੜਕ ਸਿੰਘ ਦੀਆਂ ਦੋਵੇਂ ਹਿੰਦੂ ਰਾਜਪੂਤ ਰਾਣੀਆਂ ਅਤੇ ਟਹਿਲਣਾਂ ਨੂੰ ਵੀ ਜ਼ਬਰਦਸਤੀ ਸਤੀ ਕੀਤਾ ਗਿਆ।

ਜਦ ਸਾਰੇ ਜਣੇ ਖੜਕ ਸਿੰਘ ਦਾ ਸਸਕਾਰ ਕਰ ਕੇ ਵਾਪਸ ਕਿਲ੍ਹੇ ਨੂੰ ਜਾ ਰਹੇ ਸਨ ਤਾਂ ਪਹਿਲੋਂ ਘੜੀ ਸਾਜ਼ਿਸ਼ ਮੁਤਾਬਕ ਧਿਆਨ ਸਿੰਘ ਡੋਗਰਾ ਨੇ ਰੋਸ਼ਨੀ ਗੇਟ ਦਾ ਛੱਜਾ ਸੁਟਵਾ ਕੇ ਨੌ ਨਿਹਾਲ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਵੇਲੇ ਨੌ ਨਿਹਾਲ ਸਿੰਘ ਨੇ ਗੁਲਾਬ ਸਿੰਘ ਡੋਗਰੇ ਦੇ ਪੁੱਤਰ ਮੀਆਂ ਉਧਮ ਸਿੰਘ ਦਾ ਹੱਥ ਫੜਿਆ ਹੋਇਆ ਸੀ। ਗੇਟ ਦਾ ਛੱਜਾ ਸਿਰ 'ਤੇ ਡਿੱਗਣ ਕਾਰਨ ਗੁਲਾਬ ਸਿੰਘ ਡੋਗਰੇ ਦਾ ਪੁੱਤਰ ਉਸੇ ਵੇਲੇ ਮਰ ਗਿਆ, ਨੌ ਨਿਹਾਲ ਸਿੰਘ ਨੂੰ ਐਵੇਂ ਥੋੜ੍ਹੀਆਂ ਝਰੀਟਾਂ ਹੀ ਆਈਆਂ ਸਨ, ਪਰ ਪਹਿਲਾਂ ਤੋਂ ਹੀ ਕੀਤੀ ਤਿਆਰੀ ਮੁਤਾਬਕ ਨੌ ਨਿਹਾਲ ਸਿੰਘ ਨੂੰ ਇਕਦਮ ਜਬਰੀ ਇੱਕ ਪਾਲਕੀ ਵਿੱਚ ਪਾ ਲਿਆ ਗਿਆ। ਸਾਜ਼ਿਸ਼ ਮੁਤਾਬਿਕ ਪਾਲਕੀ ਵੀ ਪਹਿਲੋਂ ਹੀ ਉੱਥੇ ਮੌਜੂਦ ਸੀ ਤੇ ਧਿਆਨ ਸਿੰਘ ਡੋਗਰਾ ਪਾਲਕੀ ਲੈ ਕੇ ਬੜੀ ਤੇਜ਼ੀ ਨਾਲ ਕਿਲ੍ਹੇ ਵੱਲ ਚਲਾ ਗਿਆ। ਲਹਿਣਾ ਸਿੰਘ ਮਜੀਠੀਆ ਨੇ ਉਸ ਦੇ ਨਾਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਰੋਕ ਦਿੱਤਾ ਗਿਆ। ਹੋਰ ਤਾਂ ਹੋਰ, ਨੌ ਨਿਹਾਲ ਸਿੰਘ ਦੀ ਮਾਂ ਰਾਣੀ ਚੰਦ ਕੌਰ ਨੂੰ ਵੀ ਉਸ ਦੇ ਨੇੜੇ ਜਾਣ ਦੀ ਇਜ਼ਾਜਤ ਨਾ ਦਿੱਤੀ। ਉਹ ਵਿਚਾਰੀ ਕਿਲ੍ਹੇ ਦਾ ਦਰਵਾਜ਼ਾ ਖੁੱਲ੍ਹਵਾਉਣ ਵਾਸਤੇ ਕਿੰਨਾ ਚਿਰ ਹੀ ਦਰਵਾਜ਼ੇ 'ਤੇ ਹੱਥ ਮਾਰ-ਮਾਰ ਕੇ ਪਿੱਟਦੀ ਰਹੀ। ਡੋਗਰਿਆਂ ਹੱਥ ਏਨੀ ਤਾਕਤ ਸੀ ਕਿ ਮਹਾਰਾਜੇ ਦੀ ਮਾਂ ਨੂੰ ਵੀ **ਕਿਲ੍ਹੇ ਵਿੱਚ ਵੜਨ ਦੀ ਇਜਾਜ਼ਤ ਨਹੀਂ ਸੀ। ਉੱਧਰ ਧਿਆਨ ਸਿੰਘ ਨੇ ਸਿਰ ਵਿੱਚ ਪੱਥਰ ਮਰਵਾ-ਮਰਵਾ ਕੇ ਨੌ ਨਿਹਾਲ ਸਿੰਘ ਨੂੰ ਖ਼ਤਮ ਕਰਵਾ ਦਿੱਤਾ।** (ਡਾ. ਹੋਨਿੰਮਬਰਗ, 'ਥਰਟੀ ਫਾਈਵ ਯਿਅਰਜ਼ ਇਨ ਈਸਟ') ਹੈਨਰੀ ਗਾਰਡਨਰ ਦੱਸਦਾ ਹੈ ਕਿ ਛੱਜਾ ਡੇਗਣ ਤੋਂ ਪਹਿਲਾਂ ਚਲਾਕੀ ਨਾਲ ਉਸ ਨੂੰ ਆਪਣਾ ਡੰਜੀ ਦਸਤਾ ਲਿਆਉਣ ਵਾਸਤੇ ਉੱਥੋਂ ਭੇਜ ਦਿੱਤਾ। ਉਹ ਦੱਸਦਾ ਹੈ ਕਿ ਨੌ ਨਿਹਾਲ ਸਿੰਘ ਬਾਰੇ ਰਾਜ਼ ਖੁੱਲ੍ਹਣ ਤੇ ਡਰ ਤੋਂ ਪਾਲਕੀ ਲਿਜਾਣ ਵਾਲਿਆਂ ਵਿੱਚੋਂ ਦੋ ਨੂੰ ਕਤਲ ਕਰ ਦਿੱਤਾ ਗਿਆ ਤੇ ਦੋ ਅੰਗਰੇਜ਼ੀ ਇਲਾਕੇ ਨੂੰ ਦੌੜ ਗਏ। (ਅਲੈਗਜੈਂਡਰ ਗਾਰਡਨਰ, 'ਮੈਮੋਇਰਜ਼') ਉਸ ਦੀ ਮੌਤ ਦੀ ਖ਼ਬਰ ਤੀਜੇ ਦਿਨ ਕੱਢੀ ਗਈ। ਇਸ ਦੇ ਨਾਲ ਹੀ ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਮੁਕੇਰੀਆਂ ਤੋਂ ਬੁਲਵਾ ਲਿਆ, ਤਾਂ ਜੋ ਉਸ ਨੂੰ ਗੱਦੀ 'ਤੇ ਬਿਠਾ ਦਿੱਤਾ ਜਾਵੇ। ਨੌ ਨਿਹਾਲ ਸਿੰਘ ਦਾ ਸਸਕਾਰ 8 ਨਵੰਬਰ ਨੂੰ ਕੀਤਾ ਗਿਆ। ਉਸ ਦੇ ਨਾਲ ਉਸ ਦੀਆਂ ਦੋ ਰਾਣੀਆਂ (ਹਿੰਦੂ ਰਾਜਪੂਤ ਕਟੋਚਣ ਤੇ ਪਧੌੜਨ) ਤੇ ਚਾਰ ਗੋਲ਼ੀਆਂ ਸਤੀ ਕੀਤੀਆਂ ਗਈਆਂ (ਜਿਉਂਦੀਆਂ ਜ਼ਬਰਦਸਤੀ ਸਾੜ ਦਿੱਤੀਆਂ)। ਇੰਝ ਸਿਰਫ਼ ਸਾਢੇ 16 ਮਹੀਨਿਆਂ ਵਿੱਚ ਰਣਜੀਤ ਸਿੰਘ ਦੇ ਦੋ ਵਾਰਸ ਰਾਜੇ ਖ਼ਤਮ ਕਰ ਦਿੱਤੇ ਗਏ।

**ਕੰਵਰ ਨੌ ਨਿਹਾਲ ਸਿੰਘ** : ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ ਦੇ ਇਕਲੌਤੇ ਪੁੱਤਰ ਨੌ ਨਿਹਾਲ ਸਿੰਘ (11-02-1820) ਦਾ ਜਨਮ ਚੰਦ ਕੌਰ ਦੀ ਕੁੱਖ ਤੋਂ ਲਾਹੌਰ ਵਿੱਚ ਹੋਇਆ ਸੀ। ਇਸ ਨੇ ਜਨਰਲ ਵੈਨਤੁਰਾ, ਹਰੀ ਸਿੰਘ ਨਲਵਾ ਤੇ ਲਹਿਣਾ ਸਿੰਘ ਮਜੀਠੀਆ ਤੋਂ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ ਸੀ। ਇਸ ਦੀ

ਸ਼ਾਦੀ ਸ੍. ਸ਼ਾਮ ਸਿੰਘ ਅਟਾਰੀ ਦੀ ਬੇਟੀ ਨਾਨਕੀ ਨਾਲ 7 ਮਾਰਚ, 1837 ਦੇ ਦਿਨ ਹੋਈ ਸੀ। ਇਸ ਦਾ ਵੇਰਵਾ ਪਿੱਛੇ ਦੇ ਚੁੱਕੇ ਹਾਂ। ਕੰਵਰ ਨੌ ਨਿਹਾਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਕਈ ਮੁਹਿੰਮਾਂ ਵਿੱਚ ਹਿੱਸਾ ਲਿਆ ਸੀ, ਖ਼ਾਸ ਕਰ ਕੇ ਪਿਸ਼ਾਵਰ ਦੀ ਲੜਾਈ (6 ਮਈ, 1834) ਵਿੱਚ ਇਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

ਕੰਵਰ ਨੌ ਨਿਹਾਲ ਸਿੰਘ 18 ਸਾਲ ਦੀ ਉਮਰ ਵਿੱਚ ਗੱਦੀ 'ਤੇ ਬੈਠਾ। ਇਹ ਇੱਕ ਅਜਿਹਾ ਹੋਣਹਾਰ, ਸਮਝਦਾਰ ਪ੍ਰਾਕਰਮੀ ਤੇ ਦੂਰਦਰਸ਼ੀ ਸੀ ਕਿ ਇਸ ਦੇ ਸਮੇਂ ਨੇ ਥੋੜ੍ਹੇ ਹੀ ਦਿਨਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਯਾਦ ਕਰਾ ਦਿੱਤਾ। ਕੁਝ ਚਿਰ ਤੋਂ ਜੋ ਨਿਰਾਸਤਾ ਤੇ ਨਾਉਮੈਦੀ ਦੇ ਚਿੰਨ੍ਹ ਪ੍ਰਗਟ ਹੋ ਰਹੇ ਸਨ, ਉਹ ਦੂਰ ਹੋਣ ਲੱਗੇ ਤੇ ਲੋਕਾਂ ਨੂੰ ਫਿਰ ਖ਼ਾਲਸਾ ਸ਼ਲਤਨਤ ਦੀ ਬ੍ਰਿਧੀ ਦੇ ਚਿੰਨ ਦਿਖਾਈ ਦੇਣ ਲੱਗ ਪਏ ਸਨ ਤੇ ਲੋਕਾਂ ਨੂੰ ਯਕੀਨ ਹੋ ਗਿਆ ਕਿ ਹੁਣ ਪੰਜਾਬ ਦਾ ਰਾਜ ਵਿਗੜਨ ਨਹੀਂ ਲੱਗਾ। ਇਸ ਦੇ ਸਮੇਂ ਵਿੱਚ ਮੰਡੀ ਰਿਆਸਤ 'ਤੇ ਹਮਲਾ ਹੋ ਗਿਆ। ਕਮਲਾਗੜ੍ਹ ਦਾ ਕਿਲ੍ਹਾ ਫ਼ਤਿਹ ਹੋਇਆ। ਇਸ ਨੇ ਇੱਕ ਸਾਲ ਵਿੱਚ ਹੋਰ ਕਈ ਅਜਿਹੇ ਹੱਛੇ-ਹੱਛੇ ਕੰਮ ਕੀਤੇ, ਜਿਸ ਤੋਂ ਸਾਰਿਆਂ ਦੇ ਦਿਲਾਂ ਵਿੱਚ ਉਦਾਸੀ ਉੱਠ ਗਈ, ਪਰੰਤੂ ਵਾਹਿਗੁਰੂ ਨੂੰ ਇਸ ਦਾ ਜਿਊਣਾ ਬਹੁਤ ਦਿਨ ਰੱਖਣਾ ਮਨਜ਼ੂਰ ਨਹੀਂ ਸੀ।

ਅਸੀਂ ਇਸ ਤੋਂ ਅਗਲਾ ਹਾਲ ਸਾਰਾ ਮਹਾਰਾਜਾ ਖੜਕ ਸਿੰਘ ਵਿੱਚ ਲਿਖ ਆਏ ਹਾਂ। ਕੰਵਰ ਨੌ ਨਿਹਾਲ ਸਿੰਘ ਬੜਾ ਬਹਾਦਰ ਤੇ ਸਿਪਾਹੀਆਂ ਦੇ ਗੁਣਾਂ ਵਾਲਾ ਹਾਕਮ ਸੀ ਤੇ ਹਕੂਮਤ ਦੀਆਂ ਗੱਲਾਂ ਸਮਝਣ ਦੀ ਇਸ ਵਿੱਚ ਬੜੀ ਯੋਗਤਾ ਸੀ, ਕਿੰਤੂ ਸ਼ੋਕ ਹੈ ਕਿ ਇਸ ਦੀ ਆਯੂ ਨੇ ਸਾਥ ਨਹੀਂ ਦਿੱਤਾ ਤੇ ਇਹ ਹੋਣਹਾਰ ਨੌਜਵਾਨ ਇਸ ਨਾਸ਼ਮਾਨ ਜਗਤ ਨੂੰ ਛੱਡ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

**ਮਹਾਰਾਜਾ ਸ਼ੇਰ ਸਿੰਘ** : ਮਹਾਰਾਜਾ ਸ਼ੇਰ ਸਿੰਘ ਰਣਜੀਤ ਸਿੰਘ ਦੀ ਪਤਨੀ ਮਹਿਤਾਬ ਕੌਰ ਦੀ ਕੁੱਖੋਂ 4 ਦਸੰਬਰ, 1807 ਨੂੰ ਜਨਮਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਖੜਕ ਸਿੰਘ ਮਹਾਰਾਜਾ ਬਣਿਆ। ਖੜਕ ਸਿੰਘ ਦਾ ਹਾਲ ਅਸੀਂ ਪਹਿਲਾਂ ਲਿਖ ਆਏ ਹਾਂ।

ਧਿਆਨ ਸਿੰਘ ਡੋਗਰੇ ਨੇ ਸ਼ੇਰ ਸਿੰਘ ਨੂੰ ਮੁਕੇਰੀਆਂ ਤੋਂ ਬੁਲਾਇਆ ਸੀ, ਤਾਂ ਜੋ ਉਸ ਨੂੰ ਗੱਦੀ 'ਤੇ ਬਿਠਾ ਦਿੱਤਾ ਜਾਵੇ, ਪਰ ਧਿਆਨ ਸਿੰਘ ਉਸ ਨੂੰ ਗੱਦੀ 'ਤੇ ਬਿਠਾਉਣ ਵਿੱਚ ਕਾਮਯਾਬ ਨਾ ਹੋਇਆ। ਸੰਧਾਵਾਲੀਏ ਸਰਦਾਰਾਂ ਨੇ ਉਸ ਦੀ ਮੁਖ਼ਾਲਫ਼ਤ ਕੀਤੀ। ਅਖ਼ੀਰ ਮਜਬੂਰ ਹੋ ਕੇ ਡੋਗਰਿਆਂ ਨੂੰ ਚੰਦ ਕੌਰ (ਖੜਕ ਸਿੰਘ ਦੀ ਪਤਨੀ ਤੇ ਨੌ ਨਿਹਾਲ ਸਿੰਘ ਦੀ ਮਾਂ) ਨੂੰ ਹੀ ਰਾਣੀ ਮੰਨਣਾ ਪਿਆ। ਨਵੰਬਰ, 1840 ਤੋਂ ਲੈ ਕੇ ਦਸੰਬਰ, 1840 ਤਕ ਰਾਣੀ ਚੰਦ ਕੌਰ ਰਾਜ ਕਰਦੀ ਰਹੀ। ਉਧਰ ਡੋਗਰੇ ਸ਼ੇਰ ਸਿੰਘ ਨੂੰ ਸਾਰੀਆਂ ਖ਼ਬਰਾਂ ਪਹੁੰਚਾਂਦੇ ਰਹਿੰਦੇ ਸਨ। ਡੋਗਰਿਆਂ ਨੇ ਰਾਣੀ ਚੰਦ ਕੌਰ ਦੇ ਅੰਗਰੇਜ਼ਾਂ ਨਾਲ ਰਲੇ ਹੋਣ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਡੋਗਰਿਆਂ ਦੇ

ਇਸ ਖ਼ਤਰਨਾਕ ਪ੍ਰਾਪੇਗੰਡੇ ਦਾ ਭੋਲ਼ੇ ਤੇ ਜਜ਼ਬਾਤੀ ਸਿੱਖ ਫ਼ੌਜੀਆਂ 'ਤੇ ਬਹੁਤ ਛੇਤੀ ਅਸਰ ਹੋ ਗਿਆ। ਇਸ ਪ੍ਰਚਾਰ ਕਾਰਨ ਫ਼ੌਜ ਦਾ ਇੱਕ ਵੱਡਾ ਹਿੱਸਾ ਸ਼ੇਰ ਸਿੰਘ ਦਾ ਹਿਮਾਇਤੀ ਅਤੇ ਚੰਦ ਕੌਰ ਦਾ ਮੁਖ਼ਾਲਿਫ਼ ਬਣ ਗਿਆ। ਜਨਰਲ ਵੈਨਤੂਰਾ ਨੂੰ ਵੀ ਡੋਗਰਿਆਂ ਨੇ ਆਪਣੇ ਨਾਲ ਰਲਾ ਲਿਆ (ਜਾਂ ਉਹ ਆਪ ਰਲ ਗਿਆ)। ਸੁਚੇਤ ਸਿੰਘ ਡੋਗਰਾ ਵੀ ਸ਼ੇਰ ਸਿੰਘ ਨਾਲ ਆ ਮਿਲਿਆ। ਹੁਣ ਸਿਰਫ਼ ਸੰਧਾਵਾਲੀਏ ਹੀ ਰਾਣੀ ਚੰਦ ਕੌਰ ਨਾਲ ਰਹਿ ਗਏ ਸਨ ਤੇ ਕੁਝ ਕੁ ਵਫ਼ਾਦਾਰ ਜਰਨੈਲ ਉਸ ਦਾ ਸਾਥ ਦੇ ਰਹੇ ਸਨ। ਅਖ਼ੀਰ ਫ਼ੈਸਲਾ ਲੜਾਈ ਨਾਲ ਹੋਣ ਦੇ ਹੀ ਆਸਾਰ ਬਣ ਗਏ। ਸ਼ੇਰ ਸਿੰਘ ਦੀ ਫ਼ੌਜ ਨੇ ਕਿਲ੍ਹੇ ਨੂੰ ਘੇਰ ਲਿਆ ਅਤੇ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ। ਤਿੰਨ ਦਿਨ ਕਿਲ੍ਹੇ ਦੇ ਅੰਦਰੋਂ ਅਤੇ ਕਿਲ੍ਹੇ ਦੇ ਉੱਤੇ ਗੋਲ਼ਾਬਾਰੀ ਹੁੰਦੀ ਰਹੀ। ਹੁਣ ਚੰਦ ਕੌਰ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਲੜਾਈ ਵਿੱਚ ਜਿੱਤ ਨਹੀਂ ਸਕਦੀ। ਇਸ ਕਰ ਕੇ ਉਸ ਨੇ ਹਕੂਮਤ ਸ਼ੇਰ ਸਿੰਘ ਦੇ ਹਵਾਲੇ ਕਰਨਾ ਮਨਜ਼ੂਰ ਕਰ ਲਿਆ।

18 ਜਨਵਰੀ, 1841 ਦੇ ਦਿਨ ਸ਼ੇਰ ਸਿੰਘ ਮਹਾਰਾਜਾ ਬਣਿਆ ਤੇ 20 ਤਾਰੀਖ਼ ਨੂੰ ਲਾਹੌਰ ਦੇ ਤਖ਼ਤ 'ਤੇ ਬੈਠਿਆ। ਉਸ ਨੇ ਰਾਣੀ ਚੰਦ ਕੌਰ ਨੂੰ 9 ਲੱਖ ਰੁਪਏ ਸਾਲਾਨਾ ਦੇਣੇ ਮੰਨ ਲਏ। ਇਸ ਮਗਰੋਂ ਚੰਦ ਕੌਰ ਨੇ ਆਪਣੀ ਸਾਰੀ ਦੌਲਤ ਗੁਲਾਬ ਸਿੰਘ ਡੋਗਰੇ ਦੇ ਨਾਲ ਜੰਮੂ ਭੇਜ ਦਿੱਤੀ। (ਰਾਣੀ ਦੇ ਕੱਪੜੇ, ਸੋਨਾ, ਚਾਂਦੀ, ਸਿੱਕੇ, ਮੁਹਰਾਂ, ਪਸ਼ਮੀਨੇ ਵਗ਼ੈਰਾ, 16 ਗੱਡਿਆਂ 'ਤੇ ਲੱਦ ਕੇ ਜੰਮੂ ਲਿਜਾਏ ਗਏ ਸਨ) ਇਹ ਸਾਰਾ ਕੁਝ ਉਸ ਵੇਲੇ ਦੇ 80 ਲੱਖ ਅਤੇ ਇੱਕ ਕਰੋੜ ਰੁਪਏ ਦੇ ਵਿਚਕਾਰ ਸੀ। ਇਹ ਦੌਲਤ ਸਿਰਫ਼ ਰਾਣੀ ਦੀ ਨਿੱਜੀ ਜਾਇਦਾਦ ਨਹੀਂ ਸੀ, ਬਲਕਿ ਇਸ ਵਿੱਚ ਦਰਬਾਰ ਦਾ ਕਾਫ਼ੀ ਖ਼ਜ਼ਾਨਾ ਵੀ ਸ਼ਾਮਲ ਸੀ। ਮਗਰੋਂ ਗੁਲਾਬ ਸਿੰਘ ਇਸ ਰਕਮ ਨੂੰ ਡਕਾਰ ਗਿਆ ਸੀ। ਧਿਆਨ ਸਿੰਘ ਡੋਗਰੇ ਨੇ 11 ਜੂਨ, 1842 ਦੀ ਰਾਤ ਨੂੰ ਗੋਲ਼ੀਆਂ ਹੱਥੋਂ ਚੰਦ ਕੌਰ ਨੂੰ ਉਸ ਦੇ ਸਿਰ 'ਤੇ ਪੱਥਰ ਮਰਵਾ ਕੇ, ਉਸ ਦਾ ਸਿਰ ਫੇਹ ਕੇ ਖ਼ਤਮ ਕਰ ਦਿੱਤਾ। ਇਸ ਤੋਂ ਪਹਿਲਾਂ ਉਸ ਨੇ ਕੰਵਰ ਨੌ ਨਿਹਾਲ ਸਿੰਘ ਦੀ ਵਹੁਟੀ ਦਾ ਬੱਚਾ ਵੀ ਪੇਟ ਵਿੱਚ ਗਿਰਵਾ ਦਿੱਤਾ ਸੀ, ਤਾਂ ਜੋ ਹੋਰ ਵਾਰਿਸ ਪੈਦਾ ਨਾ ਹੋ ਸਕੇ। ਇਸ ਦੇ ਨਾਲ ਹੀ ਧਿਆਨ ਸਿੰਘ ਨੇ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਵਾਲੀਏ ਨੂੰ ਵੀ ਫੜ ਕੇ ਜੇਲ੍ਹ ਵਿੱਚ ਪਾ ਦਿੱਤਾ।

ਇਸ ਸਾਰੇ ਸਾਜ਼ਸ਼ੀ ਮਾਹੌਲ ਵਿੱਚ ਅੰਗਰੇਜ਼ ਦੋਹਰਾ ਰੋਲ ਅਦਾ ਕਰ ਰਹੇ ਸਨ। ਉਹਨਾਂ ਦੀ ਡੋਗਰਿਆਂ ਨਾਲ ਵੀ ਭਾਈਵਾਲੀ ਅਤੇ ਉਹ ਸੰਧਾਵਾਲੀਆਂ ਨਾਲ ਵੀ ਰਲ਼ ਕੇ ਸਾਜ਼ਿਸ਼ਾਂ ਘੜ ਰਹੇ ਸਨ। ਜਦੋਂ ਰਾਜਾ ਸ਼ੇਰ ਸਿੰਘ ਗੱਦੀ 'ਤੇ ਬੈਠਾ ਤਾਂ ਅਤਰ ਸਿੰਘ ਤੇ ਅਜੀਤ ਸੰਧਾਵਾਲੀਆ ਸਤਲੁਜ ਪਾਰ ਕਰ ਕੇ ਅੰਗਰੇਜ਼ੀ ਇਲਾਕੇ ਵਿੱਚ ਚਲੇ ਗਏ ਸਨ। ਕੁਝ ਚਿਰ ਮਗਰੋਂ ਅੰਗਰੇਜ਼ਾਂ ਨੇ ਆਪਣੇ ਏਜੰਟ ਮਿਸਟਰ ਕਲਾਰਕ ਰਾਹੀਂ ਇਨ੍ਹਾਂ ਦੋਹਾਂ ਨੂੰ ਸ਼ੇਰ ਸਿੰਘ ਤੋਂ ਮਾਫ਼ੀ ਦਿਵਾ ਕੇ ਵਾਪਸ ਲਾਹੌਰ ਜਾਣ ਦੀ

ਇਜਾਜ਼ਤ ਲੈ ਦਿੱਤੀ ਤੇ ਇਹਨਾਂ ਨੂੰ ਜਾਗੀਰਾਂ ਵੀ ਵਾਪਸ ਦਿਵਾ ਦਿੱਤੀਆਂ। ਇਸ ਦੇ ਨਾਲ ਹੀ ਲਹਿਣਾ ਸਿੰਘ ਤੇ ਕੇਹਰ ਸਿੰਘ ਨੂੰ ਵੀ ਰਿਹਾਅ ਕਰ ਦਿੱਤਾ ਗਿਆ।

ਇਨ੍ਹਾਂ ਦੋਹਾਂ ਸੰਧਾਵਾਲੀਆਂ ਨੇ ਵਾਪਸ ਆ ਕੇ ਕੁਝ ਮਹੀਨੇ ਤਾਂ ਵਫ਼ਾਦਾਰੀ ਅਤੇ ਸ਼ਰਾਫ਼ਤ ਵਾਲੇ ਮਾਹੌਲ ਵਿੱਚ ਬਿਤਾਏ, ਪਰ ਫਿਰ ਅੰਗਰੇਜ਼ਾਂ ਨਾਲ ਸਲਾਹਾਂ ਕਰ ਕੇ ਦੋਬਾਰਾ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉੱਧਰ ਧਿਆਨ ਸਿੰਘ ਵੀ ਅੰਦਰੋ-ਅੰਦਰੀ ਮਹਾਰਾਜਾ ਸ਼ੇਰ ਸਿੰਘ ਤੋਂ ਖਾਰ ਖਾਣ ਲੱਗ ਪਿਆ ਸੀ, ਕਿਉਂਕਿ ਮਹਾਰਾਜੇ ਨੇ ਧਿਆਨ ਸਿੰਘ ਡੋਗਰੇ ਨੂੰ ਆਪਣੇ 'ਤੇ ਹਾਵੀ ਨਹੀਂ ਸੀ ਹੋਣ ਦਿੱਤਾ, ਜਦੋਂ ਕਿ ਧਿਆਨ ਸਿੰਘ ਪਹਿਲਾਂ ਰਣਜੀਤ ਸਿੰਘ ਤੇ ਫਿਰ ਨੌ ਨਿਹਾਲ ਸਿੰਘ ਦੀ ਮੁਕੰਮਲ ਤਾਕਤ ਨੂੰ ਆਪਣੇ ਹੱਥ ਵਿੱਚ ਰੱਖਿਆ ਕਰਦਾ ਸੀ। ਇਸ ਦੌਰਾਨ ਸੰਧਾਵਾਲੀਆਂ ਅਤੇ ਧਿਆਨ ਸਿੰਘ ਵਿੱਚ ਹਕੂਮਤ 'ਤੇ ਕਬਜ਼ਾ ਕਰ ਕੇ ਇਸ ਨੂੰ ਆਪਸ ਵਿੱਚ ਵੰਡ ਲੈਣ ਬਾਰੇ ਇੱਕ ਅਣ-ਐਲਾਨਿਆ ਸਮਝੌਤਾ ਵੀ ਹੋ ਗਿਆ ਸੀ, ਜਿਸ ਮੁਤਾਬਿਕ ਮਹਾਰਾਜਾ ਸ਼ੇਰ ਸਿੰਘ ਨੇ ਧਿਆਨ ਸਿੰਘ ਡੋਗਰੇ ਨੂੰ ਖ਼ਤਮ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਸਨ। ਆਪਣੀ ਮੌਤ ਨੂੰ ਸਾਹਮਣੇ ਵੇਖ ਕੇ ਹੀ ਧਿਆਨ ਸਿੰਘ ਨੇ ਸੰਧਾਵਾਲੀਆਂ ਨਾਲ ਨੇੜਤਾ ਕਾਇਮ ਕਰ ਲਈ ਸੀ।

15 ਸਤੰਬਰ, 1843 ਦੇ ਦਿਨ ਮੌਕਾ ਤਾੜ ਕੇ ਅਜੀਤ ਸਿੰਘ ਸੰਧਾਵਾਲੀਏ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਗੋਲ਼ੀ ਮਾਰ ਕੇ ਮਾਰ ਦਿੱਤਾ ਤੇ ਉਸ ਦਾ ਸਿਰ ਵੱਢ ਲਿਆ। ਦੂਜੇ ਪਾਸੇ ਲਹਿਣਾ ਸਿੰਘ ਨੇ ਰੋਂਦੇ-ਕੁਰਲਾਂਦੇ 12 ਸਾਲ ਦੇ ਬੱਚੇ ਪ੍ਰਤਾਪ ਸਿੰਘ (ਪੁੱਤਰ ਮਹਾਰਾਜਾ ਸ਼ੇਰ ਸਿੰਘ) ਨੂੰ ਵੀ ਕਤਲ ਕਰ ਦਿੱਤਾ। ਕੁਝ ਸਮੇਂ ਮਗਰੋਂ ਦੋਵੇਂ ਸੰਧਾਵਾਲੀਏ ਧਿਆਨ ਸਿੰਘ ਕੋਲ ਹਜ਼ੂਰੀ ਬਾਗ਼ ਗਏ ਤੇ ਗੱਲਬਾਤ ਕਰਨ ਦੇ ਬਹਾਨੇ ਉਸ ਨੂੰ ਕਿਲ੍ਹੇ ਵਿੱਚ ਲਿਜਾ ਕੇ ਕਤਲ ਕਰ ਦਿੱਤਾ। ਇਸ ਤਰ੍ਹਾਂ ਸ਼ੇਰ ਸਿੰਘ ਮਹਾਰਾਜੇ ਦਾ ਅੰਤ ਹੋਇਆ। ਇਹ ਸਭ ਤੋਂ ਵੱਡਾ ਕੁਕਰਮ ਕੀਤਾ ਸੀ ਅਜੀਤ ਸਿੰਘ ਸੰਧਾਵਾਲੀਏ। ਮਹਾਰਾਜਾ ਸ਼ੇਰ ਸਿੰਘ ਨੇ ਸਿੱਖ ਰਾਜ ਨੂੰ ਕਾਫ਼ੀ ਹੱਦ ਤਕ ਵਧੀਆ ਢੰਗ ਨਾਲ ਚਲਾਉਣਾ ਸ਼ੁਰੂ ਕਰ ਦਿੱਤਾ ਸੀ, ਪਰ ਵਾਹਿਗੁਰੂ ਨੂੰ ਜਿਵੇਂ ਮਨਜ਼ੂਰ ਹੁੰਦਾ ਹੈ, ਉਸੇ ਤਰ੍ਹਾਂ ਹੀ ਹੁੰਦਾ ਹੈ।

**ਮਹਾਰਾਜਾ ਦਲੀਪ ਸਿੰਘ** : ਮਹਾਰਾਜਾ ਦਲੀਪ ਸਿੰਘ ਦਾ ਜਨਮ 4 ਸਤੰਬਰ, 1839 ਨੂੰ ਲਾਹੌਰ ਵਿਖੇ ਮਹਾਰਾਣੀ ਜਿੰਦਾਂ ਦੀ ਕੁੱਖੋਂ ਹੋਇਆ ਸੀ। 18 ਸਤੰਬਰ, 1843 ਦੇ ਦਿਨ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਮਗਰੋਂ ਉਹ ਤਖ਼ਤ 'ਤੇ ਬੈਠਿਆ ਸੀ। ਉਸ ਦੀ ਉਮਰ ਉਸ ਵੇਲੇ ਸਿਰਫ਼ ਪੰਜ ਸਾਲ ਦੀ ਸੀ ਅਤੇ ਉਸ ਨੇ ਸੰਨ 1856 ਵਿੱਚ ਬਾਲਗ਼ ਹੋਣ ਮਗਰੋਂ ਪੂਰਾ ਮਹਾਰਾਜਾ ਮੰਨਿਆ ਜਾਣਾ ਸੀ। ਸੰਨ 1845-46 ਅਤੇ ਸੰਨ 1848-49 ਵਿੱਚ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਲਾਲ ਸਿੰਘ ਮਿਸ਼ਰਾ ਫ਼ੌਜ ਦੇ ਮੁਖੀ ਤੇਜਾ ਸਿੰਘ ਮਿਸ਼ਰਾ ਅਤੇ ਜੰਮੂ ਦੇ ਰਾਜੇ ਗੁਲਾਬ ਸਿੰਘ

ਡੋਗਰਾ ਨਾਲ ਸੰਬੰਧ ਬਣਾ ਕੇ ਸਾਜ਼ਿਸ਼ਾਂ ਰਾਹੀਂ ਦੇ ਲੜਾਈਆਂ ਕਰਵਾ ਕੇ ਪੰਜਾਬ 'ਤੇ ਕਬਜ਼ਾ ਕਰ ਲਿਆ ਸੀ।

29 ਮਾਰਚ, 1849 ਦੇ ਦਿਨ ਪੰਜਾਬ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ ਸੀ। ਦਲੀਪ ਸਿੰਘ ਨੂੰ ਗੱਦੀ ਤੋਂ ਲਾਹੁਣ ਤੋਂ ਪਹਿਲਾਂ ਉਸ ਦੀ ਮਾਂ ਜਿੰਦਾਂ ਨੂੰ ਗ੍ਰਿਫ਼ਤਾਰ ਕਰ ਕੇ ਹਿੰਦੁਸਤਾਨ ਵਿੱਚ ਜਲਾਵਤਨ ਕੀਤਾ ਜਾ ਚੁੱਕਾ ਸੀ। ਪੰਜਾਬ 'ਤੇ ਕਬਜ਼ਾ ਕਰਨ ਮਗਰੋਂ ਦਲੀਪ ਸਿੰਘ ਨੂੰ ਵੀ ਪੰਜਾਬ ਵਿੱਚੋਂ ਕੱਢ ਕੇ ਹਿੰਦੁਸਤਾਨ (ਯੂ.ਪੀ.) ਭੇਜਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਸੀ। ਦਲੀਪ ਸਿੰਘ 21 ਦਸੰਬਰ, 1849 ਦੇ ਦਿਨ ਆਖ਼ਰੀ ਵਾਰ ਆਪਣੇ ਬਾਪ ਦੀ ਸਮਾਧ 'ਤੇ ਗਿਆ ਸੀ ਅਤੇ ਇਸ ਮਗਰੋਂ ਉਸ ਨੂੰ ਪੰਜਾਬ ਤੋਂ ਹਮੇਸ਼ਾ ਵਾਸਤੇ ਕੱਢ ਕੇ, ਹਿੰਦੁਸਤਾਨ ਦੇ ਨਗਰ ਫ਼ਤਿਹਗੜ੍ਹ (ਜਮਨਾ ਦਰਿਆ ਦੇ ਕੰਢੇ) 'ਤੇ ਭੇਜ ਦਿੱਤਾ ਗਿਆ ਸੀ। ਸਫ਼ਰ ਕਰਦਾ ਕਰਦਾ ਉਹ 17 ਫ਼ਰਵਰੀ, 1850 ਦੇ ਦਿਨ ਫ਼ਤਿਹਗੜ੍ਹ ਪੁੱਜਾ ਸੀ। ਦਲੀਪ ਸਿੰਘ ਦੇ ਇੱਥੇ ਪੁੱਜਣ ਮਗਰੋਂ ਉਸ ਦੇ ਸਾਰੇ ਸਿੱਖ ਤੇ ਪੰਜਾਬੀ ਸੇਵਾਦਾਰ ਹਟਾ ਦਿੱਤੇ ਗਏ। ਹੁਣ ਉਸ ਦਾ ਸਾਥੀ ਉਸ ਦਾ ਉਸਤਾਦ ਡਾ. ਲੋਗਨ, ਉਸ ਦੀ ਘਰਵਾਲੀ ਲੇਡੀ ਲੋਗਿਨ, ਇੱਕ ਹਿੰਦੂ ਤੋਂ ਈਸਾਈ ਬਣਿਆ ਭਜਨ ਲਾਲ ਤੇ ਕੁਝ ਗੋਰੇ ਨੌਕਰ ਸਨ, ਯਾਨੀ ਉਸ ਨੂੰ ਸਿੱਖੀ ਤੇ ਪੰਜਾਬੀ ਮਾਹੌਲ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਗਿਆ ਸੀ। ਉਸ ਨੂੰ ਈਸਾਈ ਬਣਾਉਣ ਵਾਸਤੇ ਇਹ ਸਾਰਾ ਕੁਝ ਕਰਨਾ ਜ਼ਰੂਰੀ ਸੀ। ਇਸ ਮਾਹੌਲ ਵਿੱਚ ਸਾਢੇ 11 ਸਾਲ ਦਾ ਦਲੀਪ ਸਿੰਘ ਬਹੁਤੀ ਦੇਰ ਬਚ ਨਹੀਂ ਸਕਿਆ ਸੀ ਅਤੇ ਤਿੰਨ ਸਾਲ ਦੇ ਅੰਦਰ ਹੀ ਉਹ ਸਿੱਖੀ ਛੱਡ ਕੇ ਈਸਾਈਆਂ ਵਾਂਗ ਜੀਣ ਲੱਗ ਪਿਆ ਸੀ। ਸੰਨ 1853 ਦੇ ਸ਼ੁਰੂ ਹੁੰਦਿਆਂ ਹੀ ਉਸ ਨੇ ਈਸਾਈ ਬਣਨ ਦੀ ਖ਼ਾਹਸ਼ ਜਾਰੀ ਕੀਤੀ ਸੀ। 8 ਮਾਰਚ, 1853 ਦੇ ਦਿਨ ਉਸ ਨੂੰ 'ਬੈਪਟਾਈਜ਼' ਕਰ ਕੇ ਈਸਾਈ ਬਣਾ ਲਿਆ ਗਿਆ ਸੀ। ਇਸ ਵੇਲੇ ਉਸ ਦੀ ਉਮਰ 14 ਸਾਲ 6 ਮਹੀਨੇ ਸੀ।

ਦਲੀਪ ਸਿੰਘ ਨੂੰ ਈਸਾਈ ਬਣਾਉਣ ਤੋਂ ਛੇਤੀ ਮਗਰੋਂ ਹੀ ਇੰਗਲੈਂਡ ਲਿਜਾਇਆ ਗਿਆ ਸੀ। ਉਹ 19 ਅਪ੍ਰੈਲ, 1853 ਦੇ ਦਿਨ ਜਹਾਜ਼ ਵਿੱਚ ਚੜ੍ਹਿਆ ਸੀ ਅਤੇ ਮਈ ਵਿੱਚ ਲੰਡਨ ਪਹੁੰਚ ਗਿਆ ਸੀ। ਇੱਥੇ ਉਸ ਨੂੰ ਅੱਯਾਸ਼ੀ ਦੇ ਮਾਹੌਲ ਵਿੱਚ ਰੱਖਿਆ ਗਿਆ ਸੀ, ਤਾਂ ਜੋ ਉਹ ਹੋਰ ਕੁਝ ਵੀ ਸੋਚਣ ਜੋਗਾ ਨਾ ਰਹੇ। ਇੰਗਲੈਂਡ ਵਿੱਚ ਉਸ ਨੂੰ ਪੰਜਾਹ ਹਜ਼ਾਰ ਪੌਂਡ ਸਾਲਾਨਾ ਪੈਂਨਸ਼ਨ ਦਿੱਤੀ ਗਈ ਸੀ। ਉਹ ਇੰਗਲੈਂਡ ਵਿੱਚ ਆ ਕੇ ਨੋਰਫੋਕ ਵਿੱਚ ਐੱਲਵਡਨ ਵਿੱਚ ਰਹਿਣ ਲੱਗ ਪਿਆ ਸੀ। ਉਸ ਦੀ ਪਹਿਲੀ ਸ਼ਾਦੀ ਇੱਕ ਜਰਮਨ ਵਪਾਰੀ ਲੁਡਵਿਸ ਮੂਲਰ ਦੀ ਧੀ (ਜੋ ਉਸ ਨੇ ਇੱਕ ਐਬਸੀਨੀਅਨ ਰਖ਼ੈਲ ਤੋਂ ਜੰਮੀ ਸੀ) ਬੰਬਾ ਮੂਲਰ (6 ਜੁਲਾਈ, 1848—18 ਸਤੰਬਰ, 1887) ਨਾਲ 7 ਜੂਨ, 1864 ਦੇ ਦਿਨ ਅਲੈਗਜ਼ੈਂਡਰੀਆ, ਮਿਸਰ ਵਿੱਚ ਹੋਈ ਸੀ। ਇਸ ਨੇ ਤਿੰਨ ਪੁੱਤਰਾਂ (ਵਿਕਟਰ ਅਲਬਰਟ ਜੋ. ਸੰਨ 1866-1918, ਫਰੈਡਰਿਕ ਵਿਕਟਰ ਸੰਨ

1868-1926, ਅਲਬਰਟ ਐਡਵਰਡ ਅਲੈਗਜ਼ੈਂਡਰ ਸੰਨ 1879-1893 ਤੇ ਤਿੰਨ ਧੀਆਂ (ਬੰਬਾ ਸੋਫੀਆ ਸੰਨ 1868-1957, ਕੈਥਰੀਨ ਹਿਲਦਾ ਸੰਨ 1871-1942, ਸੋਫੀਆ ਅਲੈਗਜ਼ੈਂਡਰ ਸੰਨ 1871-1948) ਨੂੰ ਜਨਮ ਦਿੱਤਾ ਸੀ। ਬੰਬਾ ਮੂਲਰ ਦੀ ਮੌਤ ਸੰਨ 1887 ਵਿੱਚ ਹੋਈ ਸੀ। ਇਸ ਮਗਰੋਂ ਦਲੀਪ ਸਿੰਘ ਨੇ ਦੂਜੀ ਸ਼ਾਦੀ ਸੰਨ 1889 ਵਿੱਚ ਅਦਾ ਵੈਥਰਿਲ ਨਾਲ ਕੀਤੀ ਸੀ। ਉਸ ਤੋਂ ਦਲੀਪ ਸਿੰਘ ਦਾ ਕੋਈ ਬੱਚਾ ਨਹੀਂ ਹੋਇਆ ਸੀ। ਦਲੀਪ ਸਿੰਘ ਨੇ ਛੇਆਂ ਬੱਚਿਆਂ ਵਿੱਚੋਂ ਕਿਸੇ ਦਾ ਵੀ ਕੋਈ ਬੱਚਾ ਨਹੀਂ ਸੀ। ਇਸ ਤਰ੍ਹਾਂ ਸੰਨ 1957 ਵਿੱਚ ਉਸ ਦੀ ਧੀ ਦੀ ਮੌਤ ਮਗਰੋਂ ਉਸ ਦੇ ਖ਼ਾਨਦਾਨ ਦਾ ਅੰਤ ਹੋ ਗਿਆ ਸੀ।

ਦਲੀਪ ਸਿੰਘ ਨੂੰ ਚੰਗੀ ਪੈੱਨਸ਼ਨ ਮਿਲਦੀ ਸੀ, ਜਿਸ ਕਾਰਨ ਉਹ ਅੱਯਾਸ਼ੀ ਵਾਲੀ ਜ਼ਿੰਦਗੀ ਬਿਤਾਉਂਦਾ ਸੀ। ਹੌਲ਼ੀ-ਹੌਲ਼ੀ ਉਸ ਨੇ ਆਪਣੇ ਖ਼ਰਚੇ ਬਹੁਤ ਵਧਾ ਲਏ ਸਨ, ਪਰ ਉਸ ਦੀ ਪੈੱਨਸ਼ਨ ਉਹੀ ਰਹਿਣੀ ਸੀ। ਨਤੀਜੇ ਦੇ ਤੌਰ 'ਤੇ ਉਹ ਕਰਜ਼ਾਈ ਹੋ ਗਿਆ ਸੀ। ਸੰਨ 1882 ਵਿੱਚ ਉਹ 44 ਸਾਲ ਦਾ ਹੋ ਚੁੱਕਾ ਸੀ। ਉਸ ਨੇ ਆਪਣੇ-ਆਪ ਨੂੰ ਰਾਜਾ ਦੱਸ ਕੇ 31 ਅਗਸਤ, 1882 ਨੂੰ 'ਦ ਟਾਈਮਜ਼' ਅਖ਼ਬਾਰ ਵਿੱਚ ਇੱਕ ਇਸ਼ਤਿਹਾਰ ਵੀ ਛਾਪਿਆ ਸੀ, ਜਿਸ ਵਿੱਚ ਉਸ ਨੇ ਆਪਣੀ ਜਾਇਦਾਦ ਤੇ ਪੈੱਨਸ਼ਨ ਵਧਾਉਣ ਦੀਆਂ ਗੱਲਾਂ ਕੀਤੀਆਂ ਸਨ (ਨਾ ਕਿ ਰਾਜ ਵਾਪਸ ਲੈਣ ਦੀਆਂ, ਪਰ ਉਸ ਦੀ ਅਪੀਲ ਨੇ ਨਾ ਤਾਂ ਬ੍ਰਿਟਿਸ਼ ਲੋਕਾਂ 'ਤੇ ਕੋਈ ਅਸਰ ਕੀਤਾ ਤੇ ਨਾ ਹੀ ਕੁਈਨ ਵਿਕਟੋਰੀਆ ਜਾਂ ਬ੍ਰਿਟਿਸ਼ ਸਰਕਾਰ ਨੇ ਕੋਈ ਪਰਵਾਹ ਕੀਤੀ ਸੀ। ਨਿਰਾਸ਼ ਹੋਇਆ ਦਲੀਪ ਸਿੰਘ ਹੁਣ ਸਿੱਖਾਂ ਵੱਲ ਮੁੜਿਆ ਸੀ। ਇਹਨਾਂ ਦਿਨਾਂ ਵਿੱਚ ਉਸ ਦਾ ਰਾਬਤਾ ਠਾਕੁਰ ਸਿੰਘ ਸੰਧਾਵਾਲੀਆ (ਜੋ ਉਸ ਦੇ ਪੜਦਾਦੇ ਦੇ ਭਰਾ ਦੇ ਟੱਬਰ ਵਿੱਚੋਂ ਸਨ) ਨਾਲ ਬਣ ਚੁੱਕਾ ਸੀ। ਠਾਕੁਰ ਸਿੰਘ ਸੰਨ 1884 ਵਿੱਚ ਇੰਗਲੈਂਡ ਆਇਆ ਸੀ ਤੇ ਦਲੀਪ ਸਿੰਘ ਨੂੰ ਮਿਲਿਆ ਸੀ। ਦੋਹਾਂ ਵਿੱਚ ਹੋਈ ਗੱਲਬਾਤ ਮਗਰੋਂ ਦਲੀਪ ਸਿੰਘ ਨੇ ਸਿੱਖ ਬਣ ਜਾਣ ਦਾ ਐਲਾਨ ਕੀਤਾ ਸੀ। 9 ਮਾਰਚ, 1886 ਦੇ ਦਿਨ ਉਸ ਨੇ ਸਿੱਖ ਪੰਥ ਤੋਂ ਈਸਾਈ ਬਣਨ ਦੀ ਰਸਮੀ ਮਾਫ਼ੀ ਵੀ ਮੰਗੀ ਸੀ ਤੇ ਨਾਲ ਹੀ ਰਾਜ ਹਾਸਲ ਕਰਨ ਵਿੱਚ ਮਦਦ ਵੀ ਮੰਗੀ ਸੀ।

ਹੁਣ ਦਲੀਪ ਸਿੰਘ ਨੇ ਪੰਜਾਬ ਜਾਣ ਦਾ ਫ਼ੈਸਲਾ ਵੀ ਕੀਤਾ ਸੀ। ਬ੍ਰਿਟਿਸ਼ ਸਰਕਾਰ ਨੇ ਤਾਂ ਉਸ ਨੂੰ ਪੰਜਾਬ ਜਾਣ ਦੀ ਇਜਾਜ਼ਤ ਦੇਣੀ ਹੀ ਨਹੀਂ ਸੀ। ਇਸ ਕਰ ਕੇ ਉਹ ਚੁੱਪ-ਚਾਪ ਅਪ੍ਰੈਲ 1886 ਦੇ ਸ਼ੁਰੂ ਵਿੱਚ ਇੰਗਲੈਂਡ ਤੋਂ ਚਲ ਪਿਆ ਸੀ ਅਤੇ ਅਦਨ ਪਹੁੰਚ ਗਿਆ ਸੀ। ਉਸ ਨੂੰ ਪੰਜਾਬ ਜਾਣ ਤੋਂ ਰੋਕਣ ਲਈ 15 ਅਪ੍ਰੈਲ, 1886 ਦੇ ਦਿਨ ਅਦਨ ਵਿੱਚ ਬ੍ਰਿਟਿਸ਼ ਅਫ਼ਸਰ ਨੇ ਉਸ ਨੂੰ ਚੁੱਪ-ਚਾਪ ਇੰਗਲੈਂਡ ਪਰਤ ਜਾਣ ਵਾਸਤੇ ਆਖਿਆ ਸੀ। ਉਸ ਨੇ ਆਪਣਾ ਪਰਿਵਾਰ ਤਾਂ ਵਾਪਸ ਭੇਜ ਦਿੱਤਾ ਸੀ ਪਰ ਉਹ ਉੱਥੇ ਹੀ ਰਿਹਾ ਸੀ ਤੇ ਸਿੱਖਾਂ ਨਾਲ ਰਾਬਤਾ ਬਣਾਉਂਦਾ ਰਿਹਾ ਸੀ। ਇਸ

ਹਾਲ ਵਿੱਚ ਠਾਕੁਰ ਸਿੰਘ ਸੰਧਾਵਾਲੀਆ ਆਪਣੇ ਦੋ ਪੁੱਤਰਾਂ ਤੇ ਇੱਕ ਗ੍ਰੰਥੀ ਅਤੇ ਸੇਵਾਦਾਰਾਂ ਨਾਲ ਅਦਨ ਪੁੱਜ ਗਿਆ। ਦਲੀਪ ਸਿੰਘ ਨੇ ਇੱਥੇ ਹੀ 25 ਮਈ, 1886 ਦੇ ਦਿਨ ਪੰਜ ਸਿੰਘਾਂ ਤੋਂ ਖੰਡੇ ਦੀ ਪਹੁਲ ਲੈਣ ਦੀ ਰਸਮ ਕੀਤੀ ਸੀ। ਦਲੀਪ ਸਿੰਘ ਦੀ ਇਸ ਕਾਰਵਾਈ ਮਗਰੋਂ ਬ੍ਰਿਟਿਸ਼ ਹਾਕਮਾਂ ਨੇ ਜੂਨ, 1886 ਦੇ ਸ਼ੁਰੂ ਵਿੱਚ ਹੀ ਉਸ ਨੂੰ ਜ਼ਬਰਦਸਤੀ ਇੰਗਲੈਂਡ ਨੂੰ ਡਿਪੋਰਟ ਕਰ ਦਿੱਤਾ ਸੀ। ਇੱਕ ਦਿਨ ਚੁੱਪ-ਚਾਪ ਉਹ ਫ਼ਰਾਂਸ ਨੂੰ ਨਿਕਲ ਗਿਆ ਤੇ ਉੱਥੇ ਜਾ ਕੇ ਫ਼ਰੈਂਚ ਸਰਕਾਰ ਤੋਂ ਪਾਂਡੀਚਰੀ ਜਾਣ ਦੀ ਇਜਾਜ਼ਤ ਮੰਗੀ ਸੀ, ਪਰ ਫ਼ਰੈਂਚ ਸਰਕਾਰ ਨੇ ਉਸ ਨੂੰ ਪਾਂਡੀਚਰੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ।

ਪਰ ਉਹ ਆਇਰਿਸ਼ ਨਾਂ ਹੇਠ ਪਾਸਪੋਰਟ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ ਸੀ। ਪੈਰਿਸ ਤੋਂ ਉਹ ਜਰਮਨ ਦੇ ਸ਼ਹਿਰ ਬਰਲਿਨ ਪਹੁੰਚ ਗਿਆ ਸੀ ਤੇ ਇੱਥੋਂ ਅਰਾਮ ਨਾਲ ਰੂਸ ਪੁੱਜ ਗਿਆ ਸੀ। ਰੂਸ ਵਿੱਚ ਉਸ ਨੇ ਜ਼ਾਰ (ਰੂਸ ਦੇ ਰਾਜਾ) ਤੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਸੀ, ਪਰ ਜ਼ਾਰ ਦਾ ਵਿਚਾਰ ਸੀ ਕਿ ਦਲੀਪ ਸਿੰਘ ਦਰਅਸਲ ਅੰਗਰੇਜ਼ਾਂ ਦੇ ਖ਼ਿਲਾਫ਼ ਜੱਦੋ-ਜਹਿਦ ਵਿੱਚ ਘੱਟ ਦਿਲਚਸਪੀ ਰੱਖਦਾ ਹੈ ਤੇ ਆਪਣੀ ਆਮਦਨ ਵਧਾਉਣਾ ਉਸ ਦਾ ਮੁੱਖ ਨਿਸ਼ਾਨਾ ਹੈ। ਇਸ ਕਰ ਕੇ ਜ਼ਾਰ ਨੇ ਉਸ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ ਸੀ। ਨਿਰਾਸ਼ ਦਲੀਪ ਸਿੰਘ ਨੇ ਹੁਣ ਇੱਥੋਂ ਅਕਤੂਬਰ, 1887 ਵਿੱਚ ਪੰਜਾਬ ਦੇ ਸਿੱਖਾਂ ਨੂੰ ਖ਼ਤ ਲਿਖ ਕੇ ਉਹਨਾਂ ਤੋਂ ਮਦਦ ਮੰਗੀ ਸੀ, ਪਰ ਕਿਸੇ ਵੀ ਸਿੱਖ ਨੇ ਉਸ ਦੀ ਮਦਦ ਨਹੀਂ ਕੀਤੀ। ਅਖ਼ੀਰ ਉਹ ਵਾਪਸ ਇੰਗਲੈਂਡ ਮੁੜ ਗਿਆ ਸੀ। 18 ਸਤੰਬਰ, 1887 ਦੇ ਦਿਨ ਉਸ ਦੀ ਬੀਵੀ ਬੰਬਾ (ਮੂਲਰ) ਮਰ ਗਈ ਸੀ। ਦਲੀਪ ਸਿੰਘ ਨੇ ਭਾਵੇਂ ਅਦਨ ਵਿੱਚ ਖੰਡੇ ਦੀ ਪਹੁਲ ਲੈ ਲਈ ਸੀ, ਪਰ ਉਸ ਦਾ ਸਿੱਖ ਧਰਮ ਵਿੱਚ ਸ਼ਾਇਦ ਕੋਈ ਯਕੀਨ ਨਹੀਂ ਸੀ। ਉਸ ਦਾ ਹੁਣ ਵੀ ਤੌਰ-ਤਰੀਕਾ ਇੱਕ ਈਸਾਈ ਵਾਲਾ ਹੀ ਸੀ।

ਸੰਨ 1890 ਵਿੱਚ ਕੁਈਨ ਵਿਕਟੋਰੀਆ ਨੇ ਉਸ 'ਤੇ ਤਰਸ ਖਾ ਕੇ ਉਸ ਦੇ ਸਾਰੇ ਕਰਜ਼ੇ ਆਪਣੇ ਕੋਲੋਂ ਪੈਸੇ ਦੇ ਕੇ ਲਾਹ ਦਿੱਤੇ ਸਨ ਅਤੇ ਉਸ ਨੂੰ ਸ਼ਾਹੀ ਮਾਫ਼ੀ ਦੇ ਦਿੱਤੀ ਸੀ, ਪਰ ਉਹ ਅਜੇ ਵੀ ਹੱਥ-ਪੈਰ ਮਾਰਦਾ ਰਿਹਾ ਸੀ। ਅਕਤੂਬਰ, 1893 ਵਿੱਚ ਉਹ ਪੈਰਿਸ ਚਲਾ ਗਿਆ ਸੀ। 23 ਅਕਤੂਬਰ, 1893 ਦੇ ਦਿਨ ਉਸ ਦੀ ਇੱਥੋਂ ਦੇ ਗਰੈਂਡ ਹੋਟਲ ਵਿੱਚ ਮੌਤ ਹੋ ਗਈ ਸੀ। ਇਸ ਵੇਲੇ ਉਸ ਦੀ ਉਮਰ 55 ਸਾਲ ਦੀ ਸੀ। ਉਸ ਦੀ ਦੇਹ ਪੈਰਿਸ ਤੋਂ ਲਿਆ ਕੇ ਐਲਵਡਨ ਵਿੱਚ ਉਸ ਦੀ ਪਹਿਲੀ ਬੀਵੀ ਬੰਬਾ ਮੂਲਰ ਦੀ ਕਬਰ ਦੇ ਨੇੜੇ ਦਬਾ ਦਿੱਤੀ ਗਈ ਸੀ।

## ਕਰੋੜੀਆ ਮਿਸਲ

ਇਸ ਮਿਸਲ ਦੇ ਬਣਾਉਣ ਵਾਲੇ ਅਸਲ ਵਿੱਚ ਸਰਦਾਰ ਸ਼ਾਮ ਸਿੰਘ, ਕਰਮ ਸਿੰਘ, ਵਸਨੀਕ ਪੰਚਗੜ੍ਹ ਦੇ ਹੋਏ ਹਨ, ਕਿੰਤੂ ਪਿੱਛੋਂ ਇਹ ਮਿਸਲ ਕਰੋੜਾ ਸਿੰਘ, ਪਿੰਡ ਬਰਕੀਆਂ ਦੇ ਮਾਤਹਿਤ ਹੋ ਗਈ ਤੇ ਉਹਨੇ ਆਪਣੀ ਯੋਗਤਾ, ਦਾਨਾਈ ਤੇ ਯਤਨ ਨਾਲ ਇਹਨੂੰ ਅਜੇਹੀ ਤਰੱਕੀ ਦਿੱਤੀ ਕਿ ਬਾਰਾਂ ਹਜ਼ਾਰ ਜਵਾਨ ਸਰਦਾਰ ਇਹਦੇ ਨਾਲ ਸ਼ਾਮਲ ਹੋ ਗਏ। ਇਸ ਕਰ ਕੇ ਇਹ ਮਿਸਲ ਬਹੁਤਾ ਕਰ ਕੇ ਇਸੇ ਨਾਮ ਤੋਂ ਪ੍ਰਸਿੱਧ ਹੈ। ਸ੍. ਸ਼ਾਮ ਸਿੰਘ ਤੇ ਕਰਮ ਸਿੰਘ ਦੇ ਬਹੁਤ ਸਾਰੇ ਸੰਬੰਧੀਆਂ ਨੂੰ ਖ਼ਾਨ ਬਹਾਦਰ ਸੂਬਾ ਲਾਹੌਰ ਨੇ ਧੱਕੇ ਨਾਲ ਮੁਸਲਮਾਨ ਕਰ ਲਿਆ ਸੀ। ਦੀਵਾਨ ਦਰਬਾਰਾ ਸਿੰਘ ਤੋਂ ਸ੍. ਕਰਮ ਸਿੰਘ ਜੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤੇ ਸਿੱਖਾਂ ਨਾਲ ਸ਼ਾਮਲ ਹੋ ਗਏ ਤੇ ਮੁਸਲਮਾਨਾਂ ਦੀ ਸੋਧ ਚੰਗੀ ਤਰ੍ਹਾਂ ਕਰ ਕੇ ਆਪਣੇ ਸੰਬੰਧੀਆਂ ਦਾ ਬਦਲਾ ਵੀ ਲਿਆ।

ਇਹ ਬੜਾ ਮਿਲਣਸਾਰ ਤੇ ਸਮਝਦਾਰ ਆਦਮੀ ਸੀ। ਇਸ ਕਰ ਕੇ ਆਪਣੀ ਸਿਆਣਪ ਨਾਲ ਚੰਗੀ ਤਰੱਕੀ ਕਰ ਗਿਆ ਤੇ ਇੱਕ ਵੱਖਰਾ ਜਥਾ ਬਣਾ ਦਿੱਤਾ। 1740 ਈ. ਵਿੱਚ ਨਾਦਰ ਸ਼ਾਹ ਦੇ ਹਮਲੇ ਦੇ ਵੇਲੇ ਮਾਰਿਆ ਗਿਆ। ਇਸ ਤੋਂ ਪਿੱਛੋਂ ਇਹਦਾ ਸਾਥੀ ਕਰਮ ਸਿੰਘ ਇਹਦੀ ਜਗ੍ਹਾ 'ਤੇ ਜਥੇਦਾਰ ਬਣਿਆ। ਜਦ ਤਕ ਜਿਊਂਦਾ ਰਿਹਾ, ਇਸ ਨੇ ਬੜੀ ਬਹਾਦਰੀ ਦੇ ਕੰਮ ਕੀਤੇ। ਨਾਸਰਉਦੀਨ ਮਾਲਕ ਜਲੰਧਰ ਦੀ ਲੜਾਈ ਵਿੱਚ, ਜੋ ਅਦੀਨਾ ਬੇਗ ਖ਼ਾਂ ਤੇ ਸੋਢੀ ਵਡਭਾਗ ਸਿੰਘ ਦੇ ਟਾਕਰੇ 'ਤੇ ਹੋਈ, ਖੈਰਸ਼ਾਹ ਸਿਪਾਹ ਸਲਾਰ ਦਾ ਸਿਰ ਇਸ ਨੇ ਕੱਟ ਕੇ ਅਦੀਨਾ ਬੇਗ ਦੇ ਸਾਹਮਣੇ ਰੱਖ ਦਿੱਤਾ ਤੇ ਨਾਸਰਉਦੀਨ ਖ਼ਾਂ ਨੇ ਜਿੱਤ ਪਰਾਪਤ ਕਰ ਕੇ ਜਲੰਧਰ ਵਿੱਚ ਆਪਣਾ ਦਬਦਬਾ ਕਾਇਮ ਕੀਤਾ। ਫਿਰ ਕਰਮ ਸਿੰਘ 1746 ਈ. ਵਿੱਚ ਦੁਰਾਨੀਆਂ ਦੇ ਟਾਕਰੇ 'ਤੇ ਕੰਮ ਆਇਆ, ਇਸ ਦੀ ਥਾਂ ਕਰੋੜਾ ਸਿੰਘ ਜੋ ਪਿੰਡ ਬਰਕੀਆਂ ਦਾ ਵਸਨੀਕ ਦੇ, ਸਦਾ ਤੋਂ ਇਹਦੇ ਨਾਲ ਰਹਿਣ ਵਾਲਾ ਸੀ, ਮਿਸਲ ਦਾ ਜਥੇਦਾਰ ਬਣਿਆ। ਇਹ ਅਜਿਹਾ ਦਾਨਾ ਤੇ ਸਾਹਿਬ ਇਕਬਾਲ ਨਿਕਲਿਆ ਕਿ ਇਸ ਦੇ ਵੇਲੇ ਇਸ ਮਿਸਲ ਨੂੰ ਬੜੀ ਹੀ ਤਰੱਕੀ ਨਸੀਬ ਹੋਈ। ਮਹਾਰਾਜਾ ਭਰਤਪੁਰ ਨੇ ਇਹਨਾਂ ਦੇ ਨਾਲ ਹੋ ਕੇ ਕਈ ਜੰਗ ਮਾਰੇ। ਫਰਖ਼ਾਬਾਦ ਤਕ ਇਸ ਦੇ ਘੋੜੇ ਨੂੰ ਰੋਕਣ ਵਾਲਾ ਕੋਈ ਨਾ ਨਿਕਲਿਆ। ਸੱਤ ਹਜ਼ਾਰ ਸਵਾਰ ਇਸ ਨੇ ਆਪਣੇ ਜਥੇ ਵਿੱਚ ਰੱਖ ਲਏ। 1759 ਈ. 'ਚ ਇਸ ਸ਼ਾਮ ਚੁਰਾਸੀ ਤੇ ਹਰਿਆਣਾ (ਹੁਸ਼ਿਆਰਪੁਰ) ਦੇ ਪਰਗਣਿਆਂ ਵਿੱਚ ਆਪਣੀ ਦੋਹੀ ਫਿਰਾਈ ਤੇ ਇਸ ਦੇ ਇਲਾਕੇ 'ਤੇ ਕਬਜ਼ਾ ਕਰ

ਲਿਆ। ਇੱਕ ਵਾਰ ਬਟਾਲੇ ਦੇ ਪਾਸ ਬਲੰਦ ਖ਼ਾਂ ਸਿਪਾਹ ਸਲਾਰ ਦਾ ਸਿੱਖਾਂ ਨਾਲ ਟਾਕਰਾ ਹੋ ਗਿਆ। ਕਰੋੜਾ ਸਿੰਘ ਦਾ ਦਲ ਇਸ ਜੰਗ ਵਿੱਚ ਸ਼ਰੀਕ ਸੀ। ਦੁਰਾਨੀ ਬੁਰੀ ਤਰ੍ਹਾਂ ਭਾਂਜ ਖਾ ਕੇ ਨੱਠੇ ਤੇ ਦੁਰਾਨੀਆਂ ਦਾ ਖ਼ਜ਼ਾਨਾ ਸਰਦਾਰ ਕਰੋੜਾ ਸਿੰਘ ਜੀ ਦੇ ਹੱਥ ਆਇਆ, ਇਹਨਾਂ ਸਾਰੀ ਰਕਮ ਉਸੇ ਵੇਲੇ ਜਥਿਆਂ ਵਿੱਚ ਵੰਡ ਦਿੱਤੀ।

ਸੰਮਤ 1818 ਸੰਨ 1761 ਈ. ਨੂੰ ਨਵਾਬ ਗ਼ੁਲਾਮ ਕਾਦਰ ਖ਼ਾਂ ਰੋਹੇਲੇ ਦੀ ਲੜਾਈ ਵਿੱਚ ਤਰਾਵੜੀ ਦੇ ਮੁਕਾਮ 'ਤੇ ਇਹ ਸਰਦਾਰ ਮਾਰਿਆ ਗਿਆ ਤੇ ਸਰਦਾਰ ਬਘੇਲ ਸਿੰਘ ਧਾਲੀਵਾਲ ਵਾਲਾ ਜੋ ਇਹਨਾਂ ਦੇ ਅੰਗ-ਸੰਗ ਰਹਿਣ ਵਾਲਾ ਸੀ, ਇਸ ਮਿਸਲ ਦਾ ਆਗੂ ਬਣਿਆ। ਇਹ ਸਰਦਾਰ ਵੀ ਬੜਾ ਹਿੰਮਤ ਵਾਲਾ ਤੇ ਜਵਾਂ ਮਰਦ ਸੀ। ਖੁਰਦੀਨ, ਦੇਵਗੀ, ਛਲੌਂਦੀ, ਜਮੀਅਤਗੜ੍ਹ ਆਦਿਕ ਤਿੰਨ ਲੱਖ ਦੇ ਇਲਾਕੇ 'ਤੇ ਇਸ ਨੇ ਕਬਜ਼ਾ ਕਰ ਕੇ ਛਲੌਂਦੀ, ਜ਼ਿਲ੍ਹਾ ਕਰਨਾਲ ਵਿੱਚ ਆਪਣਾ ਨਿਵਾਸ ਅਸਥਾਨ ਬਣਾ ਲਿਆ ਤੇ ਇਸ ਤੋਂ ਛੁਟ ਦੁਆਬਾ ਬਿਸਤ ਜਲੰਧਰ ਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਦੋ ਲੱਖ ਦਾ ਇਲਾਕਾ, ਜੋ ਅੱਗੇ ਹੀ ਇਸ ਮਿਸਲ ਦੇ ਅਧੀਨ ਸੀ, ਇਨ੍ਹਾਂ ਦੇ ਪਾਸ ਰਿਹਾ।

ਸੰਨ 1768 ਈ. ਵਿੱਚ ਹਿੰਦੁਸਤਾਨ ਵਿੱਚ ਅਣਯਾਏ ਹੋਣਾ ਸੁਣ 30 ਹਜ਼ਾਰ ਸਿੰਘਾਂ ਦਾ ਦਲ ਨਾਲ ਲੈ ਕੇ ਇਸ ਨੇ ਪੂਰਬ ਵੱਲ ਚੜ੍ਹਾਈ ਕਰ ਦਿੱਤੀ। ਪਹਿਲਾਂ ਸ਼ਹਿਰ ਜਲਾਲਾਬਾਦ ਪੁੱਜੇ। ਇੱਥੇ ਦੇ ਹਾਕਮ ਨੇ ਮੁਹੰਮਦ ਹਸਨ ਖ਼ਾਂ ਨੂੰ, ਜਿਸ ਨੇ ਇੱਕ ਬ੍ਰਾਹਮਣ ਦੀ ਲੜਕੀ ਨੂੰ ਧੱਕੇ ਨਾਲ ਆਪਣੇ ਘਰ ਵਿੱਚ ਪਾ ਰੱਖਿਆ ਸੀ, ਉਸ ਦੇ ਕੀਤੇ ਦਾ ਫਲ਼ ਚਖਾਇਆ। ਫਿਰ ਅਲੀਗੜ੍ਹ, ਖੁਰਜਾ, ਚੰਦੋਸੀ, ਹਾਥਰਸ, ਅਟਾਵਾ, ਆਦਿਕ ਨੂੰ ਜਾ ਘੇਰਿਆ। ਫਿਰ ਫ਼ਰੁਖ਼ਾਬਾਦ ਪੁੱਜੇ। ਉੱਥੋਂ ਦਾ ਨਵਾਬ ਈਸਾ ਖ਼ਾਂ ਖ਼ੂਬ ਲੜਿਆ, ਤਿੰਨ ਦਿਨ ਤਕ ਮੈਦਾਨ ਗਰਮ ਰਿਹਾ। ਈਸਾ ਖ਼ਾਂ ਦੇ ਭੱਜ ਜਾਣ 'ਤੇ ਖ਼ਾਲਸਾਈ ਸੈਨਾ ਅੱਗੇ ਵਧੀ। ਮੁਰਾਦਾਬਾਦ, ਅਨੂਪ ਸ਼ਹਿਰ, ਬਲੰਦ ਨਗਰ, ਬਿਜਨੌਰ, ਆਦਿ ਅਸਥਾਨ, ਜਿੱਥੇ ਇਸ ਇਲਾਕੇ ਦੇ ਹਾਕਮ ਨੇ ਹਾਰ ਕੇ ਖ਼ਾਲਸੇ ਦੀ ਈਨ ਮੰਨੀ ਤੇ ਇੱਧਰੋਂ ਖ਼ਾਲਸਾ ਵਾਪਸ ਮੁੜਿਆ, ਇਸ ਲੜਾਈ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਦਿਕ ਕਈ ਸਰਦਾਰ ਫੱਟੜ ਹੋਏ, ਬਹੁਤ ਸਾਰੇ ਸਿੰਘ ਸ਼ਹੀਦ ਹੋਏ।

ਉੱਧਰੋਂ ਮੁੜ ਕੇ ਸਰਦਾਰ ਬਘੇਲ ਸਿੰਘ ਨੇ ਦੁਆਬਾ ਬਿਸਤ ਜਲੰਧਰ ਦੇ ਪਿੰਡ ਤਲਵਣ ਦੇ ਰਈਸ ਮੁਹੰਮਦ ਖ਼ਾਂ ਨੂੰ ਜੋ ਇਸ ਮਿਸਲ ਦਾ ਕਰੋੜਾ ਸਿੰਘ ਦੇ ਵੇਲੇ ਤੋਂ ਮਾਤਹਿਤ ਸੀ ਤੇ ਇਸ ਨੇ ਕੁਝ ਚਿਰ ਤੋਂ ਖ਼ਰਾਜ ਦੇਣਾ ਬੰਦ ਕਰ ਰੱਖਿਆ ਸੀ, ਇਸ ਨੂੰ ਜਾ ਘੇਰਿਆ। ਉਸ ਨੂੰ ਜਾਗੀਰ ਤੋਂ ਬੇਦਖ਼ਲ ਕਰ ਕੇ ਇੱਥੇ ਆਪਣਾ ਕਿਲ੍ਹਾ ਬਣਾਇਆ। ਇਸੇ ਤਰ੍ਹਾਂ ਦੀਵਾਨ ਸਿੰਘ ਨੂਰਮਹਿਲ ਵਾਲੇ ਤੋਂ ਉਹਦਾ ਇਲਾਕਾ ਲੈ ਲਿਆ।

ਸੰਮਤ 1834 (ਸੰਨ 1777 ਈ.) ਨੂੰ ਜਦ ਮਹਾਰਾਜਾ ਅਮਰ ਸਿੰਘ ਪਟਿਆਲ਼ੇ ਵਾਲਾ ਨੇ ਇਸ ਦੇ ਇਲਾਕੇ ਵਿੱਚ ਦਖ਼ਲ ਦੇਣਾ ਸ਼ੁਰੂ ਕੀਤਾ, ਤਾਂ ਇਹਨਾਂ ਨੇ 20 ਹਜ਼ਾਰ ਸਵਾਰ ਲੈ ਕੇ ਪਟਿਆਲ਼ੇ 'ਤੇ ਹਮਲਾ ਕਰ ਦਿੱਤਾ। ਮਹਾਰਾਜ ਅਮਰ ਸਿੰਘ ਵੀ ਫ਼ੌਜ ਲੈ ਕੇ ਮੁਕਾਬਲੇ 'ਤੇ ਆ ਗਿਆ। ਘੜਾਮ ਤੇ ਮੁਕਾਮ ਤੇ ਦੋਨਾਂ ਲਸ਼ਕਰਾਂ ਦਾ

ਸਾਹਮਣਾ ਹੋ ਗਿਆ। ਪ੍ਰੰਤੂ ਅੰਤ ਨੂੰ ਸੁਲ੍ਹਾ ਹੋ ਗਈ ਤੇ ਮਹਾਰਾਜਾ ਅਮਰ ਸਿੰਘ ਨੇ ਆਪਣੇ ਲੜਕੇ ਸਾਹਿਬ ਸਿੰਘ ਨੂੰ ਬਘੇਲ ਸਿੰਘ ਪਾਸੋਂ ਅੰਮ੍ਰਿਤ ਛਕਾ ਕੇ ਹਮੇਸ਼ਾ ਲਈ ਸੰਬੰਧ ਜੋੜ ਲਏ। ਇਸ ਤੋਂ ਮਗਰੋਂ ਹਰ ਇੱਕ ਲੜਾਈ ਵਿੱਚ ਸ੍. ਬਘੇਲ ਸਿੰਘ ਮਹਾਰਾਜਾ ਪਟਿਆਲ਼ਾ ਦਾ ਸਾਥ ਦਿੰਦਾ ਰਿਹਾ।

ਸਰਦਾਰ ਬਘੇਲ ਸਿੰਘ ਬੜਾ ਹੀ ਦੂਰ-ਅੰਦੇਸ਼ ਤੇ ਅਕਲਮੰਦ ਸੀ। ਜਦ 1857 ਬ੍ਰਿ. ਨੂੰ ਨਵਾਬ ਅਬਦੁੱਲਾ ਖ਼ਾਂ, ਦਿੱਲੀ ਵਜ਼ੀਰ-ਏ-ਆਜ਼ਮ ਨੇ ਸਿੱਖਾਂ ਪਾਸੋਂ ਇਲਾਕਾ ਖ਼ਾਲੀ ਕਰਾਉਣ ਵਾਸਤੇ ਸ਼ਹਜ਼ਾਦਾ ਫਰਖੰਦਾ ਬਖ਼ਤ ਦੇ ਨਾਲ ਅਣਗਿਣਤ ਸੈਨਾ ਭੇਜੀ, ਜਿਨ੍ਹਾਂ ਸਭ ਤੋਂ ਪਹਿਲਾਂ ਬਘੇਲ ਸਿੰਘ ਦੇ ਇਲਾਕੇ ਵਿੱਚੋਂ ਲੰਘਣਾ ਸੀ, ਇਨ੍ਹਾਂ ਦੇ ਨਾਲ ਬਿਨਾਂ ਕਿਸੇ ਤਰ੍ਹਾਂ ਦਾ ਟਾਕਰਾ ਕੀਤੇ ਦੇ ਫ਼ੌਜ ਲੰਘ ਗਈ, ਬਲਕਿ ਇਸ ਇਲਾਕੇ ਦੇ ਸਰਦਾਰਾਂ ਨਾਲ ਸ਼ਹਜ਼ਾਦੇ ਨੇ ਬੜਾ ਮਿਲਵਰਤਣ ਰੱਖਿਆ। ਜਦ ਸ਼ਹਜ਼ਾਦਾ ਫ਼ੌਜ ਲੈ ਕੇ ਪਟਿਆਲ਼ੇ ਪਹੁੰਚਿਆ ਤਾਂ ਬਘੇਲ ਸਿੰਘ ਨੇ ਸਮਝ ਲਿਆ ਕਿ ਹੁਣ ਸ਼ਾਹੀ ਲਸ਼ਕਰ ਨੂੰ ਸੋਧਣ ਦਾ ਸਮਾਂ ਆ ਗਿਆ ਹੈ। ਮਹਾਰਾਜਾ ਪਟਿਆਲ਼ਾ ਨੇ ਨਜ਼ਰਾਨਾ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਪੰਜਾਬ ਤੋਂ 50 ਹਜ਼ਾਰ ਸਿੰਘਾਂ ਦੇ ਜਥੇ ਸੱਦ ਲਏ। ਹੁਣ ਸ਼ਹਜ਼ਾਦੇ ਦੀ ਹੋਸ਼ ਉੱਡ ਗਈ ਤੇ ਆਪਣੇ-ਆਪ ਨੂੰ ਚਾਰੇ ਪਾਸਿਆਂ ਤੋਂ ਸਿੰਘਾਂ ਵਿੱਚ ਘਿਰਿਆ ਦੇਖਿਆ। ਇਸ ਤੋਂ ਛੁੱਟ-ਬਚਾਉ ਦੀ ਕੋਈ ਸੂਰਤ ਨਾ ਦਿਸੀ ਤਾਂ ਸਰਦਾਰ ਬਘੇਲ ਸਿੰਘ ਨੂੰ ਵਿੱਚ ਪਾ ਕੇ ਜਿਵੇਂ-ਕਿਵੇਂ ਸੁਲ੍ਹਾ ਕਰ ਕੇ ਜਾਨ ਬਚੀ ਤਾਂ ਲਾਖੋਂ ਪਾਉ ਸਮਝ ਘਰ ਵਾਪਸ ਪੁੱਜੇ। ਸਰਦਾਰ ਬਘੇਲ ਸਿੰਘ ਨੂੰ ਕਿਹਾ ਗਿਆ, ਉਹਨੇ ਆਣ ਕੇ ਸਾਫ਼ ਕਹਿ ਦਿੱਤਾ ਕਿ 50 ਲੱਖ ਸਿੰਘ ਇਕੱਠਾ ਹੋਇਆ ਹੈ। ਇਹਨਾਂ ਦੇ ਆਉਣ ਦਾ ਜੋ ਖ਼ਰਚ ਹੋਇਆ ਹੈ, ਉਹ ਲਏ ਤੋਂ ਬਿਨਾਂ ਖ਼ਾਲੀ ਹੱਥ ਇਹਨਾਂ ਦਾ ਮੁੜਨਾ ਅਸੰਭਵ ਹੈ। ਅੰਤ ਨੂੰ ਵਜ਼ੀਰ ਸਾਹਿਬ ਨੇ ਦਿੱਲੀ ਤੋਂ ਬਹੁਤ ਸਾਰਾ ਰੁਪਿਆ ਮੰਗਾ ਕੇ ਸਰਦਾਰ ਬਘੇਲ ਸਿੰਘ ਦੀ ਰਾਹੀਂ ਸਿੰਘਾਂ ਨੂੰ ਦੇ ਕੇ ਮੁਸ਼ਕਲ ਨਾਲ ਪਿੱਛਾ ਛੁਡਾ ਕੇ ਜਾਨ ਬਚਾਈ ਤੇ ਵਾਪਸ ਦਿੱਲੀ ਆਏ।

1845 ਬ੍ਰਿ. ਸੰਨ 1788 ਈ. ਵਿਚ ਰਾਣਾ ਰਾਓ ਮਰਹੱਟਾ ਨੇ ਪੰਜਾਬ 'ਤੇ ਹਮਲਾ ਕੀਤਾ। ਉਸ ਵੇਲੇ ਸ੍. ਬਘੇਲ ਸਿੰਘ ਨੇ ਇਸੇ ਤਰ੍ਹਾਂ ਦੀ ਚਾਲ ਚੱਲੀ। ਇਸੇ ਤਰ੍ਹਾਂ ਜਦ ਦਿੱਲੀ ਵੱਲੋਂ ਕੋਈ ਹਮਲਾ ਹੋਣ ਲੱਗਾ, ਤਦ ਸ੍. ਬਘੇਲ ਸਿੰਘ ਉਹਨਾਂ ਦੇ ਨਾਲ ਮਿਲ ਜਾਂਦਾ ਰਿਹਾ, ਪਰੰਤੂ ਜਦੋਂ ਹੀ ਸੈਨਾ ਪੰਜਾਬ ਦੇ ਵਿਚਕਾਰ ਪੁੱਜਦੀ ਤੇ ਚਾਰੇ ਪਾਸਿਆਂ ਤੋਂ ਸਿੱਖਾਂ ਵਿੱਚ ਘੇਰੀ ਜਾਂਦੀ, ਤਦੋਂ ਹੀ ਸਰਦਾਰ ਬਘੇਲ ਸਿੰਘ ਖ਼ਾਲਸੇ ਨੂੰ ਹਰਜਾਨੇ ਦਿਵਾ ਕੇ ਫ਼ੌਜ ਨੂੰ ਵਾਪਸ ਕਰ ਦਿੰਦਾ ਸੀ। ਇਸ ਜ਼ਮਾਨੇ ਵਿੱਚ ਦਿੱਲੀ ਦਾ ਤਖ਼ਤ ਆਖ਼ਰੀ ਦਮਾਂ 'ਤੇ ਸੀ ਤੇ ਕੇਵਲ ਦਿੱਲੀ ਦੀਆਂ ਕੰਧਾਂ ਦੇ ਅੰਦਰ ਹੀ ਅੰਦਰ ਤੇ ਉਹ ਵੀ ਨਾਮ-ਮਾਤਰ ਹਕੂਮਤ ਸੀ, ਬਾਕੀ ਸਾਰੇ ਇਲਾਕੇ ਓਧਰ ਮਰਹੱਟਿਆਂ ਤੇ ਇੱਧਰ ਸਿੱਖਾਂ ਦੇ ਅਧੀਨ ਹੋਏ ਸਨ। ਇਸ ਵਾਸਤੇ ਬਘੇਲ ਸਿੰਘ ਨੇ ਚਾਹਿਆ ਕਿ ਇੱਕ ਹੱਥ ਮਾਰ ਕੇ ਦਿੱਲੀ ਵਿੱਚ ਖ਼ਾਲਸੇ ਦੀ ਹਕੂਮਤ ਕਾਇਮ ਕਰ ਦਿੱਤੀ ਜਾਵੇ। ਉਸ ਨੇ ਇਸੇ

ਖ਼ਿਆਲ ਤੋਂ ਪੰਜਾਬ ਦੇ ਸਾਰੇ ਸਿੱਖ ਰਾਜਿਆਂ ਨੂੰ ਬੁਲਾ ਭੇਜਿਆ। ਹਰ ਇੱਕ ਸਿੱਖ ਸਰਦਾਰ ਆਪਣਾ-ਆਪਣਾ ਜਥਾ ਲੈ ਕੇ ਆ ਪੁੱਜਾ।

ਬਘੇਲ ਸਿੰਘ ਨੇ ਸੰਮਤ 1846-47 ਵਿੱਚ 40 ਹਜ਼ਾਰ ਖ਼ਾਲਸੇ ਦਾ ਲਸ਼ਕਰ ਨਾਲ ਲੈ ਕੇ ਦਿੱਲੀ 'ਤੇ ਚੜ੍ਹਾਈ ਕਰ ਦਿੱਤੀ। ਸਿੱਖ ਰਾਹ ਦੇ ਸਾਰੇ ਇਲਾਕੇ ਨੂੰ ਸਰ ਕਰਦੇ ਹੋਏ ਦਿੱਲੀ ਦੇ ਪਾਸ ਟਿੱਲਾ ਮਜਨੂੰ 'ਤੇ ਜਾ ਪੁੱਜੇ ਤੇ ਅਜਮੇਰੀ (ਗੇਟ) ਦਰਵਾਜ਼ੇ ਵੱਲੋਂ ਅੰਦਰ ਜਾ ਕੇ ਸ਼ਹਿਰ ਦੇ ਕਈ ਬਜ਼ਾਰਾਂ 'ਤੇ ਆਪਣਾ ਪਹਿਰਾ ਲਾ ਦਿੱਤਾ। ਕਟੜਾ ਨੀਲਾ ਤੇ ਮੁਗ਼ਲ ਮੁਹੱਲੇ ਵਿੱਚ ਜਾ ਪੁੱਜੇ। ਸ਼ਹਿਰ ਦੇ ਲੋਕੀ ਨੱਸ ਗਏ। ਸ੍. ਜੱਸਾ ਸਿੰਘ ਰਾਮਗੜ੍ਹੀਆ ਤੇ ਆਹਲੂਵਾਲੀਆ ਖ਼ਾਸ ਸ਼ਾਹੀ ਕਿਲ੍ਹੇ ਵਿੱਚ ਜਾ ਵੜੇ। ਇੱਥੇ ਸਿੰਘਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾ ਕੇ ਬਾਦਸ਼ਾਹ ਬਣਾ ਦਿੱਤਾ ਤੇ ਇਸੇ ਦਿਨ ਤੋਂ ਇਹ ਸਿੱਖਾਂ ਦਾ ਬਾਦਸ਼ਾਹ ਨਾਂ ਤੋਂ ਪ੍ਰਸਿੱਧ ਹੋ ਗਿਆ।

ਮਿਰਜ਼ਾ ਗੌਹਰ ਅਲੀਸ਼ਾਹ ਸਾਨੀ ਨੇ ਵਜ਼ੀਰ ਆਜ਼ਮ ਨੂੰ ਸੱਦ ਕੇ ਆਖਿਆ ਕਿ ਜਿਸ ਤਰ੍ਹਾਂ ਵੀ ਹੋ ਸਕੇ, ਸਿੱਖਾਂ ਹੱਥੋਂ ਜਾਨ ਛੁਡਾਓ। ਸਰਦਾਰ ਬਘੇਲ ਸਿੰਘ ਨੂੰ ਸੱਦਿਆ ਗਿਆ। ਇਹਨਾਂ ਨੇ ਸਾਫ਼-ਸਾਫ਼ ਕਹਿ ਦਿੱਤਾ ਕਿ ਖ਼ਾਲਸਾ ਤੁਹਾਡਾ ਮੁਲਕ ਖੋਹਣਾ ਨਹੀਂ ਚਾਹੁੰਦਾ। ਤੁਸੀਂ ਜ਼ੁਲਮ ਤੇ ਅਨਿਆਇ ਕਰਨਾ ਛੱਡ ਦੇਵੋ। ਇੱਥੇ ਜਿਹੜੇ-ਜਿਹੜੇ ਸਿੰਘਾਂ ਦੇ ਗੁਰਦਵਾਰੇ ਹਨ, ਬਣਾ ਦੇਵੋ ਤੇ ਖ਼ਾਲਸੇ ਨੂੰ ਹਰਜਾਨਾ ਦੇ ਦੇਵੋ, ਇਹ ਵਾਪਸ ਚਲੇ ਜਾਣਗੇ। ਸਿਮਰੂ ਬੇਗਮ, ਜਿਸ ਦਾ ਬਾਦਸ਼ਾਹ 'ਤੇ ਬਹੁਤਾ ਵਸੀਕਾਰ ਸੀ, ਇਹ ਗੱਲ ਉਹਦੇ ਦਿਲ ਲੱਗੀ ਤੇ ਅੱਗੇ ਵੀ ਇੱਕ ਵੇਰ ਬਘੇਲ ਸਿੰਘ ਨੇ ਸਿਮਰੂ ਬੇਗਮ ਨੂੰ ਬਚਾਇਆ ਸੀ। ਓਹਨੇ ਵਜ਼ੀਰ ਆਜ਼ਮ ਨੂੰ ਸੱਦ ਕੇ ਤੇ ਬਘੇਲ ਸਿੰਘ ਨੂੰ ਬਿਠਾ ਕੇ ਫ਼ੈਸਲਾ ਕਰਾ ਦਿੱਤਾ ਕਿ :

1. ਖ਼ਾਲਸੇ ਨੂੰ ਤਿੰਨ ਲੱਖ ਰੁਪਿਆ ਹਰਜਾਨਾ ਦਿੱਤਾ ਜਾਵੇ।
2. ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਕੰਮ ਸਰਦਾਰ ਬਘੇਲ ਸਿੰਘ ਦੇ ਅਧੀਨ ਕਰ ਦਿੱਤਾ ਜਾਵੇ।
3. ਜਦ ਤਕ ਗੁਰਦੁਆਰਿਆਂ ਦੀ ਸੇਵਾ ਨਾ ਹੋ ਜਾਵੇ ਸ੍. ਬਘੇਲ ਸਿੰਘ 4000 ਸਵਾਰਾਂ ਨਾਲ ਇੱਥੇ ਰਹੇ।

ਇਹ ਸ਼ਰਤਾਂ ਦੋਹਾਂ ਧਿਰਾਂ ਨੇ ਮਨਜ਼ੂਰ ਕਰ ਲਈਆਂ।

ਸਭ ਤੋਂ ਪਹਿਲਾਂ ਤੇਲੀਵਾੜਾ ਵਿੱਚ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਦੇ ਠਹਿਰਨ ਵਾਲੇ ਅਸਥਾਨ 'ਤੇ ਗੁਰਦੁਆਰਾ ਬਣਵਾਇਆ। ਫਿਰ ਮਹਲਾ ਜੈਪੁਰ ਵਿੱਚ ਬੰਗਲਾ ਸਾਹਿਬ ਦੇ ਨਾਮ 'ਤੇ ਓਸ ਥਾਂ ਤੇ ਗੁਰਦੁਆਰਾ ਬਣਵਾਇਆ, ਜਿੱਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ-ਜੋਤਿ ਸਮਾਏ ਸਨ। ਜਮਨਾ ਦੇ ਕੰਢੇ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਦੇ ਅੰਗੀਠੇ ਦੀ ਯਾਦਗਾਰ ਕਾਇਮ ਕੀਤੀ।

ਫਿਰ ਗੁਰਦੁਆਰਾ ਰਕਾਬ ਗੰਜ ਓਸ ਜਗ੍ਹਾ 'ਤੇ ਬਣਵਾਇਆ, ਜਿੱਥੇ ਲੱਖੀਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਰੀਰ ਲੈ ਜਾ ਕੇ ਦਾਹ ਸਸਕਾਰ ਕੀਤਾ ਸੀ। ਫਿਰ ਕੋਤਵਾਲੀ ਲਾਗੇ ਉਸ ਜਗ੍ਹਾ ਦੀ ਤਲਾਸ਼ ਸ਼ੁਰੂ ਕੀਤੀ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਇੱਕ ਬੁੱਢੀ ਤੀਵੀਂ, ਜੋ ਮਾਸ਼ਕੀ ਦੀ ਤੀਵੀਂ ਸੀ, ਨੇ ਦੱਸਿਆ ਕਿ ਬੋਹੜ ਦੇ ਦਰਖ਼ਤ ਦੇ ਪਾਸ, ਜਿੱਥੇ ਮਸਜਦ ਬਣੀ ਹੋਈ ਹੈ, ਉੱਥੇ ਇਹ ਘਟਨਾ ਬੀਤੀ ਸੀ। ਮੇਰਾ ਖਾਵੰਦ ਓਸ ਵੇਲੇ ਮਸ਼ਕ ਲੈ ਕੇ ਪਾਸ ਖਲੋਤਾ ਹੋਇਆ ਸੀ। ਸਰਦਾਰ ਬਘੇਲ ਸਿੰਘ ਨੇ ਓਸ ਥਾਂ 'ਤੇ ਇੱਕ ਨਿੱਕਾ ਜਿਹਾ ਥੜ੍ਹਾ ਬਣਵਾ ਦਿੱਤਾ। ਮੁਸਲਮਾਨ ਤਲਵਾਰਾਂ ਲੈ ਕੇ ਨਿਕਲ ਆਏ, ਓਧਰ ਖ਼ਾਲਸਾ ਵੀ ਪਿੱਛੇ ਰਹਿਣ ਵਾਲਾ ਨਹੀਂ ਸੀ। ਉਹ ਵੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦਾ ਆ ਗੱਜਿਆ। ਦੋਹਾਂ ਧਿਰਾਂ ਤਲਵਾਰਾਂ ਧੂ ਲਈਆਂ। ਇੱਕ ਮਾਮੂਲੀ ਝੜਪ ਹੋਣ ਦੇ ਮਗਰੋਂ ਵਜ਼ੀਰ ਆਜ਼ਮ ਆ ਗਿਆ। ਸ੍. ਬਘੇਲ ਸਿੰਘ ਨੇ ਉਹਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਆਪਣੇ ਇਕਰਾਰਨਾਮੇ ਦੇ ਮੂਜਬ ਇਹ ਜਗ੍ਹਾ ਲੈ ਦੇਵੇ, ਨਹੀਂ ਤਾਂ ਇਹ ਖ਼ਬਰ ਸੁਣ ਕੇ ਹੀ ਪੰਜਾਬ ਵਿੱਚੋਂ ਖ਼ਾਲਸਾ ਵਹੀਰਾਂ ਪਾ ਕੇ ਆ ਜਾਏਗਾ ਤੇ ਫਿਰ ਜਾਨ ਬਚਾਉਣੀ ਮੁਸ਼ਕਲ ਹੋ ਜਾਵੇਗੀ। ਇਹ ਸੁਣ ਕੇ ਵਜ਼ੀਰ ਨੇ ਇਸ ਝਗੜੇ ਨੂੰ ਇਸ ਤਰ੍ਹਾਂ ਨਿਪਟਾਇਆ ਦੋਹਾਂ ਪਾਸਿਆਂ ਤੋਂ ਕੁਝ ਜਗ੍ਹਾ ਛੱਡ ਦਿੱਤੀ ਤੇ ਓਹ ਥੜ੍ਹਾ ਵੀ ਕਾਇਮ ਰੱਖਯਾ ਤੇ ਮਸਜਦ ਵੀ ਓਹਦੇ ਪਾਸ ਬਣਵਾ ਦਿੱਤੀ ਤੇ ਸਿੱਖਾਂ ਨੂੰ ਖ਼ੁਸ਼ ਕਰਨ ਵਾਸਤੇ ਕੁਝ ਜ਼ਮੀਨ ਬਜ਼ਾਰ ਤੇ ਕੋਤਵਾਲੀ ਵੱਲ ਛੱਡ ਕੇ ਇੱਕ ਬਾਰਾਦਰੀ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੇ ਖੋਹਲਣ ਲਈ ਬਣਵਾ ਦਿੱਤੀ। ਇਸ ਗੁਰਦਵਾਰੇ ਦਾ ਨਾਮ ਸੀਸ ਗੰਜ ਹੈ। ਇੱਥੋਂ ਦੀ ਸੇਵਾ ਵਾਸਤੇ ਇੱਕ ਸਿੰਘ ਨਿਯਤ ਕੀਤਾ ਗਿਆ। ਸੰਮਤ 1914 ਬ੍ਰਿ. ਜਦ ਕਿ ਗਦਰ ਹੋ ਜਾਣ 'ਤੇ ਅੰਗਰੇਜ਼ਾਂ ਨੇ ਦਿੱਲੀ ਫ਼ਤਿਹ ਕੀਤੀ ਤੇ ਸਿੱਖਾਂ ਨੇ ਸਰਕਾਰ ਨੂੰ ਬਹੁਤ ਮਦਦ ਦਿੱਤੀ, ਤਦ ਰਾਜਾ ਸਰੂਪ ਸਿੰਘ ਜੀਂਦ ਵਾਲੇ ਨੇ ਅੰਗਰੇਜ਼ਾਂ ਨਾਲ ਸਲਾਹ ਕਰ ਕੇ ਉਹ ਮਸਜਦ ਵੱਲ ਦੀ ਜਗ੍ਹਾ ਲੈ ਕੇ ਗੁਰਦਵਾਰੇ ਦੀ ਜਗ੍ਹਾ ਨੂੰ ਖੁੱਲ੍ਹਾ ਕਰਵਾ ਦਿੱਤਾ ਤੇ ਨਵੇਂ ਸਿਰੇ ਤੋਂ ਬਣਵਾਇਆ। ਮੁਸਲਮਾਨਾਂ ਨੇ ਕਲਕੱਤੇ ਅਪੀਲ ਕਰ ਕੇ ਇੱਕ ਵੇਰ ਫਿਰ ਇਸ ਜਗ੍ਹਾ 'ਤੇ ਮਸਜਦ ਬਣਵਾਈ, ਪਰੰਤੂ ਰਾਜਾ ਰਘਬੀਰ ਸਿੰਘ ਜੀਂਦ ਵਾਲੇ ਨੇ ਵਲਾਇਤ ਤੋਂ ਮਨਜ਼ੂਰੀ ਮੰਗਾ ਕੇ ਮਸਜਦ ਦੀ ਜਗ੍ਹਾ ਇੱਕ ਸੁੰਦਰ ਗੁਰਦਆਰਾ ਬਣਵਾ ਦਿੱਤਾ।

ਉਪਰੋਕਤ ਗੁਰਦੁਆਰਿਆਂ ਦੇ ਬਣ ਜਾਣ ਦੇ ਮਗਰੋਂ ਸ੍. ਬਘੇਲ ਸਿੰਘ ਨੇ ਬਾਦਸ਼ਾਹ ਨੂੰ ਕਿਹਾ ਕਿ ਹੁਣ ਮੈਂ ਪੰਜਾਬ ਵੱਲ ਜਾਂਦਾ ਹਾਂ। ਬਾਦਸ਼ਾਹ ਨੇ ਹਾਥੀ ਦੀ ਤੇ ਸੋਨੇ ਦੀ ਇੱਕ ਜ਼ੰਜੀਰ ਤੇ ਪੰਜ ਘੋੜੇ ਬਹੁਤ ਸਾਰੇ ਤੋਹਫ਼ੇ ਤੇ ਇੱਕ ਬਹੁਮੁੱਲਾ ਸਰੋਪਾ ਦੇ ਕੇ ਕਿਹਾ ਕਿ ਪ੍ਰਸੰਨਤਾ ਨਾਲ ਜਾਣਾ।

ਦਿੱਲੀ ਦੇ ਬਾਦਸ਼ਾਹ ਨੇ ਪੁੱਛਿਆ ਕਿ ਖ਼ਾਲਸੇ ਦੀ ਧਾਂਕ ਸਾਰੇ ਮੁਲਕ ਵਿੱਚ ਬੈਠ ਗਈ ਹੈ, ਹਰ ਇੱਕ ਆਦਮੀ ਇਹਨਾਂ ਦਾ ਲੋਹਾ ਮੰਨਦਾ ਹੈ, ਪਰੰਤੂ ਇਹ ਅੱਡ-ਅੱਡ

ਜਥੇ ਬਣਾ ਕੇ ਰਹਿੰਦੇ ਹਨ, ਤੇ ਆਪਸ ਵਿੱਚ ਇੱਕ-ਦੂਜੇ ਨਾਲ ਇਹਨਾਂ ਦੇ ਝਗੜੇ ਹੁੰਦੇ ਰਹਿੰਦੇ ਹਨ, ਇਸ ਦਾ ਕੀ ਕਾਰਨ ਹੈ ? ਸਰਦਾਰ ਬਘੇਲ ਸਿੰਘ ਨੇ ਉੱਤਰ ਵਿੱਚ ਕਿਹਾ ਕਿ ਰਾਏ ਦਾ ਅੱਡਰਾਪਣ ਹੋਣਾ ਸੁਭਾਵਿਕ ਗੱਲ ਹੈ। ਖ਼ਾਲਸਾ ਭਾਵੇਂ ਕਿੰਨੇ ਵੀ ਜਥੇ ਬਣਾ ਕੇ ਰਹੇ, ਫਿਰ ਖ਼ਾਲਸਾ ਹੈ ਤਾਂ ਦੁਸ਼ਮਣ ਦੇ ਟਾਕਰੇ ਲਈ ਇੱਕ ਹੈ। ਬਾਦਸ਼ਾਹ ਨੇ ਸ੍. ਬਘੇਲ ਸਿੰਘ ਤੋਂ ਇਹ ਗੱਲ ਸੁਣ ਕੇ ਦੰਦਾਂ ਹੇਠ ਉਂਗਲ਼ੀ ਲੈ ਲਈ, 5000 ਰੁਪੈ ਕੜਾਹ ਪ੍ਰਸ਼ਾਦ ਲਈ ਦੇ ਕੇ ਵਿਦਾ ਕੀਤਾ। ਸ੍. ਬਘੇਲ ਸਿੰਘ ਦਿੱਲੀ ਤੋਂ ਚੱਲ ਕੇ ਛਲੌਂਦੀ ਆ ਗਿਆ ਤੇ ਆਪਣੇ ਰਾਜ ਦਾ ਪ੍ਰਬੰਧ ਕਰਨ ਲੱਗਿਆ। ਜਦੋਂ ਤਕ ਸਰਦਾਰ ਬਘੇਲ ਸਿੰਘ ਜਿਉਂਦਾ ਰਿਹਾ, ਦਿੱਲੀ ਤੋਂ ਚੁੰਗੀ ਦਾ ਚੌਥਾ ਹਿੱਸਾ ਘਰ ਬੈਠਿਆਂ ਉਸ ਕੋਲ ਪਹੁੰਚਦਾ ਰਿਹਾ।

ਸੰਨ 1780 ਈ. ਵਿੱਚ ਬਘੇਲ ਸਿੰਘ ਅੰਮ੍ਰਿਤਸਰ ਗਿਆ। ਸ੍ਰੀ ਦਰਬਾਰ ਸਾਹਿਬ ਇਸ਼ਨਾਨ ਕਰ ਕੇ ਤਰਨਤਾਰਨ ਸਾਹਿਬ ਗਿਆ। ਸਰਦਾਰ ਗੁਲਾਬ ਸਿੰਘ ਦੇ ਚਲਾਣੇ ਦੀ ਖ਼ਬਰ ਸੁਣੀ। ਉਹਨਾਂ ਦਾ ਇਲਾਕਾ ਸਭਰਾਉਂ ਤੇ ਸਰਹਾਲੀ ਆਦਿਕ ਦਾ ਪ੍ਰਬੰਧ ਕਰਨ ਲੱਗਾ। ਸੰਨ 1782 ਈ. ਨੂੰ ਸਰਦਾਰ ਬਘੇਲ ਸਿੰਘ ਅਕਾਲ ਚਲਾਣਾ ਕਰ ਗਿਆ। ਉਸ ਤੋਂ ਪਿੱਛੋਂ ਸਰਦਾਰਨੀ ਰਾਮ ਕੌਰ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਦੋ ਲੱਖ ਦੇ ਇਲਾਕੇ 'ਤੇ ਕਬਜ਼ਾ ਕਰੀ ਰੱਖਿਆ ਤੇ ਰਤਨ ਕੌਰ ਨੇ ਛਲੌਂਦੀ ਵਾਲੇ 3 ਲੱਖ ਦੇ ਇਲਾਕੇ 'ਤੇ ਕਬਜ਼ਾ ਕਰੀ ਰੱਖਿਆ। ਸੰਨ 1806 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਰਤਨ ਕੌਰ ਦਾ ਇੱਕ ਲੱਖ ਦਾ ਖੁਰਦੀਨ ਦਾ ਇਲਾਕਾ ਜੋਧ ਸਿੰਘ ਕਲਸੀਏ ਵਾਲੇ ਨੂੰ ਤੇ ਪਰਗਣਾ ਬਹਲੋਪੁਰ ਆਪਣੇ ਨੌਕਰ ਵੀਰ ਭਾਨ ਨੂੰ ਦੇ ਦਿੱਤਾ। ਜਦੋਂ ਰਤਨ ਕੌਰ ਮਰ ਗਈ ਤਾਂ ਅੰਗਰੇਜ਼ਾਂ ਨੇ ਉਸ ਦੇ ਖ਼ਜ਼ਾਨੇ ਵਿੱਚੋਂ 75 ਲੱਖ ਦਾ ਮਾਲ ਜ਼ਬਤ ਕੀਤਾ।

1808 ਈ. ਨੂੰ ਸਤਲੁਜ ਦੇ ਪਰਲੇ ਪਾਸੇ ਦਾ ਮੁਲਕ ਜਦ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ, ਤਾਂ ਮਹਾਰਾਜਾ ਰਣਜੀਤ ਸਿੰਘ ਨਾਲ ਗੱਲਬਾਤ ਹੋ ਕੇ ਇਕਰਾਰਨਾਮੇ ਲਿਖੇ ਗਏ ਤੇ ਲੁਧਿਆਣੇ ਵਿੱਚ ਛਾਉਣੀ ਬਣ ਗਈ।

ਰਤਨ ਕੌਰ ਅੰਗਰੇਜ਼ਾਂ ਦੇ ਪਾਸ ਫ਼ਰਿਆਦੀ ਦੀ ਸ਼ਕਲ ਵਿੱਚ ਪੁਚਾਈ ਗਈ। ਕਰਨਲ ਲੂਨੀ ਅਕਟਰ ਨੇ ਪਰਗਣਾ ਖੁਰਦੀਨ ਵਾਪਸ ਦਿਵਾ ਦਿੱਤਾ। 1848 ਈ. ਵਿੱਚ ਜਦੋਂ ਰਤਨ ਕੌਰ ਮਰ ਗਈ, ਤਦ ਅੰਗਰੇਜ਼ਾਂ ਨੇ ਉਹਦਾ ਇਹ ਇਲਾਕਾ ਜ਼ਬਤ ਕਰ ਲਿਆ। ਰਤਨ ਕੌਰ ਦਾ ਛਲੌਂਦੀ ਵਾਲਾ ਇਲਾਕਾ ਪਹਿਲਾਂ ਹੀ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਚੁੱਕਾ ਸੀ। ਕਿਹਾ ਜਾਂਦਾ ਹੈ ਕਿ ਰਤਨ ਕੌਰ ਦਾ ਮਾਲ ਜ਼ਬਤ ਕਰਨ ਲਈ ਮਾਲੀ ਸਾਹਿਬ ਛਲੌਂਦੀ ਗਏ। ਤਦ ਓਹਦੇ ਖ਼ਜ਼ਾਨੇ ਵਿੱਚੋਂ 75 ਲੱਖ ਰੁਪਏ, ਜਵਾਹਰਾਤ ਤੇ ਗਹਿਣੇ ਆਦਿਕ ਨਿਕਲੇ। ਇੱਕ ਗਹਿਣਾ 30 ਹਜ਼ਾਰ ਦਾ ਸੀ, ਇੱਕ ਘੰਟਾ 3 ਲੱਖ ਦਾ। ਇਹ ਮਾਲ ਦੇਖ ਕੇ ਮਾਲੀ ਸਾਹਿਬ ਹੈਰਾਨ ਰਹਿ ਗਿਆ। ਸੰਤਾਨ ਨਾ ਹੋਣ ਕਾਰਨ ਸ੍. ਬਘੇਲ ਸਿੰਘ ਦਾ ਇਹ ਸਾਰਾ ਖ਼ਜ਼ਾਨਾ ਅੰਗਰੇਜ਼ਾਂ ਨੇ ਕਬਜ਼ੇ ਵਿੱਚ ਕਰ ਲਿਆ।

## ਸ਼ਹੀਦਾਂ ਮਿਸਲ




ਇਸ ਮਿਸਲ ਦਾ ਅਸਲ ਵਿੱਚ ਮਾਲਕ ਬਾਬਾ ਦੀਪ ਸਿੰਘ ਸ਼ਹੀਦ, ਪਿੰਡ ਪਹੂਵਿੰਡ, ਪਰਗਣਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ ਤੇ ਗੁਰਬਖ਼ਸ਼ ਸਿੰਘ, ਵਸਨੀਕ ਪਿੰਡ ਲੀਲ, ਪਰਗਣਾ ਜਲੰਧਰ, ਪਿੰਡ ਦਕੋਹਾ, ਪ੍ਰੇਮ ਸਿੰਘ, ਸ਼ੇਰ ਸਿੰਘ, ਦਰਗਾਹਾ ਸਿੰਘ, ਹੀਰਾ ਸਿੰਘ, ਆਦਿਕ ਉਸ ਦੇ ਸਾਥੀ ਸਨ। ਪਹਿਲਾਂ ਸ਼ਹੀਦ ਬਾਬਾ ਦੀਪ ਸਿੰਘ ਜੀ ਤੇ ਬੁੱਢਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਰਿਹਾ ਕਰਦੇ ਸਨ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਤੇ ਗੁਰੂ ਮਹਾਰਾਜ ਨਾਲ ਲੜਾਈਆਂ ਵਿੱਚ ਸ਼ਾਮਲ ਰਹੇ। ਜਦੋਂ ਗੁਰੂ ਜੀ ਨਾਂਦੇੜ ਚਲੇ ਗਏ ਤਾਂ ਬਾਬਾ ਦੀਪ ਸਿੰਘ ਜੀ ਦਮਦਮੇ (ਤਲਵੰਡੀ ਸਾਬੋ ਕੀ) ਵਿਖੇ ਟਿਕ ਗਏ। ਓਥੇ ਉਹਨਾਂ ਨੇ ਖੂਹ ਲਵਾਇਆ, ਜੋ ਹੁਣ ਤਕ ਮੌਜੂਦ ਹੈ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਇਆ ਤਾਂ ਬਾਬਾ ਦੀਪ ਸਿੰਘ ਜੀ ਆਪਣਾ ਜਥਾ ਲੈ ਕੇ ਉਸ ਵਿੱਚ ਜਾ ਮਿਲੇ। ਲੜਾਈ ਵਿੱਚ ਉਹ ਸਦਾ ਅੱਗੇ ਹੋ ਕੇ ਲੜਦੇ ਰਹੇ। ਇਸ ਲਈ ਉਸ ਜਥੇ ਦਾ ਨਾਮ 'ਸ਼ਹੀਦਾਂ ਦਾ ਜੱਥਾ' ਤੇ ਜਾਂ ਸ਼ਹੀਦਾਂ ਦੀ ਮਿਸਲ ਪੈ ਗਿਆ। ਬਾਬਾ ਦੀਪ ਸਿੰਘ ਦਾ ਲਕਬ ਸ਼ਹੀਦ ਪੈ ਗਿਆ। ਜਦ ਬਾਬਾ ਬੰਦਾ ਸਿੰਘ ਬਹਾਦਰ ਜੀ ਸ਼ਹੀਦ ਹੋ ਗਏ ਤਾਂ ਬਾਬਾ ਜੀ ਫਿਰ ਦਮਦਮਾ ਸਾਹਿਬ ਆ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਿਖੇ ਆਦਿ ਬੀੜ (*ਸ੍ਰੀ ਗਰੂ ਗ੍ਰੰਥ ਸਾਹਿਬ*) ਤਿਆਰ ਕਰਵਾਈ ਸੀ। ਉਹ ਬੀੜ ਦਮਦਮਾ ਸਾਹਿਬ ਵਿਖੇ ਹੀ ਸਸ਼ੋਭਿਤ

ਸੀ। ਬਾਬਾ ਦੀਪ ਸਿੰਘ ਜੀ ਨੇ ਉਸ ਉੱਤੋਂ ਉਤਾਰਾ ਕਰ ਕੇ *ਗੁਰੂ ਗ੍ਰੰਥ ਸਾਹਿਬ ਜੀ* ਦੀਆਂ ਚਾਰ ਬੀੜਾਂ ਤਿਆਰ ਕੀਤੀਆਂ। ਉਹਨਾਂ ਵਿੱਚੋਂ ਇੱਕ ਅਕਾਲ ਤਖ਼ਤ ਅੰਮ੍ਰਿਤਸਰ, ਇੱਕ ਪਟਨਾ ਸਾਹਿਬ ਤੇ ਇੱਕ ਅਨੰਦਪੁਰ ਸਾਹਿਬ ਭੇਜ ਦਿੱਤੀ, ਚੌਥੀ ਬੀੜ ਦਮਦਮਾ ਸਾਹਿਬ ਹੀ ਰੱਖੀ ਗਈ।

1748 ਈ. ਵਿੱਚ ਮਿਸਲਾਂ ਬਣੀਆਂ ਤਾਂ ਸ਼ਹੀਦਾਂ ਦੀ ਮਿਸਲ ਵੱਖਰੀ ਬਣ ਗਈ, ਜਿਸ ਦਾ ਜਥੇਦਾਰ ਬਾਬਾ ਦੀਪ ਸਿੰਘ ਬਣਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜੋ *ਗੁਰੂ ਗ੍ਰੰਥ ਸਾਹਿਬ* ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕਰਵਾਇਆ ਸੀ, ਉਹ ਖ਼ਾਲਸਾ ਜੀ ਦੇ ਲਸ਼ਕਰ ਵਿੱਚ ਰਿਹਾ ਕਰਦਾ ਸੀ, ਪਰੰਤੂ ਵੱਡੇ ਘੱਲੂਘਾਰੇ ਵਿੱਚ ਦੁਰਾਨੀਆਂ ਦੇ ਹੱਥ ਆ ਗਿਆ, ਜੋ ਉਸ ਨੂੰ ਕਾਬਲ ਲੈ ਗਏ।

ਸੰਮਤ 1816 ਬਿ. ਨੂੰ ਜਦ ਅਦੀਨਾ ਬੇਗ ਦੇ ਮਰਨ ਪਿੱਛੋਂ ਜਲੰਧਰ ਦਾ ਇਲਾਕਾ ਸਿੱਖਾਂ ਦੇ ਕਬਜ਼ੇ ਵਿੱਚ ਆਇਆ, ਉਸ ਵੇਲੇ ਬਾਬਾ ਦੀਪ ਸਿੰਘ ਨੇ ਸਿਆਲਕੋਟ ਦਾ ਇਲਾਕਾ ਮੁਹੰਮਦ ਅਮੀਨ ਤੋਂ ਫ਼ਤਿਹ ਕਰ ਕੇ ਆਪਣੇ ਸਾਥੀ ਦਿਆਲ ਸਿੰਘ ਤੇ ਨੱਥਾ ਸਿੰਘ ਸ਼ਹੀਦ ਨੂੰ ਦੇ ਦਿੱਤਾ। ਜੋ ਸ਼ਹੀਦ ਕਰਮ ਸਿੰਘ ਦੇ ਸਮੇਂ ਤਕ ਕੁਝ ਰੁਪਏ ਸਾਲਾਨਾ ਪੁਚਾਂਦੇ ਰਹੇ, ਪਰੰਤੂ ਗੁਲਾਬ ਸਿੰਘ ਦਾ ਅਵੈੜਾਪਣ ਵੇਖ ਕੇ ਉਹਨਾਂ ਨੇ ਇਹ ਜਾਗੀਰ ਦਰਬਾਰ ਬੇਰ ਬਾਬਾ ਨਾਨਕ ਸਾਹਿਬ ਦੇ ਨਾਮ ਲਾ ਦਿੱਤੀ।

ਸੰਮਤ 1817 ਬਿ. ਸੰਨ 1760 ਈ. ਵਿੱਚ ਦੀਪ ਸਿੰਘ ਜੀ ਨੇ ਕਰਤਾਰਪੁਰ ਵਿਖੇ 6 ਮਹੀਨੇ ਠਹਿਰ ਕੇ ਦਮਦਮੇ ਸਾਹਿਬ ਵਾਲੀ ਬੀੜ ਨੂੰ ਕਰਤਾਰਪੁਰ ਵਾਲੀ ਬੀੜ ਦੇ ਨਾਲ ਸੋਧਿਆ। ਪ੍ਰਸ਼ਾਦ-ਪਾਣੀ ਸ੍. ਜੱਸਾ ਸਿੰਘ ਆਹਲੂਵਾਲੀਏ ਦੇ ਲੰਗਰ ਵਿੱਚੋਂ ਛਕਦੇ ਰਹੇ। ਸੰਮਤ 1818 (1761 ਈ.) 'ਚ ਜਦ ਦੁਰਾਨੀ ਕੁਝ ਕੁ ਤਕੜੇ ਹੋਏ ਤੇ ਉਹਨਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕਰਨੀ ਸ਼ੁਰੂ ਕੀਤੀ ਤਾਂ ਉਸ ਵੇਲੇ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਇਹ ਗੱਲ ਸੁਣ ਕੇ ਦਮਦਮਾ ਸਾਹਿਬ ਨਾ ਰਹਿਆ ਗਿਆ। ਉਹਨਾਂ ਨੇ ਝੱਟ-ਪੱਟ ਆਪਣੀ ਥਾਂ 'ਤੇ ਨੱਥਾ ਸਿੰਘ ਨੂੰ ਛੱਡ ਕੇ ਸ੍ਰੀ ਅੰਮ੍ਰਿਤਸਰ ਵੱਲ ਸ਼ਹੀਦ ਹੋਣ ਦੇ ਇਰਾਦੇ ਤੋਂ ਕੂਚ ਕੀਤਾ। ਉਸ ਸਮੇਂ ਜੱਗੇ, ਬਹਮਨ, ਨੀਂਹਾਂ ਵਾਲੇ ਭੰਜੂ ਕੇ ਗੁਰੂ ਚੌਤਰੇ, ਲੱਖੀ ਜੰਗਲ, ਫੂਲ ਮਹਿਰਾਜ, ਦਰਾਜ ਭੁੱਚੋ, ਗੋਬਿੰਦਪੁਰਾ ਕੋਟ, ਆਦਿਕ ਪਿੰਡਾਂ ਵਿੱਚ ਜਿਹੜਾ ਖ਼ਾਲਸਾ ਉੱਤਰਿਆ ਹੋਇਆ ਸੀ, ਸਾਰਿਆਂ ਨੂੰ ਬੁਲਾ ਕੇ ਕਿਹਾ ਕਿ ਜਿਸ ਨੇ ਗੁਰੂ ਦੇ ਰਾਹ ਵਿੱਚ ਸਿਰ ਦੇਣਾ ਹੈ, ਸਾਡੇ ਨਾਲ ਆਵੇ। ਸੋ, ਪੰਜ ਹਜ਼ਾਰ ਸਵਾਰ ਸ਼ਹੀਦ ਹੋਣ ਲਈ ਤਿਆਰ ਹੋ ਗਏ।

ਦੁਸੈਹਰਾ ਕਰ ਕੇ ਉੱਥੋਂ ਕੂਚ ਕੀਤਾ। ਸਿੱਖਾਂ ਦੀ ਅਵਾਈ (ਆਉਣ) ਸੁਣ ਦੁਰਾਨੀ ਦੀ ਫ਼ੌਜ ਵੀ ਸਮੁੰਦਰ ਵਾਂਗ ਠਾਠਾਂ ਮਾਰਨ ਲੱਗੀ। ਜਹਾਨ ਖ਼ਾਂ ਸੈਨਾ ਲੈ ਕੇ ਗੋਹਲਵਾੜ ਦੇ ਪਾਸ ਆ ਡਟਿਆ। ਦੋਹਾਂ ਪਾਸਿਆਂ ਤੋਂ ਖ਼ੂਬ ਲੜਾਈ ਹੋਈ। ਸਿੰਘਾਂ ਨੇ ਅੰਮ੍ਰਿਤਸਰ ਪੁੱਜਣ ਦੀ ਕੋਸ਼ਿਸ਼ ਵਾਸਤੇ ਅਜਿਹੀ ਤਲਵਾਰ ਚਮਕਾਈ ਅਤੇ ਬਹਾਦਰੀ ਦਿਖਾਈ ਕਿ ਛੇ ਕੋਹ ਤਕ ਵਿਚਕਾਰ ਲਾਸ਼ 'ਤੇ ਲਾਸ਼ ਚੜ੍ਹਾ ਦਿੱਤੀ, ਸਾਰੀ

ਧਰਤੀ ਖ਼ੂਨ ਨਾਲ ਰੰਗੀ ਗਈ। ਰਾਮਸਰ ਤੀਰਥ ਦੇ ਲਾਗੇ ਸ਼ਹੀਦ ਦੀਪ ਸਿੰਘ ਦੇ ਨਾਲ ਸ਼ਾਹ ਜਮਾਲ ਪੰਜ ਹਜ਼ਾਰੀ ਆ ਅੜਿਆ। ਦੋਵੇਂ ਬਹੁਤ ਲੜੇ। ਆਖ਼ਰ ਥੋੜ੍ਹੀ ਦੇਰ ਬਾਅਦ ਦੋਹਾਂ ਨੇ ਬਹਾਦਰੀ ਦੇ ਜੌਹਰ ਵਿਖਾਏ ਤੇ ਬਾਬਾ ਜੀ ਨੇ ਜਮਾਲ ਸ਼ਾਹ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ ਤੇ ਦੀਪ ਸਿੰਘ ਜੀ ਦਾ ਸੀਸ ਵੀ ਧੜ ਨਾਲੋਂ ਅੱਡ ਹੋ ਗਿਆ। ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਰਾਮਸਰ ਦੇ ਲਾਗੇ ਬਣਿਆ ਹੋਇਆ ਹੈ। ਇਸੇ ਤਰ੍ਹਾਂ ਜਥੇਦਾਰ ਰਾਮ ਸਿੰਘ ਬਹੁਤਿਆਂ ਨੂੰ ਮਾਰ ਕੇ ਸ਼ਹੀਦ ਹੋਇਆ, ਜਿਸ ਦਾ ਸ਼ਹੀਦਗੰਜ ਰਾਮਗੜ੍ਹੀਆ ਦੇ ਕਟੜੇ ਵਿੱਚ ਤੇ ਗੱਜਣ ਸਿੰਘ, ਬਹਾਦਰ ਸਿੰਘ, ਅੱਘੜ ਸਿੰਘ, ਹੀਰਾ ਸਿੰਘ, ਆਦਿਕ ਕਈ ਸਿੰਘ ਗੁਰੂ ਕੇ ਬਾਗ਼ ਵਿੱਚ ਸ਼ਹੀਦ ਹੋਏ। ਉਹਨਾਂ ਦਾ ਅਸਥਾਨ ਬਾਗ ਵਿੱਚ ਹੈ, ਅੰਤ ਨੂੰ ਇਸ ਲੜਾਈ ਵਿੱਚ ਸਿੰਘ ਕਾਮਯਾਬ ਹੋਏ ਤੇ ਗਿਲਜੇ ਅੰਮ੍ਰਿਤਸਰ ਛੱਡ ਕੇ ਨੱਸ ਗਏ।

ਜਦੋਂ ਇਸ ਲੜਾਈ ਦਾ ਹਾਲ ਗੁਰਬਖ਼ਸ਼ ਸਿੰਘ ਤੇ ਦਰਗਾਹਾ ਸਿੰਘ ਨੇ ਸੁਣਿਆ ਤਾਂ ਉਸੇ ਵੇਲੇ ਅਨੰਦਪੁਰ ਸਾਹਿਬ ਤੋਂ ਦੋ ਹਜ਼ਾਰ ਸਵਾਰ ਲੈ ਕੇ ਚੜ੍ਹ ਆਏ ਤੇ ਦੁਰਾਨੀਆਂ ਨਾਲ ਲੜਦੇ ਹੋਏ ਅੰਮ੍ਰਿਤਸਰ ਆਣ ਪੁੱਜੇ। ਸਿੰਘਾਂ ਨੂੰ ਆਪਣੇ ਗੁਰਦਵਾਰੇ ਹਰਿਮੰਦਰ ਦੀ ਹਾਲਤ ਵੇਖ ਕੇ ਬੜਾ ਦੁੱਖ ਹੋਇਆ। ਉਹਨਾਂ ਰਾਤੀਂ ਛਾਪਾ ਮਾਰਿਆ ਤੇ ਦੁਰਾਨੀਆਂ ਦੇ ਥਾਣੇ-ਤਸੀਲਾਂ, ਸਾਰੇ ਸਾੜ ਦਿੱਤੇ। ਤਮੂਰ ਸ਼ਾਹ ਨੇ ਸਿੰਘਾਂ ਦਾ ਇਹ ਹਾਲ ਦੇਖ ਕੇ ਕਾਬਲ, ਮੁਲਤਾਨ, ਰੁਹਤਾਸ, ਆਦਿਕ ਸਥਾਨਾਂ ਤੋਂ ਫ਼ੌਜਾਂ ਸੱਦ ਲਈਆਂ ਤੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦਿੱਤਾ। ਸ਼ਾਹ ਨਿਜ਼ਾਮਉਦੀਨ, ਸਰਬਲੰਦ ਖ਼ਾਂ, ਜਾਬਰ ਖ਼ਾਂ, ਜ਼ਾਲਮ ਖ਼ਾਂ, ਆਦਿਕ ਫ਼ੌਜਦਾਰ 20 ਹਜ਼ਾਰ ਲੜਾਕੇ ਪਠਾਣ ਲੈ ਕੇ ਮੈਦਾਨ ਵਿੱਚ ਆਏ। ਉਧਰ 9 ਮੱਘਰ 1818 (ਸੰਨ 1761 ਈ.) ਨੂੰ ਗੁਰਬਖ਼ਸ਼ ਸਿੰਘ ਜਥੇਦਰ ਨੇ ਵੀ ਦੁਸ਼ਮਣ ਦੀ ਚੜ੍ਹਾਈ ਸੁਣ ਕੇ ਧਰਮ ਯੁੱਧ ਲਈ ਕਮਰਕੱਸੇ ਕਰ ਲਏ ਤੇ ਅਰਦਾਸ ਕਰ ਕੇ ਸ਼ਹੀਦ ਹੋਣ ਲਈ ਤਿਆਰ ਹੋ ਬੈਠੇ। ਦਿਨ ਚੜ੍ਹਦੇ ਨੂੰ ਦੁਰਾਨੀ ਆ ਪੁੱਜੇ। ਅੰਮ੍ਰਿਤਸਰ ਸਰੋਵਰ ਦੇ ਪਿਛਲੇ ਪਾਸੇ ਇੱਕ ਬੜੀ ਭਯਾਨਕ ਲੜਾਈ ਹੋਈ। ਅੰਤ ਨੂੰ ਜਦ ਗੁਰਬਖ਼ਸ਼ ਸਿੰਘ, ਬਸੰਤ ਸਿੰਘ, ਨਿਹਾਲ ਸਿੰਘ, ਆਦਿਕ ਵੱਡੇ-ਵੱਡੇ ਜਥੇਦਾਰ ਸ਼ਹੀਦ ਹੋ ਗਏ ਤੇ ਦੁਰਾਨੀਆਂ ਦੀ ਫ਼ੌਜ ਪਿੱਛੋਂ ਹੋਰ ਬਹੁਤ ਸਾਰੀ ਆ ਗਈ, ਤਦ ਸਿੰਘ ਬਾਸਰਾ ਦੀ ਬੀੜ ਵਿੱਚ ਜਾ ਵੜੇ, ਦੁਰਾਨੀ ਮੈਦਾਨ ਖ਼ਾਲੀ ਦੇਖ ਕੇ ਵਾਪਸ ਮੁੜ ਗਏ।

ਗੁਰਬਖ਼ਸ਼ ਸਿੰਘ ਨੂੰ ਅਕਾਲ ਤਖ਼ਤ ਦੇ ਪਿੱਛੇ, ਬਸੰਤ ਸਿੰਘ, ਥੜ੍ਹੇ ਸਾਹਿਬ ਦੇ ਪਾਸ, ਨਿਹਾਲ ਸਿੰਘ ਦੀ ਚਰੁਸਤੀ ਅਟਾਰੀ ਦੇ ਪਾਸ, ਜੋ ਜਿਥੇ ਸ਼ਹੀਦ ਹੋਇਆ, ਓਸੇ ਥਾਂ ਤੇ ਓਹਦੀ ਸਮਾਧ ਬਣਾ ਦਿੱਤੀ ਤੇ ਇਹ ਅਸਥਾਨ ਹੁਣ ਸ਼ਹੀਦ ਗੰਜ ਦੇ ਨਾਮ 'ਤੇ ਮਸ਼ਹੂਰ ਹਨ। ਹੁਣ ਦੀਪ ਸਿੰਘ ਦੀ ਥਾਂ ਸੁਧ ਸਿੰਘ, ਗੁਰਬਖ਼ਸ਼ ਸਿੰਘ ਦੀ ਜਗ੍ਹਾ ਸੂਬਾ ਸਿੰਘ, ਬਸੰਤ ਸਿੰਘ ਦੀ ਜਗ੍ਹਾ ਪ੍ਰੇਮ ਸਿੰਘ ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਬਣੇ।

ਸੁਧ ਸਿੰਘ 1819 ਬ੍ਰਿ. ਨੂੰ ਪਿੰਡ ਦਕੋਹੇ ਦੇ ਲਾਗੇ ਪਠਾਣਾਂ ਦੀ ਲੜਾਈ ਵਿੱਚ ਮਾਰਿਆ ਗਿਆ। ਕਰਮ ਸਿੰਘ ਇਸ ਦੀ ਜਗ੍ਹਾ 'ਤੇ ਨਿਯੁਕਤ ਹੋਇਆ। ਸਰਦਾਰ ਕਰਮ ਸਿੰਘ ਚੌਧਰੀ ਬੀਰ ਸਿੰਘ ਦਾ ਪੁੱਤਰ ਪਿੰਡ ਮਰਾਨਾ ਪਰਗਣਾ ਲਾਹੌਰ ਦਾ ਰਹਿਣ ਵਾਲਾ ਸੀ। ਸੰਮਤ 1820 ਸੰਨ 1773 ਈ. ਜਦ ਸਿੰਘਾਂ ਨੇ ਜੈਨ ਖ਼ਾਂ ਨੂੰ ਮਾਰ ਕੇ ਸਰਹੰਦ ਦੀ ਇੱਟ ਨਾਲ ਇੱਟ ਵਜਾਈ ਤੇ ਸਾਰੇ ਮੁਲਕ ਵਿੱਚ ਆਪਣਾ ਦਬਦਬਾ ਕਾਇਮ ਕੀਤਾ, ਉਸ ਵੇਲੇ ਕਰਮ ਸਿੰਘ ਨੇ ਵੀ ਸ਼ਾਹਜ਼ਾਦਪੁਰ, ਮਾਜਰੀ, ਕੇਸਰੀ, ਆਦਿਕ ਇੱਕ ਲੱਖ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। ਆਪ ਕੇਸਰੀਪੁਰ ਵਿੱਚ ਰਿਹਾ ਕਰਦਾ ਸੀ ਤੇ ਸ਼ਾਹਜ਼ਾਦਪੁਰ ਵਿੱਚ ਧਰਮ ਸਿੰਘ ਸੀ ਪਰ ਜਦੋਂ ਉਹ ਮਰ ਗਿਆ, ਉਸ ਦੀ ਸਰਦਾਰਨੀ ਮਾਈ ਦੇਸਾਂ ਨੂੰ ਵੱਡਾ ਪਿੰਡ ਗੁਜ਼ਾਰੇ ਲਈ ਦੇ ਕੇ ਆਪ ਸ਼ਾਹਜ਼ਾਦਪੁਰ ਰੈਹਣ ਲੱਗਾ। ਜਦ ਮਾਈ ਦੇਸਾਂ ਮਰ ਗਈ, ਤਦ ਉਹਦਾ ਇਲਾਕਾ ਵੀ ਇਸ ਦੇ ਕਬਜ਼ੇ ਵਿੱਚ ਆ ਗਿਆ। ਦਮਦਮਾ ਸਾਹਿਬ ਦੇ ਪਾਸ ਰਾਨੀਆਂ ਵਾਲੇ ਨਵਾਬ ਜਾਬਤਾ ਖ਼ਾਂ ਰਾਜਪੂਤ ਦਾ ਰਾਜ ਸੀ। ਸਿੰਘਾਂ ਨਾਲ ਉਸ ਦੀ ਸਦਾ ਛੇੜ-ਛਾੜ ਰਹਿੰਦੀ ਸੀ। ਸਿੰਘਾਂ ਨੇ ਇੱਕ ਵੇਰ ਅਜਿਹੇ ਹੱਥ ਦਿਖਾਏ ਕੇ ਜਾਬਤਾ ਖ਼ਾਂ ਨੇ ਦਾਦੂ, ਧਰਮਪੁਰ, ਰਾਮਪੁਰਾ, ਤਲੋਕੇ ਵਾਲਾ, ਕੇਵਲ ਤੇ ਹੁਨਾ ਪਕਾ, ਆਦਿਕ ਪਿੰਡ ਸ਼ਹੀਦ ਕਰਮ ਸਿੰਘ ਨੂੰ ਭੇਖਰ ਗੁਰਦੁਆਰੇ ਦੇ ਵਾਸਤੇ ਇਸ ਸ਼ਰਤ 'ਤੇ ਦਿੱਤੇ ਕਿ ਮੇਰੇ ਮੁਲਕ ਵਿੱਚ ਕੋਈ ਸਿੰਘ ਦਾਖ਼ਲ ਨਾ ਹੋਵੇ। ਉਹਨਾਂ 12 ਪਿੰਡਾਂ ਵਿੱਚੋਂ 7 ਪਿੰਡ, ਜਿਨ੍ਹਾਂ ਦੀ ਆਮਦਨੀ 36 ਸੌ ਰੁਪਯਾ ਸਾਲਾਨਾ, ਗੁਰਦਵਾਰੇ ਦੇ ਨਾਮ ਮਾਫੀ ਹੈ।

ਦਮਦਮਾ ਸਾਹਿਬ ਵਿੱਚ 404 ਸਿੰਘ, 2 ਤੋਪਾਂ, 10 ਜੰਬੂਰੇ ਰਿਹਾ ਕਰਦੇ ਸਨ। ਨੱਥਾ ਸਿੰਘ ਸ਼ਹੀਦ ਉੱਥੋਂ ਦਾ ਮੁਖਤਾਰ ਸੀ, ਜਿਸ ਨੂੰ ਦੀਪ ਸਿੰਘ ਜੀ ਸ਼ਹੀਦ ਆਪਣੀ ਥਾਂ 'ਤੇ ਬਿਠਾ ਗਏ ਸਨ। ਸਰਦਾਰ ਕਰਮ ਸਿੰਘ ਨੇ ਇਹਨਾਂ ਨੂੰ ਇੱਥੋਂ ਬਦਲ ਕੇ ਅਮਲੀ ਜਾਗੀਰ ਭੇਜ ਦਿੱਤਾ ਤੇ ਇਹਨਾਂ ਦੀ ਜਗ੍ਹਾ 'ਤੇ ਰਣ ਸਿੰਘ ਨੂੰ ਨਿਯਤ ਕਰ ਦਿੱਤਾ। ਇਸ ਨੇ ਤੀਹਨਾ ਪਿੰਡ ਦਬਾ ਲਿਆ, ਜੋ ਬਾਅਦ ਵਿੱਚ ਇਸ ਦੀ ਔਲਾਦ ਮਹਿਤਾਬ ਸਿੰਘ ਕੋਲ ਰਿਹਾ।

ਸੰਮਤ 1825 (1768 ਈ.) 'ਚ ਖ਼ਾਲਸੇ ਨੇ ਬ੍ਰਾਹਮਣ ਦੀ ਫ਼ਰਿਆਦ ਸੁਣ ਕੇ ਜਲਾਲਾਬਾਦ ਲੁਹਾਰੀ ਦੇ ਨਵਾਬ 'ਤੇ ਚੜ੍ਹਾਈ ਕੀਤੀ। ਤਦ ਉਸ ਵੇਲੇ ਸ਼ਹੀਦ ਕਰਮ ਸਿੰਘ ਸੈਨਾਪਤੀ ਬਣਿਆ ਤੇ ਇਸ ਮੁਕਾਬਲੇ ਵਿੱਚ ਇਸ ਨੇ ਬੜੀ ਜਵਾਂ ਮਰਦੀ ਨਾਲ ਕਾਮਯਾਬੀ ਪ੍ਰਾਪਤ ਕੀਤੀ।

ਇਹ ਇੱਕ ਬੜਾ ਦਲੇਰ ਤੇ ਜਵਾਂ ਮਰਦ ਸੀ। ਇੱਕ ਲੱਖ ਦਾ ਇਲਾਕਾ ਇਸ ਦੇ ਅਧੀਨ ਸੀ। ਪਰਗਣਾ ਰਨਖੰਡੀ ਤੇ ਬੜਬਾ ਜਮਣੀ ਦਾ ਇੱਕ ਲੱਖ ਦਾ ਇਲਾਕਾ, ਜੋ ਸਹਾਰਨਪੁਰ ਜ਼ਿਲ੍ਹੇ ਵਿੱਚ ਹੈ, 30 ਸਾਲ ਤਕ ਇਸ ਦੇ ਅਧੀਨ ਰਿਹਾ। ਇਸ ਦਾ ਚਲਾਣਾ 1794 ਈ. ਵਿੱਚ ਹੋਇਆ। ਪਿੱਛੋਂ ਇਸ ਦੇ ਬੇਟੇ ਗੁਲਾਬ ਸਿੰਘ ਦੀ ਬੇਇਤਜ਼ਾਮੀ ਤੋਂ 1869 ਨੂੰ ਜਦ ਸਰ ਕਰ ਕੇ ਅੰਗਰੇਜ਼ਾਂ ਨੇ ਬੰਦੋਬਸਤ ਕੀਤਾ, ਤਦ

ਇਹਦੇ ਹੱਥੋਂ ਇਹ ਇਲਾਕੇ ਨਿਕਲ ਗਏ। ਗੁਲਾਬ ਸਿੰਘ ਬੇਸਮਝ ਸੀ ਤੇ ਉਹ ਹੋਰ ਹੋਰ ਖ਼ਿਆਲਾਂ ਵਿੱਚ ਲੱਗਾ ਰਹਿੰਦਾ ਸੀ। ਸੰਨ 1853 'ਚ ਜਦ ਹਰਿਦਵਾਰ ਦਾ ਕੁੰਭ ਦਾ ਮੇਲਾ ਵੇਖ ਕੇ ਮੁੜਦੀ ਵਾਰ ਪਿੰਡ ਬੜੂੜੇ ਵਿੱਚ ਡੇਰਾ ਕੀਤਾ, ਤਦ ਉਸ ਵੇਲੇ ਵੀ ਹਮੇਸ਼ਾ ਦੀ ਤਰ੍ਹਾਂ ਚੌਧਰੀ ਨਜ਼ਰਾਨੇ ਲੈ ਕੇ ਮਿਲੇ। ਸੰਨ 1862 ਸੰਨ 1805 ਈ. 'ਚ ਜਦ ਅੰਗਰੇਜ਼ਾਂ ਦੀ ਸਲਤਨਤ ਕਰਨਾਲ ਤਕ ਪੁੰਜੀ ਤਾਂ ਉਸ ਵੇਲੇ ਗੁਲਾਬ ਸਿੰਘ ਨੇ ਕਰਨਲ ਅਖਤਰ ਲੋਨੀ ਨੂੰ ਮਿਲ ਕੇ ਉਹਨਾਂ ਦੀ ਪਨਾਹ ਵਿੱਚ ਰਹਿਣ ਦੀ ਬੇਨਤੀ ਕੀਤੀ, ਜਿਸ ਤੋਂ ਸਾਹਿਬ ਬਹਾਦਰ ਨੇ ਖ਼ੁਸ਼ ਹੋ ਕੇ ਇਹ ਚਿੱਠੀ ਲਿਖ ਦਿੱਤੀ।

ਸਿੱਖ ਸਰਦਾਰ ਗੁਲਾਬ ਸਿੰਘ ਕੇਸਰੀ ਵਾਲੇ ਨੇ ਇਸ ਪਿੰਡ ਵਿੱਚ ਆ ਕੇ ਕੰਪਨੀ ਦੀ ਬੜੀ ਸੇਵਾ ਕੀਤੀ ਹੈ ਤੇ ਪਨਾਹ ਲਈ ਹੈ। ਜਿਹੜਾ ਅਫ਼ਸਰ ਮੇਰੀ ਪਿੱਛੋਂ ਕਮਾਨ 'ਤੇ ਆਵੇ, ਓਹ ਇਸ ਨੂੰ ਆਪਣਾ ਵਫ਼ਾਦਾਰ ਸਮਝ ਕੇ ਆਪਣੀ ਪਨਾਹ ਵਿੱਚ ਰੱਖੇ ਤੇ ਜੋ ਕੁਝ ਇਸ ਦੇ ਮੁਲਕ ਵਿੱਚ ਹਾਨ-ਲਾਭ ਹੋਵੇ, ਉਸ 'ਤੇ ਵੀ ਧਿਆਨ ਰੱਖੇ।

ਹਸਤਾਖਰ-ਲੋਨੀ ਅਖਤਰ, 6-1-1804। ਜਦ ਅੰਗਰੇਜ਼ਾਂ ਦੀ ਛਾਉਣੀ 1865 ਵਿੱਚ ਲੁਧਿਆਣੇ ਬਣੀ, ਤਦ ਇਸ ਰਿਆਸਤ ਦਾ ਨਾਮ ਵੀ ਚੌਂਤੀ ਘਰਾਂ ਵਿੱਚ ਗਿਣਿਆ ਗਿਆ।

ਸੰਮਤ 1901 ਸੰਨ 1844 'ਚ ਗੁਲਾਬ ਸਿੰਘ ਦੇ ਪਿੱਛੋਂ ਉਸ ਦਾ ਪੁੱਤਰ ਸ਼ਿਵਕਰਪਾਲ ਸਿੰਘ ਗੱਦੀ 'ਤੇ ਬੈਠਾ। ਸੰਮਤ 1936 (1879 ਈ.) ਵਿੱਚ ਸਤਲੁਜ ਦੀ ਲੜਾਈ, ਸੰਨ 1857 ਈ. ਦੇ ਗ਼ਦਰ ਵਿੱਚ ਇਸ ਨੇ ਵੀ ਅੰਗਰੇਜ਼ਾਂ ਦੀ ਮਦਦ ਕੀਤੀ ਤੇ ਨੇਕਨਾਮੀ ਦੀ ਚਿੱਠੀ ਵੀ ਪ੍ਰਾਪਤ ਕੀਤੀ। ਸੰਮਤ 1928 ਬ੍ਰਿ. ਨੂੰ ਇਸ ਦੇ ਮਰਨ 'ਤੇ ਇਸ ਦੇ ਲੜਕੇ ਸਰਦਾਰ ਜੀਵਨ ਸਿੰਘ ਨੇ ਇਸ ਦੀ ਜਗ੍ਹਾ ਲਈ। ਸਰਦਾਰ ਜੀਵਨ ਸਿੰਘ ਦਾ ਵਿਆਹ ਮਹਾਰਾਜਾ ਮਹਿੰਦਰ ਸਿੰਘ ਪਟਿਆਲ਼ਾ ਵਾਲੇ ਦੀ ਲੜਕੀ ਬਚਿੱਤਰ ਕੌਰ ਦੇ ਨਾਲ ਹੋਇਆ। ਇਸ ਸਮੇਂ 20 ਲੱਖ ਤੋਂ ਉੱਪਰ ਰੁਪਯਾ ਸਰਦਾਰ ਜੀਵਨ ਸਿੰਘ ਦੇ ਘਰ ਪੁੱਜਾ। ਰਕਮ ਦਾ ਵੇਰਵਾ ਇੰਜ ਹੈ :

ਕੁੜਮਾਈ ਹੋਣ ਸਮੇਂ 125 ਘੋੜੇ, 3 ਹਾਥੀ, 41 ਊਠ, 125 ਮੋਹਰਾਂ, ਇੱਕ ਮੋਹਰ 20 ਰੁਪਏ ਦੀ ਸੀ। ਵਿਆਹ ਦੇ ਮੌਕੇ 'ਤੇ 50 ਘੋੜੇ, 81 ਊਠ, 5 ਹਾਥੀ, 2 ਰੱਥ, 2 ਬੱਘੀਆਂ 1 ਡੋਲਾ, 1 ਸੁਖਪਾਲ ਚਾਂਦੀ ਦਾ। ਡੋਰਾ ਬਨ੍ਹਾਤ ਦਾ ਸਾਇਬਾਨ ਸਮੇਤ ਲਕੜਾਂ ਤੇ ਚਾਂਦੀ, 5 ਭੈਂਸਾਂ, 7 ਗਊਆਂ, 600 ਤੋਵਰ, 235 ਜ਼ਨਾਨੀ ਪੁਸ਼ਾਕਾਂ 125 ਮਰਦਾਵੀਆਂ ਪੁਸ਼ਾਕਾਂ, 125 ਖ਼ਿਲਅਤਾਂ, 125 ਦੁਸ਼ਾਲੇ, ਇਹ ਹਰ ਇੱਕ ਪੁਸ਼ਾਕ, ਖ਼ਿਲਅਤ ਤੇ ਦੁਸ਼ਾਲੇ 100 ਤੋਂ ਲੈ ਕੇ 1000 ਰੁਪਯਾ ਮੁੱਲ ਤਕ ਦੇ ਸਨ। 14 ਹਜ਼ਾਰ ਰੁਪਯਾ ਨਕਦ, 11 ਹਜ਼ਾਰ ਅਸ਼ਰਫ਼ੀਆਂ।

**ਮੁਕਲਾਵਾ** : ਸਾਰੀਆਂ ਚੀਜ਼ਾਂ ਵਿਆਹ ਦੇ ਸਮੇਂ ਨਾਲੋਂ ਅੱਧੀਆਂ ਦਿੱਤੀਆਂ ਗਈਆਂ। ਇੰਨਾ ਹੀ ਤਰਵਾਜਾ ਤੇ ਪੰਜਵੀਂ ਵੇਰ ਮੁਕਲਾਵੇ ਤੋਂ ਅੱਧ ਸਮਾਨ ਦਿੱਤਾ

ਗਿਆ। ਬਾਕੀ ਰਿਹਾ ਦਿਨ ਦਿਹਾਰ ਤੇ ਹਰ ਸਾਲ ਇੱਕ ਲੱਖ ਤੋਂ ਘੱਟ ਨਹੀਂ ਦਿੱਤਾ ਗਿਆ ਤੇ 10 ਹਜ਼ਾਰ ਰੁਪਯਾ ਨਕਦ ਸਾਲਾਨਾ ਬੀਬੀ ਸਾਹਿਬ ਦੀਆਂ ਪੁਸ਼ਾਕਾਂ ਦਾ ਨਿਯਤ ਹੈ । ਇਸ ਤੋਂ ਅੱਧ ਓਹਦੀ ਲੜਕੀ ਦਾ ਤੇ ਉਹਦੇ ਬਰਬਾਰ ਓਹਦੇ ਲੜਕੇ ਪਟਿਆਲ਼ੇ ਤੋਂ ਨਿਯਤ ਹੈ। ਜਦੋਂ ਬੀਬੀ ਸਾਹਿਬ ਪਟਿਆਲ਼ੇ ਆਉਣ, 3500 ਰੁਪਏ ਨਕਦ ਤੇ ਇੰਨੇ ਦਾ ਹੀ ਸਮਾਨ ਜਾਣ ਵੇਲੇ ਦਿੱਤਾ ਜਾਂਦਾ। ਜਦ ਕਦੇ ਕਿਸੇ ਵਿਆਹ ਸਮੇਂ ਤੇ ਆਉਣ, ਤਦ 12 ਹਜ਼ਾਰ ਨਕਦ ਤੇ ਏਨਾ ਹੀ ਸਮਾਨ ਜਾਣ ਵੇਲੇ ਹੁੰਦਾ ਹੈ। ਇਸ ਤੋਂ ਛੁੱਟ 4 ਲੱਖ ਦਾ ਗਹਿਣਾ ਬੀਬੀ ਸਾਹਿਬ ਦਾ ਤੇ 125 ਲੱਖ ਦਾ ਗਹਿਣਾ ਸਰਦਾਰ ਸਾਹਿਬ ਦਾ ਇੱਕ ਵੇਰ ਅੱਗੇ ਮਿਲਿਆ ਸੀ, ਹੁਣ ਫਿਰ ਦੋ ਲੱਖ ਦਾ ਗਹਿਣਾ ਬੀਬੀ ਸਾਹਿਬ ਦੀ ਲੜਕੀ ਤੇ ਲੜਕੇ ਨੂੰ ਦਿੱਤਾ ਗਿਆ।

ਸਰਦਾਰ ਜੀਵਨ ਸਿੰਘ ਦੀ ਜਾਗੀਰ ਦੀ ਆਮਦਨੀ ਸਾਲਾਨਾ 48 ਹਜ਼ਾਰ ਰੁਪਈਏ ਦੀ ਸੀ। ਇਹਨਾਂ ਦਾ ਇੱਕ ਬੁੰਗਾ ਜੀਹਦਾ ਨਾਮ ਸ਼ਹੀਦ ਬੁੰਗਾ ਤੇ ਇੱਕ ਹਵੇਲੀ ਤੇ 12-14 ਦੁਕਾਨਾਂ ਅੰਮ੍ਰਿਤਸਰ ਵਿੱਚ ਸਨ। 10 ਜਨਵਰੀ, 1890 ਈ. ਨੂੰ ਗਵਰਨਰ ਪੰਜਾਬ ਵੱਲੋਂ ਸੀ.ਐੱਮ.ਆਈ. (ਸਟਾਰ ਆਫ ਇੰਡੀਆ) ਦਾ ਖ਼ਿਤਾਬ ਸ੍. ਜੀਵਨ ਸਿੰਘ ਨੂੰ ਮਿਲਿਆ। ਇਸ ਰਈਸ ਦੇ ਜ਼ੈਲਦਾਰ' ਜੋ ਚਵੀ ਹਜ਼ਾਰ ਸਾਲਾਨਾ ਦੇ ਹਨ, ਉਹਨਾਂ ਦੀ ਕਮਿਸ਼ਨ ਆਦਿਕ ਸਭ ਕਾਰਵਾਈ ਇਹਨਾਂ ਰਾਹੀਂ ਹੁੰਦੀ ਸੀ। ਇਹਨਾਂ ਨੂੰ 1809 ਦੇ ਕਾਇਦੇ ਕਨੂੰਨ ਅਨੁਸਾਨ ਕਮਿਸ਼ਨ (=) ਵੀ ਰੁਪਯਾ ਜਾਗੀਰ ਸਰਕਾਰੇ ਦਾਖ਼ਲ ਕਰਨਾ ਪੈਂਦਾ ਸੀ। ਸਰਦਾਰ ਜੀਵਨ ਸਿੰਘ ਦੀ ਜਾਗੀਰ ਦੀ ਆਮਦਨ 48 ਹਜ਼ਾਰ ਰੁਪਿਆ ਸਾਲਾਨਾ ਸੀ।

## ਫੂਲਕੀਆ ਮਿਸਲ

ਇਸ ਮਿਸਲ ਦੀਆਂ ਤਿੰਨ ਵੱਡੀਆਂ ਰਿਆਸਤਾਂ ਪਟਿਆਲ਼ਾ, ਨਾਭਾ ਤੇ ਜੀਂਦ ਬੜੀਆਂ ਮਸ਼ਹੂਰ ਹੋਈਆਂ। ਹੁਣ ਵੀ ਇਹਨਾਂ ਦੇ ਅੰਸ-ਬੰਸ ਕਾਇਮ ਹਨ। ਸ਼ਾਹੀ ਟੌਹਰ ਕਾਇਮ ਹੈ। ਇਸ ਮਿਸਲ ਦਾ ਅਸਲ ਮੋਢੀ ਜਿਸ ਦੀਆਂ ਇਹ ਤਿੰਨੋਂ ਰਿਆਸਤਾਂ ਸੰਤਾਨ ਹਨ, ਇੱਕ ਭਾਗਾਂ ਵਾਲਾ ਬੜਾ ਨੇਕ, ਪਾਕ ਚੌਧਰੀ ਫੂਲ ਦੇ ਨਾਮ ਦਾ, ਕੌਮ ਸਿੱਧੂ ਜੱਟ ਮੁਲਕ ਮਾਲਵੇ ਦਾ ਹੋਇਆ ਹੈ। ਇਹ ਆਦਮੀ ਅਸਲ ਵਿੱਚ ਰਾਜਾ ਜੈਸਲ ਸ਼ਹਿਰ ਜੈਸਲਮੇਰ ਦਾ ਬਨਾਣ ਵਾਲਾ ਰਾਜਪੂਤਾਨੇ ਦੇ ਵਸਨੀਕ ਦੀ ਵੀਹਵੀਂ ਪੀੜ੍ਹੀ ਵਿੱਚੋਂ ਭੱਟੀ ਰਾਜਪੂਤਾਂ ਦੇ ਖ਼ਾਨਦਾਨ ਵਿੱਚੋਂ ਸੀ।

ਰਾਜਾ ਜੈਸਲ ਦਾ ਬੇਟਾ ਭੀਮ ਮੱਲ ਆਪਣੇ ਭਰਾ ਦੇ ਨਾਲ ਗੱਦੀ 'ਤੇ ਬੈਠਾ ਹੋਇਆ ਸੀ, ਨਾਲ ਲੜ ਕੇ 1180 ਈ. ਵਿੱਚ ਪੰਜਾਬ ਵੱਲ ਚਲਾ ਆਇਆ ਤੇ ਲੁੱਟਮਾਰ ਕਰ ਕੇ ਗੁਜ਼ਾਰਾ ਕਰਦਾ ਰਿਹਾ, ਪ੍ਰੰਤੂ ਜਦ 1186 ਈ. ਵਿੱਚ ਸ਼ਹਾਬਉਦੀਨ ਗੌਰੀ ਨੇ ਦਿੱਲੀ 'ਤੇ ਹਮਲਾ ਕੀਤਾ ਤਾਂ ਭੀਮ ਮੱਲ ਨੇ ਇਸ ਦੀ ਬਹੁਤ ਮਦਦ ਕੀਤੀ, ਜਿਸ ਤੋਂ ਫ਼ਤਿਹ ਪ੍ਰਾਪਤ ਕਰ ਕੇ ਮੁਹੰਮਦ ਗੌਰੀ ਨੇ ਉਸ ਨੂੰ ਹਿਸਾਰ, ਸਰਸਾ ਤੇ ਭਟਨੇਰ ਦਾ ਇਲਾਕਾ ਦੇ ਦਿੱਤਾ। ਸੰਨ 1196 ਈ. ਵਿੱਚ ਉਸ ਨੇ ਬੜਾ ਪੱਕਾ ਕਿਲ੍ਹਾ ਬਣਾਇਆ। ਸੰਨ 1208 ਈ. ਵਿੱਚ ਭੀਮ ਮੱਲ ਚੜ੍ਹਾਈ ਕਰ ਗਿਆ। ਉਸ ਦਾ ਵੱਡਾ ਲੜਕਾ ਜੋਧਰ ਰਾਓ ਗੱਦੀ 'ਤੇ ਬੈਠਾ। ਇਸ ਦੇ 21 ਲੜਕੇ ਸਨ, ਜਿਨ੍ਹਾਂ ਤੋਂ 21 ਹੀ ਮੋਸੀਆਂ ਨਿਕਲੀਆਂ। ਜੋਧਰ ਦੇ ਪਿੱਛੋ ਮੰਗਲ ਰਾਓ, ਆਨੰਦ ਰਾਓ ਤੇ ਖੀਵਾ, ਇੱਕ ਦੂਜੇ ਦੀ ਸੰਤਾਨ ਗੱਦੀ 'ਤੇ ਬਹਿੰਦੇ ਰਹੇ। ਖੀਵਾ ਨੇ ਚੌਧਰੀ ਬਸੇਰਾ, ਕੌਮ ਸਰਾਓ, ਵਸਨੀਕ ਪਿੰਡ ਲਦੂਕੋਟ ਦੀ ਲੜਕੀ ਨਾਲ ਵਿਆਹ ਕਰ ਲਿਆ। ਕਿਉਂਕਿ ਰਾਜਪੂਤਾਨੀਆਂ ਤੋਂ ਉਹਦੇ ਘਰ ਸੰਤਾਨ ਨਹੀਂ ਸੀ, ਇਸ ਅਪਰਾਧ ਵਿੱਚ ਰਾਜਪੂਤਾਂ ਨੇ ਉਸ ਨੂੰ ਆਪਣੇ ਨਾਲੋਂ ਵੱਖ ਕਰ ਦਿੱਤਾ ਤੇ ਉਹਦਾ ਨਾਮ ਖੋਟ ਰੱਖ ਦਿੱਤਾ। ਅਸਲ ਗੱਲ ਇਹ ਹੈ ਕਿ ਕਦੀ ਰਾਜਪੂਤਾਂ ਦੇ ਮੁੱਢ ਦੀ ਪੜਤਾਲ ਕੀਤੀ ਜਾਏ, ਤਦ ਉਹਦੇ ਵਿੱਚ ਵੀ ਅਜਿਹੇ ਨੁਕਸ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਬਾਬਤ ਬਚਿੱਤ੍ਰ ਨਾਟਕ ਵਿੱਚ ਇਸ ਤਰ੍ਹਾਂ ਲਿਖਿਆ ਹੈ ਕਿ "ਪਹਿਲੇ ਸਮੇਂ ਵਿੱਚ ਰਾਜਪੂਤਾਂ ਦੀ ਕੌਮ ਉੱਕਾ ਨਹੀਂ ਸੀ, ਜਿਸ ਮੁਲਕ ਦੇ ਹਾਕਮ ਛਤਰੀ ਸਨ। ਜਨਮੇਜਾ ਨਾਂ ਦੇ ਇੱਕ ਰਾਜੇ ਨੇ ਧੋਬੀ ਦੀ ਲੜਕੀ, ਜੋ ਦੇਖਣ ਵਿੱਚ ਸੁੰਦਰ ਸੀ, ਆਪਣੇ ਮਹਲਾਂ ਵਿੱਚ ਪਾ ਲਈ। ਇਸ ਲੜਕੀ ਦਾ ਨਾਮ ਰਜਯਾ ਸੀ। ਉਸ ਦੇ ਘਰ ਜੋ ਲੜਕਾ ਹੋਇਆ, ਉਸ ਦਾ ਨਾਮ ਅਜੇ ਸਿੰਗ ਰਖਯਾ ਗਿਆ, ਜੋ ਰਾਜਾ ਜਨਮੇਜਾ ਤੋਂ ਪਿੱਛੋਂ ਗੱਦੀ 'ਤੇ ਬੈਠਾ। ਇਸ ਨੂੰ

ਰਜਯ ਪੂਤ ਕਿਹਾ ਕਰਦੇ ਸਨ, ਜੋ ਬਦਲ ਕੇ ਰਾਜਪੂਤ ਹੋ ਗਿਆ। ਇਹ ਅਜਿਹਾ ਬਹਾਦਰ, ਭਾਗਾਂ ਵਾਲਾ ਸੀ ਕਿ ਇਸ ਨੇ ਤਲਵਾਰ ਦੇ ਜ਼ੋਰ ਨਾਲ ਸਾਰਿਆਂ ਛਤਰੀਆਂ ਨੂੰ ਜਿੱਤ ਕੇ ਆਪਣੇ ਨਾਲ ਮਿਲਾ ਲਿਆ, ਜਿਸ ਤੋਂ ਉਹ ਸਾਰੇ ਦੇ ਸਾਰੀ ਰਾਜਪੂਤ ਕਹਾਉਣ ਲੱਗੇ। ਇਸ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇਸ ਖ਼ਾਨਦਾਨ ਦਾ ਵੀ ਇਹੀ ਹਾਲ ਹੋਇਆ, ਅਰਥਾਤ ਉਸ ਔਰਤ ਤੋਂ ਖੀਵਾ ਦੇ ਘਰ ਸਧੂ ਨਾਮ ਦਾ ਲੜਕਾ ਉਤਪੰਨ ਹੋਇਆ, ਜਿਸ ਦੀ ਸੰਤਾਨ ਸਿੱਧੂ ਜੱਟ ਅਖਵਾਈ।

ਸਿੱਧੂ ਦੇ 6 ਲੜਕੇ ਸਨ, ਜਿਨ੍ਹਾਂ ਦੀ ਸੰਤਾਨ ਕੈਥਲ, ਕੋਟਪੀਰ, ਪਿੰਡ ਖਾਈ, ਫ਼ਰੀਦਕੋਟ, ਅਟਾਰੀ, ਬੈਰਾੜ, ਨਾਭਾ ਤੇ ਪਟਿਆਲ਼ਾ ਆਦਿਕ ਸੈਂਕੜੇ ਪਿੰਡ ਤੇ ਰਿਆਸਤਾਂ ਹਨ। ਸੰਨ 1521 ਈ. 'ਚ ਜਦ ਬਾਬਰ ਬਾਦਸ਼ਾਹ ਨੇ ਤੀਜੀ ਵੇਰ ਹਿੰਦ 'ਤੇ ਹਮਲਾ ਕੀਤਾ ਤਾਂ ਸੰਘਰ ਨਾਮ ਦਾ ਆਦਮੀ, ਜੋ ਬੜਾ ਜਵਾਨ, ਸ਼ਕਤੀਸ਼ਾਲੀ ਤੇ ਭਾਗਵਾਨ ਸੀ, ਕਾਫ਼ੀ ਫ਼ੌਜ ਨਾਲ ਲੈ ਕੇ ਬਾਬਰ ਨੂੰ ਲਾਹੌਰ ਜਾ ਮਿਲਿਆ। ਸੰਘਰ ਤਾਂ ਪਾਣੀਪਤ ਦੇ ਮੈਦਾਨ ਵਿੱਚ ਮਾਰਿਆ ਗਿਆ ਤੇ ਬਾਦਸ਼ਾਹ ਨੇ ਉਸ ਦੇ ਪੁੱਤਰ ਬੀਰਮ ਨੂੰ ਮੁਲਕ ਮਾਲਵੇ ਦਾ ਚੌਧਰੀ ਬਣਾ ਦਿੱਤਾ ਤੇ ਮਾਲ ਗੁਜ਼ਾਰੀ ਦੀ ਸਨਦ ਲਿਖ ਦਿੱਤੀ। ਇਹ ਮੁਕਾਮ ਬੋਦੇ ਵਾਲੀ ਭੱਟੀ ਕੌਮ ਦੇ ਨਾਲ ਲੜਾਈ ਕਰਦਾ ਮਾਰਿਆ ਗਿਆ ਤਾਂ ਇਸ ਦਾ ਪੁੱਤਰ ਮੇਹਰਾਜ ਚੌਧਰੀ ਬਣਿਆ, ਪਰੰਤੂ ਕੁਝ ਚਿਰ ਪਿੱਛੋਂ ਇਹ ਵੀ ਇਸੇ ਕੌਮ ਦੀ ਲੜਾਈ ਵਿੱਚ ਮਾਰਿਆ ਗਿਆ, ਇਸ ਦਾ ਬੇਟਾ ਸਤੂ ਇਸ ਦੀ ਥਾਂ 'ਤੇ ਬੈਠਾ, ਜਦ ਉਹ ਵੀ ਇੱਕ ਲੜਾਈ ਵਿੱਚ ਸ਼ਹੀਦ ਹੋ ਗਿਆ ਤਾਂ ਉਸ ਦਾ ਪੁੱਤਰ ਪਖੂ ਚੌਧਰੀ ਹੋਇਆ। ਇਸ ਤੋਂ ਪਿੱਛੋਂ ਇਹਦਾ ਪੁੱਤਰ ਮੋਹਨ ਚੌਧਰੀ ਹੋਇਆ, ਪਰੰਤੂ ਇਹ ਭੱਟੀ ਰਾਜਪੂਤਾਂ ਦੀ ਛੇੜ-ਛਾੜ ਤੋਂ ਤੰਗ ਆ ਕੇ ਬੇਦੋਵਾਲੀ ਤੋਂ ਨਥਾਣਾ ਵੱਲ ਚਲਾ ਗਿਆ। ਮੋਹਨ ਦੇ ਦੋ ਪੁੱਤਰ ਹੋਏ; ਰੂਪ ਚੰਦ ਤੇ ਕਾਲਾ। 1618 ਈ. ਵਿੱਚ ਮੋਹਨ ਤੇ ਰੂਪ ਚੰਦ ਭੱਟੀਆਂ ਨਾਲ ਲੜਦੇ ਮਾਰੇ ਗਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਪੁੱਜੇ। ਇਸ ਇਲਾਕੇ ਦੀਆਂ ਸਾਰੀਆਂ ਕੌਮਾਂ ਨੇ ਗੁਰੂ ਜੀ ਦਾ ਬਹੁਤ ਸਤਿਕਾਰ ਕੀਤਾ। ਮਹਿਰਾਜ ਵਾਲਿਆਂ ਗੁਰੂ ਜੀ ਦੀ ਖ਼ਾਸ ਤੌਰ 'ਤੇ ਸੇਵਾ ਕੀਤੀ ਤੇ ਸਿੱਖ ਵੀ ਬਣੇ। ਇਹਨਾਂ ਦੇ ਖ਼ਾਨਦਾਨ ਦੀ ਹਾਲਤ ਦੇਖ ਕੇ ਗੁਰੂ ਸਾਹਿਬ ਜੀ ਨੇ ਕਿਹਾ, 'ਮੋਹਨ! ਕੁਝ ਮੰਗ।' ਮੋਹਨ ਨੇ ਆਪਣੀ ਦੁੱਖ ਭਰੀ ਕਹਾਣੀ ਸੁਣਾ ਕੇ ਬੇਨਤੀ ਕੀਤੀ ਕਿ ਮਾਨ ਤੇ ਭੁਲਰ ਆਦਿਕ ਕੌਮਾਂ ਆਪ ਦੀਆਂ ਸਿੱਖ ਬਣ ਰਹੀਆਂ ਹਨ, ਇਹ ਇਸ ਇਲਾਕੇ ਦੇ ਮਾਲਕ ਹਨ। ਹਜ਼ਾਰਾਂ ਵਿਘੇ ਜ਼ਮੀਨ ਇਹਨਾਂ ਦੀ ਬੇਕਾਰ ਪਈ ਹੈ। ਜੇ ਕਦੀ ਇਹਨਾਂ ਨੂੰ ਕਹਿ ਕੇ ਇੱਕ ਪਿੰਡ ਵਸਾਣ ਦੀ ਆਗਿਆ ਲੈ ਦੇਵੋ ਤਾਂ ਬੜੀ ਕ੍ਰਿਪਾ ਹੋਵੇਗੀ। ਦੂਜੇ, ਸਾਡਾ ਤੇ ਇਹਨਾਂ ਦਾ ਆਪੋ ਵਿੱਚ ਲੜਕੀਆਂ ਲੈਣ-ਦੇਣ ਦਾ ਸੰਬੰਧ ਕਰਾ ਦੇਵੋ।

ਦੂਸਰੇ ਦਿਨ ਦੂਜੀ ਧਿਰ ਦੇ ਲੋਕ ਗੁਰੂ ਸਾਹਿਬ ਕੋਲ ਦਰਸ਼ਨਾਂ ਨੂੰ ਆਏ ਤਾਂ ਗੁਰੂ ਜੀ ਨੇ ਕਿਹਾ ਕਿ ਇੱਕ ਪਿੰਡ ਦੀ ਜ਼ਮੀਨ ਮਹਿਰਾਜ ਦੀ ਸੰਤਾਨ ਨੂੰ ਦੇ ਦੇਵੋ। ਇਹ ਵੀ ਸਿੱਧੂ ਜੱਟ ਹਨ। ਜਿਸ ਤਰ੍ਹਾਂ ਸਿੱਧੂ ਤੇ ਬੈਰਾੜ ਕੌਮਾਂ ਨਾਲ ਤੁਹਾਡਾ ਲੜਕੀਆਂ ਦਾ ਲੈਣ-ਦੇਣ ਦਾ ਰਿਵਾਜ ਹੈ, ਇਹਨਾਂ ਨਾਲ ਵੀ ਸੰਬੰਧ ਕਰ ਲਉ। ਇਸ 'ਤੇ ਚੌਧਰੀ ਬਘੇਲਾ ਤੇ ਲਾਲਾ ਆਦਿਕ ਨੇ ਕਿਹਾ ਕਿ ਇਹਨਾਂ ਦੇ ਵਾਸਤੇ ਅਸੀਂ ਇੱਕ ਇੰਚ ਵੀ ਜਗ੍ਹਾ ਦੇਣ ਨੂੰ ਤਿਆਰ ਨਹੀਂ, ਹੋਰ ਜੋ ਕੁਝ ਹੁਕਮ ਕਰੋ, ਹਾਜ਼ਰ ਹਾਂ ਜੀ। ਤਾਂ ਗੁਰੂ ਜੀ ਨੇ ਕਿਹਾ ਕਿ ਅੱਛਾ, ਜੇ ਤੁਸੀਂ ਇਹਨਾਂ ਨੂੰ ਜਗ੍ਹਾ ਨਹੀਂ ਦਿੰਦੇ ਤਾਂ ਤੁਹਾਡੀ ਇੱਛਾ, ਪੰਤੂ ਉਹ ਦਿਨ ਸਾਨੂੰ ਨੇੜੇ ਆਉਂਦਾ ਦਿਖਾਈ ਦੇ ਰਿਹਾ ਹੈ ਕਿ ਜਦੋਂ ਮਹਿਰਾਜ ਕੌਮ ਇਸ ਇਲਾਕੇ ਦੀ ਮਾਲਕ ਹੋਵੇਗੀ ਤੇ ਤੁਸੀਂ ਮਿੰਨਤਾਂ ਕਰ ਕੇ ਇਨ੍ਹਾਂ ਨੂੰ ਲੜਕੀਆਂ ਦੇ ਰਿਸ਼ਤੇ ਨਾਤੇ ਦੇਵੋਗੇ। ਗੁਰੂ ਸਾਹਿਬ ਜੀ ਨੇ ਮੋਹਨ ਨੂੰ ਕਿਹਾ ਕਿ ਤੁਸੀਂ ਜਾਓ, ਜਿੱਥੇ ਸੂਰਜ ਡੁੱਬੇ, ਉੱਥੇ ਹੀ ਪਿੰਡ ਬਣਾ ਲਉ। ਸੋ, ਮਹਿਰਾਜ ਦੀ ਸੰਤਾਨ ਨੇ ਇਸੇ ਤਰ੍ਹਾਂ ਹੀ ਕੀਤਾ। ਜਦੋਂ ਢਾਈ-ਤਿੰਨ ਕੋਹ ਦੀ ਦੂਰੀ 'ਤੇ ਗਏ, ਸੂਰਜ ਡੁੱਬ ਗਿਆ ਤੇ ਉਹਨਾਂ ਨੇ ਉੱਥੇ ਹੀ ਡੇਰਾ ਕਰ ਲਿਆ। ਗੁਰੂ ਜੀ ਦੇ ਹੁਕਮ ਅਨੁਸਾਰ 1627 ਈ. ਨੂੰ ਕਰਮਦੀਨ ਦੇ ਹੱਥੋਂ ਆਪਣੇ ਵੱਡੇ ਦੇ ਨਾਮ 'ਤੇ ਮਹਿਰਾਜ ਨਾਮ ਦੇ ਪਿੰਡ ਦੀ ਨੀਉਂ ਰੱਖੀ। ਇਹ ਗੱਲ ਸੁਣ ਕੇ ਭੁਲਰ ਕੌਮ ਨੇ ਇਹਨਾਂ ਨੂੰ ਬਹੁਤ ਡਰਾਇਆ ਤੇ ਵੱਢ ਸੁੱਟਣ ਦੀ ਧਮਕੀ ਦਿੱਤੀ, ਕਿੰਤੂ ਇਹਨਾਂ ਨੇ ਗੁਰੂ ਜੀ ਦੇ ਹੁਕਮ 'ਤੇ ਭਰੋਸਾ ਰੱਖਿਆ ਤੇ ਨਾ ਉੱਠੇ, ਉਦੋਂ ਤਕ ਕੌੜਾ ਤੇ ਭੁਲਰ ਕੌਮ ਨੇ ਇਹਨਾਂ 'ਤੇ ਹਮਲਾ ਕਰ ਦਿੱਤਾ, ਪਰੰਤੂ ਇਹ ਕੌਮਾਂ ਨੁਕਸਾਨ ਉਠਾ ਕੇ ਚਲੀਆਂ ਗਈਆਂ। ਫਿਰ ਕੌੜਾ ਕੌਮ (ਇਹ ਕੋਈ ਵੱਖਰੀ ਕੌਮ ਨਹੀਂ, ਬਲਕਿ ਭੁਲਰਾਂ ਵਿੱਚੋਂ ਹੀ ਹੈ, ਜਿਸ ਦਾ ਹਾਲ ਇਸ ਤਰ੍ਹਾਂ ਬਿਆਨ ਕੀਤਾ ਜਾਂਦਾ ਹੈ ਕਿ ਵਰਯਾਮ, ਚੌਧਰੀ ਭੁਲਰ, ਕੌੜਾ, ਮੋਗਾ, ਡਾਹਰ ਤੇ ਬੁਰਾਰ ਆਦਿਕ ਸੱਤ ਪੁੱਤਰ ਸਨ ਇਹਨਾਂ ਦੀ ਸੰਤਾਨ ਇਹਨਾਂ ਦੇ ਨਾਂ 'ਤੇ ਹੀ ਸੱਦੀ ਜਾਂਦੀ ਸੀ, ਜਿਨਾਂ ਨੂੰ ਮੋਸੀਆਂ ਬੋਲਦੇ ਹਨ) ਨੇ ਆਪਣੇ ਸੰਬੰਧੀ ਭੇਕੜੀ ਪਿੰਡ ਵਾਲੇ ਜੀਤ ਪੁਰਾਣੇ ਨੂੰ, ਜੋ ਉਸ ਸਮੇਂ ਵਿੱਚ ਅਦੁੱਤੀ ਬਲਵਾਨ ਸਮਝਿਆ ਜਾਂਦਾ ਸੀ, ਆਪਣੀ ਮਦਦ 'ਤੇ ਲੈ ਆਇਆ। ਪੁਰਾਣੇ ਦੀ ਖ਼ਬਰ ਸੁਣ ਕੇ ਮੋਹਨ ਬੜਾ ਘਬਰਾਇਆ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ ਤਾਂ ਗੁਰੂ ਜੀ ਨੇ ਮੋਹਨ ਤੇ ਉਸ ਦੇ ਪੁੱਤਰ ਕਾਲੇ ਨੂੰ ਥਾਪੜਾ ਦੇ ਕੇ ਕਿਹਾ, ਜਾਉ ਤੇ ਉਸ ਨਾਲ ਲੜੋ ਤੇ ਉਸ ਨੂੰ ਮਾਰੋ, ਅਸੀਂ ਤੁਹਾਡੀ ਮਦਦ ਕਰਾਂਗੇ। ਗੁਰੂ ਜੀ ਨੇ ਭਾਈ ਬਿਧੀ ਚੰਦ, ਕਾਲਾ, ਭੁਲਰ, ਭਾਈ ਲਖਾ, ਚੌਹਰ ਤੇ ਕਰਮਾ ਨੂੰ ਪੰਜ ਸੌ ਸਵਾਰ ਦੇ ਕੇ ਇਹਨਾਂ ਦੀ ਮਦਦ ਵਾਸਤੇ ਭੇਜਿਆ, ਜਿਸ 'ਤੇ ਮੋਹਨ ਹਮਲ, ਰਸਾਲ, ਕਾਲਾ, ਕਰਮਚੰਦ, ਲੱਖੂ, ਪੱਖੂ, ਚਾਓ ਰੂਪ ਚੰਦ, ਕੁਲ ਚੰਦ, ਸੋਮਾ ਤੇ ਸਰਦੂਲ ਆਦਿ ਆਪਣੇ ਸਾਥੀਆਂ ਨੂੰ ਨਾਲ ਲੈ ਜਾ ਕੇ ਖ਼ੂਬ ਲੜਿਆ। ਬੜੀ ਭਯਾਨਕ ਲੜਾਈ ਹੋਈ। ਜੀਤ ਪੁਰਾਣੇ ਨੇ

ਅੱਗੇ ਵਧ ਕੇ ਚੌਧਰੀ ਕਾਲੇ ਦੇ ਬਰਛੀ ਮਾਰੀ। ਇੰਨੇ ਨੂੰ ਰੱਬ ਵੱਲੋਂ ਕੋਈ ਐਸਾ ਤੀਰ ਆਇਆ ਕਿ ਜੋ ਜੀਤ ਪੁਰਾਣੇ ਨੂੰ ਵਿੰਨ੍ਹ ਗਿਆ। ਕਾਲੇ ਨੇ ਬੜੀ ਸੂਰਮਤਾ ਨਾਲ ਜੀਤ ਦੀ ਬਰਛੀ ਨੂੰ ਢਾਲ 'ਤੇ ਰੋਕਿਆ, ਪਰੰਤੂ ਉਸ ਦੇ ਦੰਦ ਡਿੱਗ ਪਏ ਤੇ ਕੁਝ ਜ਼ਖ਼ਮ ਵੀ ਹੋਇਆ ਅਤੇ ਬੜੀ ਜਲਦੀ ਗੁਰੂ ਜੀ ਦਾ ਹੁਕਮ ਚੇਤੇ ਆਇਆ ਤੇ ਜੀਤ ਦਾ ਸਿਰ ਅੱਗੇ ਵਧ ਕੇ ਕੱਟ ਲਿਆ।

ਇਸ ਦੇ ਮਰਦਿਆਂ ਹੀ ਕੌੜਾ ਤੇ ਭੁਲਰ ਕੌਮ ਨੱਸ ਗਏ। ਭਾਈ ਬਿਧੀ ਚੰਦ ਹੋਰਾਂ ਨੇ ਬਹੁਤ ਦੂਰ ਤਕ ਪਿੱਛਾ ਕਰ ਕੇ ਨਸਾ ਦਿੱਤੇ। ਇਸ ਤੋਂ ਬਾਅਦ ਉਹ ਇਹਨਾਂ ਦੇ ਮੁਕਾਬਲੇ 'ਤੇ ਕਦੇ ਵੀ ਨਹੀਂ ਆਏ। ਗੁਰੂ ਸਾਹਿਬ ਇਹਨਾਂ ਨੂੰ ਫ਼ਤਿਹ ਦਿਵਾ ਕੇ ਕੀਰਤਪੁਰ ਵਾਪਸ ਆ ਗਏ। ਮੋਹਨ ਦੀ ਸੰਤਾਨ ਨੇ ਮਹਿਰਾਜ ਨੂੰ ਚੰਗੀ ਤਰ੍ਹਾਂ ਵਸਾ ਲਿਆ। ਸੰਨ 1630 ਈ. ਵਿੱਚ ਮੋਹਨ ਨੇ ਬਰਾਦਰੀ ਨੂੰ ਇਕੱਠਾ ਕਰ ਕੇ ਆਪਣੇ ਵੱਡਿਆਂ ਦੇ ਅਸਲੀ ਪਿੰਡ ਬੇਦੋਵਾਲੀ ਨੂੰ ਭੱਟੀ ਕੌਮ ਤੋਂ ਛੁਡਾਣ ਲਈ ਹੱਲਾ ਬੋਲਿਆ, ਭਯਾਨਕ ਲੜਾਈ ਹੋਈ, ਜਿਸ ਵਿੱਚ ਚੌਧਰੀ ਮੋਹਨ ਆਪਣੇ ਲੜਕੇ ਰੂਪ ਚੰਦ ਤੇ ਕੁਲ ਚੰਦ ਆਦਿਕ ਸਮੇਤ ਮਾਰਿਆ ਗਿਆ। ਇਹ ਫਿਰ ਪਿੰਡ ਮਹਿਰਾਜ ਵਿੱਚ ਆ ਠਹਿਰੇ।

ਇਹਨਾਂ ਨੇ ਐਨੀ ਤਰੱਕੀ ਕੀਤੀ ਕਿ ਇਸ ਪਿੰਡ ਮਹਿਰਾਜ ਵਿੱਚੋਂ ਨਿਕਲ ਕੇ ਫੂਲ ਆਦਿਕ ਬਾਈ ਪਿੰਡ ਹੋਰ ਵਸਾਏ, ਜਿਨ੍ਹਾਂ ਨੂੰ ਮਹਿਰਾਜ ਦਾ ਬਾਹੀਆ ਕਿਹਾ ਜਾਂਦਾ ਹੈ। ਇਹਨਾਂ ਵਿੱਚ ਵਸਣ ਵਾਲੇ ਸਾਰੇ ਮਹਿਰਾਜ ਦੀ ਸੰਤਾਨ ਹਨ। ਇਹ ਸਾਰੇ ਲੋਕ ਮਾਫ਼ੀਦਾਰ ਹਨ। ਸਰਕਾਰ ਨੂੰ ਮਾਮਲਾ ਨਹੀਂ ਦਿੰਦੇ, ਇਸ ਕਰ ਕੇ ਇਹ ਜਾਗੀਰਦਾਰ ਸਿੱਖਾਂ ਵਿੱਚ ਗਿਣੇ ਜਾਂਦੇ ਹਨ।

**ਫੂਲ ਨੂੰ ਵਰ ਮਿਲਣਾ** : ਭਾਵੇਂ ਪਿੰਡ ਮਹਿਰਾਜ ਦੀ ਜ਼ਮੀਨ ਉਸ ਵੇਲੇ ਸੱਤਾਂ ਪਤੀਆਂ ਵਿੱਚ ਵੰਡੀ ਹੋਈ ਸੀ, ਪਰੰਤੂ ਫੂਲ ਲੋਹਰੇ 5, ਕਲਿਆਣਾ 5, ਬਜਵਾਲ 12, ਨਾਬਪੁਰਾ 13, ਥਾਨਾਖੁਰਦ 14, ਗੰਗਾ 15, ਢਿੱਲੋਂ 16, ਪੂਲਾ 17, ਪੋਲੀ 18, ਬੈਹਮਨੀ 10, ਹਾਰਾਈ 20, ਬਾਣ 21, ਬੁਰਜ 22, ਇਹ ਅੱਠ ਪਿੰਡ ਮਹਿਰਾਜ ਦੇ ਹਨ।

ਰੂਪ ਚੰਦ ਤੋਂ ਬਾਅਦ ਚੌਧਰ ਉਸ ਦੇ ਵੱਡੇ ਲੜਕੇ ਫੂਲ ਦੇ ਨਾਮ ਹੋ ਗਈ। ਉਸ ਦਾ ਸਰਪ੍ਰਸਤ ਕਾਲਾ ਬਣਿਆ। 1645 ਈ. ਵਿੱਚ ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਮਹਿਰਾਜ ਦੇ ਇਲਾਕੇ ਵਿੱਚ ਸਤਿਨਾਮ ਵਾਹਿਗੁਰੂ ਜਪਾਂਦੇ ਗੁਰਮਤਿ ਪ੍ਰਚਾਰ ਕਰਦੇ ਹੋਏ ਮਹਿਰਾਜ ਪਹੁੰਚੇ ਤਾਂ ਚੌਧਰੀ ਕਾਲੇ ਨੇ ਗੁਰੂ ਸਾਹਿਬ ਦੀ ਬਹੁਤ ਆਉ-ਭਗਤ ਕੀਤੀ। ਇੱਕ ਦਿਨ ਆਪਣੇ ਭਤੀਜੇ ਫੂਲ ਅਤੇ ਸੰਦਲੀ ਨੂੰ ਗੁਰੂ ਸਾਹਿਬ ਜੀ ਦੇ ਪਾਸ ਲੈ ਆਇਆ। ਉਹ ਚੌਧਰੀ ਕਾਲਾ ਦੇ ਕਹੇ ਅਨੁਸਾਰ ਗੁਰੂ ਸਾਹਿਬ ਦੇ ਸਾਹਮਣੇ ਖੜ੍ਹੇ ਹੋ ਕੇ ਆਪਣੇ ਢਿੱਡਾਂ 'ਤੇ ਹੱਥ ਮਾਰਨ ਲੱਗ ਪਏ, ਤਾਂ ਗੁਰੂ ਸਾਹਿਬ ਜੀ ਨੇ ਉਹਨਾਂ ਦੇ ਇਸ ਤਰ੍ਹਾਂ ਪੇਟ 'ਤੇ ਹੱਥ ਮਾਰਨ ਦਾ ਕਾਰਨ ਪੁੱਛਿਆ। ਤਦ ਕਾਲੇ ਨੇ ਗੁਰੂ ਜੀ ਨੂੰ

ਦੱਸਿਆ ਕਿ ਮਹਾਰਾਜ ਇਹ ਆਪਣੀ ਭੁੱਖ ਦੂਰ ਕਰਨੀ ਚਾਹੁੰਦੇ ਹਨ। ਗੁਰੂ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਇੱਕ ਪੇਟ ਦੀ ਕੀ ਹੈ ਇਹਨਾਂ ਦੇ ਪਿੱਛੇ ਲੱਖਾਂ ਦੇ ਪੇਟ ਭਰਿਆ ਕਰਨਗੇ। ਗੁਰੂ ਜੀ ਨੇ ਵੱਡੇ ਲੜਕੇ ਦਾ ਨਾਮ ਪੁੱਛਿਆ, ਕਾਲੇ ਨੇ ਕਿਹਾ ਕਿ ਇਸ ਦਾ ਨਾਮ 'ਫੂਲਾ' ਹੈ ਜੀ। ਗੁਰੂ ਜੀ ਨੇ ਹੱਸ ਕੇ ਕਿਹਾ, "ਫੂਲ ਦੀ ਖੂਬ ਫਲੇ ਫੁਲੇਗੀ। ਇਸ ਦੀ ਸੰਤਾਨ ਦੇ ਘੋੜੇ ਦਰਿਆ ਜਮਨਾ ਤਕ ਇਹਨਾਂ ਦਾ ਰਾਜ ਹੋਏਗਾ।" ਸੋ, ਜਦ ਇਹ ਵਰ ਆਪਣੇ ਭਤੀਜਿਆਂ ਨੂੰ ਦਿਵਾ ਕੇ ਕਾਲਾ ਘਰ ਆਇਆ ਤੇ ਉਸ ਨੇ ਆਪਣੀ ਘਰਵਾਲੀ ਨੂੰ ਇਹ ਹਾਲ ਸੁਣਾਇਆ, ਤਦ ਉਸ ਨੇ ਸੁਣ ਕੇ ਕਿਹਾ, ਅਫ਼ਸੋਸ ਹੈ ਕਿ ਤੇਰੀ ਅਕਲ 'ਤੇ, ਜੋ ਆਪਣੀ ਸੰਤਾਨ ਨੂੰ ਇਹਨਾਂ ਦੀ ਪਰਜਾ ਬਣਾਇਆ ਤੇ ਇਹਨਾਂ ਨੂੰ ਰਾਜ ਦਿਵਾਇਆ। ਚੌਧਰੀ ਕਾਲਾ ਆਪਣੇ ਬੇਟੇ ਨੂੰ ਲੈ ਕੇ ਹੁਣ ਗੁਰੂ ਜੀ ਪਾਸ ਆਇਆ ਤੇ ਘਰ ਵਿੱਚ ਹੋਈਆਂ ਗੱਲਾਂ ਦੀ ਸਾਰੀ ਵਿਥਿਯਾ ਸੁਣਾਈ। ਤਦ ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਹੁਣ ਰਾਜ ਤਾਂ ਫੂਲ ਦੀ ਸੰਤਾਨ ਦਾ ਹੀ ਮਿਲੇਗਾ, ਪਰ ਤੁਹਾਡੀ ਸੰਤਾਨ ਮਾਫ਼ੀਦਾਰ ਰਹੇਗੀ, ਜੋ ਅੱਜ ਤਕ ਦੇਖਿਆ ਜਾ ਰਿਹਾ ਹੈ ਤੇ ਹੋ ਰਿਹਾ ਹੈ।

ਚੌਧਰੀ ਫੂਲ ਨੇ, ਜੋ ਚੌਧਰੀ ਮੋਹਨ ਦੇ ਬੇਟੇ ਰੂਪ ਚੰਦ ਦਾ ਪੁੱਤਰ ਸੀ, 1631 ਈ. ਸਿਬੀ (ਅੰਬੀ), ਜੋ ਜਟਯਾਨਾ ਦੀ ਗੋਤ ਵਿੱਚੋਂ ਸੀ, ਦੀ ਕੁੱਖ ਵਿੱਚੋਂ ਜਨਮ ਲਿਆ। ਨਿੱਕੇ ਹੁੰਦਿਆਂ ਹੀ ਸੁਮੇਰ ਪੁਰੀ ਨਾਮ ਦੇ ਇੱਕ ਫ਼ਕੀਰ ਦੀ ਬੜੀ ਸੇਵਾ ਕੀਤੀ ਤੇ ਉਸ ਤੋਂ ਪ੍ਰਾਣਾਯਾਮ ਦੀ ਸਿੱਖਿਆ ਲਈ। ਇਸ ਨੇ ਜਵਾਨ ਹੋ ਕੇ ਆਪਣੇ ਕੰਮਾਂ ਨੂੰ ਵਧਾਣਾ ਸ਼ੁਰੂ ਕੀਤਾ ਤੇ ਪਿੰਡ ਫੂਲ ਨੂੰ, ਜੋ ਉਸ ਦੇ ਚਾਚੇ ਚੌਧਰੀ ਕਾਲਾ ਨੇ 1646 ਈ. ਵਿੱਚ ਆਪਣੇ ਪਿਆਰੇ ਭਤੀਜੇ ਦੇ ਨਾਮ 'ਤੇ ਚਾਰ ਕੋਹ ਦੀ ਵਿੱਥ 'ਤੇ ਵਸਾਇਆ ਸੀ, ਚੌਧਰੀ ਫੂਲ ਨੇ ਆਪਣੀ ਵਸੋਂ ਉੱਥੇ ਬਣਾ ਲਈ ਤੇ ਸ਼ਾਹੀ ਫ਼ੁਰਮਾਨ ਉਹਦੇ ਨਾਮ ਆਇਆ, ਜਿਸ ਦੇ ਨਾਲ ਉਹ ਇਲਾਕੇ ਦਾ ਸਰਦਾਰ, ਜਾਗੀਰਦਾਰ ਤੇ ਪ੍ਰਸਿੱਧ ਚੌਧਰੀ ਹੋ ਗਿਆ। ਚੌਧਰੀ ਫੂਲ ਦੀ ਘਰਵਾਲੀ ਦਾ ਨਾਮ ਬਾਲੀ ਸੀ, ਪਿੰਡ ਢਿੱਲਵਾਂ ਦੇ ਚੌਧਰੀ ਜੀਤੇ ਦੀ ਲੜਕੀ, ਜਿਸ ਦੇ ਪੇਟ ਵਿੱਚੋਂ ਤਲੋਕਾ, ਰਾਮਾ, ਰਘੂ ਇਹ ਤਿੰਨੇ ਪੁੱਤਰ ਤੇ ਇੱਕ ਲੜਕੀ ਰਾਮੀ ਨਾਮ ਦੀ ਪੈਦਾ ਹੋਈ ਸੀ, ਜੋ ਭਾਈ ਬੁੱਢੇ ਰਵਦਾਸ ਦੇ ਖ਼ਾਨਦਾਨ ਵਿੱਚ ਧੰਨਾ ਸਿੰਘ ਨਾਲ ਵਿਆਹੀ ਗਈ। ਉਹਨਾਂ ਇਸ ਦਾ ਨਾਮ ਫੱਤੋ ਰੱਖਿਆ। ਉਸ ਦੀ ਸੰਤਾਨ ਪਿੰਡ ਮੁਘਰ (ਨਾਭਾ) ਤੇ ਬੇਲੇ ਵਿੱਚ ਜਾਗੀਰਦਾਰ ਆਬਾਦ ਹੈ। ਫੂਲ ਦੀ ਦੂਜੀ ਪਤਨੀ ਰੱਜੀ ਸੀ, ਜੋ ਸਧਾਨਾ ਜੱਟਾਂ ਦੀ ਲੜਕੀ ਸੀ, ਜਿਸ ਦੀ ਕੁੱਖੋਂ ਚੱਤੋ, ਝੰਡੋ, ਤਖ਼ਤ ਮੱਲ ਤਿੰਨ ਪੁੱਤਰ ਪੈਦਾ ਹੋਏ, ਜਿਨ੍ਹਾਂ ਦੀ ਸੰਤਾਨ ਗੁਮਟੀ ਪਿੰਡ ਵਿੱਚ ਲੋਹ ਘਰੀਆ ਦੇ ਨਾਮ ਤੇ ਮਸ਼ਹੂਰ ਹੈ ਤੇ ਤਲੋਕਾ ਦੇ ਖ਼ਾਨਦਾਨ ਵਿੱਚੋਂ ਰਿਆਸਤ ਨਾਭਾ, ਜੀਂਦ ਤੇ ਬਡਰੁਖਾਂ ਹੈ। ਰਾਮਾ ਦੀ ਸੰਤਾਨ ਵਿੱਚੋਂ ਪਟਿਆਲ਼ਾ, ਬਡੋਰ, ਮਲੋਦ, ਰਾਮਪੁਰ ਕੋਟ, ਦੂਨਾ, ਆਦਿਕ ਤੇ ਰਘੂ ਦੀ ਸੰਤਾਨ ਪਿੰਡ ਜੀਵਕ ਵਿੱਚ ਹੈ।

ਫੂਲ ਦੇ ਪਿੰਡ ਫਕਰ ਸਰਖੋੜੀ, ਜੋ ਮੁਕਤਸਰ ਦੇ ਲਾਗੇ ਹੈ, ਰਾਜਪੂਤ ਭੱਟੀ ਹਯਾਤ ਖ਼ਾਂ ਨੂੰ ਸ਼ਿਕਸਤ ਦਿੱਤੀ। ਇਹ ਭਟਨੇਰ ਦਾ ਰਈਸ ਸੀ। ਇਸ ਤੋਂ ਪਿੱਛੋਂ ਈਸਾ ਖ਼ਾਂ ਰਈਸ ਕੋਟ ਈਸਾ ਖ਼ਾਂ ਨੇ ਚੌਧਰੀ ਫੂਲ 'ਤੇ ਹਮਲਾ ਕਰ ਕੇ ਇਸ ਨੂੰ ਫੂਲ ਪਿੰਡ ਵਿੱਚੋਂ ਕੱਢ ਦਿੱਤਾ, ਪਰੰਤੂ ਇਸ ਨੇ ਫਿਰ ਤਾਕਤ ਵਧਾ ਕੇ ਈਸਾ ਖ਼ਾਂ ਦੇ ਬਾਪ ਨੂੰ ਫੂਲ ਪਿੰਡ ਵਿੱਚੋਂ ਕੱਢ ਦਿੱਤਾ ਤੇ ਆਪਣਾ ਕਬਜ਼ਾ ਕਰ ਲਿਆ। ਦੂਜੇ ਸਾਲ ਫੂਲ ਫਿਰ ਆਪਣਾ ਵੈਰੀ ਹਯਾਤ ਖ਼ਾਂ ਤੇ ਭਟਨੇਰ ਛੱਡ ਗਿਆ। ਹੁਣ ਫੂਲ ਇੱਕ ਬੜਾ ਬਹਾਦਰ, ਪ੍ਰਸਿੱਧ ਤੇ ਸ਼ਕਤੀਵਾਨ ਤਅੱਲਕੇਦਾਰ ਬਣ ਗਿਆ ਸੀ, ਐਥੋਂ ਤਕ ਕਿ ਜਗਰਾਉਂ ਦੇ ਹਾਕਮ ਨੂੰ ਮਾਲ ਗੁਜ਼ਾਰੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਜਦ ਉਸ ਨੇ ਪੁੱਛ ਕੀਤੀ, ਤਦ ਟਾਕਰਾ ਹੋ ਪਿਆ ਤੇ ਜਗਰਾਉਂ ਵਾਲੇ ਨੂੰ ਕੈਦ ਕਰ ਲਿਆ। ਇਸ ਅਪਰਾਧ ਵਿੱਚ ਸਰਹਿੰਦ ਦੇ ਹਾਕਮ ਨੇ ਫੂਲ ਨੂੰ ਆਪਣੇ ਪਾਸ ਬੁਲਾ ਕੇ ਧੋਖੇ ਨਾਲ ਕੈਦ ਕਰ ਲਿਆ, ਜਿੱਥੇ ਉਹ ਚਲਾਣਾ ਕਰ ਗਿਆ। ਇਹਨਾਂ ਦੇ ਚਲਾਣੇ ਬਾਰੇ ਇੱਕ ਕਹਾਣੀ ਵੀ ਪ੍ਰਸਿੱਧ ਹੈ ਕਿ ਕੈਦ ਤੋਂ ਛੁਟਕਾਰਾ ਪਾਉਣ ਲਈ ਫੂਲ ਨੇ ਪ੍ਰਾਣਾਯਾਮ ਵਿਧੀ ਰਾਹੀਂ ਆਪਣੇ ਸੁਆਸ ਚੜ੍ਹਾ ਲਏ। ਸੂਬੇ ਨੇ ਮੁਰਦਾ ਦੇਖ ਕੇ ਇਸ ਨੂੰ ਵਾਰਸਾਂ ਨੂੰ ਸੌਂਪ ਦਿੱਤਾ। ਉਹਨਾਂ ਨੇ ਇਸ ਨੂੰ ਅਗਨ ਭੇਂਟ ਕਰ ਦਿੱਤਾ। ਇਸ ਗੱਲ ਦਾ ਇਸ ਦੀ ਦੂਜੀ ਪਤਨੀ ਨੂੰ ਪਤਾ ਸੀ, ਪਰ ਹੁਣ ਕੀ ਹੋ ਸਕਦਾ ਸੀ। ਫੂਲ ਦੀ ਬਹਾਵਲਪੁਰ ਰਿਆਸਤ ਨਾਭੇ ਵਿੱਚ ਇਸ ਦੀ ਸਮਾਧ ਬਣੀ ਹੋਈ ਹੈ।

**ਪਟਿਆਲ਼ੇ ਦੇ ਰਾਜ ਘਰਾਣੇ ਦਾ ਸ਼ਜਰਾ**




**ਪਟਿਆਲੇ ਦਾ ਰਾਜ ਘਰਾਣਾ :** ਫੂਲ ਦੇ ਅਕਾਲ ਚਲਾਣੇ ਤੋਂ ਪਿੱਛੋਂ ਉਸ ਦਾ ਪੁੱਤਰ ਤਲੋਕ ਚੌਧਰੀ ਹੋਇਆ ਤੇ ਛੋਟਾ ਰਾਮ ਸਿੰਘ ਜੋ ਸੰ. 1719 ਨੂੰ ਹੋਇਆ ਸੀ, ਸਰਦਾਰ ਬਣਿਆ। ਇਹ ਖ਼ਾਨਦਾਨ ਪਟਿਆਲ਼ਾ ਦਾ ਵੱਡਕਾ ਹੋਇਆ ਹੈ। ਇਸ ਨੇ ਆਪਣੇ ਬਾਹੂਬਲ ਨਾਲ ਐਸ਼ਵਰਯ ਪ੍ਰਾਪਤ ਕੀਤਾ। ਪਟਿਆਲ਼ੇ ਦੇ ਰਾਜਿਆਂ ਦੇ ਇਤਿਹਾਸ ਤੇ ਪੰਜਾਬ ਦੇ ਰਾਜਿਆਂ ਦੇ ਇਤਿਹਾਸ ਵਿੱਚ ਲਿਖਯਾ ਹੈ ਕਿ ਸਰਦਾਰ ਰਾਮ ਤੇ ਚੌਧਰੀ ਤਲੋਕ ਸਿੰਘ ਨੇ ਆਪਣੇ ਵੱਡੇ ਰੂਪ ਚੰਦ ਦੀ ਯਾਦਗਾਰ ਵਿੱਚ ਪਿੰਡ ਭਾਈ ਰੂਪਾ ਦੀ ਨਿਉਂ 1790 ਈ. ਵਿੱਚ ਰੱਖੀ। ਇਸ ਕਰਕੇ ਇਹਨਾਂ ਪਿੰਡਾਂ ਵਿੱਚ

ਇਹਨਾਂ ਦੋਵਾਂ ਭਰਾਵਾਂ ਦਾ ਹਿੱਸਾ ਬਰਾਬਰ ਸੀ। 1696 ਈ. 'ਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਜੰਗ ਅਜਮੇਰ ਚੰਦ ਖਲੌਰੀ ਆਦਿਕ ਪਹਾੜੀ ਰਾਜਿਆਂ ਨਾਲ ਹੋ ਰਿਹਾ ਸੀ, ਉਸ ਵੇਲੇ ਤਲੋਕ ਚੰਦ ਤੇ ਰਾਮ ਚੰਦ ਦੋਨੋਂ ਭਾਈ ਆਪਣੀ ਫ਼ੌਜ ਸਮੇਤ ਗੁਰੂ ਜੀ ਦੀ ਸੇਵਾ ਲਈ ਹਾਜ਼ਰ ਹੋਏ। ਇਸ ਬਾਬਤ ਹੁਕਮਨਾਮੇ ਦੀ ਨਕਲ ਇਸ ਪ੍ਰਕਾਰ ਹੈ :

ਨਕਲ ਹੁਕਮਨਾਮਾ–10 ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਸਾਹਿਬ ॥ ਸਤਿਗੁਰੂ ਸਹਾਏ ॥ ਭਾਈ ਤਲੋਕਾ ਭਾਈ ਰਾਮਾ : ਸੰਗਤ ਗੁਰੂ ਰਖੇਗਾ, ਤੁਸਾਂ ਅਸਵਾਰ ਲੈ ਕਰ ਆਉਣਾ ਹਜੂਰ ਸਾਡੇ ਜਰੂਰੀ ਜਮੀਅਤ ਲੈ ਕੇ ਆਉਣਾ ਤੁਸਾਂ ਉੱਪਰ ਸਾਡੀ ਖ਼ੁਸ਼ੀ ਮੇਹਰਬਾਨੀ ਹੈ, ਮੇਰਾ ਘਰ ਤੇਰਾ ਹੈ ਇੱਕ ਜੋੜਾ ਭੇਜਾ ਹੈ ਰਖਾਵਨਾ ਤੁਸਾਂ ਆਵਨਾ ॥ 2 ਭਾਦਰੋਂ 1753 ਬਿ. *ਦਸਖਤ ਗੁਰੂ ਗੋਬਿੰਦ ਸਿੰਘ*

ਇਹਨਾਂ ਵਾਂਗ ਹਰ ਪਾਸਿਓਂ ਸਿੱਖਾਂ ਦੇ ਪੁੱਜ ਜਾਣ 'ਤੇ ਪਹਾੜੀਏ ਨਸ ਗਏ ਸਨ ਤੇ ਇਹ ਗੁਰੂ ਸਾਹਿਬ ਤੋਂ ਖ਼ੁਸ਼ੀ ਤੇ ਸਰੋਪਾਓ ਲੈ ਕੇ ਆਪਣੇ-ਆਪਣੇ ਘਰ ਚਲੇ ਗਏ ਤੇ ਇਹ ਵੀ ਕਸਬਾ ਫੂਲ ਵਿੱਚ ਆ ਗਏ। ਫਿਰ ਜਦ 1761 ਬਿ. ਸੰਨ 1704 ਈ. ਵਿੱਚ ਸੂਬਾ ਸਰਹੰਦ ਗੁਰੂ ਜੀ ਦੇ ਪਿੱਛੇ ਆਪਣੀ ਫ਼ੌਜ ਲੈ ਕੇ ਮਾਲਵੇ ਦੇ ਇਲਾਕੇ ਪੁੱਜਾ ਤੇ ਮੁਕਤਸਰ ਲੜਾਈ ਹੋਈ ਸੀ, ਉਸ ਵਿੱਚ ਵੀ ਇਹਨਾਂ ਦੋਨਾਂ ਭਰਾਵਾਂ ਨੇ 50 ਆਦਮੀ ਭੇਜੇ ਸਨ। ਜੰਗ ਖ਼ਤਮ ਹੋਣ ਤੋਂ ਬਾਅਦ ਜਦੋਂ ਗੁਰੂ ਸਾਹਿਬ ਜੀ 1762 ਬਿ. 1705 ਈ. ਵਿੱਚ ਤਲਵੰਡੀ ਸਾਬੋ ਦਮਦਮਾ ਸਾਹਿਬ ਵਿੱਚ ਠਹਿਰੇ ਸਨ ਤਾਂ ਗੁਰੂ ਦੇ ਦਸਵੰਧ ਵਿੱਚੋਂ ਬਹੁਤ ਸਾਰੀ ਕਾਰ ਭੇਟ ਲੈ ਕੇ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਤੇ ਨਜ਼ਰ ਭੇਟ ਦੇ ਕੇ ਬਹੁਤ ਖ਼ੁਸ਼ੀ ਪ੍ਰਾਪਤ ਕੀਤੀ। ਗੁਰੂ ਸਹਿਬ ਨੇ ਇਹਨਾਂ ਨੂੰ ਭਾਈ ਫ਼ਤਿਹ ਸਿੰਘ ਦੀ ਸੰਤਾਨ ਭਾਈ ਭਗਤੂ ਦੇ ਨਾਲ ਖੰਡੇ ਦਾ ਅੰਮ੍ਰਿਤ ਛਕਾ ਕੇ ਤਲੋਕ ਸਿੰਘ ਤੇ ਰਾਮ ਸਿੰਘ ਨਾਮ ਰੱਖਿਆ ਤੇ ਥਾਪੜਾ ਦੇ ਕੇ ਰਾਜ ਕਰਨ ਦੀ ਆਗਿਆ ਦਿੱਤੀ। 1707 ਈ. ਨੂੰ ਗੁਰੂ ਸਾਹਿਬ ਦੇ ਹੁਕਮ ਨਾਲ ਬੰਦੇ ਬਹਾਦਰ ਨੇ ਜਦੋਂ ਪੰਜਾਬ ਆ ਕੇ ਜ਼ਾਲਮ ਮੁਸਲਮਾਨਾਂ ਨੂੰ ਸਜ਼ਾ ਦਿੱਤੀ ਤੇ ਸਮਾਣਾ, ਸਢੌਰਾ, ਸਰਹੰਦ, ਆਦਿ ਸ਼ਹਿਰਾਂ ਨੂੰ ਬਰਬਾਦ ਕੀਤਾ, ਉਸ ਵੇਲੇ ਵੀ ਫੂਲ ਦੇ ਦੋਨੋਂ ਸਰਦਾਰ ਭਾਵੇਂ ਪ੍ਰਗਟ ਰੂਪ ਵਿੱਚ ਬੰਦੇ ਨਾਲ ਸ਼ਾਮਲ ਨਹੀਂ ਹੋਏ, ਪਰੰਤੂ ਉਂਝ ਹਰ ਤਰ੍ਹਾਂ ਨਾਲ ਇਸ ਦੀ ਸਹਾਇਤਾ ਕਰਦੇ ਰਹੇ। ਸ਼ਾਹ ਜਹਾਨ 1639 ਈ. ਵਿੱਚ ਗੱਦੀ 'ਤੇ ਬੈਠਾ। ਮਾਮਲਾ ਦੇਣ ਵਾਲੇ ਨੂੰ ਇੱਕ ਪਰਚੀ ਮਿਲਿਆ ਕਰਦੀ ਸੀ। ਭਾਈ ਰੂਪੇ ਦਾ ਮਾਮਲਾ ਦਾਖ਼ਲ ਕਰਨਾ ਸਾਬਤ ਕਰਦਾ ਹੈ ਕਿਸੇ ਕਰ ਕੇ ਭਾਈ ਸਾਹਿਬ ਦੀ ਸੰਤਾਨ ਪਾਸ ਉਸ ਪਿੰਡ ਵਿੱਚ 208 ਹਲਾਂ ਦੀ ਜ਼ਮੀਨ ਮਾਫ਼ ਹੈ ਤੇ 177 ਹਲਾਂ ਦੀ ਜ਼ਮੀਨ ਤੇ ਹਮੇਸ਼ਾ ਕਬਜ਼ਾ ਹੈ। ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਰਾਜਾਨ ਫੂਲ ਦੀ ਹਕੂਮਤ ਸਥਾਪਿਤ ਹੋ ਜਾਣ 'ਤੇ ਇਸ 'ਤੇ ਵੀ ਉਹਨਾਂ ਦੀ ਹਕੂਮਤ ਹੋ ਗਈ ਸੀ। ਸ੍. ਰਾਮ ਸਿੰਘ ਦੇ ਇਸ ਇਲਾਕੇ ਵਿੱਚ ਭੱਟੀ ਰਾਜਪੂਤ ਸਨ, ਜੋ ਹਿੰਦੂ ਸਨ, ਪਰੰਤੂ ਇਹਨਾਂ ਮੁਸਲਮਾਨ ਬਣ

ਕੇ ਹਿੰਦੂਆਂ ਨੂੰ ਲੁੱਟਣਾ ਪੁੱਟਣਾ ਆਪਣਾ ਫਰਜ਼ ਬਣਾ ਲਿਆ ਸੀ। ਹਸਨ ਖ਼ਾਂ ਭੱਟੀ ਆਪਣੀ ਕੌਮ ਦਾ ਸਰਦਾਰ ਸੀ, ਸਰਦਾਰ ਰਾਮ ਸਿੰਘ ਨੇ ਇਸ ਨੂੰ ਝੰਡੂ ਦੇ ਪਿੰਡ ਪਾਸ ਆ ਘੇਰਿਆ। ਉਸ ਵੇਲੇ ਇਹ ਸਮਾਣੇ ਦੇ ਇਲਾਕੇ ਨੂੰ ਲੁੱਟ ਕੇ ਆ ਰਹੇ ਸਨ। ਭਾਰੀ ਲੜਾਈ ਹੋਈ, ਜਿਸ ਵਿੱਚ ਹਸਨ ਖ਼ਾਂ ਨੂੰ ਸ਼ਿਕਸਤ ਦੇ ਕੇ ਸ੍. ਰਾਮ ਸਿੰਘ ਨੇ ਇਸ ਦੇ ਪਾਸੋਂ ਸਾਰਾ ਚੋਰੀ ਦਾ ਮਾਲ ਅਸਬਾਬ ਖੋਹ ਲਿਆ ਤੇ ਪਸ਼ੂ ਵੀ ਜਿਸ-ਜਿਸ ਪਿੰਡ ਵਿੱਚੋਂ ਭਟੀਆਂ ਤੋਂ ਬਚਾਂਦਿਆਂ ਲਿਆਂਦੇ ਸਨ, ਸਰਦਾਰ ਰਾਮ ਸਿੰਘ ਨੇ ਉਹਨਾਂ ਹੀ ਥਾਵਾਂ 'ਤੇ ਪਹੁੰਚਾ ਦਿੱਤੇ। ਇਸ ਕਰ ਕੇ ਇਸ ਸਾਰੇ ਇਲਾਕੇ ਦੇ ਵਿੱਚ ਸਰਦਾਰ ਰਾਮ ਸਿੰਘ ਦਾ ਨਾਮ ਨੇਕੀ ਨਾਲ ਮਸ਼ਹੂਰ ਹੋ ਗਿਆ। ਫਿਰ ਰਾਮ ਸਿੰਘ ਨੇ ਆਪਣੇ ਪੁਰਾਣੇ ਦੁਸ਼ਮਣ ਈਸਾ ਖ਼ਾਂ ਨੂੰ ਇੰਜ ਹੀ ਸਜ਼ਾ ਦਿੱਤੀ ਤੇ ਉਹਦੇ ਪਾਸ ਵੀ ਲੋਕਾਂ ਦੇ ਘਰਾਂ ਦਾ ਜਿਹੜਾ ਚੋਰੀ ਦਾ ਮਾਲ ਸੀ, ਲਿਆ ਕੇ ਉਹਨਾਂ ਦੇ ਵਾਰਸਾਂ ਨੂੰ ਦੇ ਦਿੱਤਾ। ਇਸੇ ਤਰ੍ਹਾਂ ਰਾਏ ਕੋਟ ਦੇ ਮੁਸਲਮਾਨ ਰਈਸ ਨੂੰ ਅਚਨਚੇਤ ਜਾ ਘੇਰਿਆ ਤੇ ਉਹਦੇ ਪਾਸ ਵੀ ਜੋ ਲੋਕਾਂ ਦੇ ਘਰਾਂ ਦਾ ਜਿੰਨਾ ਧਨ-ਮਾਲ ਸੀ, ਸਭ ਲੈ ਲਿਆ।

ਇਹਨਾਂ ਹੀ ਦਿਨਾਂ ਵਿੱਚ ਮੁਗ਼ਲੀਆ ਖ਼ਾਨਦਾਨ ਦੇ ਪ੍ਰਤਾਪ ਦਾ ਸੂਰਜ ਅਸਤ ਹੋ ਰਿਹਾ ਸੀ। ਸੋ, ਐਸੇ ਸਮੇਂ ਸ੍. ਰਾਮ ਸਿੰਘ ਦਾ ਚੁੱਪ-ਚਾਪ ਬੈਠੇ ਰਹਿਣਾ ਅਸੰਭਵ ਜਾਪਦਾ ਸੀ। ਸਰਹੰਦ ਦੇ ਹਾਕਮ ਪਾਸ ਸਰਦਾਰ ਰਾਮ ਸਿੰਘ ਦਾ ਪੁਰਾਣਾ ਦੋਸਤ ਚੰਨਣ ਸਿੰਘ ਰਹਿੰਦਾ ਸੀ। ਉਸ ਦੇ ਰਾਹੀਂ ਇਸ ਇਲਾਕੇ ਦਾ ਇੱਕ ਵੱਡਾ ਤਕੜਾ ਜੰਗਲ਼ ਆਬਾਦ ਕਰਨ ਦੀ ਸਨਦ ਲੈ ਲਈ ਤੇ ਥੋੜ੍ਹਾ ਜਿਹਾ ਜਿਸ ਇਲਾਕੇ ਦਾ ਮਾਮਲਾ ਵੀ ਸਰਹੰਦ ਦੇ ਹਾਕਮ ਨੂੰ ਦਿੰਦਾ ਰਿਹਾ। ਰੱਬ ਦੇ ਰੰਗ, ਕਿਸੇ ਕਾਰਨ ਤੋਂ ਦੋਨਾਂ ਭਰਾਵਾਂ ਵਿੱਚ ਅਣ-ਬਣ ਹੋ ਗਈ ਸਰਦਾਰ ਰਾਮ ਸਿੰਘ ਆਪਣੇ ਸਹੁਰੇ ਪਿੰਡ ਢਿਆਲੀ ਜਾ ਕੇ ਵੱਸਿਆ। ਉਕਤ ਸਰਦਾਰ ਸਾਹਿਬ ਦੀ ਸ਼ਾਦੀ ਨਾਨੂ ਸਿੰਘ ਭੁੱਲਰ ਦੀ ਲੜਕੀ ਸਾਹਿਬ ਕੌਰ ਦੇ ਨਾਲ ਹੋਈ, ਜੋ ਅਸਲ ਵਸਨੀਕ ਘੁਨਸ ਦਾ ਸੀ ਤੇ ਢਿਆਲੀ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਸਰਦਾਰ ਰਾਮ ਸਿੰਘ ਨੇ ਆਪਣਾ ਫਰਜ਼ ਸਮਝ ਰੱਖਿਆ ਸੀ ਕਿ ਜੇ ਕੋਈ ਡਾਕੂ ਲੋਕਾਂ ਦਾ ਮਾਲ-ਅਸਬਾਬ ਜ਼ੋਰ ਤੇ ਧੱਕੇ ਨਾਲ ਖੋਹ ਕੇ ਲੈ ਜਾਏ, ਤਦ ਇਹ ਜਾ ਕੇ ਉਹਦੇ ਨਾਲ ਟਾਕਰਾ ਕਰ ਕੇ ਸਾਰਾ ਮਾਲ ਅਸਲ ਮਾਲਕਾਂ ਨੂੰ ਲਿਆ ਦਿਆ ਕਰਦਾ ਸੀ। ਇਸ ਕਰ ਕੇ ਰਾਮ ਸਿੰਘ ਦੀ ਸਾਰੇ ਇਲਾਕੇ ਵਿੱਚ ਪ੍ਰਸੰਸਾ ਹੋਣ ਲੱਗੀ ਤੇ ਇਸ ਨੂੰ ਹਰ ਇੱਕ ਨਿੱਕਾ-ਵੱਡਾ ਦੇਸ਼ ਰੱਖਿਅਕ ਸਮਝਣ ਲੱਗ ਪਿਆ।

1711 ਈ. 'ਚ ਇਸ ਨੇ ਇੱਕ ਪਿੰਡ ਰਾਮਪੁਰ ਵਸਾਇਆ ਤੇ ਉਸ ਵਿੱਚ ਰਹਿਣ ਲੱਗਾ। ਇਸ ਇਲਾਕੇ ਦੀ ਜੋ ਸਨਦ ਸਰਦਾਰ ਰਾਮ ਸਿੰਘ ਨੂੰ ਮਿਲੀ ਸੀ, ਉਸ ਦੇ ਵਿੱਚ ਚੈਨ ਸਿੰਘ ਨੇ ਆਪਣਾ ਨਾਮ ਵੀ ਲਿਖਾ ਲਿਆ ਸੀ। ਹੁਣ ਜਦੋਂ ਇਸ ਇਲਾਕੇ ਤੋਂ ਸਰਦਾਰ ਰਾਮ ਸਿੰਘ ਨੂੰ ਕਾਫ਼ੀ ਆਮਦਨ ਹੁੰਦੀ ਵੇਖੀ ਤਾਂ ਚੈਨ ਸਿੰਘ ਨੇ ਸ੍. ਰਾਮ

ਸਿੰਘ ਤੋਂ ਆਮਦਨੀ ਦਾ ਹਿੱਸਾ ਮੰਗਿਆ। ਸ੍. ਸਾਹਿਬ ਨੇ ਕਿਹਾ ਕਿ ਇਹ ਜੋ ਕੁਝ ਕੀਤਾ ਹੈ, ਅਸਾਂ ਆਪਣੀ ਮਿਹਨਤ ਨਾਲ ਕੀਤਾ ਹੈ, ਇਸ ਵਿੱਚ ਤੇਰਾ ਕੋਈ ਹੱਕ ਨਹੀਂ। ਇਹ ਗੱਲ ਸੁਣ ਕੇ ਚੈਨ ਸਿੰਘ ਗ਼ੁੱਸੇ ਹੋ ਸਨਦ ਮਨਸੂਖ਼ ਕਰਾਣ ਵਾਸਤੇ ਤਯਾਰ ਹੋ ਗਿਆ, ਜਿਸ ਤੋਂ ਦੋਹਾਂ ਵਿੱਚ ਅਣਬਣ ਹੋ ਗਈ। ਸਬੱਬ ਨਾਲ ਚੈਨ ਸਿੰਘ ਸਰਹੰਦ ਦੇ ਸੂਬੇ ਵੱਲੋਂ ਫ਼ਗੀਦਕੋਟ ਦੇ ਇਲਾਕੇ ਵਿੱਚ ਮਾਲ ਗੁਜ਼ਾਰੀ ਦਾ ਰੁਪਿਆ ਲੈਣ ਗਿਆ ਹੋਇਆ ਸੀ। ਜਦ ਉਹ ਰੁਪਿਆ ਲੈ ਕੇ ਉੱਥੋਂ ਚਲਿਆ ਤਾਂ ਡਾਕੂਆਂ ਨੇ ਆਣ ਘੇਰਿਆ। ਇਸ ਮੁੱਠ-ਭੇੜ ਵਿੱਚ ਚੈਨ ਸਿੰਘ ਮਾਰਿਆ ਗਿਆ। ਕਈ ਆਦਮੀਆਂ ਨੇ ਇਹ ਗੱਲ ਪ੍ਰਚਾਰ ਦਿੱਤੀ ਕਿ ਸ੍. ਰਾਮ ਸਿੰਘ ਨੇ ਇਸ ਨੂੰ ਮਰਵਾ ਦਿੱਤਾ ਹੈ। ਇਸ ਕਰ ਕੇ ਚੈਨ ਸਿੰਘ ਦੇ ਲੜਕੇ ਉਗਰ ਸੈਨ ਤੇ ਬੀਰੇ ਬਦਲਾ ਲੈਣ ਵਾਸਤੇ ਤਿਆਰ ਹੋਏ। ਜਦੋਂ 1714 ਈ. ਵਿੱਚ ਸਰਦਾਰ ਰਾਮ ਸਿੰਘ ਮਲੇਰਕੋਟਲੇ ਗਿਆ ਹੋਇਆ ਵਾਪਸ ਆ ਰਿਹਾ ਸੀ ਤਾਂ ਇਹਨਾਂ ਨੇ ਧੋਖੇ ਨਾਲ ਉਸ ਦਾ ਕਤਲ ਕਰ ਦਿੱਤਾ।

**ਸਰਦਾਰ ਰਾਮ ਸਿੰਘ ਦੇ ਛੇ ਪੁੱਤਰ ਸਨ** : ਦੁਨਾ ਸਿੰਘ, ਸਭਾ ਸਿੰਘ, ਬਖ਼ਤਾਵਰ ਸਿੰਘ, ਲੱਧਾ ਸਿੰਘ, ਬੁੱਢਾ ਸਿੰਘ। ਇਹਨਾਂ ਵਿੱਚੋਂ ਆਲਾ ਸਿੰਘ ਹਰ ਤਰ੍ਹਾਂ ਪ੍ਰਤਾਪੀ ਤੇ ਐਸ਼ਵਰਜਵਾਨ ਤੇ ਭਾਗਵਾਨ ਸੀ। ਇਹ 1695 ਵਿੱਚ ਜਨਮਿਆ ਤੇ ਆਪਣੇ ਪਿਤਾ ਦੀ ਮੌਤ ਤੋਂ 23 ਸਾਲ ਦੀ ਉਮਰ ਵਿੱਚ ਪਿਤਾ ਦਾ ਜਾਨਸ਼ੀਨ ਬਣਿਆ। ਗਿਆਨੀ ਗਿਆਨ ਸਿੰਘ ਅਨੁਸਾਰ ਆਲਾ ਸਿੰਘ 1691 ਈ. ਵਿੱਚ ਜਨਮਿਆ, ਪਰ 1695 ਈ. ਦੀ ਤਾਰੀਖ਼ ਜ਼ਿਆਦਾ ਢੁਕਵੀਂ ਮੰਨੀ ਜਾਂਦੀ ਹੈ। ਡਾ. ਭਗਤ ਸਿੰਘ ਨੇ ਵੀ ਇਸੇ ਤਾਰੀਖ਼ ਨੂੰ ਸਹੀ ਮੰਨਿਆ ਹੈ। ਭਾਈ ਦਿਆਲ ਦਾਸ, ਭਾਈ ਚਰਨ ਦਾਸ ਤੇ ਮੂਲ ਚੰਦ, ਜੋ ਕਰਨੀ ਵਾਲੇ ਸੰਤ ਹੋਏ ਹਨ, ਦੇ ਨਾਲ ਸ੍. ਆਲਾ ਸਿੰਘ ਦਾ ਬੜਾ ਮੇਲ਼-ਜੋਲ਼ ਸੀ ਤੇ ਹਰ ਇੱਕ ਲੜਾਈ ਵਿੱਚ ਉਹ ਇਹਦੇ ਨਾਲ ਰਹਿੰਦੇ ਸਨ।

ਸੰਨ 1732 ਈ. ਵਿੱਚ ਜਦੋਂ ਪੰਥ ਖ਼ਾਲਸੇ ਮਾਲਵੇ ਵਿੱਚ ਠੀਕਰੀ ਵਾਲੇ ਬਹੁਤ ਦਿਨਾਂ ਤਕ ਬਿਸਰਾਮ ਕੀਤਾ, ਤਦ ਸਰਦਾਰ ਆਲਾ ਸਿੰਘ ਨੇ ਆਪਣੇ ਭਰਾ ਸਮੇਤ ਨਵਾਬ ਕਪੂਰ ਸਿੰਘ ਤੋਂ ਅੰਮ੍ਰਿਤ ਛਕਿਆ, ਜਿੱਥੇ ਇੱਕ ਖੂਹ ਸਾਤ ਬੁੱਢਾ ਪੰਥ ਦੇ ਪਾਣੀ ਪੀਣ ਵਾਸਤੇ ਤਿਆਰ ਕਰਵਾਇਆ। ਜਿਸ ਦਰਖ਼ਤ ਹੇਠ ਇਨ੍ਹਾਂ ਅੰਮ੍ਰਿਤ ਛਕਿਆ ਤੇ ਨਵਾਬ ਕਪੂਰ ਸਿੰਘ ਬੈਠਿਆ ਕਰਦੇ ਸਨ, ਉਹ ਦਰਖ਼ਤ ਹੁਣ ਤਕ ਮੌਜੂਦ ਹੈ ਤੇ ਲੋਕੀਂ ਉਸ ਦਾ ਬਹੁਤ ਸਤਿਕਾਰ ਕਰਦੇ ਹਨ।

ਸਰਦਾਰ ਆਲਾ ਸਿੰਘ ਦਾ ਪ੍ਰਤਾਪ ਵਧਦਾ ਵੇਖ ਕੇ ਮਾਲਵੇ ਦੇ ਹਜ਼ਾਰਾਂ ਆਦਮੀ ਇਨ੍ਹਾਂ ਦੇ ਨਾਲ ਮਿਲ ਗਏ। ਇਹਨਾਂ ਨੇ ਉਹ ਸਾਰੇ ਪਿੰਡ, ਜੋ ਨਵੇਂ ਮੁਸਲਮਾਨ ਹੋਏ ਰੰਗੜਾਂ ਦੇ ਜ਼ੁਲਮ ਨਾਲ ਉੱਜੜ ਗਏ ਸਨ, ਨਵੇਂ ਸਿਰੇ ਵਸਾਉਣੇ ਸ਼ੁਰੂ ਕੀਤੇ। ਦਿਆਲ ਦਾਸ ਤੇ ਮੂਲ ਚੰਦ, ਜੋ ਉਸ ਸਮੇਂ ਗੁਰਬਾਣੀ ਦੇ ਰਸੀਏ ਫ਼ਕੀਰ ਸਨ, ਦੀ ਪ੍ਰੇਰਨਾ ਨਾਲ ਲੰਗਰ ਜਾਰੀ ਕੀਤਾ। ਇਸ ਇਲਾਕੇ ਦੇ ਉੱਜੜੇ ਹੋਏ ਹਿੰਦੂਆਂ ਦੀ

ਸਹਾਇਤਾ ਕਰਨੀ ਆਪਣਾ ਫ਼ਰਜ਼ ਬਣਾ ਲਿਆ ਤੇ ਪਿੰਡ ਆਬਾਦ ਕਰਨ ਲੱਗਾ। ਇਸ ਕਰ ਕੇ ਇਨ੍ਹਾਂ ਦੇ ਨਾਲ ਬਹੁਤ ਸਾਰੀ ਖ਼ਲਕਤ ਇਕੱਠੀ ਹੋ ਗਈ ਤੇ ਉੱਜੜੇ ਹੋਏ ਪਿੰਡਾਂ ਵਿੱਚ ਵਾਹੀ ਹੋਣ ਲੱਗੀ।

ਆਲਾ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਦਾ ਬਦਲਾ ਲੈਣ ਦੀ ਸਲਾਹ ਕੀਤੀ। ਸੋ, ਚੈਨ ਸਿੰਘ ਦੇ ਪੁੱਤਰ ਉਗਰ ਸੈਨ ਆਦਿਕਾਂ 'ਤੇ, ਜੋ ਪਿੰਡ ਗੁਮਟੀ ਵਿੱਚ ਵਿਆਹ 'ਤੇ ਆਏ ਸਨ, ਹਮਲਾ ਕਰ ਦਿੱਤਾ, ਜਿਸ ਵਿੱਚ ਅਠਾਰਾਂ ਆਦਮੀ ਤੇ ਚੈਨ ਸਿੰਘ ਦੇ ਦੋ ਪੁੱਤਰ ਬੀਰੂ ਤੇ ਕਮਾਲਾ ਮਾਰੇ ਗਏ। ਉਗਰ ਸੈਨ ਭੱਜ ਗਿਆ। ਸਰਦਾਰ ਆਲਾ ਸਿੰਘ ਨੇ ਉਸ ਦੇ ਪਿੰਡ ਨੂੰ ਉਜਾੜ ਕੇ ਬਰਬਾਦ ਕਰ ਦਿੱਤਾ। ਉਗਰ ਸੈਨ ਕਾਂਗੜੇ ਵਾਲਿਆਂ ਦੀ ਪਨਾਹ ਵਿੱਚ ਚਲਾ ਗਿਆ। ਇਸ ਲੜਾਈ ਵਿੱਚ ਜ਼ਖ਼ਮ ਸਰਦਾਰ ਆਲਾ ਸਿੰਘ ਦੇ ਚੇਹਰੇ ਤੇ ਬਰਛੀ ਦਾ ਤੇ ਇੱਕ ਪੱਟ 'ਤੇ ਲੱਗਾ, ਪਰੰਤੂ ਫ਼ਤਿਹ ਦੀ ਖ਼ੁਸ਼ੀ ਵਿੱਚ ਚੰਗਾ ਹੋ ਗਿਆ।

ਸੰਘੇੜਾ ਇਲਾਕਾ ਰਿਆਸਤ ਰਾਏਕੋਟ ਦਾ ਹਾਕਮ ਉਹਨੀਂ ਦਿਨੀਂ ਨਵਾਂ ਮੁਸਲਮਾਨ ਹੋਇਆ ਸੀ। ਇਸ ਨੇ ਹਿੰਦੂਆਂ 'ਤੇ ਬੜੇ ਅੱਤਿਆਚਾਰ ਕੀਤੇ ਤੇ ਜ਼ੋਰ ਦੇਣ ਲੱਗਾ ਕਿ ਸਾਰੇ ਹਿੰਦੂ ਮੁਸਲਮਾਨ ਹੋ ਜਾਣ। ਇਲਾਕੇ ਦੇ ਹਿੰਦੂ ਜ਼ਿਮੀਂਦਾਰਾਂ ਨੇ ਸਰਦਾਰ ਆਲਾ ਸਿੰਘ ਕੋਲ ਆ ਕੇ ਰਾਏਕੋਟ ਦੇ ਹਾਕਮ ਦੀ ਸ਼ਿਕਾਇਤ ਕੀਤੀ। ਸਰਦਾਰ ਆਲਾ ਸਿੰਘ ਨੇ ਉਸ ਦਾ ਥਾਣੇਦਾਰ ਸਰਦਾਰ ਗਾਹੀ ਨੂੰ ਨਿਯੁਕਤ ਕਰ ਕੇ 50 ਸਵਾਰਾਂ ਦੇ ਨਾਲ ਭੇਜ ਦਿੱਤਾ। ਇਹ ਗੱਲ ਸੁਣਦਿਆਂ ਹੀ ਰਾਏਕੋਟ ਦੇ ਰਈਸ ਰਾਏ ਕਲਹਾ ਨੇ ਮੁਹੰਮਦ ਗੌਂਸ ਨੂੰ ਬਹੁਤ ਸਾਰੀ ਫ਼ੌਜ ਦੇ ਕੇ ਭੇਜ ਦਿੱਤਾ, ਤਾਂ ਜੁ ਸਰਦਾਰ ਆਲਾ ਸਿੰਘ ਦਾ ਥਾਣਾ ਉਠਵਾ ਦਿੱਤਾ ਜਾਵੇ। ਦੋਹਾਂ ਧਿਰਾਂ ਵਿੱਚ ਲੜਾਈ ਸ਼ੁਰੂ ਹੋ ਗਈ। ਸਰਦਾਰ ਆਲਾ ਸਿੰਘ ਵੀ ਫ਼ੌਜ ਲੈ ਕੇ ਅੱਪੜ ਗਿਆ। ਭਿਆਨਕ ਜੰਗ ਸ਼ੁਰੂ ਹੋ ਗਈ। ਗੌਂਸ ਮੁਹੰਮਦ ਖ਼ਾਂ ਲੜਾਈ ਵਿੱਚ ਮਾਰਿਆ ਗਿਆ ਤੇ ਉਸ ਦੀ ਫ਼ੌਜ ਭੱਜ ਉੱਠੀ। ਇਸੇ ਤਰ੍ਹਾਂ ਤਿੰਨ ਵਾਰ ਟਾਕਰਾ ਹੋਇਆ, ਕਿੰਤੂ ਹਰ ਵਾਰ ਮੈਦਾਨ ਆਲਾ ਸਿੰਘ ਦੇ ਹੱਥ ਰਿਹਾ। ਨਤੀਜਾ ਇਹ ਹੋਇਆ ਕਿ ਉਹ ਪਿੰਡ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ ਤੇ ਰਾਏ ਦੇ ਬਹੁਤ ਸਾਰੇ ਆਦਮੀ ਮਾਰੇ ਗਏ।

1718 ਈ. ਨੂੰ ਸਰਦਾਰ ਆਲਾ ਸਿੰਘ ਨੇ ਕਸਬਾ ਪਧੇੜ ਜੋ ਪਧਰ ਸੈਨ ਰਾਜਾ ਨੇ ਵਸਾਇਆ ਸੀ, ਨੂੰ ਫ਼ਤਿਹ ਕਰ ਕੇ ਆਪਣੇ ਵੱਡੇ ਭਰਾ ਦੂਨਾ ਸਿੰਘ ਨੂੰ ਦੇ ਕੇ ਬਰਨਾਲੇ ਨੂੰ, ਜੋ ਵਿਰਾਨ ਪਿਆ ਸੀ, ਵਸਾ ਕੇ ਆਪਣੀ ਰਾਜਧਾਨੀ ਬਣਾਇਆ ਤੇ ਲਾਗੇ ਦੇ ਜਿੰਨੇ ਪਿੰਡ ਸੀ, ਸਭ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿੱਚ ਆਪਣੇ-ਆਪ ਆ ਗਏ। ਇਨ੍ਹਾਂ ਹੀ ਦਿਨਾਂ ਵਿੱਚ ਸਰਦਾਰ ਆਲਾ ਸਿੰਘ ਨੇ ਆਪਣੇ-ਆਪ ਨੂੰ ਚੜ੍ਹਦੀ ਕਲਾ ਵਿੱਚ ਵੇਖ ਕੇ 9 ਪਿੰਡ, ਜਿਨ੍ਹਾਂ ਵਿੱਚ ਲੌਂਗੋਵਾਲ ਕਸੇਲ ਤੇ ਉਭਵਾਲ ਆਦਿਕ ਸ਼ਾਮਲ ਹਨ ਤੇ ਇਹ ਮੁਸਲਮਾਨਾਂ ਦੇ ਜ਼ੁਲਮ ਤੋਂ ਉਜੜੇ ਹੋਏ ਸਨ, ਆਬਾਦ

ਕੀਤੇ ਤੇ ਖ਼ਾਸ ਕਰ ਕੇ ਲੌਂਗੇਵਾਲ ਵਿੱਚ ਬਹੁਤ ਦਿਨ ਆਪ ਠਹਿਰਿਆ, ਜਿਸ ਦੇ ਨਿਸ਼ਾਨ ਹੁਣ ਤਕ ਮਿਲਦੇ ਹਨ।

ਸੰਨ 1725 ਈ. ਨੂੰ ਮੁਹੰਮਦ ਸ਼ਾਹ ਦਿੱਲੀ ਦੇ ਬਾਦਸ਼ਾਹ ਵੱਲੋਂ ਇੱਕ ਹੁਕਮਨਾਮਾ ਅਮੀਨ ਖ਼ਾਂ ਵਜ਼ੀਰ ਦੇ ਲੜਕੇ ਕਮਰਦੀਨ ਦੀ ਰਾਹੀਂ ਸਰਦਾਰ ਆਲਾ ਸਿੰਘ ਨੇ ਆਪਣੀ ਪਕਿਆਈ ਲਈ ਦਿੱਲੀ ਦਰਬਾਰ ਵੱਲੋਂ ਪ੍ਰਾਪਤ ਕੀਤਾ, ਜਿਸ ਵਿੱਚ ਲਿਖਿਆ ਸੀ ਕਿ ਤੁਸਾਂ ਸ਼ਹਿਰਾਂ ਦੇ ਆਬਾਦ ਕਰਨ ਦੀ ਜੋ ਸੇਵਾ ਕੀਤੀ ਹੈ, ਉਹਨੂੰ ਵੇਖ ਕੇ ਅਸੀਂ ਬੜੇ ਖ਼ੁਸ਼ ਹੋਏ ਹਾਂ, ਤੇ ਇਸੇ ਤਰ੍ਹਾਂ ਦੇ ਤੁਹਾਡੇ ਕੰਮ ਵੇਖਕੇ ਰਾਜੇ ਦਾ ਖ਼ਿਤਾਬ ਵੀ ਦਿੱਤਾ ਜਾਵੇਗਾ। ਇਹ ਹੁਕਮਨਾਮਾ ਅਜਾਨ 1137 ਹਿਜਰੀ ਨੂੰ ਨਵਾਬ ਮੀਰ ਮਨੂੰ ਵਲਦ ਕਮਰਦੀਨ ਤੇ ਸਮੀ ਅਯਾਰ ਖ਼ਾਂ ਦੇ ਹੱਥ ਸਰਹੰਦ ਦੇ ਮੁਕਾਮ 'ਤੇ ਮਹਾਰਾਜਾ ਆਲਾ ਸਿੰਘ ਨੂੰ ਦਿੱਤਾ ਗਿਆ।

ਉਸ ਜ਼ਮਾਨੇ ਵਿੱਚ ਸੋਧੇ ਖ਼ਾਂ ਨਵਾਂ ਮੁਸਲਮਾਨ ਹੋਇਆ, ਜੋ ਕਿ ਬਰਨਾਲੇ ਦੇ ਪਾਸ ਨੀਮਾ ਪਿੰਡ ਵਿੱਚ ਵਸਦਾ ਸੀ। ਇਹ ਤਿੰਨ ਸੌ ਸਵਾਰ ਤੇ ਪਿਆਦੇ ਆਪਣੇ ਨਾਲ ਰੱਖ ਕੇ ਹਿੰਦੂਆਂ ਦੇ ਪਿੰਡ ਉਜਾੜਦਾ ਰਹਿੰਦਾ ਸੀ। ਇਸ ਨੂੰ ਆਪਣੇ ਭਣਵੱਯੇ ਰਾਏ ਕੁਲਹਾ ਰਈਸ ਰਾਏਕੋਟ ਦਾ ਬਹੁਤ ਘੁਮੰਡ ਸੀ। ਕਈ ਵੇਰ ਸਰਦਾਰ ਆਲਾ ਸਿੰਘ ਤੇ ਸੋਧੇ ਖ਼ਾਂ ਦੇ ਵਿਚਕਾਰ ਮਾਮੂਲੀ ਜਿਹੀਆਂ ਝੜਪਾਂ ਹੁੰਦੀਆਂ ਰਹੀਆਂ, ਪਰੰਤੂ ਦੋਹਾਂ ਵਿੱਚੋਂ ਕੋਈ ਇੱਕ ਦੂਜੇ ਨੂੰ ਜਿੱਤ ਨਹੀਂ ਸਕਿਆ।

ਸੰਨ 1730 ਈ. ਨੂੰ ਸੋਧੇ ਖ਼ਾਂ ਮਰ ਗਿਆ। ਉਸ ਦਾ ਲੈ ਪਾਲਕ ਲਗਾਹੀਆ ਖ਼ਾਂ, ਜੋ ਹਿੰਦੂ ਤੋਂ ਮੁਸਲਮਾਨ ਹੋਇਆ ਸੀ, ਸੋਧੇ ਖ਼ਾਂ ਦੀ ਜਾਇਦਾਦ ਨਾ ਮਿਲਣ ਦੇ ਕਾਰਨ ਸਰਦਾਰ ਆਲਾ ਸਿੰਘ ਦੀ ਪਨਾਹ ਵਿੱਚ ਆ ਗਿਆ ਤੇ ਇਹਨਾਂ ਦੀ ਨੌਕਰੀ ਕਰ ਲਈ। ਸਮਾਂ ਪਾ ਕੇ ਸਰਦਾਰ ਆਲਾ ਸਿੰਘ ਦੇ ਸਪੁੱਤਰ ਸਰਦੂਲ ਸਿੰਘ ਤੇ ਕੰਵਰ ਲਾਲ ਸਿੰਘ ਨੂੰ ਨਾਲ ਚੜ੍ਹਾ ਕੇ ਲੈ ਗਿਆ। ਇੱਥੇ ਭਾਰੀ ਲੜਾਈ ਹੋਈ, ਜਿਸ ਵਿੱਚ ਬਹੁਤ ਸਾਰੇ ਆਦਮੀ ਜ਼ਖ਼ਮੀ ਹੋਏ ਤੇ ਕੰਵਰ ਸਾਹਿਬ ਜਿੱਤ ਗਏ। ਨੀਮੇ ਨੂੰ ਉਜਾੜ ਕੇ ਉਹਦਾ ਮਾਣਮੱਤਾ ਤੇ ਅਸਬਾਬ ਚੱਕ ਕੇ ਘਰ ਨੂੰ ਲੈ ਆਏ। ਹੁਣ ਉਸ ਪਿੰਡ ਦੇ ਖੰਡਰ ਪਏ ਹੋਏ ਹਨ।

ਸੋਧੇ ਖ਼ਾਂ ਦੇ ਪੁੱਤਰ ਆਪਣੇ ਫੁੱਫੜ ਰਾਏ ਕੁਲਹਾ ਦੇ ਪਾਸ ਚਲੇ ਗਏ ਤੇ ਆਪਣੀ ਸਹਾਇਤਾ ਵਿੱਚ ਰੋਏ-ਪਿੱਟੇ, ਜਿਸ ਤੋਂ ਇਹਨੇ ਗ਼ੁੱਸੇ ਵਿੱਚ ਆ ਕੇ ਜਗਰਾਉਂ ਦੇ ਰਈਸਾਂ ਦੀ ਸਲਾਹ ਨਾਲ ਸਰਦਾਰ ਆਲਾ ਸਿੰਘ ਦੇ ਵਿਰੁੱਧ ਇੱਕ ਆਮ ਜਹਾਦ ਦਾ ਐਲਾਨ ਕੀਤਾ ਤੇ ਇਸ਼ਤਿਹਾਰ ਕੱਢਿਆ, ਜਿਸ ਵਿੱਚ ਸਾਰੇ ਨਵੇਂ ਮੁਸਲਮਾਨ ਹੋਏ ਰੰਘੜ; ਮਲਸੀਆਂ ਦਾ ਹਾਕਮ ਦਲੇਲ ਖ਼ਾਂ, ਹਲਵਾਂ ਵਾਲਾ ਕੁਤਬ ਖ਼ਾਂ, ਮਲੇਰਕੋਟਲੇ ਦੇ ਅਫ਼ਗਾਨ ਹਸਨ ਖ਼ਾਂ, ਭੱਟੀ ਦਵਾਲੀਆ ਭਟਨੇਰ, ਤਲਵੰਡੀ ਜਰਗ ਝੰਡੂ ਆਦਿਕ ਜਗ੍ਹਾ ਤੋਂ ਇਕੱਠੇ ਹੋ ਕੇ ਨਵਾਬ ਸੱਯਦ ਅਸਦ ਅਲੀ ਖ਼ਾਂ ਫ਼ੌਜਦਾਰ ਜ਼ਾਹੀ ਜੋ ਜਲੰਧਰ

ਦੁਆਬਾ ਵਿੱਚ ਨਿਯਤ ਸੀ, ਅੱਗੇ ਕਰ ਕੇ 50 ਹਜ਼ਾਰ ਸਵਾਰ ਤੇ ਪਿਆਦਾ ਨਾਲ ਲੈ ਕੇ 1784 ਬਿ. 1727 ਈ. ਨੂੰ ਬਰਨਾਲੇ 'ਤੇ ਹਮਲਾ ਕਰ ਦਿੱਤਾ। ਦੁਪੈਹਰ ਤਕ ਬੜੀ ਭਯੰਕਰ ਲੜਾਈ ਹੋਈ। ਸਰਦਾਰ ਆਲਾ ਸਿੰਘ ਨੇ ਆਪਣੀ ਸਹਾਇਤਾ ਵਾਸਤੇ ਨਵਾਬ ਕਪੂਰ ਸਿੰਘ ਆਦਿਕ ਖ਼ਾਲਸਾ ਦਲਾਂ ਨੂੰ ਸੱਦ ਲਿਆ ਸੀ। ਇਸ ਕਰ ਕੇ ਦੋਨੋਂ ਪਾਸਿਆਂ ਤੋਂ ਘਮਸਾਨ ਦੀ ਲੜਾਈ ਹੋਣ ਲੱਗੀ। ਠੀਕ ਉਸੇ ਵੇਲੇ ਜਦੋਂ ਦੋਨੋਂ ਪਾਸਿਆਂ ਦੇ ਯੋਧੇ ਬੜੀ ਸੂਰਮਤਾ ਨਾਲ ਇੱਕ ਦੂਜੇ 'ਤੇ ਵਾਰ ਕਰ ਰਹੇ ਸਨ, ਅਸਦ ਅਲੀ ਖ਼ਾਂ ਜੋ ਇਸ ਜੰਗ ਦਾ ਮੋਢੀ ਸੀ, ਮਾਰਿਆ ਗਿਆ। ਉਹਦੀ ਫ਼ੌਜ ਮੈਦਾਨ ਵਿੱਚੋਂ ਨੱਸ ਪਈ। ਫਿਰ ਕੀ ਸੀ ? ਮਲੇਰਕੋਟਲਾ ਤੇ ਰਾਏਕੋਟ ਦੀ ਫ਼ੌਜ ਵੀ ਅੱਗੇ ਨੱਸ ਪਈ। ਖ਼ਾਲਸੇ ਨੇ ਦੂਰ ਤਕ ਵੈਰੀ ਦਾ ਪਿੱਛਾ ਕੀਤਾ ਤਾਂ ਬੜਾ ਭਾਰੀ ਨੁਕਸਾਨ ਪਹੁੰਚਾਇਆ। ਬਹੁਤ ਸਾਰੇ ਮੁਸਲਮਾਨ, ਜੋ ਕੈਦ ਵਿੱਚ ਆਏ, ਉਹਨਾਂ ਦਾ ਸਾਰਾ ਸਮਾਨ ਸਿੱਖਾਂ ਦੇ ਹੱਥ ਆਇਆ। ਇਹ ਭਾਰੀ ਸ਼ਿਕਸਤ ਮੁਸਲਮਾਨਾਂ ਨੂੰ ਹੋਈ, ਜਿਸ ਤੋਂ ਸਰਦਾਰ ਆਲਾ ਸਿੰਘ ਦਾ ਨਾਮ ਦੂਰ-ਦੂਰ ਤਕ ਮਸ਼ਹੂਰ ਹੋ ਗਿਆ। ਇਸ ਲੜਾਈ ਵਿੱਚ ਅਸਦ ਅਲੀ ਖ਼ਾਂ, ਦਾ ਮਾਰਿਆ ਜਾਣਾ ਮੁਹੰਮਦ ਸ਼ਾਹ ਦਿੱਲੀ ਦੇ ਬਾਦਸ਼ਾਹ ਨੂੰ ਬੜਾ ਪਸੰਦ ਸੀ, ਕਿਉਂਕਿ ਇਹ ਉਹਨਾਂ ਸੱਯਦਾਂ ਦਾ ਸਾਥੀ ਸੀ, ਜੋ ਮੁਲਕ ਵਿੱਚ ਫਸਾਦ ਮਚਾ ਰਹੇ ਸਨ ਤੇ ਦਿੱਲੀ ਦੇ ਬਾਦਸ਼ਾਹ ਨਾਮਧਰੀਕ ਅੱਗੇ ਰੱਖ ਕੇ ਮਨ ਮੰਨੇ ਹੁਕਮ ਚਲਾਉਂਦੇ ਸਨ, ਤੇ ਇਹਨਾਂ ਨੇ ਹੀ ਫਰੁਖਸ਼ੀਅਰ ਨੂੰ ਕਤਲ ਕੀਤਾ ਸੀ ਤੇ ਮੁਹੰਮਦ ਸ਼ਾਹ ਨਾਲ ਜੰਗ ਕਰ ਕੇ ਹਾਰ ਖਾਧੀ ਸੀ।

ਸੰਨ 1737 ਈ. ਨੂੰ ਸਰਦਾਰ ਆਲਾ ਸਿੰਘ ਨੇ ਆਪਣੇ ਮੁੱਢ ਦੇ ਵੈਰੀ ਭੱਟੀਆਂ 'ਤੇ ਹਮਲਾ ਕੀਤਾ। ਮੁਹੰਮਦ ਅਮੀਨ ਖ਼ਾਂ, ਹਸਨ ਖ਼ਾਂ ਭਟਨੇਰ ਵਾਲਾ, ਦਾਦ ਖ਼ਾਂ, ਵਲਾਇਤ ਖ਼ਾਂ ਬੁਲਾਡਾ ਆਦਿਕ ਜਗ੍ਹਾ ਦੇ ਰਈਸ ਬਾਕਰ ਖ਼ਾਂ, ਰਈਸ ਹਰਯਾਤ ਆਦਿਕ, ਜੋ ਹਿੰਦੂ ਪਰਜਾ ਨੂੰ ਬੜਾ ਦੁੱਖ ਦਿੰਦੇ ਸਨ ਤੇ ਹੋਰ ਲਾਗੇ ਦੇ ਮੁਸਲਮਾਨ ਜ਼ਿਮੀਂਦਾਰ ਜੋ ਹਿੰਦੂਆਂ ਨੂੰ ਲੁੱਟ-ਮਾਰ ਕੇ ਮੁਸਲਮਾਨ ਕਰਨੇ ਚਾਹੁੰਦੇ ਸਨ, ਇਹਨਾਂ ਨਾਲ ਕਈ ਜੰਗ ਕੀਤੇ। ਦਸ ਵਰ੍ਹਿਆਂ ਤਕ ਇਹ ਲੜਾਈ ਹੁੰਦੀ ਰਹੀ, ਕਦੀ ਇੱਕ ਤੇ ਕਦੀ ਦੂਜੀ ਧਿਰ ਜਿੱਤ ਪ੍ਰਾਪਤ ਕਰਦੀ ਰਹੀ। ਇਹ ਇਲਾਕਾ ਸਰ ਕਰਨਾ ਬੜਾ ਔਖਾ ਕੰਮ ਸੀ। ਘਾਹ ਤੇ ਪਾਣੀ ਨਹੀਂ ਮਿਲਦਾ ਸੀ। ਇਸ ਇਲਾਕੇ ਦੀ ਵਾਸੋਂ ਵੀ ਬੜੀ ਲੜਾਕੀ ਸੀ, ਪਰੰਤੂ ਉਸ ਵਕਤ ਵੀ ਸਰਦਾਰ ਆਲਾ ਸਿੰਘ ਨੇ ਹਿੰਦੂ ਜਨਤਾ ਨੂੰ ਮੁਸਲਮਾਨਾਂ ਦੇ ਜ਼ੁਲਮ ਤੋਂ ਬਚਾਈ ਰੱਖਿਆ ਤੇ ਬਹੁਤ ਸਾਰਾ ਇਲਾਕਾ, ਜਿਸ ਨੂੰ ਨੀਲੀ ਦਾ ਇਲਾਕਾ ਕਹਿੰਦੇ ਹਨ, ਭੱਟੀਆਂ ਤੋਂ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ।

ਸੰਨ 1742 ਈ. ਵਿੱਚ ਨਵਾਬ ਅਲੀ ਮੁਹੰਮਦ ਖ਼ਾਂ ਰੁਹੇਲੇ, ਸਰਹੰਦ ਦੇ ਸੂਬੇਦਾਰ ਨੇ ਰਾਇ ਕੁਲਹਾ ਰਈਸ ਰਾਏਕੋਟ 'ਤੇ ਚੜ੍ਹਾਈ ਕੀਤੀ। ਇਸ ਦਾ ਕਸੂਰ ਇਹ ਸੀ ਕਿ ਦਿੱਲੀ ਦੇ ਬਾਦਸ਼ਾਹ ਦੀ ਮਰਜ਼ੀ ਦੇ ਉਲਟ ਸ੍. ਆਲਾ ਸਿੰਘ ਦੇ ਨਾਲ ਜੰਗ ਕਰ ਕੇ

ਬਹੁਤ ਸਾਰੇ ਮੁਸਲਮਾਨ ਰਈਸ ਮਰਵਾ ਦਿੱਤੇ ਸਨ। ਸਰਦਾਰ ਆਲਾ ਸਿੰਘ ਵੀ ਨਵਾਬ ਅਲੀ ਮੁਹੰਮਦ ਖ਼ਾਂ ਦੇ ਨਾਲ ਹੋ ਗਿਆ, ਬੜੀ ਭਾਰੀ ਲੜਾਈ ਹੋਈ। ਮੱਖਣ ਖ਼ਾਂ ਸਿਪਾਹ ਸਲਾਹ ਖ਼ਾਂ ਤੇ ਰਾਏਕੋਟ ਦਾ ਰਈਸ ਮਾਰਿਆ ਗਿਆ ਤੇ ਰਾਏ ਕੁਲਹਾ ਨੱਸ ਕੇ ਆਪਣੇ ਅਸਲੀ ਵਤਨ ਪਾਕਿ ਪਟਨ ਵੱਲ ਚਲਾ ਗਿਆ।

ਨਵਾਬ ਅਲੀ ਮੁਹੰਮਦ ਖ਼ਾਂ ਨੇ ਰਈਸ ਰਾਏ ਕੁਲਹਾ ਨੂੰ ਜਦ ਭਜਾ ਦਿੱਤਾ ਤੇ ਉਸ ਦੇ ਰਸਤੇ ਵਿੱਚ ਜਿੰਨੇ ਵੀ ਰੁਕਾਵਟ ਕਰਨ ਵਾਲੇ ਰਈਸ ਸਨ, ਸਾਰਿਆਂ ਨੂੰ ਸ੍. ਆਲਾ ਸਿੰਘ ਨੇ ਸੋਧ ਦਿੱਤਾ। ਤਦ ਅਲੀ ਮੁਹੰਮਦ ਖ਼ਾਂ ਨੇ ਵਿਚਾਰਿਆ ਕਿ ਹੁਣ ਇਸ ਸਾਰੇ ਇਲਾਕੇ ਵਿੱਚ ਮੇਰਾ ਸਾਨੀਹਾਰ ਕੋਈ ਰਈਸ ਨਹੀਂ ਤੇ ਨਾ ਕੋਈ ਮੇਰੇ ਸਾਹਮਣੇ ਬੋਲਣ ਜੋਗਾ ਹੈ ਤੇ ਨਾ ਹੀ ਕੋਈ ਅਜਿਹਾ ਪਤਵੰਤਾ ਰਹਿ ਗਿਆ ਹੈ, ਜਿਸ ਦਾ ਕਿ ਦਿੱਲੀ ਦਰਬਾਰ ਨਾਲ ਵੀ ਰਸੂਖ਼ ਹੋਵੇ, ਕਿੰਤੂ ਉਹ ਸਾਰੇ ਗੁਣ ਇੱਕ ਸਰਦਾਰ ਆਲਾ ਸਿੰਘ ਵਿੱਚ ਹੀ ਸਨ। ਸੋ, ਜੇ ਕਦੀ ਆਲਾ ਸਿੰਘ ਦੀ ਤਾਕਤ ਕਮਜ਼ੋਰ ਕਰ ਦਿੱਤੀ ਜਾਏ ਤਾਂ ਮੈਂ ਸੁਤੰਤਰ ਬਾਦਸ਼ਾਹ ਬਣ ਜਾਵਾਂਗਾ। ਸ੍. ਆਲਾ ਸਿੰਘ ਤਾਂ ਇਸ ਖ਼ਿਆਲ ਵਿੱਚ ਸੀ ਕਿ ਅਲੀ ਮੁਹੰਮਦ ਖ਼ਾਂ ਨਾਲ ਉਸ ਦਾ ਮਿੱਤਰਤਾਨਾ ਸੰਬੰਧ ਕਾਇਮ ਹੋ ਗਿਆ ਹੈ, ਕਿੰਤੂ ਅਲੀ ਮੁਹੰਮਦ ਖ਼ਾਂ ਨੇ ਇੱਕ ਦਿਨ 1746 ਈ. ਨੂੰ ਧੋਖਾ ਦੇ ਕੇ ਅਚਨਚੇਤ ਸ੍. ਆਲਾ ਸਿੰਘ ਨੂੰ ਕੈਦ ਕਰ ਲਿਆ। ਛੇ ਮਹੀਨੇ ਪਿੱਛੋਂ ਸ੍. ਆਲਾ ਸਿੰਘ ਦੇ ਇਲਾਕੇ 'ਤੇ ਕਬਜ਼ਾ ਕਰਨ ਦੇ ਵਾਸਤੇ ਸੁਨਾਮ ਜਾ ਠਹਿਰਿਆ ਤੇ ਆਲਾ ਸਿੰਘ ਨੂੰ ਵੀ ਆਪਣੇ ਨਾਲ ਲਿਆ ਕੇ ਕਿਲ੍ਹਾ ਸੁਨਾਮ 'ਚ ਬੰਦ ਕਰ ਦਿੱਤਾ। ਲੱਧਾ ਸਿੰਘ, ਰਾਮ ਦਿੱਤਾ ਸਿੰਘ, ਦੀਵਾਨ ਵਰਿਆਮ ਸਿੰਘ, ਹਰੀਆ ਸਿੰਘ, ਗੁਰਬਖ਼ਸ਼ ਸਿੰਘ, ਆਸਾ ਸਿੰਘ, ਕਾਲੇ ਬੱਘਾ ਸਿੰਘ, ਭੱਸਾ ਸਿੰਘ ਲੌਂਗੋਵਾਲੀਆ, ਜੀਵਨ ਸਿੰਘ, ਜੋਧ ਸਿੰਘ ਰੰਧਾਵਾ ਵਸਨੀਕ ਸ਼ੇਰੇ ਬੂਟਾ ਸਿੰਘ ਰਘੇ, ਝੰਡੂ ਸਿੰਘ ਆਦਿਕ ਸਿੱਖ ਸਰਦਾਰਾਂ ਨੇ ਕੰਵਰ ਲਾਲ ਸਿੰਘ ਨੂੰ ਨਾਲ ਲੈ ਕੇ ਚਾਹਿਆ ਕਿ ਲੜਾਈ ਕਰ ਕੇ ਸੁਨਾਮ ਦੇ ਕਿਲ੍ਹੇ ਵਿੱਚੋਂ ਸਰਦਾਰ ਆਲਾ ਸਿੰਘ ਨੂੰ ਛੁਡਾ ਲਿਆ ਜਾਵੇ, ਕਿੰਤੂ ਸਰਦਾਰ ਆਲਾ ਸਿੰਘ ਦੀ ਰਾਣੀ ਫੱਤੋ ਨੇ ਇਹਨਾਂ ਨੂੰ ਇਸ ਗੱਲ ਤੋਂ ਵਰਜਿਆ ਤੇ ਭਾਈ ਦਿਆਲ ਦਾਸ ਤੇ ਭਾਈ ਮੂਲ ਚੰਦ, ਜੋ ਗੁਰੂ ਘਰ ਦੇ ਕਰਨੀ ਵਾਲੇ ਸੰਤ ਸਨ, ਉਹਨਾਂ ਦੇ ਪਾਸ ਜਾ ਕੇ ਬਿਨੈ ਕੀਤੀ, ਜਿਸ 'ਤੇ ਉਹਨਾਂ ਨੇ ਕਿਹਾ ਕਿ 15 ਦਿਨ ਹੋਰ ਠਹਿਰ ਜਾਉ। ਗੁਰੂ ਸਾਹਿਬ ਸਰਦਾਰ ਆਲਾ ਸਿੰਘ ਦੀ ਬੰਦ ਖ਼ਲਾਸ ਕਰ ਦੇਣਗੇ, ਤੁਸੀਂ ਘਰ ਵਿੱਚ ਜਾ ਕੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਪਾਠ ਕਰਾਓ। ਸੋ, ਅਜਿਹਾ ਹੀ ਹੋਇਆ।

ਸਰਦਾਰ ਆਲਾ ਸਿੰਘ ਵਾਸਤੇ ਹਰ ਰੋਜ਼ ਪ੍ਰਸ਼ਾਦ ਦਾ ਥਾਲ ਬਾਹਰੋਂ ਤਿਆਰ ਹੋ ਕੇ ਜਾਂਦਾ ਸੀ। ਕਰਮ ਸਿੰਘ ਵਾਲਾ ਤੇ ਜੀਵਨ ਸਿੰਘ ਰੰਧਾਵਾ ਪਿੰਡ ਸ਼ੇਰੋਂ ਹਰ ਰੋਜ਼ ਸਰਦਾਰ ਆਲਾ ਸਿੰਘ ਪਾਸ ਰਿਹਾ ਕਰਦੇ ਸਨ। ਭਾਈ ਦਿਆਲ ਦਾਸ ਦੇ ਕਹਿਣ 'ਤੇ ਇਹਨਾਂ ਸਰਦਾਰ ਆਲਾ ਸਿੰਘ ਨੂੰ ਕਹਿ ਦਿੱਤਾ ਕਿ ਬਿਮਾਰਾਂ ਦੀ ਕੋਠੜੀ ਵਿੱਚ

ਚਾਦਰ ਤਾਣ ਕੇ ਸੁੱਤਾ ਰਹਿ। ਸੋ, ਇਸੇ ਤਰ੍ਹਾਂ ਕੀਤਾ ਗਿਆ। ਕੰਵਰ ਲਾਲ ਸਿੰਘ ਨੇ ਚੋਣਵੇਂ ਬਹਾਦਰ ਸਿੰਘਾਂ ਤਾਲਾਬ ਦੇ ਕੰਢੇ 'ਤੇ, ਜੋ ਸ਼ਹਿਰ ਦੀ ਫ਼ਸੀਲ ਦੇ ਨਾਲ ਹੈ, ਜਾ ਠਹਿਰਾਇਆ। ਇਸ ਤਰ੍ਹਾਂ ਤਿੰਨ-ਚਾਰ ਥਾਵਾਂ 'ਤੇ ਮੀਲ-ਮੀਲ ਦੀ ਵਿੱਥ 'ਤੇ, ਜਿੱਥੋਂ ਤਕ ਬੰਦੂਕ ਦੀ ਅਵਾਜ਼ ਸੁਣਾਈ ਦੇਵੇ, ਸੰਧਯਾ ਵੇਲੇ ਸਿੱਖਾਂ ਦੀਆਂ ਪਾਰਟੀਆਂ ਖੜ੍ਹੀਆਂ ਕਰ ਦਿੱਤੀਆਂ, ਤਾਂ ਜੋ ਇਹ ਬੰਦੂਕ ਦੀ ਅਵਾਜ਼ ਸੁਣ ਕੇ ਇਹ ਸਾਰੀਆਂ ਟੋਲੀਆਂ ਇਕੱਠੀਆਂ ਹੋ ਜਾਣ। ਉੱਧਰ ਹਰ ਰੋਜ਼ ਵਾਂਗ ਕਰਮ ਸਿੰਘ ਸੀਮਾ ਪ੍ਰਸਾਦ ਦਾ ਥਾਲ ਲੈ ਕੇ ਕਿਲ੍ਹੇ ਵਿੱਚ ਗਿਆ। ਉਸ ਨੇ ਅਜਿਹੀ ਬਹਾਦਰੀ ਕੀਤੀ ਕਿ ਆਪਣੇ ਕੱਪੜੇ ਰਾਜਾ ਸਾਹਿਬ ਨੂੰ ਪਵਾ ਕੇ ਕਿਲ੍ਹੇ ਵਿੱਚੋਂ ਬਾਹਰ ਕੱਢ ਦਿੱਤਾ ਤੇ ਆਪ ਉਹਨਾਂ ਦੀ ਜਗ੍ਹਾ ਪਲੰਘ 'ਤੇ ਸੌਂ ਰਿਹਾ।

ਜਦੋਂ ਸਰਦਾਰ ਆਲਾ ਸਿੰਘ ਆਪਣੇ ਸਵਾਰਾਂ ਵਿੱਚ, ਜੋ ਬਾਹਰ ਖੜ੍ਹੇ ਸਨ, ਪੁੱਜੇ ਤੇ ਬੰਦੂਕ ਦੀ ਅਵਾਜ਼ ਕੀਤੀ ਗਈ ਤਾਂ ਉਹ ਸਾਰੀਆਂ ਟੋਲੀਆਂ ਜੋ ਇਸੇ ਉਡੀਕ ਵਿੱਚ ਖੜ੍ਹੀਆਂ ਸਨ, ਆ ਪੁੱਜੀਆਂ ਤੇ ਉੱਧਰੋਂ ਕਿਲ੍ਹੇ ਵਿੱਚੋਂ ਕਰਮ ਸਿੰਘ ਵੀ ਰਾਜੇ ਦਾ ਲਿਬਾਸ ਉਤਾਰ ਕੇ ਆ ਗਿਆ। ਜਦ ਸਾਰੇ ਇਕੱਠੇ ਹੋ ਕੇ ਲੌਂਗੋਵਾਲ ਵੱਲ ਚੱਲਣ ਲੱਗੇ ਤਾਂ ਕੰਵਰ ਲਾਲ ਸਿੰਘ ਨੇ ਆਖਿਆ ਕਿ ਹੁਣ ਦੁਸ਼ਮਣ ਨੂੰ ਵੀ ਇੱਕ ਹੱਥ ਦਿਖਾਣਾ ਚਾਹੀਦਾ ਹੈ। ਸੋ, ਰਾਜਾ ਸਾਹਿਬ ਸਰਦਾਰ ਆਲਾ ਸਿੰਘ ਨੂੰ ਤਾਂ 20 ਸਵਾਰਾਂ ਦੇ ਨਾਲ ਚੁਰਾਹੇ 'ਤੇ ਠਹਿਰਨ ਵਾਸਤੇ ਪਹਿਲਾਂ ਭੇਜ ਦਿੱਤਾ ਗਿਆ ਤੇ ਆਪ ਚਾਰ ਸੌ ਸਵਾਰਾਂ ਨੂੰ ਨਾਲ ਲੈ ਕੇ ਬਿਜਲੀ ਵਾਂਗ ਕੜਕਦਾ ਹੋਇਆ ਅਚਨਚੇਤ ਨਵਾਬ ਦੇ ਕੈਂਪ 'ਤੇ ਜਾ ਪਿਆ। ਮੁਸਲਮਾਨਾਂ ਨੂੰ ਤਾਂ ਹਥਿਆਰ ਵੀ ਨਾ ਸੰਭਾਲਣੇ ਮਿਲੇ ਤੇ ਅੰਧੇਰੇ ਵਿੱਚ ਭੱਜਣਾ-ਨੱਸਣਾ ਹੀ ਸੁੱਝਿਆ। ਇਹ ਦੁਸ਼ਮਣ ਨੂੰ ਮਾਰ-ਕੁੱਟ ਕਰਦੇ ਹੋਏ ਬਹੁਤ ਸਾਰਾ ਸਮਾਨ ਖੋਹ ਕੇ ਰਾਜਾ ਸਾਹਿਬ ਨੂੰ ਆ ਮਿਲੇ। ਉਸ ਰਾਤ ਲੌਂਗੋਵਾਲ ਵਿੱਚ ਰਹੇ, ਦੂਜੇ ਦਿਨ ਬਰਨਾਲੇ ਪੁੱਜੇ। ਕਰਮ ਸਿੰਘ ਦੀ ਇਸ ਸੇਵਾ ਨੂੰ ਮੁੱਖ ਰੱਖ ਕੇ ਰਾਜਾ ਸਾਹਿਬ ਨੇ ਸੀਮਾ ਪਿੰਡ, ਜੋ ਉੱਜੜਿਆ ਪਿਆ ਸੀ, ਨਵੇਂ ਸਿਰੇ ਵਸਾ ਦਿੱਤਾ ਤੇ ਇਸ ਨੂੰ ਵਫ਼ਾਦਾਰ ਸਮਝ ਕੇ ਇੱਕ ਉੱਚਾ ਅਹੁਦਾ ਦੇ ਕੇ ਸਦਾ ਲਈ ਆਪਣੇ ਪਾਸ ਰੱਖਿਆ।

ਆਮ ਲੋਕਾਂ ਵਿੱਚ ਇਹ ਗੱਲ ਮਸ਼ਹੂਰ ਹੋ ਗਈ ਕਿ ਰਾਜਾ ਆਲਾ ਸਿੰਘ ਨੂੰ ਬੇੜੀ ਪਾਈ ਗਈ ਸੀ ਤੇ ਜੀਵਨ ਸਿੰਘ ਨੌਕਰ ਨੇ ਇੱਕ ਤਰਬੂਜ਼ ਵਿੱਚ ਰੇਤੀ ਪਾ ਕੇ ਭੇਜ ਦਿੱਤੀ, ਜਿਸ ਦੇ ਨਾਲ ਬੇੜੀ ਕੱਟ ਕੇ ਰਾਜਾ ਸਾਹਿਬ ਨੂੰ ਕਿਲ੍ਹੇ ਤੋਂ ਬਾਹਰ ਲੈ ਆਂਦਾ। ਰਾਜਾ ਆਲਾ ਸਿੰਘ ਦੀ ਰਿਹਾਈ ਦੇ ਮਾਮਲੇ ਵਿੱਚ ਰਾਏ ਪ੍ਰਤਾਪ ਸਿੰਘ ਕਾਨੂੰਗੋ, ਜੋ ਸਕਨਾ ਸੁਨਾਮ ਦਾ ਸੀ ਤੇ ਜਿਸ ਦਾ ਪਿਤਾ ਬਿਸ਼ੰਬਰ ਦਾਸ ਉਸ ਵੇਲੇ ਦਿੱਲੀ ਦਾ ਦੀਵਾਨ ਸੀ, ਸਾਥੀ ਬਣਿਆ ਰਿਹਾ। ਨਵਾਬ ਅਲੀ ਮੁਹੰਮਦ ਖ਼ਾਂ ਤਾਂ ਰਾਜਾ ਆਲਾ ਸਿੰਘ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਵਿੱਚ ਹੀ ਰਿਹਾ, ਪਰੰਤੂ ਰਾਜਾ ਆਲਾ ਸਿੰਘ ਦੇ ਦੋਸਤ ਬਿਸ਼ੰਬਰ ਦਾਸ ਨੇ ਦਿੱਲੀ ਤੋਂ ਅਲੀ ਮੁਹੰਮਦ ਖ਼ਾਂ ਨੂੰ

ਅਹੁਦੇ ਤੋਂ ਹਟਾਏ ਜਾਣ ਦਾ ਹੁਕਮ ਭਿਜਵਾ ਦਿੱਤਾ। ਉਸ ਦੀ ਥਾਂ ਤੇ ਅਬਦੁੱਲ ਸਮੁੰਦ ਖ਼ਾਂ ਸਰਹੰਦ ਦਾ ਸੂਬਾ ਬਣਾਇਆ ਗਿਆ। ਇਸ ਤੋਂ ਨਰਾਜ਼ ਹੋ ਕੇ ਅਲੀ ਮੁਹੰਮਦ ਖ਼ਾਂ ਸਾਰਾ ਖ਼ਜ਼ਾਨਾ ਤੇ ਫ਼ੌਜ ਲੈ ਕੇ ਕਾਬਲ ਚਲਾ ਗਿਆ। ਉੱਥੇ ਜਾ ਕੇ ਉੱਥੋਂ ਦੇ ਸ਼ਾਹੀ ਕਰਮਚਾਰੀਆਂ ਨੂੰ ਹਟਾ ਕੇ ਆਪ ਮਾਲਕ ਬਣ ਬੈਠਾ। ਉਸ ਦੀ ਸੰਤਾਨ ਦੇ ਕਬਜ਼ੇ ਵਿੱਚ ਰਾਮਪੁਰ ਦੀ ਰਿਆਸਤ ਚਲੀ ਆਉਂਦੀ ਹੈ।

ਸੰ. 1803 ਬ੍ਰਿ., ਯਾਨੀ ਕਿ 1746 ਈ. ਨੂੰ ਰਾਜਾ ਆਲਾ ਸਿੰਘ ਨੇ ਕੱਚਾ ਪਟਿਆਲ਼ਾ ਤੇ ਰਾਘੋ ਮਾਜਰਾ ਦੇ ਵਿਚਕਾਰ ਬੜੀ ਚੰਗੀ ਜਗ੍ਹਾ ਦੇਖ ਕੇ ਨਿਵਾਸ ਕੀਤਾ। ਇੱਕ ਕੱਚੀ ਗੜ੍ਹੀ ਬਣਾ ਕੇ, ਜੋ ਫਿਰ ਸੋਢੀ ਸਾਹਿਬਾਨ ਨੂੰ ਦਿੱਤੀ ਗਈ। ਆਪਣੇ ਸਹੁਰੇ ਗੁਰਬਖ਼ਸ਼ ਸਿੰਘ ਕਾਲੇ ਨੂੰ ਉੱਥੋਂ ਦਾ ਥਾਨੇਦਾਰ ਨਿਯੁਕਤ ਕਰ ਕੇ ਪੰਜ ਸੌ ਸਵਾਰ ਨਾਲ ਦੇ ਦਿੱਤੇ ਤੇ ਉੱਥੇ ਛੱਡ ਦਿੱਤੇ।

ਸ੍ਰ. ਆਲਾ ਸਿੰਘ ਨੇ ਗੌਂਡੇ ਰਾਮ ਆਦਿਕ ਭਿੱਖੀਵਾਲੇ, ਜੋ ਬੇਮੁਹਾਰੇ ਹੋ ਰਹੇ ਸਨ, ਉਹਨਾਂ ਨਾਲ ਲੜਾਈ ਕਰ ਕੇ ਉਹਨਾਂ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ ਤੇ ਸੰਨ 1749 ਈ. ਨੂੰ ਪਿੰਡ ਢੋਡੀਆਂ (ਭਵਾਨੀਗੜ੍ਹ) ਨੂੰ ਵਸਾ ਕੇ ਉੱਥੇ ਇੱਕ ਕਿਲ੍ਹਾ ਬਣਵਾਇਆ ਅਤੇ ਖ਼ਗੈਦ ਖ਼ਾਂ ਕਾਕੜੇ ਵਾਲੇ ਨੂੰ ਜੰਗ ਵਿੱਚ ਕਤਲ ਕਰ ਕੇ (ਜੋ ਰਾਏ ਸਿੰਘ ਹਾਰੇ ਵਾਲੇ ਦੇ ਹੱਥੋਂ ਮਾਰਿਆ ਗਿਆ ਸੀ) ਉਹਦਾ ਸਾਰਾ ਇਲਾਕਾ ਆਪਣੇ ਕਬਜ਼ੇ ਵਿੱਚ ਕਰ ਲਿਆ। ਜਿੰਨੇ ਆਦਮੀਆਂ ਨੇ ਵਿਦਰੋਹ ਕੀਤਾ ਤੇ ਲੁੱਟਮਾਰ 'ਤੇ ਲੱਕ ਬੱਧਾ ਸੀ, ਸਭ ਨੂੰ ਸਜ਼ਾ ਦਿੱਤੀ।

ਇਹਨਾਂ ਦਿਨਾਂ ਵਿੱਚ ਰਾਜਾ ਆਲਾ ਸਿੰਘ ਜੀ ਆਮ ਤੌਰ 'ਤੇ ਲੌਂਗੋਵਾਲ ਦੇ ਕੱਚੇ ਕਿਲ੍ਹੇ ਵਿੱਚ ਠਹਿਰਿਆ ਕਰਦੇ ਸਨ। ਹੁਣ ਵੀ ਇਹਨਾਂ ਦੇ ਲੰਗਰ ਦੀ ਜਗ੍ਹਾ ਮੰਨੀ ਤੇ ਪੂਜੀ ਜਾਂਦੀ ਹੈ। ਸ਼ਹਿਰ ਸੁਨਾਮ ਦੇ ਰਈਸ ਗੌਹਰ ਰਾਜਪੂਤ ਸ਼ਹਿਰ ਸੁਨਾਮ ਦੇ 32 ਪਿੰਡਾਂ ਦੇ ਮਾਲਕ ਸਨ। ਕਈ ਵਾਰ ਰਾਜਾ ਆਲਾ ਸਿੰਘ ਨਾਲ ਇਹਨਾਂ ਦੀ ਅਣ-ਬਣ ਹੋਈ। ਉਸ ਸਮੇਂ ਵਿੱਚ ਮੱਖਣਾ, ਪਚਾਕਾ, ਕੀਮਾ, ਬੋਦਲਾ ਤੇ ਪੀਰ ਮੁਹੰਮਦ ਖ਼ਾਂ ਭੱਟੀ ਹਮੇਸ਼ਾ ਇਲਾਕੇ ਦਾ ਦੌਰਾ ਕਰਦੇ ਰਹਿੰਦੇ ਸਨ ਤੇ ਹਿੰਦੂ ਪਰਜਾ ਵਿੱਚ ਲੁੱਟਮਾਰ ਕਰ ਕੇ ਉਹਨਾਂ ਨੂੰ ਮੁਸਲਮਾਨ ਬਣਾਉਂਦੇ ਰਹਿੰਦੇ ਸਨ। ਇਹ 4000 ਜਵਾਨ ਲੈ ਕੇ ਜਦੋਂ ਆਏ ਤੇ ਸ਼ਹਿਰ ਸੁਨਾਮ ਨੂੰ ਲੁੱਟ ਕੇ ਮੁੜੇ ਤਾਂ ਸ਼ਹਿਰ ਸੁਨਾਮ ਦੇ ਮਾਲਕ ਗੌਹਰ ਰਾਜਪੂਤ ਸਾਰੀ ਗਵਾਂਢੀ ਵਸੋਂ ਨੂੰ ਨਾਲ ਲੈ ਕੇ ਉਹਨਾਂ ਦੇ ਪਿੱਛੇ ਚਲਾ ਗਿਆ ਤੇ ਖ਼ਬਰ ਮਿਲਣ 'ਤੇ ਸਰਦਾਰ ਆਲਾ ਸਿੰਘ 500 ਸਵਾਰਾਂ ਨੂੰ ਨਾਲ ਲੈ ਕੇ ਜਾ ਪਿਆ। ਜਦੋਂ ਗੌਹਰ ਰਾਜਪੂਤਾਂ ਦੀ ਪੀਰ ਮੁਹੰਮਦ ਖ਼ਾਂ ਦੇ ਨਾਲ ਜੰਗ ਹੋਈ ਤਾਂ ਚੀਮੇ ਦੇ ਪਾਸ ਇੱਕ ਖ਼ੂਨੀ ਜੰਗ ਸ਼ੁਰੂ ਹੋ ਗਈ। ਰਾਏ ਕਮਾਲ ਤੇ ਰਾਏ ਸੁਮਾਲੇ ਗੌਹਰ ਰਾਜਪੂਤਾਂ ਦੇ ਤਿੰਨ ਵੱਡੇ ਸਰਦਾਰ ਮਾਰੇ ਗਏ। ਜਦੋਂ ਇਹਨਾਂ ਦੀਆਂ ਲਾਸ਼ਾਂ ਲੈ ਕੇ ਮੁੜੇ ਤਾਂ ਸਰਦਾਰ ਆਲਾ ਸਿੰਘ ਦੇ ਸਾਥੀਆਂ ਨਾਲ ਇਹਨਾਂ ਦੀ ਮੁੱਠਭੇੜ ਹੋ ਗਈ। ਦਰਯਾ

ਸਿੰਘ ਆਦਿਕ ਸਰਦਾਰਾਂ ਨੇ ਰਾਜਪੂਤਾਂ ਦੀ ਖ਼ੂਬ ਖੁੰਬ ਠੱਪੀ ਤੇ ਜਿਸ ਤੋਂ ਰਾਜਪੂਤ ਉੱਕਾ ਹੀ ਤਬਾਹ ਹੋ ਗਏ ਤੇ ਸੁਨਾਮ ਦੇ 32 ਦੇ 32 ਪਿੰਡਾਂ 'ਤੇ ਹੀ ਸਰਦਾਰ ਆਲਾ ਸਿੰਘ ਦਾ ਕਬਜ਼ਾ ਹੋ ਗਿਆ।

ਸੰਮਤ 1809 (ਸੰਨ 1752 ਈ.) ਨੂੰ ਸਰਦਾਰ ਗੁਰਬਖ਼ਸ਼ ਸਿੰਘ ਕਾਲੇ ਵਾਲਿਆਂ ਨੇ ਲਾਹੌਰ ਦੇ ਰਈਸ ਅਦਾ ਮੁਹੰਮਦ ਨਾਲ ਲੜਾਈ ਕਰ ਕੇ ਉਸ 'ਤੇ ਫ਼ਤਿਹ ਪ੍ਰਾਪਤ ਕੀਤੀ ਤੇ ਕਬਜ਼ਾ ਸਨੌਰ ਦੇ 84 ਪਿੰਡਾਂ ਸਮੇਤ ਸਰਦਾਰ ਆਲਾ ਸਿੰਘ ਦੇ ਅਧੀਨ ਲੈ ਆਂਦਾ।

ਸੰਨ 1753 ਨੂੰ ਅਬਦੁੱਲ ਸਮੁੱਦ ਖ਼ਾਂ ਸੂਬਾ ਸਰਹੰਦ ਨੇ ਆਪਣੇ ਦੀਵਾਨ ਲਛਮੀ ਨਰਾਇਣ ਨੂੰ ਮੁਸਲਮਾਨ ਬਣਾਉਣਾ ਚਾਹਿਆ ਤੇ ਇਹ ਦੀਵਾਨ ਨੱਸ ਕੇ ਪਟਿਆਲ਼ੇ ਆ ਗਿਆ। ਅਬਦੁੱਲ ਸਮੁੱਦ ਨੇ ਇਹ ਖ਼ਬਰ ਸੁਣਦੇ ਹੀ ਫ਼ੌਜ ਲੈ ਕੇ ਪਟਿਆਲ਼ੇ 'ਤੇ ਚੜ੍ਹਾਈ ਕਰ ਦਿੱਤੀ। ਸਰਦਾਰ ਗੁਰਬਖ਼ਸ਼ ਸਿੰਘ ਦੀ ਫ਼ੌਜ ਨੇ ਅਬਦੁੱਲ ਸਮੁੱਦ ਦੀ ਫ਼ੌਜ ਨੂੰ ਸਖ਼ਤ ਨੁਕਸਾਨ ਪਹੁੰਚਾ ਕੇ ਭਜਾ ਦਿੱਤਾ।

ਇਹਨਾਂ ਹੀ ਦਿਨਾਂ ਵਿੱਚ ਜੋਧ ਸਿੰਘ ਰਈਸ ਬਠਿੰਡਾ ਨੇ ਗੈਂਡੇ ਰਾਏ ਨੂੰ ਕੁਝ ਦੇ ਕੇ ਉਹਦੀ ਲੜਕੀ ਨਾਲ, ਜੋ ਪਹਿਲਾਂ ਸਰਦਾਰ ਗੁਰਬਖ਼ਸ਼ ਸਿੰਘ ਕੈਥਲ ਵਾਲਿਆਂ ਨਾਲ ਮੰਗੀ ਹੋਈ ਸੀ, ਵਿਆਹ ਕਰ ਲਿਆ। ਇਹ ਗੱਲ ਨਾ ਕੇਵਲ ਸਰਦਾਰ ਗੁਰਬਖ਼ਸ਼ ਸਿੰਘ ਨੂੰ ਹੀ ਬੁਰੀ ਲੱਗੀ, ਬਲਕਿ ਸਰਦਾਰ ਆਲਾ ਸਿੰਘ ਨੂੰ ਵੀ ਇਹ ਗੱਲ ਸੁਣ ਕੇ ਬੜਾ ਕ੍ਰੋਧ ਆਇਆ। ਇਸ ਕਰ ਕੇ ਦੋਨਾਂ ਨੇ ਮਿਲ ਕੇ ਸਿਖਯਾ ਦੇਣ ਲਈ ਬਠਿੰਡੇ 'ਤੇ ਚੜ੍ਹਾਈ ਕਰ ਦਿੱਤੀ। ਤਿੰਨ ਮਹੀਨਿਆਂ ਤਕ ਦੋਹਾਂ ਪਾਸਿਆਂ ਤੋਂ ਬਰਾਬਰ ਲੜਾਈ ਹੁੰਦੀ ਰਹੀ। ਜਦੋਂ ਸਰਦਾਰ ਆਲਾ ਸਿੰਘ ਨੂੰ ਇਉਂ ਪ੍ਰਤੀਤ ਹੋਇਆ ਕਿ ਫ਼ਤਿਹ ਪ੍ਰਾਪਤ ਨਹੀਂ ਹੋਣੀ ਤਾਂ ਉਸ ਨੇ ਬੁੱਢੇ ਦਲ ਨੂੰ ਸੱਦਾ ਭੇਜਿਆ, ਜੋ ਉਹਨਾਂ ਦਿਨਾਂ ਵਿੱਚ ਉੱਥੇ ਹੀ ਕਿਤੇ ਵਿਚਰ ਰਿਹਾ ਸੀ। ਬੁੱਢਾ ਦਲ ਵਿੱਚ ਮਾਝੇ ਦੇ ਬਹੁਤ ਸਿੰਘ ਸਨ। ਖ਼ਬਰ ਸੁਣਦੇ ਸਾਰ ਹੀ ਉਹ ਆ ਗਏ। ਹੁਣ ਜੋਧ ਸਿੰਘ ਸਮਝ ਗਿਆ ਇਸ ਵੇਲੇ ਸਾਡਾ ਬਚਣਾ ਮੁਸ਼ਕਲ ਹੈ। ਇਸ ਕਰ ਕੇ ਉਸ ਨੇ ਆਪਣੇ ਵਕੀਲ ਸੁਲ੍ਹਾ ਵਾਸਤੇ ਸਰਦਾਰ ਆਲਾ ਸਿੰਘ ਪਾਸ ਭੇਜੇ ਤੇ ਸੁਲ੍ਹਾ ਕਰ ਲਈ। ਬਠਿੰਡੇ ਦੇ ਇਲਾਕੇ ਦੇ ਕਈ ਪਿੰਡ ਸ੍ਰ. ਆਲਾ ਸਿੰਘ ਦੇ ਕਬਜ਼ੇ ਵਿੱਚ ਆ ਗਏ। ਇਹਨਾਂ ਵਿੱਚੋਂ ਚੱਕ ਭੋਜੂ ਤੇ ਗੋਬਿੰਦਪੁਰਾ ਆਦਿਕ ਕੁਝ ਪਿੰਡ ਸਰਦਾਰ ਗੁਰਬਖ਼ਸ਼ ਸਿੰਘ ਨੂੰ ਦੇ ਦਿੱਤੇ ਤੇ ਬੁੱਢੇ ਦਲ ਨੂੰ ਬਹੁਤ ਸਾਰਾ ਧਨ-ਮਾਲ ਅਰਪਨ ਕੀਤਾ। ਬੁੱਢਾ ਦਲ ਸਰਸੇ ਕੋਲ ਚਲਾ ਗਿਆ। 13 ਕੱਤਕ 1816 (ਸੰਨ 1759 ਈ.) ਨੂੰ ਦੁਸੈਹਰੇ ਦਾ ਤਿਉਹਾਰ ਸੀ। ਉਸ ਤੋਂ ਮਗਰੋਂ ਰਾਜਾ ਆਲਾ ਸਿੰਘ ਨੇ ਪਟਿਆਲ਼ੇ ਵਿੱਚ ਕਿਲ੍ਹੇ ਦੀ ਨੀਂਹ ਰੱਖੀ ਤੇ ਬਰਨਾਲੇ ਦੀ ਥਾਂ ਇਸ ਜਗ੍ਹਾ 'ਤੇ ਆਪਣੀ ਰਾਜਧਾਨੀ ਬਣਾਈ।

ਬੋਹਾ ਤੇ ਬੁਢਲਾਡੇ ਪਿੰਡਾਂ ਦੇ ਨਵੇਂ ਮੁਸਲਮਾਨ ਹੋਏ ਰੰਘੜ ਫਿਰ ਜਹਾਦ ਵਾਸਤੇ ਤਿਆਰ ਹੋ ਰਹੇ ਸਨ। ਸਰਦਾਰ ਆਲਾ ਸਿੰਘ ਨੇ ਇਹਨਾਂ 'ਤੇ ਚੜ੍ਹਾਈ ਕਰ ਕੇ

ਸ਼ਿਕਸਤ ਦਿੱਤੀ ਤੇ ਇਹਨਾਂ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। ਇਹਨਾਂ ਹੀ ਦਿਨਾਂ ਵਿੱਚ ਸਰਦਾਰ ਖ਼ਾਂ ਰਾਜਪੂਤ ਮੋਨਕ ਵਾਲਾ (ਜੋ ਅਬੂ ਖਾਂ, ਸਲੀਨ ਖ਼ਾਂ ਆਦਿਕ ਭੋਨੇ ਦੇ ਰਾਜਪੂਤਾਂ ਤੋਂ ਦੁਖੀ ਹੋ ਕੇ ਆਪਣੇ ਇਲਾਕੇ ਤੋਂ ਬੇਦਖਲ ਹੋ ਕੇ ਇੱਧਰ-ਉੱਧਰ ਮਾਰਿਆ-ਮਾਰਿਆ ਫਿਰਦਾ ਸੀ, ਨੇ ਕੰਵਰ ਲਾਲ ਸਿੰਘ ਦੀ ਪਨਾਹ ਲਈ ਤੇ ਮਦਦ ਕੀਤੀ ਤੇ ਚੜ੍ਹਾਈ ਕਰ ਕੇ ਸਲੀਮ ਖ਼ਾਂ, ਹਸਨ ਖਾਂ, ਜਮਾਲ ਖ਼ਾਂ ਆਦਿ ਭੱਟੀ ਰਾਜਪੂਤਾਂ ਨਾਲ ਭਿਆਨਕ ਲੜਾਈ ਕਰ ਕੇ ਟੋਹਾਨਾ, ਜਮਾਲਪੁਰ ਵਸਾ ਰਸੂਲ ਆਦਿਕ ਇਲਾਕੇ ਉਹਨਾਂ ਤੋਂ ਖੋਹ ਲਏ ਤੇ ਕਿਲ੍ਹਾ ਮੂਨਕ ਤੇ ਵੀ ਆਪਣਾ ਕਬਜ਼ਾ ਕਰ ਕੇ ਉਹਨਾਂ ਵਿੱਚੋਂ ਪੰਜ ਪਿੰਡ ਸਰਦਾਰ ਖ਼ਾਂ ਨੂੰ ਜਾਗੀਰ ਵਜੋਂ ਦਿੱਤੇ, ਕਿੰਤੂ ਅਜੇ ਕੰਵਰ ਲਾਲ ਸਿੰਘ ਨੇ ਇਸ ਇਲਾਕੇ 'ਤੇ ਆਪਣਾ ਹੱਛੀ ਤਰ੍ਹਾਂ ਕਬਜ਼ਾ ਨਹੀਂ ਕੀਤਾ ਸੀ ਕਿ ਸਲੀਮ ਖ਼ਾਨ, ਹਸਨ ਖ਼ਾਂ ਆਦਿਕ ਨੇ ਹਿਸਾਰ ਦੇ ਮੁਹੰਮਦ ਅਮੀਰ ਖ਼ਾਂ, ਦੀ ਸਹਾਇਤਾ ਨਾਲ ਇਹਨਾਂ ਦਾ ਦਖ਼ਲ ਉਠਾ ਦਿੱਤਾ। ਅੰਤ ਨੂੰ ਜਦੋਂ ਇਹ ਖ਼ਬਰ ਸ੍. ਆਲਾ ਸਿੰਘ ਨੂੰ ਪੁੱਜੀ ਤਾਂ ਉਹ ਉਸੇ ਵੇਲੇ ਚੇਤ ਸੰਮਤ 1811 (1754 ਈ.) ਨੂੰ ਭਾਈ ਗੁਰਬਖ਼ਸ਼ ਸਿੰਘ, ਚੌਧਰੀ ਹਮੀਰ ਸਿੰਘ, ਸਰਦਾਰ ਗਜਪਤਿ ਸਿੰਘ ਆਦਿਕਾਂ ਨੂੰ ਨਾਲ ਲੈ ਕੇ ਕੰਵਰ ਲਾਲ ਸਿੰਘ ਦੀ ਸਹਾਇਤਾ ਨੂੰ ਆਣ ਪੁੱਜੇ। ਪਹਿਲਾ ਟਾਕਰਾ ਪਿੰਡ ਖਡਾਲ ਹੋਇਆ, ਦੂਜਾ ਰਾਮਪੁਰ ਵਿੱਚ, ਤੀਜਾ ਯਾਰਸੂਲ, ਜਿਨ੍ਹਾਂ ਵਿੱਚ 6000 ਦੇ ਕਰੀਬ ਦੋਹਾਂ ਧਿਰਾਂ ਦੇ ਆਦਮੀ ਮਾਰੇ ਗਏ ਤੇ ਨਸੀਰ ਦੀਨ ਬਾਗ਼ੀ ਫ਼ੌਜਦਾਰ ਭੀ ਜੋ ਦਿੱਲੀ ਤੋਂ ਫ਼ੌਜ ਲੈ ਕੇ ਭਟੀਆਂ ਦੀ ਸਹਾਇਤਾ ਲਈ ਆਇਆ ਸੀ, ਹਸਨ ਖਾਨ ਤੇ ਜਮਾਲ ਖ਼ਾਂ ਭੱਟੀ ਰਾਜਪੂਤਾਂ ਸਮੇਤ ਲੜਾਈ ਵਿੱਚ ਮਾਰਿਆ ਗਿਆ। ਰਾਣੀਆਂ ਦੇ ਲਾਗੇ ਦੀ ਲੜਾਈ ਵਿੱਚ ਹਿਸਾਰ ਦੇ ਸੂਬੇ ਨੇ ਵੀ ਭਾਂਜ ਖਾਧੀ ਤੇ ਰਾਜਾ ਆਲਾ ਸਿੰਘ ਦੀ ਫ਼ਤਿਹ ਹੋਈ। ਭੱਟੀ ਰਾਜਪੂਤਾਂ ਦੇ ਸਾਰੇ ਇਲਾਕੇ 'ਤੇ ਆਲਾ ਸਿੰਘ ਦਾ ਕਬਜ਼ਾ ਹੋ ਗਿਆ। ਰਾਣੀਆਂ ਇਲਾਕਾ ਚੌਧਰੀ ਹਮੀਰ ਸਿੰਘ ਨੂੰ, ਬੋਹਾ ਅਤੇ ਬੁਢਲਾਡੇ ਦਾ ਇਲਾਕਾ ਭਾਈ ਗੁਰਬਖ਼ਸ਼ ਸਿੰਘ ਨੂੰ ਦੇ ਦਿੱਤਾ।

ਇਸੇ ਸਾਲ ਪਾਣੀਪਤ ਤੋਂ ਮਰਹੱਟਿਆਂ ਦੀ ਸ਼ਿਕਸਤ ਤੋਂ ਅਹਿਮਦਸ਼ਾਹ ਨੇ ਦਿੱਲੀ ਤੋਂ ਵਾਪਸ ਮੁੜਨ ਸਮੇਂ ਸਰਹਿੰਦ ਦੇ ਮੁਕਾਮ 'ਤੇ ਰਾਜਾ ਆਲਾ ਸਿੰਘ ਨੂੰ ਸੁਤੰਤਰਤਾ ਦੀ ਸਨਦ ਦਿੱਤੀ ਤੇ ਸਰਹੰਦ ਦੇ ਸੂਬੇਦਾਰ ਨੂੰ ਲਿਖਯਾ ਕਿ ਅੱਗੋਂ ਨੂੰ ਰਾਜਾ ਆਲਾ ਸਿੰਘ ਨੂੰ ਆਪਣੇ ਇਲਾਕੇ ਤੋਂ ਬਾਹਰ ਸਮਝੇ।

ਇਸ ਤੋਂ ਪਹਿਲਾਂ ਵੀ ਕਈ ਵੇਰ ਅਹਿਮਦਸ਼ਾਹ ਅਬਦਾਲੀ ਆਇਆ ਸੀ ਤੇ ਉਹਦੀ ਇੱਛਾ ਸੀ ਕਿ ਸਿੱਖਾਂ ਨਾਲ ਮੇਲ ਕਰ ਕੇ ਮਰਹੱਟੇ ਤੇ ਦਿੱਲੀ ਦੀ ਸਲਤਨਤ ਨੂੰ ਮਲੀਆਮੇਟ ਕਰ ਦੇਵਾਂ। ਉਸ ਨੇ ਹੌਲ਼ੀ-ਹੌਲ਼ੀ ਕਈ ਵਾਰ ਆ ਕੇ ਉਹਨਾਂ ਨੂੰ ਸ਼ਿਕਸਤ ਦਿੱਤੀ, ਪਰੰਤੂ ਇਹ ਵੀ ਨਹੀਂ ਸਨ ਚਾਹੁੰਦੇ ਕਿ ਅਫ਼ਗਾਨਾਂ ਦੀ ਹਕੂਮਤ ਹੋਵੇ। ਉਹਨਾਂ ਨੂੰ ਆਸ ਸੀ ਕਿ ਇਹਨਾਂ ਦੇ ਪੰਚਾਇਤੀ ਰਾਜ ਕਾਇਮ ਹੋਣ ਵਾਲਾ ਹੈ

ਤੇ ਉਹ ਦਿਨ ਨੇੜੇ ਹੀ ਹਨ ਜਦ ਪੰਜਾਬ ਵਿੱਚ ਇਹਨਾਂ ਦੇ ਨਾਮ ਦਾ ਡੰਕਾ ਵੱਜੇਗਾ ਤੇ ਵਾਹਿਗੁਰੂ ਜੀ ਦੇ ਖ਼ਾਲਸੇ ਦੀ ਤਲਵਾਰ ਅੱਗੇ ਸਭ ਸਿਰ ਝੁਕਾਣਗੇ। ਸਿੱਖ ਦੁਰਾਨੀ ਬਾਦਸ਼ਾਹ ਦੇ ਆਉਣ ਸਮੇਂ ਐਧਰ-ਓਧਰ ਰਹਿੰਦੇ ਸਨ ਜਦੋਂ ਉਹ ਵਾਪਸ ਜਾਂਦਾ ਸੀ ਤਾਂ ਉਸ ਦਾ ਰੱਜ ਕੇ ਨੁਕਸਾਨ ਵੀ ਕਰਦੇ ਸਨ, ਪਰ ਆਹਮੋ-ਸਾਹਮਣੇ ਹੋ ਕੇ ਕਦੇ ਟਾਕਰਾ ਨਹੀਂ ਸਨ ਕਰਦੇ।

ਸੰਨ 1762 ਈ. ਨੂੰ ਸਿੱਖਾਂ ਨੇ ਸਰਹੰਦ ਦੇ ਹਾਕਮ ਜੈਨ ਖ਼ਾਂ ਨੂੰ, ਜੋ ਅਹਿਮਦ ਸ਼ਾਹ ਅਬਦਾਲੀ ਵੱਲੋਂ ਨਿਯਤ ਸੀ, ਨੂੰ ਸ਼ਿਕਸਤ ਦੇ ਕੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਇਹ ਖ਼ਬਰ ਸੁਣਦਿਆਂ ਹੀ ਅਹਿਮਦ ਸ਼ਾਹ ਅਬਦਾਲੀ 1 ਲੱਖ 40 ਹਜ਼ਾਰ ਲੜਾਕਾ ਫ਼ੌਜ ਲੈ ਕੇ ਪੰਜਾਬ ਵਿੱਚ ਆ ਗਿਆ। ਜੰਡਿਆਲੇ ਦੇ ਰਈਸ ਆਕਲ ਦਾਸ ਦੇ ਖ਼ਬਰ ਦੇਣ 'ਤੇ ਬਾਦਸ਼ਾਹ ਨੇ ਸਿੱਖਾਂ ਨੂੰ ਰਾਏਪੁਰ ਗ਼ੁਜਰਵਾਲਾ, ਕੁਤਬਾ, ਬਾਮਨੀ ਦੇ ਵਿਚਕਾਰ ਮੈਦਾਨ ਵਿੱਚ ਆ ਘੇਰਿਆ। ਦੂਜੇ ਪਾਸੇ ਨਵਾਬ ਜਮਾਲ ਖ਼ਾਂ, ਮਲੇਰਕੋਟਲੇ ਦੇ ਰਾਇ ਕੁਲਹਾ। ਰਈਸ ਰਾਏਕੋਟ ਲਛਮੀ ਨਰਾਇਣ ਦੁਆਬਾ ਬਿਸਤ ਸਿੱਖਾਂ ਦੇ ਪਾਸੀਂ ਆ ਘੇਰਾ ਪਾਇਆ। ਤਿੰਨ ਪਹਿਰ ਤਕ ਸਖ਼ਤ ਲੜਾਈ ਹੋਈ। ਦੁਸ਼ਮਣ ਦੀ ਅਣਗਿਣਤ ਫ਼ੌਜ ਆਈ ਵੇਖ ਕੇ ਸਿੱਖਾਂ ਆਪਣੇ ਆਪ ਨੂੰ ਇਸ ਮੈਦਾਨ ਤੋਂ ਇੱਕ ਪਾਸੇ ਕਰ ਲਿਆ।

ਮੁਸਲਮਾਨ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਸ ਲੜਾਈ ਵਿੱਚ 30 ਹਜ਼ਾਰ ਸਿੱਖ ਕਤਲ ਹੋਇਆ, ਪਰੰਤੂ ਇਹ ਗੱਲ ਠੀਕ ਨਹੀਂ। ਇਸ ਵਿੱਚ ਸ਼ੱਕ ਨਹੀਂ ਕਿ ਸਿੱਖਾਂ ਦਾ ਨੁਕਸਾਨ ਬਹੁਤਾ ਹੋਇਆ, ਪਰੰਤੂ ਮੁਸਲਮਾਨ ਸਿੱਖਾਂ ਨਾਲੋਂ ਦੂਣੀ ਗਿਣਤੀ ਵਿੱਚ ਮੈਦਾਨ ਵਿੱਚ ਮੋਏ ਹੋਏ ਮਿਲੇ, ਜਿਨ੍ਹਾਂ ਨੂੰ ਬਾਦਸ਼ਾਹ ਨੇ ਉਠਵਾ ਕੇ ਜ਼ਮੀਨਦੋਜ਼ ਕੀਤਾ। ਇਸ ਲੜਾਈ ਨੂੰ ਸਿੱਖਾਂ ਦੇ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਕਰ ਕੇ ਲਿਖਿਆ ਹੈ। ਇਸ ਵਿੱਚ ਸ਼ੱਕ ਨਹੀਂ ਕਿ ਰਾਜਾ ਆਲਾ ਸਿੰਘ ਸਰਹੰਦ ਦੀ ਲੁੱਟ ਤੇ ਵੱਡੇ ਘੱਲੂਘਾਰੇ ਦੇ ਲੜਾਈ ਵਿੱਚ ਸ਼ਾਮਲ ਨਹੀਂ ਹੋਇਆ ਸੀ, ਪਰੰਤੂ ਭੱਟੀ ਰਾਜਪੂਤ ਰਾਏ ਕੁਲਹਾ ਨੇ, ਜੋ ਰਾਜਾ ਆਲਾ ਸਿੰਘ ਦੇ ਪੁਰਾਣੇ ਵੈਰੀ ਸੀ, ਬਾਦਸ਼ਾਹ ਨੂੰ ਕਹਿ ਦਿੱਤਾ ਕਿ ਇਹ ਜੋ ਕੁਝ ਹੋਇਆ ਹੈ, ਸਰਦਾਰ ਆਲਾ ਸਿੰਘ ਦੀ ਚੁੱਕ 'ਤੇ ਹੋਇਆ ਹੈ। ਬਾਦਸ਼ਾਹ ਨੇ ਜਹਾਨ ਖ਼ਾਂ ਸਿਪਾਹ ਸਲਾਰ ਨੂੰ ਫ਼ੌਜ ਦੇ ਕੇ ਬਰਨਾਲੇ 'ਤੇ ਚੜ੍ਹਾ ਦਿੱਤਾ। ਦੁਰਾਨੀਆਂ ਦੀ ਫ਼ੌਜ ਨੇ ਬਰਨਾਲੇ ਨੂੰ ਉਜਾੜ ਕੇ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਜਦੋਂ ਅਸਲ ਗੱਲ ਦਾ ਪਤਾ ਲੱਗਿਆ ਤਾਂ ਅਹਿਮਦ ਸ਼ਾਹ ਦੁਰਾਨੀ ਨੇ ਰਾਜਾ ਆਲਾ ਸਿੰਘ ਪਾਸੋਂ 4 ਲੱਖ ਰੁਪਿਆ ਲੈ ਕੇ ਰਾਜਾ ਦਾ ਖ਼ਿਤਾਬ ਤੇ ਖ਼ਿਲਅਤ ਲਿਖ ਦਿੱਤੀ ਤੇ 3 ਲੱਖ ਰੁਪਯਾ ਸਾਲਾਨਾ ਖ਼ਰਾਜ ਲੈਣ ਦਾ ਫ਼ੈਸਲਾ ਹੋਇਆ, ਜੋ 1762 ਈ. ਨੂੰ ਰਾਜਾ ਆਲਾ ਸਿੰਘ ਨੇ ਹੁੰਡੀ ਦੀ ਰਾਹੀਂ ਕਾਬਲ ਭੇਜ ਦਿੱਤਾ, ਜਿਸ ਤੋਂ ਅਹਿਮਦ ਸ਼ਾਹ ਬਹੁਤ ਖ਼ੁਸ਼ ਹੋਇਆ।

ਅਹਿਮਦ ਸ਼ਾਹ ਨੇ ਸੂਬੇਦਾਰ ਸਰਹੰਦ ਦੇ ਨਾਮ ਹੁਕਮ ਜਾਰੀ ਕੀਤਾ ਕਿ ਰਾਜਾ ਆਲਾ ਸਿੰਘ ਨੂੰ ਉਹ ਸੁਤੰਤਰ ਸਮਝੇ। ਸੰਮਤ 1820 ਬ੍ਰਿ. ਵਿੱਚ ਜਦ ਮਾਝੇ ਦੇ ਸਿੱਖਾਂ ਸਰਹੰਦ ਦੇ ਸੂਬੇਦਾਰ ਨੂੰ ਕਤਲ ਕਰ ਕੇ ਸਰਹੰਦ ਲੁੱਟਿਆ ਤਾਂ ਉਸ ਸਮੇਂ ਸਰਦਾਰ ਆਲਾ ਸਿੰਘ ਵੀ ਠੀਕ ਸਮੇਂ ਉੱਥੇ ਪਹੁੰਚ ਗਿਆ। ਖ਼ਾਲਸੇ ਨੇ ਰਾਜਾ ਆਲਾ ਸਿੰਘ ਪਾਸੋਂ ਕੜਾਹ ਪ੍ਰਸ਼ਾਦ ਦੀ ਦੇਗ ਤੇ ਸ਼ਹੀਦੀ ਦੇਗ ਭੇਟ ਲੈ ਕੇ ਸਰਹੰਦ ਦਾ ਸਾਰਾ ਸ਼ਾਹੀ ਸਮਾਨ ਰਾਜਾ ਆਲਾ ਸਿੰਘ ਦੇ ਹਵਾਲੇ ਕਰ ਦਿੱਤਾ, ਜਿਸ ਨੂੰ ਲੈ ਕੇ ਪਟਿਆਲ਼ੇ ਆ ਗਿਆ ਤੇ ਸਰਹੰਦ ਦੇ ਬਹੁਤ ਸਾਰੇ ਉੱਜੜੇ ਹੋਏ ਲੋਕਾਂ ਨੂੰ ਸਹਾਇਤਾ ਦੇ ਕੇ ਪਟਿਆਲ਼ੇ ਵਿੱਚ ਵਸਾਇਆ। ਜੈਨ ਖ਼ਾਂ ਦਾ ਮਾਰਿਆ ਜਾਣਾ ਸੁਣ ਕੇ ਦੁਰਾਨੀ ਅਹਿਮਦ ਖ਼ਾਂ ਬੜੇ ਕ੍ਰੋਧ ਨਾਲ ਸ਼ਹਿਰ ਵਿੱਚ ਆਯਾ, ਪਰੰਤੂ ਉੱਥੇ ਆ ਕੇ ਉਸ ਦੀ ਫ਼ੌਜ ਵਿੱਚ ਹੈਜ਼ਾ ਫੈਲ ਗਿਆ ਤੇ ਉਹ ਸਰਹੰਦ ਦਾ ਪ੍ਰਬੰਧ ਨਾ ਸੰਭਾਲ ਸਕਿਆ ਤੇ ਜਾਂਦਾ ਹੋਇਆ ਸਰਹੰਦ ਸ਼ਹਿਰ ਦਾ ਪਟਾ ਵੀ ਸਰਦਾਰ ਆਲਾ ਸਿੰਘ ਨੂੰ ਲਿਖ ਕੇ ਚਲਾ ਗਿਆ।

ਸੰਮਤ 1822 ਬ੍ਰਿ. ਮੁਤਾਬਕ 12 ਅਗਸਤ, 1765 ਈ. ਦੇ ਸ਼ੁਰੂ ਵਿੱਚ 70 ਵਰ੍ਹਿਆਂ ਦੀ ਆਯੂ ਵਿੱਚ ਬੁਖ਼ਾਰ ਦੀ ਬਿਮਾਰੀ ਨਾਲ ਆਲਾ ਸਿੰਘ ਚਲਾਣਾ ਕਰ ਗਿਆ ਤੇ ਇਹਨਾਂ ਦੀ ਜਗ੍ਹਾ ਇਹਨਾਂ ਦਾ ਪੋਤਰਾ ਅਮਰ ਸਿੰਘ ਗੱਦੀ 'ਤੇ ਬੈਠਾ।

ਆਲਾ ਸਿੰਘ ਦੇ ਤਿੰਨ ਲੜਕੇ ਉਸ ਦੇ ਜਿਉਂਦਿਆਂ ਹੀ ਗੁਜ਼ਰ ਗਏ ਸਨ। ਬੀਬੀ ਪ੍ਰਧਾਨ, ਜੋ ਰਾਜਾ ਆਲਾ ਸਿੰਘ ਦੀ ਲੜਕੀ ਬਾਬਾ ਬੁੱਢਾ ਸਾਹਿਬ ਰਾਮ ਦਾਸ ਦੇ ਖ਼ਾਨਦਾਨ ਵਿੱਚ ਵਿਆਹੀ ਸੀ, ਸ੍. ਸ਼ਾਮ ਸਿੰਘ ਵੀ ਚਲਾਣਾ ਕਰ ਗਿਆ। ਰਾਜਾ ਆਲਾ ਸਿੰਘ ਨੇ ਬੀਬੀ ਪ੍ਰਧਾਨ ਕੌਰ ਨੂੰ 30 ਹਜ਼ਾਰ ਦੀ ਸਾਲਾਨਾ ਜਾਗੀਰ ਦੇ ਰੱਖੀ ਸੀ। ਇਹ ਸਾਰੀ ਰਕਮ ਸੁੱਖਾ ਸਿੰਘ ਨਿਰਮਲੇ ਸੰਤ ਦੇ ਹਵਾਲੇ ਕਰ ਰਖੀ ਸੀ। ਇਸ ਨੇ ਬੀਬੀ ਜੀ ਦੇ ਨਾਮ 'ਤੇ ਇੱਕ ਧਰਮਸ਼ਾਲਾ ਬਣਵਾ ਕੇ ਤਿੰਨ ਤਰ੍ਹਾਂ ਦਾ ਸਦਾਵਰਤ ਲਾ ਰੱਖਿਆ ਸੀ: ਇੱਕ ਗ਼ਰੀਬ-ਗੁਰਬਾ ਮੁਸਾਫ਼ਰਾਂ ਲਈ, ਦੂਜਾ ਗੁਰਮੁਖੀ ਤੇ ਸੰਸਕ੍ਰਿਤ ਪੜ੍ਹਨ ਵਾਲੇ ਵਿਦਿਆਰਥੀਆਂ ਵਾਸਤੇ ਅਤੇ ਤੀਜਾ ਸਾਧੂਆਂ ਵਾਸਤੇ, ਜੋ 60-70 ਉੱਥੇ ਸਦਾ ਹੀ ਰਹਿੰਦੇ ਸਨ, ਹਮੇਸ਼ਾ ਕਥਾ ਹੁੰਦੀ, ਸਤਿਸੰਗ ਜਾਰੀ ਰਹਿੰਦਾ ਹੈ। ਬੀਬੀ ਸਾਹਿਬ ਗੁਰਮੁਖੀ ਤੇ ਸੰਸਕ੍ਰਿਤ ਜਾਣਦੇ ਸਨ। ਇਸ ਗੁਰਦੁਆਰੇ ਨਾਲ ਹੁਣ ਤਕ 6000 ਰੁਪਿਆ ਸਾਲਾਨਾ ਦੀ ਜਾਗੀਰ ਹੈ ਤੇ ਲੰਗਰ ਹਮੇਸ਼ਾ ਚਲਦਾ ਰਹਿੰਦਾ ਹੈ।

ਬਾਬਾ ਆਲਾ ਸਿੰਘ ਬੜਾ ਹੀ ਧਰਮੀ, ਸ਼ੁੱਭ ਆਚਰਨ ਤੇ ਬਹਾਦਰ ਆਦਮੀ ਸੀ। ਉਸ ਨੇ ਸਿਵਾਏ ਆਪਣੀ ਰਾਣੀ ਫੱਤੋ ਦੇ ਦੂਜੀ ਔਰਤ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਿਆ ਸੀ। ਕਹਿੰਦੇ ਹਨ ਕਿ ਇੱਕ ਦਿਨ ਇਸ ਨੇ ਲੌਂਗੋਵਾਲ ਆਪਣੇ ਮਕਾਨ ਦੀ ਛੱਤ ਤੋਂ ਤਰਖਾਣ ਦੀ ਲੜਕੀ ਨੂੰ ਵੇਖਿਆ, ਜੋ ਕਿ ਨੰਗੀ ਨਹਾ ਰਹੀ ਸੀ, ਇਹਨਾਂ ਉਹਨੂੰ ਆਪਣੀ ਲੜਕੀ ਬਣਾ ਕੇ ਬਹੁਤ ਸਾਰਾ ਧਨ ਦੇ ਕੇ ਵਿਆਹ ਦਿੱਤੀ।

ਫੱਤੋ ਚੌਧਰੀ ਸਰਾਉ ਜੱਟ, ਜੋ ਕਾਲਿਆਂ ਵਾਲੇ ਦਾ ਵਸਨੀਕ ਸੀ, ਦੀ ਲੜਕੀ ਸੀ। ਜਦ ਉਤਪੰਨ ਹੋਈ, ਤਦ ਇਸ ਦੀ ਦਾਦੀ ਨੇ ਉਸ ਸਮੇਂ ਦੇ ਰਿਵਾਜ ਅਨੁਸਾਰ

ਇਸ ਨੂੰ ਮਾਰਨ ਲਈ ਇੱਕ ਬਰਤਨ ਵਿੱਚ ਪਾ ਕੇ ਦੱਬ ਦਿੱਤਾ। ਤਿੰਨ ਦਿਨ ਪਿੱਛੋਂ ਭਾਈ ਦਿਆਲ ਦਾਸ ਜੀ ਨੇ ਇਸ ਗੱਲ ਤੋਂ ਜਾਣੂ ਹੋ ਕੇ ਇਸ ਲੜਕੀ ਨੂੰ ਕਢਵਾਇਆ, ਜੋ ਬਿਲਕੁਲ ਅਰੋਗ ਨਿਕਲੀ ਤੇ ਇੱਕ ਵੱਡੇ ਖ਼ਾਨਦਾਨ ਦੀ ਮਾਂ ਹੋਈ। ਇਸ ਦੇ ਤਿੰਨ ਪੁੱਤਰ ਜਨਮੇ ਸਨ। ਸਾਰਿਆਂ ਤੋਂ ਵੱਡਾ ਸਰਦੂਲ ਸਿੰਘ ਜੋ 1772 ਬਿਕਰਮੀ ਨੂੰ ਉਤਪੰਨ ਹੋਇਆ ਤੇ 1784 ਬਿ. ਨੂੰ ਸੂਰਜ ਮੱਲ ਭਿੱਖੀਵਾਲ ਦੀ ਲੜਕੀ ਨਾਲ ਵਿਆਹਿਆ ਗਿਆ, ਜਿਸ ਦੇ ਘਰ ਰਾਜਾ ਅਮਰ ਸਿੰਘ ਜਨਮਿਆ। ਦੂਜਾ ਇਸ ਨੇ ਆਪਣੇ ਚਾਚਾ ਦੇ ਪੁੱਤ ਭਰਾ ਜੋਧ ਸਿੰਘ ਦੀ ਵਿਧਵਾ ਨਾਲ ਕੀਤਾ, ਜਿਸ ਵਿੱਚੋਂ ਹਿੰਮਤ ਸਿੰਘ ਉਤਪੰਨ ਹੋਇਆ। ਦੂਜਾ ਲੜਕਾ ਕੰਵਰ ਲਾਲ ਸਿੰਘ 1780 ਬਿ. ਵਿੱਚ ਪੈਦਾ ਹੋਇਆ ਤੇ 1797 ਨੂੰ ਚੌਧਰੀ ਸੁਜਾਨਾ, ਜੋ ਪਿੰਡ ਰੋਜ਼ੀ ਵਾਲੇ ਦੇ ਵਸਨੀਕ ਸਨ, ਦੀ ਲੜਕੀ ਨਾਲ ਵਿਆਹਿਆ ਗਿਆ ਤੇ 1805 ਵਿੱਚ ਬਿਨਾਂ ਸੰਤਾਨ ਹੋਏ ਹੀ ਮਰ ਗਿਆ।

ਤੀਜਾ ਲੜਕਾ ਭੂਮਯਾ ਸਿੰਘ 1778 ਬਿ. ਵਿੱਚ ਉਤਪੰਨ ਹੋਇਆ, ਜੋ ਮਾਨਸਾ ਵਾਲਾ ਦੇ ਚੌਧਰੀ ਦੀ ਲੜਕੀ ਰੂਪ ਕੌਰ ਨਾਲ ਮੰਗਿਆ, ਜਿਸ ਦੇ ਘਰ 1796 ਵਿੱਚ ਰਾਜਿੰਦਰ ਕੌਰ ਲੜਕੀ ਉਤਪੰਨ ਹੋਈ, ਜੋ 1808 ਨੂੰ ਫਗਵਾੜੇ ਵਿਆਹੀ ਗਈ, ਜਿਸ ਦੇ ਕੇਵਲ ਇੱਕ ਲੜਕੀ ਹੋਣ 'ਤੇ ਇਹਦਾ ਪਤੀ ਗੁਜ਼ਰ ਗਿਆ, ਜਿਸ ਦੀ ਛੀ ਲੱਖ ਦੀ ਜਾਇਦਾਦ ਸੀ, ਜਿਸ 'ਤੇ ਬੀਬੀ ਰਾਜਿੰਦਰ ਕੌਰ ਦਾ ਕਬਜ਼ਾ ਰਿਹਾ। ਰਾਜਿੰਦਰ ਕੌਰ ਦੇ ਮਰਨ 'ਤੇ ਉਹਦੇ ਦੋਹਤੇ ਜੋਧ ਸਿੰਘ ਨੇ ਰਿਆਸਤ ਦਾ ਦਾਵਾ ਕੀਤਾ, ਪਰੰਤੂ ਰਾਜਿੰਦਰ ਕੌਰ ਦੇ ਦੇਵਰ ਨੇ ਜੋਧ ਸਿੰਘ ਨੂੰ ਗੁਜ਼ਾਰਾ ਦੇ ਕੇ ਰਿਆਸਤ ਆਪ ਸੰਭਾਲ ਲਈ।

ਜਿੰਨਾ ਇਹ ਆਪਣੀ ਬਹਾਦਰੀ ਤੇ ਦਲੇਰੀ ਕਾਰਨ ਪ੍ਰਸਿੱਧ ਸੀ, ਉਤਨਾ ਹੀ ਦਾਨੀ ਹੋਣ ਵਿੱਚ ਵੀ ਅਦੁੱਤੀ ਸੀ। ਇਹ ਬਹੁਤ ਸਾਦਾ ਤੇ ਫ਼ਕੀਰਾਨਾ ਲਿਬਾਸ ਵਿੱਚ ਰਿਹਾ ਕਰਦਾ ਸੀ। ਸਿੱਖ ਧਰਮ ਵਿੱਚ ਇਸ ਦਾ ਬੜਾ ਪੱਕਾ ਵਿਸ਼ਵਾਸ ਸੀ, ਬੜਾ ਸਹਿਣਸ਼ੀਲ ਤੇ ਸਿਆਣਾ ਸੀ। ਰਾਣੀ ਫੱਤੋ ਨੇ ਲੌਂਗੋਵਾਲ ਵਿੱਚ ਜੋ ਗੁਰੂ ਦਾ ਲੰਗਰ ਲਾ ਰੱਖਿਆ ਹੈ, ਉਸ ਵਿੱਚ ਉਹ ਹਰ ਇੱਕ ਸਿੱਖ ਨੂੰ ਅੱਧ ਪਾਉ ਘੀ ਖਿਚੜੀ ਵਿੱਚ ਪਾ ਕੇ ਦਿੰਦੇ ਸਨ। ਇੱਕ ਦਿਨ ਇੱਕ ਸਿੱਖ ਨੇ ਕਿਹਾ ਕਿ ਐਨਾ ਗਰਮ ਘੀ ਮੈਂ ਕੀ ਕਰਾਂ ? ਰਾਣੀ ਸਾਹਿਬ ਨੇ ਕਿਹਾ, ਮੇਰੇ ਸਿਰ ਵਿੱਚ ਪਾ ਦੇ। ਉਸ ਨੇ ਝੱਟ ਉਹਦੇ ਸਿਰ ਵਿੱਚ ਪਾ ਦਿੱਤਾ। ਜਦ ਰਾਜਾ ਸਾਹਿਬ ਘਰ ਨੂੰ ਵਾਪਸ ਆਏ ਤੇ ਰਾਣੀ ਸਾਹਿਬ ਨੇ ਉਸ ਸਿੱਖ ਦੀ ਸ਼ਿਕਾਇਤ ਕੀਤੀ ਤਾਂ ਰਾਜਾ ਸਾਹਿਬ ਨੇ ਕਿਹਾ ਕਿ ਤੂੰ ਬੜੇ ਭਾਗਾਂ ਵਾਲੀ ਹੈਂ, ਜੋ ਤੇਰੇ ਸਿਰ ਵਿੱਚ ਸਿੱਖ ਨੇ ਘਿਉ ਪਾ ਦਿੱਤਾ ਹੈ ਨਹੀਂ ਤਾਂ ਮੁਸਲਮਾਨ ਗਰਮ-ਗਰਮ ਤੇਲ ਤੇਰੇ ਸਿਰ ਵਿੱਚ ਪਾਂਦੇ। ਉਸ ਨੇ ਤੇਰਾ ਹੁਕਮ ਮੰਨਿਆ ਹੈ। ਰਾਜਾ ਸਾਹਿਬ ਦੀ ਇਹ ਗੱਲ ਸੁਣ ਕੇ ਲੋਕੀ ਬੜੇ ਖ਼ੁਸ਼ ਹੋਏ। ਇਹ ਮਹਾਰਾਜਾ ਸਾਹਿਬ ਸਵਾਏ ਕੱਛ ਦਸਤਾਰ ਤੇ ਭੂਰੇ ਦੀ ਗਾਤੀ ਦੇ ਹੋਰ ਕੁਝ ਨਹੀਂ ਰੱਖਦੇ ਸੀ, ਰਾਜਸੀ, ਮਾਲੀ ਪ੍ਰਬੰਧ ਕਰਨ ਦੀ ਬੜੀ ਯੋਗਤਾ ਰੱਖਦੇ ਸਨ। ਕੇਵਲ ਆਪਣੇ ਬਾਹੂ-ਬਲ ਨਾਲ

ਪਟਿਆਲ਼ਾ ਰਾਜ, ਜਿਸ ਦਾ ਰਕਬਾ 6 ਹਜ਼ਾਰ ਮੀਲ ਦੇ ਕਰੀਬ ਸੀ, ਕਾਇਮ ਕਰ ਕੇ ਆਪਣੀ ਸੰਤਾਨ ਵਾਸਤੇ ਸੋਨਾ ਉਪਜਾਉਣ ਵਾਲੀ ਧਰਤੀ ਮਿਲ ਗਈ।

ਰਾਜਾ ਅਮਰ ਸਿੰਘ ਹਾੜ੍ਹ ਵਦੀ 7 ਸੰਮਤ 1809 ਬਿ. 1752 ਈ. ਨੂੰ ਪੈਦਾ ਹੋਏ ਤੇ 13 ਸਾਲ ਦੀ ਉਮਰ ਵਿੱਚ ਆਪਣੇ ਦਾਦਾ ਜੀ ਦੀ ਗੱਦੀ 'ਤੇ 1822 ਬਿ. 1765 ਈ. ਨੂੰ ਬੈਠੇ। ਇਸ ਦਾ ਛੋਟਾ ਭਰਾ ਹਿੰਮਤ ਸਿੰਘ, ਜੋ ਕਿ ਬੜਾ ਸਿਆਣਾ ਸੀ ਤੇ ਨਾਲ ਦੀ ਨਾਲ ਚਲਾਕ ਵੀ ਸੀ, ਆਕੀ ਹੋ ਕੇ ਪਟਿਆਲ਼ੇ 'ਤੇ ਕਬਜ਼ਾ ਕਰ ਬੈਠਾ। ਜੀਂਦ, ਕੈਥਲ ਤੇ ਨਾਭਾ ਰਿਆਸਤ ਦੀ ਮਿਲਵੀਂ ਹਿਮਾਇਤ ਕਾਰਨ ਰਾਜਾ ਅਮਰ ਸਿੰਘ ਨੇ ਹਿੰਮਤ ਸਿੰਘ ਨੂੰ ਪਟਿਆਲ਼ੇ ਤੋਂ ਭਜਾ ਦਿੱਤਾ। ਹਿੰਮਤ ਸਿੰਘ ਨੇ ਪਟਿਆਲ਼ੇ ਤੋਂ ਨੱਸ ਕੇ ਭਵਾਨੀਗੜ੍ਹ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਰਾਜਾ ਅਮਰ ਸਿੰਘ ਨੇ ਇੱਥੇ ਵੀ ਜਾ ਘੇਰਿਆ ਤੇ ਚਾਹੁੰਦਾ ਸੀ ਕਿ ਇੱਥੋਂ ਵੀ ਕੱਢ ਦਿੱਤਾ ਜਾਵੇ, ਪਰੰਤੂ ਰਾਣੀ ਫੱਤੋ ਨੇ ਦੋਹਾਂ ਭਰਾਵਾਂ ਦੀ ਸੁਲ੍ਹਾ ਕਰਾ ਦਿੱਤੀ ਤੇ ਭਵਾਨੀਗੜ੍ਹ ਦਾ ਇਲਾਕਾ ਹਿੰਮਤ ਸਿੰਘ ਦੇ ਕੋਲ ਰਹਿਣ ਦਿੱਤਾ।

ਮਾਝੇ ਦੇ ਕੁਝ ਸਿੰਘਾਂ ਨੇ ਮਹਾਰਾਜੇ ਦੇ ਇਲਾਕੇ 'ਤੇ ਹੱਥ ਵਧਾਇਆ, ਜਿਸ ਤੋਂ ਏਨੇ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਮਦਦ ਨਾਲ ਆਪਣਾ ਇਲਾਕਾ ਵਾਪਸ ਲੈ ਲਿਆ। ਰਾਜਾ ਅਮਰ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਏ ਤੋਂ ਅੰਮ੍ਰਿਤ ਛਕਿਆ ਸੀ। ਇਸ ਕਰ ਕੇ ਉਹ ਇਹਨਾਂ ਦੀ ਹਮੇਸ਼ਾ ਮਦਦ ਕਰਦਾ ਰਿਹਾ।

ਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਨਾਲ ਲੈ ਕੇ ਮਲੇਰਕੋਟਲੇ ਦੇ ਨਵਾਬਾਂ 'ਤੇ ਚੜ੍ਹਾਈ ਕੀਤੀ। ਇਲਾਕਾ ਪਾਇਲ ਤੇ ਈਸਟਰ ਫ਼ਤਿਹ ਕਰ ਲਿਆ। ਇਲਾਕਾ ਈਸਟਰ ਮਹਾਰਾਜਾ ਸਾਹਿਬ ਨੇ ਆਪਣੇ ਵੱਲੋਂ ਸਰਦਾਰ ਜੱਸਾ ਸਿੰਘ ਨੂੰ ਭੇਂਟ ਵਿੱਚ ਦਿੱਤਾ ਤੇ ਪਾਇਲ ਤੇ ਪਟਿਆਲ਼ੇ ਦਾ ਕਬਜ਼ਾ ਰਿਹਾ। ਫੇਰ ਜਦੋਂ 1824 ਨੂੰ ਅਹਿਮਦ ਸ਼ਾਹ ਨੇ ਅੰਤਿਮ ਹਮਲਾ ਕੀਤਾ ਤਾਂ ਰਾਜਾ ਅਮਰ ਸਿੰਘ ਉਸ ਨੂੰ ਪਿੰਡ ਕਰਾਹ ਬਵਾਨਾਜ ਮਿਲਿਆ ਤੇ ਛੇ ਲੱਖ ਦੇ ਕਰੀਬ ਹਰਜਾਨਾ ਦੇ ਕੇ ਬਾਦਸ਼ਾਹ ਨੂੰ ਬਹੁਤ ਖ਼ੁਸ਼ ਕੀਤਾ। ਬਾਦਸ਼ਾਹ ਨੇ ਰਾਜੇ ਨੂੰ ਤੋਹਫ਼ੇ, ਖ਼ਿਲਅਤ ਤੇ ਰਾਜਾ ਏ ਰਾਜਗਾਨ ਬਹਾਦਰ (ਰਾਜੇ ਦਾ ਖ਼ਿਤਾਬ ਅਹਿਮਦ ਸ਼ਾਹ ਅਬਦਾਲੀ ਨੇ ਰਾਜਾ ਆਲਾ ਸਿੰਘ ਨੂੰ ਬਰਨਾਲੇ ਦਿੱਤਾ ਸੀ ਤੇ ਨਾਲ ਹੀ ਨਗਾਰਾ ਤੇ ਸਿੱਕਾ ਚਲਾਣ ਦੇ ਅਖ਼ਤਿਆਰ ਦਿੱਤੇ ਸਨ, ਤੇ ਮਹਾਰਾਜਾ ਰਾਜਗਾਨ ਸ਼ਾਹੀ ਮਰਾਤਬੇ ਸਮੇਤ ਇਸੇ ਥਾਂ ਤੇ ਰਾਜਾ ਅਮਰ ਸਿੰਘ ਸਾਹਿਬ ਬਹਾਦਰ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਦਿੱਤਾ ਸੀ) ਦਾ ਖ਼ਿਤਾਬ ਦਿੱਤਾ ਤੇ ਸਿੱਕਾ ਜਾਰੀ ਕਰਨ ਦੀ ਇਜਾਜ਼ਤ ਵੀ ਦਿੱਤੀ। ਸੋ, ਉਸੇ ਯਾਦਗਾਰ ਵਿੱਚ ਪਟਿਆਲ਼ੇ ਦੇ ਸਿੱਕੇ 'ਤੇ ਇਹ ਗੱਲ ਲਿਖੀ ਜਾਂਦੀ ਸੀ:

**''ਹੁਕਮ ਸ਼ੁਦ ਅਜ਼ਕਾਦਰੇ ਬੇਚੂਨ ਬਾ ਐਹਮਦਸ਼ਾਹ,**
**ਸ਼ਿਕਾਜਤ ਬਰ ਸੀਮੋਜ਼ਰ ਅਜ਼ ਅੰਜੇ ਮਾਹੀ ਤਾਬਮਾਹ।''**

ਤੇ ਦੂਜੇ ਪਾਸੇ ਤਖ਼ਤ 'ਤੇ ਬੈਠਣ ਦਾ ਸੈਨ ਤੇ ਹਰ ਵੇਲੇ ਦੇ ਰਾਜੇ ਦਾ ਨਿਯਤ ਨਿਸ਼ਾਨ ਜਿਹਾ ਕਿ ਮਹਾਰਾਜਾ ਅਮਰ ਸਿੰਘ ਦੀ ਕਲਗੀ, ਮਹਾਰਾਜਾ ਸਾਹਿਬ ਸਿੰਘ ਦੀ ਤਲਵਾਰ, ਮਹਾਰਾਜਾ ਕਰਮ ਸਿੰਘ ਦੀ ਸ਼ਮਸ਼ੀਰ, ਮਹਾਰਾਜਾ ਨਰਿੰਦਰ ਸਿੰਘ ਦਾ ਕੁੱਤਾ, ਮਹਾਰਾਜਾ ਮਹਿੰਦਰ ਸਿੰਘ ਦਾ ਪੇਸ਼ਕਬਜ਼, ਮਹਾਰਾਜਾ ਰਾਜਿੰਦਰ ਸਿੰਘ ਦੀ ਕਟਾਰ, ਆਦਿਕ ਨਿਸ਼ਾਨ ਬਣੇ ਹੋਏ ਹਨ। ਇਸ ਸਮੇਂ ਮਹਾਰਾਜਾ ਅਮਰ ਸਿੰਘ ਨੇ ਜਿਹਾ ਕਿ ਦੂਜੇ ਹਿੱਸੇ ਵਿੱਚ ਦੱਸਿਆ ਜਾ ਚੁੱਕਾ ਹੈ ਕਿ 15 ਹਜ਼ਾਰ ਹਿੰਦੂਆਂ ਨੂੰ ਜੋ ਬਾਦਸ਼ਾਹ ਮਥਰਾ ਦੇ ਇਲਾਕੇ ਵਿੱਚੋਂ ਕੈਦ ਕਰ ਕੇ ਲਿਆਇਆ ਸੀ, ਸਫਾਰਸ਼ ਕਰਨੇ ਤੇ ਤਿੰਨ ਲੱਖ ਰੁਪਿਯਾ ਆਪਣੇ ਪਾਸੋਂ ਦੇ ਕੇ ਛੁਡਾ ਦਿੱਤਾ ਤੇ ਹਰ ਇੱਕ ਨੂੰ ਖ਼ਰਚ ਦੇ ਕੇ ਆਪਣੇ-ਆਪਣੇ ਘਰ ਪੁਚਾ ਦਿੱਤਾ। ਇਹੋ ਹੀ ਕਾਰਨ ਹੈ ਕਿ ਇਹ ਰਾਜਾ ਬੰਦੀ ਛੋੜ ਦੇ ਨਾਮ ਤੋਂ ਪ੍ਰਸਿੱਧ ਹੋ ਗਿਆ।

ਸਰਦਾਰ ਬਘੇਲ ਸਿੰਘ ਤੇ ਦੁਲਚਾ ਸਿੰਘ ਸ਼ਾਹਅਬਾਦੀ, ਜੋ ਮਾਝੇ ਦੇ ਰਹਿਣ ਵਾਲੇ ਸਨ, ਦੀ ਸਰਦਾਰ ਅਮਰ ਸਿੰਘ ਨਾਲ ਕੁਝ ਅਣ-ਬਣ ਹੋ ਜਾਣ 'ਤੇ ਇਹਨਾਂ ਨੇ ਇੱਕ ਭਾਰੀ ਫ਼ੌਜ ਦੇ ਨਾਲ ਪਟਿਆਲ਼ੇ 'ਤੇ ਚੜ੍ਹਾਈ ਕਰ ਦਿੱਤੀ। ਉਸ ਵੇਲੇ ਰਾਜਾ ਅਮਰ ਸਿੰਘ ਮੂਨਕ ਦੇ ਇਲਾਕੇ ਵਿੱਚ ਭੱਟੀ ਰਾਜਪੂਤਾਂ ਨਾਲ ਲੜ ਰਿਹਾ ਸੀ। ਇਹ ਖ਼ਬਰ ਸੁਣਦੇ ਹੀ ਉੱਥੇ ਬਖ਼ਸ਼ੀ ਭਾਨ ਸਿੰਘ, ਦਰਿਆ ਸਿੰਘ, ਜੋਧ ਸਿੰਘ, ਆਦਿਕ ਸਰਦਾਰਾਂ ਨੂੰ ਕੰਵਰ ਹਿੰਮਤ ਸਿੰਘ ਦੀ ਕਮਾਨ ਵਿੱਚ ਛੱਡ ਕੇ ਆਪ ਝੱਟ-ਪੱਟ ਪਟਿਆਲ਼ੇ ਵਾਪਸ ਆ ਗਿਆ ਤੇ ਆਪਣੇ ਸਾਰੇ ਮਿੱਤਰਾਂ ਨੂੰ ਇਕੱਠਾ ਕਰ ਕੇ ਮਾਨ ਸਿੰਘ, ਲਖਨਾ ਡੋਗਰਾ, ਬਖਤਾ ਸਿੰਘ, ਮੂਲਰਾਜ ਸਿੰਘ, ਲੌਂਗੋਵਾਲੀਆ, ਅਲਾਵਲ ਖ਼ਾਂ ਰੋਹੇਲਾ, ਗ਼ੁਲਾਮ ਰਸੂਲ ਖ਼ਾਂ, ਬੀੜਵਾਲਾ ਆਦਿਕਾਂ ਨੂੰ ਫ਼ੌਜ ਦੇ ਕੇ ਭੇਜਿਆ ਤੇ ਕਸਬਾ ਘੜਾਮ ਦੇ ਪਾਸ ਟਾਕਰਾ ਹੋ ਗਿਆ। ਤਿੰਨ ਦਿਨ ਤਕ ਦੋਹਾਂ ਪਾਸਿਆਂ ਤੋਂ ਲੜਾਈ ਹੁੰਦੀ ਰਹੀ, ਪਰੰਤੂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਵਿੱਚ ਪੈ ਕੇ ਸਰਦਾਰ ਅਮਰ ਸਿੰਘ ਤੇ ਸਰਦਾਰ ਬਘੇਲ ਸਿੰਘ ਦੀ ਆਪਸ ਵਿੱਚ ਸੁਲ੍ਹਾ ਸਫਾਈ ਕਰਵਾ ਦਿੱਤੀ। ਰਾਜਾ ਅਮਰ ਸਿੰਘ ਨੇ ਆਪਣੇ ਲੜਕੇ ਸਾਹਿਬ ਸਿੰਘ ਨੂੰ ਸਰਦਾਰ ਬਘੇਲ ਸਿੰਘ ਦੇ ਹੱਥੋਂ ਅੰਮ੍ਰਿਤ ਛਕਾਇਆ, ਜਿਸ 'ਤੇ ਸਰਦਾਰ ਬਘੇਲ ਸਿੰਘ ਸਰਦਾਰ ਅਮਰ ਸਿੰਘ ਦਾ ਸਦਾ ਦਾ ਸਾਥੀ ਬਣ ਗਿਆ। ਉੱਧਰ ਮੂਨਕ ਦਾ ਜੰਗ ਵੀ ਕੰਵਰ ਹਿੰਮਤ ਸਿੰਘ ਨੇ ਫ਼ਤਿਹ ਕਰ ਲਿਆ।

ਇਹਨਾਂ ਹੀ ਦਿਨਾਂ ਵਿੱਚ ਰਾਜਾ ਅਮਰ ਸਿੰਘ ਨੇ ਮਲੇਰਕੋਟਲਾ ਦੇ ਅਫ਼ਗ਼ਾਨਾਂ ਤੋਂ ਲੜਾਈ ਕਰ ਕੇ ਪਿੰਡ ਬੱਠਾ ਲੈ ਲਿਆ ਤੇ ਜਮਾਲ ਖ਼ਾਂ ਰਈਸ, ਜਿਸ ਨੇ ਅਹਿਮਦ ਸ਼ਾਹ ਨੂੰ ਧੋਖਾ ਦੇ ਕੇ ਬਰਨਾਲੇ 'ਤੇ ਚੜ੍ਹਾਇਆ ਸੀ, ਮਾਰਿਆ ਗਿਆ ਤੇ ਉਹਦੇ ਪੁੱਤਰ ਅਤਾਉਲਾ ਖ਼ਾਂ ਨੇ ਸੁਲ੍ਹਾ ਕਰ ਲਈ।

ਰਾਜਾ ਅਮਰ ਸਿੰਘ ਨੇ ਇੱਕ ਹਜ਼ਾਰ ਫ਼ੌਜ ਗ਼ਰੀਬ ਦਾਸ ਰਈਸ ਮਨੀਮਾਜਰੇ ਦੇ ਵਿਰੁੱਧ ਭੇਜੀ। ਗ਼ਰੀਬ ਦਾਸ ਨੇ ਰਾਜੇ ਆਲਾ ਸਿੰਘ ਦੇ ਚਲਾਣਾ ਕਰਨ ਦੀ ਖ਼ਬਰ ਸੁਣ

ਕੇ (ਪੰਜਵੜ (ਪਿੰਜੋਰ), ਕਸਬਾ ਅੰਬਾਲਾ ਤੋਂ ਉੱਤਰ ਵਾਲੇ ਪਾਸੇ ਉੱਚੀ ਪਹਾੜੀ 'ਤੇ ਹੈ। ਪਟਿਆਲ਼ੇ ਦੇ ਰਾਜੇ ਗਰਮੀਆਂ ਵਿੱਚ ਇੱਥੇ ਹੀ ਰਿਹਾ ਕਰਦੇ ਸਨ। ਇੱਥੇ ਇੱਕ ਸੁੰਦਰ ਬਾਗ਼ ਬਣਿਆ ਹੋਇਆ ਹੈ ਅਤੇ ਇਸ ਦੇ ਟਾਕਰੇ ਉੱਤਰੀ ਹਿੰਦ ਵਿੱਚ ਕੋਈ ਬਾਗ਼ ਨਹੀਂ ਹੈ) ਦੇ ਇਲਾਕੇ 'ਤੇ ਆਪਣਾ ਕਬਜ਼ਾ ਕਰ ਲਿਆ ਸੀ ਤੇ ਭਾਈ ਮੈਹਤੇ ਕਾ, ਬਖਤਾ ਸਿੰਘ ਦੁਲਟ, ਮਾਨ ਸਿੰਘ ਹਰੀ ਕੇ ਆਦਿਕ ਸਰਦਾਰ ਬਖਸ਼ੀ ਲਖਨਾ ਡੋਗਰ ਦੀ ਫ਼ੌਜ ਸਮੇਤ ਰਵਾਨਾ ਕੀਤਾ, ਜਿਸ ਨੇ ਨਾਹਨ ਹੰਡੌਰ ਤੇ ਖਲੌਰ ਦੇ ਰਾਜਿਆਂ ਦੀ ਸਹਾਇਤਾ ਨਾਲ ਤਿੰਨ ਮਹੀਨੇ ਦੀ ਲੜਾਈ ਦੇ ਮਗਰੋਂ ਪਿੰਜੌਰ ਦਾ ਇਲਾਕਾ ਗ਼ਰੀਬ ਦਾਸ ਤੋਂ ਛੁਡਾ ਲਿਆ। ਬਨੇਛ ਦੇ ਮੁਕਾਮ 'ਤੇ ਨਾਹਨ ਦੇ ਰਾਜਾ ਅਮਰ ਸਿੰਘ ਨਾਲ ਮਿੱਤਰਤਾਨਾ ਸੰਬੰਧ ਹੋਇਆ, ਜਿਸ 'ਤੇ ਇਹ ਕਿਲ੍ਹਾ ਉਸ ਨੂੰ ਦੇ ਦਿੱਤਾ।

ਇਸ ਤੋਂ ਪਿੱਛੋਂ ਰਾਜਾ ਅਮਰ ਸਿੰਘ ਤੇ ਸਰਦਾਰ ਜੋਧ ਸਿੰਘ ਰਈਸ ਦੀ ਕੋਟਕਪੂਰਾ 'ਤੇ, ਜੋ ਫ਼ਰੀਦਕੋਟ ਦੇ ਲਾਗੇ ਹੈ, ਅਣ-ਬਣ ਹੋ ਗਈ ਤੇ ਅਮਰ ਸਿੰਘ ਨੇ ਚੜ੍ਹਾਈ ਕੀਤੀ। ਰਾਜਾ ਅਮਰ ਸਿੰਘ ਜੀ ਦੇ ਅਸਤਬਲ ਦਾ ਇੱਕ ਘੋੜਾ ਤੇ ਘੋੜੀ ਕੋਟਕਪੂਰੇ ਚਲੀ ਗਈ ਸੀ। ਰਾਜਾ ਅਮਰ ਸਿੰਘ ਨੇ ਇਸ ਦੀ ਮੰਗ ਕੀਤੀ। ਜੋਧ ਸਿੰਘ ਨੇ ਇਸ ਮੰਗ ਦੀ ਕੋਈ ਪ੍ਰਵਾਹ ਨਹੀਂ ਕੀਤੀ, ਜਿਸ 'ਤੇ ਇਸ ਗੱਲ ਤੋਂ ਲੜਾਈ ਛਿੜ ਗਈ। ਅਜੇ ਰਾਜਾ ਅਮਰ ਸਿੰਘ ਕੋਟਕਪੂਰੇ ਤੋਂ ਪੰਜ ਮੀਲ ਦੀ ਵਿੱਥ 'ਤੇ ਸੀ ਕਿ ਜੋਧ ਸਿੰਘ ਆਪਣੇ ਬੇਟੇ ਦੇ ਨਾਲ ਰੱਥ 'ਤੇ ਸਵਾਰ ਹੋ ਡੇਢ ਸੌ ਸਵਾਰਾਂ ਸਮੇਤ ਫ਼ੌਜ ਦੀ ਦੇਖਭਾਲ ਲਈ ਆ ਨਿਕਲਿਆ। ਅਚਨਚੇਤ ਪਟਿਆਲ਼ੇ ਦੀ ਫ਼ੌਜ ਨੇ ਉਸ ਨੂੰ ਘੇਰ ਲਿਆ।

ਇਹ ਤੀਰ ਚਲਾਉਣ ਵਿੱਚ ਉਸਤਾਦ ਸੀ, ਜਿਸ ਕਰ ਕੇ ਬਹੁਤ ਸਾਰੇ ਆਦਮੀ ਮਾਰ ਕੇ ਮਰ ਗਿਆ। ਇਸ ਦਾ ਲੜਕਾ ਫੱਟੜ ਹੋ ਗਿਆ ਤੇ ਘਰ ਜਾ ਕੇ ਮਰ ਗਿਆ। ਕਹਿੰਦੇ ਹਨ, ਜਦ ਜੋਧ ਸਿੰਘ ਦੇ ਤੀਰ ਮੁੱਕ ਗਏ, ਤਦ ਤਲਵਾਰ ਧੂਹ ਕੇ ਮੈਦਾਨ ਵਿੱਚ ਆ ਵੜਿਆ ਤੇ ਕਸਮ ਦੇ ਦਿੱਤੀ ਕਿ ਹੁਣ ਤਲਵਾਰ ਨਾਲ ਲੜ। ਪਟਿਆਲ਼ੇ ਦੇ ਬਖ਼ਸ਼ੀ ਲਖਨੇ ਨੇ ਵੀ ਤੀਰ ਤੇ ਗੋਲ਼ੀ ਬੰਦ ਕਰ ਦਿੱਤੀ। ਰਾਮ ਬਖ਼ਸ਼, ਧੌਂਕਲ ਸਿੰਘ ਪੂਰਬੀਆ, ਭਾਈ ਸਿੰਘ, ਮਾਨ ਸਿੰਘ, ਬੂਟਾ ਸਿੰਘ, ਬਖ਼ਤਾ ਸਿੰਘ ਆਦਿਕ ਮਹਾਰਾਜਾ ਦੇ ਬਹਾਦਰ ਸਰਦਾਰ ਤਲਵਾਰਾਂ ਧੂਹ ਕੇ ਖ਼ੂਬ ਲੜੇ। ਅੰਤ ਨੂੰ ਜੋਧ ਸਿੰਘ ਦਾ ਸਿਰ ਭਾਈ ਸਿੰਘ ਦੇ ਹੱਥੋਂ ਕੱਟਿਆ ਗਿਆ। ਮਹਾਰਾਜਾ ਬਹੁਤ ਨਰਾਜ਼ ਹੋਏ ਕਿ ਅਜਿਹੇ ਬਹਾਦਰ ਨੂੰ ਮਾਰਨਾ ਨਹੀਂ ਸੀ ਚਾਹੀਦਾ। ਫਿਰ ਮਹਾਰਾਜਾ ਸਾਹਿਬ ਇੱਥੋਂ ਪਟਿਆਲ਼ੇ ਵਾਪਸ ਆ ਗਏ।

ਸੰਨ 1771 ਦੇ ਸ਼ੁਰੂ ਵਿੱਚ ਰਾਜਾ ਅਮਰ ਸਿੰਘ ਨੇ ਆਪਣੇ ਭਾਈ ਕੰਵਰ ਹਿੰਮਤ ਸਿੰਘ, ਚੌਧਰੀ ਹਮੀਰ ਸਿੰਘ ਸਮੇਤ ਫਿਰ ਭੱਟੀ ਰਾਜਪੂਤਾਂ 'ਤੇ, ਜੋ ਉਹਦੇ ਇਲਾਕੇ ਵਿੱਚ ਗੜਬੜ ਮਚਾਈ ਰੱਖਦੇ ਸਨ, ਚੜ੍ਹਾਈ ਕੀਤੀ, ਉਹਨਾਂ ਦੇ ਵੱਡੇ-ਵੱਡੇ ਪਿੰਡ ਹਮਰਮਾ ਸਿੰਘ ਫ਼ਤਿਹ ਕਰ ਕੇ ਆਪਣੇ ਕਬਜ਼ੇ ਵਿੱਚ ਲੈ ਆਇਆ, ਕਿੰਤੂ ਕੁਝ ਹੋਰ

ਫਤਿਆਬਾਦ ਤੇ ਭੱਟੀਆਂ ਤੇ ਪਚਾਧਿਆ; ਰਾਜਪੂਤਾਂ ਨੇ ਸਲਾਹ ਕਰ ਕੇ 20 ਹਜ਼ਾਰ ਦੀ ਗਿਣਤੀ ਇਕੱਠੀ ਕਰ ਕੇ ਇੱਕ ਰਾਤ ਅਚਨਚੇਤ ਹੱਲਾ ਕਰ ਦਿੱਤਾ, ਜਿਸ ਤੋਂ ਪਟਿਆਲ਼ੇ ਦੀ ਸਪਾਹ ਨੂੰ ਬਹੁਤ ਨੁਕਸਾਨ ਹੋਇਆ ਤੇ ਅੱਠ ਕੋਹ ਦਾ ਫ਼ਾਸਲਾ ਪਿੱਛੇ ਹੱਟ ਆਏ, ਪਰੰਤੂ ਦੂਜੇ ਦਿਨ ਹਿੰਮਤ ਸਿੰਘ ਨੇ ਇਸ ਹਿੰਮਤ ਤੇ ਦਲੇਰੀ ਨਾਲ ਵੈਰੀ 'ਤੇ ਹੱਲਾ ਕੀਤਾ ਕਿ ਹਜ਼ਾਰਾਂ ਆਦਮੀ ਦੁਸ਼ਮਣ ਦੇ ਮੈਦਾਨ ਵਿੱਚ ਕੰਮ ਆਏ ਤੇ ਫ਼ਤਿਹ ਦਾ ਸਿਹਰਾ ਹਿੰਮਤ ਸਿੰਘ ਦੇ ਸਿਰ ਬੱਝਾ। ਭੱਟੀਆਂ ਦਾ ਸਾਰਾ ਇਲਾਕਾ ਰਾਜਾ ਅਮਰ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਰਾਣੀਆਂ ਦਾ ਪਰਗਣਾ ਮਹਾਰਾਜਾ ਨਾਭੇ ਦੇ ਹੱਥ ਲੱਗਾ।

ਜੀਤ ਸਿੰਘ ਤੇ ਰਾਜੇ ਸਿੰਘ ਨਾਮ ਦੇ ਆਦਮੀਆਂ ਨੇ ਮਹਾਰਾਜਾ ਪਾਸ ਸ਼ਿਕਾਇਤ ਕੀਤੀ ਕਿ ਸੁਖਚੈਨ ਸਿੰਘ, ਜੋ ਕਿ ਬਠਿੰਡੇ ਦੇ ਕਿਲ੍ਹੇ ਦਾ ਮਾਲਕ ਹੈ, ਨੇ ਸਾਡੀ ਤੀਵੀਂ ਦੀ ਬਹੁਤ ਬੇਪਤੀ ਕੀਤੀ ਹੈ, ਆਪ ਸਾਡੀ ਮਦਦ ਕਰੋ। ਮਹਾਰਾਜਾ ਅਮਰ ਸਿੰਘ ਅਜਿਹੇ ਉਪਕਾਰ ਦੇ ਮੌਕਿਆਂ ਦੀ ਭਾਲ ਵਿੱਚ ਰਹਿੰਦਾ ਸੀ। ਉਸੇ ਵੇਲੇ ਇੱਕ ਬਹਾਦਰ ਫ਼ੌਜ ਉਹਨਾਂ ਦੇ ਨਾਲ ਭੇਜ ਦਿੱਤੀ ਤੇ ਆਪ ਵੀ ਪਿੱਛੇ-ਪਿੱਛੇ ਰਵਾਨਾ ਹੋ ਗਿਆ। ਸੁਖਚੈਨ ਸਿੰਘ ਨੂੰ ਵੀ ਇਸ ਚੜ੍ਹਾਈ ਦਾ ਪਤਾ ਲੱਗ ਗਿਆ। ਕਿਲ੍ਹੇ ਵਿੱਚ ਬੈਠ ਕੇ ਉਸ ਨੇ ਵੀ ਹਰ ਤਰ੍ਹਾਂ ਦੀ ਪਕਿਆਈ ਕਰ ਲਈ। ਕਿਲ੍ਹਾ ਐਨਾ ਪੱਕਾ ਸੀ ਕਿ ਉਸ ਦਾ ਫ਼ਤਿਹ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਇਸੇ ਕਰ ਕੇ ਰਾਜਾ ਅਮਰ ਸਿੰਘ ਨੇ ਇੱਕ ਸਾਲ ਵਾਸਤੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਜਦੋਂ ਅੰਦਰੋਂ ਰਸਦ-ਪਾਣੀ ਉੱਕਾ ਹੀ ਮੁੱਕ ਗਿਆ ਤਾਂ ਸੁਖਚੈਨ ਸਿੰਘ ਨੇ ਤੰਗ ਆ ਕੇ ਸੁਲ੍ਹਾ ਦਾ ਪੈਗ਼ਾਮ ਭੇਜਿਆ, ਜੋ ਮਨਜ਼ੂਰ ਹੋ ਗਿਆ। ਕੇਵਲ ਪਿੰਡ ਜਕਾਬਾਹਮਨ, ਪਥਰਾਲਾ, ਤਲਵੰਡੀ, ਨੰਗਲ, ਆਦਿਕ 24 ਪਿੰਡ ਸੁਖਚੈਨ ਸਿੰਘ ਪਾਸ ਛੱਡ ਕੇ ਬਾਕੀ ਚਾਰ ਲੱਖ ਦਾ ਇਲਾਕਾ ਕਿਲ੍ਹਾ ਬਠਿੰਡਾ ਸਮੇਤ, ਆਪਣੇ ਕਬਜ਼ੇ ਵਿੱਚ ਕਰ ਲਿਆ।

ਇਸ ਤੋਂ ਪਿੱਛੋਂ ਸੰਨ 1772 ਦੇ ਅਰੰਭ ਵਿੱਚ ਝੁਨਕੋਰਾਉ ਸਿਪਾਹ ਸਲਾਰ ਮਰਹੱਟਿਆਂ ਦੀ ਆਉਂਦ ਸੁਣ ਕੇ ਭੋਏ ਤੀਰਥ 'ਤੇ ਇਸ਼ਨਾਨ ਕਰਨ ਆ ਰਿਹਾ ਸੀ। ਇਸ ਕਰ ਕੇ ਮੁਲਕ ਵਿੱਚ ਹਿਲਜੁਲ ਮਚ ਆਈ। ਰਾਜਾ ਅਮਰ ਸਿੰਘ ਨੂੰ ਇਸ ਗੱਲ ਦੀ ਚਿੰਤਾ ਉਤਪੰਨ ਹੋ ਗਈ, ਜਿਸ 'ਤੇ ਉਸ ਨੇ ਆਪਣਾ ਸਾਰਾ ਮਾਲ ਅਸਬਾਬ ਬਠਿੰਡੇ ਦੇ ਕਿਲ੍ਹੇ ਵਿੱਚ ਭੇਜ ਦਿੱਤਾ, ਪਰੰਤੂ ਜਦ ਉਹ ਥੋੜ੍ਹੇ ਦਿਨ ਠਹਿਰ ਕੇ ਆਪਣੇ ਭੋਇੰ ਵਾਪਸ ਚਲਾ ਗਿਆ ਤਾਂ ਸਾਰਿਆਂ ਦੀ ਜਾਨ ਵਿੱਚ ਜਾਨ ਆਈ। ਹੁਣ ਮਰਹੱਟਿਆਂ ਵੱਲੋਂ ਬੇਖਟਕੇ ਹੋਏ ਭੱਟੀ ਰਾਜਪੂਤ ਮਰਹੱਟਿਆਂ ਦੀ ਆਉਂਦ ਸੁਣ ਕੇ ਆਕੜ ਗਏ ਸਨ। ਇਹਨਾਂ ਦੇ ਸੁਧਾਰ ਵੱਲ ਧਿਆਨ ਦਿੱਤਾ ਤੇ ਜਦ ਕੂਚ ਕੀਤਾ ਤਾਂ ਪਿੱਛੋਂ ਕੰਵਰ ਹਿੰਮਤ ਸਿੰਘ ਨੇ ਸ਼ਹਿਰ ਤੇ ਪਟਿਆਲ਼ੇ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇਸ ਭਿਆਨਕ ਖ਼ਬਰ ਦੇ ਪੁੱਜਦੇ ਹੀ ਰਾਜਾ ਅਮਰ ਸਿੰਘ ਵਾਪਸ ਮੁੜ ਆਇਆ ਤੇ ਪਟਿਆਲ਼ੇ ਤੋਂ ਅੱਠ ਕਿਲੋਮੀਟਰ ਪਿੱਛੇ ਸਮਾਣਾ ਵਿਖੇ ਡੇਰਾ ਆਣ

ਲਾਇਆ। ਸਾਰੇ ਰਈਸ ਉਸ ਦੇ ਪਾਸ ਆ ਗਏ। ਸਰਦਾਰ ਤਾਰਾ ਸਿੰਘ, ਰਈਸ ਚੌਧਰੀ ਰਹੀਮ ਸਿੰਘ ਵਾਲੀਏ ਨਾਭਾ, ਰਾਜਾ ਗਜਪਤ ਸਿੰਘ ਜੀਂਦ, ਧੰਨਾ ਸਿੰਘ, ਸੁੱਖਾ ਸਿੰਘ ਕੈਥਲ ਵਾਲੇ, ਜੱਸਾ ਸਿੰਘ ਆਹਲੂਵਾਲੀਆ ਤੇ ਭਾਈ ਦੇਸੂ ਸਿੰਘ, ਆਦਿਕ ਸਾਰੇ ਪ੍ਰਸਿੱਧ ਸਰਦਾਰ ਰਾਜਾ ਪਾਸ ਅੱਪੜ ਗਏ। ਕੀਰਤ ਪ੍ਰਕਾਸ਼ ਨਾਹਨ ਵਾਲਾ ਭੀ ਬਿਨਾਂ ਸੱਦੇ ਫ਼ੌਜ ਲੈ ਕੇ ਆ ਗਿਆ। ਹਿੰਮਤ ਸਿੰਘ ਨੂੰ ਉਮੀਦ ਸੀ ਕਿ ਰਾਜਾ ਅਮਰ ਸਿੰਘ ਦਾ ਐਸ਼ਵਰਜ ਤੇ ਪ੍ਰਤਾਪ ਵੇਖ ਕੇ ਦੂਜੇ ਰਾਜੇ ਈਰਖਾ ਕਰਦੇ ਹਨ, ਉਹ ਸਾਥ ਨਹੀਂ ਦੇਣਗੇ, ਪਰੰਤੂ ਇਸ ਤਰ੍ਹਾਂ ਸਾਰੇ ਰਾਜਿਆਂ ਨੂੰ ਆਇਆ ਦੇਖ ਕੇ ਹਿੰਮਤ ਸਿੰਘ ਦੀ ਹਿੰਮਤ ਟੁੱਟ ਗਈ, ਚਾਰੇ ਪਾਸਿਆਂ ਤੋਂ ਕਿਲ੍ਹੇ ਵਿੱਚ ਘਿਰ ਗਿਆ। ਅੰਤ ਨੂੰ ਜਦ ਸਾਰੇ ਹੀਲੇ ਕਾਮਯਾਬੀ ਦੇ ਮੁੱਕ ਗਏ ਭਾਈ ਦੇਸੂ ਸਿੰਘ ਤੇ ਰਾਜਾ ਜੀਂਦ, ਜੋ ਉਹਦੇ ਦੋਸਤ ਸਨ, ਉਹਨਾਂ ਰਾਹੀਂ ਸੁਲ੍ਹਾ ਦਾ ਸੰਦੇਸ਼ ਭੇਜਿਆ। ਰਾਜਾ ਅਮਰ ਸਿੰਘ ਨੇ ਉਸ ਨੂੰ ਮਾਫ਼ ਕਰ ਦਿੱਤਾ। ਉਹਦੀ ਜਾਨ-ਬਖ਼ਸ਼ੀ ਕਰ ਕੇ ਤਹਾਈ ਦੇ ਦਿੱਤੀ ਤੇ ਡੇਹਰਾ ਦੇ ਇਲਾਕੇ ਵਿੱਚ ਹੋਰ ਕਈ ਪਿੰਡ ਉਸ ਦੀ ਜਾਗੀਰ ਵਿੱਚ ਸ਼ਾਮਲ ਕਰ ਦਿੱਤੇ। ਸੰਨ 1774 ਈ. ਨੂੰ ਹਿੰਮਤ ਸਿੰਘ ਲੌਂਗੋਵਾਲ ਦੇ ਸਥਾਨ 'ਤੇ ਅਕਾਲ ਚਲਾਣਾ ਕਰ ਗਿਆ। ਰਾਜਾ ਅਮਰ ਸਿੰਘ ਨੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਤੇ ਉਸ ਦੀ ਵਿਧਵਾ ਨਾਲ ਆਨੰਦ ਪੜ੍ਹਾ ਲਿਆ।

ਸੰਮਤ 1831 ਬਿ. ਸੰਨ 1774 ਈ. ਨੂੰ ਸਰੋਨਾ ਵਾਲੇ ਫ਼ਰਾਂਸੀਸ ਸਮਰੂ ਸਾਹਿਬ ਦਰਬਾਰ ਦਿੱਲੀ ਵੱਲੋਂ ਰਿਆਸਤ ਜੀਂਦ 'ਤੇ ਜਦ ਹਮਲਾ ਕੀਤਾ ਤਾਂ ਰਾਜਾ ਅਮਰ ਸਿੰਘ ਨੇ ਸਰਦਾਰ ਸੁਖਦਾਸ, ਮਾਨ ਸਿੰਘ, ਬੂਟਾ ਸਿੰਘ, ਆਦਿਕ ਨੂੰ 5000 ਸਵਾਰ ਦੇ ਕੇ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਦੀ ਸਹਾਇਤਾ ਲਈ ਭੇਜਿਆ, ਜਿਨ੍ਹਾਂ ਨੇ ਪਾਣੀਪਤ ਦੇ ਕਰੀਬ ਇੱਕ ਜਾਨ-ਹੂਲਵੇਂ ਜੰਗ ਦੇ ਵਿੱਚ ਸਮਰੂ ਸਾਹਿਬ ਨੂੰ ਸ਼ਿਕਸਤ ਦਿੱਤੀ। ਫਿਰ ਰਾਜਾ ਅਮਰ ਸਿੰਘ ਨੇ ਨਾਹਨ ਵਾਲੇ ਰਾਜੇ ਦੀ ਪ੍ਰੇਰਨਾ ਤੋਂ ਕਸਬੇ ਸੈਫ਼ਾਅਬਾਦ ਨੂੰ ਫ਼ਤਿਹ ਕਰ ਕੇ ਉੱਥੋਂ ਦੇ ਗੁਲਬੇਗ ਖ਼ਾਂ ਕਿਲ੍ਹੇਦਾਰ ਦੀ 7 ਰੁਪਏ ਰੋਜ਼ ਪੈਂਨਸ਼ਨ ਨਿਯਤ ਕਰ ਦਿੱਤੀ ਤੇ ਸੈਫ਼ ਅਲੀ ਖ਼ਾਂ ਦੀ ਸੰਤਾਨ ਦੇ ਵਾਸਤੇ ਪਿੰਡ ਰਸੂਲਪੁਰ ਛੱਡ ਕੇ ਉਹਦਾ ਕੁਲ ਮਿਲਾ ਕੇ ਇੱਕ ਲੱਖ ਦਾ ਇਲਾਕਾ ਆਪਣੇ ਕਬਜ਼ੇ ਵਿੱਚ ਕਰ ਲਿਆ।

ਇਸੇ ਸਾਲ ਰਾਜਾ ਅਮਰ ਸਿੰਘ ਨੇ ਭੱਟੀਆਂ ਦੇ ਇਲਾਕੇ 'ਤੇ ਚੜ੍ਹਾਈ ਕਰ ਕੇ ਹਿਸਾਰ ਦੇ ਕਿਲ੍ਹੇ ਨੂੰ ਘੇਰ ਲਿਆ। ਦੋਹਾਂ ਧਿਰਾਂ ਵੱਲੋਂ ਉੱਥੇ ਸਖ਼ਤ ਲੜਾਈ ਹੋਈ, 400 ਦੇ ਕਰੀਬ ਪਟਿਆਲ਼ੇ ਦੇ ਸਿਪਾਹੀ ਤੇ ਸਰਦਾਰ ਨੱਥਾ ਸਿੰਘ ਆਦਿਕ ਕਾਲੇ ਦੇ ਕੁਝ ਸਰਦਾਰ ਮਾਰੇ ਗਏ ਤੇ 1400 ਸਿਪਾਹੀ ਭੱਟੀਆਂ ਦੇ ਮਾਰੇ ਗਏ। ਫ਼ਤਿਹ ਰਾਜਾ ਅਮਰ ਸਿੰਘ ਦੀ ਹੋਈ ਤੇ ਉਸ ਨੇ ਇਸ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ, ਬਹੁਤ ਸਾਰਾ ਖ਼ਜ਼ਾਨਾ, ਤੋਪਖ਼ਾਨਾ ਤੇ ਰਾਜ ਦਾ ਸਮਾਨ ਰਾਜੇ ਦੇ ਹੱਥ ਆਇਆ।

ਇਸ ਤੋਂ ਪਿੱਛੋਂ ਰਾਜਾ ਅਮਰ ਸਿੰਘ ਨੇ ਫ਼ਤਿਆਬਾਦ ਤੇ ਸਰਸੇ ਦੇ ਕਿਲ੍ਹੇ 'ਤੇ ਕਬਜ਼ਾ ਕਰ ਕੇ ਕਸਬਾ ਰਾਣੀਆਂ ਵੱਲ ਧਿਆਨ ਕੀਤਾ। ਇਹ ਕਿਲ੍ਹਾ ਮੁਹੰਮਦ ਅਮੀਨ ਖ਼ਾਂ ਭੱਟੀ ਦੇ ਕਬਜ਼ੇ ਵਿੱਚ ਸੀ। ਇਸੇ ਥਾਂ 'ਤੇ ਇਸ ਨੂੰ ਖ਼ਬਰ ਮਿਲੀ ਕਿ ਰਹੀਮ ਖ਼ਾਂ ਸੂਬੇਦਾਰ ਹਾਂਸੀ ਨੇ ਮੁਸਲਮਾਨਾਂ ਦੀ ਇੱਕ ਬੜੀ ਭਾਰੀ ਭੀੜ ਲੈ ਕੇ ਜੀਂਦ ਦਾ ਘੇਰਾ ਪਾ ਲਿਆ ਹੈ। ਸੋ ਉਸੇ ਵੇਲੇ ਉਸ ਨੇ ਦੀਵਾਨ ਨਾਨੂ ਮੱਲ ਨੂੰ ਫ਼ੌਜ ਦਾ ਇੱਕ ਦਸਤਾ ਤੋਪਖ਼ਾਨੇ ਸਮੇਤ ਦੇ ਕੇ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਦੀ ਮਦਦ ਲਈ ਰਵਾਨਾ ਕਰ ਦਿੱਤਾ, ਪਿੱਛੋਂ ਰਾਣੀਆਂ ਦੇ ਮੋਰਚੇ ਦਾ ਪ੍ਰਬੰਧ ਸੁਖਦਾਸ ਸਿੰਘ ਨੂੰ ਸੌਂਪ ਕੇ ਆਪ ਵੀ ਉਸੇ ਪਾਸੇ ਟੁਰ ਪਿਆ। ਨਾਨੂ ਮੱਲ ਨੇ ਕੈਥਲ ਆਦਿਕ ਤੇ ਫੂਲ ਦੇ ਰਾਜਿਆਂ, ਜੋ ਜੀਂਦ ਦੀ ਮਦਦ ਲਈ ਆਏ ਹੋਏ ਸਨ, ਮਿਲਕੇ ਬੜਾ ਸਖ਼ਤ ਹੱਲਾ ਬੋਲਿਆ ਤੇ ਮੁਸਲਮਾਨਾਂ ਨੂੰ ਅਜਿਹੀ ਸਖ਼ਤ ਸ਼ਿਕਸਤ ਦਿੱਤੀ ਕਿ ਉਹ 7 ਕੋਹ ਪਿੱਛੇ ਹਟ ਗਏ। ਉਹਨਾਂ ਦੇ ਬਹੁਤ ਸਾਰੇ ਘੋੜੇ, ਚਾਰ ਹਾਥੀਆਂ ਦੀਆਂ ਜ਼ੰਜੀਰਾਂ ਤੇ ਬਹੁਤ ਸਾਰਾ ਅਸਬਾਬ ਦੀਵਾਨ ਨਾਨੂ ਮੱਲ ਦੇ ਹੱਥ ਆਇਆ। ਫਿਰ ਇਸ ਸਮੇਂ ਨੂੰ ਉਚਿਤ ਜਾਣ ਜੀਂਦ ਵਾਲੇ ਰਾਜੇ ਨੂੰ ਨਾਲ ਲੈ ਕੇ ਹਾਂਸੀ, ਹਿਸਾਰ, ਰੋਹਤਕ, ਆਦਿਕਾਂ ਨੂੰ ਤਲਵਾਰ ਦੇ ਜ਼ੋਰ ਨਾਲ ਜਿੱਤ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਪਰਗਣਾਂ ਰੋਹਾਣਾ ਤੇ ਰੋਹਤਕ ਜੀਂਦ ਦੇ ਸਪੁਰਦ ਕੀਤਾ ਤੇ ਹਾਂਸੀ, ਹਿਸਾਰ ਨੂੰ ਆਪਣੇ ਮਾਲਕ ਰਾਜਾ ਅਮਰ ਸਿੰਘ ਦੇ ਕਬਜ਼ੇ ਵਿੱਚ ਕੀਤਾ।

ਸੁਖਦਾਸ ਸਿੰਘ ਨੇ ਆਪਣੇ ਮੋਰਚੇ ਕਿਲ੍ਹੇ ਰਾਣੀਆਂ ਨੂੰ ਫ਼ਤਿਹ ਕਰ ਕੇ ਚਾਰ ਮਹੀਨੇ ਇੱਧਰ ਲਾ ਕੇ ਸਰਸਾ ਨੂੰ ਕਾਬੂ ਕਰ ਕੇ ਭਟੀਆਂ ਦੀ ਹਕੂਮਤ ਨੂੰ ਉੱਕਾ ਹੀ ਮਿਟਾ ਦਿੱਤਾ।

ਇਸ ਖ਼ੁਸ਼ਖਬਰੀ ਨੂੰ ਸੁਣਨ ਪਿੱਛੋਂ ਰਾਜਾ ਅਮਰ ਸਿੰਘ ਨੇ ਪਟਿਆਲ਼ੇ ਤੋਂ ਦੱਖਣ ਵੱਲ ਕੂਚ ਕੀਤਾ। ਸਰਸਾ ਤਕ ਦੇ ਸਾਰੇ ਇਲਾਕਿਆਂ ਵਿੱਚੋਂ ਜੋ ਉਸ ਵੇਲੇ ਉਹਦੇ ਅਧੀਨ ਸੀ, ਬਹੁਤ ਸਾਰਾ ਮਾਮਲਾ ਵਸੂਲ ਕਰ ਕੇ ਕਿਲ੍ਹਾ ਭਟਨੇਰ 'ਤੇ ਹਮਲਾ ਕੀਤਾ। ਭਾਰੀ ਲੜਾਈ ਦੇ ਮਗਰੋਂ ਉੱਥੋਂ ਦੇ ਵਸਨੀਕਾਂ ਨੇ ਹਥਿਆਰ ਰੱਖ ਦਿੱਤੇ। ਇਸ ਕਰ ਕੇ ਇਹਨਾਂ ਨੇ ਮੁਹੰਮਦ ਅਮੀਨ ਖ਼ਾਂ, ਮੁਹੰਮਦ ਹਸਨ ਖ਼ਾਂ ਪਾਸ ਕੇਵਲ ਸੱਤ ਪਿੰਡ ਤੇ ਕਿਲ੍ਹਾ ਭਟਨੇਰ ਜਾਗੀਰ ਵਜੋਂ ਛੱਡ ਦਿੱਤਾ।

ਦਿੱਲੀ ਦੇ ਬਾਦਸ਼ਾਹ ਦੀ ਹਾਲਤ ਕਾਫ਼ੀ ਦੇਰ ਤੋਂ ਵਿਗੜੀ ਹੋਈ ਸੀ ਤੇ ਕੇਵਲ ਨਾ-ਮਾਤਰ ਦੀ ਹੀ ਰਹਿ ਗਈ ਸੀ। ਇਹਨਾਂ ਦਿਨਾਂ ਵਿੱਚ ਵਕਫ਼ ਖ਼ਾਂ ਨਾਮ ਦੇ ਵਜ਼ੀਰ ਨੇ ਕੋਸ਼ਿਸ਼ ਕੀਤੀ ਕਿ ਜੋ ਇਲਾਕਾ ਸਿੱਖਾਂ ਨੇ ਦਿੱਲੀ ਸਲਤਨਤ ਤੋਂ ਖੋਹ ਲਿਆ ਹੈ, ਵਾਪਸ ਲੈਣ ਲਈ ਹੱਥ-ਪੈਰ ਮਾਰੇ ਜਾਣ ਤੇ ਦਿੱਲੀ ਦੀ ਮਿਟਦੀ ਸਲਤਨਤ ਦੀ ਸਾਖ ਨੂੰ ਬਚਾਇਆ ਜਾ ਸਕੇ। ਸੋ, ਉਹ ਸਾਰੀ ਫ਼ੌਜ ਲੈ ਕੇ ਚੜ੍ਹਾਈ ਲਈ ਚੱਲ ਪਿਆ। ਇਧਰੋਂ ਰਾਜਾ ਅਮਰ ਸਿੰਘ ਵੀ ਦੀਵਾਨ ਰਾਮ ਦਿਆਲ, ਨਾਨੂ ਮੱਲ ਨੂੰ ਬਹੁਤ ਸਾਰੀ

ਫ਼ੌਜ ਦੇ ਕੇ ਭੇਜਿਆ, ਪਰੰਤੂ ਜਾਬਤਾ ਖ਼ਾਂ ਰੋਹੇਲਾ, ਜੋ ਨਵਾਬ ਉਦੋਂਲਾ ਦਾ ਪੁੱਤਰ ਸੀ, ਨੇ ਵਿਚੋਲਗੀ ਕਰ ਕੇ ਜੀਂਦ ਦੇ ਮੁਕਾਮ 'ਤੇ ਰਾਜਾ ਅਮਰ ਸਿੰਘ ਦੀ ਵਜ਼ੀਰ ਨਾਲ ਮੁਲਾਕਾਤ ਕਰਵਾਈ ਤੇ ਫ਼ੈਸਲਾ ਹੋਇਆ ਕਿ ਇਲਾਕਾ ਹਾਂਸੀ, ਹਿਸਾਰ ਦਾ ਦਿੱਲੀ ਸਲਤਨਤ ਨੂੰ ਵਾਪਸ ਕਰ ਦਿੱਤਾ ਜਾਵੇ ਤੇ ਬਾਕੀ ਫ਼ਤਿਆਬਾਦ, ਰਾਣੀਆਂ ਤੇ ਸਰਸਾ ਪਹਿਲਾਂ ਵਾਂਗ ਪਟਿਆਲ਼ੇ ਦੇ ਵਿੱਚ ਹੀ ਰਹਿਣਗੇ। ਇਸ ਤੋਂ ਇਲਾਵਾ ਜੀਂਦ ਵਾਲਿਆਂ ਨੇ ਜਿੰਨੇ ਸ਼ਹਿਰਾਂ ਦੇ ਕਬਜ਼ੇ ਕੀਤੇ ਸਨ, ਉਹਨਾਂ ਵਿੱਚੋਂ ਸੱਤ ਇਹਨਾਂ ਨੂੰ ਮਿਲ ਗਏ।

ਸੰਮਤ 1835 (ਸੰਨ 1778 ਈ.) ਨੂੰ ਰਾਜਾ ਅਮਰ ਸਿੰਘ ਨੇ ਫ਼ਰੀਦਕੋਟ ਤੇ ਕੋਟਕਪੂਰੇ ਵੱਲ ਧਿਆਨ ਦਿੱਤਾ ਤੇ ਸਰਦਾਰ ਝੰਡੂ ਸਿੰਘ ਦੇ ਮਾਤਹਿਤ ਫ਼ੌਜ ਭੇਜੀ, ਪਰੰਤੂ ਇਸ ਇਲਾਕੇ ਦੇ ਆਕੜ ਖ਼ਾਂ ਲੋਕਾਂ ਦੇ ਜ਼ੋਰ ਨਾਲ ਇਸ ਪਾਸੇ ਕਬਜ਼ਾ ਕਰਨ ਵਿੱਚ ਕਾਮਯਾਬੀ ਨਹੀਂ ਹੋਈ।

ਸੰਮਤ 1836 ਨੂੰ ਰਾਜਾ ਅਮਰ ਸਿੰਘ ਨੇ ਗ਼ਰੀਬ ਦਾਸ ਮਨੀ ਮਾਜਰੇ ਵਾਲੇ ਤੇ ਹਰੀ ਸਿੰਘ ਰਈਸ ਸਿਆਲੀਆਂ ਵੱਲ ਤੇ ਇਸ ਦੇ ਨਾਲ ਹੀ ਰੋਪੜ ਤਕ ਨਜ਼ਰ ਫੇਰੀ। ਅਮਰ ਸਿੰਘ ਨੇ ਉਸ ਇਲਾਕੇ ਵਿੱਚ ਅੱਪੜ ਕੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਗ਼ਰੀਬ ਦਾਸ ਨੇ ਨੱਸ ਕੇ ਕਿਲ੍ਹੇ ਵਿੱਚ ਪਨਾਹ ਲਈ ਤੇ ਤਿੰਨ ਮਹੀਨੇ ਅੰਦਰੋਂ ਲੜਦਾ ਰਿਹਾ। ਆਖ਼ਰ ਉਹ ਇੱਕ ਤਕੜੀ ਰਕਮ ਨਜ਼ਰਾਨੇ ਵਜੋਂ ਦੇ ਕੇ ਅਮਰ ਸਿੰਘ ਦੀ ਅਧੀਨਗੀ ਕਬੂਲ ਕਰ ਗਿਆ।

ਰਾਜਾ ਅਮਰ ਸਿੰਘ ਨੇ ਸਿਆਲਵਾ ਵੱਲ, ਜੋ ਉੱਥੋਂ 16 ਮੀਲ ਦੀ ਵਿੱਥ 'ਤੇ ਹੈ, ਉੱਧਰ ਮੂੰਹ ਕੀਤਾ। ਇੱਥੋਂ ਦਾ ਰਈਸ ਸਰਦਾਰ ਹਰੀ ਸਿੰਘ ਬਹੁਤ ਧਨਵਾਨ ਸੀ। ਇਸ ਦਾ ਮੇਲ਼-ਜੋਲ਼ ਵੀ ਬਹੁਤ ਵੱਡੇ ਧਨਵਾਨਾਂ ਨਾਲ ਸੀ। ਇਸ ਲਈ ਇਸ ਦੀ ਸਹਾਇਤਾ ਲਈ ਸ੍. ਜੱਸਾ ਸਿੰਘ ਰਾਮਗੜ੍ਹੀਆ, ਗੁਰਦਿੱਤ ਸਿੰਘ ਲੁਡਵਾਂ ਵਾਲਾ, ਕਰਮ ਸਿੰਘ ਸ਼ਹੀਦ ਸ਼ਾਹਜ਼ਾਦਪੁਰੀਆ, ਗੁਰਬਖ਼ਸ਼ ਸਿੰਘ ਅੰਬਾਲੇ ਵਾਲਾ ਤੇ ਹੋਰ ਸਰਦਾਰ ਵੀ ਆਪਣੀ ਫ਼ੌਜ ਲੈ ਕੇ ਆ ਗਏ। ਸਿਆਲਵਾ ਦੇ ਮੁਕਾਮ 'ਤੇ ਦੋਹਾਂ ਲਸ਼ਕਰਾਂ ਦਾ ਟਾਕਰਾ ਹੋ ਗਿਆ। ਪਟਿਆਲ਼ੇ ਦੀ ਫ਼ੌਜ ਐਨੀ ਨਹੀਂ ਸੀ ਕਿ ਸਰਦਾਰ ਹਰੀ ਸਿੰਘ ਦੀ ਫ਼ੌਜ ਦਾ ਮੁਕਾਬਲਾ ਕਰ ਪਾਉਂਦੀ। ਇਸ ਮੁਹਿੰਮ ਵਿੱਚ ਪਟਿਆਲ਼ੇ ਦੀ ਚੰਗੀ ਹਾਰ ਹੋਈ। ਕਈ ਸੌ ਆਦਮੀ ਇਹਨਾਂ ਦੇ ਮਾਰੇ ਗਏ। ਬਖ਼ਸ਼ੀ ਲਖਨਾ ਵੀ ਮਾਰਿਆ ਗਿਆ। ਨਾਨੂ ਮੱਲ ਦੀਵਾਨ ਫੱਟੜ ਹੋ ਗਿਆ। ਝੰਡੂ ਸਿੰਘ ਤੇ ਮਾਨ ਸਿੰਘ ਫੜੇ ਗਏ। ਇਸ ਹਾਰ ਤੋਂ ਬਾਅਦ ਰਾਜਾ ਅਮਰ ਸਿੰਘ ਬੜਾ ਜੋਸ਼ ਵਿੱਚ ਆਇਆ ਤੇ ਉਸ ਨੇ ਜੀਂਦ, ਨਾਭਾ ਤੇ ਰਾਏਕੋਟ ਆਦਿਕ ਸਾਰੇ ਰਾਜਿਆਂ, ਦੋਸਤਾਂ-ਮਿੱਤਰਾਂ ਨੂੰ ਸੁਨੇਹਾ ਭੇਜਿਆ ਕਿ ਸਾਰੇ ਆਪਣੀ-ਆਪਣੀ ਫ਼ੌਜ ਲੈ ਕੇ ਸਹਾਇਤਾ ਲਈ ਪੁੱਜਣ। ਸਭ ਤੋਂ ਪਹਿਲਾਂ ਬੀਬੀ ਰਾਜਿੰਦਰ ਕੌਰ, ਜੋ ਕਿ ਰਾਜਾ ਅਮਰ ਸਿੰਘ ਦੇ ਚਾਚੇ ਦੀ ਲੜਕੀ ਸੀ

ਤੇ ਬੜੀ ਬਹਾਦਰ ਦਲੇਰ ਵਿਧਵਾ ਸੀ ਆਪਣੀ 3000 ਫ਼ੌਜ ਲੈ ਕੇ ਜਿਹੜੇ ਸਰਦਾਰ ਹਰੀ ਸਿੰਘ ਦੀ ਮਦਦ 'ਤੇ ਸਨ, ਉਸ ਇਲਾਕੇ ਵਿੱਚੋਂ ਲੰਘ ਕੇ ਪਟਿਆਲ਼ੇ ਪਹੁੰਚੀ। ਫਿਰ ਦੋਨੋਂ ਭਰਾ ਧੰਨਾ ਸਿੰਘ ਤੇ ਸ਼ੁੱਖਾ ਸਿੰਘ ਕੈਥਲ ਵਾਲੇ, ਨਾਭਾ ਤੇ ਜੀਂਦ ਦੇ ਰਈਸ, ਮਲੇਰਕੋਟਲਾ ਦੇ ਨਵਾਬ ਸੀਆਂ ਕਿਸ਼ਨ ਸਿੰਘ ਨਾਹਨ, ਜੈ ਸਿੰਘ ਲਧੜਾ, ਤਾਰਾ ਸਿੰਘ ਡੱਲਾ ਤੇ ਉਸ ਦਾ ਮਾਤਹਿਤ ਸੈਦਾ ਸਿੰਘ ਕਨ੍ਹਈਆ ਵਾਲਾ, ਬੁੱਧ ਸਿੰਘ ਫ਼ੈਜ਼ਲਪੁਰੀਆ ਆਦਿਕ ਆਪਣੀਆਂ-ਆਪਣੀਆਂ ਫ਼ੌਜਾਂ ਲੈ ਕੇ ਆ ਗਏ। ਜਦ ਇਸ ਤਰ੍ਹਾਂ ਨਾਲ ਸਾਰੇ ਨਿੱਕੇ ਵੱਡੇ ਰਈਸ ਪਟਿਆਲ਼ੇ ਇਕੱਠੇ ਹੋ ਗਏ, ਤਦ ਪਟਿਆਲ਼ੇ ਦੀ ਫ਼ੌਜ ਨੇ ਸਰਦਾਰ ਚੂਹੜ ਸਿੰਘ ਦੀ ਮਾਤਹਿਤੀ ਤੇ ਦੂਜੇ ਸਰਦਾਰਾਂ ਦੀ ਫ਼ੌਜ ਨੇ ਆਪਣੇ ਰਈਸਾਂ ਦੀ ਕਮਾਨ ਹੇਠ ਸਿਆਲਵਾ ਵੱਲ ਕੂਚ ਕੀਤਾ।

ਸਿਆਲਵਾ ਪੁੱਜਦੇ ਹੀ ਦੋਨਾਂ ਪਾਸਿਆਂ ਤੋਂ ਦੋ ਤਿੰਨ ਵੇਰ ਸਖ਼ਤ ਟਾਕਰਾ ਹੋਇਆ। ਪਟਿਆਲ਼ੇ ਦੀ ਫ਼ੌਜ ਦਾ ਅਫ਼ਸਰ ਸ੍. ਚੂਹੜ ਸਿੰਘ ਭਦੌੜ ਵਾਲਾ ਸੀ। ਇਸ ਨੇ ਇੱਕ ਨਵੀਂ ਚਾਲ ਚੱਲੀ। ਜਿੰਨੇ ਰਈਸ ਸ੍. ਹਰੀ ਸਿੰਘ ਵੱਲ ਹੋ ਕੇ ਲੜਨ ਲਈ ਆਏ ਸਨ, ਸਾਰਿਆਂ ਨੂੰ ਲਾਲਚ ਦਿੱਤਾ, ਜਿਸ ਤੋਂ ਉਹ ਰਾਤੋ-ਰਾਤ ਵਾਪਸ ਚਲੇ ਗਏ। ਇਕੱਲਾ ਹਰੀ ਸਿੰਘ ਰਹਿ ਗਿਆ, ਜਿਸ ਤੋਂ ਉਸ ਨੇ ਦੋ ਲੱਖ ਰੁਪਯਾ ਸਾਲਾਨਾ ਰਾਜਾ ਅਮਰ ਸਿੰਘ ਨੂੰ ਦੇਣਾ ਮੰਨ ਲਿਆ ਤੇ ਰਾਜਾ ਅਮਰ ਸਿੰਘ ਦੀ ਫ਼ੌਜ ਵਾਪਸ ਪਟਿਆਲ਼ੇ ਚਲੀ ਆਈ, ਸਿਆਲਵਾ ਦੇ ਇਲਾਕੇ ਵਿੱਚ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦਿੱਤਾ।

ਸੰਮਤ 1837 ਬਿਕ੍ਰਮੀ ਸੰਨ 1780 ਈ. ਨੂੰ ਅਬਦੁੱਲ ਅਹਮਦ ਕਸ਼ਮੀਰ, ਜੋ ਦਿੱਲੀ ਦਰਬਾਰ ਦਾ ਇੱਕ ਕਰਮਚਾਰੀ ਸੀ ਸ਼ਾਹਜਾਦਾ ਫਰਖੰਦਾ ਬਖ਼ਤ ਨੂੰ ਨਾਲ ਲੈ ਕੇ ਤਿਆਰ ਹੋਇਆ ਕਿ ਸਿੱਖਾਂ ਨੇ ਜਿਹੜਾ ਇਲਾਕਾ ਦਿੱਲੀ ਦਰਬਾਰ ਦਾ ਲਿਆ ਹੋਇਆ ਹੈ, ਉਹ ਸਾਰਾ ਵਾਪਸ ਕੀਤਾ ਜਾਏ। ਫ਼ੌਜਾਂ ਨੇ ਚੜ੍ਹਾਈ ਕਰ ਦਿੱਤੀ। ਜਦ ਕੈਥਲ ਪਹੁੰਚਿਆ ਤਾਂ ਉੱਥੋਂ ਦੇ ਰਈਸ ਨੂੰ ਆਪਣੇ ਅਧੀਨ ਕਰ ਕੇ ਤਿੰਨ ਲੱਖ ਰੁਪਿਆ ਹਰਜਾਨਾ ਮੰਗਿਆ। ਉਸ ਨੇ ਦੋ ਲੱਖ ਰੁਪਿਆ ਨਕਦ ਦੇ ਦਿੱਤਾ ਤੇ ਇੱਕ ਲੱਖ ਬਾਅਦ ਵਿੱਚ ਦੇਣ ਦਾ ਬਚਨ ਦਿੱਤਾ। ਇਸ ਦੇ ਬਦਲੇ ਉਸ ਨੇ ਆਪਣਾ ਲੜਕਾ ਲਾਲ ਸਿੰਘ ਇਹਦੇ ਨਾਲ ਭੇਜਿਆ। ਜਦ ਇਹ ਫ਼ੌਜ ਪਟਿਆਲ਼ੇ ਦੇ ਲਾਗੇ ਘੜਾਮ ਅਸਥਾਨ 'ਤੇ ਪੁੱਜੀ ਤਾਂ ਦੀਵਾਨ ਨਾਨੂ ਮੱਲ  ਨੇ ਪਟਿਆਲ਼ੇ ਦੀ ਫ਼ੌਜ ਦੇ ਅਫ਼ਸਰ ਤੇ ਨਾਭਾ, ਜੀਂਦ ਦੀ ਫ਼ੌਜ ਦੀ ਸਹਾਇਤਾ ਨਾਲ ਇਸ ਜ਼ੋਰ ਦੀ ਲੜਾਈ ਕੀਤੀ ਕਿ ਬਾਦਸ਼ਾਹੀ ਫ਼ੌਜ ਦੇ ਪੈਰ ਹਿੱਲ ਗਏ। ਇੰਨੇ ਨੂੰ ਹੋਰ ਸਰਦਾਰ ਵੀ ਸ੍. ਜੱਸਾ ਸਿੰਘ ਰਾਮਗੜ੍ਹੀਆ, ਸ੍. ਹਕੀਕਤ ਸਿੰਘ ਆਹਲੂਵਾਲੀਆ, ਘੁਨਘਾ ਖ਼ੁਸ਼ਹਾਲ ਸਿੰਘ ਫ਼ੈਜ਼ਲਪੁਰੀਆ ਦੇ, ਤਾਰਾ ਸਿੰਘ, ਜੋਧ ਸਿੰਘ ਮਾਝੇ ਦੇ ਸਰਦਾਰ ਇਕੱਠੇ ਹੋ ਕੇ ਪਟਿਆਲ਼ੇ ਦੀ ਫ਼ੌਜ ਦੀ ਸਹਾਇਤਾ ਲਈ ਆ ਗਏ।

ਇਨ੍ਹਾਂ ਫ਼ੌਜਾਂ ਦੀ ਧਮਕ ਨਾਲ ਦਿੱਲੀ ਦੀ ਸ਼ਾਹੀ ਫ਼ੌਜ ਦੇ ਛੱਕੇ ਛੁੱਟ ਗਏ। ਹੁਣ ਉਹਨਾਂ ਪਾਸੋਂ ਲੜਨਾ ਤਾਂ ਇੱਕ ਪਾਸੇ ਰਿਹਾ, ਵਾਪਸ ਮੁੜਨਾ ਵੀ ਮੁਸ਼ਕਲ ਹੋ ਗਿਆ।

ਇਸ ਵਾਸਤੇ ਉਨ੍ਹਾਂ ਨੇ ਰਸਤੇ ਵਿੱਚ ਭਾਈ ਦੇਸੂ ਸਿੰਘ ਆਦਿਕ ਰਈਸਾਂ ਤੋਂ ਰੁਪਯਾ ਵਸੂਲ ਕੀਤਾ ਸੀ। ਉਹ ਸਾਰੀ ਰਕਮ ਸਰਦਾਰ ਬਘੇਲ ਸਿੰਘ ਦੀ ਰਾਹੀਂ ਸਿੰਘਾਂ ਨੂੰ ਕੜਾਹ-ਪ੍ਰਸ਼ਾਦ ਵਾਸਤੇ ਦੇ ਕੇ ਮੁਸ਼ਕਲ ਨਾਲ ਆਪਣਾ ਪਿੱਛਾ ਛੁਡਾ ਦਿੱਲੀ ਦਾ ਰਾਹ ਲਿਆ ਤੇ ਭਾਈ ਲਾਲ ਸਿੰਘ ਨੇ ਛੁਟਕਾਰਾ ਪਾਇਆ।

ਸੰਮਤ 1838 (ਸੰਨ 1781 ਈ.) ਨੂੰ ਰਾਜਾ ਅਮਰ ਸਿੰਘ 35 ਸਾਲਾਂ ਦੀ ਉਮਰ ਵਿੱਚ ਇਸਤਸਕਾਂ ਦੀ ਮਰਜ਼ ਨਾਲ ਅਕਾਲ ਚਲਾਣਾ ਕਰ ਗਿਆ ਤੇ ਉਸ ਦਾ ਲੜਕਾ ਸਾਹਿਬ ਸਿੰਘ ਉਸ ਵੇਲੇ ਕੇਵਲ ਸੱਤ ਸਾਲਾਂ ਦਾ ਅਣਜਾਣ ਬਾਲ ਸੀ, ਉਸ ਦਾ ਵਾਰਸ ਬਣਿਆ।

ਰਾਜਾ ਅਮਰ ਸਿੰਘ ਇੱਕ ਬੜਾ ਹੀ ਭਾਗਾਂ ਵਾਲਾ ਪ੍ਰਤਾਪੀ ਤੇ ਭਰਪੂਰ ਜਵਾਨ ਸੀ। ਬੜਾ ਬਹਾਦਰ, ਸਿਆਣਾ ਤੇ ਨੀਤੀ ਨਿਪੁੰਨ ਹੋਣ ਦੇ ਕਾਰਨ ਉਸ ਸਮੇਂ ਵਿੱਚ ਆਪਣਾ ਜਿਹਾ ਆਪ ਹੀ ਸੀ। ਇਹਨਾਂ ਦੇ ਸਮੇਂ ਪਟਿਆਲ਼ਾ ਰਾਜ ਨੂੰ ਬਹੁਤ ਤਰੱਕੀ ਮਿਲੀ। ਇਸ ਨੂੰ ਸਲਾਹਕਾਰ ਵੀ ਚੰਗੇ ਮਿਲ ਗਏ ਸਨ। ਇਹ ਬੜਾ ਦਾਨੀ ਤੇ ਮਾਨੀ ਰਾਜਾ ਸੀ। ਬੜੇ ਉੱਚੇ-ਲੰਮੇ ਕੱਦ ਤੇ ਡੀਲ ਡੌਲ ਦੇ ਕਾਰਨ ਲੋਕੀ ਇਸ ਨੂੰ ਗੁਸਤਮ ਕਿਹਾ ਕਰਦੇ ਸਨ। ਹੁਣ ਇਹਨਾਂ ਦੀ ਜਗ੍ਹਾ ਇਹਨਾਂ ਦਾ ਲੜਕਾ ਨਾਮ ਦਾ ਹੀ ਗੱਦੀ 'ਤੇ ਬੈਠਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇ ਮਹਾਰਾਜਾ ਅਮਰ ਸਿੰਘ 10-20 ਵਰ੍ਹੇ ਹੋਰ ਜਿਊਂਦਾ ਰਹਿੰਦਾ ਤਾਂ ਜਮੁਨਾ ਤੇ ਸਤਲੁਜ ਦੇ ਵਿਚਕਾਰ ਰਹੇ ਸਾਰੇ ਇਲਾਕੇ 'ਤੇ ਉਹਨਾਂ ਦਾ ਹੀ ਕਬਜ਼ਾ ਹੋ ਜਾਂਦਾ ਤੇ ਸਾਰੇ ਮੁਲਕ ਵਿੱਚ ਉਹਨਾਂ ਦਾ ਹੀ ਡੰਕਾ ਵੱਜਣਾ ਸੀ, ਪਰੰਤੂ ਅਫ਼ਸੋਸ ਹੈ ਕਿ ਇਹਨਾਂ ਦੀ ਥਾਂ 'ਤੇ ਇਹਨਾਂ ਦਾ ਬੇਟਾ ਸਾਹਿਬ ਸਿੰਘ ਇੱਕ ਤਾਂ ਸੱਤ ਸਾਲ ਦੀ ਉਮਰ ਵਿੱਚ ਗੱਦੀ 'ਤੇ ਬੈਠਿਆ, ਦੂਸਰਾ ਸਾਹਿਬ ਸਿੰਘ ਵਿੱਚ ਆਪਣੇ ਪਿਤਾ ਵਾਲੇ ਯੋਗ ਗੁਣ ਨਹੀਂ ਸਨ। ਪਟਿਆਲ਼ਾ ਰਾਜ ਦੇ ਚੰਗੇ ਭਾਗਾਂ ਨੂੰ ਇਸ ਰਾਜ ਘਰਾਣੇ ਵਿੱਚ ਸਿੰਘਣੀਆਂ ਅਜਿਹੀਆਂ ਬਲਵਾਨ ਹੁੰਦੀਆਂ ਰਹੀਆਂ ਕਿ ਜਿਨ੍ਹਾਂ ਦੀ ਹਿੰਮਤ ਦੀ ਬਦੌਲਤ ਪਟਿਆਲ਼ਾ ਰਾਜ ਬਣਿਆ ਰਿਹਾ, ਨਹੀਂ ਤਾਂ ਉਸ ਵੇਲੇ ਦੀਆਂ ਦੂਜੀਆਂ ਰਿਆਸਤਾਂ, ਜੋ ਪਟਿਆਲ਼ੇ ਨਾਲ ਈਰਖਾ ਰੱਖਦੀਆਂ ਸਨ, ਇਸ ਰਿਆਸਤ ਨੂੰ ਕਦੇ ਵੀ ਨੇਸਤੋ-ਨਾਬੂਦ ਕਰਨ ਤੋਂ ਨਾ ਛੱਡਦੀਆਂ।

ਰਾਜਾ ਅਮਰ ਸਿੰਘ ਦੇ ਚਲਾਣੇ 'ਤੇ ਉਸ ਦਾ ਲੜਕਾ ਸਾਹਿਬ ਸਿੰਘ ਗੱਦੀ 'ਤੇ ਬੈਠਾ। ਸਾਹਿਬ ਸਿੰਘ ਦਾ ਜਨਮ ਭਾਦੋਂ ਵਦੀ 15 ਸੰਮਤ 1830 ਬਿਕਰਮੀ ਈਸਵੀ ਸੰਨ 1773 ਨੂੰ ਹੋਇਆ ਸੀ ਤੇ ਇਹ ਸੱਤ ਸਾਲ ਦੀ ਉਮਰ ਵਿੱਚ ਗੱਦੀ 'ਤੇ ਬੈਠਾ ਸੀ। ਇਹ ਪਟਿਆਲ਼ੇ ਲਈ ਬੜੇ ਖ਼ਤਰੇ ਵਾਲਾ ਦਿਨ ਸੀ। ਚਾਰੇ ਪਾਸਿਆਂ ਤੋਂ ਵੈਰੀ ਤਾਕ ਲਾਈ ਬੈਠੇ ਸਨ, ਪਰੰਤੂ ਸਾਹਿਬ ਸਿੰਘ ਦੀ ਦਾਦੀ ਹੁਕਮਾ ਦੀਆਂ ਸਿਆਣਪਾਂ ਤੇ ਦੀਵਾਨ ਨਾਨੂ ਮੱਲ ਦੇ ਵਜ਼ੀਰ ਬਣ ਜਾਣ ਨਾਲ ਰਿਆਸਤ ਦਾ ਪ੍ਰਬੰਧ ਬੜੀ ਚੰਗੀ ਤਰ੍ਹਾਂ ਨਾਲ ਚੱਲਣ ਲੱਗ ਪਿਆ। ਦੀਵਾਨ ਨਾਨੂ ਮੱਲ ਦੀ ਚੋਣ ਬੜੀ ਲਾਭਕਾਰੀ ਸਿੱਧ ਹੋਈ।

ਦੀਵਾਨ ਨਾਨੂ ਮੱਲ ਜਾਤ ਦਾ ਅਗਰਵਾਲ ਪਿੰਡ ਸੁਨਾਮ, ਰਿਆਸਤ ਪਟਿਆਲ਼ਾ ਦਾ ਰਹਿਣ ਵਾਲਾ ਬੜਾ ਹੀ ਵਫ਼ਾਦਾਰ, ਬਹਾਦਰ, ਦਲੇਰ ਤੇ ਸਿਆਣਾ ਨੌਕਰ ਸੀ। ਇਸ ਨੇ ਮਹਾਰਾਜਾ ਅਮਰ ਸਿੰਘ ਦੇ ਵੇਲੇ ਬੜੀਆਂ ਹੱਛੀਆਂ ਖ਼ਿਦਮਤਾਂ ਕੀਤੀਆਂ। ਮੁਲਕੀ ਤੇ ਮਾਲੀ ਦੋਨਾਂ ਮਾਮਲਿਆਂ ਵਿੱਚ ਇਹਨੂੰ ਬੜੀ ਯੋਗਤਾ ਸੀ, ਕਿੰਤੂ ਸਰ ਲੈਪਲ ਗ੍ਰਿਫ਼ਨ ਸਾਹਿਬ ਦੇ ਲਿਖੇ ਅਨੁਸਾਰ ਇਸ ਦਾ ਇੱਕ ਇਹ ਬੜਾ ਨੁਕਸ ਸੀ ਕਿ ਸਿੱਖ ਸਰਦਾਰਾਂ ਨਾਲ ਇਸ ਦੀ ਕੁਝ ਅਣ-ਬਣ ਰਹਿੰਦੀ ਸੀ, ਜਿਸ ਦਾ ਫਲ਼ ਇਹ ਹੋਇਆ ਕਿ ਇਸ ਦੇ ਵੀ ਕਈ ਵੈਰੀ ਹੋ ਗਏ, ਕਿਉਂਕਿ ਇਸ ਦੀ ਉੱਨਤੀ ਦਾ ਸਾਧਨ ਸਿੱਖ ਹੀ ਸਨ ਅਤੇ ਇਹਨਾਂ ਦਾ ਹੀ ਮਾਲ-ਧਨ ਲੈ ਕੇ ਵੱਡਾ ਹੋਇਆ ਸੀ। ਸੋ, ਇਹਨਾਂ ਤੋਂ ਹੀ ਬਾਗ਼ੀ ਹੋ ਗਿਆ।

ਸਾਹਿਬ ਸਿੰਘ ਦੇ ਗੱਦੀ 'ਤੇ ਬੈਠਦਿਆਂ ਹੀ ਚਾਰੇ ਪਾਸੇ ਵਿਦਰੋਹ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਰਾਣੀ ਦੇਸੂ ਦੇ ਭਰਾ ਮਹਾਂ ਸਿੰਘ ਨੇ ਭਵਾਨੀਗੜ੍ਹ ਦੇ ਕਿਲ੍ਹੇ ਵਿੱਚ ਬਗ਼ਾਵਤ ਕਰ ਦਿੱਤੀ। ਦੀਵਾਨ ਨਾਨੂ ਮੱਲ ਫ਼ੌਜ ਲੈ ਕੇ ਗਿਆ, ਤਿੰਨ ਮਹੀਨੇ ਲੜਾਈ ਹੁੰਦੀ ਰਹੀ। ਮਹਾਂ ਸਿੰਘ ਨੂੰ ਰਾਜ ਤੋਂ ਹਟਾ ਕੇ ਇੱਕ ਲੱਖ ਰੁਪਿਆ ਜੁਰਮਾਨਾ ਵਸੂਲ ਕੀਤਾ। ਅਜੇ ਇਸ ਕਲੇਸ਼ ਦਾ ਚੰਗੀ ਤਰ੍ਹਾਂ ਫ਼ੈਸਲਾ ਨਹੀਂ ਹੋਇਆ ਸੀ ਕਿ ਕੋਟ ਸ਼ਮੀਰ ਵਿੱਚ ਸਾਲੂ ਦੀ ਵਿਧਵਾ ਤੇ ਸ੍. ਸੁਖਚੈਨ ਸਿੰਘ ਬਅਿੰਡੇ ਦੇ ਰਈਸ ਦੀ ਲੜਕੀ ਰਾਜ ਕੌਰ ਨੇ ਵਿਦਰੋਹ ਕਰ ਦਿੱਤਾ। ਦੀਵਾਨ ਨਾਨੂ ਮੱਲ ਫ਼ੌਜ ਲੈ ਕੇ ਅੱਪੜ ਗਿਆ ਤੇ ਇਸ ਫ਼ਸਾਦ ਨੂੰ ਦਬਾਅ ਦਿੱਤਾ ਗਿਆ। ਇਸ ਤੋਂ ਪਿੱਛੋਂ ਭੀਖੀ ਵਿੱਚ ਫ਼ਸਾਦ ਹੋ ਗਿਆ, ਜੋ ਇਹਨਾਂ ਦੋਨਾਂ ਰੌਲਿਆਂ ਨਾਲੋਂ ਸਖ਼ਤ ਸੀ, ਅਰਥਾਤ ਰਾਜਾ ਅਮਰ ਸਿੰਘ ਦੀ ਰਾਣੀ ਖੇਮ ਕੌਰ ਦੇ ਭਰਾ ਸਰਦਾਰ ਆਲਾ ਸਿੰਘ ਤੇ ਪਾਖਰ ਸਿੰਘ ਨੇ ਭੰਮਾ ਸਿੰਘ ਵਹਾਲੀ ਵਾਲਾ ਪਿੰਡ ਫਟਕੜੀ ਵਾਲੇ ਨੂੰ, ਜੋ ਉੱਥੇ ਰਿਆਸਤ ਪਟਿਆਲ਼ੇ ਵੱਲੋਂ ਹਾਕਮ ਸੀ, ਕੱਢ ਦਿੱਤਾ ਤੇ ਆਪ ਉੱਥੇ ਕਬਜ਼ਾ ਕਰ ਲਿਆ।

ਦੀਵਾਨ ਨਾਨੂ ਮੱਲ ਨੇ ਫਿਰ ਫ਼ੌਜ ਦੀ ਤਿਆਰੀ ਦਾ ਹੁਕਮ ਦਿੱਤਾ। ਨਾਭਾ, ਜੀਂਦ, ਭਦੌੜ, ਮਾਲੇਰਕੋਟਲਾ ਆਦਿਕ ਜਗ੍ਹਾ ਦੀ ਫ਼ੌਜ ਲੈ ਕੇ ਰਾਣੀ ਹੁਕਮਾਂ ਦੀ ਕਮਾਨ ਵਿੱਚ ਕੂਚ ਕੀਤਾ। ਆਲਾ ਸਿੰਘ ਪਿੰਡ ਵਿੱਚ ਜਾ ਕੇ ਘੇਰ ਲਿਆ। ਆਲਾ ਸਿੰਘ ਨੇ ਲੜਾਈ ਦੀ ਤਾਕਤ ਨਾ ਰੱਖਣ ਦੇ ਕਾਰਨ ਤਲਵੰਡੀ ਦੀ ਰਾਹ ਲਈ। ਨਾਨੂ ਮੱਲ ਦੀ ਫ਼ੌਜ ਨੇ ਪਿੱਛਾ ਕੀਤਾ ਤੇ ਆਲਾ ਸਿੰਘ ਨੂੰ ਕੈਦ ਕਰ ਕੇ ਪਟਿਆਲ਼ੇ ਲੈ ਆਂਦਾ, ਜਿੱਥੋਂ ਕੁਝ ਸਮਾਂ ਕੈਦ ਰਹਿਣ ਦੇ ਮਗਰੋਂ ਸੋਢੀ ਹਰਨਾਮ ਸਿੰਘ ਦੀ ਸਿਫ਼ਾਰਸ਼ ਨਾਲ ਤਿੰਨ ਲੱਖ ਰੁਪਿਆ ਜੁਰਮਾਨਾ ਦੇ ਕੇ ਛੁਟਕਾਰਾ ਪਾਇਆ ਤੇ ਧਾਮੂ, ਮਾਜਰਾ, ਆਦਿਕ ਕੁਝ ਪਿੰਡ ਉਹਨੂੰ ਗੁਜ਼ਾਰੇ ਦੇ ਵਾਸਤੇ ਦਿੱਤੇ ਗਏ।

ਸੰਮਤ 1840 ਬਿ. ਸੰਨ 1783 ਈ. ਨੂੰ ਇਸ ਮੁਲਕ ਵਿੱਚ ਬੜਾ ਦੁਰਭਿਖ ਕਾਲ ਪੈ ਗਿਆ। ਇਸ ਤਰ੍ਹਾਂ ਦਾ ਕਾਲ ਅੱਗੇ ਕਦੇ ਉੱਤਰੀ ਹਿੰਦ ਵਿੱਚ ਨਹੀਂ ਪਿਆ ਸੀ। ਇਸ ਕਾਲ ਦੇ ਕਾਰਨ ਪਟਿਆਲ਼ੇ ਰਾਜ ਨੂੰ ਬੜੀਆਂ ਕਠਿਨਾਈਆਂ ਆ

ਪਈਆਂ। ਲੋਕੀ ਪਿੰਡ ਛੱਡ ਕੇ ਚਲੇ ਗਏ। ਸਾਰਾ ਮੁਲਕ ਲੁਟੇਰਿਆਂ ਤੇ ਚੋਰਾਂ ਨਾਲ ਭਰ ਗਿਆ। ਆਪਾ-ਧਾਪੀ ਮੱਚ ਗਈ। ਮਾਮਲਾ ਵਸੂਲ ਨਹੀਂ ਹੋਇਆ, ਕਿਉਂਕਿ ਪਿਛਲੇ ਸਾਲ ਵੀ ਫ਼ਸਲ ਨਹੀਂ ਸੀ ਹੋਈ। ਜਿਸ ਰਈਸ ਵਿੱਚ ਕੁਝ ਜ਼ਰਾ ਜਿੰਨੀ ਵੀ ਹਿੰਮਤ ਸੀ, ਪਟਿਆਲ਼ੇ ਰਾਜ ਦਾ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ, ਕਿੰਤੂ ਰਾਣੀ ਹੁਕਮਾਂ ਦੀ ਸਿਆਣਪ ਤੇ ਨਾਨੂ ਮੱਲ ਦੀਵਾਨ ਦੀ ਦਲੇਰੀ ਨਾਲ ਕੰਮ ਚਲਦਾ ਗਿਆ। ਹਰ ਮੁਸ਼ਕਲ ਦਾ ਇਨ੍ਹਾਂ ਇਲਾਜ ਸੋਚਿਆ, ਹਰ ਆਉਣ ਵਾਲੇ ਖ਼ਤਰੇ ਦਾ ਹੌਸਲੇ ਨਾਲ ਟਾਕਰਾ ਕੀਤਾ। ਜੋ-ਜੋ ਇਲਾਕੇ ਪਟਿਆਲ਼ੇ ਰਾਜ ਵਿੱਚੋਂ ਨਿਕਲਣ ਲੱਗੇ ਸਨ, ਸਾਰਿਆਂ ਨੂੰ ਆਪਣੇ ਅਧੀਨ ਰੱਖਣ ਦਾ ਯਤਨ ਕੀਤਾ। ਲਖਨਊ ਕਵਾਇਦ ਸਿਖਾਣ ਵਾਲੇ ਗੋਲ ਅੰਦਾਜ਼ ਬੁਲਾ ਕੇ ਫ਼ੌਜ ਨੂੰ ਸੁਧਾਰਿਆ ਤੇ ਹਰ ਰਈਸ ਨੂੰ ਆਪਣੇ ਕਾਬੂ ਵਿੱਚ ਰੱਖਣ ਦਾ ਕੋਈ ਸਮਾਂ ਹੱਥੋਂ ਨਹੀਂ ਜਾਣ ਦਿੱਤਾ।

ਸਰਦੂਲ ਸਿੰਘ ਮੂਲੇਪੁਰ ਵਾਲਾ ਰਾਣੀ ਖੇਮ ਕੌਰ ਦਾ ਸੰਬੰਧੀ ਸੀ, ਇਹ 10 ਲੱਖ ਰੁਪਯਾ ਦੇ ਕੇ ਆਕੀ ਹੋ ਗਿਆ। ਨਾਨੂ ਮੱਲ ਨੇ ਫ਼ੌਜ ਲੈ ਕੇ ਇਸ 'ਤੇ ਚੜ੍ਹਾਈ ਕਰ ਦਿੱਤੀ। 20 ਦਿਨ ਤਕ ਘੇਰਾ ਪਾ ਰੱਖਿਆ, ਪਰੰਤੂ 21ਵੇਂ ਦਿਨ ਨਾਨੂ ਮੱਲ ਦੇ ਇੱਕ ਨੌਕਰ ਖੁਰਮ ਬੇਗ ਨੇ ਸਰਦੂਲ ਸਿੰਘ ਕੋਲੋਂ ਵੱਢੀ ਲੈ ਕੇ ਨਾਨੂ ਮੱਲ ਦੀ ਜਾਨ 'ਤੇ ਖ਼ਤਰਨਾਕ ਵਾਰ ਕੀਤਾ। ਭਾਵੇਂ ਨਾਨੂ ਮੱਲ ਦੇ ਸਾਥੀਆਂ ਨੇ ਖੁਰਮ ਬੇਗ ਨੂੰ ਕਤਲ ਕਰ ਦਿੱਤਾ, ਪਰੰਤੂ ਦੀਵਾਨ ਨਾਨੂ ਮੱਲ ਨੂੰ ਤਲਵਾਰ ਦਾ ਇੱਕ ਤਕੜਾ ਜ਼ਖ਼ਮ ਲੱਗਾ। ਇਸ ਕਰ ਕੇ ਉਹਨੂੰ ਆਨੰਦਪੁਰ ਕੇਸੂ ਦੇ ਪਿੰਡ ਵਿੱਚ, ਜੋ ਉੱਥੋਂ ਲਾਗੇ ਹੀ ਸੀ, ਲੈ ਗਏ।

ਕਿਹਾ ਜਾਂਦਾ ਹੈ ਕਿ ਰਾਣੀ ਹੁਕਮਾਂ ਉਸ ਵੇਲੇ ਆਪ ਵੀ ਲੜਾਈ ਵਿੱਚ ਮੌਜੂਦ ਸੀ। ਜਦ ਕਰਮਚਾਰੀ ਦੀਵਾਨ ਨਾਨੂ ਮੱਲ ਦੇ ਜ਼ਖ਼ਮੀ ਹੋਣ ਦੀ ਖ਼ਬਰ ਸੁਣੀ, ਤਦ ਇਹ ਬਿਰਧ ਤੀਵੀਂ ਗਸ਼ ਖਾ ਕੇ ਡਿੱਗ ਪਈ ਤੇ ਦਿਲ ਨੂੰ ਅਜਿਹਾ ਧੱਕਾ ਲੱਗਿਆ ਕਿ ਇਸ ਸੱਟ ਨਾਲ ਚਲਾਣਾ ਕਰ ਗਈ।

ਰਾਣੀ ਹੁਕਮਾਂ ਨੂੰ ਪਤਾ ਸੀ ਕਿ ਨਾਨੂ ਮੱਲ ਇੱਕ ਬੜਾ ਸਿਆਣਾ ਤੇ ਰਾਹਕਾਰ ਨੌਕਰ ਹੈ, ਜੋ ਪਟਿਆਲ਼ੇ ਰਿਆਸਤ ਨੂੰ ਕਾਇਮ ਰੱਖੇਗਾ। ਇਹ ਹੀ ਵਜ੍ਹਾ ਹੈ ਕਿ ਮਾਵਾਂ ਵਾਂਗ ਸਦਾ ਹੀ ਉਹਦੀ ਮਦਦ ਕਰਦੀ ਰਹੀ, ਪਰੰਤੂ ਇਸ ਸੱਟ ਤੋਂ ਚਲਾਣਾ ਕਰ ਗਈ।

ਰਾਣੀ ਹੁਕਮਾਂ ਦੇ ਚਲਾਣੇ ਕਾਰਨ ਦੀਵਾਨ ਨਾਨੂ ਮੱਲ ਦੇ ਵੀ ਹੌਸਲੇ ਟੁੱਟ ਗਏ। ਅੱਗੇ ਹਰ ਮਾਮਲੇ ਵਿੱਚ ਰਾਣੀ ਹੁਕਮਾਂ ਦੀ ਸਿਆਣਪ ਭਰੀ ਸਲਾਹ ਤੇ ਸਹਾਇਤਾ ਨਾਲ ਕੰਮ ਕਰ ਕੇ ਕਾਮਯਾਬ ਹੁੰਦਾ ਰਿਹਾ, ਪਰੰਤੂ ਹੁਣ ਉਹ ਨਾ ਰਹੀ। ਰਾਣੀ ਹੁਕਮਾਂ ਦੇ ਚਲਾਣੇ ਦੀ ਖ਼ਬਰ ਤੋਂ ਨਿਕਲਦਿਆਂ ਹੀ ਅਜੇ ਦੀਵਾਨ ਨਾਨੂ ਮੱਲ ਅਰੋਗ ਵੀ ਨਹੀਂ ਸੀ ਹੋਇਆ ਕਿ ਰਾਣੀ ਖੇਮ ਕੌਰ ਦੇ ਵਹਾਲੀ ਵਾਲੇ ਸੰਬੰਧੀ ਬੀਬੀ ਪ੍ਰਧਾਨ ਕੌਰ ਤੇ ਹਮੀਰ ਸਿੰਘ ਆਦਿਕਾਂ ਨੇ, ਜੋ ਅੱਗੇ ਹੀ ਇਸ ਦੇ ਵੈਰੀ ਬਣ ਰਹੇ ਸਨ, ਨਾਨੂ ਮੱਲ ਨੂੰ ਗ੍ਰਿਫ਼ਤਾਰ ਕਰ ਕੇ ਕੈਦ ਕਰ ਲਿਆ, ਜਿਸਤੋਂ ਰਿਆਸਤ ਵਿੱਚ ਗੜਬੜ ਫੈਲ ਗਈ।

ਬੀਬੀ ਰਣਜੀਤ ਕੌਰ ਨੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ, ਪ੍ਰੰਤੂ ਚੰਗੇ ਭਾਗਾਂ ਨੂੰ ਬੀਬੀ ਰਾਜਿੰਦਰ ਕੌਰ ਫਗਵਾੜੇ ਵਾਲੀ, ਜੋ ਰਾਜਾ ਅਮਰ ਸਿੰਘ ਦੀ ਦਾਦੇ ਦੀ ਭੈਣ ਪਟਿਆਲ਼ੇ ਦੇ ਰਾਜ ਘਰਾਣੇ ਵਿੱਚੋਂ ਇੱਕ ਬੜੀ ਹੀ ਦਲੇਰ ਤੇ ਬਹਾਦਰ ਤੀਵੀਂ ਸੀ, ਇਸ ਤਰ੍ਹਾਂ ਦੀ ਆਪਾ-ਧਾਪੀ ਸੁਣ ਕੇ ਆਪਣੀ ਫ਼ੌਜ ਲੈ ਕੇ ਝੱਟ ਜਾ ਪੁੱਜੀ ਤੇ ਦੀਵਾਨ ਨਾਨੂ ਮੱਲ ਨੂੰ ਕੈਦ ਵਿੱਚੋਂ ਕੱਢ ਕੇ ਫਿਰ ਵਜ਼ੀਰ ਬਣਾ ਦਿੱਤਾ।

ਦੀਵਾਨ ਨਾਨੂ ਮੱਲ ਰਾਜਿੰਦਰ ਕੌਰ ਨਾਲ ਮਿਲ ਕੇ ਮੁਲਕ ਦਾ ਪ੍ਰਬੰਧ ਚੰਗੀ ਤਰ੍ਹਾਂ ਕਰ ਸਕਦਾ ਸੀ, ਪਰੰਤੂ ਫਿਰ ਵੀ ਇਸ ਨੇ ਧਾਰਾ ਰਾਓ ਮਰਹੱਟੇ ਨੂੰ, ਜੋ ਉਹਨਾਂ ਦਿਨਾਂ ਵਿੱਚ ਦਿੱਲੀ ਦੇ ਲਾਗੇ ਫਿਰ ਰਿਹਾ ਸੀ, ਤੇ ਸਰਦਾਰ ਬਘੇਲ ਸਿੰਘ, ਦੀਵਾਨ ਸਿੰਘ, ਮਤਾਬ ਸਿੰਘ ਆਦਿਕ ਉਹਦੇ ਨਾਲ ਹੀ ਸਨ, ਸਰਦਾਰ ਬਘੇਲ ਸਿੰਘ ਦੀ ਰਾਹੀਂ ਦੋ ਲੱਖ ਰੁਪੈ ਦੇਣਾ ਕਰ ਕੇ ਸੱਦਿਆ। ਜਦ ਇਹ ਫ਼ੌਜ ਲੈ ਕੇ ਕੈਥਲ ਪੁੱਜਾ ਤਾਂ ਇੱਧਰੋਂ ਦੀਵਾਨ ਨਾਨੂ ਮੱਲ, ਬੀਬੀ ਰਾਜਿੰਦਰ ਕੌਰ ਤੇ ਜੀਂਦ ਦਾ ਰਾਜਾ ਗਜਪਤ ਸਿੰਘ ਆਪਣੀ-ਆਪਣੀ ਫ਼ੌਜ ਲੈ ਕੇ ਜਾ ਪੁੱਜੇ। ਧਾਰਾ ਰਾਓ ਨੇ ਇਲਾਕੇ ਦੇ ਜਿਹੜੇ-ਜਿਹੜੇ ਸਰਦਾਰ ਆਕੀ ਹੋ ਗਏ ਸਨ, ਉਹਨਾਂ ਤੋਂ ਨਜ਼ਰਾਨੇ ਲਏ, ਸਾਰਿਆਂ ਨੂੰ ਕਾਬੂ ਕੀਤਾ। ਕੋਟ ਆਦਿਕ ਜਿੰਨੇ ਪਟਿਆਲ਼ੇ ਦੇ ਪਿੰਡ ਸਰਦਾਰਾਂ ਨੇ ਦਬਾ ਲਏ ਸਨ, ਸਭ ਵਾਪਸ ਲੈ ਕੇ 80 ਹਜ਼ਾਰ ਰੁਪਯਾ ਮਾਮਲਾ ਵਸੂਲ ਕੀਤਾ।

ਦੀਵਾਨ ਨਾਨੂ ਮੱਲ ਨੂੰ ਪਟਿਆਲ਼ੇ ਤੋਂ ਚੱਲਣ ਲੱਗਿਆਂ ਡਰ ਸੀ ਕਿ ਪਿੱਛੋਂ ਧਮਣ ਸਿੰਘ ਕੋਈ ਫ਼ਸਾਦ ਨਾ ਕਰੇ, ਇਸ ਕਰ ਕੇ ਇਸ ਨੂੰ ਕੈਦ ਕਰ ਦਿੱਤਾ ਸੀ, ਜਿਸ ਤੋਂ ਹੁਣ ਬਾਹਰ ਦੇ ਇਲਾਕਿਆਂ ਦੀ ਦੇਖਭਾਲ ਸ਼ੁਰੂ ਕਰ ਦਿੱਤੀ। ਪਹਿਲਾਂ ਬਨੂੜ ਦੇ ਵੱਲ ਗਏ ਇਹ ਜਗ੍ਹਾ ਖ਼ੁਸ਼ਹਾਲ ਸਿੰਘ ਨੇ ਦਬਾ ਲਈ ਸੀ। ਦੋ ਘੰਟੇ ਦੀ ਲੜਾਈ ਦੇ ਮਗਰੋਂ ਖ਼ੁਸ਼ਹਾਲ ਸਿੰਘ ਸਿੱਧੇ ਰਾਹ ਆ ਗਿਆ। ਦੀਵਾਨ ਨਾਨੂ ਮੱਲ ਨੇ ਇੱਥੇ ਹੀ ਇਲਾਕੇ ਦੇ ਸਾਰੇ ਰਈਸਾਂ ਨਾਲ ਸਖ਼ਤੀ-ਨਰਮੀ ਕਰ ਕੇ ਬਹੁਤ ਸਾਰਾ ਮਾਮਲਾ ਵਸੂਲ ਕਰ ਲਿਆ ਤੇ ਦੋ ਲੱਖ ਰੁਪਿਆ ਧਾਰਾ ਰਾਓ ਮਰਹੱਟੇ ਨੂੰ ਇੱਥੋਂ ਹੀ ਦੇ ਕੇ ਕਰਨਾਲ ਦੇ ਰਾਹ ਭੇਜ ਦਿੱਤਾ, ਪਰੰਤੂ ਆਪਣੇ ਇਲਾਕੇ ਦੀ ਆਕੀ ਪਰਜਾ ਨੂੰ ਸਿੱਧਾ ਕਰਨ ਲਈ ਬਘੇਲ ਸਿੰਘ ਆਦਿਕਾਂ ਨੂੰ ਨਹੀਂ ਜਾਣ ਦਿੱਤਾ।

ਮਰਹੱਟੇ ਸਰਦਾਰ ਦੇ ਮੁੜ ਜਾਣ 'ਤੇ ਦੀਵਾਨ ਨਾਨੂ ਮੱਲ ਨੇ ਸ੍. ਬਘੇਲ ਸਿੰਘ ਨੂੰ ਨਾਲ ਲੈ ਕੇ ਮੁਲਕ ਦਾ ਦੌਰਾ ਸ਼ੁਰੂ ਕੀਤਾ ਤੇ ਜਿੱਥੇ ਕੋਈ ਆਕੀ ਨਜ਼ਰੀਂ ਪਿਆ, ਉਸ ਨੂੰ ਸੋਧ ਦਿੱਤਾ ਗਿਆ। ਪਹਿਲਾਂ ਖ਼ਾਨਾਂ ਸਰਾਏ, ਦੋਰਾਹੀ ਤੇ ਸਾਹਨੇਵਾਲ ਆਦਿਕ ਅਸਥਾਨਾਂ ਤੋਂ ਆਕੀ ਜ਼ਿੰਮੀਦਾਰਾਂ ਨੂੰ ਸੋਧ ਕੇ ਉਹਨਾਂ ਤੋਂ ਜੁਰਮਾਨੇ ਮਾਮਲਾ ਵਸੂਲ ਕੀਤਾ। ਪਿੰਡ ਸਹਨਾ ਦਲੇਲ ਸਿੰਘ ਪਾਸ ਸੀ। ਉਹਦੇ ਭਰਾ ਬਾਘ ਸਿੰਘ ਨੇ ਧੱਕੇ ਨਾਲ ਖੋਹ ਲਿਆ। ਇਹਨਾਂ ਇਹ ਪਿੰਡ ਫਿਰ ਸਰਦਾਰ ਦਲੇਲ ਸਿੰਘ ਨੂੰ ਦਿਵਾ ਦਿੱਤਾ। ਸਿਰ ਫੁਨੀ, ਮਖਲੀ, ਦੰਭੜਾ ਆਦਿਕ ਦੇ ਸਰਦਾਰਾਂ, ਜੋ ਭਾਵੇਂ ਬਾਹਰੋਂ ਮੂੰਹ-

ਰੱਖਣੀਆਂ ਗੱਲਾਂ ਕਰਦੇ ਸਨ, ਪਰ ਅਸਲ ਵਿੱਚ ਬਾਗ਼ੀਆਂ ਦੇ ਨਾਲ ਮਿਲੇ ਹੋਏ ਸੀ, ਨੂੰ ਸੋਧ ਕੇ ਕੋਟਕਪੂਰੇ ਵੱਲ ਚਲੇ ਗਏ।

ਰਾਹ ਵਿੱਚ ਖ਼ਬਰ ਮਿਲੀ ਕਿ ਮੱਲੂਪੁਰ ਦੇ ਸਰਦਾਰ ਸਰਦੂਲ ਸਿੰਘ ਨੂੰ ਉਸ ਦੇ ਕਿਲ੍ਹੇਦਾਰ ਹਮੀਰ ਸਿੰਘ ਨੇ ਮਾਰ ਦਿੱਤਾ ਹੈ। ਸੋ, ਦੀਵਾਨ ਨੇ ਉੱਥੇ ਪਹੁੰਚ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਲੜਾਈ ਦਾ ਸਾਰਾ ਸਮਾਨ ਤੇ ਕਈ ਲੱਖ ਰੁਪਯਾ, ਜੋ ਖ਼ਜ਼ਾਨੇ ਵਿੱਚ ਸੀ, ਇਹਦੇ ਹੱਥ ਲੱਗ ਗਿਆ।

ਫਿਰ ਇੱਥੋਂ ਕੋਟਕਪੂਰੇ ਪੁੱਜਾ। ਭਾਵੇਂ ਉੱਥੇ ਇਸ ਦੇ ਪੈਰ ਕੁਝ ਹੱਛੀ ਤਰ੍ਹਾਂ ਨਾ ਜੰਮੇ, ਤਾਂ ਵੀ 20 ਹਜ਼ਾਰ ਰੁਪਏ ਦੇ ਕਰੀਬ ਉੱਥੋਂ ਦੇ ਰਈਸ ਤੋਂ ਨਜ਼ਰਾਨਾ ਲੈ ਕੇ ਪਿੰਡ ਢਿਲਵਾਂ ਵਿੱਚ, ਜੋ ਕਪੂਰਾ ਕੋਟ ਤੋਂ ਤਿੰਨ ਮੀਲ ਦੀ ਵਿੱਥ 'ਤੇ ਹੈ, ਉਹਨਾਂ 'ਤੇ ਦਬਾਉ ਰੱਖਣ ਵਾਸਤੇ ਇੱਕ ਕਿਲ੍ਹਾ ਬਣਵਾ ਕੇ ਬੈਰਾੜਾਂ ਦੇ ਪਿੰਡ, ਜੋ ਆਕੀ ਹੋ ਰਹੇ ਸਨ, ਸੋਧਦਾ ਭੱਟੀਆਂ ਦੇ ਮੁਲਕ 'ਤੇ ਜਾ ਪਿਆ।

ਕੋਟਕਪੂਰੇ ਦਾ ਇਹ ਇਲਾਕਾ, ਜਿਸ ਨੂੰ ਰਾਜਾ ਅਮਰ ਸਿੰਘ ਨੇ ਕਈ ਸਾਲਾਂ ਦੇ ਯਤਨਾਂ ਮਗਰੋਂ ਫ਼ਤਿਹ ਕੀਤਾ ਸੀ, ਤਿੰਨ ਸਾਲ ਪੁੱਛ ਨਾ ਕਰਨ ਦੇ ਕਾਰਨ ਆਕੀ ਹੋ ਗਿਆ ਸੀ ਤੇ ਕਾਮਯਾਬੀ ਦੀ ਬਹੁਤ ਘੱਟ ਆਸ ਸੀ, ਪ੍ਰੰਤੂ ਦੀਵਾਨ ਨਾਨੂ ਮੱਲ ਤੇ ਸਰਦਾਰ ਬਘੇਲ ਸਿੰਘ ਨੇ ਇਸ ਇਲਾਕੇ ਵਿੱਚ ਪੁੱਜਦੇ ਹੀ ਅਜੇਹੀ ਧਾਂਕ ਬਿਠਾਈ ਕਿ ਸਾਰੇ ਮੁਲਕ ਵਿੱਚ ਸ਼ਾਂਤੀ ਵਰਤ ਗਈ। ਪਿੰਡ ਸੰਘਤਾ, ਭੋਨਾ, ਝੰਡਾ, ਆਦਿਕ ਵਿੱਚ ਜਿੰਨਾ ਮਾਮਲਾ ਬਾਕੀ ਸੀ, ਸਭ ਵਸੂਲ ਹੋ ਗਿਆ। ਇਸ ਤਰ੍ਹਾਂ ਨਾਲ ਆਪਣੇ ਸਾਰੇ ਇਲਾਕੇ ਵਿੱਚ ਫੇਰਾ ਪਾ ਕੇ ਤੇ ਕਈ ਲੱਖ ਰੁਪਿਆ ਵਸੂਲ ਕਰ ਕੇ ਦੀਵਾਨ ਵਾਪਸ ਪਟਿਆਲ਼ੇ ਆ ਗਿਆ ਤੇ ਖ਼ਜ਼ਾਨਾ ਜੋ ਪਹਿਲਾਂ ਲਗ-ਪਗ ਖ਼ਾਲੀ ਹੋ ਚੁੱਕਿਆ ਸੀ, ਫਿਰ ਭਰ ਗਿਆ ਤੇ ਸਰਦਾਰ ਬਘੇਲ ਸਿੰਘ ਨੂੰ ਵੀ ਨਿਯਤ ਰਕਮ ਦੇ ਕੇ ਤੋਰ ਦਿੱਤਾ।

ਸਰਦਾਰ ਚੂਹੜ ਸਿੰਘ ਭਦੌੜ ਵਾਲੇ ਨੇ ਆਪਣੀ ਤਾਕਤ ਵਧਾ ਕੇ ਮਲੇਰਕੋਟਲਾ ਵਾਲਿਆਂ ਦੇ ਕੁਝ ਪਿੰਡ ਆਪਣੇ ਕਬਜ਼ੇ ਵਿੱਚ ਕਰ ਲਏ ਸਨ। ਅਦਾਉਲਾ ਖ਼ਾਂ ਰਈਸ ਮਲੇਰਕੋਟਲਾ ਨੇ ਪਟਿਆਲ਼ਾ ਰਾਜ ਪਾਸੋਂ ਮਦਦ ਮੰਗੀ। ਤਾਂ ਕਿ ਸ੍. ਚੂਹੜ ਸਿੰਘ ਤੋਂ ਪਿੰਡ ਵਾਪਸ ਲਏ ਜਾਣ। ਦੀਵਾਨ ਨੇ ਸ੍. ਚੂਹੜ ਸਿੰਘ ਦੀ ਵਿਰੋਧਤਾ ਕਰਨੀ ਉਚਿਤ ਨਾ ਸਮਝੀ ਤੇ ਲੜ ਕੇ ਕਾਮਯਾਬੀ ਦੀ ਆਸ ਨਾ ਰੱਖਣ ਕਰ ਕੇ ਆਪਣੇ ਕੁਝ ਪਿੰਡ ਦੇ ਕੇ ਮਲੇਰਕੋਟਲੇ ਵਾਲਿਆਂ ਦੇ ਪਿੰਡ ਵਾਪਸ ਕਰਵਾ ਦਿੱਤੇ।

ਸੰਮਤ 1844 ਬਿ. ਸੰਨ 1787 ਈ. ਨੂੰ ਰਾਜਾ ਸਾਹਿਬ ਦਾ ਵਿਆਹ ਸ੍. ਗੰਡਾ ਸਿੰਘ, ਜੋ ਕਿ ਭੰਗੀਆਂ ਦੀ ਮਿਸਲ ਵਿੱਚੋਂ ਤੇ ਅੰਮ੍ਰਿਤਸਰ ਦੇ ਵਸਨੀਕ ਸਨ, ਦੀ ਲੜਕੀ ਰਤਨ ਕੌਰ ਨਾਲ ਬੜੀ ਰੌਣਕ ਤੇ ਧੂਮ-ਧਾਮ ਨਾਲ ਹੋਇਆ।

ਧਾਰਾ ਰਾਓ ਮਰਹੱਟਾ ਦੇ ਮੁੜਨ ਤੇ ਹੋਰ ਮਰਹੱਟੇ ਸਰਦਾਰਾਂ ਨੂੰ ਵੀ ਪੰਜਾਬ ਵਿੱਚ ਲੁੱਟ-ਮਾਰ ਕਰਨ ਲਈ ਆਉਣ ਦਾ ਹੌਸਲਾ ਹੋ ਗਿਆ। ਸੋ, 1788 ਈ. ਨੂੰ ਮਰਹੱਟਿਆਂ

ਦਾ ਇੱਕ ਸਰਦਾਰ ਅੰਬਾਰਾਓ ਬਹੁਤ ਸਾਰੀ ਫ਼ੌਜ ਲੈ ਕੇ ਪਟਿਆਲ਼ੇ ਵੱਲ ਆਇਆ, ਤੇ ਮੇਰਠ ਦੇ ਨਵਾਬ ਗ਼ੁਲਾਮ ਕਾਦਰ ਖ਼ਾਂ ਨੂੰ ਵੀ ਆਪਣੇ ਨਾਲ ਲਿਆ। ਸ੍. ਬਘੇਲ ਸਿੰਘ ਉਸ ਦੇ ਨਾਲ ਹੋ ਗਿਆ, ਕਿਉਂਕਿ ਉਹ ਹਰ ਇੱਕ ਹਮਲਾ ਕਰਨ ਵਾਲੇ ਦਾ ਸੱਜਾ ਹੱਥ ਬਣ ਬੈਠਦਾ ਸੀ। ਜਦੋਂ ਇਹ ਲਸ਼ਕਰ ਜੀਂਦ, ਕੈਥਲ ਵਿੱਚ ਲੁੱਟਮਾਰ ਕਰਦਾ ਹੋਇਆ ਪਿੰਡ ਭਾਗਲ ਚਕੀਆ, ਜੋ ਪਟਿਆਲ਼ੇ ਤੋਂ 15 ਕੋਹ ਦੀ ਵਿੱਥ 'ਤੇ ਹੈ, ਆ ਪੁੱਜਾ, ਉਸ ਵੇਲੇ ਦੀਵਾਨ ਨਾਨੂ ਮੱਲ ਇੱਕ ਭਾਰੀ ਫ਼ੌਜ ਲੈ ਕੇ ਮੁਕਾਬਲੇ 'ਤੇ ਜਾ ਅੜਿਆ ਤੇ ਇੱਕ ਅਜਿਹੀ ਚਾਲ ਚੱਲੀ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ। ਇਸ ਨੇ ਮਰਹੱਟਾ ਸਰਦਾਰ ਤੇ ਗ਼ੁਲਾਮ ਕਾਕਰ ਦੀ ਆਪੋ ਵਿੱਚ ਅਣ-ਬਣ ਕਰਵਾ ਦਿੱਤੀ, ਜਿਸ ਤੋਂ ਇਹਨਾਂ ਨੂੰ ਮਜਬੂਰ ਹੋ ਕੇ ਵਾਪਸ ਜਾਣਾ ਪਿਆ।

ਇਸ ਸਾਲ ਸਰਦਾਰ ਹਰੀ ਸਿੰਘ ਸਿਆਲਵਾ ਵਾਲੇ ਨੇ ਦੀਵਾਨ ਨਾਨੂ ਮੱਲ ਤੋਂ ਮਦਦ ਮੰਗੀ, ਤਾਂ ਜੋ ਉਸ ਦਾ ਓਹ ਇਲਾਕਾ, ਜੋ ਸਿੰਘ ਪੁਰੀਏ ਸਰਦਾਰਾਂ ਨੇ ਜ਼ੋਰ ਨਾਲ ਖੋਹ ਲਿਆ ਹੈ, ਵਾਪਸ ਲੈ ਲਵੇ। ਸੋ, ਦੀਵਾਨ ਨੇ ਪੰਜ ਹਜ਼ਾਰ ਫ਼ੌਜ ਸਰਦਾਰ ਹਰੀ ਸਿੰਘ ਦੀ ਮਦਦ ਲਈ ਭੇਜੀ। ਕੋਟਲੇ ਪੁੱਜ ਕੇ ਉਹਨਾਂ ਦੇ ਕੁਝ ਪਿੰਡ ਫ਼ਤਿਹ ਕਰ ਕੇ ਸਰਦਾਰ ਹਰੀ ਸਿੰਘ ਨੂੰ ਦੇ ਦਿੱਤੇ ਤੇ ਸਰਦਾਰ ਖ਼ੁਸ਼ਹਾਲ ਸਿੰਘ ਦੇ ਜਵਾਈ ਸਰਦਾਰ ਮਾਨ ਸਿੰਘ ਨੂੰ ਨੌਕਰਾਂ ਸਣੇ ਕੈਦ ਕਰ ਲਿਆ। ਫਿਰ ਪਿੰਡ ਅਵਾਨ ਕੋਟ, ਜਿੱਥੋਂ ਦੇ ਰਈਸ ਸਰਦਾਰ ਬੁੱਧ ਸਿੰਘ ਦੀ ਸਹਾਇਤਾ ਪਰ ਸਰਦਾਰ ਤਾਰਾ ਸਿੰਘ ਸੀਬਾ, ਰਾਏ ਸਿੰਘ ਜਗਾਧਰੀ ਵਾਲਾ ਤੇ ਸਾਹਮਾ ਬਾਦੀਏ ਸਾਰੇ ਮੌਜੂਦ ਸਨ, ਮੋਰਚਾ ਲੱਗ ਗਿਆ। ਇਸ ਇਕੱਠ ਜਾਂ ਭੀੜ ਨੂੰ ਦੇਖ ਕੇ ਨਾਨੂ ਮੱਲ ਨੇ ਆਪਣੀਆਂ ਗਵਾਂਢੀ ਰਿਆਸਤਾਂ ਨੂੰ ਸੱਦ ਲਿਆ, ਜੋ ਝੱਟ-ਪੱਟ ਪੁੱਜ ਗਈਆਂ ਅਤੇ 15 ਦਿਨ ਬਰਾਬਰ ਲੜਾਈ ਹੁੰਦੀ ਰਹੀ। ਅੰਤ ਨੂੰ ਇੱਕ ਭਿਆਨਕ ਲੜਾਈ ਦੇ ਮਗਰੋਂ ਦੀਵਾਨ ਨਾਨੂ ਮੱਲ ਨੇ ਫ਼ਤਿਹ ਪਾਈ ਤੇ 400 ਆਦਮੀ ਕੇਵਲ ਸਿੰਘਾਪੁਰੀਆ ਦਾ ਮਾਰਿਆ ਗਿਆ ਤੇ ਬਹੁਤ ਸਾਰੇ ਫੱਟੜ ਹੋਏ। ਦੀਵਾਨ ਨਾਨੂ ਮੱਲ ਇੱਥੋਂ ਕੂਚ ਕਰਦਾ ਹੋਇਆ ਕਈ ਹੋਰ ਸਰਦਾਰਾਂ ਤੋਂ ਨਜ਼ਰਾਨੇ ਵਸੂਲ ਕਰਦਾ ਵਾਪਸ ਪਟਿਆਲ਼ੇ ਆ ਗਿਆ। ਇਸ ਜੰਗ ਤੋਂ ਦੀਵਾਨ ਨੂੰ ਬਹੁਤ ਆਪਾ-ਧਾਪੀ ਹੋਈ। ਲਗ-ਪਗ ਦਸ ਲੱਖ ਰੁਪਯਾ ਜਿਸ ਦੀ ਉਸ ਵੇਲੇ ਲੋੜ ਸੀ, ਪਟਿਆਲ਼ੇ ਦੇ ਖ਼ਜ਼ਾਨੇ ਵਿੱਚ ਦਾਖ਼ਲ ਕੀਤਾ ਗਿਆ। ਕੁਝ ਸਾਲਾਂ ਤੋਂ ਫ਼ਸਲ ਨਾ ਹੋਣ ਕਾਰਨ ਮੁਲਕ ਦੀ ਬੇਅਮਨੀ ਤੇ ਮਰਹੱਟਿਆਂ ਦੀ ਆਪਾਧਾਪੀ ਕਾਰਨ ਬਹੁਤ ਸਾਰਾ ਰੁਪਯਾ ਖ਼ਰਚ ਹੋ ਚੁੱਕਾ ਸੀ।

ਨਾਨੂ ਮੱਲ ਇੱਕ ਬਹਾਦਰ, ਸਿਆਣਾ ਤੇ ਦਲੇਰ ਅਹਿਲਕਾਰ ਸੀ ਤੇ ਉਨ੍ਹਾਂ ਦਿਨਾਂ ਵਿੱਚ ਪਟਿਆਲ਼ਾ ਦਰਬਾਰ ਦੀਆਂ ਖਿਦਮਤਾਂ ਸ਼ਲਾਘਾਯੋਗ ਤੇ ਲਾਭਦਾਇਕ ਸਨ, ਪਰੰਤੂ ਹੁਣ ਦੀਵਾਨ ਦੀ ਬੁੱਧੀ 'ਤੇ ਲਾਲਚ ਦਾ ਪਰਦਾ ਪੈ ਚੁੱਕਾ ਸੀ। ਮਹਾਰਾਜਾ ਅਮਰ ਸਿੰਘ ਦੇ ਵੇਲੇ ਵੀ ਇਸ ਤੋਂ 10 ਲੱਖ ਰੁਪਏ ਜੁਰਮਾਨਾ ਵਸੂਲ ਕੀਤਾ ਸੀ। ਹੁਣ

ਇਸ ਨੂੰ ਪੁੱਛਣ ਵਾਲਾ ਕੋਈ ਨਹੀਂ ਸੀ। ਇਸ ਕਰ ਕੇ ਇਸ ਵਿੱਚ ਹੰਕਾਰ ਆ ਗਿਆ ਤੇ ਇੰਨਾ ਮੂੰਹ ਭਾਣਾ ਹੋ ਗਿਆ ਕਿ ਦਰਬਾਰ ਦੇ ਵਿੱਚ ਬੈਠ ਕੇ ਹੁੱਕਾ ਪੀਣ ਲੱਗ ਪਿਆ। ਸਿੰਘਾਂ ਨੂੰ ਇਹ ਗੱਲ ਬੜੀ ਅਯੋਗ ਜਾਪੀ।

ਇਸ ਨੂੰ ਕਈ ਵਾਰ ਸਮਝਾਇਆ ਗਿਆ, ਪਰੰਤੂ ਜਦ ਇਹ ਨਾ ਮੰਨਿਆ ਤਾਂ ਮਹਾਰਾਜਾ ਸਾਹਿਬ ਸਿੰਘ ਪਾਸ ਸ਼ਿਕਾਇਤ ਹੋਈ ਕਿ ਇਹ ਭਰੇ ਦਰਬਾਰ ਵਿੱਚ ਹੁੱਕਾ ਪੀਂਦਾ ਹੈ। ਸਿੱਖਾਂ ਨੂੰ ਘਿਰਣਾ ਦੀ ਨਿਗਾਹ ਨਾਲ ਦੇਖਦਾ ਹੈ। ਸਾਰੇ ਅਹੁਦਿਆਂ 'ਤੇ ਇਸ ਨੇ ਆਪਣੇ ਸੰਬੰਧੀ ਨਿਯੁਕਤ ਕੀਤੇ ਹੋਏ ਹਨ। ਕੇਵਲ ਇੱਕ ਮੀਰ ਮੁਨਸ਼ੀ ਦਾ ਅਹੁਦਾ ਰਾਮ ਦਿਆਲ ਕੋਲ ਹੈ, ਨਹੀਂ ਤਾਂ ਬਾਕੀ ਸਾਰੇ ਜ਼ਿੰਮੇਵਾਰੀ ਦੇ ਅਹੁਦੇ ਆਪਣੇ ਘਰਦਿਆਂ ਨੂੰ ਦੇ ਰੱਖੇ ਹਨ ਤੇ ਇਸ ਨੇ ਮਰਹੱਟਿਆਂ ਨਾਲ ਅੰਦਰਖਾਤੇ ਮੇਲ ਰੱਖਿਆ ਹੋਇਆ ਹੈ। ਇਹ ਮੋਟੇ-ਮੋਟੇ ਦੂਸ਼ਣ ਸਨ, ਜੋ ਨਾਨੂ ਮੱਲ 'ਤੇ ਲਗਾਏ ਗਏ। ਮਹਾਰਾਜਾ ਸਾਹਿਬ ਸਿੰਘ, ਰਾਣੀ ਆਸ ਕੌਰ ਤਾਂ ਪਹਿਲਾਂ ਹੀ ਨਰਾਜ਼ ਸਨ। ਬੀਬੀ ਰਾਜਿੰਦਰ ਕੌਰ ਵੀ ਮਰਹੱਟਿਆਂ ਵਾਲੀ ਗੱਲ ਤੋਂ ਵਿਰੁੱਧ ਹੋ ਗਈ। ਇਸ ਤਰ੍ਹਾਂ ਨਾਲ ਪਟਿਆਲ਼ਾ ਦਰਬਾਰ ਵਿੱਚ ਇਸ ਦਾ ਕੋਈ ਸਹਾਇਕ ਨਾ ਰਿਹਾ।

ਇਹਨਾਂ ਹੀ ਦਿਨਾਂ ਵਿੱਚ ਜਦ ਮਰਹੱਟਿਆਂ ਦੇ ਪ੍ਰਸਿੱਧ ਸਰਦਾਰ ਸਿੰਘ ਅਧੋ ਜੀ ਨੇ ਦਿੱਲੀ ਪੁੱਜ ਕੇ ਗ਼ੁਲਾਮ ਕਾਦਰ ਰੋਹੇਲੇ ਨੂੰ (ਜਿਸ ਨੇ ਸ਼ਾਹ ਆਲਮ ਦੀਆਂ ਅੱਖਾਂ ਕਢਵਾ ਕੇ ਦਿੱਲੀ ਦਾ ਤਖ਼ਤ ਮੱਲ ਲਿਆ ਸੀ) ਕੀਤੀ ਦਾ ਫਲ਼ ਚਖਾਇਆ ਤੇ ਸ਼ਾਹ ਆਲਮ ਨੂੰ ਫੇਰ ਗੱਦੀ 'ਤੇ ਬਿਠਾਇਆ, ਤਦ ਮਰਹੱਟਿਆਂ ਦੀ ਫ਼ੌਜ ਨੇ ਰਾਣੀ ਖ਼ਾਂ ਦਾਦਾ ਜੀ ਅਤੇ ਅਲੀ ਬਹਾਦਰ ਆਦਿਕ ਸਰਦਾਰ ਦੀ ਕਮਾਨ ਵਿੱਚ ਜਮਨਾ ਪਾਰ ਇਲਾਕਾ ਵਾਪਸ ਲੈਣ ਲਈ ਥਾਨੇਸਰ ਵੱਲ ਕੂਚ ਕੀਤਾ। ਇਹ ਲਸ਼ਕਰ ਥਾਨੇਸਰ ਆ ਕੇ ਕੁਝ ਦਿਨ ਠਹਿਰ ਗਿਆ, ਇਸ ਕਰ ਕੇ ਇੱਥੋਂ ਤਕ ਸੁਖ ਵਰਤੀ, ਕਿੰਤੂ ਜਦ ਇੱਥੋਂ ਕੂਚ ਕਰ ਕੇ ਅਜਰਾਨੇ ਜੋ ਪਟਿਆਲ਼ੇ ਤੋਂ 8 ਮੀਲ ਹੈ, ਮੁਕਾਮ ਕੀਤਾ, ਤਦ ਪਟਿਆਲ਼ੇ ਵਿੱਚ ਗੜਬੜ ਮੱਚ ਗਈ। ਦੀਵਾਨ ਨਾਨੂ ਮੱਲ ਇਹ ਸਮਝੀ ਬੈਠਾ ਸੀ ਕਿ ਮਰਹੱਟਿਆਂ ਦੀ ਫ਼ੌਜ ਖ਼ਾਲੀ ਹੱਥ ਕਦੇ ਨਹੀਂ ਜਾਵੇਗੀ। ਬੀਬੀ ਰਾਜਿੰਦਰ ਕੌਰ ਪਾਸ ਜਾ ਕੇ ਬੇਨਤੀ ਕੀਤੀ ਕਿ ਆਪ ਥੋੜ੍ਹੇ ਦਿਨਾਂ ਲਈ ਅਸਬਾਬ ਦੇ ਸਮਾਨ ਲੈ ਕੇ ਬਮਿੰਡੇ ਦੇ ਕਿਲ੍ਹੇ ਵਿੱਚ ਚਲੇ ਜਾਣ, ਪਰੰਤੂ ਇਹ ਇੱਕ ਬੜੀ ਬਹਾਦਰ ਤੀਵੀਂ ਸੀ। ਇਸ ਦੀ ਅੰਮ੍ਰਿਤ ਦੀ ਦਾਤ ਦੀ ਸ਼ਕਤੀ ਨੇ ਇਹ ਪ੍ਰਵਾਨ ਨਾ ਕੀਤਾ ਕਿ ਮਰਹੱਟਿਆਂ ਤੋਂ ਡਰ ਕੇ ਪਟਿਆਲ਼ਾ ਛੱਡ ਜਾਏ। ਇਸ ਕਰ ਕੇ ਉਸ ਨੇ ਦੀਵਾਨ ਦੀ ਬੇਨਤੀ ਪ੍ਰਵਾਨ ਨਾ ਕੀਤੀ ਤੇ ਕਿਹਾ ਤੂੰ ਵਜ਼ੀਰ ਹੈਂ, ਹਰ ਤਰ੍ਹਾਂ ਤੈਨੂੰ ਪ੍ਰਬੰਧ ਕਰਨਾ ਚਾਹੀਦਾ ਹੈ। ਦੀਵਾਨ ਨਾਨੂ ਮੱਲ ਨੂੰ ਹੁਣ ਪਤਾ ਲੱਗ ਚੁੱਕਾ ਸੀ ਕਿ ਬੀਬੀ ਰਾਜਿੰਦਰ ਕੌਰ ਤੇ ਮਹਾਰਾਜਾ ਸਾਹਿਬ ਸਿੰਘ ਨੂੰ ਲੋਕਾਂ ਨੇ ਉਸ ਤੋਂ ਬਦਜ਼ਨ ਕਰ ਰੱਖਿਆ ਹੈ। ਇਸ ਕਰ ਕੇ ਉਸ ਨੇ ਚਾਹਿਆ ਕਿ ਹਮੇਸ਼ਾ ਵਾਸਤੇ ਪਟਿਆਲ਼ਾ ਛੱਡ ਕੇ ਚਲਾ ਜਾਵੇ, ਨਹੀਂ ਤਾਂ ਇਸ ਦਾ

ਨਤੀਜਾ ਇਸ ਦੇ ਲਈ ਚੰਗਾ ਨਹੀਂ ਨਿਕਲੇਗਾ। ਕੁਝ ਧਨ ਵੀ ਇਕੱਠਾ ਕਰਨਾ ਚਾਹਿਆ। ਉਹ ਆਪਣੇ ਮਾਤਹਿਤ ਸਰਦਾਰਾਂ ਨੂੰ ਨਾਲ ਲੈ ਕੇ ਮਰਹੱਟਿਆਂ ਦੇ ਲਸ਼ਕਰ ਵਿੱਚ ਚਲਾ ਗਿਆ, ਇਸ ਨੇ ਉੱਥੇ ਜਾਂਦਿਆਂ ਹੀ ਰਾਣੀ ਖ਼ਾਂ ਨਾਲ ਮਿੱਤਰਤਾਨਾ ਗੰਢ ਲਿਆ। ਹੁਣ ਜਦ ਮਰਹੱਟਿਆਂ ਨੇ ਨਾਨੂ ਮੱਲ ਦੀ ਰਾਹੀਂ ਪਟਿਆਲ਼ੇ ਦੇ ਰਈਸ ਤੋਂ ਨਜ਼ਰਾਨਾ ਵਸੂਲ ਕਰ ਲਿਆ, ਤਦ ਪਟਿਆਲ਼ਾ ਬਾਬਤ ਨਾਨੂ ਮੱਲ ਨੇ ਆਪ ਬੀਬੀ ਰਾਜਿੰਦਰ ਕੌਰ ਨੂੰ ਸੁਨੇਹਾ ਭੇਜਿਆ ਕਿ ਮਰਹੱਟੇ ਐਨਾ ਰੁਪਈਆ ਮੰਗਦੇ ਹਨ। ਉੱਤਰ ਵਿੱਚ ਰਾਜਿੰਦਰ ਕੌਰ ਨੇ ਕਹਿ ਭੇਜਿਆ ਕਿ ਰਿਆਸਤ ਦਾ ਵਜ਼ੀਰ ਤੂੰ ਹੀ ਹੈਂ, ਰੁਪਿਆ ਤੈਨੂੰ ਹੀ ਦੇਣਾ ਚਾਹੀਦਾ ਹੈ। ਇਹ ਝਗੜਾ ਨਾਨੂ ਮੱਲ ਤੇ ਰਾਜਿੰਦਰ ਕੌਰ ਦੇ ਵਿਚਕਾਰ ਚਲਦਾ ਰਿਹਾ, ਪਰੰਤੂ ਜਦ ਇਸ ਗੱਲ ਦਾ ਕੋਈ ਫ਼ੈਸਲਾ ਨਾ ਹੋਇਆ ਤਾਂ ਰਾਜਿੰਦਰ ਕੌਰ ਨੇ ਮਰਹੱਟਾ ਸਰਦਾਰਾਂ ਨੂੰ ਕਿਹਾ ਕਿ ਇੱਥੋਂ ਫ਼ੌਜ ਲੈ ਕੇ ਚਲੇ ਜਾਓ, ਮੈਂ ਇਸ ਨਜ਼ਰਾਨੇ ਦਾ ਫ਼ੈਸਲਾ ਸੋਂਧਯਾ ਦੇ ਪਾਸ ਚਲ ਕੇ ਆਪ ਕਰ ਲੈਂਦੀ ਹਾਂ, ਤੇ ਆਪ ਇੱਕ ਬੜੀ ਬਹਾਦਰ ਫ਼ੌਜ ਲੈ ਕੇ ਮਥਰਾ ਦੇ ਪਾਸੇ ਸੇਧਯਾ ਨਾਲ ਫ਼ੈਸਲਾ ਕਰਨ ਵਾਸਤੇ ਕੂਚ ਕੀਤਾ, ਪਰੰਤੂ ਸੈਫ਼ਆਬਾਦ ਦੇ ਕਿਲ੍ਹੇ 'ਤੇ ਨਾਨੂ ਮੱਲ ਦੇ ਭੜਕਾਣ 'ਤੇ ਮਰਹੱਟੇ ਤੇ ਸਿੱਖਾਂ ਵਿਚਕਾਰ ਛੁਢ ਮਹੀਨਾ ਤਕ ਲੜਾਈ ਹੁੰਦੀ ਰਹੀ। ਜਦ ਮਰਹੱਟਾ ਫ਼ੌਜ ਨਿਰਾਸ਼ ਹੋ ਗਈ, ਤਦ ਕਰਨਾਲ ਵਾਪਸ ਚਲੀ ਗਈ।

ਜਿਸ ਵੇਲੇ ਰਾਜਿੰਦਰ ਕੌਰ ਤੇ ਨਾਨੂ ਮੱਲ ਦਾ ਝਗੜਾ ਚੱਲ ਰਿਹਾ ਸੀ, ਉਸ ਵੇਲੇ ਰਾਜਿੰਦਰ ਕੌਰ ਨੇ ਨਾਨੂ ਮੱਲ ਦੇ ਲੜਕੇ ਦੇਵੀ ਦਿੱਤਾ ਮੱਲ ਨੂੰ ਉਸ ਦੇ ਪਿਤਾ ਦੀ ਨੇਕ ਚਲਣੀ ਦੀ ਜ਼ਮਾਨਤ ਵਿੱਚ ਕੈਦ ਕਰ ਲਿਆ ਸੀ, ਜਿਸ ਦਾ ਨਤੀਜਾ ਇਹ ਹੋਇਆ ਕਿ ਦਾਦਾ ਜੀ ਮਰਹੱਟਾ ਦੀ 30 ਹਜ਼ਾਰ ਫ਼ੌਜ ਨੂੰ ਲੈ ਕੇ ਪਟਿਆਲ਼ੇ ਉੱਤੇ ਨਾਨੂ ਮੱਲ ਨੇ ਚੜ੍ਹਾਈ ਕਰ ਦਿੱਤੀ ਤੇ ਰਾਜਿੰਦਰ ਕੌਰ ਨੂੰ ਸੁਨੇਹਾ ਭੇਜਿਆ ਕਿ ਜਦ ਤਕ ਮੇਰੇ ਲੜਕੇ ਨੂੰ ਨਾ ਛੱਡੋਗੇ, ਮੈਂ ਰੁਪਯੇ ਦਾ ਬੰਦੋਬਸਤ ਨਹੀਂ ਕਰਾਂਗਾ। ਰਾਜਿੰਦਰ ਕੌਰ ਨੇ ਵੀ ਮਾਮਲੇ ਨੂੰ ਵਧਾਣਾ ਪਸੰਦ ਨਾ ਕੀਤਾ ਤੇ ਦੇਵੀ ਦਿੱਤਾ ਮੱਲ ਨੂੰ ਛੱਡ ਦਿੱਤਾ।

ਜਦ ਮਰਹੱਟਿਆਂ ਦੀ ਫ਼ੌਜ ਨਾਨੂ ਮੱਲ ਸਮੇਤ ਕਰਨਾਲ ਵੱਲ ਵਾਪਸ ਮੁੜੀ ਤਾਂ ਪਿੱਛੋਂ ਮਹਾਰਾਜਾ ਸਾਹਿਬ ਸਿੰਘ ਨੇ ਕਈ ਕੁ ਆਦਮੀਆਂ ਨੂੰ ਫੜਕੇ ਕੈਦ ਕਰ ਲਿਆ। ਫਿਰ ਇੱਥੋਂ ਚੱਲਕੇ ਨਾਨੂ ਮੱਲ ਦੇ ਲੜਕੇ ਨੰਦਾ ਰਾਇ ਨੂੰ, ਜੋ ਬਰਨਾਲੇ ਤਸੀਲਦਾਰ ਸੀ, ਕੈਦ ਕਰ ਲਿਆ। ਫਿਰ ਕਿਲ੍ਹਾ ਅਕਾਲਗੜ੍ਹ 'ਤੇ ਹਮਲਾ ਕੀਤਾ। ਇੱਥੇ ਨਾਨੂ ਮੱਲ ਦਾ ਤੀਜਾ ਲੜਕਾ ਮਾਈ ਦਿੱਤਾ ਰਹਿੰਦਾ ਸੀ। ਇਸ ਦੀ ਸਲਾਹ ਲੜਾਈ ਕਰਨ ਦੀ ਸੀ, ਪਰੰਤੂ ਆਪਣੀ ਫ਼ੌਜ ਦੀ ਕਮੀ ਵੇਖ ਕੇ ਚੁੱਪ ਹੋ ਗਿਆ। ਚਾਰ ਲੱਖ ਰੁਪਿਆ ਮਹਾਰਾਜਾ ਸਾਹਿਬ ਸਿੰਘ ਨੂੰ ਇੱਥੋਂ ਹੱਥ ਆਇਆ। ਇਸੇ ਤਰ੍ਹਾਂ ਜਿੱਥੇ-ਜਿੱਥੇ ਅਨਪੜ੍ਹ ਜਾਂ ਹੋਰ ਥਾਵਾਂ ਤੇ ਨਾਨੂ ਮੱਲ ਦੇ ਸੰਬੰਧੀ ਜਾਂ ਆਂਦੇ ਹੋਏ ਆਦਮੀਆਂ ਦਾ ਪਤਾ ਲੱਗਾ, ਉਸ ਨੂੰ ਉੱਥੇ ਪੁੱਜ ਕੇ ਨੌਕਰੀ ਤੋਂ ਹਟਾ ਦਿੱਤਾ ਤੇ ਨਾਨੂ ਮੱਲ ਦੀ ਜਿੰਨੀ ਜਾਇਦਾਦ

ਨਕਦੀ, ਸਮਾਨ ਜਾਂ ਜ਼ਮੀਨ ਤੇ ਮਕਾਨ ਆਦਿਕ ਸੀ, ਸਭ ਜ਼ਬਤ ਕਰ ਲਏ। ਇੱਧਰ ਕਰਨਾਲ ਪਹੁੰਚ ਕੇ ਦੀਵਾਨ ਨਾਨੂ ਮੱਲ ਨੇ ਆਗਿਆ ਮੰਗੀ। ਅਜੇ ਇਹ ਰਾਹ ਵਿੱਚ ਹੀ ਸੀ ਕਿ ਇਸ ਨੂੰ ਮਹਾਰਾਜਾ ਸਾਹਿਬ ਸਿੰਘ ਦੀਆਂ ਇਹਨਾਂ ਗੱਲਾਂ ਦਾ ਵੀ ਪਤਾ ਲੱਗਿਆ। ਇਸ ਕਰ ਕੇ ਇਸ ਨੇ ਸੋਚ ਲਿਆ ਕਿ ਜੇ ਕਦੀ ਮੈਂ ਐਸ ਵੇਲੇ ਪਟਿਆਲ਼ੇ ਜਾਵਾਂ ਤਾਂ ਮੇਰਾ ਕਤਲ ਕਰ ਦੇਣਗੇ ਜਾਂ ਕੈਦ ਵਿੱਚ ਸੜਨਾ ਪਵੇਗਾ। ਇਸ ਕਰ ਕੇ ਇਸ ਨੇ ਸ਼ਾਹਆਬਾਦ ਵਾਲੇ ਸਰਦਾਰ ਕਰਮ ਸਿੰਘ ਕੋਲੇ ਪਨਾਹ ਲਈ। ਇਸ ਰਈਸ ਨੇ ਪਟਿਆਲ਼ੇ ਦੇ ਰਾਜੇ ਨਾਲ ਇਸ ਦਾ ਸਲੂਕ ਕਰਾਉਣ ਦੇ ਬੜੇ ਇਕਰਾਰ ਕੀਤੇ ਤੇ ਮਹਾਰਾਜਾ ਸਾਹਿਬ ਨੂੰ ਸੁਨੇਹੇ ਵੀ ਭੇਜੇ। ਦੀਵਾਨ ਨਾਨੂ ਮੱਲ ਨੇ ਕੁਝ ਫ਼ੌਜ ਇਕੱਠੀ ਕਰ ਕੇ ਅਖਨੂਰ 'ਤੇ ਹੱਲਾ ਕਰਨ ਦੀ ਸਲਾਹ ਕੀਤੀ। ਸਰਦਾਰ ਕਰਮ ਸਿੰਘ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਕਿ ਉਹ ਤਾਂ ਸਲੂਕ ਕਰਾਉਣਾ ਚਾਹੁੰਦਾ ਹੈ, ਪਰ ਇਹ ਲੜਾਈ ਦੇ ਮਨਸੂਬੇ ਬਣਾ ਰਿਹਾ ਹੈ, ਤਾਂ ਉਸ ਨੇ ਨਾਨੂ ਮੱਲ ਦੀ ਇਸ ਦੋ-ਪਾਸੀ ਚਾਲ ਤੋਂ ਰੋਕਿਆ ਤਾਂ ਨਾਨੂ ਮੱਲ ਇੱਥੋਂ ਭੱਜ ਕੇ ਕੈਥਲ ਚਲਾ ਗਿਆ।

ਇੱਧਰ ਮਥਰਾ ਪੁੱਜ ਕੇ ਰਾਣੀ ਰਾਜਿੰਦਰ ਕੌਰ ਨੇ ਸੇਧਯਾ ਨਾਲ ਨਜ਼ਰਾਨੇ ਦਾ ਫ਼ੈਸਲਾ ਕਰ ਲਿਆ ਤੇ ਦੇਵੀ ਦਿੱਤਾ, ਜੋ ਨਾਨੂ ਮੱਲ ਦਾ ਪੁੱਤਰ ਸੀ, ਉਸ ਨੂੰ ਨਜ਼ਰਾਨੇ ਦੀ ਰਕਮ ਭੇਜਣ ਦੇ ਇਕਰਾਰ ਵਿੱਚ ਮਰਹੱਟਿਆਂ ਪਾਸ ਛੱਡ ਆਈ ਤੇ ਪਟਿਆਲ਼ੇ ਪਹੁੰਚ ਗਈ, ਜਿੱਥੇ 1791 ਈ. ਨੂੰ ਬਿਮਾਰ ਹੋ ਕੇ ਅਕਾਲ ਚਲਾਣਾ ਕਰ ਗਈ।

ਰਾਣੀ ਰਾਜਿੰਦਰ ਕੌਰ ਬਹੁਤ ਹੀ ਬਹਾਦਰ ਤੇ ਦਲੇਰ, ਅਕਲਮੰਦ, ਦਿ੍ੜ੍ਹ ਇਰਾਦੇ ਵਾਲੀ ਔਰਤ ਸੀ। ਮਾਲੀ ਤੇ ਮੁਲਕ ਪ੍ਰਬੰਧ ਕਰਨ ਵਿੱਚ ਬਹੁਤ ਮਾਹਰ ਸੀ। ਇੱਕ ਤਕੜੀ ਰਿਆਸਤ ਦਾ ਪ੍ਰਬੰਧ ਹਜ਼ਾਰਾਂ ਮਰਦਾਂ ਨਾਲੋਂ ਵਧੀਆ ਕਰ ਲੈਂਦੀ ਸੀ। ਦਿ੍ੜ੍ਹਤਾ, ਦੂਰਦਰਸ਼ਤਾ, ਦਾਨਾਈ ਤੇ ਦਲੇਰੀ ਆਦਿਕ ਜਿਨ੍ਹਾਂ ਗੁਣਾਂ ਦੇ ਹੋਣ ਤੇ ਕੇਵਲ ਮਰਦਾਂ ਨੂੰ ਹੀ ਹੰਕਾਰ ਹੁੰਦਾ ਹੈ, ਇਸ ਸੁਭਾਗ ਭਰੀ ਔਰਤ ਵਿੱਚ ਇਹ ਸਾਰੇ ਗੁਣ ਸਨ। ਇਹ ਇਸੇ ਦੇ ਜ਼ਾਤੀ ਗੁਣਾਂ ਦਾ ਫਲ਼ ਸੀ। ਪਟਿਆਲ਼ਾ ਰਿਆਸਤ ਜਿਉਂ ਦੀ ਤਿਉਂ ਰਹੀ। ਨਹੀਂ ਤਾਂ ਰਾਜਾ ਅਮਰ ਸਿੰਘ ਤੋਂ ਬਾਅਦ ਜੋ ਖ਼ਤਰਨਾਕ ਹਾਲਤ ਇਸ ਰਿਆਸਤ ਦੀ ਬਣੀ ਸੀ, ਇਸ ਰਿਆਸਤ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ ਰਾਜਿੰਦਰ ਕੌਰ ਨੇ। ਇਸ ਔਰਤ ਦੀ ਬਹਾਦਰੀ ਔਰਤ ਜਾਤ ਲਈ ਮਾਣ ਵਾਲੀ ਗੱਲ ਹੈ, ਕੌਮ ਲਈ ਇੱਜ਼ਤ ਤੇ ਮੁਲਕ ਦੀ ਪਤ ਦਾ ਕਾਰਨ ਹੋਈ, ਜਿਸ ਨੇ ਹਰ ਮੁਸ਼ਕਲ ਜੰਗਾਂ ਵਿੱਚ ਆਪਣੇ ਘੋੜੇ 'ਤੇ ਸਵਾਰ ਹੋ ਕੇ ਰਣ ਜਿੱਤੇ, ਹੱਥ 'ਤੇ ਸਿਰ ਰੱਖ ਕੇ ਪਟਿਆਲ਼ੇ ਦਰਬਾਰ ਲਈ ਫਿਰਦੀ ਰਹੀ। ਓਸ ਪਟਿਆਲ਼ਾ ਰਾਜ ਵੱਲੋਂ ਇਸ ਨਾਲ ਓਨਾ ਵਧੀਆ ਸਲੂਕ ਨਾ ਹੋਇਆ, ਜਿੰਨਾ ਕਿ ਹੋਣਾ ਚਾਹੀਦਾ ਸੀ। ਇਸ ਤੋਂ ਪਿੱਛੋਂ ਰਾਣੀ ਸਾਹਿਬ ਕੌਰ ਤੇ ਆਸ ਕੌਰ ਵੀ ਪਟਿਆਲ਼ਾ ਦਰਬਾਰ ਵਿੱਚ ਅਜਿਹੀਆਂ ਹੀ ਔਰਤਾਂ ਹੋਈਆਂ, ਜਿਨ੍ਹਾਂ ਨੇ ਕਿ ਬਹਾਦਰੀ ਤੇ ਸਿਆਣਪ ਦੇ ਨਾਲ ਰਾਜ ਪ੍ਰਬੰਧ ਕੀਤਾ।

ਦੀਵਾਨ ਨਾਨੂ ਮੱਲ ਨੇ ਜਦ ਇਹ ਵੇਖਿਆ ਕਿ ਰਾਜਿੰਦਰ ਕੌਰ ਚਲਾਣਾ ਕਰ ਗਈ ਹੈ, ਤਦ ਉਸ ਨੇ ਫਿਰ ਇੱਕ ਵੇਰ ਪਟਿਆਲ਼ੇ ਜਾਣ ਦਾ ਯਤਨ ਕੀਤਾ। ਜਦ ਕਾਮਯਾਬ ਨਾ ਹੋਇਆ, ਤਦ ਮਲੇਰਕੋਟਲਾ ਦੇ ਨਵਾਬ ਨੂੰ ਇਹ ਕਹਿ ਕੇ ਕਿ ਤੇਰਾ ਅਮਕਾ 2 ਪਿੰਡ ਪਟਿਆਲ਼ੇ ਵਾਲਿਆਂ ਦਬਾ ਰੱਖਿਆ ਹੈ, ਫ਼ੌਜ ਲੈ ਕੇ ਚੜ੍ਹਾਈ ਕਰ ਦਿੱਤੀ, ਕਿੰਤੂ ਮਲੇਰਕੋਟਲਾ ਦੀ ਹਰ ਵਾਰ ਦੀ ਨਾਕਾਮਯਾਬੀ ਨੇ ਦੀਵਾਨ ਨਾਨੂ ਮੱਲ ਨੂੰ ਵੀ 1792 ਈ. ਵਿੱਚ ਇਸ ਦੁਨੀਆ ਤੋਂ ਨਾਕਾਮਯਾਬ ਵਾਪਸ ਕਰ ਦਿੱਤਾ।

ਦੀਵਾਨ ਨਾਨੂ ਮੱਲ ਦੇ ਚਲਾਣੇ ਦੇ ਮਗਰੋਂ ਰਿਆਸਤ ਪਟਿਆਲ਼ੇ ਵਿੱਚ ਮੀਰ ਅਲਾਹੀ ਬਖ਼ਸ਼ ਨੇ ਮਹਾਰਾਜ ਸਾਹਿਬ ਸਿੰਘ ਨੂੰ ਆਪਣੇ ਹੱਥਾਂ 'ਤੇ ਪਾ ਲਿਆ। ਇਹ ਸਮਾਣਾ ਦਾ ਰਹਿਣ ਵਾਲਾ ਸੀ। ਇਹ ਜਿਵੇਂ ਚਾਹੁੰਦਾ, ਮਹਾਰਾਜਾ ਪਾਸੋਂ ਕਰਾਂਦਾ ਸੀ। ਇਸ ਦੀਆਂ ਆਦਤਾਂ ਤੋਂ ਤੰਗ ਆ ਕੇ ਸਰਦਾਰ ਦਿਆਲ ਸਿੰਘ ਅਰੋੜਾ ਤੇ ਸੁੱਖਾ ਸਿੰਘ ਢਿੱਲੋਂ ਨੇ ਅਲਾਹੀ ਬਖ਼ਸ਼ ਨੂੰ ਦਰਬਾਰ ਵਿੱਚ ਕਤਲ ਕਰ ਦਿੱਤਾ। ਇਸ ਤੋਂ ਪਿੱਛੋਂ 1850 ਬਿਕ੍ਰਮੀ ਵਿੱਚ ਸਰਦਾਰ ਅਲਵੇਲ ਸਿੰਘ ਰਿਆਸਤ ਦੇ ਵਜ਼ੀਰ ਬਣੇ ਤੇ ਰਾਮ ਦਿਆਲ ਮੁਨਸ਼ੀਗਰੀ ਦੇ ਅਹੁਦੇ 'ਤੇ ਦੀਵਾਨ ਨਿਯਤ ਹੋਇਆ, ਪਰੰਤੂ ਮਹਾਰਾਜ ਸਾਹਿਬ ਸਿੰਘ ਨੂੰ ਇਸ ਗੱਲ ਦਾ ਹਰ ਵੇਲੇ ਸ਼ੱਕ ਰਹਿੰਦਾ ਸੀ ਕਿ ਕਿਤੇ ਇਹ ਮੇਰੇ ਨਾਲ ਧੋਖਾ ਕਰ ਕੇ ਮੇਰੇ ਲੜਕੇ ਨੂੰ ਗੱਦੀ 'ਤੇ ਬਿਠਾ ਕੇ ਮੈਨੂੰ ਤਖ਼ਤੋਂ ਨਾ ਉਠਾ ਦੇਣ।

ਮਹਾਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਬੀਬੀ ਸਾਹਿਬ ਕੌਰ ਨੂੰ, ਜੋ ਬੀਬੀ ਰਾਜਿੰਦਰ ਕੌਰ ਵਾਂਗ ਬੜੀ ਬਹਾਦਰ ਤੇ ਅਕਲਮੰਦ ਸੀ, ਫ਼ਤਿਹਗੜ੍ਹ (ਉਸ ਦੇ ਸਹੁਰੇ ਪਿੰਡ) ਤੋਂ ਪਟਿਆਲ਼ੇ ਸੱਦ ਕੇ ਰਿਆਸਤ ਦਾ ਸਾਰਾ ਪ੍ਰਬੰਧ ਉਸ ਦੇ ਹਵਾਲੇ ਕਰ ਦਿੱਤਾ। ਸਾਹਿਬ ਕੌਰ ਨੇ ਪਟਿਆਲ਼ੇ ਪਹੁੰਚਦਿਆਂ ਹੀ ਰਿਆਸਤ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ। ਸਰਦਾਰਾ ਤਾਰਾ ਸਿੰਘ ਨੇ ਆਪਣੀ ਸਹਾਇਤਾ ਨਾਲ ਨਾਨੂ ਮੱਲ ਦੇ ਭਤੀਜੇ ਦੀਵਾਨ ਸਿੰਘ ਨੂੰ ਦੀਵਾਨ ਦੇ ਅਹੁਦੇ 'ਤੇ ਨਿਯਤ ਕਰ ਦਿੱਤਾ, ਪਰੰਤੂ ਜਦ ਇਸ ਪਾਸੋਂ ਇਹ ਕੰਮ ਚੰਗੀ ਤਰ੍ਹਾਂ ਨਾ ਚੱਲਿਆ ਤਾਂ ਮਹਾਰਾਜਾ ਸਾਹਿਬ ਸਿੰਘ ਨੇ ਰਾਮ ਦਿਆਲ ਸਾਹਿਬ ਦੇ ਨਿੱਕੇ ਭਰਾ ਗੁਰਦਿਆਲ ਸਾਹਿਬ ਨੂੰ ਦੀਵਾਨੀ ਦਾ ਕੰਮ ਸੌਂਪ ਦਿੱਤਾ।

ਉਹਨਾਂ ਦਿਨਾਂ ਵਿੱਚ ਘਨੀਆਬਾਦਾਂ ਦੇ ਜ਼ਿਮੀਦਾਰਾਂ ਨੇ ਸ੍. ਚੂਹੜ ਸਿੰਘ ਭਦੌੜੀਆਂ ਤੇ ਉਸ ਦੇ ਭਰਾ ਦਲ ਸਿੰਘ ਨੂੰ ਆਪਣੇ ਪਿੰਡ ਧੋਖੇ ਨਾਲ ਸੱਦਿਆ ਤੇ ਇੱਕ ਬੁਰਜ 'ਤੇ ਲੈ ਜਾ ਕੇ ਚਾਰੇ ਪਾਸੀਂ ਲੱਕੜਾਂ ਰੱਖ ਕੇ ਅੱਗ ਲਾ ਕੇ ਸਾੜ ਸੁੱਟਿਆ। ਇਹ ਖ਼ਬਰ ਸੁਣ ਕੇ ਮਹਾਰਾਜਾ ਪਟਿਆਲ਼ਾ ਨੇ ਤਿੰਨ ਹਜ਼ਾਰ ਸਵਾਰ ਲੈ ਕੇ ਬਰਨਾਲੇ ਤੋਂ ਕੂਚ ਕੀਤਾ ਤੇ 1849 ਫੱਗਣ ਵਿੱਚ ਉੱਥੇ ਪੁੱਜ ਕੇ 100 ਆਦਮੀ, ਜਿਨ੍ਹਾਂ ਦੀ ਇਹ ਸ਼ਰਾਰਤ ਸੀ, ਸਾਰੇ ਕਤਲ ਕਰ ਦਿੱਤੇ। ਫੇਰ ਪਿੰਡ ਘਨੀਆਬਾਦ ਨੂੰ ਅੱਗ ਲਾ ਦਿੱਤੀ। ਫਿਰ ਉੱਥੋਂ ਮਹਾਰਾਜੇ ਨੇ ਭਦੌੜ ਪੁੱਜ ਕੇ ਚੂਹੜ ਸਿੰਘ ਦੇ ਪੁੱਤਰ ਦੀਪ ਸਿੰਘ

ਤੇ ਬੀਰ ਸਿੰਘ ਨੂੰ ਸਿਰੋਪਾ ਦੇ ਕੇ ਉਹਨਾਂ ਦੇ ਪਿਤਾ ਦੀ ਜਗ੍ਹਾ 'ਤੇ ਬਿਠਾ ਦਿੱਤਾ ਤੇ ਸਰਦਾਰ ਅਲਬੇਲ ਸਿੰਘ ਨੂੰ ਕੁਝ ਫ਼ੌਜ ਦੇ ਕੇ ਇਲਾਕਾ ਬੋਹੀਆ ਵਿੱਚ, ਜਿੱਥੋਂ ਦੇ ਜ਼ਿਮੀਦਾਰ ਕੁਝ ਬਾਗ਼ੀ ਹੋ ਗਏ ਸਨ, ਭੇਜਿਆ ਤੇ ਆਪ ਮਹਾਰਾਜ ਸਾਹਿਬ ਸੋਢੀ ਕਰਮ ਸਿੰਘ ਮਾਛੀਵਾੜੇ ਵਾਲੇ ਤੇ ਸਰਦਾਰ ਚੜ੍ਹਤ ਸਿੰਘ ਆਦਿਕਾਂ ਨੂੰ ਅਧੀਨ ਬਣਾ ਕੇ ਵਾਪਸ ਪਟਿਆਲ਼ੇ ਚਲਾ ਗਿਆ। ਉੱਧਰ ਸਰਦਾਰ ਅਲਬੇਲ ਸਿੰਘ ਵੀ ਤਿੰਨ ਮਹੀਨੇ ਲੜਾਈਆਂ ਕਰ ਕੇ ਬੋਹੀਆਂ ਦੇ ਇਲਾਕੇ ਸੋਧ ਤਿੰਨ ਸਾਲ ਦਾ ਮਾਮਲਾ ਵਸੂਲ ਕਰ ਕੇ ਚਲਾ ਆਇਆ।

ਇਸ ਸਮੇਂ ਖ਼ਬਰ ਆਈ ਕਿ ਸਰਦਾਰ ਜੈਮਲ ਸਿੰਘ ਘਨੀਆ ਨੂੰ ਉਸ ਦੇ ਚਾਚੇ ਦੇ ਲੜਕੇ ਫ਼ਤਿਹ ਸਿੰਘ ਨੇ ਕੈਦ ਕਰ ਲਿਆ ਹੈ ਇਹ ਗੱਲ ਸੁਣਦੇ ਹੀ ਬੀਬੀ ਸਾਹਿਬ ਕੌਰ ਨੇ ਆਪਣੇ ਪਤੀ ਨੂੰ ਛੁਡਾਣ ਵਾਸਤੇ ਇੱਕ ਤਕੜੀ ਫ਼ੌਜ ਲੈ ਕੇ ਸਰਦਾਰ ਜੋਧ ਸਿੰਘ ਸਮੇਤ ਉਸ ਪਾਸੇ ਚੜ੍ਹਾਈ ਕਰ ਦਿੱਤੀ ਤੇ ਥੋੜ੍ਹੇ ਹੀ ਦਿਨਾਂ ਦੇ ਜੰਗ ਨਾਲ ਫ਼ਤਿਹ ਪਾ ਕੇ ਓਧਰ ਦਾ ਸਾਰਾ ਪ੍ਰਬੰਧ ਕਰ ਕੇ ਆਪਣੇ ਪਤੀ ਨੂੰ ਛੁਡਾ ਲਿਆ ਤੇ ਵਾਪਸ ਪਟਿਆਲ਼ੇ ਆ ਗਈ।

ਸੰਨ 1794 ਈ. ਨੂੰ ਲਛਮੀ ਰਾਓ ਤੇ ਵਾਂਟਾ ਰਾਓ ਮਹਰੱਟਿਆਂ ਨੇ ਫਿਰ ਇਸ ਮੁਲਕ 'ਤੇ ਚੜ੍ਹਾਈ ਕਰ ਦਿੱਤੀ ਤੇ ਸਾਰੇ ਨਿੱਕੇ-ਨਿੱਕੇ ਰਈਸਾਂ ਨੇ ਉਹਨਾਂ ਦੀ ਅਧੀਨਤਾ ਸਵੀਕਾਰ ਕਰ ਲਈ, ਐਥੋਂ ਤਕ ਕਿ ਜੀਂਦ ਤੇ ਕੈਥਲ ਆਦਿਕ ਰਿਆਸਤਾਂ, ਜੋ ਵੱਡੀਆਂ ਰਿਆਸਤਾਂ ਗਿਣੀਆਂ ਜਾਂਦੀਆਂ ਸਨ, ਦੇ ਵਜ਼ੀਰਾਂ ਨੇ ਵੀ ਆਪਣੀ ਖ਼ੈਰਖਾਹੀ ਦੇ ਸੁਨੇਹੇ ਭੇਜ ਦਿੱਤੇ, ਪਰੰਤੂ ਬੀਬੀ ਸਾਹਿਬ ਕੌਰ ਨੇ, ਜੋ ਬਹਾਦਰੀ, ਦਲੇਰੀ ਤੇ ਸਿਆਣਪ ਵਿੱਚ ਆਪਣੇ ਜੇਹੀ ਆਪ ਹੀ ਸੀ, ਸਰਦਾਰ ਬੈਹਗਾ ਸਿੰਘ ਥਾਨੇਸਰ, ਜੋਧ ਸਿੰਘ ਕਲਸੀਆ, ਦੀਪ ਸਿੰਘ, ਬੀਰ ਸਿੰਘ ਭਦੌੜੀਆ ਤੇ ਤਾਰਾ ਸਿੰਘ ਗੈਬਾ ਆਦਿਕ ਸਰਦਾਰਾਂ ਨੂੰ ਨਾਲ ਲੈ ਕੇ ਮਰਹੱਟਿਆਂ ਦੇ ਮੁਕਾਬਲੇ ਦਾ ਕੂਚ ਕੀਤਾ। ਅੰਬਾਲੇ ਤੋਂ ਕੁਝ ਮੀਲਾਂ ਦੀ ਵਿੱਥ 'ਤੇ ਮਰਦਾਨਪੁਰੇ ਦੋਨੋਂ ਫ਼ੌਜਾਂ ਆਹਮੋ-ਸਾਹਮਣੇ ਹੋ ਗਈਆਂ। ਲੜਾਈ ਸ਼ੁਰੂ ਹੋ ਗਈ। ਮਰਹੱਟਿਆਂ ਦੀ ਫ਼ੌਜ ਕਵਾਇਦ ਜਾਣਦੀ ਸੀ ਤੇ ਸਾਹਿਬ ਕੌਰ ਦੀ ਫ਼ੌਜ ਨਾਲੋਂ ਗਿਣਤੀ ਵਿੱਚ ਜ਼ਿਆਦਾ ਸੀ। ਇਸ ਕਰ ਕੇ ਸੰਭਵ ਸੀ ਕਿ ਪਟਿਆਲ਼ੇ ਦੀ ਫ਼ੌਜ ਹਾਰ ਜਾਏ, ਪਰੰਤੂ ਇਸ ਸਮੇਂ ਬਹਾਦਰ ਸੈਨਾਪਤੀ ਸਾਹਿਬ ਕੌਰ ਨੇ ਰੱਥ ਵਿੱਚੋਂ ਨਿਕਲ ਕੇ ਮਰਦਾਨਾ ਕੱਪੜੇ ਪਾ ਕੇ ਫ਼ੌਜ ਨੂੰ ਲਲਕਾਰ ਕੇ ਕਿਹਾ ਕਿ ਐ ਬਹਾਦਰੋ! ਮਰਦਾਂ ਦਾ ਕੰਮ ਪਿੱਛੇ ਹਟਣਾ ਨਹੀਂ। ਕੀ ਤੁਹਾਡੀ ਬਹਾਦਰੀ ਤੇ ਜਵਾਂ ਮਰਦੀ ਇਸ ਗੱਲ ਦੀ ਆਗਿਆ ਦੇਵੇਗੀ ਕਿ ਤੁਹਾਡੇ ਮਹਾਰਾਜੇ ਦੀ ਭੈਣ ਵੈਰੀਆਂ ਦੇ ਹੱਥ ਵਿੱਚ ਆ ਜਾਏ ਤੇ ਤੁਸੀਂ ਆਪਣੀਆਂ ਜਾਨਾਂ ਬਚਾ ਕੇ ਖ਼ੁਸ਼ੀ-ਖ਼ੁਸ਼ੀ ਆਪਣੇ ਘਰੀਂ ਚਲੇ ਜਾਓ ? ਜੇ ਤੁਹਾਡੀ ਇਹ ਹੀ ਮਨਸ਼ਾ ਹੈ, ਤਦ ਸੁਖ! ਚਲੇ ਜਾਓ, ਮੇਰੇ ਕੁਝ ਵੱਸ ਨਹੀਂ, ਪਰੰਤੂ ਜਦ ਤਕ ਮੇਰੀ ਜਾਨ ਵਿੱਚ ਜਾਨ ਹੈ, ਪਿੱਛੇ ਕਦਮ ਨਹੀਂ

ਰੱਖਾਂਗੀ, ਲੜ ਕੇ ਇਸੇ ਮੈਦਾਨ ਵਿੱਚ ਰਹਿ ਜਾਵਾਂਗੀ। ਬਹਾਦਰੋ! ਕੀ ਤੁਹਾਡੇ ਵਿੱਚ ਮੈਂ ਔਰਤ ਜਿੰਨਾ ਵੀ ਹੌਸਲਾ ਨਹੀਂ ਹੈ? ਠਹਿਰੋ-ਠਹਿਰੋ! ਗੁਰੂ ਗੋਬਿੰਦ ਸਿੰਘ ਸਾਹਿਬ ਤੁਹਾਡੀ ਸਹਾਇਤਾ ਕਿਵੇਂ ਕਰਨਗੇ? ਹੌਸਲਾ ਨਾ ਛੱਡੋ, ਮਰਦ ਬਣੋ! ਲੜਾਈ ਦੇ ਮੈਦਾਨ ਵਿੱਚ ਸਿਰ ਦੇਣਾ ਤੁਸਾਂ ਦਾ ਕੰਮ ਹੈ, ਨਾ ਕਿ ਔਰਤ ਦਾ।

ਸਾਹਿਬ ਕੌਰ ਦੀ ਇਸ ਬਹਾਦਰੀ ਤੇ ਜਵਾਂ ਮਰਦੀ ਦੇ ਵਾਕਾਂ ਨੇ ਉਹਦੀ ਫ਼ੌਜ ਦਾ ਹੌਸਲਾ ਹੋਰ ਵੀ ਵਧਾ ਦਿੱਤਾ, ਉਹਨਾਂ ਦੇ ਉੱਖੜੇ ਹੋਏ ਪੈਰ ਫਿਰ ਜੰਮ ਗਏ। ਸਾਰਾ ਦਿਨ ਬਰਾਬਰ ਜਾਨਾਂ ਤੋੜ-ਤੋੜ ਕੇ ਲੜਦੇ ਰਹੇ। ਅੰਤ ਨੂੰ ਜਦ ਰਾਤ ਹੋ ਗਈ ਤੇ ਦੋਨਾਂ ਪਾਸਿਆਂ ਤੋਂ ਲਸ਼ਕਰ ਲੜਾਈ ਵਿੱਚ ਉਤਰੇ, ਤਦ ਸਿੱਖ ਰਈਸਾਂ ਨੇ ਮਿਲ ਕੇ ਸਾਹਿਬ ਕੌਰ ਨੂੰ ਕਿਹਾ ਕਿ ਹੁਣ ਸਮਾਂ ਬਹੁਤ ਚੰਗਾ ਹੈ, ਤੁਸੀਂ ਪਟਿਆਲ਼ੇ ਵਾਪਸ ਚਲੇ ਜਾਉ, ਕਿਉਂਕਿ ਸਾਡੀ ਫ਼ੌਜ ਬਹੁਤ ਮਾਰੀ ਜਾ ਚੁੱਕੀ ਹੈ ਤੇ ਕੱਲ੍ਹ ਸਾਡੀ ਸੈਨਾ ਨੂੰ ਜ਼ਰੂਰ ਭਾਜੜ ਪੈ ਜਾਵੇਗੀ, ਪਰੰਤੂ ਬੀਬੀ ਸਾਹਿਬ ਕੌਰ ਨੇ ਪਟਿਆਲ਼ੇ ਵਾਪਸ ਜਾਣ ਤੋਂ ਇਨਕਾਰ ਹੀ ਨਹੀਂ ਕੀਤਾ, ਸਗੋਂ ਉਹਨਾਂ ਦੇ ਸਾਹਮਣੇ ਇਹ ਤਜਵੀਜ਼ ਪੇਸ਼ ਕੀਤੀ ਕਿ ਹਿੰਮਤ ਨਾ ਹਾਰੋ। ਹੁਣ ਰਾਤ ਦਾ ਵੇਲਾ ਹੈ। ਐਸ ਵੇਲੇ ਮਰਹੱਟਿਆਂ ਦੀ ਫ਼ੌਜ ਦਿਨ ਭਰ ਦੀ ਥੱਕੀ ਹੋਈ ਸੁੱਤੀ ਪਈ ਹੋਵੇਗੀ। ਰਾਤ ਨੂੰ ਹੀ ਉਹਨਾਂ 'ਤੇ ਛਾਪਾ ਮਾਰੋ, ਜ਼ਰੂਰ ਫ਼ਤਿਹ ਹੋਵੇਗੀ। ਇਸ ਗੱਲ ਨੂੰ ਸਾਰੇ ਸਰਦਾਰਾਂ ਤੇ ਫ਼ੌਜ ਨੇ ਮੰਨ ਲਿਆ। ਬੀਬੀ ਸਾਹਿਬ ਕੌਰ ਨੇ ਆਪਣੀ ਫ਼ੌਜ ਨਾਲ ਰਾਤ ਨੂੰ ਚੁੱਪ-ਚਾਪ ਮਰਹੱਟਿਆਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਸਿੱਖਾਂ ਦੀ ਫ਼ੌਜ ਕਾਮਯਾਬ ਹੋਈ। ਮਰਹੱਟਿਆਂ ਦਾ ਹੱਦੋਂ ਵਧਕੇ ਨੁਕਸਾਨ ਹੋਇਆ। ਮਰਹੱਟੇ ਭੱਜ ਕੇ ਕਰਨਾਲ ਵਾਲੇ ਪਾਸੇ ਚਲੇ ਗਏ ਤੇ ਬੀਬੀ ਸਾਹਿਬ ਕੌਰ ਫ਼ਤਿਹ ਦਾ ਡੰਕਾ ਵਜਾਂਦੀ ਹੋਈ ਖ਼ੁਸ਼ੀ-ਖ਼ੁਸ਼ੀ ਪਟਿਆਲ਼ੇ ਵਾਪਸ ਚਲੀ ਆਈ।

ਸੰਮਤ 1851 ਬਿ. (ਸੰਨ 1794 ਈ.) ਨੂੰ ਸਾਹਿਬ ਸਿੰਘ ਬੇਦੀ ਊਨਾ ਵਾਲਿਆਂ ਨੇ ਮਲੇਰਕੋਟਲੇ ਵਾਲਿਆਂ 'ਤੇ ਗਊ ਹੱਤਯਾ ਕਰਨ ਦਾ ਅਪਰਾਧ ਲਾ ਕੇ ਚੜ੍ਹਾਈ ਕਰ ਦਿੱਤੀ ਤੇ ਇਸ ਨੂੰ ਮਜ਼ਹਬੀ ਜੰਗ ਦੱਸ ਕੇ ਪਿੰਡਾਂ ਦੇ ਹੋਰ ਬਹੁਤ ਸਾਰੇ ਸਿੰਘ ਸਰਦਾਰ ਨਾਲ ਮਿਲਾ ਲਏ। ਅਤਾਉਲਾ ਖ਼ਾਂ ਨੇ ਵੀ ਆਪਣੇ ਚਾਰ ਭਤੀਜਿਆਂ ਵਜ਼ੀਰ ਖਾਂ, ਫਤਹ ਖ਼ਾਂ ਤੇ ਦਲੇਰ ਖ਼ਾਂ ਹਿੰਮਤ ਨੂੰ ਨਾਲ ਲੈ ਕੇ ਮੁਕਾਬਲਾ ਕੀਤਾ, ਪਰੰਤੂ ਭਾਜ ਖਾ ਕੇ ਨੱਸ ਗਿਆ। ਬੇਦੀ ਸਾਹਿਬ ਸਿੰਘ ਨੇ ਪਿੱਛਾ ਕਰ ਕੇ ਕੋਟਲੇ ਨੂੰ ਜਾ ਘੇਰਿਆ। ਅਤਾਉਲਾ ਖ਼ਾਂ ਨੇ ਰਾਜਾ ਸਾਹਿਬ ਸਿੰਘ ਪਟਿਆਲ਼ੇ ਵਾਲੇ ਤੋਂ ਸਹਾਇਤਾ ਮੰਗੀ, ਜੋ ਮਿਲ ਗਈ, ਪਰੰਤੂ ਬੇਦੀ ਸਾਹਿਬ ਸਿੰਘ ਸਿੱਖਾਂ ਵਿੱਚ ਬੜੀ ਕਰਨੀ ਵਾਲਾ ਸਮਝਿਆ ਜਾਂਦਾ ਸੀ, ਇਸ ਕਰ ਕੇ ਸਿਪਾਹੀ ਉਸ ਨਾਲ ਲੜਨਾ ਨਹੀਂ ਸਨ ਚਾਹੁੰਦੇ। ਅੰਤ ਨੂੰ ਮਾਮਲਾ ਇਸ ਤਰ੍ਹਾਂ ਹੀ ਨਿਪਟਿਆ ਕਿ ਰਾਜਾ ਸਾਹਿਬ ਸਿੰਘ ਨੇ ਬੇਦੀ ਸਾਹਿਬ ਸਿੰਘ ਨੂੰ ਕੁਝ ਰਕਮ ਮਲੇਰਕੋਟਲੇ ਵਾਲੇ ਪਾਸੋਂ ਦਿਵਾ ਕੇ ਵਾਪਸ ਕਰ ਦਿੱਤਾ।

ਇਹਨਾਂ ਹੀ ਦਿਨਾਂ ਵਿੱਚ ਨਾਹਨ ਦੇ ਰਾਜਾ ਪ੍ਰਕਾਸ਼ ਰਾਓ ਨੇ ਬੀਬੀ ਸਾਹਿਬ ਕੌਰ ਪਾਸ ਦਰਖਾਸਤ ਕੀਤੀ, ਜਿਸ ਤੋਂ ਬੀਬੀ ਸਾਹਿਬ ਕੌਰ ਆਪਣੀ ਫ਼ੌਜ ਲੈ ਕੇ ਸਰਦਾਰ ਚੈਨ ਸਿੰਘ ਸਮੇਤ ਮੋਜੀ ਰਾਮ, ਪਹਾੜ ਸਿੰਘ ਦੀ ਸੋਧ ਵਾਸਤੇ ਚਲੀ ਗਈ, ਜਿਨ੍ਹਾਂ ਨੇ ਕਿ ਨਾਹਨ ਦੀ ਰਿਆਸਤ ਵਿੱਚ ਉਤਪਾਦ ਕਰ ਰੱਖਿਆ ਸੀ। ਰਾਜਾ ਨਾਹਨ ਨੂੰ ਮਦਦ ਦੇ ਕੇ ਉਸ ਦਾ ਰਾਜ ਪ੍ਰਬੰਧ ਬਿਲਕੁਲ ਠੀਕ-ਠਾਕ ਕਰ ਦਿੱਤਾ ਤੇ ਚਾਰ ਮਹੀਨੇ ਮਗਰੋਂ ਬਹੁਤ ਸਾਰੇ ਤੋਹਫੇ ਤੇ ਨਜ਼ਰਾਨੇ ਤੇ ਇੱਕ ਹਥਣੀ ਲੈ ਕੇ ਪਟਿਆਲ਼ੇ ਵਾਪਸ ਆਈ। ਫਿਰ 1797 ਈ. ਨੂੰ ਸਾਹਿਬ ਸਿੰਘ ਬੇਦੀ ਨੇ ਬਹੁਤ ਸਾਰੇ ਸਿੱਖ ਸਰਦਾਰਾਂ ਨੂੰ ਲੈ ਕੇ ਰਾਏਕੋਟ ਵਾਲੇ ਰਈਸ 'ਤੇ ਵੀ ਗਊ ਹੱਤਿਆ ਦਾ ਇਲਜ਼ਾਮ ਲਾ ਕੇ ਚੜ੍ਹਾਈ ਕਰ ਦਿੱਤੀ। ਓਥੋਂ ਦਾ ਰਈਸ ਰਾਏ ਅਲਿਯਾਸ, ਜੋ ਉਦੋਂ 15 ਸਾਲ ਦਾ ਸੀ, ਭਾਂਜ ਖਾ ਕੇ ਨੱਸ ਗਿਆ। ਉਸ ਦਾ ਵਜ਼ੀਰ ਰੋਸ਼ਨ ਖ਼ਾਂ ਜੋਧਾਂ ਦੇ ਮੁਕਾਮ 'ਤੇ ਬੜੀ ਹਿੰਮਤ ਨਾਲ ਲੜਦਾ ਹੋਇਆ ਗੋਲ਼ੀ ਨਾਲ ਮਾਰਿਆ ਗਿਆ। ਬੇਦੀ ਸਾਹਿਬ ਸਿੰਘ ਨੇ ਕਸਬਾ ਰਾਏਕੋਟ ਤੇ ਜਗਰਾਉਂ ਦੇ ਇਲਾਕੇ ਤੇ ਕੁਝ ਹੋਰ ਪਿੰਡਾਂ 'ਤੇ ਕਬਜ਼ਾ ਕਰ ਲਿਆ। ਰਾਏ ਅਲਿਯਾਸ ਨੇ ਗਵਾਂਢੀ ਰਿਆਸਤਾਂ ਤੋਂ ਮਦਦ ਮੰਗੀ। ਸੋ, ਪਟਿਆਲ਼ੇ ਤੇ ਜੀਂਦ ਵਾਲਿਆਂ ਭਾਈ ਲਾਲ ਸਿੰਘ ਕੈਥਲ ਵਾਲੇ ਤੇ ਜੋਧ ਸਿੰਘ ਕਲਸੀਏ ਵਾਲੇ ਨੂੰ ਆਪਣੀ ਫ਼ੌਜ ਸਮੇਤ ਲੁਧਿਆਣੇ ਵੱਲ ਭੇਜ ਦਿੱਤਾ, ਜਿਨ੍ਹਾਂ ਨੇ ਬੇਦੀ ਸਾਹਿਬ ਸਿੰਘ ਪਾਸੋਂ ਰਾਏ ਅਲਿਯਾਸ ਨੂੰ ਸਾਰੇ ਪਿੰਡ ਵਾਪਸ ਦਿਵਾ ਦਿੱਤੇ।

ਪਟਿਆਲ਼ੇ ਦੇ ਰਾਜਾ ਨੇ ਰਾਏਕੋਟ ਦੇ ਰਈਸ ਨੂੰ ਜੋ ਐਸ ਵੇਲੇ ਸਹਾਇਤਾ ਦਿੱਤੀ, ਉਹ ਸਿਆਣਪ ਦੇ ਉਲਟ ਨਹੀਂ ਸੀ। ਰਾਜਾ ਪਟਿਆਲ਼ਾ ਨੇ ਕਿਲ੍ਹਾ ਬੱਦੋਵਾਲ ਜੋ ਲੁਧਿਆਣੇ ਤੋਂ ਦੱਖਣ ਵੱਲ ਥੋੜ੍ਹੀ ਦੂਰ ਹੈ ਹੋਰ ਤਿੰਨ ਕਿਲ੍ਹਿਆਂ ਸਮੇਤ ਮਦਦ ਦੇ ਬਦਲੇ ਵਿੱਚ ਆਪਣੇ ਕਬਜ਼ੇ ਵਿੱਚ ਕਰ ਲਏ ਤੇ ਕਿਲ੍ਹਾ ਦਾਖੀਆਂ ਭਾਈ ਲਾਲ ਸਿੰਘ ਨੂੰ ਦੇ ਦਿੱਤਾ। ਜਿਸ ਵੇਲੇ ਉਪਰੋਕਤ ਪਿੰਡ ਸਾਹਿਬ ਸਿੰਘ ਦੇ ਕਬਜ਼ੇ ਵਿੱਚੋਂ ਨਿਕਲ ਗਏ, ਤਦ ਉਸ ਨੇ ਹੋਰ ਦੂਜੇ ਇਲਾਕਿਆਂ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਸ਼ੇਰ ਖ਼ਾਂ ਤਸੀਲਦਾਰ ਨੇ ਰਾਇ ਅਲਿਯਾਸ ਦੇ ਜ਼ੁਲਮ ਤੋਂ ਤੰਗ ਆ ਕੇ ਪਿੰਡ ਮਨਸੂਰ ਦੇ ਜ਼ਿਮੀਂਦਾਰਾਂ ਨਾਲ ਮਿਲ ਕੇ ਸਾਹਿਬ ਸਿੰਘ ਬੇਦੀ ਨੂੰ ਆਪ ਹੀ ਸੱਦ ਲਿਆ। ਹੌਲ਼ੀ-ਹੌਲ਼ੀ ਕਿਲ੍ਹਾ ਨੋਬਲ ਵੀ ਉਹਦੇ ਕਬਜ਼ੇ ਵਿੱਚ ਆ ਗਿਆ ਤੇ ਦੋਰਾਹੀ ਦੇ ਮੁਕਾਮ ਤੇ ਉਸ ਨੇ ਆਪਣਾ ਵੱਖਰਾ ਕਿਲ੍ਹਾ ਬਣਾਇਆ।

ਇਕ ਦਿਨ ਬੇਦੀ ਸਾਹਿਬ ਸਿੰਘ ਨੇ ਖ਼ਾਸ ਲੁਧਿਆਣੇ ਉੱਤੇ ਰਾਤ ਨੂੰ ਛਾਪਾ ਮਾਰਿਆ ਤੇ ਉੱਥੋਂ ਦੇ ਕਿਲ੍ਹੇ ਦਾ ਜੋ ਉਸ ਵੇਲੇ ਹਸਨ ਖ਼ਾਂ ਪ੍ਰਬੰਧਕ ਸੀ, ਉਸ ਨੂੰ ਘੇਰ ਲਿਆ ਤੇ ਉਸੇ ਜਗ੍ਹਾ 'ਤੇ ਜਿੱਥੇ ਕਿ ਸੁਥਰੇ ਦੀ ਧਰਮਸ਼ਾਲਾ ਬਣੀ ਹੋਈ ਸੀ, ਇੱਕ ਕੱਚੀ ਗੜ੍ਹੀ ਬਣਾ ਕੇ ਆਪਣੇ ਘੇਰੇ ਨੂੰ ਬੜੀ ਪਕਿਆਈ ਨਾਲ ਕੀਤੀ ਰੱਖਿਆ। ਕਈ ਕਹਿੰਦੇ ਹਨ ਕਿ ਸਾਹਿਬ ਸਿੰਘ ਬੇਦੀ ਨੂੰ ਲੁਧਿਆਣੇ ਦੇ ਹਿੰਦੂਆਂ ਤੇ ਸਿੱਖਾਂ ਨੇ ਮਿਲ ਕੇ ਬੁਲਾਇਆ ਸੀ।

ਜਾਰਜ ਟਾਮਸਨ ਹਾਂਸੀ, ਹਿਸਾਰ ਦੇ ਇਲਾਕੇ 'ਤੇ ਹੁਕਮਰਾਨ ਸੀ ਤੇ ਇਸ ਦੀ ਤਾਕਤ ਵੀ ਬਹੁਤ ਸਾਰੀ ਵਧੀ ਹੋਈ ਸੀ। ਰਾਏ ਅਲਿਯਾਸ ਨੇ ਬੇਦੀ ਸਾਹਿਬ ਸਿੰਘ ਪਾਸੋਂ ਬਿਨਾਂ ਇਸ ਦੀ ਮਦਦ ਦੇ ਹੋਰ ਕੋਈ ਛੁਟਕਾਰੇ ਦੀ ਸੂਰਤ ਨਾ ਵੇਖੀ। ਟਾਮਸਨ ਸਾਹਿਬ ਹਰ ਵੇਲੇ ਇਸੇ ਗੱਲ ਦੀ ਭਾਲ ਵਿੱਚ ਰਹਿੰਦਾ ਸੀ।

(ਜਾਰਜ ਟਾਮਸਨ, ਜਿਸ ਨੂੰ ਰਾਏਕੋਟ ਦੇ ਰਈਸ ਨੇ ਆਪਣੀ ਸਹਾਇਤਾ ਲਈ ਸੱਦਿਆ, ਇੱਕ ਬੜਾ ਹੁਸ਼ਿਆਰ ਤੇ ਬਹਾਦਰ ਅੰਗਰੇਜ਼ ਸੀ। 1781 ਨੂੰ ਇਹ ਹਿੰਦ ਵਿੱਚ ਆਇਆ ਤੇ ਮੁਲਕ 'ਤੇ ਕਾਬੂ ਪਾਣ ਦੀ ਭਾਲ ਵਿੱਚ ਐਧਰ ਉਧਰ ਫਿਰਦਾ ਰਿਹਾ। ਫੇਰ ਜੇਬਉਲਨਸਾ ਬੇਗਮ, ਜਿਸ ਨੂੰ ਸਿਮਰੂ ਬੇਗਮ ਵੀ ਕਹਿੰਦੇ ਹਨ, ਪਾਸ ਨੌਕਰ ਹੋ ਗਿਆ। 1792 ਈ. ਨੂੰ ਕੋਈ ਦੂਸ਼ਣ ਲੱਗਣ 'ਤੇ ਉਸ ਦਾ ਦਰਜਾ ਘਟ ਗਿਆ ਤੇ ਨਰਾਜ਼ ਹੋ ਕੇ ਬੇਗਮ ਦੀ ਨੌਕਰੀ ਛੱਡ ਦਿੱਤੀ ਤੇ ਆਪ ਖੇਡੀ ਮਰਹੱਟੇ ਪਾਸ, ਜੋ ਨਾਰਨੌਲ ਤੇ ਝੱਜਰ ਆਦਿਕ ਦੇ ਇਲਾਕੇ ਦਾ ਹਾਕਮ ਸੀ, ਨੌਕਰ ਹੋ ਗਿਆ। ਟਾਮਸਨ ਸਾਹਿਬ ਨੇ ਅੰਗਰੇਜ਼ੀ ਕਵਾਇਦ ਮਰਹੱਟਾ ਫ਼ੌਜ ਨੂੰ ਸਿਖਾਈ। ਇਸ ਬਦਲੇ ਉਹਨੂੰ ਝੱਜਰ ਦੇ ਇਲਾਕੇ ਦੀ ਜਾਗੀਰ ਮਿਲੀ ਤੇ ਇੱਥੇ ਇਸ ਨੇ ਇੱਕ ਕਿਲ੍ਹਾ ਬਣਾ ਕੇ ਉਹਦਾ ਨਾਮ ਆਪਣੇ ਨਾਮ 'ਤੇ ਜਾਰਜਗੜ੍ਹ ਰੱਖਿਆ, ਜਿਸ ਨੂੰ ਜਾਰਜਗੜ੍ਹ ਦੇ ਨਾਮ 'ਤੇ ਪੁਕਾਰਦੇ ਹਨ। ਖਾਡੇਰਾਓ ਦੇ ਮਰਨ ਮਗਰੋਂ ਜਦੋਂ ਉਹਦਾ ਭਤੀਜਾ ਬਾਬੂ ਰਾਓ ਮਰਹੱਟਾ ਗੱਦੀ ਪੁਰ ਬੈਠਾ, ਉਦੋਂ ਟਾਮਸਨ ਸੁਤੰਤਰ ਹੋ ਗਿਆ। ਤਦ ਉਹਨੇ ਹਾਂਸੀ, ਹਿਸਾਰ 'ਤੇ ਕਬਜ਼ਾ ਕਰ ਕੇ ਹਾਂਸੀ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਦੇ ਪਾਸ ਅੱਠ ਪਲਟਣਾਂ, 7 ਹਜ਼ਾਰ ਸਵਾਰ ਤੇ 50 ਤੋਪਾਂ ਸਨ। 1854 ਨੂੰ ਇਸ ਨੇ ਕਈ ਵੇਰ ਸਿੱਖਾਂ ਪਾਸ ਸੁਨੇਹੇ ਭੇਜੇ ਕਿ ਤੁਸੀਂ ਮੇਰੇ ਨਾਲ ਮਿਲ ਜਾਉ, ਮੈਂ ਦਿੱਲੀ 'ਤੇ ਤੁਹਾਡਾ ਕਬਜ਼ਾ ਕਰਵਾ ਦਿਆਂਗਾ, ਕਿਉਂਕਿ ਤੁਹਾਡੇ ਪਿੱਛੇ ਸਾਰੇ ਸਿੱਖ ਸਰਦਾਰ ਹਨ, ਸੰਭਾਲ ਲਉਗੇ, ਮੇਰਾ ਮਦਦਗਾਰ ਕੋਈ ਨਹੀਂ। ਫੂਲ ਦੇ ਰਈਸਾਂ ਨੂੰ ਇਸ ਦੇ ਕਹੇ 'ਤੇ ਭਰੋਸਾ ਨਹੀਂ ਸੀ। ਮਰਹੱਟਿਆਂ ਦੇ ਸਿਪਾਹ ਸਲਾਰ ਪੈਰਲ ਸਾਹਿਬ ਦੀ ਮਦਦ ਲੈ ਕੇ ਜਾਰਜ ਟਾਮਸਨ ਸਾਹਿਬ ਨੂੰ, ਜੋ ਫ਼ਰਾਂਸ ਤੋਂ ਆਇਆ ਸੀ, ਉਸੇ ਤਰ੍ਹਾਂ ਤਬਾਹ ਕਰ ਕੇ 1858 ਸੰਨ 1801 ਈ. ਵਿੱਚ ਹਾਂਸੀ, ਹਿਸਾਰ ਤੋਂ ਕੱਢ ਦਿੱਤਾ। ਉਹ ਉੱਥੋਂ ਅੰਗਰੇਜ਼ੀ ਇਲਾਕੇ ਆਗਰੇ ਚਲਾ ਗਿਆ ਤੇ ਉੱਥੇ ਹੀ ਮਰ ਗਿਆ। ਉਸ ਦੀ ਮੇਮ ਤੇ ਬਾਲ-ਬੱਚੇ ਅਸਬਾਬ ਲੈ ਕੇ ਇੰਗਲੈਂਡ ਚਲੇ ਗਏ। ਉਸ ਦੇ ਬਾਕੀ ਮੁਲਕ 'ਤੇ ਪੈਰਲ ਸਾਹਿਬ ਨੇ ਕਬਜ਼ਾ ਕਰ ਲਿਆ।)

ਟਾਮਸਨ ਸਾਹਿਬ ਸਤਲੁਜ ਦੇ ਇਸ ਪਾਸੇ ਦੀ ਨੌਕਰੀ ਦੀ ਭਾਲ ਵਿੱਚ ਸੀ। ਇਹ ਬਹੁਤ ਖ਼ੁਸ਼ ਹੋਇਆ ਤੇ ਝੱਟ ਆਪਣੀ ਫ਼ੌਜ ਲੈ ਕੇ ਲੁਧਿਆਣੇ ਵੱਲ ਕੂਚ ਕਰ ਦਿੱਤਾ। ਬੇਦੀ ਸਾਹਿਬ ਇਸ ਦੀ ਅਗਵਾਈ ਸੁਣ ਕੇ ਚਲੇ ਗਏ ਤੇ ਆਪਣਾ ਘੇਰਾ ਚੁੱਕ ਲਿਆ। ਬਾਕੀ ਰਈਸਾਂ ਨੇ ਰਾਏ ਅਲਿਯਾਸ ਨਾਲ ਮਿਲ ਕੇ ਕੁਝ ਰਕਮ ਟਾਮਸਨ ਸਾਹਿਬ ਨੂੰ ਦੇ ਕੇ ਆਪਣਾ ਮੁਲਕ ਲੁੱਟ ਤੋਂ ਬਚਾਣ ਲਈ ਵਾਪਸ ਕਰ ਦਿੱਤਾ।

ਟਾਮਸਨ ਸਾਹਿਬ ਨੇ ਸਿੱਖ ਰਈਸਾਂ ਨੂੰ ਦਬਾਣ ਦੇ ਇੰਜ ਕਮਰਕੱਸੇ ਕੀਤੇ ਕਿ 1798 ਈ. ਨੂੰ ਜੀਂਦ 'ਤੇ ਹੱਲਾ ਕਰ ਦਿੱਤਾ। ਇਹ ਗੱਲ ਸੁਣਦਿਆਂ ਹੀ ਫੂਲਕੀਆ ਸਟੇਟ ਨੇ ਆਪਣੀ ਆਰਮੀ ਜੀਂਦ ਵਾਲੇ ਦੀ ਮਦਦ ਲਈ ਭੇਜੀ। ਭਾਈ ਲਾਲ ਸਿੰਘ, ਜਸਵੰਤ ਸਿੰਘ, ਬੀਬੀ ਸਾਹਿਬ ਕੌਰ ਤੀਹ ਹਜ਼ਾਰ ਜਵਾਨ ਲੈ ਕੇ ਜੀਂਦ ਦੀ ਸਹਾਇਤਾ ਲਈ ਅੱਪੜ ਗਏ। 15 ਦਿਨ ਦੋਹਾਂ ਪਾਸਿਆਂ ਤੋਂ ਲੜਾਈ ਹੁੰਦੀ ਰਹੀ। ਸਾਹਿਬ ਕੌਰ ਤੋਂ ਜੀਂਦ ਦੀ ਫ਼ੌਜ ਨੂੰ ਕਈ ਵਾਰ ਭਾਂਜ ਹੋਈ ਸੀ। ਸਾਹਿਬ ਕੌਰ ਦੇ ਪੁੱਜਣ 'ਤੇ ਟਾਮਸਨ ਨੂੰ ਭਾਰੀ ਸ਼ਿਕਸਤ ਹੋਈ ਤੇ ਉਸ ਨੇ ਆਪਣੀ ਫ਼ੌਜ ਨੂੰ ਪਿੱਛੇ ਹਟਾ ਲਿਆ, ਪਰੰਤੂ ਉਸ ਦਾ ਪਿੱਛੇ ਹਟਣਾ ਵੀ ਮੋਰਚੇ ਵਾਂਗ ਐਵੇਂ ਨਹੀਂ ਸੀ। ਜਦ ਸਿੱਖਾਂ ਦੀ ਫ਼ੌਜ ਨਾਰਨੌਲ ਤਕ ਉਸ ਦਾ ਪਿੱਛਾ ਕਰਦੀ ਅੱਪੜ ਗਈ ਤਾਂ ਟਾਮਸਨ ਨੇ 10 ਕੋਹ ਤੋਂ ਅੱਗੇ ਵਧ ਕੇ ਸਿੱਖਾਂ 'ਤੇ ਧਾਵਾ ਕਰ ਦਿੱਤਾ। ਸਿੱਖ, ਜੋ ਫ਼ਤਿਹ ਦੀ ਖ਼ੁਸ਼ੀ ਵਿੱਚ ਮਸਤ ਸਨ, 400 ਤੋਂ ਵੱਧ ਮਾਰੇ ਗਏ, ਹੋਰ ਬਹੁਤ ਨੁਕਸਾਨ ਹੋਇਆ।

ਸਿੱਖ ਸਰਦਾਰ ਆਪਣੀ ਫੁੱਟ ਤੋਂ ਨੁਕਸਾਨ ਉਠਾਉਂਦੇ ਰਹੇ। ਇਹ ਨੁਕਸਾਨ ਤੇ ਭਾਂਜ ਰਾਜਾ ਨਾਭਾ ਦੀ ਕ੍ਰਿਪਾ ਨਾਲ ਹੋਈ, ਕਿਉਂਕਿ ਇੱਕ ਵੇਰ ਪਟਿਆਲ਼ਾ ਰਾਜ ਦੇ ਕਿਸੇ ਕਰਮਚਾਰੀ ਨੇ ਕੇਵਲ ਇੰਨਾ ਹੀ ਕਿਹਾ ਸੀ ਕਿ ਨਾਭਾ ਦੇ ਸਿਪਾਹੀ ਪਟਿਆਲ਼ੇ ਦੇ ਸਿਪਾਹੀਆਂ ਦੇ ਤੇ ਚਮਾਰਾਂ ਜਿੰਨੀ ਹੈਸੀਅਤ ਵੀ ਨਹੀਂ ਰੱਖਦੇ। ਇਹ ਗੱਲ ਸੁਣਦੇ ਹੀ ਰਾਜਾ ਜਸਵੰਤ ਸਾਹਿਬ ਗ਼ੁੱਸੇ ਨਾਲ ਲਾਲ ਹੋ ਗਏ। ਇਹ ਗੱਲ ਇੰਨੀ ਦਿਲ ਵਿੱਚ ਰੱਖ ਕੇ ਟਾਮਸਨ ਸਾਹਿਬ ਨੂੰ ਮਜਬੂਰ ਕੀਤਾ ਕਿ ਪਟਿਆਲ਼ੇ 'ਤੇ ਹਮਲਾ ਕਰਨ ਜਿਸ ਦਾ ਫਲ਼ ਇਹ ਹੋਇਆ ਕਿ ਜੀਂਦ ਨੂੰ ਨੁਕਸਾਨ ਹੋਇਆ। ਨਾਭੇ ਦਾ ਇੱਕ ਵੀ ਆਦਮੀ ਨਾ ਮੋਇਆ ਤੇ ਨਾ ਹੀ ਲੁੱਟਿਆ ਗਿਆ। ਇਸ ਗੱਲ ਤੋਂ ਇਹ ਸਪਸ਼ਟ ਹੋਇਆ ਕਿ ਇਹ ਛਾਪਾ ਰਾਜਾ ਨਾਭਾ ਦੀ ਪ੍ਰੇਰਨਾ ਨਾਲ ਮਾਰਿਆ ਗਿਆ ਹੈ। ਇਸ ਫੁੱਟ ਦੇ ਕਾਰਨ ਫੂਲ ਦੇ ਰਈਸਾਂ ਨੇ ਟਾਮਸਨ ਨਾਲ ਸੁਲ੍ਹਾ ਕਰ ਲਈ ਤੇ ਇਕਰਾਰਨਾਮੇ ਆਪਸ ਵਿੱਚ ਲਿਖੇ ਗਏ।

ਸੰਮਤ 1856 ਬਿ. ਵਿੱਚ (1799 ਈ.) ਬਾਹਰ ਦੇ ਝਗੜੇ ਤਾਂ ਇਸ ਤਰ੍ਹਾਂ ਮੁੱਕ ਗਏ, ਪਰੰਤੂ ਘਰ ਦੀ ਫੋਟਕ ਦੀ ਇੱਕ ਨਵੀਂ ਘਟਨਾ ਹੋ ਗਈ। ਰਾਜਾ ਸਾਹਿਬ ਸਿੰਘ ਦੇ ਕੁਝ ਕਰਮਚਾਰੀ ਬੜੇ ਭੈੜੇ ਆਚਰਨ ਦੇ ਧਾਰਨੀ ਸਨ। ਬੀਬੀ ਸਾਹਿਬ ਕੌਰ ਦੀ ਹੋਂਦ ਉਹਨਾਂ ਦੇ ਵਾਸਤੇ ਮੌਤ ਦਾ ਹੁਕਮ ਰੱਖਦੀ ਸੀ, ਇਸ ਕਰ ਕੇ ਉਹਨਾਂ ਨੇ ਰਾਜਾ ਸਾਹਿਬ ਸਿੰਘ ਨੂੰ ਬੀਬੀ ਸਾਹਿਬ ਕੌਰ ਦੇ ਵੱਲੋਂ ਕਈ ਤਰ੍ਹਾਂ ਦੇ ਡਰ ਪਾਣੇ ਸ਼ੁਰੂ ਕਰ ਦਿੱਤੇ। ਇਸ ਝਗੜੇ ਤੇ ਹੋਰ ਕਾਰਨਾਂ ਦੇ ਨਾਲ ਇੱਕ ਕਾਰਨ ਇਹ ਵੀ ਸੀ ਕਿ ਰਾਜਾ ਸਾਹਿਬ ਦੀ ਰਾਣੀ ਆਸ ਕੌਰ, ਜਿਸ ਦੀ ਕੁੱਖੋਂ ਕਰਮ ਸਿੰਘ, ਜੋ ਪਟਿਆਲ਼ੇ ਦਾ 1854 ਤੋਂ ਵਲੀ ਐਹਦ ਹੋਇਆ ਸੀ, ਚਾਹੁੰਦੀ ਸੀ ਕਿ ਜੋ ਅਖ਼ਤਯਾਰ ਬੀਬੀ ਸਾਹਿਬ ਕੌਰ ਨੂੰ ਮਿਲੇ ਹੋਏ ਹਨ, ਮੈਨੂੰ ਪ੍ਰਾਪਤ ਹੋਣ। ਇਹ ਰਾਣੀ ਰਾਜਾ ਸਾਹਿਬ ਸਿੰਘ ਨਾਲੋਂ

ਵਧੀਕ ਹੁਸ਼ਿਆਰ, ਅਕਲਮੰਦ ਤੇ ਹੌਸਲੇ ਵਾਲੀ ਸੀ। ਸੋ, ਇਹਨਾਂ ਸਾਰੀਆਂ ਖਿੱਚਾਂ ਖਿੱਚੀਆਂ ਦਾ ਸਿੱਟਾ ਇਹ ਨਿਕਲਿਆ ਕਿ ਰਾਜਾ ਸਾਹਿਬ ਸਿੰਘ ਆਪਣੀ ਭੈਣ ਬੀਬੀ ਸਾਹਿਬ ਕੌਰ ਦੀਆਂ ਅਦੁੱਤੀ ਖ਼ਿਦਮਤਾਂ ਨੂੰ ਭੁੱਲ ਕੇ ਉਹਦੇ ਵਿਰੁੱਧ ਹੋ ਗਿਆ ਤੇ ਬੀਬੀ ਸਾਹਿਬ ਕੌਰ 'ਤੇ ਇਹ ਦੂਸ਼ਣ ਲਾਏ ਕਿ

1. ਰਾਜਾ ਨਾਹਨ ਨੇ ਜੋ ਹਥਣੀ ਦਿੱਤੀ ਹੈ, ਉਹ ਬੀਬੀ ਸਾਹਿਬ ਕੌਰ ਨੇ ਆਪਣੇ ਪਾਸ ਰੱਖ ਲਈ ਹੈ।
2. ਆਪਣੀ ਜਾਗੀਰ ਵਿੱਚ ਇਹਨਾਂ ਨੇ ਇੱਕ ਕਿਲ੍ਹਾ 1854 ਵਿੱਚ ਆਪਣੇ ਭਰਾ ਤੋਂ ਪੁੱਛੇ ਬਿਨਾਂ ਬਣਵਾ ਲਿਆ।
3. ਪਿੰਡ ਭੇਰੀਆਂ ਦਾ ਨਾਮ ਬਦਲ ਕੇ ਉਭੇਵਾਲ ਰੱਖ ਦਿੱਤਾ ਹੈ।

ਜਦ ਬੀਬੀ ਸਾਹਿਬ ਕੌਰ ਨੇ ਵੇਖਿਆ ਕਿ ਜਿਸ ਆਪਣੇ ਭਰਾ ਦੀ ਬਾਬਤ ਇੰਨੀ ਸਖ਼ਤ ਕੁਰਬਾਨੀ ਕੀਤੀ ਤੇ ਮੁਸੀਬਤਾਂ ਉਠਾਈਆਂ ਹਨ, ਉਹ ਉਸ ਦੇ ਵਿਰੁੱਧ ਹੋ ਗਿਆ ਹੈ ਤੇ ਆਪਣੇ ਕਰਮਚਾਰੀਆਂ ਦੀਆਂ ਝੂਠੀਆਂ ਚੁੱਕਾਂ ਵਿੱਚ ਆ ਕੇ ਉਸ ਨੇ ਆਪਣੇ ਹਿੱਤੂਆਂ ਦੀ ਪਛਾਣ ਨਹੀਂ ਕੀਤੀ, ਇਸ ਕਰ ਕੇ ਬੀਬੀ ਜੀ ਆਪਣੀ ਜਾਗੀਰ ਕਿਲ੍ਹੇ ਭੇਰੀਆਂ ਵਿੱਚ ਚਲੇ ਗਏ।

ਰਾਜਾ ਸਾਹਿਬ ਨੂੰ ਉਸ ਦੇ ਕਰਮਚਾਰੀਆਂ ਨੇ ਹੋਰ ਵੀ ਭੜਕਾਇਆ, ਜਿਸ ਤੋਂ ਉਸ ਨੇ ਅਕਲਹੀਣ ਕਰਮਚਾਰੀਆਂ ਦੇ ਹੱਥ ਚੜ੍ਹ ਕੇ ਹੁਕਮ ਦਿੱਤਾ ਕਿ ਬੀਬੀ ਸਾਹਿਬ ਕੌਰ ਕਿਲ੍ਹਾ ਭੇਰੀਆਂ ਛੱਡ ਕੇ ਆਪਣੇ ਸਹੁਰੇ ਫ਼ਤਿਹਗੜ੍ਹ ਚਲੀ ਜਾਵੇ। ਬੀਬੀ ਸਾਹਿਬ ਕੌਰ ਅਜੇ ਇਸ ਸੰਦੇਸ਼ 'ਤੇ ਵਿਚਾਰ ਕਰ ਰਹੀ ਸੀ ਕਿ ਇਧਰੋਂ ਲੋਕਾਂ ਦੀ ਚੁੱਕ ਵਿੱਚ ਆ ਕੇ ਰਾਜਾ ਸਾਹਿਬ ਸਿੰਘ ਨੇ ਤੋਪਖ਼ਾਨੇ ਤੇ ਫ਼ੌਜਾਂ ਲਿਜਾ ਕੇ ਕਿਲ੍ਹਾ ਭੇਰੀਆਂ 'ਤੇ ਲੜਾਈ ਛੇੜ ਦਿੱਤੀ।

ਇਸ ਤਰ੍ਹਾਂ ਜਦੋਂ ਲੜਾਈ ਸ਼ੁਰੂ ਹੋ ਗਈ, ਤਦ ਬੀਬੀ ਸਾਹਿਬ ਕੌਰ ਨੂੰ ਹਥਿਆਰ ਚੁੱਕਣੇ ਪਏ। 12 ਵੈਸਾਖ 1856 ਨੂੰ ਤਿੰਨ ਦਿਨ ਸਖ਼ਤ ਲੜਾਈ ਹੁੰਦੀ ਰਹੀ। ਰਾਜਾ ਸਾਹਿਬ ਸਿੰਘ ਦੇ ਸਾਰੇ ਆਦਮੀ ਮਾਰੇ ਗਏ ਤੇ ਅਜੇ ਫ਼ੈਸਲਾ ਕਰਨ ਵਾਲੀ ਲੜਾਈ ਨਹੀਂ ਹੋਈ ਸੀ ਕਿ ਸਰਦਾਰ ਲਾਲ ਸਿੰਘ ਤੇ ਜੋਧ ਸਿੰਘ ਕਲਸੀਆਂ, ਜੋ ਦੋਨਾਂ ਧਿਰਾਂ ਦੇ ਸ਼ੁੱਭਚਿੰਤਕ ਸਨ, ਨੇ ਰਾਜਾ ਸਾਹਿਬ ਸਿੰਘ ਨੂੰ ਸਮਝਾਇਆ ਕਿ ਤੁਹਾਡਾ ਇਹ ਜੰਗ ਬੜਾ ਅਯੋਗ ਹੈ। ਜੇ ਕਦੀ ਤੁਸੀਂ ਇਸ ਲੜਾਈ ਨੂੰ ਜਿੱਤ ਵੀ ਗਏ, ਤਦ ਵੀ ਤੁਹਾਡੀ ਬਦਨਾਮੀ ਹੈ ਇਸੇ ਤਰ੍ਹਾਂ ਬੀਬੀ ਸਾਹਿਬ ਕੌਰ ਨੂੰ ਸਮਝਾਇਆ। ਉਹਨਾਂ ਨੂੰ ਵੀ ਭਰਾ ਦੇ ਨਾਲ ਪਟਿਆਲੇ ਜਾਣ ਵਾਸਤੇ ਰਾਜ਼ੀ ਕਰ ਲਿਆ ਤੇ ਉਹ ਆਪਣੇ ਭਰਾ ਦੇ ਨਾਲ ਟੁਰ ਪਈ, ਕਿੰਤੂ ਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਨੂੰ ਭਵਾਨੀਗੜ੍ਹ ਲਿਆ ਕੇ ਕੈਦ ਕਰ ਲਿਆ, ਜਿੱਥੋਂ ਉਹ ਆਪਣਾ ਲਿਬਾਸ ਬਦਲ ਕੇ ਨਿਕਲ ਆਈ ਤੇ ਆਪਣੇ ਕਿਲ੍ਹੇ ਭੇਰੀਆਂ ਵਿੱਚ ਜਾ ਵੜੀ। ਇਸ ਵਿੱਚ ਸ਼ੱਕ ਨਹੀਂ ਕਿ ਬੀਬੀ ਸਾਹਿਬ ਕੌਰ ਨੂੰ

ਕੋਈ ਤਕਲੀਫ਼ ਨਹੀਂ ਪਹੁੰਚਾਈ ਗਈ, ਪਰੰਤੂ ਸੰਮਤ 1856 ਬਿ. ਵਿੱਚ ਆਪਣੇ ਭਰਾ ਦੇ ਨਾਲ ਅਣ-ਬਣ ਹੋ ਜਾਣ ਦੇ ਦੁੱਖ ਵਿੱਚ ਹੀ ਅਕਾਲ ਚਲਾਣਾ ਕਰ ਗਈ।

ਬੀਬੀ ਸਾਹਿਬ ਕੌਰ ਦੇ ਗੁਜ਼ਰਦੇ ਹੀ ਟਾਮਸਨ ਸਾਹਿਬ ਨੇ ਇਕਰਾਰਨਾਮੇ ਭੁੱਲ ਕੇ ਇਸ ਮੁਲਕ 'ਤੇ ਹੱਲਾ ਕਰ ਦਿੱਤਾ। ਉਸ ਦੇ ਪਾਸ ਫ਼ੌਜ ਬਹੁਤ ਸੀ ਕਿ ਇਲਾਕਾ ਥੋੜ੍ਹਾ, ਉਹ ਆਪਣੀ ਫ਼ੌਜ ਦੀ ਤਨਖ਼ਾਹ ਇਸੇ ਤਰ੍ਹਾਂ ਆਂਢ-ਗੁਆਂਢ ਦੇ ਰਈਸਾਂ 'ਤੇ ਹੱਲੇ ਕਰ ਕੇ ਵਸੂਲ ਕਰਨਾ ਚਾਹੁੰਦਾ ਸੀ। ਪਹਿਲਾਂ ਇਲਾਕਾ ਜੀਂਦ ਤੇ ਕੈਥਲ ਲੁੱਟਿਆ, ਫਿਰ ਨਾਭਾ ਤੇ ਪਟਿਆਲ਼ੇ ਦੀ ਹੱਦ ਵਿੱਚ ਆ ਗਿਆ। ਦਿੜ੍ਹਬਾ, ਸੁਨਾਮ ਤੇ ਅਖਨੂਰ ਆਦਿਕਾਂ ਨੂੰ ਲੁੱਟਦਾ ਮੁਲਕ ਬਾੜਾ ਵਿੱਚ ਜਾ ਵੜਿਆ। ਰਾਏਕੋਟ ਦਾ ਇਲਾਕਾ, ਗੁਜਰਵਾਲ, ਰਾਜਟਾਨਾ, ਤੇਹਾ, ਆਦਿਕਾਂ ਨੂੰ ਲੁੱਟਦਾ ਲੱਖਾਂ ਰੁਪਿਆਂ ਦਾ ਮਾਲ ਲੈ ਕੇ ਆਪਣੀ ਰਿਆਸਤ ਵਿੱਚ ਚਲਾ ਗਿਆ। ਕੁਝ ਜਗ੍ਹਾ 'ਤੇ ਰਈਸਾਂ ਨੇ ਇਸ ਨੂੰ ਰੋਕਣਾ ਚਾਹਿਆ, ਪਰੰਤੂ ਕਾਮਯਾਬ ਨਾ ਹੋਏ। ਜਦ ਇਸ ਤਰ੍ਹਾਂ ਨਾਲ ਦੋ-ਤਿੰਨ ਹੱਥ ਇਸ ਨੇ ਕੀਤੇ, ਤਦ ਇਸ ਇਲਾਕੇ ਦੇ ਰਈਸ, ਰਾਜਾ ਭਾਗ ਸਿੰਘ, ਲਾਲ ਸਿੰਘ ਤੇ ਨਾਭਾ ਵੱਲੋਂ ਸਰਦਾਰ ਗਾੜਾ ਸਿੰਘ, ਪਟਿਆਲ਼ੇ ਵੱਲੋਂ ਚੈਨ ਸਿੰਘ ਤੇ ਅੱਛਰ ਸਿੰਘ ਨੇ ਇੱਕ ਹੋ ਕੇ ਟਾਮਸਨ ਦੇ ਕੱਟੜ ਵੈਰੀ ਪੈਰਨ ਸਾਹਿਬ ਨੂੰ, ਜੋ ਮਰਹੱਟਾ ਫ਼ੌਜ ਦਾ ਵੱਡਾ ਅਫ਼ਸਰ ਸੀ ਦਿੱਲੀ ਮਿਲ ਕੇ ਆਪਣੇ ਹੱਥ ਵਿੱਚ ਕਰ ਕੇ 4 ਲੱਖ ਰੁਪਿਆ ਦੇਣਾ ਕਰ ਕੇ ਲੜਨ ਲਈ ਤਿਆਰ ਕਰ ਲਿਆ, ਜੋ ਦਿੱਤਾ ਗਿਆ। 1 ਲੱਖ 35 ਹਜ਼ਾਰ ਪਟਿਆਲ਼ਾ, 60 ਹਜ਼ਾਰ ਕੈਥਲ, 30 ਹਜ਼ਾਰ ਜੀਂਦ, 38 ਹਜ਼ਾਰ ਨਾਭਾ, 80 ਹਜ਼ਾਰ ਰਾਏਕੋਟ ਤੇ 30 ਹਜ਼ਾਰ ਰਾਏਪੁਰ ਗੁੱਜਰ ਤੋਂ ਲਏ।

ਪੈਰਨ ਸਾਹਿਬ ਅੱਗੇ ਹੀ ਇਸ ਗੱਲ ਦੀ ਉਡੀਕ ਵਿੱਚ ਸੀ ਕਿ ਉਹਨੂੰ ਟਾਮਸਨ ਦੇ ਸਿੱਧੇ ਕਰਨ ਦਾ ਮੌਕਾ ਮਿਲੇ, ਕਿਉਂਕਿ ਉਹ ਦਿਨ-ਬਦਿਨ ਆਪਣੀ ਤਾਕਤ ਵਧਾ ਰਿਹਾ ਸੀ। ਪੈਰਨ ਸਾਹਿਬ ਨੂੰ ਇਹ ਗੱਲ ਉੱਕਾ ਹੀ ਨਹੀਂ ਸੁਖਾਂਦੀ ਸੀ ਕਿ ਉਹ ਇੰਜ ਵਧਦਾ ਜਾਏ। ਪੈਰਨ ਸਾਹਿਬ ਦੀ ਇੱਛਾ ਸੀ ਕਿ ਟਾਮਸਨ ਨੂੰ ਤੋੜ-ਤੋੜ ਕੇ ਹੱਥਾਂ-ਪੈਰਾਂ ਤੋਂ ਸੁੰਨ ਕਰ ਦਿੱਤਾ ਜਾਵੇ। ਇਹ ਮੌਕਾ ਉਹਦੇ ਦਿਲ ਦੇ ਅਰਮਾਨ ਕੱਢਣ ਲਈ ਬੜਾ ਹੱਛਾ ਸੀ। ਉਸ ਨੇ ਇਹਨਾਂ ਰਈਸਾਂ ਦੀ ਇਸ ਬਿਨੈ ਨੂੰ ਪ੍ਰਵਾਨ ਕਰ ਕੇ ਆਪਣੇ ਮਾਤਹਿਤ ਲੋਇਸਬੋਰ ਕੋਇਨ ਨੂੰ ਇੱਕ ਤਕੜੀ ਫ਼ੌਜ ਦੇ ਕੇ ਉਹਨਾਂ ਦੇ ਨਾਲ ਹੋ ਕੇ ਟਾਮਸਨ ਦਾ ਟਾਕਰਾ ਕਰਨ ਲਈ ਭੇਜਿਆ। ਪਟਿਆਲ਼ਾ ਫ਼ੌਜ ਕਿਸੇ ਖ਼ਾਸ ਕਾਰਨ ਕਰ ਕੇ ਇਸ ਲੜਾਈ ਵਿੱਚ ਨਾ ਪੁੱਜ ਸਕੀ, ਪਰੰਤੂ ਜੀਂਦ ਤੇ ਕੈਥਲ ਦੀ ਫ਼ੌਜ ਜਹਾਜਗੜ੍ਹ ਤਕ ਗਈ। ਉੱਥੇ ਇਹਨਾਂ ਦਾ ਟਾਮਸਨ ਨਾਲ ਟਾਕਰਾ ਹੋ ਗਿਆ। ਬੜੀ ਗਹਿਗੱਚ ਲੜਾਈ ਹੋਈ, ਪਰੰਤੂ ਫ਼ਤਿਹ ਟਾਮਸਨ ਦੀ ਹੋਈ। ਬੋਰ ਕੋਈਨ ਦੀ ਫ਼ੌਜ ਦੇ ਇੰਨੇ ਆਦਮੀ ਮਾਰੇ ਗਏ ਕਿ ਜਦ ਤਕ ਪੈਰਨ ਸਾਹਿਬ ਦੀ ਹੋਰ ਮਦਦ ਨਾ ਪੁੱਜੀ, ਉਹ ਕੁਝ ਨਾ ਕਰ ਸਕਿਆ, ਮਦਦ ਦੇ ਆਉਂਦਿਆਂ ਹੀ ਬੋਰ ਕੋਈਨ ਨੇ ਟਾਮਸਨ 'ਤੇ

ਹੱਲਾ ਕਰ ਦਿੱਤਾ। ਟਾਮਸਨ ਨੂੰ ਸ਼ਿਕਸਤ ਹੋਈ ਤੇ ਉਹ ਹਾਂਸੀ ਵੱਲ ਨੱਸ ਗਿਆ। ਬੋਰਕੋਈਨ ਨੇ ਉਸ ਨੂੰ ਉੱਥੇ ਹੀ ਜਾ ਘੇਰਿਆ। ਇੱਥੇ ਟਾਮਸਨ ਨੇ ਜੀ ਤੋੜ ਕੇ ਲੜਾਈ ਕੀਤੀ, ਕਿੰਤੂ ਜਦ ਕਿਲ੍ਹੇ ਵਿੱਚ ਰਸਦ ਆਦਿ ਮੁੱਕ ਗਈ ਤੇ ਸਪਾਹ ਵੀ ਥੋੜ੍ਹੀ ਰਹਿ ਗਈ, ਤਦ ਉਸ ਨੇ ਹਥਿਆਰ ਸੁੱਟ ਕੇ ਹਾਰ ਮੰਨ ਲਈ ਤੇ ਆਪਣਾ ਇਲਾਕਾ ਛੱਡ ਕੇ ਅੰਗਰੇਜ਼ੀ ਇਲਾਕੇ ਵਿੱਚ ਚਲਾ ਗਿਆ, ਜਿੱਥੇ ਆਪਣੀ ਇਸ ਹਾਰ ਤੋਂ ਸ਼ਰਮਿੰਦਾ ਹੋ ਕੇ ਇੱਕ ਸਾਲ ਦੇ ਅੰਦਰ-ਅੰਦਰ ਹੀ ਮਰ ਗਿਆ। ਉਸ ਦੀ ਮੇਮ ਆਪਣੇ ਮੁਲਕ ਫ਼ਰਾਂਸ ਵਿੱਚ ਚਲੀ ਗਈ।

ਟਾਮਸਨ ਸਾਹਿਬ ਦਾ ਇਲਾਕਾ 80 ਲੱਖ ਦਾ ਸੀ, ਜੋ ਸਾਰੇ ਸਮਾਨ ਸਹਿਤ ਪੈਰਨ ਸਾਹਿਬ ਨੇ ਕਬਜ਼ੇ ਵਿੱਚ ਕਰ ਲਿਆ ਤੇ ਨਰਮਾਨ ਤੇ ਖਨੂਰੀ ਆਦਿਕ ਇਲਾਕੇ, ਜੋ ਪਟਿਆਲ਼ੇ ਦੇ ਸੀ ਤੇ ਟਾਮਸਨ ਨੇ ਦਬਾ ਲਏ ਸਨ, ਪਟਿਆਲ਼ੇ ਰਾਜ ਨੂੰ ਮਿਲ ਗਏ। ਮਹਾਰਾਜਾ ਪਟਿਆਲ਼ਾ ਨੇ ਬੋਰ ਕੋਈਨ ਨੂੰ ਨਾਲ ਲੈ ਕੇ ਹਾਂਸੀ, ਸਰਸਾ, ਭਟਨੇਰ ਦੇ ਇਲਾਕਿਆਂ ਦਾ ਦੌਰਾ ਕੀਤਾ ਤੇ ਆਪਣਾ ਮਾਮਲਾ, ਜੋ ਕੁਝ ਸਾਲਾਂ ਦਾ ਰਹਿੰਦਾ ਸੀ ਵਸੂਲ ਕੀਤਾ ਤੇ ਆਕੀ ਜ਼ਿਮੀਦਾਰਾਂ ਨੂੰ ਆਪਣੇ ਕਾਬੂ ਕਰ ਲਿਆ।

**ਇਕਰਾਰਨਾਮੇ ਤੇ ਨਜ਼ਰਾਨੇ** : ਸੰਮਤ 1858 ਬਿ. ਨੂੰ ਜਨਰਲ ਪੈਰਨ ਸਾਹਿਬ ਨੇ ਇਹਨਾਂ ਰਿਆਸਤਾਂ ਵਿੱਚ ਇੱਕ ਇਕਰਾਰਨਾਮਾ ਲਿਖਿਆ। ਸਰਦਾਰ ਚੈਨ ਸਿੰਘ ਨੇ ਲੋਇਸ ਕੋਈਨ ਸਾਹਿਬ ਨੂੰ ਨਾਲ ਲੈ ਕੇ ਉਹਨਾਂ ਸਰਦਾਰਾਂ ਵੱਲ ਫੇਰਾ ਪਾਇਆ, ਜਿਨ੍ਹਾਂ ਵੱਲੋਂ ਮਾਮਲਾ ਵਸੂਲ ਨਹੀਂ ਹੋਇਆ ਸੀ। ਸਭ ਤੋਂ ਵੱਧ ਖ਼ਰਾਜ ਵਸੂਲ ਕੀਤਾ ਸਿੰਘ ਪੁਰੀਏ ਸਰਦਾਰ ਅੰਬਾਲਾ ਤੋਂ ਮਨੀਮਾਜਰਾ, ਸਿਆਲਵਾ, ਛਛਰੌਲੀ, ਜਗਾਧਰੀ, ਬੂੜੀਆਂ ਤੇ ਸ਼ਾਹਬਾਦ ਆਦਿਕ ਵਿੱਚੋਂ ਤਕੜੇ ਨਜ਼ਰਾਨੇ ਪ੍ਰਾਪਤ ਕੀਤੇ। ਅੱਧੀ ਰਕਮ ਇਸ ਵਿੱਚੋਂ ਲੋਇਸ ਸਾਹਿਬ ਨੂੰ ਚਾਰ ਲੱਖ ਵਾਲੀ ਨਿਯਤ ਰਕਮ ਵਿੱਚ ਦਿੱਤੀ ਗਈ ਤੇ ਅੱਧੀ ਉਹਦੀ ਖ਼ਿਦਮਤ ਦੇ ਬਦਲੇ ਦਿੱਤੀ ਗਈ। ਲੋਇਸ ਹਾਂਸੀ ਵੱਲ ਚਲਾ ਗਿਆ ਤੇ ਚੈਨ ਸਿੰਘ ਆਦਿਕ ਆਪਣੀ ਰਿਆਸਤ ਵਿੱਚ ਵਾਪਸ ਆ ਗਏ।

ਇਸ ਹੇਰਾ-ਫੇਰੀ ਤੇ ਬੇਕਸੀ ਨੇ ਮੁਲਕ ਤਬਾਹ ਕਰ ਦਿੱਤਾ। ਪਿੰਡਾਂ ਦੇ ਪਿੰਡ ਵੀਰਾਨ ਹੋ ਗਏ। ਲੋਇਸ ਨੂੰ ਆਪਣੇ ਪਿਛਲੇ ਦੌਰੇ ਵਿੱਚ ਜੋ ਰਕਮ ਮਿਲੀ ਸੀ, ਉਸ ਨੂੰ ਫਿਰ ਉਕਸਾਇਆ ਤੇ ਉਹ ਫ਼ੌਜ ਲੈ ਕੇ ਇਸ ਲੜਾਈ ਵਿੱਚ ਆ ਵੜਿਆ। ਕੈਥਲ, ਜੀਂਦ, ਪਟਿਆਲ਼ਾ, ਆਦਿਕ ਉਹਨੂੰ ਫਿਰ ਜਾ ਮਿਲੇ ਤੇ ਪਹਿਲਾਂ ਵਾਂਗ ਮੁਲਕ ਦਾ ਦੌਰਾ ਕਰ ਕੇ ਉਹਨੂੰ ਦਿਵਾਣ ਲੱਗੇ। ਜਦ ਮਨੀਮਾਜਰਾ ਵਿੱਚ ਪੁੱਜੇ ਤੇ ਰਾਜਾ ਨਾਰਾਇਣ ਸਿੰਘ ਤੋਂ ਨਜ਼ਰਾਨਾ ਮੰਗਿਆ ਤੇ ਉਹਦੇ ਵੱਲੋਂ ਕੁਝ ਢਿੱਲ ਹੋਈ, ਤਦ ਸੇਹਜ਼ਰ ਨੇ ਇਸ ਤੋਂ ਪਰਗਣਾ ਪੰਜਵੜ (ਪਿੰਜੌਰ) ਖੋਹ ਲਿਆ, ਪਰ ਜੋ ਚੈਨ ਸਿੰਘ ਪਟਿਆਲ਼ੇ ਨੇ ਪੈਸੇ ਦੇ ਕੇ ਖ਼ਰੀਦ ਲਿਆ। ਗੱਲ ਕੀ, ਜਿੰਨਾ ਰੁਪਿਆ ਇਸ ਦੌਰੇ ਵਿੱਚ ਮਿਲਿਆ, ਉਸ ਦਾ ਵੀ ਅੱਧੋ-ਅੱਧ ਕੀਤਾ ਗਿਆ, ਜਿਸ ਤੋਂ ਮੁਲਕ ਦੀ ਹਾਲਤ ਹੋਰ ਵੀ ਖ਼ਰਾਬ ਹੋ ਗਈ।

ਇਹਨਾਂ ਦਿਨਾਂ ਵਿੱਚ ਅੰਗਰੇਜ਼ਾਂ ਦਾ ਸਿਤਾਰਾ ਚਮਕਣ ਲੱਗਾ ਤੇ ਇਹ ਸਾਰੀਆਂ ਕੌਮਾਂ ਉਹਨਾਂ ਦੇ ਸਾਹਮਣੇ ਮੱਧਮ ਪੈ ਗਈਆਂ। 11 ਦਸੰਬਰ, 1803 ਨੂੰ ਲਾਰਡ ਲੀਕ ਨੇ ਦਿੱਲੀ ਦੇ ਪਾਸ ਮਰਹੱਟਿਆਂ ਦੀ ਜਿਹੜੀ ਫ਼ੌਜ ਬੈਰਨ ਸਾਹਿਬ ਦੀ ਕਮਾਨ ਵਿੱਚ ਲੜ ਰਹੀ ਸੀ, ਉਸ ਨੂੰ ਸਖ਼ਤ ਸ਼ਿਕਸਤ ਦਿੱਤੀ ਤੇ ਚੌਥੇ ਦਿਨ ਦਿੱਲੀ 'ਤੇ ਕਬਜ਼ਾ ਕਰ ਲਿਆ। ਫਿਰ ਮਰਹੱਟਿਆਂ ਤੇ ਅੰਗਰੇਜ਼ਾਂ ਦਾ ਬਸ਼ਟਾਰੀ ਵਿੱਚ ਭਿਆਨਕ ਯੁੱਧ ਹੋਇਆ, ਪਰੰਤੂ ਇਸ ਵਿੱਚ ਵੀ ਮਰਹੱਟਿਆਂ ਨੂੰ ਸ਼ਿਕਸਤ ਹੋਈ ਤੇ ਸੇਧੀਆਂ ਨੇ ਇੱਕ ਇਕਰਾਰਨਾਮਾ ਸੋਚੀਏ ਜਨਗਾਮ ਅਨੁਸਾਰ ਹਿਸਾਰ, ਸਿਰਸਾ, ਰੋਹਤਕ, ਗੁੜਗਾਉਂ, ਦਿੱਲੀ ਤੇ ਆਗਰਾ ਆਦਿਕ ਸ਼ਹਿਰ ਅੰਗਰੇਜ਼ਾਂ ਨੂੰ ਦੇ ਦਿੱਤੇ, ਪਰੰਤੂ ਰੋਹਤਕ, ਹਿਸਾਰ, ਸਰਸਾ ਤਿੰਨ ਜ਼ਿਲ੍ਹਿਆਂ ਵਿੱਚ ਅੰਗਰੇਜ਼ਾਂ ਦਾ ਦਾਖ਼ਲਾ ਇੱਕ ਮੁੱਦਤ ਤਕ ਨਹੀਂ ਹੋਇਆ। ਹੁਣ ਇਸ ਤਰ੍ਹਾਂ ਅੰਗਰੇਜ਼ੀ ਫ਼ੌਜਾਂ ਪਾਣੀਪਤ, ਕਰਨਾਲ ਤਕ ਪੁੱਜ ਗਈਆਂ। ਕਰਨਲ ਬਰਨਨ ਸਾਹਿਬ ਨੇ ਅੱਗੇ ਵਧਕੇ 18 ਦਸੰਬਰ, 1804 ਨੂੰ ਅਮੀਰ ਖ਼ਾਂ ਰੁਹੇਲਾ ਮੇਰਠ ਵਾਲਾ ਤੇ ਸਿੱਖਾਂ ਨੂੰ, ਜੋ ਜਸਵੰਤ ਰਾਏ ਦੀ ਪ੍ਰੇਰਨਾ ਨਾਲ ਜਮਨਾ ਦੇ ਕਿਨਾਰੇ 7-8 ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋ ਰਹੇ ਸਨ, ਭਾਰੀ ਸ਼ਿਕਸਤ ਦਿੱਤੀ। ਇਸ ਤੋਂ ਸਿੱਖਾਂ ਦੀ ਤਾਕਤ ਦਾ ਅੰਗਰੇਜ਼ਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਗਿਆ। ਤਦ ਸਰਦਾਰ ਲਾਲ ਸਿੰਘ ਤੇ ਰਾਜਾ ਭਾਗ ਸਿੰਘ ਜੋ ਬੜੇ ਸਮਝਦਾਰ ਆਦਮੀ ਸਨ, 26 ਜਨਵਰੀ, 1805 ਨੂੰ ਕਰਨਲ ਬਰਨਨ ਸਾਹਿਬ ਨੂੰ ਆ ਮਿਲੇ, ਜੋ ਇਹਨਾਂ ਨਾਲ ਬੜੀ ਚੰਗੀ ਤਰ੍ਹਾਂ ਨਾਲ ਮਿਲਯਾ ਹੋਇਆ ਸੀ। ਉਸ ਵੇਲੇ ਸਿੱਖ ਜੋ ਅੰਗਰੇਜ਼ ਦੇ ਵਿਰੁੱਧ ਸਨ, ਮੁਕਾਮ ਮੌਲਾਨ, ਜੋ ਪਾਣੀਪਤ ਦੇ ਲਾਗੇ ਹੈ, ਉੱਤਰੇ ਹੋਏ ਸਨ, ਪਰੰਤੂ ਅੰਗਰੇਜ਼ਾਂ ਦੇ ਪਹੁੰਚਦੇ ਉੱਥੋਂ ਚਲੇ ਗਏ।

ਮਾਰਚ, 1805 ਨੂੰ ਅੰਗਰੇਜ਼ਾਂ ਵੱਲੋਂ ਇਸ਼ਤਿਹਾਰ ਦਿੱਤਾ ਗਿਆ ਕਿ ਜੋ ਸਿੰਘ ਰਈਸ ਸਰਦਾਰ ਅੰਗਰੇਜ਼ਾਂ ਦੇ ਅਧੀਨ ਹੋ ਜਾਏਗਾ ਤੇ ਲੜਾਈ ਦਾ ਖ਼ਿਆਲ ਛੱਡ ਦੇਵੇਗਾ, ਉਸ ਦੇ ਨਾਲ ਸੁਲ੍ਹਾ ਰੱਖੀ ਜਾਵੇਗੀ ਤੇ ਉਸ ਦਾ ਇਲਾਕਾ ਉਸ ਨੂੰ ਦਿੱਤਾ ਜਾਵੇਗਾ। ਸੋ, ਥੋੜ੍ਹੇ ਹੀ ਦਿਨਾਂ ਪਿੱਛੋਂ ਰਾਏ ਸਿੰਘ ਜਗਾਧਰੀ ਤੇ ਕਈ ਦੂਜੇ ਰਈਸਾਂ ਨੇ ਅਧੀਨਤਾ ਸਵੀਕਾਰ ਕਰ ਲਈ, ਪਰੰਤੂ ਸਰਦਾਰ ਗੁਰਦਿੱਤਾ ਸਿੰਘ ਲਾਡੋਵਾਲਾ ਭਾਵੇਂ ਦੂਜੇ ਰਈਸਾਂ ਨਾਲੋਂ ਘੱਟ ਵਿਰੋਧੀ ਸੀ, ਉਹਦੇ ਨਾਲ ਅੰਗਰੇਜ਼ਾਂ ਨੇ ਸੁਲ੍ਹਾ ਪ੍ਰਵਾਨ ਨਾ ਕੀਤੀ ਤੇ ਅਪਰੈਲ ਵਿੱਚ ਉਸ ਤੋਂ ਕਰਨਾਲ ਦਾ ਇਲਾਕਾ ਖੋਹ ਲਿਆ ਤੇ ਇਸ ਤਰ੍ਹਾਂ ਸਰਕਾਰ ਅੰਗਰੇਜ਼ੀ ਦੀ ਸਲਤਨਤ ਦਿਨ-ਬਦਿਨ ਅੱਗੇ ਕਦਮ ਵਧਾਉਣ ਲੱਗੀ।

ਰਾਜਾ ਸਾਹਿਬ ਸਿੰਘ ਪਟਿਆਲ਼ੇ ਦੇ ਕਰਮਚਾਰੀਆਂ ਨੇ ਜਦ ਵੇਖਯਾ ਕਿ ਬੀਬੀ ਸਾਹਿਬ ਕੌਰ ਦੇ ਜਾਣ ਨਾਲ ਰਾਣੀ ਆਸ ਕੌਰ, ਜੋ ਬੜੀ ਸਮਝਦਾਰ ਔਰਤ ਸੀ, ਨੇ ਰਿਆਸਤ ਦੇ ਕੰਮ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ, ਇਨ੍ਹਾਂ ਨੇ ਰਾਜਾ ਸਾਹਿਬ ਸਿੰਘ ਦੀ ਆਪਣੀ ਰਾਣੀ ਆਸ ਕੌਰ ਨਾਲ ਖਟਪਟੀ ਕਰਵਾਉਣੀ ਸ਼ੁਰੂ ਕਰ ਦਿੱਤੀ। ਆਸ

ਕੌਰ ਬੜੀ ਸਮਝਦਾਰ ਔਰਤ ਸੀ। ਖਿੱਚਾਖਿੱਚੀ ਇੱਥੋਂ ਤੱਕ ਅੱਪੜ ਗਈ ਕਿ ਰਾਣੀ ਪਟਿਆਲ਼ੇ ਦੇ ਅੰਦਰੋਂ ਤੇ ਰਾਜਾ ਬਾਹਰੋਂ ਲੜਦੇ ਰਹੇ। ਲਾਗੇ ਦੇ ਰਈਸਾਂ ਵਿੱਚੋਂ ਕੁਝ ਰਾਣੀ ਸਾਹਿਬ ਵੱਲ ਹੋ ਗਏ ਤੇ ਕੁਝ ਰਾਜਾ ਸਾਹਿਬ ਵੱਲ ਹੋ ਗਏ। ਆਸ ਕੌਰ ਬੜੀ ਸਿਆਣੀ ਸੀ। ਉਸ ਨੇ ਸਮਝ ਲਿਆ ਕਿ ਇਸ ਲੜਾਈ ਤੋਂ ਸਿਵਾਏ ਤਬਾਹੀ ਦੇ ਹੋਰ ਕੁਝ ਨਹੀਂ ਲੱਭਣਾ ਇਸ ਲਈ ਉਸ ਨੇ ਸਰਦਾਰ ਲਾਲ ਸਿੰਘ ਤੇ ਮਹਿੰਗਾ ਸਿੰਘ ਦੇ ਰਾਹੀਂ ਰਾਜਾ ਸਾਹਿਬ ਸਿੰਘ ਨਾਲ ਸੁਲ੍ਹਾ ਕਰ ਕੇ ਪਟਿਆਲ਼ੇ ਲੈ ਆਂਦਾ।

ਇਹਨਾਂ ਹੀ ਦਿਨਾਂ ਵਿੱਚ ਜਸਵੰਤ ਰਾਓ ਹੁਲਕਰ ਅੰਗਰੇਜ਼ਾਂ ਪਾਸੋਂ ਹਾਰ ਖਾ ਕੇ ਪਟਿਆਲ਼ੇ ਆਇਆ ਤੇ ਰਾਜਾ ਸਾਹਿਬ ਸਿੰਘ ਤੋਂ ਮਦਦ ਮੰਗੀ। ਰਾਜਾ ਸਾਹਿਬ ਨੇ ਸਹਾਇਤਾ ਦੇਣੋਂ ਸਾਫ਼ ਇਨਕਾਰ ਕਰ ਦਿੱਤਾ। ਉਸ ਦੇ ਪਿੱਛੇ ਲਾਰਡ ਲੀਕ ਸਾਹਿਬ ਫ਼ੌਜ ਲੈ ਕੇ ਆ ਗਿਆ ਤੇ ਜਸਵੰਤ ਰਾਏ ਨੱਸ ਕੇ ਅੰਮ੍ਰਿਤਸਰ ਚਲਾ ਗਿਆ। ਪਿੱਛੇ-ਪਿੱਛੇ ਲਾਰਡ ਲੀਕ ਉਸ ਦੀ ਭਾਲ ਵਿੱਚ ਪਟਿਆਲ਼ੇ ਆਇਆ। ਇੱਥੋਂ ਦੇ ਰਈਸ ਨੇ ਇਸ ਦੀ ਬੜੀ ਆਉ ਭਗਤ ਕੀਤੀ। ਫਿਰ ਉਹਦੇ ਪਿੱਛੇ ਨਾਭਾ ਆਦਿਕ ਅਸਥਾਨਾਂ ਤੋਂ ਹੁੰਦੇ ਹੁੰਦੇ ਅੰਮ੍ਰਿਤਸਰ ਪੁੱਜ ਗਏ। ਇੱਥੋਂ 11 ਜੂਨ, 1806 ਨੂੰ ਅੰਗਰੇਜ਼ਾਂ ਤੇ ਹੁਲਕਰ ਦੇ ਵਿਚਕਾਰ ਇਕਰਾਰਨਾਮਾ ਲਿਖਿਆ ਗਿਆ। ਜਿਸ ਦੇ ਉਤਰੀ ਹਿੰਦ ਦਾ ਸਾਰਾ ਇਲਾਕਾ, ਜੋ ਮਰਹੱਟਿਆਂ ਦੇ ਕੋਲ ਸੀ, ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਜਸਵੰਤ ਰਾਏ ਹੁਲਕਰ ਤੇ ਅੰਗਰੇਜ਼ਾਂ ਵਿਚਕਾਰ ਸਮਝੌਤਾ ਕਰਵਾ ਦਿੱਤਾ।

**ਨਾਭੇ-ਪਟਿਆਲ਼ੇ ਦੀ ਆਪਸੀ ਰਿੜਕ** : ਰਾਜਾ ਜਸਵੰਤ ਸਿੰਘ ਨਾਭੇ ਵਾਲੇ ਨੇ 1863 ਬਿ. (ਸੰਨ 1806 ਈ.) ਨੂੰ ਦੁਲਚੀ ਪਿੰਡ ਦੀ ਹੱਦਬੰਦੀ ਦੇ ਝਗੜੇ ਤੋਂ ਤਾਰਾ ਸਿੰਘ ਨੂੰ ਕਤਲ ਕਰਾ ਦਿੱਤਾ। ਦੁਲਚੀ ਪਿੰਡ ਨਾਭਾ ਸ਼ਹਿਰ ਦੇ ਨਾਲ ਲਗਦਾ ਹੈ ਤੇ ਪਟਿਆਲ਼ੇ ਦਾ ਇਲਾਕਾ ਸੀ। ਤਾਰਾ ਸਿੰਘ ਦੇ ਮਰਨ ਤੇ ਆਸ ਕੌਰ ਨੂੰ ਬੜਾ ਗ਼ੁੱਸਾ ਆਇਆ। ਜਿਸ ਤੋਂ ਰਾਣੀ ਆਸ ਕੌਰ ਪਟਿਆਲ਼ਾ ਨੇ ਆਪਣੇ ਅਹਿਲਕਾਰ ਦੇ ਨਾਹੱਕ ਮਾਰੇ ਜਾਣ ਦੀ ਸ਼ਿਕਾਇਤ ਕਰ ਕੇ ਨਾਭੇ 'ਤੇ ਚੜ੍ਹਾਈ ਕਰ ਦਿੱਤੀ ਤੇ ਨਾਭੇ ਦੇ ਪਿੰਡ ਥੇੜੀ ਤੇ ਧਬਲਾਂ ਨੂੰ ਲੁੱਟ ਲਿਆ। ਇਸ ਆਪਸ ਦੀ ਖਿੱਚਾ-ਖਿੱਚੀ ਦਾ ਸਿੱਟਾ ਇਹ ਹੋਇਆ ਕਿ ਦਿਨ-ਬ-ਦਿਨ ਇਹਨਾਂ ਵਿੱਚ ਦਵੈਖ ਦੀ ਅੱਗ ਭੜਕਣ ਲੱਗੀ। ਕਈ ਵੇਰ ਛੋਟੀਆਂ-ਛੋਟੀਆਂ ਲੜਾਈਆਂ ਵੀ ਹੋਈਆਂ, ਪਰੰਤੂ ਇੱਕ ਦਿਨ ਨਾਭੇ ਤੋਂ ਚਾਰ ਕੋਹ ਦੀ ਵਿੱਥ 'ਤੇ ਨਠਵਾਨ ਤੇ ਭਾਦਸੋਂ ਦੇ ਵਿਚਕਾਰ ਸਖ਼ਤ ਲੜਾਈ ਹੋਈ, ਜਿਸ ਵਿੱਚ ਸਰਦਾਰ ਮਤਾਬ ਸਿੰਘ ਥਾਨੇਸਰ ਮਾਰਿਆ ਗਿਆ। ਦੋਨਾਂ ਪਾਸਿਆਂ ਦੇ ਤਿੰਨ ਸੌ ਦੇ ਕਰੀਬ ਆਦਮੀ ਮੈਦਾਨ ਵਿੱਚ ਕੰਮ ਆਏ। ਜਸਵੰਤ ਸਿੰਘ ਨੱਸ ਕੇ ਨਾਭੇ ਚਲਾ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਝਗੜੇ ਦੇ ਫ਼ੈਸਲੇ ਲਈ ਲਾਹੌਰ ਤੋਂ ਸੱਦਿਆ ਗਿਆ।

ਮਹਾਰਾਜਾ ਰਣਜੀਤ ਸਿੰਘ ਨੂੰ ਜਦ ਆਉਣ ਲਈ ਕਿਹਾ ਗਿਆ ਤਾਂ 30 ਹਜ਼ਾਰ ਫ਼ੌਜ ਲੈ ਕੇ ਇੱਧਰ ਆ ਗਏ। 17 ਕੱਤਕ 1863 ਬਿ. ਨੂੰ ਨਾਭੇ ਪੁੱਜ ਕੇ ਦੁਲਚੀ ਪਿੰਡ ਪਟਿਆਲ਼ੇ ਤੋਂ ਲੈ ਕੇ ਨਾਭੇ ਨੂੰ ਦੇ ਦਿੱਤਾ। ਕਹਿੰਦੇ ਹਨ, ਪਹਿਲਾਂ ਤਾਂ ਇਸ ਪਿੰਡ ਨੂੰ ਨਾਭੇ ਵਾਲੇ ਨੇ ਉਜਾੜ ਕੇ ਆਪਣਾ ਗ਼ੁੱਸਾ ਕੱਢਿਆ, ਫਿਰ ਮਹਾਰਾਜਾ ਰਣਜੀਤ ਸਿੰਘ ਨੂੰ ਨਾਲ ਲੈ ਕੇ ਪਿੰਡ ਮਨਸੂਰਪੁਰਾ, ਜਿੱਥੇ ਮਹਾਰਾਜਾ ਪਟਿਆਲ਼ੇ ਤੇ ਰਾਣੀ ਸਾਹਿਬ ਪਟਿਆਲ਼ਾ ਉੱਤਰੇ ਹੋਏ ਸਨ ਲੈ ਗਿਆ। ਦੋਨਾਂ ਪਾਸਿਆਂ ਤੋਂ ਲੜਾਈ ਹੋਣ ਲੱਗੀ। ਤਿੰਨ ਘੰਟੇ ਲੜਾਈ ਦਾ ਮੈਦਾਨ ਖ਼ੂਬ ਗਰਮ ਰਿਹਾ। ਰਾਣੀ ਆਸ ਕੌਰ ਨੇ ਆਪਣੇ ਗੋਲ ਅੰਦਾਜ਼ 'ਚ ਜ਼ੁਲਫ਼ਕਾਰ ਅਲੀ 'ਤੇ ਇੱਕ ਗੋਲੇ ਦਾ ਐਸਾ ਨਿਸ਼ਾਨਾ ਲਾਇਆ ਕਿ ਮਹਾਰਾਜਾ ਰਣਜੀਤ ਸਿੰਘ ਜਿਸ ਹਾਥੀ 'ਤੇ ਬੈਠ ਜੰਗ ਵੇਖ ਰਿਹਾ ਸੀ, ਉਹਦੇ ਹੌਦੇ ਦਾ ਕਲਸ ਉੱਡ ਗਿਆ। ਮਹਾਰਾਜਾ ਰਣਜੀਤ ਸਿੰਘ ਇਸ ਤਰ੍ਹਾਂ ਦੇ ਨਿਸ਼ਾਨੇਬਾਜ਼ ਤੇ ਪਟਿਆਲ਼ੇ ਦੀ ਫ਼ੌਜ ਨੂੰ ਗਿਣਤੀ ਵਿੱਚ ਵੀ ਬਹੁਤ ਵੇਖ ਕੇ ਸੋਚਾਂ ਵਿੱਚ ਪੈ ਗਏ। ਦੂਜੇ ਪਾਸੇ ਰਾਣੀ ਆਸ ਕੌਰ ਨੇ ਰਾਜਾ ਜਸਵੰਤ ਸਿੰਘ ਤੇ ਭਾਗ ਸਿੰਘ ਨੂੰ ਚਿੱਠੀ ਲਿਖੀ ਕਿ ਸਾਡਾ ਆਪਸ ਵਿੱਚ ਮਾਮੂਲੀ ਗੱਲ ਦਾ ਝਗੜਾ ਸੀ, ਸ਼ੋਕ ਹੈ ਕਿ ਤੁਸੀਂ ਇਸ ਗੱਲ ਨੂੰ ਆਪਣੇ ਘਰ ਵਿੱਚ ਨਿਪਟਣ ਦੀ ਜਗ੍ਹਾ ਆਪਣੇ ਤੋਂ ਵੱਡੀ ਤਾਕਤ ਨੂੰ ਸੱਦ ਆਂਦਾ ਹੈ। ਜਿਸ ਵਿੱਚ ਸਾਨੂੰ ਨੁਕਸਾਨ ਹੀ ਨੁਕਸਾਨ ਹੈ। ਹਾਥੀ ਦੇ ਮੂੰਹ ਵਿੱਚ ਗੰਨਾ ਦੇਣਾ ਆਸਾਨ ਹੈ, ਫੇਰ ਵਾਪਸ ਲੈਣਾ ਮੁਸ਼ਕਲ ਹੈ।

ਇਹ ਗੱਲਾਂ ਸੁਣ ਕੇ ਰਾਜਾ ਜਸਵੰਤ ਸਿੰਘ ਦੀ ਅਕਲ ਟਿਕਾਣੇ ਆ ਗਈ। ਉਸ ਨੇ ਉਸੇ ਵੇਲੇ ਰਾਜਾ ਭਾਗ ਸਿੰਘ ਤੇ ਸਰਦਾਰ ਚੈਨ ਸਿੰਘ ਨਾਲ ਗੱਲ ਕਰ ਕੇ ਸੁਲ੍ਹਾ ਦੀ ਗੱਲਬਾਤ ਕਰ ਲਈ ਤੇ ਮਹਾਰਾਜਾ ਸਾਹਿਬ ਰਣਜੀਤ ਸਿੰਘ ਦੇ ਕੈਂਪ ਵਿੱਚ ਸਾਰੇ ਇਕੱਠੇ ਹੋਏ। ਮਹਾਰਾਜਾ ਰਣਜੀਤ ਸਿੰਘ ਨੇ ਸੁਲ੍ਹਾ ਕਰਾ ਦਿੱਤੀ। ਦੁਲਚੀ ਪਿੰਡ ਫਿਰ ਪਟਿਆਲ਼ੇ ਨੂੰ ਮਿਲਿਆ। ਮਹਾਰਾਜਾ ਰਣਜੀਤ ਸਿੰਘ ਆਪਣੀ ਨਿਯਤ ਰਕਮ 50 ਹਜ਼ਾਰ ਨਾਭਾ ਤੇ ਪਟਿਆਲ਼ੇ ਪਾਸੋਂ ਲੈ ਕੇ ਵਾਪਸ ਆਉਂਦਾ ਹੋਇਆ ਰਾਏਕੋਟ ਪੁੱਜਾ। ਇੱਥੇ ਰਾਏਕੋਟ ਅਲਿਯਾਸ ਦੀ ਔਰਤ ਕਾਬਜ਼ ਸੀ। ਝਗੜਾ ਹੋ ਜਾਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਇਹਨਾਂ ਦੇ ਪਾਸ ਕੋਟ ਤਲਵੰਡੀ ਆਦਿਕ ਪੰਜ ਪਿੰਡ ਜਾਗੀਰ ਵਜੋਂ ਛੱਡ ਕੇ ਬਾਕੀ ਇਲਾਕੇ ਦੀ ਵੰਡ ਆਪਣੇ ਮਿੱਤਰਾਂ ਵਿੱਚ ਇਸ ਤਰ੍ਹਾਂ ਕਰ ਦਿੱਤੀ : ਲੁਧਿਆਣਾ, ਜੰਡਿਆਲਾ, ਕੋਟ, ਵੈਸਾ 35 ਹਜ਼ਾਰ ਸਾਲਾਨਾ ਆਮਦਨੀ ਦੇ ਪਿੰਡ ਸਰਦਾਰ ਭਾਗ ਸਿੰਘ ਨੂੰ 30 ਹਜ਼ਾਰ ਆਮਦਨੀ ਦੇ, 30 ਪਿੰਡ ਸਰਦਾਰ ਗੁਰਦਿੱਤਾ ਸਿੰਘ ਨੂੰ, ਲਾਡੋਵਾਲਾ ਰਾਏਕੋਟ, ਪੱਖੋ ਵਾਲ ਆਦਿਕ 38 ਹਜ਼ਾਰ ਆਮਦਨੀ ਦੇ 31 ਪਿੰਡ ਰਾਜਾ ਜਸਵੰਤ ਸਿੰਘ ਨਾਭਾ ਨੂੰ, ਦਾਖਾ, ਜਗਰਾਉਂ, ਲਖੂ ਤੇ ਹਠੂਰ ਦੇ ਪਰਗਣੇ 106 ਪਿੰਡ ਥਾਨੇਸਰ ਨੂੰ। ਇਸ ਤੋਂ ਛੁੱਟ 12 ਪਿੰਡ ਘੁੰਗਰਾਣੇ 9023 ਦੇ, ਜੋ ਸਰਦਾਰ ਗੁੱਜਰ ਸਿੰਘ, ਭਾਗ ਸਿੰਘ ਗੈਬਾ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਖੋਹ ਲਏ

ਸਨ, 5 ਪਿੰਡ ਸਰਦਾਰ ਗੁਰਦਿੱਤਾ ਸਿੰਘ ਲਾਡੋਵਾਲਾ ਤੇ 7 ਪਿੰਡ ਰਾਜਾ ਜਸਵੰਤ ਸਿੰਘ ਨਾਭੇ ਵਾਲੇ ਨੂੰ ਹੋਰ ਮਿਲੇ।

ਕੁਝ ਮਹੀਨਿਆਂ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਇਲਾਕੇ ਵਿੱਚ ਫਿਰ ਆਉਣ ਦਾ ਮੌਕਾ ਮਿਲਿਆ। ਇਸ ਦਾ ਕਾਰਨ ਇਹ ਹੋਇਆ ਕਿ ਰਾਣੀ ਆਸ ਕੌਰ ਤੇ ਰਾਜਾ ਸਾਹਿਬ ਸਿੰਘ ਦੇ ਵਿਚਕਾਰ ਸ਼ੈਤਾਨ ਆਦਮੀਆਂ ਨੇ ਫਿਰ ਝਗੜਾ ਕਰਵਾ ਦਿੱਤਾ। ਅਹਿਲਕਾਰਾਂ ਦੀਆਂ ਵੀ ਦੋ ਪਾਰਟੀਆਂ ਹੋ ਗਈਆਂ। ਰਾਣੀ ਸਾਹਿਬ ਅੱਗੇ ਵਾਂਗ ਫਿਰ ਸ਼ਹਿਰ 'ਤੇ ਕਾਬਜ਼ ਹੋ ਗਈ ਤੇ ਰਾਜਾ ਸਾਹਿਬ ਸਿੰਘ ਬਾਹਰ। ਮੋਰਚੇ ਦੋਹਾਂ ਧਿਰਾਂ ਵੱਲੋਂ ਲੱਗ ਗਏ। ਲੜਾਈ ਹੁੰਦੀ ਰਹੀ। ਅੰਤ ਨੂੰ ਰਾਜਾ ਸਾਹਿਬ ਸਿੰਘ ਨੇ ਨਾਭੇ ਦੇ ਰਾਜਾ ਜਸਵੰਤ ਸਿੰਘ ਦੀ ਰਾਹੀਂ, ਜਿਸ ਦੀਆਂ ਅੱਖਾਂ ਵਿੱਚ ਪਟਿਆਲ਼ੇ ਦੀ ਤਰੱਕੀ ਹਮੇਸ਼ਾ ਚੁੱਭਦੀ ਰਹਿੰਦੀ ਸੀ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਮਦਦ ਵਾਸਤੇ ਲਾਹੌਰ ਤੋਂ ਬੁਲਾ ਭੇਜਿਆ ਤੇ ਪਟਿਆਲ਼ਾ ਰਾਜ ਪਾਸ ਜੋ ਇੱਕ ਮੋਤੀਆਂ ਦਾ ਬਹੁਮੁੱਲਾ ਕੰਠਾ ਸੀ, ਉਹ ਦੇਣ ਦਾ ਇਕਰਾਰਨਾਮਾ ਕੀਤਾ। ਉੱਥੇ ਕੀ ਦੇਰ ਸੀ। ਇਹ ਪੱਤਰ ਪੁੱਜਦੇ ਹੀ ਮਹਾਰਾਜਾ ਸਾਹਿਬ ਲਾਹੌਰ ਤੋਂ ਰਵਾਨਾ ਹੋ ਗਏ। ਸੰ. 1864 ਬਿ. ਨੂੰ ਰਾਏਪੁਰ ਜੋ ਗੋਜਰਵਾਲੀਆ, ਕੋਟਕਪੂਰਾ ਆਦਿਕ ਰਿਆਸਤਾਂ ਨੂੰ ਲਾਹੌਰ ਦਰਬਾਰ ਨਾਲ ਮਿਲਾਂਦੇ ਮਲੇਰਕੋਟਲੇ ਜਾ ਉੱਤਰੇ ਤੇ ਉੱਥੋਂ ਦੇ ਪਠਾਣਾਂ ਤੋਂ ਇੱਕ ਲੱਖ ਰੁਪਿਆ ਨਜ਼ਰਾਨੇ ਵਜੋਂ ਮੰਗਿਆ। ਮਲੇਰਕੋਟਲਾ ਦੇ ਹਾਕਮਾਂ ਨੇ ਚਾਰ ਪਿੰਡ ਫੂਲ ਬੰਸ ਪਾਸ ਰੱਖ ਕੇ ਮਹਾਰਾਜਾ ਸਾਹਿਬ ਨੂੰ ਰਕਮ ਦੇ ਦਿੱਤੀ। ਉੱਥੋਂ ਮਹਾਰਾਜਾ ਚੱਲ ਕੇ ਨਾਭੇ ਹੁੰਦੇ ਹੋਏ ਪਟਿਆਲ਼ੇ ਪੁੱਜੇ, ਜਿੱਥੋਂ ਦਾ ਰਾਜਾ ਸਾਹਿਬ ਆਪਣੀ ਰਾਣੀ ਆਸ ਕੌਰ ਨਾਲ 20 ਹਜ਼ਾਰ ਫ਼ੌਜ ਲੈ ਕੇ ਲੜ ਰਿਹਾ ਸੀ।

ਰਾਣੀ ਆਸ ਕੌਰ ਇੱਕ ਬੜੀ ਸਮਝਦਾਰ ਔਰਤ ਸੀ। ਜਿਸ ਵੇਲੇ ਇਸ ਨੂੰ ਰਣਜੀਤ ਸਿੰਘ ਦੇ ਆਉਣ ਦਾ ਪਤਾ ਲੱਗਾ, ਉਸੇ ਵੇਲੇ ਅਸਲ ਗੱਲ ਨੂੰ ਤਾੜ ਗਈ ਤੇ ਝੱਟ-ਪੱਟ ਆਪਣੇ ਪਤੀ ਨੂੰ ਬਹਿੰਗਾ ਸਿੰਘ ਤੇ ਲਾਲ ਸਿੰਘ ਦੇ ਹੱਥ ਸੁਨੇਹਾ ਭੇਜਿਆ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਪਟਿਆਲ਼ੇ ਆਉਣ ਦਾ ਜੋ ਅਸਰ ਰਿਆਸਤਾਂ 'ਤੇ ਪਵੇਗਾ, ਉਸ ਨੂੰ ਪ੍ਰਗਟ ਕਰਦੇ ਹੋਏ ਕਿਹਾ ਕਿ ਮੈਨੂੰ ਹਰ ਤਰ੍ਹਾਂ ਨਾਲ ਆਪਦੀ ਤਾਬਿਆਦਾਰੀ ਪ੍ਰਵਾਨ ਹੈ, ਮੇਰੇ ਵਾਸਤੇ ਜਿਹਾ ਆਪ ਸਮਝੋ, ਇਨਸਾਫ਼ ਨਾਲ ਫ਼ੈਸਲਾ ਕਰ ਦੇਵੋ, ਪਰੰਤੂ ਰੱਬ ਦੇ ਵਾਸਤੇ ਇਸ ਝਗੜੇ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਨਾ ਪਾਣਾ, ਨਹੀਂ ਤਾਂ ਰਿਆਸਤ ਪਟਿਆਲ਼ਾ ਦਾ ਖ਼ੁਰਾ-ਖੋਜ ਮਿਟ ਜਾਵੇਗਾ, ਪਿੱਛੋਂ ਹੱਥ ਮਲ਼ਦੇ ਰਹਿ ਜਾਉਗੇ ਅਤੇ ਮੋਤੀਆਂ ਦਾ ਕੰਠਾ ਜੋ ਦੇਣਾ ਕੀਤਾ ਹੈ, ਝੱਟ ਦੇ ਕੇ ਵਾਪਸ ਕਰ ਦੇਵੋ। ਰਾਣੀ ਨੇ ਬੜੀ ਨਿਮਰਤਾ ਨਾਲ ਆਪਣੇ ਪਤੀ ਨੂੰ ਸਮਝਾ ਲਿਆ ਤੇ ਝਗੜਾ ਸੁਲ੍ਹਾ ਵਿੱਚ ਬਦਲ ਗਿਆ। ਰਾਣੀ ਆਸ ਕੌਰ ਨੂੰ ਉਸ ਦੇ ਲੜਕੇ ਸਮੇਤ 50 ਹਜ਼ਾਰ ਦੀ ਜਾਗੀਰ ਬਨੇਂੜਾ, ਰਾਣੀ ਮਾਜਰਾ, ਸਨੌਰ ਤੋਂ ਚਨਾਰਥਲ

ਦਾ ਇਲਾਕਾ ਮਹਾਰਾਜਾ ਸਾਹਿਬ ਨੇ ਇਕਰਾਰਨਾਮਾ ਲਿਖ ਦਿੱਤਾ ਤੇ ਮਹਾਰਾਜਾ ਸਾਹਿਬ ਨੂੰ ਇਕਰਾਰ ਅਨੁਸਾਰ ਮੋਤੀਆਂ ਦਾ ਕੰਠਾ ਦੇ ਕੇ ਮੋੜ ਦਿੱਤਾ, ਪਰੰਤੂ ਮਹਾਰਾਜਾ ਰਣਜੀਤ ਸਿੰਘ ਜਾਂਦਾ ਹੋਇਆ ਇੱਕ ਤੋਪ ਜਿਸ ਦਾ ਨਾਮ 'ਕੜੇ ਖ਼ਾਂ' ਸੀ, ਲੈ ਗਿਆ, ਜੋ ਸੰਮਤ 1903 ਦੀ ਸਤਲੁਜ ਦੀ ਲੜਾਈ ਦੇ ਮਗਰੋਂ ਫਿਰ ਪਟਿਆਲ਼ਾ ਸਟੇਟ ਦੇ ਹੀ ਹੱਥ ਆਈ ਤੇ ਹੁਣ ਤਕ ਉੱਥੇ ਮੌਜੂਦ ਹੈ। ਮਹਾਰਾਜਾ ਰਣਜੀਤ ਸਿੰਘ ਪਟਿਆਲ਼ੇ ਤੋਂ ਚੱਲ ਕੇ ਅੰਬਾਲੇ ਦੇ ਸਰਦਾਰਾਂ ਤੋਂ ਨਜ਼ਰਾਨੇ ਵਸੂਲ ਕਰ ਕੇ ਪਿੰਡ ਨਰਾਇਣਗੜ੍ਹ ਨੂੰ ਆਪਣੇ ਕਬਜ਼ੇ ਵਿੱਚ ਲਿਆਉਂਦੇ ਹੋਏ ਵਾਪਸ ਤਸਰੀਫ਼ ਲਿਆਏ।

ਮਹਾਰਾਜਾ ਰਣਜੀਤ ਸਿੰਘ ਜਿੰਨੀ ਦੇਰ ਫੂਲਕੀਆ ਰਿਆਸਤਾਂ ਵਿੱਚ ਆਇਆ, ਇਹਨਾਂ ਦੇ ਸੱਦੇ 'ਤੇ ਆਇਆ ਤੇ ਜੋ ਕੁਝ ਇਕਰਾਰ ਅਨੁਸਾਰ ਦਿੱਤਾ, ਉਹੋ ਲੈ ਕੇ ਚਲਾ ਜਾਂਦਾ ਰਿਹਾ। ਉਸ ਨੇ ਇਹਨਾਂ ਤੋਂ ਵਧੀਕ ਕੁਝ ਨਾ ਲਿਆ ਤੇ ਨਾ ਹੀ ਕੋਈ ਤਕਲੀਫ਼ ਦਿੱਤੀ, ਸਗੋਂ ਇਲਾਕੇ ਦੇ ਕਈ ਪਿੰਡ ਫ਼ਤਿਹ ਕਰ ਕੇ ਨਾਭਾ ਤੇ ਜੀਂਦ ਦੇ ਇਲਾਕੇ ਵਿੱਚ ਮਿਲਾ ਦੇਂਦਾ ਰਿਹਾ, ਪਰੰਤੂ ਪਤਾ ਨਹੀਂ ਫਿਰ ਵੀ ਇਹਨਾਂ ਰਿਆਸਤਾਂ 'ਤੇ ਸ਼ੇਰਿ-ਪੰਜਾਬ ਦਾ ਕਿਉਂ ਅਜਿਹਾ ਰੋਹਬ ਤੇ ਦਬਦਬਾ ਛਾ ਗਿਆ ਕਿ ਉਹ ਇਸ ਤੋਂ ਸਦਾ ਹੀ ਡਰਦੇ ਰਹੇ ? ਮਲੂਮ ਹੁੰਦਾ ਹੈ ਕਿ ਉਹ ਰਈਸ ਜਿਨ੍ਹਾਂ ਦੇ ਇਲਾਕੇ ਰਾਜ ਲਾਹੌਰ ਵਿੱਚ ਮਿਲ ਗਏ ਸਨ, ਉਹਨਾਂ ਨੇ ਇਹਨਾਂ ਨੂੰ ਡਰਾ ਦਿੱਤਾ। ਸੋ, ਇੱਕ ਵੇਰ ਖ਼ਾਸ ਪਟਿਆਲ਼ੇ ਵਿੱਚ ਬਹੁਤ ਸਾਰੇ ਰਈਸਾਂ ਨੇ ਇਕੱਠੇ ਹੋ ਕੇ ਇਸ ਗੱਲ 'ਤੇ ਵਿਚਾਰ ਕੀਤੀ ਕਿ ਇੱਕ ਪਾਸੇ ਅੰਗਰੇਜ਼ਾਂ ਦੀ ਜ਼ੋਰ ਵਾਲੀ ਤਾਕਤ ਹੈ, ਦੂਜੇ ਪਾਸੇ ਸ਼ੇਰਿ-ਪੰਜਾਬ। ਇਹਨਾਂ ਦੋਨਾਂ ਦੇ ਵਿਚਕਾਰ ਅਸਾਡਾ ਬਚ ਜਾਣਾ ਔਖੀ ਗੱਲ ਹੈ। ਇਸ ਕਰ ਕੇ ਸਾਨੂੰ ਦੋਨਾਂ ਵਿੱਚ ਇੱਕ ਸ਼ਕਤੀ ਵਾਲਾ ਹੋ ਜਾਣਾ ਚਾਹੀਦਾ ਹੈ। ਦੋਨਾਂ ਦੇ ਗੁਣ-ਔਗੁਣਾਂ ਨੂੰ ਆਪਣੀ ਸਮਝ ਨਾਲ ਵਿਚਾਰ ਕੇ ਉਹਨਾਂ ਅੰਗਰੇਜ਼ਾਂ ਦੇ ਵੱਲ ਹੋਣ ਦਾ ਫ਼ੈਸਲਾ ਕੀਤਾ। ਸੋ, ਭਾਈ ਭਾਗ ਸਿੰਘ, ਲਾਲ ਸਿੰਘ ਆਪ, ਪਟਿਆਲ਼ੇ ਵੱਲੋਂ ਸਰਦਾਰ ਚੈਨ ਸਿੰਘ ਤੇ ਨਾਭੇ ਵੱਲੋਂ ਗ਼ੁਲਾਮ ਹਸਨ ਅਹਿਲਕਾਰ ਇਕੱਠੇ ਹੋ ਕੇ ਦਿੱਲੀ ਮਿਸਟਰ ਸਟੀਨ ਸਾਹਿਬ ਰੈਜੀਡੈਂਟ ਪਾਸ ਗਏ ਤੇ ਆਪਣੇ ਮਨੋਰਥ ਨੂੰ ਲਿਖ ਕੇ ਦਿੱਤਾ। ਰੈਜੀਡੈਂਟ ਨੇ ਇਹਨਾਂ ਦਾ ਸਵਾਗਤ ਬੜਾ ਆਦਰ-ਭਾਉ ਨਾਲ ਕੀਤਾ, ਪਰੰਤੂ ਇਹ ਗੱਲ ਦੱਸ ਕੇ ਕਿ ਮੈਂ ਬਿਨਾਂ ਮਨਜ਼ੂਰੀ ਕਲਕੱਤੇ ਤੋਂ ਲਏ ਕੁਝ ਨਹੀਂ ਕਹਿ ਸਕਦਾ, ਕਾਗਜ਼ ਕਲਕੱਤੇ ਭੇਜ ਦਿੱਤਾ ਤੇ ਭਰੋਸਾ ਦਿਵਾਇਆ ਕਿ ਤੁਹਾਡੀ ਇਹ ਦਰਖ਼ਾਸਤ ਮਨਜ਼ੂਰ ਹੋ ਜਾਏਗੀ।

ਸਰਕਾਰ ਲਾਹੌਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਕਿ ਫੂਲ ਵੰਸ ਦੇ ਰਾਜੇ ਅੰਗਰੇਜ਼ਾਂ ਨਾਲ ਮਿਲ ਚੱਲੇ ਹਨ ਤਾਂ ਉਹਨਾਂ ਖ਼ਿਆਲ ਕੀਤਾ ਕਿ ਆਪ ਚੱਲ ਕੇ ਉਹਨਾਂ ਨਾਲ ਜ਼ੁਬਾਨੀ ਗੱਲਬਾਤ ਕਰ ਕੇ ਜਿਸ ਤਰ੍ਹਾਂ ਵੀ ਤੇ ਜਿਨ੍ਹਾਂ ਸ਼ਰਤਾਂ 'ਤੇ ਵੀ ਉਹ ਮੰਨਣਗੇ ਆਪਣੇ ਨਾਲ ਮਿਲਾ ਕੇ ਖ਼ਾਲਸਾ ਸਲਤਨਤ ਨੂੰ ਵਿਸ਼ਾਲ ਕਰ ਦਿੱਤਾ

ਜਾਏ। ਸੋ, 1865 ਬਿ. ਨੂੰ ਮਹਾਰਾਜਾ ਸਾਹਿਬ ਨੇ ਇਹ ਵਿਚਾਰ ਕੇ ਲਾਹੌਰ ਤੋਂ ਕੂਚ ਕੀਤਾ। ਰਾਹ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਖ਼ਤਮ ਕਰਦੇ ਹੋਏ ਥਾਨੇਸਰ ਪੁੱਜਾ। ਉੱਥੋਂ ਚੱਲ ਕੇ ਜਦ ਸ਼ਾਹਬਾਦ ਡੇਰਾ ਕੀਤਾ ਤਾਂ ਉੱਥੋਂ ਮਹਾਰਾਜਾ ਸਾਹਿਬ ਸਿੰਘ ਪਟਿਆਲ਼ੇ ਵਾਲੇ ਨੂੰ ਲਖਨੌਰ ਮੁਕਾਮ 'ਤੇ ਮਿਲਣ ਲਈ ਸੁਨੇਹਾ ਭੇਜਿਆ। ਸਾਹਿਬ ਸਿੰਘ ਦੀ ਮਨਸ਼ਾ ਮਿਲਣ ਦੀ ਨਹੀਂ ਸੀ, ਕਿੰਤੂ ਇੰਨੀ ਹਿੰਮਤ ਵੀ ਉਹਦੇ ਵਿੱਚ ਨਹੀਂ ਸੀ ਕਿ ਸ਼ੇਰਿ-ਪੰਜਾਬ ਦੇ ਸੱਦਣ 'ਤੇ ਨਾਂਹ ਕਰ ਸਕੇ। ਇਸ ਵਾਸਤੇ 29 ਮੱਘਰ ਸੰਮਤ 1865 ਬਿ. ਨੂੰ ਲਖਨੌਰ ਦੇ ਮੁਕਾਮ 'ਤੇ ਬੇਦੀ ਸਾਹਿਬ ਸਿੰਘ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਤੇ ਸਾਹਿਬ ਸਿੰਘ ਪਟਿਆਲ਼ੇ ਵਾਲੇ ਦੀ ਗੱਲਬਾਤ ਹੋਈ ਤੇ ਦੋਹਾਂ ਧਿਰਾਂ ਨੇ ਆਪਸ ਵਿੱਚ ਦਿਲ ਦੀ ਸਫ਼ਾਈ ਨਾਲ ਦਸਤਾਰ ਬਦਲੇ ਤੇ ਆਪੋ ਵਿੱਚ ਉਸ ਵੇਲੇ ਇੱਕ ਇਕਰਾਰਨਾਮਾ ਵੀ ਲਿਖ ਦਿੱਤਾ।

ਆਥਣ ਨੂੰ ਤਾਂ ਦੋਹਾਂ ਧਿਰਾਂ ਦੀ ਸੁਲ੍ਹਾ ਹੋ ਗਈ ਤੇ ਦਸਤਾਰ ਵੀ ਬਦਲੇ, ਪਰੰਤੂ ਸਾਹਿਬ ਸਿੰਘ ਦੇ ਦਿਲ ਵਿੱਚ ਇਹ ਗੱਲ ਸੀ ਕਿ ਕਿਸੇ ਤਰ੍ਹਾਂ ਇਸ ਵੇਰ ਇਸ ਸ਼ੇਰ ਦੇ ਪੰਜੇ ਵਿੱਚੋਂ ਛੁਟਕਾਰਾ ਮਿਲ ਜਾਏ, ਤਦ ਇੱਥੋਂ ਜਾਂਦਿਆਂ ਹੀ ਝੱਟ ਅੰਗਰੇਜ਼ਾਂ ਨੂੰ ਆਪਣੀ ਮਦਦ 'ਤੇ ਕਰ ਲਵਾਂਗਾ। ਸ਼ੇਰਿ-ਪੰਜਾਬ ਦੀ ਇੱਛਾ ਇਹ ਸੀ ਕਿ ਸਤਲੁਜ ਤੋਂ ਇਸ ਪਾਰ ਦੀਆਂ ਰਿਆਸਤਾਂ ਵਿੱਚੋਂ ਵੱਡੀ ਰਿਆਸਤ ਇਹ ਹੈ। ਜੇ ਕਦੀ ਮਹਾਰਾਜਾ ਸਾਹਿਬ ਦੀ ਦੋਸਤੀ ਦੇ ਭਰੋਸੇ 'ਤੇ ਅੰਗਰੇਜ਼ਾਂ ਨਾਲ ਇਹ ਨਾ ਮਿਲੇ ਤਾਂ ਬਾਕੀ ਰਿਆਸਤਾਂ ਨੂੰ ਮਹਾਰਾਜਾ ਲਾਹੌਰ ਦਾ ਮੰਗ ਛੱਡ ਕੇ ਉੱਧਰ ਹੋਣ ਦਾ ਹੌਸਲਾ ਨਹੀਂ ਪਏਗਾ, ਇਸ ਵਾਸਤੇ ਉਹ ਪਟਿਆਲ਼ੇ ਦਰਬਾਰ ਨਾਲ ਸੁਲ੍ਹਾ ਰੱਖਣਾ ਚਾਹੁੰਦੇ ਸਨ। ਸੋ, ਇਹਨਾਂ ਨੇ ਆਪਣੇ ਵੱਲੋਂ 5000 ਹਜ਼ਾਰ ਸਵਾਰ ਸਰਦਾਰ ਗੰਡਾ ਸਿੰਘ ਨੂੰ ਦੇ ਕੇ ਅੰਬਾਲੇ ਠਹਿਰਾ ਦਿੱਤਾ ਤੇ ਆਪ ਹਰਿਦੁਆਰ ਹੁੰਦੇ ਹੋਏ ਲਾਹੌਰ ਆ ਗਏ।

ਫੂਲ ਦੇ ਰਾਜਿਆਂ ਨੇ ਸ਼ੇਰਿ-ਪੰਜਾਬ ਨਾਲ ਹੋਏ ਸਾਰੇ ਕੌਲ਼ ਇਕਰਾਰ ਮਿੱਟੀ ਵਿੱਚ ਮਿਲਾ ਦਿੱਤੇ ਤੇ ਕੇਵਲ ਸਰਕਾਰ ਅੰਗਰੇਜ਼ੀ ਦੇ ਅਧੀਨ ਰਹਿਣ ਦਾ ਪੱਕਾ ਨਿਸ਼ਚਾ ਕਰ ਲਿਆ। ਕਰਮ ਸਿੰਘ ਸ਼ਾਹ ਆਬਾਦੀ ਦਿੱਲੀ ਗਿਆ ਤੇ ਉੱਥੋਂ ਅਖਤਰ ਲੋਨੀ ਸਾਹਿਬ ਨੂੰ ਨਾਲ ਲਿਆ ਕੇ 15 ਫ਼ਰਵਰੀ, 1809 ਨੂੰ ਜਦ ਲੁਧਿਆਣੇ ਫਿਰ ਛਾਉਣੀ ਪਵਾਈ, ਤਦ ਇਹਨਾਂ ਨੂੰ ਚੈਨ ਆਇਆ।

ਹੁਣ ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਦੇ ਵਿੱਚ ਵੀ ਸੁਲ੍ਹਾ ਹੋ ਕੇ ਸਤਲੁਜ ਦਰਯਾ ਦੋਨਾਂ ਧਿਰਾਂ ਦੀ ਹੱਦ ਨਿਯਤ ਹੋਈ, ਪਰ ਲੁਧਿਆਣੇ ਵਿੱਚ ਅੰਗਰੇਜ਼ਾਂ ਦੀ ਛਾਉਣੀ ਪੈ ਗਈ ਤੇ ਇੱਧਰ ਫਿਲੌਰ ਵਿੱਚ ਲਾਹੌਰ ਦਰਬਾਰ ਦੀ ਹੈ ਜਿਹੜੇ ਇਲਾਕੇ ਮਹਾਰਾਜਾ ਸਾਹਿਬ ਲਾਹੌਰ ਨੇ ਮਟਕਾਫ ਦੇ ਸਾਹਮਣੇ 1865 ਬਿ. ਨੂੰ ਦਬਾ ਲਏ ਸਨ, ਉਹ ਇਸ ਇਕਰਾਰਨਾਮੇ ਅਨੁਸਾਰ ਅਸਲ ਮਾਲਕਾਂ ਨੂੰ ਦੇ ਦਿੱਤੇ ਗਏ।

3 ਮਈ, 1809 ਨੂੰ ਅੰਗਰੇਜ਼ੀ ਰਾਜ ਵੱਲੋਂ ਇਸ਼ਤਿਹਾਰ ਨਿਕਲਿਆ, ਜਿਸ

ਵਿੱਚ ਸਤਲੁਜ, ਜੋ ਉਸ ਪਾਰ ਦੇ ਰਈਸਾਂ ਨੂੰ ਤਸੱਲੀ ਦਿੱਤੀ ਗਈ ਸੀ। ਉਸ ਦੀਆਂ ਸ਼ਰਤਾਂ ਦਾ ਸੰਖੇਪ ਭਾਵ ਇਸ ਤਰ੍ਹਾਂ ਹੈ :

1. ਸਤਲੁਜ ਤੋਂ ਇਸ ਪਾਰ ਦੇ ਰਈਸਾਂ ਨੂੰ ਅੰਗਰੇਜ਼ਾਂ ਨੇ ਆਪਣੀ ਅਧੀਨਗੀ ਵਿੱਚ ਲੈ ਲਿਆ ਹੈ। ਇਸ ਕਰ ਕੇ ਉਹ ਹੁਣ ਲਾਹੌਰ ਦਰਬਾਰ ਤੋਂ ਬਾਹਰ ਰਹਿਣਗੇ।
2. ਇਹਨਾਂ ਇਲਾਕਿਆਂ ਤੋਂ ਸਰਕਾਰ ਅੰਗਰੇਜ਼ੀ ਕਦੇ ਵੀ ਕੋਈ ਖ਼ਰਾਜ ਨਹੀਂ ਮੰਗੇਗੀ।
3. ਸਾਰੇ ਰਈਸਾਂ ਨੂੰ ਆਪਣੇ ਇਲਾਕੇ ਵਿੱਚ ਉਹੋ ਹੀ ਹੱਕ ਤੇ ਅਖ਼ਤਿਆਰ ਪ੍ਰਾਪਤ ਰਹਿਣਗੇ, ਜੋ ਸਰਕਾਰ ਅੰਗਰੇਜ਼ੀ ਦੇ ਆਉਣ ਤੋਂ ਪਹਿਲਾਂ ਆਪਣੇ ਇਲਾਕੇ ਵਿੱਚ ਪ੍ਰਾਪਤ ਹਨ।
4. ਜਦ ਕਦੀ ਅੰਗਰੇਜ਼ੀ ਸਿਪਾਹ ਕਿਸੇ ਰਈਸ ਦੇ ਇਲਾਕੇ ਵਿੱਚੋਂ ਲੰਘੇਗੀ, ਉਹਨੂੰ ਰਸਦ ਦੇਣੀ ਪਏਗੀ।
5. ਜਦ ਕੋਈ ਵੈਰੀ ਇਸ ਪਾਸੋਂ ਆਵੇਗਾ, ਤਾਂ ਸਾਰੇ ਰਈਸਾਂ ਨੂੰ ਫ਼ੌਜ ਦੀ ਮਦਦ ਦੇਣੀ ਪਏਗੀ।
6. ਜੇਹੜਾ ਸੁਦਾਗਰ ਅੰਗਰੇਜ਼ੀ ਲਸ਼ਕਰ ਵਾਲੇ ਵਲਾਇਤੀ ਚੀਜ਼ਾਂ ਲੈ ਕੇ ਕਿਸੇ ਰਈਸ ਦੀ ਰਿਆਸਤ ਵਿੱਚੋਂ ਲੰਘੇ, ਉਸ ਤੋਂ ਮਸੂਲ ਜਾਂ ਜ਼ਕਾਤ ਕੋਈ ਨਾ ਲਈ ਜਾਵੇ।
7. ਜੇਹੜਾ ਆਦਮੀ ਰਸਾਲੇ ਵਾਸਤੇ ਘੋੜੇ ਖ਼ਰੀਦਣ ਜਾਵੇ ਤੇ ਉਹਦੇ ਖ਼ਾਸ ਸਨਦ ਹੋਵੇ, ਉਹਨੂੰ ਮਸੂਲ ਆਦਿਕ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਹੋਵੇ।

ਇਸੇ ਤਰ੍ਹਾਂ ਅੰਗਰੇਜ਼ਾਂ ਨਾਲ ਮਿਲਾਪ ਹੋ ਜਾਣ ਤੋਂ ਬਾਹਰ ਦਾ ਖ਼ਤਰਾ ਇਹਨਾਂ ਰਿਆਸਤਾਂ ਦਾ ਮਿਟ ਗਿਆ, ਪਰੰਤੂ ਮਹਾਰਾਜਾ ਪਟਿਆਲ਼ਾ ਦਾ ਜੋ ਝਗੜਾ ਆਪਣੀ ਰਾਣੀ ਆਸ ਕੌਰ ਨਾਲ ਮੁੱਦਤ ਤੋਂ ਚਲਿਆ ਆ ਰਿਹਾ ਸੀ, ਭਾਵੇਂ ਉਹ ਕਿੰਨੀ ਵੇਰ ਮਿਟਿਆ, ਪਰੰਤੂ ਰਿਆਸਤਾਂ ਦੇ ਅਹਿਲਕਾਰ ਆਪਣੀ ਸ਼ਰਾਰਤ ਨਾਲ ਇਸ ਝਗੜੇ ਨੂੰ ਫਿਰ ਸ਼ੁਰੂ ਕਰਾ ਦਿੰਦੇ ਸਨ ਤੇ ਮਿਟਣ ਵਿੱਚ ਨਹੀਂ ਆਉਣ ਦਿੰਦੇ ਸੀ। ਰਿਆਸਤ ਦੇ ਅੰਦਰ ਦਾ ਪ੍ਰਬੰਧ ਬਹੁਤ ਖ਼ਰਾਬ ਸੀ। ਇੱਕ ਪਾਸੇ ਫੂਲਾ ਸਿੰਘ ਅਕਾਲੀ ਮੁਲਕ ਵਿੱਚ ਦੌਰਾ ਕਰ ਰਹੇ ਸਨ, ਦੂਜੇ ਪਾਸੇ ਭੱਟੀ ਦੇ ਪਰਚੇ ਮੁਸਲਮਾਨ ਸਰਦਾਰ ਕੀਮਾ, ਪੀਰਾ, ਮਖਨਾ, ਆਦਿਕ ਧਾੜਵੀ ਬਿਨਾਂ ਡਰ ਦੇ ਭੈ ਦੇ ਸੁਨਾਮ ਤਕ ਚਲੇ ਆਉਂਦੇ ਸਨ ਤੇ ਰਿਆਸਤ ਦੇ ਅਹਿਲਕਾਰਾਂ ਨੇ ਵੱਖ ਲੁੱਟ ਮਚਾ ਰੱਖੀ ਸੀ, ਹਰ ਪਾਸੇ ਤੰਗੀ ਸੀ, ਚੋਰਾਂ ਤੇ ਡਾਕੂਆਂ ਦੇ ਹੱਥੋਂ ਪਿੰਡ ਉੱਜੜ ਗਏ ਸੀ, ਕੈਹਤ ਨੇ ਹੋਰ ਵੀ ਹਾਲਤ ਖ਼ਰਾਬ ਕਰ ਦਿੱਤੀ, ਮਾਮਲਾ ਵਸੂਲ ਹੋਣਾ ਬੰਦ ਹੋ ਗਿਆ।

ਸੰ. 1867 ਬਿ. (1810 ਈ.) ਨੂੰ ਵਾਇਟ ਸਾਹਿਬ ਸਰਹੱਦ ਦੀ ਪੈਮਾਇਸ਼ ਕਰ ਰਹੇ ਸਨ। ਇਹਨਾਂ ਦਾ ਅਕਾਲੀ ਫੂਲਾ ਸਿੰਘ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ।

ਵਾਇਟ ਸਾਹਿਬ ਦੇ 6 ਆਦਮੀ ਮਾਰੇ ਗਏ, 20 ਫੱਟੜ ਹੋ ਗਏ ਤੇ ਵਾਇਟ ਸਾਹਿਬ ਆਪਣੀ ਜਾਨ ਬਚਾ ਕੇ ਭੱਜ ਗਿਆ। ਇਹਨਾਂ ਦਾ ਮਾਲ-ਅਸਬਾਬ ਅਕਾਲੀਆਂ ਦੇ ਹੱਥ ਆਇਆ।

ਇਹ ਖ਼ਬਰ ਸੁਣ ਕੇ ਪਟਿਆਲ਼ੇ ਤੇ ਨਾਭੇ ਤੋਂ ਫ਼ੌਜ ਆਈ, ਕਿੰਤੂ ਉਸ ਵੇਲੇ ਅਕਾਲੀ ਫੂਲਾ ਸਿੰਘ ਤੇ ਉਹਨਾਂ ਦੇ ਸਾਥੀ ਮੁਕਤਸਰ ਅੱਪੜ ਗਏ। ਇਸੇ ਸਾਲ ਹੀ ਐਹਦ ਕਰਮ ਸਿੰਘ ਦਾ ਵਿਆਹ ਸਰਦਾਰ ਬਹਿੰਗਾ ਸਿੰਘ ਥਾਨੇਸਰ ਦੀ ਲੜਕੀ ਨਾਲ ਬੜੀ ਧੂਮ-ਧਾਮ ਨਾਲ ਹੋਇਆ।

ਰਾਜਾ ਸਾਹਿਬ ਸਿੰਘ ਅਹਿਲਕਾਰਾਂ ਦੇ ਹੱਥ ਵਿੱਚ ਅਜਿਹੇ ਚੜ੍ਹੇ ਸਨ ਕਿ ਖ਼ਜ਼ਾਨਾ ਖ਼ਾਲੀ ਹੋ ਗਿਆ। ਖਾਣ-ਪੀਣ ਦਾ ਸਮਾਨ ਲੋੜ ਹੁੰਦਾ ਦੁਕਾਨਾਂ ਤੋਂ ਉਦਾਪਤ ਕਰ ਕੇ ਆਉਂਦਾ, ਬਾਹਰੋਂ ਜੋ ਆਮਦਨ ਹੁੰਦੀ, ਸਿੱਧੀ ਬਾਣੀਏ ਦੀ ਦੁਕਾਨ 'ਤੇ ਚਲੀ ਜਾਂਦੀ। ਫ਼ੌਜ ਨੂੰ ਤਨਖ਼ਾਹ ਦੇਣ ਲਈ ਪਿੰਡਾਂ ਦੀ ਉਗਰਾਹੀ ਸੌਂਪ ਦਿੱਤੀ ਜਾਂਦੀ ਸੀ। ਕੋਈ ਕਿਸੇ ਨੂੰ ਪੁੱਛਣ ਵਾਲਾ ਨਹੀਂ ਸੀ ਕਿ ਕੀ ਕਰਦੇ ਹੋ ? ਸ਼ਰੀਫ਼ ਆਦਮੀਆਂ ਦੀ ਕੋਈ ਸੁਣਦਾ ਨਹੀਂ ਸੀ। ਇਲਾਕੇ ਦੇ ਸਰਦਾਰਾਂ ਤੇ ਅਕਟਰ ਲੋਨੀ ਸਾਹਿਬ ਦੀ ਰਾਇ ਨਾਲ ਫਿਰ ਰਾਣੀ ਆਸ ਕੌਰ ਪਟਿਆਲ਼ੇ ਆਂਦੀ ਗਈ ਤੇ ਇਸ ਤਰ੍ਹਾਂ ਰਿਆਸਤ ਬਰਬਾਦ ਹੋਣੋਂ ਬਚ ਗਈ।

ਰਾਣੀ ਆਸ ਕੌਰ ਨੇ ਮੁਲਕ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈਂਦਿਆਂ ਹੀ ਸਭ ਤੋਂ ਪਹਿਲਾਂ ਉਹਨਾਂ ਜ਼ਿਮੀਦਾਰਾਂ ਤੇ ਇਲਾਕਿਆਂ ਦੀ ਸੋਧ ਕੀਤੀ, ਜੋ ਆਕੀ ਬਣ ਗਏ ਸਨ। ਸਭ ਤੋਂ ਮਾਮਲਾ ਵਸੂਲਿਆ ਗਿਆ। ਫਿਰ ਰਿਆਸਤਾਂ ਦੇ ਵੱਢੀਖੋਰ ਅਹਿਲਕਾਰਾਂ ਦੀ ਖ਼ਬਰ ਲਈ। ਇਹਨਾਂ ਤੋਂ ਜੁਰਮਾਨੇ ਤੇ ਹਰਜਾਨੇ ਲਏ ਗਏ। ਇਸ ਤਰ੍ਹਾਂ ਖ਼ਜ਼ਾਨਾ ਫਿਰ ਭਰ ਗਿਆ। ਸਾਹਿਬ ਸਿੰਘ ਦੇ ਸਾਥੀ ਅਲਬੇਲ ਸਿੰਘ ਤੇ ਗੁੱਜਰ ਸਿੰਘ ਨੇ ਸਾਹਿਬ ਸਿੰਘ ਨੂੰ ਫਿਰ ਭੜਕਾਇਆ ਕਿ ਰਾਣੀ ਜੇ ਇਸੇ ਤਰ੍ਹਾਂ ਕੰਮ ਕਰਦੀ ਰਹੀ, ਤੈਨੂੰ ਕੈਦ ਕਰ ਲਵੇਗੀ। ਸਾਹਿਬ ਸਿੰਘ ਨੇ ਬਿਨਾਂ ਕੁਝ ਸੋਚੇ-ਸਮਝੇ ਆਸ ਕੌਰ ਤੇ ਐਹਿਦ ਕਰਮ ਸਿੰਘ ਤੇ ਨੌਧਾ ਸਿੰਘ ਨੂੰ ਕੈਦ ਕਰ ਲਿਆ। ਇਹ ਖ਼ਬਰ ਸੁਣ ਕੇ 1812 ਈ. ਨੂੰ ਅਖਤਰ ਲੋਨੀ ਨੂੰ ਫਿਰ ਪਟਿਆਲ਼ੇ ਆਉਣਾ ਪਿਆ ਤੇ ਤਦ ਰਾਜਾ ਸਾਹਿਬ ਸਿੰਘ ਨੂੰ ਕਿਹਾ ਗਿਆ ਕਿ ਲੋਨੀ ਤੈਨੂੰ ਗ੍ਰਿਫ਼ਤਾਰ ਕਰਨ ਆਇਆ ਹੈ। ਸਾਹਿਬ ਸਿੰਘ ਨੇ ਅਹਿਲਕਾਰਾਂ ਦੇ ਆਖੇ ਲੱਗ ਕੇ ਕਿਲ੍ਹੇ ਵਿੱਚ ਰੁਹੇਲਿਆਂ ਨੂੰ ਵਾੜ ਲਿਆ। ਇੱਕ ਆਦਮੀ ਨੇ ਅਖਤਰ ਲੋਨੀ ਤੇ ਜਾਨੀ ਹਮਲਾ ਵੀ ਕਰ ਦਿੱਤਾ। ਅਖਤਰ ਲੋਨੀ ਨੂੰ ਇੱਕ ਜ਼ਖ਼ਮ ਵੀ ਆਇਆ ਤੇ ਮੁਸ਼ਕਲ ਨਾਲ ਲੋਨੀ ਨੇ ਆਪਣੀ ਜਾਨ ਬਚਾਈ। ਇਹ ਆਦਮੀ ਫੜਕੇ ਲੁਧਿਆਣੇ ਜੇਲਖ਼ਾਨੇ ਭੇਜਿਆ ਗਿਆ। ਕਰਨਲ ਸਾਹਿਬ ਨੇ ਲੁਧਿਆਣੇ ਤੋਂ ਇੱਕ ਤੋਪਖ਼ਾਨਾ ਤੇ ਫ਼ੌਜ ਮੰਗਾ ਕੇ ਰਾਜਾ ਸਾਹਿਬ ਦੇ ਸਾਥੀਆਂ ਨੂੰ ਖ਼ੂਬ ਧਮਕਾਇਆ ਤੇ ਗੁਰਦਿਆਲ ਸਿੰਘ, ਗੁੱਜਰ ਸਿੰਘ, ਅਲਬੇਲ ਸਿੰਘ

ਤੋਂ ਇਕਰਾਰ ਲਿਆ ਕਿ ਉਹ ਅੱਗੋਂ ਨੂੰ ਹਮੇਸ਼ਾ ਰਾਣੀ ਸਾਹਿਬ ਦਾ ਹੁਕਮ ਮੰਨਣਗੇ। ਬਾਹਰ ਜਾਂ ਛੁਪ ਕੇ ਕਦੇ ਵੀ ਮਹਾਰਾਜਾ ਸਾਹਿਬ ਦੀ ਮਿਜ਼ਾਜ ਨੂੰ ਖ਼ਰਾਬ ਨਹੀਂ ਕਰਨਗੇ। ਸਾਰਾ ਹਿਸਾਬ-ਕਿਤਾਬ ਰਾਣੀ ਸਾਹਿਬ ਨੂੰ ਦਿਆ ਕਰਨਗੇ। ਜੇ ਕਦੀ ਕੋਈ ਗ਼ਲਤੀ ਕਰਨਗੇ, ਤਦ ਸਖ਼ਤ ਡੰਡ ਦੇ ਭਾਗੀ ਹੋਣਗੇ। ਸੋ, ਕਰਨਲ ਸਾਹਿਬ ਨੇ ਇਹ ਸਨਦ ਦੇ ਕੇ ਪਟਿਆਲ਼ੇ ਦਾ ਸਾਰਾ ਰਾਜ ਪ੍ਰਬੰਧ ਰਾਣੀ ਆਸ ਕੌਰ ਨੂੰ ਸੌਂਪ ਦਿੱਤਾ।

ਰਾਣੀ ਸਾਹਿਬ ਦੇ ਹੁਕਮ ਨੂੰ ਮੰਨਣ, ਜੋ ਅਜਿਹਾ ਨਾ ਕਰੇਗਾ, ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਚਨਕੋਈਆ ਦਾ ਕਿਲ੍ਹੇਦਾਰ ਨੰਦ ਸਿੰਘ, ਜੋ ਫੂਲਾ ਸਿੰਘ ਈਲਵਾਲੀਆ ਦਾ ਲੜਕਾ ਸੀ, ਨੇ ਪਰਗਣਾ ਪਟਿਆਲ਼ਾ ਨੂੰ ਲੁੱਟਣਾ ਸ਼ੁਰੂ ਕੀਤਾ ਤਾਂ ਰਾਣੀ ਆਸ ਕੌਰ ਨੇ ਉਸ ਨੂੰ ਸਮਝਾਇਆ, ਪਰ ਜਦੋਂ ਨਾ ਸਮਝਿਆ ਤਾਂ ਮਿਸਰ ਨੈਂਧ ਸਿੰਘ ਨੂੰ ਫ਼ੌਜ ਦੇ ਕੇ ਭੇਜਿਆ। ਚਨਕੋਈਆ ਕਿਲ੍ਹੇ ਦੇ ਨੇੜੇ ਦੇ ਇਲਾਕਿਆਂ ਕਦੂ ਨੰਗਲ, ਮਜਰਾ, ਮਕਸੂਦੜਾ, ਭਵਾਨੀ, ਹਾਜੀ ਮਾਜਰਾ ਤੇ ਹੋਰ ਪਿੰਡਾਂ 'ਤੇ ਕਬਜ਼ਾ ਕਰ ਲਿਆ।

ਰਾਣੀ ਆਸ ਕੌਰ ਨੇ ਰਿਆਸਤ ਦਾ ਪ੍ਰਬੰਧ ਬੜੀ ਹੱਛੀ ਤਰ੍ਹਾਂ ਕੀਤਾ। ਸਭ ਖਰਾਬੀਆਂ ਇੱਕ-ਇੱਕ ਕਰ ਕੇ ਦੂਰ ਹੋ ਗਈਆਂ। ਰਾਣੀ ਆਸ ਕੌਰ ਨੇ ਰਾਜਾ ਸਾਹਿਬ ਸਿੰਘ ਨੂੰ ਇੱਕ ਲੱਖ ਦੀ ਜਾਗੀਰ ਦਿੱਤੀ, ਤਾਂ ਜੁ ਜਿਸ ਤਰ੍ਹਾਂ ਉਹ ਚਾਹੁਣ ਖ਼ਰਚ ਕਰ ਸਕਦੇ ਹਨ, ਪਰੰਤੂ ਉਸ ਨੇ ਤੋਸ਼ੇਖਾਨੇ ਵਿੱਚੋਂ ਮੋਤੀ ਕੱਢ ਕੇ ਲੁਟਾਣੇ ਸ਼ੁਰੂ ਕਰ ਦਿੱਤੇ। ਜੋ ਕੁਝ ਉਸ ਦੇ ਹੱਥ ਆਉਂਦਾ, ਲੁਟਾ ਦਿੰਦਾ ਸੀ। ਇਹਨਾਂ ਲੜਕਿਆਂ ਦੀ ਇੱਕ ਪਲਟਣ ਬਣਾ ਰੱਖੀ ਸੀ। ਇਸ ਦਾ ਨਾਮ ਬਸੇਰਾ ਪਲਟਣ ਸੀ। ਤਬਾਹੀ ਦੇ ਹਰਕਾਰੇ, ਜੋ ਰਿਆਸਤ ਨੂੰ ਉੱਜੜਦਾ ਵੇਖਣਾ ਚਾਹੁੰਦੇ ਸਨ, ਉਹਨਾਂ ਨੇ ਪੰਡਤ ਨੋਧਾਰਾਏ, ਜੋ ਰਾਣੀ ਸਾਹਿਬ ਦਾ ਖ਼ਾਸ ਨੌਕਰ ਸੀ, ਮਰਵਾਣ ਦੀ ਕੋਸ਼ਿਸ਼ ਕੀਤੀ। ਇਸ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ। ਇਹ ਵਾਰ ਖ਼ਾਲੀ ਚਲਾ ਗਿਆ। ਪਿੱਛੋਂ ਪਤਾ ਲੱਗਾ ਕਿ ਰਾਣੀ ਖੇਮ ਕੌਰ ਨੇ ਰਾਜਾ ਜਸਵੰਤ ਸਿੰਘ ਨਾਭੇ ਵਾਲੇ ਦੇ ਕਹੇ 'ਤੇ ਸਾਜ਼ਿਸ਼ ਕੀਤੀ ਹੈ ਕਿ ਨੋਧਾਰਾਏ ਨੂੰ ਮਾਰ ਦਿੱਤਾ ਜਾਏ ਤੇ ਲਾਲਚ ਇਹ ਦਿੱਤਾ ਕਿ ਸਾਹਿਬ ਸਿੰਘ ਦੇ ਮਰਨ 'ਤੇ ਅਜੀਤ ਸਿੰਘ ਨੂੰ ਗੱਦੀ 'ਤੇ ਬਿਠਾ ਦਿੱਤਾ ਜਾਵੇਗਾ। ਇਸ ਸਾਰੀ ਸਾਜ਼ਿਸ਼ ਦਾ ਭਾਂਡਾ ਰਾਣੀ ਪ੍ਰਤਾਪ ਕੌਰ ਦੇ ਭਰਾ ਦਲ ਸਿੰਘ ਨੇ ਭੰਨ ਦਿੱਤਾ, ਜਿਸ ਤੋਂ ਨੋਧਾਰਾਏ ਦੀ ਜਾਨ ਬਚ ਗਈ।

ਇਸ ਤੋਂ ਪਿੱਛੋਂ ਰਾਜਾ ਸਾਹਿਬ ਸਿੰਘ, ਜਿਨ੍ਹਾਂ ਨੇ ਇਕਾਂਤਵਾਸ ਅਖ਼ਤਿਆਰ ਕਰ ਰੱਖਿਆ ਸੀ, ਇੱਕ ਫੋੜੇ ਦੇ ਨਾਲ ਬਿਮਾਰ ਰਹਿ ਕੇ 26 ਮਾਰਚ, 1813 ਨੂੰ ਕਾਲ ਵੱਸ ਹੋ ਗਏ।

ਰਾਜਾ ਸਾਹਿਬ ਸਿੰਘ ਨੇ ਚਾਰ ਵਿਆਹ ਕੀਤੇ ਸਨ। ਵੱਡੀ ਆਸ ਕੌਰ ਸੀ, ਜਿਸ ਦੇ ਵਿੱਚੋਂ ਵਲੀ ਐਹਦ ਕਰਮ ਸਿੰਘ ਤੇ ਦੋ ਲੜਕੀਆਂ ਪ੍ਰੇਮ ਕੌਰ ਤੇ ਕਰਮ ਕੌਰ ਸੀ।

ਦੂਜੀ ਰਾਣੀ ਨੰਦ ਕੌਰ ਦੇ ਵਿੱਚੋਂ ਕੰਵਰ ਅਜੀਤ ਸਿੰਘ ਉਤਪੰਨ ਹੋਇਆ। ਬਾਕੀ ਵਿੱਚੋਂ ਕੋਈ ਲੜਕਾ-ਲੜਕੀ ਨਹੀਂ ਸੀ।

ਰਾਜਾ ਕਰਮ ਸਿੰਘ ਦਾ ਜਨਮ ਸੰਮਤ 1855 ਬਿ. ਵਿੱਚ ਹੋਇਆ ਸੀ। 15 ਸਾਲ ਦੀ ਉਮਰ ਵਿੱਚ ਸੰਮਤ 1870 ਬਿ. ਮੁਤਾਬਕ 30 ਜੂਨ, 1813 ਈ. ਨੂੰ ਗੱਦੀ 'ਤੇ ਬੈਠਾ। ਅਖਤਰ ਲੋਨੀ ਸਾਹਿਬ ਉਸ ਸਮੇਂ ਪਟਿਆਲ਼ੇ ਆਇਆ ਹੋਇਆ ਸੀ। ਇੱਕ ਤਲਵਾਰ ਤੇ ਇੱਕ ਖ਼ਿਲਅਤ ਮਹਾਰਾਜੇ ਦੇ ਪੇਸ਼ ਕੀਤੀ। ਪਹਿਲਾਂ ਮਹਾਰਾਜਾ ਕਰਮ ਸਿੰਘ ਵੀ ਪੰਡਿਤ ਨੰਦ ਰਾਏ ਦੇ ਵਿਰੁੱਧ ਸੀ, ਪਰੰਤੂ ਜਦ ਉਸ ਨੇ ਵੇਖਯਾ ਕਿ ਇਹ ਇੰਤਜ਼ਾਮ ਵਿੱਚ ਫ਼ਰਕ ਨਹੀਂ ਕਰਦਾ, ਤਦ ਚੁੱਪ ਰਿਹਾ। ਜਦ ਤਕ ਦਰਬਾਰੀਆਂ ਨੇ ਰਾਜੇ ਨੂੰ ਆਪਣ ਹੱਥੀਂ ਨਹੀਂ ਲਿਆ, ਤਦ ਤਕ ਰਾਜ ਦਾ ਪ੍ਰਬੰਧ ਆਸ ਕੌਰ ਕਰਦੀ ਰਹੀ।

ਰਾਜਾ ਕਰਮ ਸਿੰਘ ਨੂੰ ਕਈ ਦਰਬਾਰੀ ਇਸ ਗੱਲ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ ਕਿ ਉਹਨਾਂ ਨੂੰ ਰਾਜ ਪ੍ਰਬੰਧ ਆਪਣੀ ਮਾਤਾ ਪਾਸੋਂ ਲੈ ਲੈਣਾ ਚਾਹੀਦਾ ਹੈ। ਦਰਬਾਰੀਆਂ ਦੀ ਚੁੱਕ ਵਿੱਚ ਆ ਕੇ ਰਾਜਾ ਕਰਮ ਸਿੰਘ ਨੇ ਆਪਣੀ ਮਾਤਾ ਨੂੰ ਕਿਹਾ ਕਿ ਹੁਣ ਤੁਸੀਂ ਮੈਨੂੰ ਰਾਜ ਪ੍ਰਬੰਧ ਸੌਂਪ ਦੇਵੋ। ਆਸ ਕੌਰ ਬਹੁਤ ਸਿਆਣੀ ਔਰਤ ਸੀ। ਉਸ ਨੇ ਕਿਹਾ ਕਿ ਬੇਟਾ ਰਾਜਾ ਜੀ, ਸਾਰਾ ਮੁਲਕ ਤੇਰਾ ਹੈ, ਜਿਸ ਵੇਲੇ ਚਾਹੋ ਸੰਭਾਲ ਲਵੋ। ਸਾਨੂੰ ਰਿਆਸਤ ਦੇ ਪ੍ਰਬੰਧ ਵਿੱਚ ਹੱਥ ਰੱਖਣ ਦੀ ਕੋਈ ਚਾਹਨਾ ਨਹੀਂ ਹੈ। ਸੋ, ਉਸੇ ਦਿਨ ਤੋਂ ਹੀ ਰਾਜਾ ਕਰਮ ਸਿੰਘ ਨੇ ਆਪਣੇ ਆਦਮੀਆਂ ਨੂੰ ਵੱਡੇ-ਵੱਡੇ ਅਹੁਦਿਆਂ 'ਤੇ ਰੱਖ ਲਿਆ ਤੇ ਨੰਦ ਰਾਏ ਮਿਸਰ ਨੂੰ ਉਸੇ ਵਜ਼ੀਰੀ 'ਤੇ ਰੱਖ ਲਿਆ, ਪਰੰਤੂ ਉਸ ਦੇ ਸਾਥੀਆਂ ਦੇ ਅਹੁਦੇ ਘਟਾ ਦਿੱਤੇ ਸਨ, ਜਿਸ 'ਤੇ ਨੰਦ ਰਾਏ ਨੇ ਸਮਝ ਲਿਆ ਸੀ ਕਿ ਇੱਥੇ ਹੁਣ ਗੁਜ਼ਾਰਾ ਕਰਨਾ ਔਖਾ ਹੈ। ਸੋ, ਜਵਾਲਾਮੁੱਖੀ ਦੇ ਦਰਸ਼ਨਾਂ ਦਾ ਬਹਾਨਾ ਕਰ ਕੇ ਚਲਾ ਗਿਆ, ਜਿੱਥੋਂ ਮੁੜਦਾ 1 ਅਕਤੂਬਰ, 1818 ਨੂੰ ਰਾਹ ਵਿੱਚ ਹੀ ਮਰ ਗਿਆ। ਮਿਸਰ ਨੰਦ ਰਾਏ ਦੀਆਂ ਸੇਵਾਵਾਂ ਪਟਿਆਲ਼ਾ ਦਰਬਾਰ ਲਈ ਬੜੀਆਂ ਲਾਭਦਾਇਕ ਰਹੀਆਂ।

ਰਾਜਾ ਕਰਮ ਸਿੰਘ ਆਪਣੀ ਮਾਤਾ ਦੀ ਬਹੁਤ ਇੱਜ਼ਤ ਕਰਦਾ ਸੀ, ਪਰ ਜਾਇਦਾਦ ਬੜੀ ਭੈੜੀ ਚੀਜ਼ ਹੈ ਆਪਣਿਆਂ ਵਿੱਚ ਵੈਰ ਪਵਾ ਦਿੰਦੀ ਹੈ। ਇਸੀ ਤਰ੍ਹਾਂ ਮਾਂ-ਪੁੱਤ ਵਿੱਚ ਸਨੌਰ ਦੀ ਜਾਇਦਾਦ ਨੂੰ ਲੈ ਕੇ ਝਗੜਾ ਹੋ ਗਿਆ। ਆਸ ਕੌਰ ਨੇ ਆਪਣੀ ਸਿਆਣਪ ਨਾਲ ਇਹ ਜਾਇਦਾਦ 50 ਹਜ਼ਾਰ ਤੋਂ ਵਧਾ ਕੇ ਦੋ ਲੱਖ ਤਕ ਕਰ ਲਈ ਸੀ। ਕਰਮ ਸਿੰਘ ਚਾਹੁੰਦਾ ਸੀ ਕਿ ਰਾਣੀ 50 ਹਜ਼ਾਰ ਆਪਣੇ ਕੋਲ ਰੱਖੇ ਤੇ 2 ਲੱਖ ਮੈਨੂੰ ਦੇ ਦੇਵੇ। ਇਸੇ ਗੱਲ ਤੋਂ ਫ਼ਸਾਦ ਹੋਇਆ। ਬਰਕਤ ਅਲੀ ਖ਼ਾਂ ਵਜ਼ੀਰ ਦਾ ਇੱਕ ਪਠਾਣ ਨਾਲ, ਜੋ ਮਹਾਰਾਣੀ ਦਾ ਨੌਕਰ ਸੀ, ਨਾਲ ਝਗੜਾ ਹੋਇਆ, ਜਿਸ ਵਿੱਚ ਲਗ-ਪਗ ਛੇ ਆਦਮੀ ਮਾਰੇ ਗਏ ਤੇ ਕਈ ਫੱਟੜ ਹੋ ਗਏ।

ਕਰਮ ਸਿੰਘ ਨੇ ਇਸ ਮੌਕੇ ਦਾ ਫ਼ਾਇਦਾ ਉਠਾਇਆ ਤੇ ਮਹਾਰਾਣੀ ਆਸ ਕੌਰ 'ਤੇ ਇਹ ਦੋਸ਼ ਲਾਇਆ ਕਿ ਮਹਾਰਾਣੀ ਸਾਹਿਬ ਫ਼ਸਾਦ ਕਰ ਕੇ ਰਿਆਸਤ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈਣਾ ਚਾਹੁੰਦੀ ਹੈ। ਸੋ, ਇਸੇ ਦੌਰ 'ਚ ਪੋਲੀਟੀਕਲ ਅਫ਼ਸਰ ਨੂੰ ਬੁਲਾਇਆ ਗਿਆ, ਤਾਂ ਜੁ ਸਮਝੌਤਾ ਕਰਵਾ ਦੇਵੇ। ਅਫ਼ਸਰ ਨੇ ਆ ਕੇ ਫ਼ੈਸਲਾ ਕਰਵਾ ਦਿੱਤਾ। ਉਸ ਨੇ ਰਾਜਾ ਸਾਹਿਬ ਨੂੰ ਕਿਹਾ ਕਿ ਰਿਆਸਤ ਦੇ ਮਾਲਕ ਤੁਸੀਂ ਹੋ, ਤੁਹਾਡਾ ਹੀ ਹੁਕਮ ਚੱਲੇਗਾ। ਮਹਾਰਾਣੀ ਆਸ ਕੌਰ ਨੇ ਫ਼ੈਸਲਾ ਪ੍ਰਵਾਨ ਕਰ ਲਿਆ। ਮਾਈ ਆਸ ਕੌਰ ਆਪਣੀ ਜਾਗੀਰ ਸਨੌਰ ਵਿੱਚ ਚਲੀ ਗਈ ਤੇ ਤੋਸ਼ਾਖ਼ਾਨਾ ਵਿੱਚ ਜੋ ਕੁਝ ਸੀ, ਉਹ ਵੀ ਨਾਲ ਲੈ ਗਈ। ਦੂਜੀ ਦੋ ਲੱਖ ਦੀ ਜਾਗੀਰ ਵੀ ਉਸ ਦੇ ਕਬਜ਼ੇ ਵਿੱਚ ਸੀ। ਪਰੰਤੂ ਫਿਰ ਮਾਂ-ਪੁੱਤ ਵਿੱਚ ਸਮਝੌਤਾ ਨਾ ਹੋ ਸਕਿਆ। ਬਹੁਤ ਸਾਰੇ ਹੀਲੇ-ਵਸੀਲੇ ਕੀਤੇ ਗਏ। ਅੰਗਰੇਜ਼ਾਂ ਨੇ ਵੀ ਵਿਚੋਲਗੀ ਕੀਤੀ, ਪਰ ਦੋਹਾਂ ਵਿੱਚੋਂ ਕੋਈ ਧਿਰ ਮੰਨਣ ਨੂੰ ਤਿਆਰ ਨਹੀਂ ਸੀ। ਆਖ਼ਰ ਕਰਮ ਸਿੰਘ ਨੂੰ ਝੁਕਣਾ ਪਿਆ ਤੇ ਆਪਣੀ ਮਾਂ ਦੇ ਪੈਰਾਂ 'ਤੇ ਸਿਰ ਰੱਖ ਕੇ ਉਸ ਦੀ ਹਰ ਆਗਿਆ ਦਾ ਪਾਲਣ ਕਰਨ ਦਾ ਵਚਨ ਦਿੱਤਾ। ਫੇਰ ਇਹ ਕਲੇਸ਼ ਖ਼ਤਮ ਹੋਇਆ। ਇਸ ਵਿੱਚ ਰਾਜਾ ਕਰਮ ਸਿੰਘ ਨੇ ਸਿਆਣਪ ਵਰਤੀ ਤੇ ਆਪਣੀ ਮਾਂ ਨੂੰ ਦਰ-ਦਰ 'ਤੇ ਫ਼ਰਿਆਦੀ ਹੋਣ ਤੋਂ ਬਚਾ ਲਿਆ।

ਰਾਜਾ ਕਰਮ ਸਿੰਘ ਦੇ ਘਰ ਮੱਘਰ ਵਦੀ 7 ਸੰਮਤ 1880 ਬਿ. ਨੂੰ ਰਾਜਾ ਨਰਿੰਦਰ ਸਿੰਘ ਵਲੀ ਐਹਦ ਨੇ ਜਨਮ ਲਿਆ। ਇਹ ਖ਼ਬਰ ਸੁਣ ਕੇ ਆਸ ਕੌਰ ਪਟਿਆਲ਼ੇ ਚਲੀ ਆਈ। ਇਸ ਨੇ ਬੜੀ ਖ਼ੁਸ਼ੀ ਕੀਤੀ ਤੇ ਆਪਣਾ ਸਾਰਾ ਮਾਲ-ਅਸਬਾਬ ਰਾਜਾ ਕਰਮ ਸਿੰਘ ਦੇ ਹਵਾਲੇ ਕਰ ਦਿੱਤਾ ਤੇ ਪਟਿਆਲ਼ੇ ਹੀ ਰਹਿਣ ਲੱਗ ਪਈ, ਜਿਥੇ ਸੰਮਤ 1891 ਬਿ. ਨੂੰ ਅਕਾਲ ਚਲਾਣਾ ਕਰ ਗਈ।

ਨਾਭੇ ਤੇ ਪਟਿਆਲ਼ੇ ਦਾ ਝਗੜਾ ਕਾਫ਼ੀ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਸੀ। ਭਾਵੇਂ ਦੋਹਾਂ ਰਿਆਸਤਾਂ ਵਿੱਚ 1807 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਮਝੌਤਾ ਕਰਵਾ ਦਿੱਤਾ ਸੀ, ਪਰ ਇਹ ਮਸਲਾ 1827 ਈ. ਵਿੱਚ ਖੜ੍ਹਾ ਹੋ ਗਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਪਿੰਡ ਫੂਹਾਲਾ ਬਹਾਦਰ ਪਾਸ ਜੋ ਲੜਾਈ ਹੋਈ, ਇਹ ਕੇਵਲ ਗ਼ੁਲਾਮ ਰਸੂਲ ਖ਼ਾਂ ਬੇਨੋੜ ਵਾਲੇ ਦੀ ਲੂਣ-ਹਰਾਮੀ ਸੀ, ਕਿਉਂਕਿ ਉਹ ਰਾਜਾ ਜਸਵੰਤ ਸਿੰਘ ਨਾਭੇ ਵਾਲੇ ਤੋਂ ਨਰਾਜ਼ ਹੋ ਕੇ ਪਟਿਆਲ਼ੇ ਚਲਾ ਆਇਆ ਤੇ ਸਾਰੇ ਭੇਦ ਦੱਸ ਕੇ ਉਸ ਨਾਭੇ ਨੂੰ ਬੜਾ ਨੁਕਸਾਨ ਪਹੁੰਚਾਇਆ। ਇਸ ਜੰਗ ਵਿੱਚ ਗਿਆਨੀ ਗਿਆਨ ਸਿੰਘ ਦਾ ਭੁੱਫੜ ਸ੍. ਖੜਕ ਸਿੰਘ ਮਾਨ ਵੀ ਸ਼ਹੀਦ ਹੋ ਗਿਆ। ਹੋਰ ਬਹੁਤ ਸਾਰੇ ਨਾਭੇ ਦੇ ਸਰਦਾਰ ਮਾਰੇ ਗਏ। ਬਾਕੀ ਪਿੰਡ ਨਰਮਾਨਾ, ਛੋਹੜੀ ਆਦਿਕ ਪਾਸ ਪਟਿਆਲ਼ੇ ਨਾਭੇ ਦੀ ਕਈ ਵਾਰ ਮੁੱਠਭੇੜ ਹੋਈ, ਪਰੰਤੂ 1891 ਨੂੰ ਇੱਕ ਪਿੰਡ ਗੋਸਹੇੜੀ ਇਲਾਕਾ ਪਟਿਆਲ਼ਾ ਤੇ ਫੂਕਸਹੇੜੀ ਇਲਾਕਾ ਨਾਭਾ ਦੀ ਸਰਹੱਦ ਦਾ ਫਿਰ ਝਗੜਾ ਹੋਇਆ। ਦੂਜਾ ਪਿੰਡ ਭਰੋੜਾ ਤੇ ਕਾਂਗੜਾ ਬਾਬਤ ਰੌਲ਼ਾ

ਪੈ ਗਿਆ। ਤੀਜਾ ਹਰਮਾਨਾ ਪਿੰਡ ਬਾਬਤ ਇੰਨਾ ਫ਼ਸਾਦ ਵਧਿਆ ਕਿ ਲੜਾਈ ਤਕ ਨੌਬਤ ਪੁੱਜ ਗਈ। ਦੋਹਾਂ ਧਿਰਾਂ ਦੇ ਸੈਂਕੜੇ ਆਦਮੀ ਮਾਰੇ ਗਏ, ਜਿਸ ਦਾ ਫ਼ੈਸਲਾ ਕਰਾਣ ਵਾਸਤੇ ਅੰਗਰੇਜ਼ਾਂ ਨੂੰ ਵੀ ਬੜਾ ਯਤਨ ਕਰਨਾ ਪਿਆ ਪਰੰਤੂ ਫਿਰ ਆਪਸ ਵਿੱਚ ਹੀ ਝਗੜਾ ਮੁੱਕ ਗਿਆ। ਡਾ. ਭਗਤ ਸਿੰਘ ਨੇ ਸਿੱਖ ਮਿਸਲਾਂ ਦੇ ਇਤਿਹਾਸ ਵਿੱਚ ਪਿੰਡ ਦੋਲਚੀ ਦਾ ਹੀ ਜ਼ਿਕਰ ਕੀਤਾ ਹੈ, ਕਿਉਂਕਿ ਪਹਿਲਾਂ ਵੀ ਇਸੇ ਪਿੰਡ ਨੂੰ ਲੈ ਕੇ ਝਗੜਾ ਹੋਇਆ ਸੀ।

ਕੰਵਰ ਅਜੀਤ ਸਿੰਘ 1866 ਬਿ. ਮੁਤਾਬਕ ਸੰਨ 1809 ਈ. ਨੂੰ ਪੈਦਾ ਹੋਇਆ ਸੀ। ਸੰਨ 1835 ਈ. ਨੂੰ ਉਹ ਅਜ਼ਾਦ ਹੋ ਗਿਆ ਤੇ ਘਰ ਵਿੱਚ ਅਪਰਾਧੀਆਂ ਨੂੰ ਪਨਾਹ ਦੇਣ ਲੱਗ ਪਿਆ। ਜਦ ਮਹਾਰਾਜਾ ਸਾਹਿਬ ਨੇ ਇਹਨਾਂ ਗੱਲਾਂ ਤੋਂ ਰੋਕਣਾ ਚਾਹਿਆ ਤਾਂ ਆਪਣੀ ਮਾਤਾ ਨੂੰ ਨਾਲ ਲੈ ਕੇ ਦਿੱਲੀ ਵੱਲ ਨੂੰ ਚਲਾ ਗਿਆ। ਉੱਥੇ ਜਾ ਕੇ ਰਿਆਸਤ ਨੂੰ ਅੱਧਾ ਵੰਡਾਉਣ ਦੇ ਦਾਅਵੇ ਕਰਦਾ ਰਿਹਾ, ਜਿਸ ਤੋਂ ਬੜੇ ਭਾਰੇ ਕਰਜ਼ੇ ਹੇਠ ਦੱਬ ਗਿਆ ਤੇ ਬੜੀ ਮੁੱਦਤ ਤਕ ਐਧਰ-ਓਧਰ ਫਿਰਦਾ ਰਿਹਾ। ਜਦ ਰਾਜਾ ਕਰਮ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਪਟਿਆਲੇ ਬੁਲਾ ਲਿਆ, ਤਾਂ ਕਿ ਬਦਨਾਮੀ ਨਾ ਹੋਵੇ। ਉਹਦਾ ਸਾਰਾ ਕਰਜ਼ਾ ਉਤਾਰ ਦਿੱਤਾ, ਪੰਜਾਹ ਹਜ਼ਾਰ ਦੀ ਜਾਗੀਰ ਦੇ ਦਿੱਤੀ ਤੇ ਕੁਝ ਚਿਰ ਮਗਰੋਂ ਉਹਦਾ ਵਿਆਹ ਕਰ ਦਿੱਤਾ।

ਪਟਿਆਲ਼ਾ ਰਿਆਸਤ ਅੰਗਰੇਜ਼ੀ ਰਾਜ ਦੀ ਸੁਰੱਖਿਆ ਵਿੱਚ ਆ ਗਿਆ ਤਾਂ ਪਟਿਆਲ਼ਾ ਸਟੇਟ ਦੇ ਸਾਰੇ ਅਧਿਕਾਰ, ਕੋਈ ਵੀ ਵੱਡਾ ਫ਼ੈਸਲਾ ਲੈਣ ਦੇ ਖ਼ਤਮ ਹੋ ਗਏ। ਰਿਆਸਤ ਦਾ ਕੋਈ ਵੀ ਵੱਡਾ ਤੇ ਛੋਟਾ ਮੁੱਦਾ ਹੁੰਦਾ, ਉਸ ਨੂੰ ਪਹਿਲਾਂ ਅੰਗਰੇਜ਼ੀ ਸਰਕਾਰ ਨਾਲ ਵਿਚਾਰਿਆ ਜਾਂਦਾ। ਇਸ ਤਰ੍ਹਾਂ ਪਟਿਆਲ਼ਾ ਰਿਆਸਤ ਦੀ ਖ਼ੁਦਮੁਖ਼ਤਿਆਰੀ ਜਾਂਦੀ ਰਹੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜਾ ਕਰਮ ਸਿੰਘ ਨੇ ਜੋ ਅੰਗਰੇਜ਼ੀ ਸਰਕਾਰ ਦੀ ਮਦਦ ਕੀਤੀ, ਉਸ ਦੀ ਸ਼ਰਮਿੰਦਗੀ ਦਾ ਮਾਰਿਆ ਰਾਜਾ ਕਰਮ ਸਿੰਘ ਫੇਰੂ ਸ਼ਹਿਰ ਦੀ ਲੜਾਈ ਵਿੱਚ ਮਾਰਿਆ ਗਿਆ, ਕਿਉਂਕਿ ਇਸ ਨੇ 1845 ਈ. ਨੂੰ ਜਦ ਅੰਗਰੇਜ਼ਾਂ ਦੀ ਲਾਹੌਰ ਦਰਬਾਰ ਨਾਲ ਲੜਾਈ ਹੋ ਗਈ ਤਾਂ ਇਸ ਨੇ ਖੁੱਲਮ-ਖੁੱਲ੍ਹਾ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਸਹਾਇਤਾ ਲਈ ਆਪਣੀ ਫ਼ੌਜ ਭੇਜਣ ਅਤੇ ਰਸਦ ਪੁਚਾਣ ਵਿੱਚ ਕੋਈ ਫ਼ਰਕ ਨਹੀਂ ਸੀ ਰੱਖਿਆ। 30 ਦਸੰਬਰ, 1845 ਤੋਂ ਦੂਜੇ ਦਿਨ ਰਾਜਾ ਕਰਮ ਸਿੰਘ ਮਰ ਗਿਆ ਸੀ।

ਰਾਜਾ ਨਰਿੰਦਰ ਸਿੰਘ 1880 ਬਿ. ਮੁਤਾਬਕ ਸੰਨ 1823 ਨੂੰ ਜਨਮਿਆ ਸੀ ਤੇ 1846 ਈ. ਨੂੰ 23 ਸਾਲ ਦੀ ਉਮਰ ਵਿੱਚ ਪਿਤਾ ਦੀ ਜਗ੍ਹਾ ਗੱਦੀ 'ਤੇ ਬੈਠਿਆ। ਇਹ ਵੀ ਆਪਣੇ ਪਿਤਾ ਵਾਂਗ ਬੜਾ ਸਮਝਦਾਰ ਨਿਕਲਿਆ। ਕਈ ਗੱਲਾਂ ਵਿੱਚ ਪਿਤਾ ਨਾਲੋਂ ਵੀ ਵੱਧ ਸੀ। ਇਸ ਨੇ ਵੀ ਲਾਹੌਰ ਦਰਬਾਰ ਦੇ ਟਾਕਰੇ 'ਤੇ ਅੰਗਰੇਜ਼ਾਂ ਦੀ ਹਰ

ਤਰ੍ਹਾਂ ਮਦਦ ਕੀਤੀ, ਜਿਸ ਕਰ ਕੇ ਕਈ ਅੰਗਰੇਜ਼ ਅਫ਼ਸਰਾਂ ਨੇ ਇਸ ਦੀ ਤਾਰੀਫ਼ ਆਪਣੀਆਂ ਡਾਇਰੀਆਂ ਵਿੱਚ ਕੀਤੀ। ਲੜਾਈ ਤੋਂ ਬਾਅਦ ਸਰਕਾਰ ਨੇ ਸਤਲੁਜ ਦੇ ਪਾਰ ਦੇ ਰਈਸਾਂ ਬਾਬਤ ਆਪਣੀ ਪਾਲਸੀ ਬਦਲ ਲਈ। ਸਿਵਾਏ ਪਟਿਆਲ਼ਾ, ਨਾਭਾ, ਜੀਂਦ, ਫ਼ਰੀਦਕੋਟ ਤੇ ਮਲੇਰਕੋਟਲਾ, ਛਛਰੌਲੀ, ਰਾਏਕੋਟ, ਮਮਦੋਟ, ਬੂੜੀਆਂ, ਦਿਪਾਲਗੜ੍ਹ ਰਿਆਸਤਾਂ ਦੇ, ਬਾਕੀ ਸਾਰੀਆਂ ਦੇ ਦੀਵਾਨੀ ਤੇ ਫ਼ੌਜਦਾਰੀ ਅਖ਼ਤਿਆਰ ਖੋਹ ਕੇ ਆਮ ਜ਼ਿਮੀਂਦਾਰ ਬਣਾ ਦਿੱਤੇ।

ਮਹਾਰਾਜਾ ਨਰਿੰਦਰ ਸਿੰਘ ਨੇ 1852 ਈ. ਨੂੰ ਆਪਣੀ ਲੜਕੀ ਬਸੰਤ ਕੌਰ ਦਾ ਵਿਆਹ ਧੌਲਪੁਰ ਦੇ ਰਾਣਾ ਭਗਵੰਤ ਸਿੰਘ ਦੇ ਨਾਲ ਬੜੀ ਧੂਮ-ਧਾਮ ਨਾਲ ਕੀਤਾ, ਜਿਸ 'ਤੇ ਇਨ੍ਹਾਂ ਦਾ 14 ਲੱਖ ਰੁਪਿਆ ਖ਼ਰਚ ਆਇਆ।

ਮਹਾਰਾਜਾ ਨਰਿੰਦਰ ਸਿੰਘ ਦੇ ਗ੍ਰਹਿ ਵਿਖੇ 1852 ਈ. ਨੂੰ ਮਹਾਰਾਜ ਮਹਿੰਦਰ ਸਿੰਘ ਪੁੱਤਰ ਪੈਦਾ ਹੋਇਆ। ਇਸ ਦੇ ਜਨਮ 'ਤੇ ਬਹੁਤ ਖ਼ੁਸ਼ੀ ਮਨਾਈ ਗਈ। ਮਹਾਰਾਜਾ ਨਰਿੰਦਰ ਸਿੰਘ ਨੂੰ ਵਲਾਇਤ ਦੀ ਸੈਰ ਕਰਨ ਦਾ ਬੜਾ ਸ਼ੌਕ ਸੀ। 1857 ਦੇ ਗ਼ਦਰ ਵਿੱਚ ਮਹਾਰਾਜਾ ਨਰਿੰਦਰ ਸਿੰਘ ਨੇ ਆਪਣੇ ਸਾਰੇ ਹੀਲੇ-ਵਸੀਲੇ ਅੰਗਰੇਜ਼ ਸਰਕਾਰ ਦੇ ਹਵਾਲੇ ਕਰ ਦਿੱਤੇ। ਅੰਗਰੇਜ਼ਾਂ ਦਾ ਇਸ ਸਮੇਂ ਪੱਤਾ-ਪੱਤਾ ਵੈਰੀ ਹੋ ਰਿਹਾ ਸੀ, ਤਾਂ ਮਹਾਰਾਜਾ ਨਰਿੰਦਰ ਸਿੰਘ ਨੇ ਮਦਦ ਦੇ ਕੇ ਬਚਾ ਲਿਆ। ਮਾਲਵੇ ਦੇ ਸਿੱਖ ਮਹਾਰਾਜਾ ਪਟਿਆਲ਼ਾ ਨੂੰ ਆਪਣਾ ਲੀਡਰ ਸਮਝਦੇ ਸਨ।

ਮਹਾਰਾਜੇ ਦੀ ਗ਼ਦਰ ਵਿੱਚ ਕੀਤੀ ਸਹਾਇਤਾ ਤੋਂ ਖ਼ੁਸ਼ ਹੋ ਕੇ ਸਰਕਾਰ ਅੰਗਰੇਜ਼ੀ ਨੇ ਉਹਨਾਂ ਨੂੰ 'ਫਰਜ਼ਿੰਦੇ ਖਾਲ ਦੌਲਤ ਇੰਗਲਸ਼ੀਆ ਮਨਸੂਰ ਉਲਜ਼ਮਾਨ' ਅਮੀਰ ਉਮਰਾ ਦਾ ਖ਼ਿਤਾਬ ਦਿੱਤਾ ਤੇ ਕਦਰਦਾਨੀ ਵਜੋਂ ਨਾਰਨੌਲ ਦਾ ਦੋ ਲੱਖ ਦਾ ਪਰਗਣਾ, ਜੋ ਨਵਾਬ ਅਬਦੁੱਲਾ ਖ਼ਾਂ ਝੱਜਰ ਵਾਲੇ ਦਾ ਸਰਕਾਰ ਨੇ ਜ਼ਬਤ ਕੀਤਾ ਹੋਇਆ ਸੀ, ਤੇ ਇੱਕ ਮਕਾਨ, ਜਿਸ ਦਾ ਨਾਮ ਜ਼ੀਨਤ ਮਹੱਲ ਸੀ ਤੇ ਜਿਸ ਵਿੱਚ ਦਿੱਲੀ ਬਾਦਸ਼ਾਹ ਦੀ ਬੇਗਮ ਰਹਿੰਦੀ ਸੀ, ਸਨਦ ਸਮੇਤ ਦਿੱਤਾ।

ਇਸ ਖ਼ੁਸ਼ੀ ਵਿੱਚ ਮਹਾਰਾਜਾ ਨਰਿੰਦਰ ਸਿੰਘ ਨੇ 20 ਹਜ਼ਾਰ ਰੁਪਏ ਦੇ ਸੋਨੇ ਦੇ ਕੜੇ ਆਪਣੇ ਕਰਮਚਾਰੀਆਂ ਅਤੇ ਸਰਦਾਰਾਂ ਵਿੱਚ ਵੰਡੇ, ਦੋਸ਼ਾਲੇ ਤੇ ਖ਼ਿਲਅਤਾਂ ਦਿੱਤੀਆਂ ਤੇ ਨਾਰਨੌਲ ਦੇ ਇਲਾਕੇ ਵਿੱਚ 9 ਹਜ਼ਾਰ ਦੀ ਜਾਗੀਰ ਦੇ 11 ਪਿੰਡ ਅਹਿਲਕਾਰਾਂ ਨੂੰ ਜਾਗੀਰ ਵਿੱਚ ਦਿੱਤੇ।

**ਸਤਾਰਾ ਹਿੰਦ ਦਾ ਖ਼ਿਤਾਬ ਤੇ ਲੈਪਾਲਕ ਬਣਾਣ ਦੀ ਆਗਯਾ :** ਹਿੰਦੁਸਤਾਨ ਦੀਆਂ ਸਾਰੀਆਂ ਰਿਆਸਤਾਂ ਦੇ ਵਾਲੀਆਂ ਨੂੰ ਇਸ ਗੱਲ ਦੀ ਚਿੰਤਾ ਲੱਗੀ ਰਹਿੰਦੀ ਸੀ ਕਿ ਜੇ ਕਦੀ ਇਹ ਸੰਤਾਨਹੀਣ ਮਰ ਗਏ, ਤਦ ਉਹਨਾਂ ਦੀ ਸਲਤਨਤ ਗਵਰਨਮੈਂਟ ਜ਼ਬਤ ਕਰ ਲਵੇਗੀ। ਇਸ ਕਰ ਕੇ ਮਹਾਰਾਜਾ ਨਰਿੰਦਰ ਸਿੰਘ ਨੇ ਉਹਨਾਂ ਸਭਨਾਂ ਤੋਂ ਦਸਤਖਤ ਕਰਵਾ ਕੇ ਹੋਮ ਗਵਰਨਮੈਂਟ ਪਾਸੋਂ ਮੁਤਬੰਨਾ (ਲੈ ਪਾਲਕ) ਬਨਾਣ ਦੀ

ਆਗਿਆ ਲੈ ਦਿੱਤੀ ਤੇ ਫੂਲ ਦੇ ਖ਼ਾਨਦਾਨ ਵਾਸਤੇ ਤਾਂ ਐਥੋਂ ਤਕ ਆਗਿਆ ਹੋ ਗਈ ਕਿ ਜੇ ਕਦੀ ਇਹਨਾਂ ਵਿੱਚੋਂ ਕੋਈ ਬਿਨਾਂ ਸੰਤਾਨ ਹੋਏ ਦੇ ਮੁਤਬੰਨਾ ਬਨਾਣ ਤੋਂ ਬਗ਼ੈਰ ਹੀ ਚਲਾਣਾ ਕਰ ਜਾਏ, ਤਦ ਬਾਕੀ ਦੀਆਂ ਦੋ ਰਿਆਸਤਾਂ ਨੂੰ ਅਖ਼ਤਿਆਰ ਹੋਵੇਗਾ ਕਿ ਆਪਣੇ ਖ਼ਾਨਦਾਨ ਵਿੱਚੋਂ ਕਿਸੇ ਨੂੰ ਉਸ ਰਿਆਸਤ ਦਾ ਰਾਜਾ ਬਣਾ ਦੇਣ। ਫੂਲ ਦੇ ਰਾਜਿਆਂ ਨੇ ਮੁਤਬੰਨਾ ਬਨਾਣ ਦੀ ਜੋ ਦਰਖ਼ਾਸਤ ਦਿੱਤੀ ਸੀ, ਉਸ ਵਿੱਚ ਇਸ ਤੋਂ ਛੁੱਟ ਹੋਰ ਵੀ ਗੱਲਾਂ ਦੀ ਮੰਗ ਸੀ :

1. ਫਾਂਸੀ ਦੀ ਸਜ਼ਾ ਦੇਣ ਦਾ ਅਖ਼ਤਿਆਰ
2. ਤੀਵੀਆਂ ਦਾ ਰਾਜ ਦਰਬਾਰ ਦੇ ਕੰਮ ਵਿੱਚ ਦਖ਼ਲ
3. ਨਾਬਾਲਗ ਰਈਸ ਦੀ ਮੌਜੂਦਗੀ ਵਿੱਚ ਕੌਂਸਲ ਦਾ ਬਨਾਣਾ।

ਇਹ ਤਿੰਨੇ ਗੱਲਾਂ ਗਵਰਨਮੈਂਟ ਨੇ ਮੰਨ ਲਈਆਂ। ਚੌਥੀ ਗੱਲ ਦੀ ਇਹ ਮੰਗ ਕੀਤੀ ਗਈ ਕਿ ਇਸ ਖ਼ਾਨਦਾਨ ਦੀਆਂ ਤੀਵੀਆਂ ਦੀ ਕਿਸੇ ਤਰ੍ਹਾਂ ਦੀ ਸ਼ਿਕਾਇਤ ਅੰਗਰੇਜ਼ ਨਾ ਸੁਣ ਸਕਣਗੇ। ਇਹ ਗੱਲ ਅਪਰਵਾਨ ਕਰਦੇ ਹੋਏ ਕਿਹਾ ਗਿਆ ਕਿ ਜੇ ਕਦੀ ਕਿਸੇ ਤੀਵੀਂ ਨਾਲ ਅਨਿਆਏ ਹੋਵੇ, ਤਦ ਇਨਸਾਫ਼ ਦੇ ਵਾਸਤੇ ਉਸ ਦੀ ਕੀਤੀ ਦਰਖ਼ਾਸਤ ਦਾ ਸੁਣਿਆ ਜਾਣਾ ਜ਼ਰੂਰੀ ਹੈ। ਅਜੇਹੀ ਹਾਲਤ ਵਿੱਚ ਚੁਪ ਰੈਹਿਣਾ ਇਨਸਾਫ਼ ਦਾ ਖ਼ੂਨ ਕਰਨਾ ਹੈ। ਇਸ ਕਰ ਕੇ ਜਦ ਫ਼ਰੀਦਕੋਟ ਦੇ ਰਈਸ ਨੇ ਆਪਣੀਆਂ ਭਾਵਜਾਂ ਨੂੰ ਕੈਦ ਕਰ ਲਿਆ ਸੀ, ਤਦ ਸਰਕਾਰ ਨੇ ਇਹਨਾਂ ਦੁਖੀਆਂ ਦੀ ਸਹਾਇਤਾ ਕਰ ਕੇ ਛੁਟਕਾਰਾ ਕਰਾ ਲਿਆ। ਸੋ, ਇਹ ਸਾਰਾ ਮਹਾਰਾਜਾ ਨਰਿਦਰ ਸਿੰਘ ਦੀ ਸਿਆਣਪ ਦਾ ਸਿੱਟਾ ਹੈ, ਜੋ ਸਾਰੀਆਂ ਰਿਆਸਤਾਂ ਨੂੰ ਕਾਇਮ ਰੱਖ ਗਿਆ।

ਜਨਵਰੀ, 1862 ਵਿੱਚ ਮਹਾਰਾਜਾ ਨਰਿੰਦਰ ਸਿੰਘ ਕੌਂਸਲ ਦੇ ਜਲਸੇ ਵਿੱਚ ਸ਼ਾਮਲ ਹੋਣ ਵਾਸਤੇ ਕਲਕੱਤੇ ਗਏ ਤੇ ਜਦ ਤਕ ਕੌਂਸਲ ਦਾ ਇਜਲਾਸ ਹੁੰਦਾ ਰਿਹਾ, ਆਪ ਉੱਥੇ ਰਹੇ। ਕੌਂਸਲ ਦਾ ਕੰਮ ਮੁੱਕ ਜਾਣ 'ਤੇ ਵਾਪਸ ਪਟਿਆਲ਼ੇ ਆ ਗਏ। ਨਵੰਬਰ 1862 ਨੂੰ ਆਪ ਬੁਖ਼ਾਰ ਨਾਲ ਬਿਮਾਰ ਹੋ ਗਏ। ਬੁਖ਼ਾਰ ਸਧਾਰਨ ਸੀ, ਪਰੰਤੂ ਮੌਤ ਦੀ ਘੜੀ ਆ ਗਈ। ਆਪ 13 ਨਵੰਬਰ, ਸੰਨ 1862 ਈ. ਨੂੰ 39 ਸਾਲਾਂ ਦੀ ਉਮਰ ਵਿੱਚ ਚਲਾਣਾ ਕਰ ਗਏ। ਰਿਆਸਤ ਪਟਿਆਲ਼ੇ ਨੂੰ ਅਜਿਹਾ ਦੂਰਦਰਸ਼ੀ ਤੇ ਦਾਨਾ ਰਾਜੇ ਦਾ ਚਲਾਣਾ ਘਾਟੇਵੰਦਾ ਸੀ, ਕਿਉਂਕਿ ਇਸ ਤੋਂ ਪਹਿਲਾਂ ਐਨਾ ਸਿਆਣਾ ਰਾਜਾ ਤਖ਼ਤ 'ਤੇ ਬੈਠਾ ਨਹੀਂ ਸੀ। ਇਹ ਮਹਾਰਾਜਾ ਬੜਾ ਸਹਿਣਸ਼ੀਲ, ਸੰਤਾਂ ਦਾ ਮਿੱਤਰ ਤੇ ਹੌਂਸਲੇ ਵਾਲਾ ਸੀ। ਫ਼ਕੀਰਾਂ ਦੀ ਸੇਵਾ ਦਾ ਬੜਾ ਧਿਆਨ ਰੱਖਿਆ ਜਾਂਦਾ ਸੀ। ਬਰਸਾਤ ਦੇ 4 ਮਹੀਨੇ ਸੰਤਾਂ, ਸਾਧਾਂ ਤੇ ਫ਼ਕੀਰਾਂ ਨੂੰ, ਜਿਨ੍ਹਾਂ ਦੀ ਗਿਣਤੀ ਦਸ ਹਜ਼ਾਰ ਤਕ ਹੁੰਦੀ ਸੀ, ਨਿਤਾਪ੍ਰਤੀ ਬੜੇ ਚੰਗੇ ਤੋਂ ਚੰਗੇ ਭੋਜਨ ਵੰਡੇ ਜਾਂਦੇ ਸਨ, ਜਿਸ 'ਤੇ ਇੱਕ ਲੱਖ ਰੁਪਏ ਤੋਂ ਉੱਪਰ ਹਰ ਸਾਲ ਖ਼ਰਚ ਹੋ ਜਾਂਦਾ ਸੀ।

ਮਹਾਰਾਜਾ ਮਹਿੰਦਰ ਸਿੰਘ ਦਾ ਜਨਮ 16 ਸਤੰਬਰ, 1852 ਨੂੰ ਹੋਇਆ।

ਮਹਾਰਾਜਾ ਨਰਿੰਦਰ ਸਿੰਘ ਦੀ ਥਾਂ 'ਤੇ 29 ਜਨਵਰੀ, 1863 ਨੂੰ (10) ਦਸ ਸਾਲ ਦੀ ਉਮਰ ਵਿੱਚ ਗੱਦੀ 'ਤੇ ਬੈਠਾ। ਇਸ ਲਈ ਰਿਆਸਤ ਦਾ ਕੰਮ-ਕਾਜ ਕੌਂਸਲ ਆਫ਼ ਰਿਜੈਂਸੀ ਚਲਾਉਂਦੀ ਰਹੀ। ਫ਼ਰਵਰੀ 26, 1870 ਨੂੰ ਕੌਂਸਲ ਵੱਲੋਂ ਮਹਾਰਾਜਾ ਸਾਹਿਬ ਨੂੰ ਕੰਮ ਕਰਨ ਦੀ ਇਜਾਜ਼ਤ ਮਿਲੀ। ਕਹਿਣ ਤੋਂ ਭਾਵ ਪੂਰੇ ਅਖ਼ਤਿਆਰ ਮਿਲੇ। ਮਹਾਰਾਜਾ ਮਹਿੰਦਰ ਸਿੰਘ ਦੀ ਅਮਲਦਾਰੀ ਵਿੱਚ ਸਰਹੰਦ, ਕਰਨਾਲ, ਰੋਪੜ ਤੋਂ ਕੱਢਣੀ ਤਜਵੀਜ਼ ਹੋਈ, ਜਿਸ 'ਤੇ ਇੱਕ ਕਰੋੜ ਤੇਈ ਲੱਖ ਰੁਪਿਆ ਰਿਆਸਤ ਦੇ ਹਿੱਸੇ ਦਾ ਖ਼ਰਚ ਹੋਇਆ। ਅੰਗਰੇਜ਼ੀ ਭਾਸ਼ਾ ਦੇ ਗਿਆਤਾ ਇਹ ਪਹਿਲੇ ਪਟਿਆਲ਼ੇ ਦੇ ਮਹਾਰਾਜੇ ਸਨ। ਆਪ ਜੀ ਨੂੰ ਵਿੱਦਿਆ ਨਾਲ ਅਥਾਹ ਪ੍ਰੇਮ ਸੀ। ਸੰਨ 1870 ਈ. ਵਿੱਚ ਇਹਨਾਂ ਨੇ ਯੂਨੀਵਰਸਿਟੀ ਪੰਜਾਬ ਨੂੰ 70,000 ਰੁਪਏ ਦਾਨ ਦਿੱਤਾ। ਸੰਨ 1871 ਵਿੱਚ ਗਵਰਨਮੈਂਟ ਵੱਲੋਂ ਆਪ ਨੂੰ ਜੀ.ਸੀ.ਐੱਸ.ਆਈ. ਦਾ (ਨਾਈਟ ਗ੍ਰੈਂਡ ਕਮਾਂਡ ਤਬਕਾ ਏ ਅਲੀ ਸਤਾਰਾ ਏ ਹਿੰਦ) ਦਾ ਖ਼ਿਤਾਬ ਮਿਲਿਆ। ਸੰਨ 1871 ਵਿੱਚ ਬੰਗਾਲ ਦੇ ਦੁਰਭਿੱਖ ਗ੍ਰਸੇ ਦੁਖੀਆਂ ਦੀ ਸਹਾਇਤਾ ਲਈ ਮਹਾਰਾਜਾ ਨੇ ਦਸ ਲੱਖ ਰੁਪਿਆ ਦਿੱਤਾ।

29 ਮਾਰਚ, ਸੰਨ 1875 ਨੂੰ ਵਾਇਸਰਾਇ ਹਿੰਦ (Earl Norttbook) ਦੇ ਪਟਿਆਲ਼ੇ ਆਉਣ ਸਮੇਂ ਮਹਾਰਾਜਾ ਸਾਹਿਬ ਨੇ ਮਹੇਂਦਰਾ ਕਾਲਜ ਦੀ ਨਿਉਂ ਰੱਖੀ, ਜਿਸ ਵਿੱਚ ਸਭ ਨੂੰ ਮੁਫ਼ਤ ਵਿੱਦਿਆ ਮਿਲਦੀ ਸੀ। ਮਹਾਰਾਜਾ ਮਹਿੰਦਰ ਸਿੰਘ ਜੀ ਕੱਦਾਵਰ, ਦਲੇਰ, ਚਤੁਰ ਅਤੇ ਵੱਡੇ ਸ਼ਾਹਸਵਾਰ ਸਨ। ਆਪ ਨੂੰ ਸ਼ਿਕਾਰ ਅਤੇ ਸੈਰ ਦਾ ਬਹੁਤ ਸ਼ੌਂਕ ਸੀ। ਸ਼ੋਕ ਹੈ ਕਿ ਆਪ ਜੀ ਦੀ ਉਮਰ ਵਿੱਚ ਬਰਕਤ ਨਾ ਹੋਈ। 4 ਅਪਰੈਲ, 1876 ਨੂੰ ਆਪ ਜੀ ਅਕਾਲ ਚਲਾਣਾ ਕਰ ਗਏ। ਰਿਆਸਤ ਵਿੱਚ ਭਾਰੀ ਸ਼ੋਕ ਮਨਾਇਆ ਗਿਆ।

ਮਹਾਰਾਜਾ ਮਹਿੰਦਰ ਸਿੰਘ ਇੱਕ ਪੜ੍ਹੇ ਲਿਖੇ, ਸਮਝਦਾਰ ਤੇ ਲਾਇਕ ਮਹਾਰਾਜੇ ਸਨ। ਆਪ ਨੇ ਆਪਣੀ ਰਿਆਸਤ ਦੀ ਪਰਜਾ ਦੀ ਬੇਹਤਰੀ ਲਈ ਬਹੁਤ ਕਾਰਜ ਕੀਤੇ। ਮਹਿੰਦਰਾ ਕਾਲਜ ਦੀ ਨੀਂਹ ਰੱਖੀ। 60,000 ਰੁਪਿਆ ਇਸ ਦੇ ਖ਼ਰਚ ਲਈ ਮਨਜ਼ੂਰ ਕੀਤਾ। ਮਾਸਟਰ ਰਾਮਚੰਦ ਸਾਹਿਬ ਡਾਇਰੈਕਟਰ ਨਿਯਤ ਹੋਏ ਤੇ ਲਾਲਾ ਗਿਰਧਾਰੀ ਲਾਲ ਸਾਹਿਬ ਇੱਕ ਹੋਰ ਮੱਜਣ ਇਨਸਪੈਕਟਰ ਬਣੇ। ਮਹਾਰਾਜਾ ਮਹਿੰਦਰ ਸਿੰਘ ਨੇ ਆਪਣੀ ਰਿਆਸਤ ਵਿੱਚ ਥਾਂ-ਥਾਂ 'ਤੇ ਸਕੂਲ ਖੋਹਲੇ ਤੇ ਕਾਲਜ ਬਣਾਇਆ, ਫੇਰ ਜ਼ਿਮੀਂਦਾਰਾਂ ਦੇ ਲਾਭ ਲਈ ਨਹਿਰ ਦਾ ਪ੍ਰਬੰਧ ਕੀਤਾ। ਫੇਰ ਥਾਂ-ਥਾਂ 'ਤੇ ਹਸਪਤਾਲ ਬਣਵਾ ਦਿੱਤੇ, ਤਾਂ ਕਿ ਲੋਕੀ ਉੱਥੋਂ ਦਵਾਈ ਲੈ ਕੇ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਣ।

1874 ਈ. ਵਿੱਚ ਮਹਾਰਾਜਾ ਜੀ ਫ਼ਰੀਦਕੋਟ ਗਏ, ਉੱਥੇ ਬਿਕ੍ਰਮਾ ਸਿੰਘ ਜੀ ਨੇ ਤਖ਼ਤ 'ਤੇ ਬੈਠਣਾ ਸੀ। ਫਿਰ ਇਸੇ ਸਾਲ ਨਵੰਬਰ ਵਿੱਚ ਦੀਵਾਲ਼ੀ ਦੇ ਮੌਕੇ 'ਤੇ

ਹਰਿਮੰਦਰ ਸਾਹਿਬ ਦਰਬਾਰ ਸਾਹਿਬ ਅੰਮ੍ਰਿਤਸਰ ਗਏ। ਉੱਥੇ 18 ਹਜ਼ਾਰ ਰੁਪਏ ਦਾ ਮੱਥਾ ਟੇਕਿਆ। 51 ਹਜ਼ਾਰ ਦੀ ਅਰਦਾਸ ਕਰਵਾਈ ਕਿ ਇਸ ਦੀ ਆਮਦਨੀ ਨਾਲ ਹਮੇਸ਼ਾ ਲੰਗਰ ਜਾਰੀ ਰਹੇ।

1875 ਵਿੱਚ ਦਿੱਲੀ ਗਵਰਨਰ ਸਾਹਿਬ ਨੇ ਦਰਬਾਰ ਕੀਤਾ, ਜਿਸ ਵਿੱਚ ਮਹਾਰਾਜਾ ਸਾਹਿਬ ਸ਼ਾਮਲ ਹੋਏ। ਜਦ ਜੂਨ, 1876 ਨੂੰ ਸ਼ਾਹਜ਼ਾਦਾ ਵੇਲਜ ਹਿੰਦੋਸਤਾਨ ਵਿੱਚ ਆਏ ਤਾਂ ਮਹਾਰਾਜਾ ਸਾਹਿਬ ਨੇ ਸਭ ਤੋਂ ਪਹਿਲਾਂ ਕਲਕੱਤੇ ਅੱਪੜ ਕੇ ਮੁਲਾਕਾਤ ਕੀਤੀ ਤੇ ਫਿਰ ਮਹਾਰਾਜ ਸਾਹਿਬ ਨੇ ਵਾਪਸ ਪਟਿਆਲ਼ੇ ਆ ਕੇ ਰਾਜਪੁਰੇ ਦੇ ਮੁਕਾਮ 'ਤੇ ਸ਼ਾਹਜ਼ਾਦਾ ਨਾਲ ਦੂਜੀ ਵੇਰ ਮੁਲਾਕਾਤ ਕੀਤੀ।

ਮਹਾਰਾਜ ਮਹਿੰਦਰ ਸਿੰਘ ਨੂੰ ਸ਼ਰਾਬ ਪੀਣ ਦੀ ਲਤ ਲੱਗ ਗਈ ਸੀ। ਇੱਕ ਦਿਨ ਸ਼ਿਕਾਰ ਖੇਡ ਕੇ ਆਉਂਦਿਆਂ ਹੀ ਸ਼ਰਾਬ ਦਾ ਗਲਾਸ ਪੀ ਲਿਆ, ਜੋ ਆਪ ਦੇ ਵਾਸਤੇ ਜ਼ਹਿਰ ਬਣ ਗਿਆ। ਆਪ ਬਿਨਾਂ ਕੁਝ ਬੋਲੇ ਅਕਾਲ ਚਲਾਣਾ ਕਰ ਗਏ।

ਮਹਾਰਾਜਾ ਮਹਿੰਦਰ ਸਿੰਘ ਦੀ ਮੌਤ ਤੋਂ ਬਾਅਦ ਪਟਿਆਲ਼ਾ ਰਿਆਸਤ ਦਾ ਪ੍ਰਬੰਧ ਕੌਂਸਲ ਆਫ਼ ਰਿਜੈਂਸੀ ਦੇ ਹੱਥ ਆ ਗਿਆ। ਸਰਦਾਰ ਦੇਵਾ ਸਿੰਘ ਕੇ.ਸੀ.ਐੱਸ.ਈ. ਤੇ ਦੂਜੇ ਮੈਂਬਰਾਂ ਦੀ ਤਨਖ਼ਾਹ ਇੱਕੋ ਜਿੰਨੀ 16-16 ਸੌ ਰੁਪਿਆ ਨਿਯਤ ਹੋਈ। ਪ੍ਰੈਜ਼ੀਡੈਂਟ ਸਰਦਾਰ ਦੇਵਾ ਸਿੰਘ ਦੀ ਤਨਖ਼ਾਹ 1800 ਰੁ. ਨਿਯਤ ਹੋਈ ਸੀ, ਪਰੰਤੂ ਉਹਨਾਂ ਨੇ ਨੇਕ ਨੀਅਤੀ ਨਾਲ 200 ਰੁ. ਮਹਾਰਾਜਾ ਰਾਜਿੰਦਰ ਸਿੰਘ ਦੀ ਭੇਟਾ ਕਰ ਦਿੱਤਾ। ਜਦੋਂ ਮਹਾਰਾਜਾ ਮਹਿੰਦਰ ਸਿੰਘ ਜੀ ਨੇ ਅਕਾਲ ਚਲਾਣਾ ਕੀਤਾ, ਉਦੋਂ ਮਹਾਰਾਜਾ ਰਾਜਿੰਦਰ ਸਿੰਘ ਦੀ ਉਮਰ ਕੇਵਲ 4 ਸਾਲ ਦੀ ਸੀ। ਮਹਾਰਾਜਾ ਰਾਜਿੰਦਰ ਸਿੰਘ ਦਾ ਜਨਮ 25 ਮਈ, 1872 ਨੂੰ ਹੋਇਆ। ਉਹਨਾਂ ਦੀ ਗੱਦੀ-ਨਸ਼ੀਨੀ ਦੀ ਰਸਮ ਲਾਰਡ ਲਾਇਟਨ (Lord Lyteen) ਦੀ ਦੇਖ-ਰੇਖ ਹੇਠ ਜਨਵਰੀ 6, 1877 ਨੂੰ ਹੋਈ।

ਕੌਂਸਲ ਆਫ਼ ਰਿਜੈਂਸੀ ਦੇ ਪ੍ਰੈਜ਼ੀਡੈਂਟ ਸਰਦਾਰ ਦੇਵਾ ਸਿੰਘ ਬੜੇ ਦਾਨਾ, ਸਮਝਦਾਰ, ਸ਼ਰੀਫ਼ ਤੇ ਨੇਕ ਨੀਅਤ ਆਦਮੀ ਸਨ। ਆਪਣੀ ਪ੍ਰਧਾਨਗੀ ਵਿੱਚ 14 ਸਾਲ ਕੌਂਸਲ ਨੇ ਅਜਿਹਾ ਸੋਹਣਾ ਮੁਲਕ ਦਾ ਪ੍ਰਬੰਧ ਕੀਤਾ ਕਿ ਗਵਰਨਮੈਂਟ ਤੇ ਪਰਜਾ ਦੋਨੋਂ ਖ਼ੁਸ਼ ਹੋ ਗਏ। ਨੈਹਿਰ, ਰੇਲ, ਹਸਪਤਾਲ, ਡਾਕਖ਼ਾਨੇ, ਸਕੂਲ ਤੇ ਕਾਲਜ ਇਸੇ ਕੌਂਸਲ ਦੇ ਸਮੇਂ ਵਿੱਚ ਬਣੇ। ਇੰਨਾ ਖ਼ਰਚ 'ਤੇ ਵੀ ਜਦ ਇਸ ਕੌਂਸਲ ਨੇ ਆਪਣਾ ਹਿਸਾਬ ਦਿੱਤਾ, ਤਾਂ ਇੱਕ ਕਰੋੜ ਰੁਪਿਆ ਨਕਦ ਖ਼ਜ਼ਾਨੇ ਵਿੱਚ ਮੌਜੂਦ ਸੀ।

ਜੋ ਤਰੱਕੀ ਇਸ ਕੌਂਸਲ ਦੇ ਸਮੇਂ ਵਿੱਚ ਪਟਿਆਲ਼ਾ ਰਾਜ ਨੂੰ ਹੋਈ, ਇਸ ਤੋਂ ਪਹਿਲਾਂ ਕਿਸੇ ਰਾਜੇ ਦੇ ਵੇਲੇ ਨਹੀਂ ਸੀ ਹੋਈ, ਸ੍. ਦੇਵਾ ਸਿੰਘ ਦੀ ਵਿਰੋਧੀ ਪਾਰਟੀ ਸਦਾ ਹੀ ਇਹਨਾਂ ਨੂੰ ਬਦਨਾਮ ਕਰਨ ਵਿੱਚ ਲੱਗੀ ਰਹੀ, ਪਰੰਤੂ 'ਸਾਚ ਨੂੰ ਆਂਚ ਨਹੀਂ' ਦੀ ਗੱਲ 'ਤੇ ਇਹ ਸਦਾ ਹੀ ਦ੍ਰਿੜ੍ਹ ਰਹੇ।

ਮਹਾਰਾਜਾ ਰਾਜਿੰਦਰ ਸਿੰਘ ਦੀ ਭੈਣ ਦਾ ਵਿਆਹ ਇਸੇ ਕੌਂਸਲ ਦੇ ਸਮੇਂ ਸ਼ਾਹਜ਼ਾਦਪੁਰ ਦੇ ਰਈਸ ਸਰਦਾਰ ਜੀਵਨ ਸਿੰਘ ਦੇ ਨਾਲ ਹੋਇਆ। ਇਸ ਵਿਆਹ

'ਤੇ 20 ਲੱਖ ਰੁਪਏ ਖ਼ਰਚ ਹੋਇਆ।

ਅਕਤੂਬਰ, 1890 ਵਿੱਚ ਮਹਾਰਾਜਾ ਰਾਜਿੰਦਰ ਸਿੰਘ ਸਾਹਿਬ ਨੂੰ ਅਖ਼ਤਿਆਰ ਮਿਲੇ ਤੇ ਕੌਂਸਲ ਆਫ਼ ਰਿਜੈਂਸੀ ਦਾ ਸਮਾਂ ਸਮਾਪਤ ਹੋਇਆ। ਮਹਾਰਾਜਾ ਰਾਜਿੰਦਰ ਸਿੰਘ ਹੁਸ਼ਿਆਰ, ਪੜ੍ਹੇ-ਲਿਖੇ, ਲਾਇਕ ਤੇ ਨੌਜਵਾਨ ਮਹਾਰਾਜਾ ਸਨ। ਇਨ੍ਹਾਂ ਦੇ ਖ਼ਿਆਲ ਬੜੇ ਉੱਚੇ ਤੇ ਆਜ਼ਾਦ ਸਨ। ਪੋਲੋ ਤੇ ਘੋੜ-ਦੌੜ ਵਿੱਚ ਇਹਨਾਂ ਨੂੰ ਇੰਨੀ ਮਹਾਰਤ ਸੀ ਕਿ ਵੱਡੇ-ਵੱਡੇ ਅੰਗਰੇਜ਼ ਖਿਡਾਰੀ ਵੀ ਇਹਨਾਂ ਦੇ ਸਾਹਮਣੇ ਕੁਝ ਨਹੀਂ ਸਨ। ਵਿੱਦਿਆ ਦੇ ਬੜੇ ਸ਼ੌਕੀਨ ਸਨ। ਖ਼ਾਲਸਾ ਕਾਲਜ ਦੇ ਖੋਲ੍ਹਣ ਸਮੇਂ ਡੇਢ ਲੱਖ ਰੁਪਿਆ ਇਹਨਾਂ ਨੇ ਦਿੱਤਾ। 1891 ਈ. ਵਿੱਚ ਆਪ ਜੀ ਦੇ ਗ੍ਰਿਹ ਵਿਖੇ ਸਪੁੱਤਰ ਪੈਦਾ ਹੋਇਆ। ਮਹਾਰਾਜਾ ਰਾਜਿੰਦਰ ਸਿੰਘ ਕ੍ਰਿਕਟ, ਘੋੜ-ਦੌੜ, ਪੋਲੋ ਤੇ ਸ਼ਿਕਾਰ ਖੇਡਣ ਦੇ ਵੀ ਬੜੇ ਸ਼ੁਕੀਨ ਸਨ। 1897 ਵਿੱਚ ਮਹਾਰਾਜਾ ਸਾਹਿਬ ਪਿਸ਼ਾਵਰ ਜਾਣ ਲਈ ਮੋਤੀ ਬਾਗ਼ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ। ਉੱਥੇ ਜਦ ਭਾਈ ਗਿਆਨ ਸਿੰਘ ਗਿਆਨੀ ਜੀ ਨੇ ਅਰਦਾਸਾ ਕਰ ਕੇ ਮਹਾਰਾਜਾ ਸਾਹਿਬ ਦੇ ਵਾਸਤੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਅਵਾਜ਼ ਲਈ ਤਦ ਹੁਕਮ ਹੋਇਆ :

***"ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥***
***ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥"*** *(ਅੰਗ : ੨੫੮)*

ਇਹ ਹੁਕਮ ਸੁਣਕੇ ਖ਼ੁਸ਼ੀ-ਖ਼ੁਸ਼ੀ ਪ੍ਰਸਾਦ ਲੈ ਕੇ ਮਹਿਲਾਂ ਵਿੱਚ ਗਏ। ਮਾਤਾਵਾਂ ਨੂੰ ਮੱਥਾ ਟੇਕ ਕੇ ਅਸੀਸ ਲਈ। ਉਸੇ ਦਿਨ ਇੱਕ ਵਜੇ ਦੀ ਗੱਡੀ 'ਤੇ ਆਪਣੇ ਖ਼ਾਸ-ਖ਼ਾਸ ਮੁਸਾਹਿਬਾਂ ਸਮੇਤ ਰਵਾਨਾ ਹੋ ਗਏ। 13 ਸਤੰਬਰ ਨੂੰ ਸਵੇਰੇ ਪਿਸ਼ਾਵਰ ਪੁੱਜੇ, ਜਿੱਥੇ ਆਪ ਦੇ ਸਵਾਗਤ ਲਈ ਦੋ ਕੰਪਨੀਆਂ ਪਿਸ਼ਾਵਰ ਦਾ ਡਿਪਟੀ ਕਮਿਸ਼ਨਰ ਤੇ ਰਈਸ ਇਕੱਤਰ ਸਨ। ਨਿਯਮ ਪੂਰਵਕ ਮਹਾਰਾਜਾ ਸਾਹਿਬ ਦੀ ਸਲਾਮੀ ਹੋਈ। ਸਾਰੇ ਰਈਸਾਂ ਨੇ ਫ਼ਤਿਹ ਬੁਲਾਈ ਤੇ ਖ਼ੁਸ਼ੀ ਮਨਾਈ। ਮਹਾਰਾਜਾ ਸਾਹਿਬ ਜੰਗ ਦੇ ਰੰਗ ਵਿੱਚ ਮੱਤੇ ਹੋਏ ਸਨ। ਪ੍ਰਸਾਦ ਛੱਕ ਕੇ ਉਸੇ ਦਿਨ ਡਾਕ ਤੇ ਸਵਾਰ ਹੋ ਰਾਤ ਨੂੰ ਸ਼ਬਦਕਰ ਜਾ ਪੁੱਜੇ। ਉਸ ਵੇਲੇ ਉੱਥੇ ਬ੍ਰਿਗੇਡ ਦੀ ਜਰਨੈਲੀ ਹੋ ਰਹੀ ਸੀ। ਜਰਨਲ ਏਲੀਅਡ ਤੇ ਬਲੋਂਡ ਸਾਹਿਬ ਮਹਾਰਾਜ ਨੂੰ ਜਰਨੈਲੀ ਵਿੱਚ ਲੈ ਗਏ। ਮਹਾਰਾਜਾ ਦੀ ਸਲਾਮੀ ਹੋਈ। 14 ਸਤੰਬਰ ਨੂੰ ਉੱਥੇ ਮੁਕਾਮ ਰਿਹਾ, ਸਾਰੇ ਅੰਗਰੇਜ਼ ਅਫ਼ਸਰਾਂ ਨੂੰ ਮਿਲੇ। ਲੋੜ ਅਨੁਸਾਰ ਲੜਾਈ ਦਾ ਸਮਾਨ ਲਿਆ। ਇੱਕ ਅੱਸੂ ਮੁਤਾਬਕ 15 ਸਤੰਬਰ ਸਬਕਦਰ ਤੋਂ ਘੋੜੇ 'ਤੇ ਸਵਾਰ ਹੋ ਕੇ ਲੜਾਈ ਲਈ ਅੱਗੇ ਵਧੇ। ਇਸ ਦਿਨ 25 ਮੀਲ ਦਾ ਪੰਧ ਬੜਾ ਡਰਾਵਣਾ ਤੇ ਖ਼ਤਰਨਾਕ ਲੰਘਣਾ ਪਿਆ, ਜਿਸ ਵਿੱਚ 7-8 ਮੀਲ ਮਹਾਰਾਜਾ ਸਾਹਿਬ ਨੂੰ ਪੈਦਲ ਜਾਣਾ ਪਿਆ। ਇੱਕ ਤਾਂ ਪਾਣੀ ਨਹੀਂ ਮਿਲਿਆ, ਦੂਜਾ ਮਹਾਰਾਜਾ ਸਾਹਿਬ ਨੂੰ ਧੁੱਪ ਤੇ ਗਰਮੀ ਦਾ ਜ਼ੋਰ ਵੀ ਸਹਿਣਾ ਪਿਆ। ਤੀਜਾ ਦੁਸ਼ਮਣ ਦਾ ਖ਼ਤਰਾ ਸੀ ਕਿ ਕਿਸੇ ਪਰਬਤ ਤੋਂ ਨਾ ਨਿਕਲ ਆਉਣ। ਇਸ ਤਰ੍ਹਾਂ ਨਾਲ ਗੰਧਾਰ ਪੜਾਓ 'ਤੇ

ਪੁੱਜ ਕੇ ਨਦੀ ਦਾ ਪਾਣੀ ਪੀਤਾ। ਖਾਣਾ ਵੀ ਲਾਂਗਰੀ ਦੇ ਨਾ ਪੁੱਜ ਸਕਣ ਦੇ ਕਾਰਨ ਸਰਦਾਰਾਂ ਨੂੰ ਤਯਾਰ ਕਰਨਾ ਪਿਆ। ਤਿੰਨ ਦਿਨ ਉੱਥੇ ਮੁਕਾਮ ਰੱਖ ਕੇ ਮੁਲਕ ਦੇ ਹਾਲ ਤੇ ਠਾਉ ਮਲੂਮ ਕੀਤੇ ਤੇ ਰਸਦ ਆਦਿਕ ਸਮਾਨ ਵੰਡੇ। 19 ਸਤੰਬਰ 15 ਅੱਸੂ ਨੂੰ ਸਵੇਰੇ 5 ਵਜੇ ਰਵਾਨਾ ਹੋ ਕੇ ਦੁਸ਼ਮਣ ਦੇ ਮੁਲਕ ਵਿੱਚ ਜਨਰਲ ਏਲੀਆ ਸਾਹਿਬ 11 ਮੀਲ ਹਾਕੀ ਦੇ ਪੜਾਓ 'ਤੇ ਪੁੱਜੇ। ਇਸ ਦਿਨ ਦੁਸ਼ਮਣ ਦੇ ਢੋਲ-ਢਮੱਕੇ ਦੀ ਅਵਾਜ਼ ਤੇ ਝੰਡੀਆਂ ਵਿਖਾਈ ਦੇਂਦੀਆਂ ਰਹੀਆਂ, ਪਰ ਲੜਾਈ ਕੋਈ ਨਹੀਂ ਹੋਈ, ਦੁਸ਼ਮਣ ਦੱਬਿਆ ਰਿਹਾ। 16 ਅੱਸੂ ਨੂੰ ਹਾਕੀ ਤੋਂ ਚੱਲ ਕੇ ਲਕਰੇਈ 'ਤੇ ਜਾ ਪੁੱਜੇ। ਲੜਾਈ ਤਾਂ ਇਸ ਦਿਨ ਵੀ ਨਹੀਂ ਹੋਈ, ਪਰੰਤੂ ਅੰਗਰੇਜ਼ੀ ਫ਼ੌਜ ਦੇ ਆਦਮੀ ਪਠਾਣਾਂ ਦੇ ਹੱਥੋਂ ਮਾਰੇ ਗਏ ਤੇ ਰਾਤ ਦੇ ਵੇਲੇ ਦੁਸ਼ਮਣ ਦੀਆਂ ਝੰਡੀਆਂ ਬਲ਼ਦੀ ਅੱਗਾਂ ਦੀ ਰੋਸ਼ਨੀ ਨਾਲ ਦਿਖਾਈ ਦਿੰਦੀਆਂ ਰਹੀਆਂ। 7 ਤਰੀਕ ਨੂੰ ਲਕਰੇਈ ਤੋਂ ਚੱਲ ਕੇ ਜਦ ਸ਼ੈਬਗੀ ਦੇ ਪੜਾਓ 'ਤੇ ਪੁੱਜੇ, ਤਦ ਸ਼ਾਮ ਤੋਂ ਲੜਾਈ ਸ਼ੁਰੂ ਹੋਈ, ਸਵੇਰ ਦੇ ਤਿੰਨ ਵਜੇ ਤਕ ਦੁਸ਼ਮਣ ਵੱਲੋਂ ਲੜਾਈ ਚੱਲ ਕੇ ਮਹਾਰਾਜਾ ਸਾਹਿਬ ਦੇ ਕੈਂਪ ਤੇ ਵਸਦੀ ਰਹੀ। ਬਹੁਤ ਸਾਰੇ ਆਦਮੀ ਤੇ ਘੋੜੇ-ਖੱਚਰ ਮਾਰੇ ਗਏ। ਸਵੇਰੇ ਦੇ ਸੱਤ ਵਜੇ ਫੈਰੀ 'ਤੇ ਧਾਵਾ ਕੀਤਾ ਗਿਆ। ਲਕਰੇਈ ਤੋਂ ਜਦ ਅੱਗੇ ਵਧੇ, ਤਦ ਦੋਨਾਂ ਪਾਸਿਆਂ ਤੋਂ ਮਹਾਰਾਜੇ ਦੀ ਫ਼ੌਜ 'ਤੇ ਗੋਲ਼ੀਆਂ ਦਾ ਮੀਂਹ ਵਸਣ ਲੱਗਾ ਤੇ ਇਧਰੋਂ ਵੀ ਫੈਰੀ ਨੂੰ ਮੂੰਹ-ਤੋੜ ਉੱਤਰ ਮਿਲਦਾ ਰਿਹਾ। ਆਖ਼ਰਕਾਰ ਬੇਦੀਨੀ ਦੇ ਪੜਾਓ 'ਤੇ ਪੁੱਜ ਕੇ ਕਰਨੈਲ ਹੀਰਾ ਸਿੰਘ ਆਪਣੀ ਫ਼ੌਜ ਨੂੰ ਨਾਲ ਲੈ ਕੇ ਬਿਜਲੀ ਦੀ ਤਰ੍ਹਾਂ ਕੜਕ ਕੇ ਸ਼ੱਤਰੂ 'ਤੇ ਜਾ ਪਿਆ। ਪੂਰੀ ਉਮੀਦ ਸੀ ਕਿ ਮਹਾਰਾਜਾ ਦੀ ਸੈਨਾ ਮਿੰਟਾਂ ਸਕਿੰਟਾਂ ਵਿੱਚ ਹੀ ਦੁਸ਼ਮਣ ਦਾ ਸਫ਼ਾਇਆ ਕਰ ਕੇ ਰਠਤ ਕਰ ਲੈਂਦੀ ਕਿ ਇੰਨੇ ਨੂੰ 13 ਨਵੰਬਰ ਨੂੰ ਅੰਗਰੇਜ਼ੀ ਰਜਮੈਂਟ ਇਸ ਰਸਾਲੇ ਦੀ ਮਦਦ ਨੂੰ ਜਾ ਪੁੱਜੀ। ਕਰਨੈਲ ਹੀਰਾ ਸਿੰਘ ਦੇ ਰਸਾਲੇ ਨੂੰ ਵਾਪਸ ਕੀਤਾ ਗਿਆ। ਇਸ ਦਿਨ ਦੋਨਾਂ ਤਰਫ਼ਾਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ। ਫਿਰ ਤਾਂ ਮਹਾਰਾਜਾ ਸਾਹਿਬ ਵੀ ਬੀਰ ਰਸ ਵਿੱਚ ਰੰਗੇ ਦੁਸ਼ਮਣਾਂ ਦੇ ਪਿੰਡਾਂ ਨੂੰ ਸਾੜਦੇ, ਫ਼ਸਲਾਂ ਉਜਾੜਦੇ, ਜੋ ਸਾਹਮਣੇ ਆਉਂਦਾ, ਮੌਤ ਦੇ ਘਾਟ ਉਤਾਰਦੇ ਅੱਗੇ ਵਧਦੇ ਚਲੇ ਗਏ। ਓਸ ਦਿਨ ਤੇ ਰਾਤ ਲੜਾਈ ਹੁੰਦੀ ਰਹੀ, ਸਵੇਰੇ ਨੂੰ ਬਹੁਤ ਸਾਰੇ ਦੁਸ਼ਮਣ ਮੋਏ ਹੋਏ ਦੇਖੇ ਗਏ। ਇੱਧਰ ਤਾਂ ਸਰਬ ਲੋਹ ਦੀ ਰੱਖਿਆ ਕਿਲ੍ਹੇ ਦੇ ਕਾਰਨ ਬਣੀ ਰਹੀ। 12 ਅੱਸੂ ਦਾ ਮੁਕਾਮ ਜਰੇਬੀ ਸੀ, ਇਹ ਹੀ ਥਾਂ ਅਸਲ ਫ਼ਸਾਦੀਆਂ ਦਾ ਕੇਂਦਰ ਅਸਥਾਨ ਸੀ। ਜਦ ਉੱਧਰ ਕੂਚ ਕੀਤਾ, ਤਦ ਉੱਧਰ ਸਾਰਾ ਦਿਨ ਬਰਾਬਰ ਲੜਾਈ ਹੁੰਦੀ ਰਹੀ। ਜਰੇਬੀ ਦੇ ਜਦ ਨੇੜੇ ਪੁੱਜੇ ਤਾਂ ਦੁਸ਼ਮਣ ਨੱਸ ਗਿਆ। ਮੁਲਹਾਡੇ ਦੇ ਮੁਕਾਮ 'ਤੇ ਜਿੱਥੇ ਪਾਣੀ ਆਦਿਕ ਦਾ ਪ੍ਰਬੰਧ ਸੀ, ਵਾਪਸ ਆ ਗਏ, ਬੜੀ ਖ਼ੁਸ਼ੀ ਮਨਾਈ ਗਈ। ਦੂਜੇ ਦਿਨ ਸਵੇਰੇ ਉੱਥੋਂ ਚੱਲ ਕੇ 11 ਵਜੇ ਪਦਾਖੇਲ ਵਿੱਚ ਅੱਪੜੇ। ਇਸ ਦਿਨ ਵੀ ਥੋੜ੍ਹੀ-ਥੋੜ੍ਹੀ ਲੜਾਈ ਹੁੰਦੀ ਰਹੀ। ਦੂਜੇ ਦਿਨ ਇੱਥੋਂ ਚੱਲ ਕੇ ਕੋਂਗ ਦੇ

ਮੁਕਾਮ 'ਤੇ ਆ ਪੁੱਜੇ। ਇਸ ਲੜਾਈ ਦੀ ਫ਼ਤਿਹ ਹੋਣ 'ਤੇ ਮਹਾਰਾਜਾ ਸਾਹਿਬ ਦੇ ਨਾਮ ਦੀ ਧੁੰਮ ਪੈ ਗਈ। ਇਸੇ ਥਾਂ ਤੋਂ ਵਾਪਸ ਮੁੜਨ ਦੀ ਆਗਿਆ ਲੈ ਕੇ 14 ਅੱਸੂ ਮੁਤਾਬਕ 28 ਨਵੰਬਰ ਨੂੰ ਸ਼ਾਗਿਰਦ ਪੇਸ਼ਾ ਸਮੇਤ ਪਟਿਆਲ਼ਾ ਨੂੰ ਰਵਾਨਾ ਹੋ ਗਏ। ਇਸ ਦਿਨ ਫ਼ਤਿਹ ਦੀ ਖ਼ੁਸ਼ੀ ਵਿੱਚ ਮਹਾਰਾਜਾ ਸਾਹਿਬ ਨੇ ਤਿੰਨ ਪੜਾਉ ਕੂਚ ਕਰ ਕੇ ਗੰਧਾਬ 'ਤੇ ਆ ਡੇਰਾ ਕੀਤਾ। ਇਸੇ ਜਗ੍ਹਾ 'ਤੇ ਮਹਾਰਾਜਾ ਸਾਹਿਬ ਨਾਭਾ ਦੀ ਫ਼ੌਜ ਦੀ ਫਤਹ ਸੁਣ ਬੜੀ ਖ਼ੁਸ਼ੀ ਕੀਤੀ। ਕਰਨੈਲ ਸ਼ਮਸ਼ੇਰ ਸਿੰਘ, ਬਸੰਤ ਸਿੰਘ ਮੇਜਰ ਤੇ ਬਖ਼ਸ਼ੀਸ਼ ਸਿੰਘ ਐਜੀਟਨ ਆਦਿਕ ਆ ਕੇ ਮਿਲੇ ਤੇ ਦਾਵਤ ਵਿੱਚ ਸ਼ਾਮਲ ਹੋਏ। 29 ਨੂੰ ਇੱਥੋਂ ਚੱਲ ਕੇ ਸੰਧਯਾ ਨੂੰ ਸਾਰੇ ਲੋਹੇ ਦੇ ਸਗੀਰ ਵਾਲੇ ਦੇਵਤਾ ਸਰੂਪ ਸਮਝਦੇ ਸਨ। ਮਹਾਰਾਜਾ ਸਾਹਿਬ ਦੀ ਫ਼ਤਿਹ ਪਾ ਕੇ ਆਉਣ ਦੀ ਖ਼ਬਰ ਦੀ ਹੁਣ ਸਾਰੇ ਸ਼ਹਿਰ ਤੇ ਛਾਵਣੀ ਪਿਸ਼ਾਵਰ ਵਿੱਚ ਧੁੰਮ ਪੈ ਗਈ। ਸਾਰੇ ਲੋਕ ਦਰਸ਼ਨਾਂ ਨੂੰ ਆਏ, ਮਿਲੇ-ਗਿਲੇ, ਜੈਕਾਰੇ ਗਜਾਏ ਦੇ ਖ਼ੁਸ਼ੀ ਦੇ ਹੁਰਰੇ ਬੁਲਾਏ। 16 ਅੱਸੂ ਨੂੰ ਗੱਡੀ 'ਤੇ ਸਵਾਰ ਹੋਣ ਸਮੇਂ ਮਹਾਰਾਜਾ ਦੀ ਪੂਰੀ ਸਲਾਮੀ ਹੋਈ। ਅੰਗਰੇਜ਼ੀ ਵਾਜਾ ਵੱਜਿਆ। ਸ਼ਹਿਰ ਦੇ ਸਿੱਖਾਂ ਨੇ ਮਹਾਰਾਜਾ ਸਾਹਿਬ 'ਤੇ ਫੁੱਲਾਂ ਦੀ ਵਰਖਾ ਕੀਤੀ। ਰਾਹ ਵਿੱਚ ਗੁੱਜਰਾਂਵਾਲਾ ਆਦਿਕ ਸ਼ਹਿਰਾਂ ਦੇ ਸਿੱਖਾਂ ਨੇ ਮਹਾਰਾਜ ਸਾਹਿਬ ਦੇ ਫ਼ਤਿਹ ਪਾ ਕੇ ਮੁੜਨ 'ਤੇ ਇਹਨਾਂ ਦੀ ਗੱਡੀ 'ਤੇ ਫੁੱਲਾਂ ਦੀ ਵਰਖਾ ਕੀਤੀ ਤੇ ਜੈਕਾਰੇ ਗਜਾਏ। ਲੁਧਿਆਣੇ ਦੇ ਮੁਕਾਮ 'ਤੇ ਸਰਦਾਰ ਬਲਵੰਤ ਸਿੰਘ ਜੀ ਰਈਸ ਭਦੌੜ ਨੇ ਡਾਲੀ ਆਦਿਕ ਤੋਹਫ਼ੇ ਪੇਸ਼ ਕੀਤੇ, ਖ਼ੁਸ਼ੀ ਦਾ ਵਾਜਾ ਵਜਾਇਆ।

ਇਸ ਲੜਾਈ ਵਿੱਚ ਮਹਾਰਾਜਾ ਸਾਹਿਬ ਦੇ ਨਾਲ ਜਰਨੈਲ ਪ੍ਰੀਤਮ ਸਿੰਘ, ਕਰਨਲ ਹੀਰਾ ਸਿੰਘ, ਕਰਨਲ ਚੰਦਾ ਸਿੰਘ, ਸਰਦਾਰ ਵਰਿਆਮ ਸਿੰਘ, ਰਾਏਪੁਰਯਾ ਮੇਜਰ ਸੋਵਾ ਸਿੰਘ, ਸੁਪਰਡੈਂਟ ਸਕਾਟ ਸਾਹਿਬ, ਡਾਲਟਰ ਓਮਟ ਸਾਹਿਬ, ਗੰਦੇਰ ਸਿੰਘ ਜੀ, ਸਰਦਾਰ ਜਵਾਹਰ ਸਿੰਘ ਦਾ ਪੁੱਤਰ ਹਰਦਿੱਤ ਸਿੰਘ, ਘਨੱਯਾ ਸਿੰਘ ਨਫ਼ਰ, ਜਮਾਂਦਾਰ ਕਿਸ਼ਨ ਸਿੰਘ ਰੁੜੇਕਾ, ਕਿਸ਼ਨ ਸਿੰਘ ਜਮਾਂਦਾਰ ਸੋਧੀਏਕਾ, ਬੀਰ ਸਿੰਘ ਲਾਂਗਰੀ, ਮੰਗਲ ਸਿੰਘ ਮਾਸ਼ਕੀ, ਗੁਰਦਿੱਤ ਸਿੰਘ ਸੈਤ ਖ਼ਾਲਸਾ ਇਹ ਪ੍ਰਤਿਸ਼ਠਤ ਤੇ ਹੋਰ 33 ਸਵਾਰ ਸਨ।

ਪਟਿਆਲ਼ੇ ਵਿੱਚ ਮਹਾਰਾਜੇ ਦੇ ਫ਼ਤਿਹ ਪਾਉਣ ਦੀ ਖ਼ੁਸ਼ੀ ਵਿੱਚ ਭਾਰੀ ਜਲਸਾ ਹੋਇਆ, ਜਿਸ ਵਿੱਚ ਵੱਡੇ-ਵੱਡੇ ਨਾਮਵਰ ਅੰਗਰੇਜ਼ ਅਫ਼ਸਰ ਸ਼ਾਮਲ ਹੋਏ। ਲੈਫ਼ਟੀਮੈਂਟ ਗਵਰਨਰ ਯੰਗ ਸਾਹਿਬ ਬਹਾਦਰ ਤੇ ਹਿਜ਼ ਐਕਸੇਲੈਂਸੀ ਵਾਇਸਰਾਏ ਲਾਰਡ ਕਰਜ਼ਨ ਆਦਿਕ ਆਏ। ਇਸ ਤੋਂ ਇਲਾਵਾ ਮਾਲਵੇ ਦੇ ਰਈਸ ਵੀ ਸ਼ਾਮਲ ਹੋਏ। ਵਾਇਸਰਾਏ ਨੇ ਮਹਾਰਾਜਾ ਸਾਹਿਬ ਦੀ ਬਹਾਦਰੀ ਦੀ ਬੜੀ ਪ੍ਰਸੰਸਾ ਕੀਤੀ ਤੇ ਇੱਕ ਤਮਗਾ 'ਦੀ ਮੋਸਟ ਅਗਜਾਲਟਰ ਆਫ਼ ਦੀ ਸਟਾਰ ਆਫ਼ ਇੰਡੀਆ' ਆਪਣੇ ਹੱਥਾਂ ਨਾਲ ਪਾ ਕੇ ਅੰਗਰੇਜ਼ੀ ਢੰਗ ਨਾਲ ਹੁਰਰੇ ਤੇ ਖ਼ੁਸ਼ੀ ਦੇ ਜੈਕਾਰੇ ਗਜਾਏ।

ਮਹਾਰਾਜਾ ਸਾਹਿਬ ਪਟਿਆਲ਼ਾ ਨੂੰ ਵਾਇਸਰਾਏ ਦਰਬਾਰ ਵਿੱਚ ਪੰਜਾਬ ਦੇ ਰਈਸਾਂ ਵਿੱਚੋਂ ਅੱਵਲ ਤੇ ਮਹਾਰਾਜਾ ਜੰਮੂ ਤੋਂ ਦੂਜੇ ਦਰਜੇ ਦੀ ਜਗ੍ਹਾ ਮਿਲਦੀ ਸੀ। 21 ਤੋਪਾਂ ਦੀ ਸਲਾਮੀ ਹੁੰਦੀ ਸੀ। ਇਸ ਰਿਆਸਤ ਵਿੱਚ 8-9 ਹਜ਼ਾਰ ਦੇ ਕਰੀਬ ਹੈ, ਜਿਸ ਵਿੱਚ 17 ਫ਼ੌਜੀ ਅੰਗਰੇਜ਼ੀ ਤਰੀਕੇ ਦਾ ਤਿਆਰ ਹੋਇਆ, ਜੋ ਅੰਗਰੇਜ਼ਾਂ ਦੀ ਮਦਦ ਲਈ ਤਿਆਰ ਰਹਿੰਦਾ ਸੀ ਤੇ ਅੰਗਰੇਜ਼ੀ ਫ਼ੌਜ ਦੇ ਨਾਲ ਸਾਲ ਕੈਂਪ ਆਫ਼ ਐਕਸਰਸਾਈਜ਼ ਨਾਲ ਸ਼ਾਮਲ ਹੁੰਦਾ ਸੀ। ਮਹਾਰਾਜਾ ਰਾਜਿੰਦਰ ਸਿੰਘ ਨੇ ਬਾਰਾਦਰੀ ਪਟਿਆਲ਼ਾ ਦੀ ਉਸਾਰੀ ਕਰਵਾਈ। ਮਹਾਰਾਜਾ ਰਾਜਿੰਦਰ ਸਿੰਘ ਨਵੰਬਰ 8, 1900 ਨੂੰ ਅਕਾਲ ਚਲਾਣਾ ਕਰ ਗਿਆ। ਉਸ ਸਮੇਂ ਉਸ ਦੀ ਉਮਰ 28 ਸਾਲ ਦੀ ਸੀ।

ਮਹਾਰਾਜਾ ਰਾਜਿੰਦਰ ਸਿੰਘ ਤੋਂ ਉਹਨਾਂ ਦਾ ਸਪੁੱਤਰ ਸ੍. ਭੁਪਿੰਦਰ ਸਿੰਘ ਗੱਦੀ 'ਤੇ ਬਿਰਾਜਮਾਨ ਹੋਇਆ। ਇਸ ਦਾ ਜਨਮ 12 ਅਕਤੂਬਰ, 1891 ਨੂੰ ਹੋਇਆ। ਮਹਾਰਾਜਾ ਭੁਪਿੰਦਰ ਸਿੰਘ ਦੀ ਉਮਰ ਉਸ ਸਮੇਂ 9 ਸਾਲ ਦੀ ਸੀ। ਇਸ ਨੇ ਵਿੱਦਿਆ ਚੀਫ਼ ਕਾਲਜ ਲਾਹੌਰ ਤੋਂ ਪ੍ਰਾਪਤ ਕੀਤੀ। ਮਹਾਰਾਜਾ ਭੁਪਿੰਦਰ ਸਿੰਘ ਦਾ ਜਨਮ, ਪਟਿਆਲ਼ੇ ਮੋਤੀ ਮਹਿਲ ਵਿਖੇ ਹੋਇਆ ਸੀ। ਉਮਰ ਛੋਟੀ ਹੋਣ ਕਾਰਨ ਰਿਆਸਤ ਦਾ ਪ੍ਰਬੰਧ ਕੌਂਸਲ ਆਫ ਰੀਜੈਂਸੀ ਨੇ ਸੰਭਾਲ ਲਿਆ ਸੀ। ਬਾਲਗ਼ ਹੋਣ ਤੋਂ 11 ਦਿਨ ਪਹਿਲਾਂ ਪਹਿਲੀ ਅਕਤੂਬਰ, 1910 ਦੇ ਦਿਨ ਉਸ ਨੇ ਰਾਜ ਪ੍ਰਬੰਧ ਸੰਭਾਲ ਲਿਆ। ਪਰ ਵਾਇਸਰਾਏ ਲਾਰਡ ਮਿੰਟੋ ਨੇ ਉਸ ਨੂੰ 3 ਨਵੰਬਰ 1910 ਨੂੰ ਰਸਮੀ ਤੌਰ 'ਤੇ ਰਾਜਾ ਮੰਨਿਆ ਸੀ। ਭੁਪਿੰਦਰ ਸਿੰਘ ਨੇ ਅੰਗਰੇਜ਼ਾਂ ਪ੍ਰਤੀ ਸਿਰੇ ਦੀ ਵਫ਼ਾਦਾਰੀ ਨਿਭਾਈ। ਹੋਰ ਤਾਂ ਹੋਰ, ਸੰਨ 1914 ਵਿੱਚ ਜਦੋਂ ਪਹਿਲੀ ਵੱਡੀ ਜੰਗ ਸ਼ੁਰੂ ਹੋਈ ਤਾਂ ਉਸ ਨੇ ਖ਼ੁਦ ਫ਼ਰਾਂਸ, ਬੈਲਜੀਅਮ, ਇਟਲੀ ਅਤੇ ਫਲਸਤੀਨ ਵਿੱਚ ਫ਼ੌਜ ਦੀ ਅਗਵਾਈ ਕੀਤੀ ਸੀ। ਉਸ ਨੂੰ ਪਹਿਲਾਂ ਲੈਫਟੀਨੈਂਟ ਕਰਨਲ, ਫਿਰ ਮੇਜਰ ਜਨਰਲ ਤੇ ਲੈਫਟੀਨੈਂਟ ਜਨਰਲ ਦੇ ਅਹੁਦਿਆਂ ਨਾਲ ਨਿਵਾਜਿਆ ਸੀ। ਸੰਨ 1925 ਵਿੱਚ ਉਸ ਨੇ 'ਲੀਗ ਆਫ਼ ਨੇਸ਼ਨਜ਼' (ਯੂ.ਐੱਨ.ਓ.) ਵਿੱਚ ਅੰਗਰੇਜ਼ੀ ਭਾਰਤ ਦੀ ਨੁਮਾਇੰਦਗੀ ਕੀਤੀ ਸੀ। ਸੰਨ 1925 ਤੋਂ 1935 ਤਕ ਦਸ ਸਾਲ ਉਹ ਰਿਆਸਤਾਂ ਦੀ 'ਚੈਂਬਰ ਆਫ਼ ਪ੍ਰਿੰਸਿਜ਼' ਦਾ ਚਾਂਸਲਰ ਰਿਹਾ ਸੀ। ਉਹ ਪਹਿਲਾ ਭਾਰਤੀ ਸੀ, ਜਿਸ ਕੋਲ ਆਪਣਾ ਹਵਾਈ ਜਹਾਜ਼ ਸੀ, ਜੋ ਉਸ ਨੇ ਇੰਗਲੈਂਡ ਤੋਂ 1910 ਵਿੱਚ ਖ਼ਰੀਦਿਆ ਸੀ। ਭੁਪਿੰਦਰ ਸਿੰਘ ਨੇ ਬਹੁਤ ਸਾਰੀਆਂ ਇਮਾਰਤਾਂ ਵੀ ਬਣਵਾਈਆਂ ਸਨ ਜਿਨ੍ਹਾਂ ਵਿੱਚ ਚੈਲ ਦਾ ਮਹਿਲ, ਪਟਿਆਲ਼ਾ ਦਾ ਕਾਲੀ ਮੰਦਰ, ਕੰਡਾਘਾਟ ਦਾ ਮਹਿਲ ਵੀ ਇਸੇ ਨੇ ਬਣਵਾਇਆ ਸੀ। ਭੁਪਿੰਦਰ ਸਿੰਘ ਨੂੰ ਮੈਡਲ ਇਕੱਠੇ ਕਰਨ ਦਾ ਵੀ ਸ਼ੌਕ ਸੀ। ਉਸ ਦੇ ਅਜਾਇਬ-ਘਰ ਵਿੱਚ ਦੁਨੀਆ ਭਰ ਦੇ ਸੈਂਕੜੇ ਮੈਡਲ ਮੌਜੂਦ ਹਨ। ਉਸ ਕੋਲ ਰੋਲਸ ਰਾਇਸ ਕਾਰਾਂ ਸਨ। ਪਟਿਆਲ਼ਾ ਵਿੱਚ ਉਸ ਦੀ ਆਪਣੀ ਰੇਲਗੱਡੀ ਵੀ ਸੀ। ਸੰਨ 1917 ਈ. ਵਿੱਚ ਸਟੇਟ ਬੈਂਕ ਪਟਿਆਲ਼ਾ ਵੀ ਉਸ ਨੇ ਸ਼ੁਰੂ ਕੀਤਾ ਸੀ। ਉਸ ਨੂੰ

ਕ੍ਰਿਕਟ ਖੇਡਣ ਦਾ ਬਹੁਤ ਸ਼ੌਕ ਸੀ। ਸੰਨ 1911 ਵਿੱਚ ਭਾਰਤ ਦੀ ਕ੍ਰਿਕਟ ਟੀਮ ਦਾ ਕਪਤਾਨ ਬਣ ਕੇ ਇੰਗਲੈਂਡ ਖੇਡਣ ਗਿਆ ਸੀ। ਰਣਜੀ ਟਰਾਫੀ ਉਸ ਨੇ ਦਾਨ ਕੀਤੀ ਸੀ।

ਭੁਪਿੰਦਰ ਸਿੰਘ ਨੇ ਕਈ ਵਿਆਹ ਕੀਤੇ ਸਨ। ਬਖਤਾਵਰ ਕੌਰ, ਸੰਨ 1892-1960 ਉਸ ਦੀ ਮਹਾਰਾਣੀ ਸੀ, ਜਿਸ ਨਾਲ ਉਸ ਦਾ ਵਿਆਹ 17 ਸਾਲ ਦੀ ਉਮਰ ਵਿੱਚ ਸੰਨ 1908 ਵਿੱਚ ਹੋਇਆ, ਪਰ ਵਿਮਲਾ ਕੌਰ ਉਸ ਦੀ ਸਭ ਤੋਂ ਨੇੜੇ ਦੀ ਪਤਨੀ ਸੀ। ਇਸ ਤੋਂ ਇਲਾਵਾ ਸੈਂਕੜੇ ਖ਼ੂਬਸੂਰਤ ਲੜਕੀਆਂ ਉਸ ਦੇ 'ਰੰਗ ਮਹਿਲ' ਵਿੱਚ ਮੌਜੂਦ ਸਨ। ਉਹ ਇੱਕ ਬਹੁਤ ਹੀ ਕਾਮੀ ਤੇ ਅੱਯਾਸ਼ ਰਾਜਾ ਸੀ।

ਸੰਨ 1920 ਵਿੱਚ ਜਦੋਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਸੀ ਤਾਂ ਉਸ ਨੇ ਅੰਗਰੇਜ਼ਾਂ ਦਾ ਪੂਰਾ ਸਾਥ ਦਿੱਤਾ ਸੀ, ਪਰ ਸੰਨ 1923 ਵਿੱਚ ਜਦੋਂ ਦਰਬਾਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਹੋਈ ਸੀ ਤਾਂ ਉਸ ਨੇ ਇਸ ਵਿੱਚ ਰਸਮੀ ਤੌਰ 'ਤੇ ਸ਼ਮੂਲੀਅਤ ਵੀ ਕੀਤੀ ਸੀ। ਅੰਗਰੇਜ਼ਾਂ ਨਾਲ ਡੂੰਘੀ ਸਾਂਝ ਹੋਣ ਕਾਰਨ ਇਸ ਨੇ ਸੰਨ 1923 ਵਿੱਚ ਨਾਭੇ ਦੇ ਰਾਜੇ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਉਤਰਵਾ ਦਿੱਤਾ ਸੀ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਦੇ ਖ਼ਿਲਾਫ਼ ਜੈਤੋ ਵਿਖੇ ਮੋਰਚਾ ਵੀ ਲਾਇਆ ਸੀ। ਇਹ ਮੋਰਚਾ ਡੇਢ ਸਾਲ ਤਕ ਚਲਦਾ ਰਿਹਾ ਸੀ। ਇਸ ਮੋਰਚੇ ਦੌਰਾਨ ਦਰਜਨਾਂ ਸਿੱਖ ਸ਼ਹੀਦ ਹੋ ਗਏ ਸਨ। ਹਜ਼ਾਰਾਂ ਜੇਲ੍ਹਾਂ ਵਿੱਚ ਗਏ, ਜਿੱਥੇ ਉਹਨਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਗਏ। ਸਿੱਖ ਇਤਿਹਾਸ ਵਿੱਚ ਉਸ ਦਾ ਸਭ ਤੋਂ ਕਾਲ੍ਹਾ ਕਾਰਨਾਮਾ ਸੇਵਾ ਸਿੰਘ ਠੀਕਰੀਵਾਲਾ ਨੂੰ ਵਾਰ-ਵਾਰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿੱਚ ਮਾਰਨਾ ਅਤੇ ਹਰਚੰਦ ਸਿੰਘ ਜੇਜੀ ਦੀ ਜਾਇਦਾਦ ਜ਼ਬਤ ਕਰ ਕੇ ਉਸ ਨੂੰ ਰਿਆਸਤ ਵਿੱਚੋਂ ਬਾਹਰ ਕੱਢਣਾ ਸੀ। ਉਸ ਦੀ ਇਸ ਹਰਕਤ ਦੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਨੇ ਡਟ ਕੇ ਵਿਰੋਧਤਾ ਕੀਤੀ ਤੇ ਇਸ ਨੂੰ ਬਹੁਤ ਬਦਨਾਮ ਕੀਤਾ ਸੀ। ਪੰਚ ਖ਼ਾਲਸਾ ਦੀਵਾਨ ਦੇ ਮਿਆਲ ਤੇਜਾ ਸਿੰਘ ਭਸੌੜ ਨੂੰ ਪੰਥ ਵਿੱਚੋਂ ਛਿਕਵਾਉਣ ਵਿੱਚ ਇਸ ਦੀ ਅਹਿਮ ਭੂਮਿਕਾ ਸੀ। ਉਹਨਾਂ ਦੁਆਰਾ ਚਲਾਏ ਕੈਨਿਆ ਪੁੱਤਰੀ ਪਾਠਸ਼ਾਲਾ ਨੂੰ ਇਸ ਨੇ ਜ਼ਬਰਦਸਤੀ ਬੰਦ ਕਰਵਾ ਦਿੱਤਾ ਸੀ।

ਕੁਝ ਕੰਮ ਇਸ ਨੇ ਚੰਗੇ ਵੀ ਕੀਤੇ ਸਨ। ਸੰਨ 1920 ਵਿੱਚ ਕਰਤਾਰਪੁਰ ਦਰਿਆ ਰਾਵੀ ਦੀ ਮਾਰ ਹੇਠ ਆਗਿਆ ਸੀ ਤਾਂ ਇਸ ਨੇ ਆਪਣੇ ਖ਼ਰਚੇ 'ਤੇ ਸੀਮਿੰਟ ਤੇ ਪੱਥਰਾਂ ਦਾ ਇੱਕ ਬੰਨ੍ਹ ਬਣਾ ਕੇ ਗੁਰਦੁਆਰੇ ਨੂੰ ਦਰਿਆ ਦੀ ਮਾਰ ਤੋਂ ਬਚਾਇਆ ਸੀ। ਇਸ ਕੰਮ ਵਾਸਤੇ ਸਾਰਾ ਖ਼ਰਚ (1 ਲੱਖ 35 ਹਜ਼ਾਰ 600 ਰੁਪੈ) ਇਸ ਨੇ ਹੀ ਦਿੱਤਾ ਸੀ। ਕਰਮ ਸਿੰਘ ਨੂੰ ਇਸ ਨੇ ਰਿਆਸਤ ਦੇ ਇਤਿਹਾਸਕਾਰ ਦਾ ਅਹੁਦਾ ਵੀ ਦਿੱਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਮਹਾਨ ਕੋਸ਼ ਇਸ ਨੇ ਆਪਣੇ ਖ਼ਰਚੇ 'ਤੇ ਛਪਵਾਇਆ ਸੀ।

ਮਹਾਰਾਜਾ ਭੁਪਿੰਦਰ ਸਿੰਘ ਨੇ 9 ਤੋਂ 11 ਸਾਲ ਦੇ ਬੱਚਿਆਂ ਲਈ ਵਿੱਦਿਆ ਲਾਜ਼ਮੀ ਤੇ ਮੁਫ਼ਤ ਕੀਤੀ। ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਹਿੱਤ 1910 ਵਿੱਚ ਹੀ ਰਾਜ ਦੀ ਭਾਸ਼ਾ ਪੰਜਾਬੀ ਐਲਾਨ ਕਰ ਕੇ ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਦੀ ਵਰਤੋਂ ਲਾਜ਼ਮੀ ਕਰ ਦਿੱਤੀ। ਅਮਰੀਕਾ ਦੀ ਰਮਿੰਗਟਨ ਕੰਪਨੀ ਤੋਂ ਪੰਜਾਬੀ ਦਾ ਟਾਈਪ ਰਾਇਟਰ ਵੀ ਤਿਆਰ ਕਰਵਾਇਆ। ਵਿੱਦਿਅਕ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦੇਣ ਵਿੱਚ ਹਮੇਸ਼ਾ ਮੋਹਰੀ ਰਿਹਾ ਕਰਦੇ ਸਨ। ਇਤਿਹਾਸ ਖੋਜ ਵਿਭਾਗ ਦੀ ਸਥਾਪਨਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਤੇ ਬਾਬਾ ਆਲਾ ਸਿੰਘ ਦੇ ਗ੍ਰੰਥਾਂ ਦੀ ਸਥਾਪਨਾ ਕਰਵਾਈ। ਸੰਗੀਤ ਨੂੰ ਉਤਸ਼ਾਹਿਤ ਕਰਨ ਲਈ ਸੰਗੀਤ ਤੇ ਨਾਚ ਦਾ ਵੱਖਰਾ ਵਿਭਾਗ ਖੋਲ੍ਹਿਆ। ਆਯੁਰਵੈਦ ਨੂੰ ਵਧਾਉਣ ਲਈ ਵਿਸ਼ੇਸ਼ ਸਕੂਲ ਖੋਲ੍ਹਿਆ ਸੀ। ਮਹਾਰਾਜ ਭੁਪਿੰਦਰ ਸਿੰਘ ਨੇ 23 ਮਾਰਚ, 1938 ਦੇ ਦਿਨ ਅਕਾਲ ਚਲਾਣਾ ਕੀਤਾ।

ਮਹਾਰਾਜਾ ਭੁਪਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦਾ ਸਪੁੱਤਰ ਸ੍. ਯਾਦਵਿੰਦਰ ਸਿੰਘ ਪਟਿਆਲ਼ਾ ਰਿਆਸਤ ਦਾ ਵਾਰਸ ਬਣਿਆ। ਯਾਦਵਿੰਦਰ ਸਿੰਘ ਦਾ ਜਨਮ 7 ਜਨਵਰੀ 1914 ਨੂੰ ਪਟਿਆਲ਼ਾ ਵਿਖੇ ਹੋਇਆ। ਸੰਨ 1938 ਵਿੱਚ ਰਾਜ-ਗੱਦੀ 'ਤੇ ਬਿਰਾਜਮਾਨ ਹੋਇਆ। ਯਾਦਵਿੰਦਰ ਸਿੰਘ ਨੇ ਰਾਜਾ ਬਣ ਕੇ ਕੁਝ ਵਿਲੱਖਣ ਫ਼ੈਸਲੇ ਲਏ। ਇਸ ਦਾ ਪਿਤਾ ਸੇਵਾ ਸਿੰਘ ਠੀਕਰੀਵਾਲਾ ਦਾ ਕਾਤਲ ਸੀ। ਸੇਵਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੀਆਂ ਅਸਥੀਆਂ ਚਾਰ ਸਾਲ ਤਕ ਪਟਿਆਲ਼ਾ ਦੇ ਗੁਰਦੁਆਰੇ ਨਿਹੰਗਾਂ ਦੀ ਬਗ਼ੀਚੀ ਵਿੱਚ ਪਈਆਂ ਰਹੀਆਂ। ਸੰਨ 1938 ਵਿੱਚ ਜਦੋਂ ਰਾਜੇ ਦੀ ਮੌਤ ਹੋਈ, ਤਾਂ ਇਸ ਨੇ ਹੁਕਮ ਕੀਤਾ ਕਿ ਸੇਵਾ ਸਿੰਘ ਦੀਆਂ ਅਸਥੀਆਂ ਸਰਕਾਰੀ ਸਨਮਾਨ ਅਤੇ ਫ਼ੌਜੀ ਸ਼ਾਨ ਨਾਲ ਪਿੰਡ ਠੀਕਰੀਵਾਲ ਲਿਜਾਈਆਂ ਜਾਣ। ਉੱਥੇ ਹਜ਼ਾਰਾਂ ਲੋਕਾਂ ਨੇ ਸੇਵਾ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਭੁਪਿੰਦਰ ਸਿੰਘ ਨੇ ਜੇਜੀ ਹਰਚੰਦ ਸਿੰਘ ਨਾਲ ਵੀ ਜ਼ਿਆਦਤੀ ਕੀਤੀ ਸੀ, ਉਸ ਦੀ ਸਾਰੀ ਜਾਇਦਾਦ ਕੁਰਕ ਕਰ ਕੇ ਉਸ ਨੂੰ ਦੇਸ਼ ਨਿਕਾਲ਼ਾ ਦੇ ਦਿੱਤਾ ਸੀ। ਉਸ ਨੂੰ ਕਾਫ਼ੀ ਸਮਾਂ ਅੰਗਰੇਜ਼ੀ ਇਲਾਕੇ ਅੰਮ੍ਰਿਤਸਰ ਰਹਿਣਾ ਪਿਆ ਸੀ। ਮਗਰੋਂ ਯਾਦਵਿੰਦਰ ਸਿੰਘ ਨੇ ਹਰਚੰਦ ਸਿੰਘ ਜੇਜੀ ਦੀ ਬੇਟੀ ਨਾਲ ਆਨੰਦ ਕਾਰਜ ਕਰ ਕੇ ਇਸ ਪਰਿਵਾਰ ਨਾਲ ਹੋਈ ਜ਼ਿਆਦਤੀ ਦੀ ਮਾਫ਼ੀ ਮੰਗ ਲਈ ਸੀ। ਯਾਦਵਿੰਦਰ ਸਿੰਘ ਦੀ ਪਹਿਲੀ ਸ਼ਾਦੀ 1935 ਵਿੱਚ ਇੱਕ ਨਿੱਕੀ ਜਿਹੀ ਰਿਆਸਤ ਸਿਰਾਇਕੇਲਾ (ਹੁਣ ਝਾਰਖੰਡ ਵਿੱਚ ਇੱਕ ਨਗਰ) ਦੀ ਰਾਜਕੁਮਾਰੀ ਹੇਮਾ ਪ੍ਰਭਾ ਦੇਵੀ ਨਾਲ ਹੋਈ ਸੀ।

ਸੰਨ 1948 ਵਿੱਚ ਉਹ ਪਹਿਲਾ ਰਾਜਾ ਸੀ, ਜਿਸ ਨੇ ਆਪਣੀ ਰਿਆਸਤ ਨੂੰ ਭਾਰਤ ਵਿੱਚ ਸ਼ਾਮਲ ਕਰਨ ਦਾ ਐਲਾਨ ਕੀਤਾ। ਇਸੇ ਸਾਲ ਪੰਜਾਬ ਦੀਆਂ ਸਾਰੀਆਂ ਰਿਆਸਤਾਂ ਨੂੰ ਇਕੱਠਾ ਕਰ ਕੇ ਪੈਪਸੂ (ਪਟਿਆਲ਼ਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ) ਨਾਂ ਦਾ ਇੱਕ ਸੂਬਾ ਬਣਾ ਦਿੱਤਾ ਗਿਆ ਸੀ, ਜਿਸ ਦਾ ਰਾਜ ਪ੍ਰਮੁੱਖ

1954 ਵਿੱਚ ਪੈਪਸੂ ਨੂੰ ਪੰਜਾਬ ਵਿੱਚ ਸ਼ਾਮਲ ਕਰ ਦਿੱਤਾ ਗਿਆ ਸੀ। ਯਾਦਵਿੰਦਰ ਸਿੰਘ ਸੰਨ 1947 ਤਕ ਅੰਗਰੇਜ਼ਾਂ ਦਾ ਅਤੇ ਉਸ ਤੋਂ ਮਗਰੋਂ ਕਾਂਗਰਸ ਪਾਰਟੀ ਦਾ ਵਫ਼ਾਦਾਰ ਬਣਿਆ ਰਿਹਾ ਸੀ। ਜਦੋਂ ਪੰਜਾਬੀ ਸੂਬਾ ਬਣਨ ਦੀ ਮੰਗ ਉੱਠੀ, ਤਾਂ ਇਸ ਨੇ ਉਸ ਦੀ ਮੁਖ਼ਾਲਫ਼ਤ ਕੀਤੀ ਸੀ। 4 ਜੁਲਾਈ, 1955 ਦੇ ਦਿਨ ਜਦੋਂ ਪੁਲਿਸ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਾਖ਼ਲ ਹੋਈ ਤਾਂ ਇਸ ਨੇ ਇਸ ਕਾਰਵਾਈ ਦੀ ਵੀ ਹਿਮਾਇਤ ਕੀਤੀ ਸੀ। ਸੰਨ 1960 ਦੀ ਪੰਜਾਬੀ ਸੂਬਾ ਲਹਿਰ ਵਿੱਚ ਇਹ ਸਰਕਾਰ ਪੱਖੀ ਰਿਹਾ। ਪੰਜਾਬੀ ਸੂਬਾ ਬਣਨ ਮਗਰੋਂ ਸੰਨ 1967 ਵਿੱਚ ਇਸ ਨੇ ਆਜ਼ਾਦ ਉਮੀਦਵਾਰ ਵਜੋਂ ਪੰਜਾਬ ਅਸੈਂਬਲੀ ਦੀ ਚੋਣ ਲੜੀ ਸੀ ਤੇ ਐੱਮ.ਐੱਲ.ਏ. ਬਣ ਗਿਆ ਸੀ। ਇਹ ਜਸਟਿਸ ਗੁਰਨਾਮ ਸਿੰਘ ਦੀ ਵਜ਼ਾਰਤ ਵਿੱਚ ਵਜ਼ੀਰ ਵੀ ਰਿਹਾ ਸੀ। ਇਸ ਨੇ ਸਿਆਸੀ ਫ਼ਾਇਦਾ ਲੈਣ ਵਾਸਤੇ ਆਪਣੀ ਭੈਣ ਦਾ ਵਿਆਹ ਨਾਲਾਗੜ੍ਹ ਵਰਗੀ ਨਿੱਕੀ ਜਿਹੀ ਰਿਆਸਤ ਦੇ ਹਿੰਦੂ ਰਜਵਾੜੇ ਅਤੇ ਧੀ ਦਾ ਵਿਆਹ ਮੱਧ ਪ੍ਰਦੇਸ਼ ਦੇ ਇੱਕ ਰਜਵਾੜੇ ਨਟਵਰ ਸਿੰਘ ਨਾਲ ਕੀਤਾ ਸੀ। ਕਾਂਗਰਸ ਸਰਕਾਰ ਨੇ ਇਸ ਨੂੰ ਕਈ ਵਾਰ ਯੂ.ਐੱਨ.ਓ. ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਭੇਜਿਆ ਸੀ। ਸੰਨ 1971 ਵਿੱਚ ਇਸ ਨੂੰ ਹਾਲੈਂਡ ਵਿੱਚ ਭਾਰਤ ਦਾ ਸਫ਼ੀਰ ਲਾਇਆ ਗਿਆ ਸੀ, ਜਿੱਥੇ ਸੰਨ 1974 ਵਿੱਚ ਇਸ ਦੀ ਮੌਤ ਹੋ ਗਈ। ਹਾਲੈਂਡ ਤੋਂ ਇਸ ਦੀ ਦੇਹ ਨੂੰ ਪਟਿਆਲੇ ਲਿਆਂਦਾ ਗਿਆ, ਜਿੱਥੇ ਇਹਨਾਂ ਦਾ ਅੰਤਮ ਸੱਸਕਾਰ ਸ਼ਾਹੀ ਸਨਮਾਨਾਂ ਨਾਲ ਕੀਤਾ ਗਿਆ। ਆਪਣੇ ਪਿੱਛੇ ਯਾਦਵਿੰਦਰ ਸਿੰਘ ਜੀ ਆਪਣੀ ਪਤਨੀ ਮਹਿੰਦਰ ਕੌਰ ਮਹਾਰਾਣੀ, ਉਸ ਦੀਆਂ ਦੋ ਬੇਟੀਆਂ ਤੇ ਦੋ ਪੁੱਤਰ ਸਰਦਾਰ ਅਮਰਿੰਦਰ ਸਿੰਘ ਤੇ ਸਰਦਾਰ ਮਾਲਵਿੰਦਰ ਸਿੰਘ ਛੱਡ ਗਏ ਸਨ। ਮਹਾਰਾਜਾ ਯਾਦਵਿੰਦਰ ਸਿੰਘ ਦੀ ਮੌਤ ਨਾਲ, ਜੋ ਕਿ ਮਹਾਰਾਜਿਆਂ ਦੀ ਲਾਈਨ ਵਿੱਚ ਨੌਵੇਂ ਸਥਾਨ 'ਤੇ ਸਨ, ਮਹਾਰਾਜਾ ਆਲਾ ਸਿੰਘ ਵੱਲੋਂ ਸ਼ੁਰੂ ਕੀਤੀ ਰਿਆਸਤ ਦਾ ਵੀ ਭੋਗ ਪੈ ਗਿਆ।

## ਰਿਆਸਤ ਨਾਭਾ




**ਨਾਭਾ ਰਿਆਸਤ :** ਨਾਭਾ ਅਤੇ ਜੀਂਦ ਰਿਆਸਤ ਦਾ ਮੁਖੀਆ ਤਲੋਕਾ ਹੀ ਸੀ। ਤਲੋਕਾ ਫੂਲ ਦਾ ਵੱਡਾ ਪੁੱਤਰ ਸੀ। ਤਲੋਕੇ ਦੇ ਦੋ ਪੁੱਤਰ ਸਨ : ਇੱਕ ਗੁਰਦਿੱਤ ਸਿੰਘ ਤੇ ਦੂਜਾ ਸੁਖਚੈਨ ਸਿੰਘ। ਵੱਡੇ ਪੁੱਤਰ ਗੁਰਦਿੱਤ ਸਿੰਘ ਤੋਂ ਨਾਭਾ ਪਰਿਵਾਰ ਦਾ ਮੁੱਢ ਬੱਝਾ ਤੇ ਛੋਟੇ ਸੁਖਚੈਨ ਸਿੰਘ ਤੋਂ ਜੀਂਦ ਰਿਆਸਤ ਦਾ ਮੁੱਢ ਬੱਝਾ। ਤਲੋਕਾ ਨੂੰ ਦਿੱਲੀ ਦਰਬਾਰ ਵੱਲੋਂ ਚੌਧਰੀ ਦਾ ਖ਼ਿਤਾਬ ਮਿਲਿਆ ਹੋਇਆ ਸੀ। ਇਸ ਕਰ ਕੇ ਖ਼ਾਨਦਾਨ ਨਾਭਾ ਪਟਿਆਲ਼ਾ ਤੇ ਜੀਂਦ ਨਾਲੋਂ ਆਪਣਾ ਦਰਜਾ ਉੱਚਾ ਖ਼ਿਆਲ ਕਰਦੇ ਸਨ।

ਚੌਧਰੀ ਫੂਲ ਨੇ 1747 ਨੂੰ ਚਲਾਣਾ ਕੀਤਾ। ਉਸ ਦਾ ਲੜਕਾ ਤਲੋਕਾ, ਜੋ ਸੰਨ 1716 ਬਿ. 1659 ਈ. ਵਿੱਚ ਪੈਦਾ ਹੋਇਆ, ਉਸ ਦੀ ਜਗ੍ਹਾ 'ਤੇ ਬੈਠਾ। ਇਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੱਦਾ ਮਿਲਣ 'ਤੇ ਭਰਾਵਾਂ ਸਮੇਤ ਅਨੰਦਪੁਰ ਪੁੱਜਾ ਤੇ ਪਹਾੜੀ ਰਾਜਿਆਂ ਦੇ ਯੁੱਧ ਵਿੱਚ ਗੁਰੂ ਜੀ ਵੱਲੋਂ ਲੜਦਾ ਰਿਹਾ। ਇਹ ਗੱਲ ਉਸ ਹੁਕਮਨਾਮੇ ਤੋਂ ਸਿੱਧ ਹੁੰਦੀ ਹੈ, ਜੋ ਗੁਰੂ ਜੀ ਨੇ 1696 ਈ. ਵਿੱਚ ਇੱਕ ਕੱਪੜੇ ਤੇ ਕਟਾਰ ਸਮੇਤ ਇਹਨਾਂ ਦੇ ਪਾਸ ਭੇਜਿਆ ਸੀ, ਜੋ ਹੁਣ ਰਿਆਸਤ ਨਾਭਾ ਵਿੱਚ ਮੌਜੂਦ ਹੈ। ਉਸ ਵਿੱਚ ਗੁਰੂ ਸਾਹਿਬ ਵੱਲੋਂ ਇਹ ਵੀ ਲਿਖਯਾ ਹੈ :

ਭਾਈ ਰਾਮਾ, ਭਾਈ ਤਲੋਕਾ , 'ਤੇਰਾ ਘਰ ਮੇਰਾ ਘਰ ਹੈ, ਆਪਣੇ ਸਵਾਰ ਲੈ ਕੇ ਜ਼ਰੂਰ ਆਉਣਾ। ਭਾਈ ਤਲੋਕਾ ਗੁਰੂ ਗੋਬਿੰਦ ਸਿੰਘ ਜੀ ਦੇ ਭਰੋਸੇ ਵਾਲਾ ਸਿੱਖ ਸੀ, ਜੋ 1729 ਈ. ਨੂੰ ਚਲਾਣਾ ਕਰ ਗਿਆ। ਚੌਧਰੀ ਤਲੋਕਾ ਦਾ ਵਿਆਹ ਪਿੰਡ ਰੋੜੀ ਵਿੱਚ ਚੌਧਰੀ ਸੈਦੋ ਦੇ ਘਰ ਉਸ ਦੀ ਲੜਕੀ ਬਖਤੋ ਨਾਲ ਹੋਇਆ ਸੀ, ਜਿਸ ਤੋਂ ਦੋ ਪੁੱਤਰ ਗੁਰਦਿੱਤ ਸਿੰਘ ਤੇ ਸੁਖਚੈਨ ਸਿੰਘ ਉਤਪੰਨ ਹੋਏ। ਸੁਖਚੈਨ ਸਿੰਘ ਜੀਂਦ ਰਿਆਸਤ ਦਾ ਵੱਡਾ ਹੋਇਆ ਹੈ ਤੇ ਗੁਰਦਿੱਤ ਸਿੰਘ ਰਿਆਸਤ ਨਾਭੇ ਦਾ। ਚੌਧਰੀ ਦਾ ਖ਼ਿਤਾਬ ਵੱਡਾ ਹੋਣ ਕਰ ਕੇ ਗੁਰਦਿੱਤ ਸਿੰਘ ਨੂੰ ਮਿਲਿਆ। ਇਸ ਦਾ ਵਿਆਹ ਪਿੰਡ ਮੋੜ ਦੇ ਸਰਦਾਰ ਸਰਦੂਲ ਸਿੰਘ ਦੀ ਲੜਕੀ ਰਾਜਕੌਰ ਨਾਲ ਹੋਇਆ, ਜਿਸ ਦੇ ਇੱਕ ਲੜਕਾ ਸੁਰਤੀਆ ਸਿੰਘ 1712 ਈ. ਨੂੰ ਜਨਮਿਆ।

ਸੁਰਤੀਆ ਸਿੰਘ ਦੇ ਦੋ ਪੁੱਤਰ ਸਨ : ਇੱਕ ਹਮੀਰ ਸਿੰਘ ਤੇ ਦੂਜਾ ਕਪੂਰ ਸਿੰਘ। ਸੰਮਤ 1813 ਮੁਤਾਬਕ ਸੰਨ 1756 ਈ. ਨੂੰ ਚੌਧਰੀ ਗੁਰਦਿੱਤ ਸਿੰਘ ਦੇ ਚਲਾਣੇ ਮਗਰੋਂ ਹਮੀਰ ਸਿੰਘ ਨੇ ਉਸ ਦੀ ਜਗ੍ਹਾ ਸੰਭਾਲੀ ਤੇ ਦੋਨਾਂ ਭਰਾਵਾਂ ਨੇ ਹਰ ਹਮਲੇ ਵਿੱਚ ਸ੍. ਆਲਾ ਸਿੰਘ ਦੇ ਨਾਲ ਰਹਿ ਕੇ ਬੜੀ ਤਰੱਕੀ ਕੀਤੀ। ਲਾਹੌਵਾਲ ਵਾਲੇ ਖੇੜੇ ਜ਼ਿਮੀਦਾਰਾਂ ਨੇ, ਜਿਨ੍ਹਾਂ ਦੇ ਕਈ ਇੱਕ ਪਿੰਡ ਇਸ ਇਲਾਕੇ ਵਿੱਚ ਸਨ, ਸ੍. ਆਲਾ ਸਿੰਘ ਨੂੰ ਆਪਣੀ ਮਦਦ 'ਤੇ ਲਿਆ ਕੇ ਮਲੇਰਕੋਟਲੇ ਦੇ ਥਾਣੇਦਾਰ ਨਾਲ ਲੜਾਈ ਕਰ ਕੇ ਲਾਹੌਵਾਲ ਤੋਂ ਕੱਢ ਕੇ ਆਪਣਾ ਕਬਜ਼ਾ ਕਰ ਲਿਆ। ਸ੍. ਆਲਾ ਸਿੰਘ ਦਾ ਡੇਰਾ ਪਿੰਡ ਦੁਲਚੀ ਵਿੱਚ ਰਿਹਾ। ਇਸ ਕਰ ਕੇ ਇਹ ਪਿੰਡ ਰਿਆਸਤ ਪਟਿਆਲ਼ੇ ਦਾ ਹੈ।

**ਨਾਭੇ ਦੀ ਨੀਂਹ** : ਲਾਹੌਵਾਲੀ ਦੀ ਫ਼ਤਿਹ ਦੇ ਮਗਰੋਂ ਨਾਭੀਅਨ ਤੇ ਭਮਦੀ ਇਹਨਾਂ ਤਿੰਨਾਂ ਪਿੰਡਾਂ ਦੇ ਵਿਚਕਾਰ ਇੱਕ ਜਗ੍ਹਾ ਸੀ। ਉਸ 'ਤੇ 1816 ਮੁਤਾਬਕ 1759 ਈ. ਨੂੰ ਕਿਲ੍ਹੇ ਦੀ ਨੀਉਂ ਰੱਖੀ ਤੇ ਨਾਮ ਉਸ ਦਾ ਨਾਭਾ ਰੱਖਿਆ ਤੇ ਉਸੇ ਨੂੰ ਆਪਣੀ ਰਾਜਧਾਨੀ ਬਣਾਇਆ। ਹੌਲ਼ੀ-ਹੌਲ਼ੀ ਵਸੋਂ ਵਧ ਜਾਣ ਦੇ ਕਾਰਨ ਤਿੰਨ ਪਿੰਡ ਨਾਭੇ ਦੇ ਕਬਜ਼ੇ ਵਿੱਚ ਆ ਗਏ।

ਰਾਜ ਕੌਰ ਦੀ ਕੁੱਖੋਂ 1776 ਈ. ਨੂੰ ਪਿੰਡ ਬਡੋਰ ਵਿਖੇ, ਜਿੱਥੇ ਕਿ ਇਹ ਬਹੁਤਾ ਰਿਹਾ ਕਰਦੀ ਸੀ, ਰਾਜਾ ਜਸਵੰਤ ਸਿੰਘ ਵਲੀ ਐਹਦ ਰਿਆਸਤ ਨਾਭਾ ਨੇ ਜਨਮ ਲਿਆ। ਚੌਧਰੀ ਹਮੀਰ ਸਿੰਘ ਦੀਆਂ ਤਿੰਨ ਰਾਣੀਆਂ ਸਨ. ਉਹਨਾਂ ਵਿੱਚੋਂ ਇੱਕ ਦੇਸੂ

ਚੌਧਰੀ ਮੁਲਕੀ ਸਿੰਘ ਰੋੜੀ ਵਾਲਾ ਦੀ ਲੜਕੀ ਵਿੱਚੋਂ ਦੋ ਲੜਕੀਆਂ ਸਭਾ ਕੌਰ ਤੇ ਸਦਾ ਕੌਰ ਸਨ। ਬਾਕੀ ਰਾਣੀਆਂ ਦੇ ਔਲਾਦ ਨਹੀਂ ਸੀ। ਹਮੀਰ ਸਿੰਘ ਦਾ ਲੜਕਾ ਨਾਗਾਂ ਨਾਮ ਦੀ ਮੁਸਲਮਾਨੀ ਵਿੱਚੋਂ ਸੀ, ਜਿਸ ਨੂੰ ਰਾਜਾ ਜਸਵੰਤ ਸਿੰਘ ਨੇ ਆਪ ਆਪਣੀ ਬਰਾਦਰੀ ਵਿੱਚ ਮਿਲਾ ਕੇ ਮੱਖਣ ਸਿੰਘ ਓਹਦਾ ਨਾਮ ਰੱਖਿਆ ਤੇ ਉਹਦਾ ਵਿਆਹ ਵੀ ਕਰ ਦਿੱਤਾ। ਸਰਦਾਰ ਮੱਖਣ ਸਿੰਘ ਦੀ ਸੰਤਾਨ ਰਾਜਗੜ੍ਹ ਦੇ ਮਸ਼ਹੂਰ ਸਰਦਾਰ ਸਨ। ਚੌਧਰੀ ਹਮੀਰ ਸਿੰਘ ਬੜਾ ਹੀ ਸਿਆਣਾ, ਮਿਲਣਸਾਰ ਤੇ ਬਹਾਦਰ ਰਾਜਾ ਸੀ। ਇਸ ਕਰ ਕੇ ਇਸ ਨੇ ਆਪਣੇ ਭਾਈ ਰਾਜਾ ਆਲਾ ਸਿੰਘ ਦੇ ਨਾਲ ਹਰ ਮੈਦਾਨ ਵਿੱਚ ਰਹਿ ਕੇ ਆਪਣੇ ਇਲਾਕੇ ਨੂੰ ਵਧਾਇਆ।

ਸੰਮਤ 1829 ਨੂੰ ਚੌਧਰੀ ਹਮੀਰ ਸਿੰਘ ਨੇ ਪਟਿਆਲ਼ੇ ਫ਼ੌਜ ਦੀ ਮਦਦ ਨਾਲ ਰਹੀਮ ਦਾਦ ਖ਼ਾਂ ਹਾਂਸੀ ਦੇ ਹਾਕਮ ਨੂੰ ਜੀਂਦ ਦੇ ਮੁਕਾਮ 'ਤੇ ਇੱਕ ਭਾਰੀ ਸ਼ਿਕਸਤ ਦਿੱਤੀ। ਰਹੀਮ ਖ਼ਾਂ ਮਾਰਿਆ ਗਿਆ। ਉਸ ਦੇ ਇਲਾਕੇ 'ਤੇ ਫੂਲ ਦੇ ਰਾਜਿਆਂ ਨੇ ਕਬਜ਼ਾ ਕਰ ਲਿਆ। ਤਦ ਇਸ ਨਵੀਂ ਫ਼ਤਿਹ ਵਾਲੇ ਇਲਾਕੇ ਵਿੱਚੋਂ ਰੋੜੀ ਦਾ ਇਲਾਕਾ, ਜੋ ਸਰਸਾ ਦੇ ਕਰੀਬ ਹੈ, ਚੌਧਰੀ ਹਮੀਰ ਸਿੰਘ ਦੇ ਕਬਜ਼ੇ ਵਿੱਚ ਆ ਗਿਆ।

ਇਸ ਤੋਂ ਪਿੱਛੋਂ 1776 ਈ. ਨੂੰ ਚੌਧਰੀ ਹਮੀਰ ਸਿੰਘ ਦੇ ਇਕਬਾਲ ਨੇ ਥੋੜ੍ਹੇ ਦਿਨਾਂ ਦੇ ਵਾਸਤੇ ਪਲਟਾ ਖਾਧਾ। ਰਾਜਾ ਗਜਪਤ ਸਿੰਘ ਜੀਂਦ ਵਾਲੇ ਨੇ ਇਸ ਨੂੰ ਆਪਣੇ ਘਰ ਲਿਜਾ ਕੇ ਕੈਦ ਕਰ ਲਿਆ। ਇਸ ਦਾ ਵੇਰਵੇ ਨਾਲ ਹਾਲ ਇਸ ਤਰ੍ਹਾਂ ਹੈ ਕਿ ਜਦ ਰਾਜਾ ਗਜਪਤ ਸਿੰਘ ਨੇ 1774 ਈ. ਨੂੰ ਆਪਣੀ ਲੜਕੀ ਰਾਜ ਕੌਰ ਦੀ ਸ਼ਾਦੀ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਏ (ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ) ਦੇ ਨਾਲ ਬਡਰੁੱਖਾਂ ਵਿੱਚ ਕੀਤੀ ਸੀ, ਉਸ ਵੇਲੇ ਉਸ ਦੇ ਆਦਮੀ ਨਾਭਾ ਦੀ ਬੀੜ ਵਿੱਚ, ਜੋ ਪਿੰਡ ਬਡਰੁਖਾਂ ਦੇ ਲਾਗੇ ਹੀ ਹੈ, ਘਾਹ ਲੈਣ ਚਲੇ ਗਏ ਸਨ। ਚੌਧਰੀ ਹਮੀਰ ਸਿੰਘ ਦੇ ਨੌਕਰ ਯਾਕੂਬ ਖ਼ਾਂ ਜਿਸ ਨੂੰ ਕੋਬੇ ਖ਼ਾਂ ਵੀ ਕਹਿੰਦੇ ਹਨ, ਨੇ ਉਹਨਾਂ ਨੂੰ ਮਾਰ ਕੱਢ ਦਿੱਤਾ। ਇੱਕ ਤਾਂ ਰਾਜਾ ਜੀਂਦ ਦੇ ਦਿਲ ਵਿੱਚ ਇਸ ਗੱਲ ਦਾ ਰੰਜ ਸੀ, ਦੂਜਾ ਇਹਦੀ ਅਣਜਾਣਪੁਣੇ ਦੀ ਆਯੂ ਵਿੱਚ ਚੌਧਰੀ ਹਮੀਰ ਸਿੰਘ ਦੇ ਪਿਤਾ ਨੇ ਪਿੰਡ ਫੂਲ, ਜੋ ਪਹਿਲਾਂ ਇਹਨਾਂ ਦੇ ਕਬਜ਼ੇ ਵਿੱਚ ਸੀ, ਜ਼ੋਰੋ-ਜ਼ੋਰੀ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਇਹਨਾਂ ਗੱਲਾਂ ਤੋਂ ਰਾਜਾ ਗਜਪਤ ਸਿੰਘ ਸਦਾ ਹੀ ਇਸ ਤਾਕ ਵਿੱਚ ਰਹਿੰਦਾ ਸੀ ਕਿ ਕੋਈ ਮੌਕਾ ਮਿਲੇ, ਤਦ ਹਮੀਰ ਸਿੰਘ ਨੂੰ ਕੈਦ ਕਰ ਕੇ ਇਹ ਬਦਲਾ ਲਵਾਂ। ਸੋ 1775 ਈ. ਦੇ ਸ਼ੁਰੂ ਵਿੱਚ ਰਾਜਾ ਜੀਂਦ ਨੇ ਆਪਣੇ-ਆਪ ਨੂੰ ਬਿਮਾਰ ਦੱਸ ਕੇ ਚੌਧਰੀ ਹਮੀਰ ਸਿੰਘ ਵੱਲ ਸੁਨੇਹਾ ਭੇਜਿਆ ਕਿ "ਭਾਈ ਸਾਹਿਬ! ਮੈਂ ਬਿਮਾਰ ਹਾਂ, ਜਿਊਣ ਦਾ ਕੋਈ ਭਰੋਸਾ ਨਹੀਂ, ਜੋ ਕਦੀ ਦਰਸ਼ਨ ਦੇਵੋ ਤਦ ਬੜਾ ਚੰਗਾ ਹੋਵੇਗਾ, ਮੈਂ ਕਈ ਤੁਹਾਡੇ ਨਾਲ ਗੱਲਾਂ ਵੀ ਕਰਨੀਆਂ ਹਨ। ਆਪ ਦੇ ਮਿਲਣ ਨੂੰ ਬੜਾ ਦਿਲ ਕਰਦਾ ਹੈ, ਜ਼ਰੂਰ ਦਰਸ਼ਨ ਦੇਵੋ।"

ਯਾਕੂਬ ਖ਼ਾਂ ਨੇ ਚੌਧਰੀ ਹਮੀਰ ਸਿੰਘ ਨੂੰ ਕਿਹਾ ਕਿ ਜੀਂਦ ਨਾ ਜਾਏ, ਕਿੰਤੂ ਹਮੀਰ ਸਿੰਘ ਗਜਪਤ ਦੀ ਬੀਮਾਰੀ ਦੀ ਗੱਲ ਸੁਣ ਕੇ ਰਹਿ ਨਾ ਸਕਿਆ, ਉੱਠਕੇ ਚੱਲ ਪਿਆ ਤੇ ਆਪਣੇ ਦੀਵਾਨ ਯਾਕੂਬ ਖ਼ਾਂ ਨੂੰ ਵੀ ਨਾਲ ਲੈ ਲਿਆ। ਜਦ ਗਜਪਤ ਸਿੰਘ ਦੇ ਘਰ ਪੁੱਜਾ, ਤਦ ਉਸ ਨੇ ਉਸ ਵੇਲੇ ਹਮੀਰ ਸਿੰਘ ਨੂੰ ਕੈਦ ਕਰ ਲਿਆ ਤੇ ਉਹਦੇ ਅਹਿਲਕਾਰ ਯਾਕੂਬ ਖ਼ਾਂ ਨੂੰ ਕਿਲ੍ਹਾ ਮਾਲੀਆ ਬਾਲਾ ਵਿੱਚ ਕੈਦ ਕਰ ਲਿਆ ਤੇ ਬੜਾ ਦੁੱਖ ਦੇ ਕੇ ਮਰਵਾ ਦਿੱਤਾ ਤੇ ਸੰਗਰੂਰ ਸ਼ਹਿਰ 'ਤੇ ਚੜ੍ਹਾਈ ਕਰ ਦਿੱਤੀ, ਜਿੱਥੇ ਚੌਧਰੀ ਹਮੀਰ ਸਿੰਘ ਦੀ ਰਾਣੀ ਦੇਸੂ ਚਾਰ ਮਹੀਨੇ ਤਕ ਬੜੀ ਬਹਾਦਰੀ ਨਾਲ ਇਸ ਦੇ ਨਾਲ ਲੜਦੀ ਰਹੀ ਤੇ ਆਪਣੀ ਬਹਾਦਰੀ ਨਾਲ ਸੰਗੂਰਰ ਸ਼ਹਿਰ 'ਤੇ ਕਬਜ਼ਾ ਨਾ ਹੋਣ ਦਿੱਤਾ। ਅੰਤ ਨੂੰ ਜਦੋਂ ਇਸ ਰਾਣੀ ਨੇ ਰਿਆਸਤ ਪਟਿਆਲ਼ੇ ਤੋਂ ਮਦਦ ਮੰਗੀ, ਤਦ ਰਈਸ ਮਲੇਰਕੋਟਲਾ ਤੇ ਰਈਸ ਐਹਮਦ ਰਈਸ ਰਾਏਕੋਟ ਨੂੰ ਰਾਜਾ ਗਜਪਤ ਸਿੰਘ ਪਾਸ ਭੇਜ ਕੇ ਸਖ਼ਤ ਧਮਕੀ ਦਿੱਤੀ, ਜਿਸ ਤੋਂ ਡਰ ਕੇ ਰਾਜਾ ਗਜਪਤ ਸਿੰਘ ਨੇ ਚੌਧਰੀ ਹਮੀਰ ਸਿੰਘ ਨੂੰ ਤਾਂ ਛੱਡ ਦਿੱਤਾ, ਪਰੰਤੂ ਰਾਜਾ ਹਮੀਰ ਸਿੰਘ ਨੂੰ ਬੇਹੋਸ਼ ਕਰ ਕੇ ਸੰਗਰੂਰ ਦੇ ਬਦਲੇ ਹੋਰ ਇਲਾਕਾ ਦੇਣਾ ਕਰ ਕੇ ਫ਼ਰੇਬ ਨਾਲ ਸੰਗਰੂਰ ਲਿਖਵਾ ਲਿਆ ਤੇ ਆਪਣਾ ਕਬਜ਼ਾ ਕਰ ਲਿਆ। ਤਦ ਤੋਂ ਸੰਗਰੂਰ ਕਈ ਪਿੰਡਾਂ ਦੇ ਨਾਲ ਰਾਜਾ ਜੀਂਦ ਦੇ ਕਬਜ਼ੇ ਵਿੱਚ ਆ ਗਿਆ।

ਚੌਧਰੀ ਹਮੀਰ ਸਿੰਘ ਨੇ ਆਪਣੇ ਦਾਮਾਦ ਸਰਦਾਰ ਸਾਹਿਬ ਸਿੰਘ, ਜਿਸ ਦੇ ਨਾਲ ਇਸ ਦੀ ਲੜਕੀ ਸਭਾ ਕੌਰ ਦਾ ਆਨੰਦ ਕਾਰਜ ਹੋਇਆ ਸੀ, ਭਾਵਸੂ ਤੇ ਅਮਲੋਹ ਦੇ ਇਲਾਕੇ, ਜੋ ਇਸ ਹਿਲਜੁਲ ਵਿੱਚ ਉਹਦੇ ਕਬਜ਼ੇ ਵਿੱਚੋਂ ਨਿਕਲ ਗਏ ਸਨ, ਲੜਾਈ ਕਰ ਕੇ ਫਿਰ ਵਾਪਸ ਆਪਣੇ ਕਬਜ਼ੇ ਵਿੱਚ ਕਰ ਲਏ। ਸੰਗਰੂਰ ਵੀ ਵਾਪਸ ਲੈਣ ਵਾਲਾ ਹੀ ਸੀ ਕਿ ਮੌਤ ਦਾ ਸੱਦਾ ਆ ਗਿਆ। ਚੌਧਰੀ ਹਮੀਰ ਸਿੰਘ ਦੀ ਜਗ੍ਹਾ 'ਤੇ ਉਸ ਦਾ ਬੇਟਾ ਜਸਵੰਤ ਸਿੰਘ, ਜੋ ਸੰ. 1833 ਬਿ. ਵਿੱਚ ਪੈਦਾ ਹੋਇਆ ਸੀ, ਗੱਦੀ 'ਤੇ ਬੈਠਾ। ਪਿਤਾ ਦੀ ਮੌਤ ਸਮੇਂ ਉਸ ਦੀ ਉਮਰ ਬਹੁਤ ਛੋਟੀ ਸੀ, ਪਰੰਤੂ ਉਸ ਦੀ ਸੌਤੇਲੀ ਮਾਂ ਨੇ ਵਜ਼ੀਰੀ ਦਾ ਕੰਮ ਆਪਣੇ ਹੱਥ ਵਿੱਚ ਲੈ ਲਿਆ।

ਰਾਣੀ ਦੇਸੂ ਪੰਜ ਸਾਲ ਤਕ ਵਧੀਆ ਕੰਮ-ਕਾਜ ਚਲਾਉਂਦੀ ਰਹੀ, ਪਰ ਜਸਵੰਤ ਸਿੰਘ ਨੇ ਆਪਣੀ ਮਾਂ ਦੇਸੂ ਨੂੰ ਸਰਦਾਰ ਰਣ ਸਿੰਘ ਅਤੇ ਖੜਕ ਸਿੰਘ ਦੀ ਮਦਦ ਤੇ ਸਲਾਹ ਨਾਲ ਸ੍ਰਾਵਣ ਬ੍ਰਾਹਮਣ ਪਾਸੋਂ ਕਤਲ ਕਰਵਾ ਦਿੱਤਾ, ਜੋ ਕਿ ਰਾਣੀ ਦਾ ਹੀ ਪਾਲਿਆ ਹੋਇਆ ਸੀ। ਹੁਣ ਜਸਵੰਤ ਸਿੰਘ ਆਪ ਹੁਕਮਰਾਨ ਬਣ ਗਿਆ।

ਰਾਣੀ ਦੇਸੂ ਨੇ ਅੰਤ ਵੇਲੇ ਕਿਹਾ ਕਿ 'ਬ੍ਰਾਹਮਣ! ਤੂੰ ਕੋਹੜੀ ਹੋ ਕੇ ਮਰੇਂਗਾ ਤੇ ਜਸਵੰਤ ਸਿੰਘ ਦੀ ਸੰਤਾਨ ਦਾ ਨਾਂ ਨਹੀਂ ਰਹੇਗਾ। ਸੋ, ਅਜਿਹਾ ਹੀ ਹੋਇਆ।' ਜਸਵੰਤ ਸਿੰਘ ਦੇ ਛੋਟੇ ਹੁੰਦਿਆਂ ਸਰਦਾਰ ਖੜਕ ਸਿੰਘ, ਰਣ ਸਿੰਘ ਤੇ ਗਾੜਾ ਸਿੰਘ ਆਦਿਕ ਮਾਨਸ਼ਾਹੀਏ ਸਰਦਾਰ ਰਿਆਸਤ ਦਾ ਪ੍ਰਬੰਧ ਬੜਾ ਵਧੀਆ ਚਲਾਉਂਦੇ ਰਹੇ। ਰਾਜਾ ਜਸਵੰਤ ਸਿੰਘ ਨੇ ਜਵਾਨੀ ਦੇ ਜੋਸ਼ ਵਿੱਚ ਰਿਆਸਤ ਪਟਿਆਲ਼ਾ ਦੇ ਨਾਲ

ਪਿੰਡ ਬਹਾਲੂ ਤੇ ਕਰਮਨਾ ਆਦਿਕ ਅਸਥਾਨਾਂ 'ਤੇ ਲੜਾਈਆਂ ਕੀਤੀਆਂ, ਪਰ ਕੁਝ ਫ਼ਾਇਦਾ ਨਾ ਹੋਇਆ।

ਰਾਜਾ ਜਸਵੰਤ ਸਿੰਘ ਅੰਗਰੇਜ਼ਾਂ ਨਾਲ ਦੋਸਤੀ ਗੰਢਣ ਦੇ ਹੱਕ ਵਿੱਚ ਨਹੀਂ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦਾ ਹਿਮਾਇਤੀ ਸੀ। 1806 ਈ. ਦੇ ਸਤਲੁਜ ਪਾਰ ਹਮਲੇ ਵਿੱਚ ਸ਼ੇਰਿ-ਪੰਜਾਬ ਨੇ ਨਾਭੇ ਨੂੰ ਕੋਟ, ਬਾਸੀਆਂ, ਤਲਵੰਡੀ ਜਗਰਾਓਂ ਆਦਿ ਪਰਗਣਿਆਂ ਵਿੱਚੋਂ 26990 ਰੁਪਏ ਸਾਲਾਨਾ ਦੇ 31 ਪਿੰਡ ਤੇ ਘੁੰਗਰਾਣਾ ਵਿੱਚੋਂ 3350 ਰੁਪਏ ਸਾਲਾਨਾ ਦੇ 7 ਪਿੰਡ ਦਿੱਤੇ। ਸ਼ੇਰਿ-ਪੰਜਾਬ ਦੀ ਸਤਲੁਜ ਪਾਰ ਆਖ਼ਰੀ ਮੁਹਿੰਮ ਵਿੱਚ ਵੀ ਰਾਜਾ ਜਸਵੰਤ ਸਿੰਘ ਨਾਭਾ ਉਸ ਦੇ ਨਾਲ ਸੀ, ਪਰ ਜਦੋਂ 1809 ਈ. ਵਿੱਚ ਮਾਲਵੇ ਦੀਆਂ ਬਾਕੀ ਰਿਆਸਤਾਂ ਅੰਗਰੇਜ਼ਾਂ ਦੀ ਰੱਖਿਆ ਵਿੱਚ ਗਈਆਂ ਤਾਂ ਨਾਭਾ ਵੀ ਚਲਾ ਗਿਆ। ਉਸ ਦਿਨ ਤੋਂ ਉਸ ਦੇ ਲਾਹੌਰ ਨਾਲ ਸੰਬੰਧ ਟੁੱਟ ਗਏ।

ਕਰਨਲ ਲੋਨੀ ਅਖ਼ਤਰ ਸਾਹਿਬ ਨੇ ਇਸ ਰਈਸ ਬਾਬਤ ਗਵਰਨਮੈਂਟ ਨੂੰ ਆਪਣੀ ਰਿਪੋਰਟ ਵਿੱਚ ਲਿਖਯਾ ਹੈ : ਸਰਦਾਰ ਜਸਵੰਤ ਸਿੰਘ ਉਹਨਾਂ ਵੱਡੇ ਸਰਦਾਰਾਂ ਵਿੱਚੋਂ ਹੈ, ਜੋ ਸਾਡੀ ਹਿਮਾਇਤ ਵਿੱਚ ਹਨ। ਇਸ ਦੀ ਚਾਲ-ਢਾਲ, ਸਮਝ ਤੇ ਦਾਨਾਈ ਹੁਣ ਤਕ ਜਿੰਨੇ ਰਈਸਾਂ ਨੂੰ ਮਿਲਿਆ ਹਾਂ, ਸਭ ਤੋਂ ਹੱਛੀ ਹੈ। ਮੈਂ ਇਸ ਰਈਸ ਦਾ ਬਹੁਤ ਸਾਰਾ ਇਲਾਕਾ ਵੇਖਿਆ ਹੈ, ਇਸ ਦੇ ਇਲਾਕੇ ਵਿੱਚ ਚੰਗੀ ਫ਼ਸਲ ਹੁੰਦੀ ਹੈ। ਆਪਣੀ ਪਰਜਾ 'ਤੇ ਇਹ ਸਖ਼ਤੀ ਨਹੀਂ ਕਰਦਾ, ਉਹਨਾਂ ਨਾਲ ਨਰਮੀ ਵਰਤਦਾ ਹੈ। ਇਹ ਉਹ ਗੁਣ ਹਨ, ਜੋ ਹੋਰ ਰਈਸਾਂ ਵਿੱਚ ਬਹੁਤ ਘੱਟ ਮਿਲਦੇ ਹਨ, ਤੇ ਇਸ ਰਈਸ ਦੀ ਹਕੂਮਤ ਦੇ ਚੰਗੇ ਹੋਣ ਦੀ ਪਛਾਣ ਇਸ ਕਰ ਕੇ ਹੋ ਸਕਦੀ ਹੈ ਕਿ ਇਸ ਦੇ ਪਿੰਡ ਪਟਿਆਲ਼ਾ ਰਾਜ ਦੇ ਨਾਲ ਮਿਲੇ ਹੋਏ ਹਨ। ਉੱਥੋਂ ਦੀ ਹਾਲਤ ਇਸ ਦੇ ਨਾਲੋਂ ਉੱਕਾ ਉਲਟ ਹੈ।

ਰਾਜਾ ਜਸਵੰਤ ਸਿੰਘ ਨੂੰ 1810 ਮੁਹੰਮਦ ਅਕਬਰ ਸ਼ਾਹ ਦਿੱਲੀ ਦੇ ਸਮਰਾਟ ਵੱਲੋਂ 'ਬਰਾੜ ਬੰਸ ਸਿਰਮੌਰ ਤੇ ਮਾਲਵੇਂਦਰ ਬਹਾਦਰ' ਦਾ ਖ਼ਿਤਾਬ ਮਿਲਿਆ। ਰਾਜਾ ਜਸਵੰਤ ਸਿੰਘ ਨੇ ਅੰਗਰੇਜ਼ਾਂ ਦੇ ਨਾਲ ਗੋਰਖਿਆਂ ਦੇ ਵਿਰੁੱਧ ਮੁਹਿੰਮ ਵਿੱਚ ਸਾਥ ਦਿੱਤਾ ਸੀ। ਜਸਵੰਤ ਸਿੰਘ 22 ਮਈ, 1840 ਨੂੰ 66 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਿਆ।

ਜੇਮਜ ਸਕਿਨਰ ਅਨੁਸਾਰ ਜਸਵੰਤ ਸਿੰਘ ਨੇ ਆਪਣੀ ਰਿਆਸਤ ਦੀਆਂ ਹੱਦਾਂ ਪੱਛਮ ਵਿੱਚ ਧਰਮਕੋਟ ਤੇ ਪੂਰਬ ਵੱਲ ਪਟਿਆਲ਼ਾ ਤਕ ਵਧਾਈਆਂ, ਉੱਤਰ ਵਿੱਚ ਲੁਧਿਆਣਾ ਅਤੇ ਦੱਖਣ ਵਿੱਚ ਸਮਾਣਾ ਤਕ ਵਧਾਈਆਂ ਹੋਈਆਂ ਸਨ। ਉਸ ਦੀ ਰਿਆਸਤ ਵਿੱਚ 225 ਪਿੰਡ ਸਨ। ਸਾਲਾਨਾ ਆਮਦਨ ਇਸ ਦੀ ਸਟੇਟ ਦੀ 2,40,000 ਰੁਪੈ ਸੀ। ਰਾਜਾ ਜਸਵੰਤ ਕੋਲ ਪੈਦਲ ਅਤੇ ਘੋੜ ਸਵਾਰਾਂ ਸਮੇਤ ਲਗ-ਪਗ ਇੱਕ ਹਜ਼ਾਰ ਆਦਮੀ ਸਨ।

ਰਾਜਾ ਜਸਵੰਤ ਸਿੰਘ ਦੇ ਪਿੱਛੇ ਉਹਦਾ ਲੜਕਾ ਦੇਵਿੰਦਰ ਸਿੰਘ 1822 ਈ. ਨੂੰ ਰਾਣੀ ਹਰ ਕੌਰ ਦੀ ਕੁੱਖੋਂ ਹੋਇਆ ਸੀ। 18 ਸਾਲ ਦੀ ਆਯੂ ਵਿੱਚ ਗੱਦੀ 'ਤੇ ਬੈਠਾ। 15 ਅਕਤੂਬਰ, 1849 ਨੂੰ ਗੱਦੀ 'ਤੇ ਬੈਠਣ ਦੀ ਰਸਮ ਅਦਾ ਕੀਤੀ ਗਈ। ਇਸ ਜਲਸੇ ਵਿੱਚ ਏਜੰਟ ਗਵਰਨਰ ਜਨਰਲ ਅੰਬਾਲਾ, ਸਤਲੁਜ ਤੋਂ ਓਸ ਪਾਰ ਦੇ ਕੁਲ ਰਈਸ ਸ਼ਾਮਲ ਹੋਏ। ਗਵਰਨਮੈਂਟ ਵੱਲੋਂ ਰਾਜਾ ਦੇਵਿੰਦਰ ਸਿੰਘ ਨੂੰ ਇੱਕ ਹਾਥੀ ਜ਼ਰਦੋਜ਼ੀ ਝੂਲ ਵਾਲਾ, ਇੱਕ ਘੋੜਾ ਚਾਂਦੀ ਦੇ ਸਮਾਨ ਸਮੇਤ 151 ਕੱਪੜੇ, ਤਿੰਨ ਜਵਾਹਰ ਤੇ ਇੱਕ ਤਲਵਾਰ ਖ਼ਿਲਅਤ ਵਿੱਚ ਦਿੱਤੀ।

ਇਹ ਰਾਜਾ ਇੱਕ ਨੌਜਵਾਨ ਤੇ ਨਾ ਤਜਰਬੇਕਾਰ ਸੀ। ਬ੍ਰਾਹਮਣਾਂ ਤੇ ਖ਼ੁਸ਼ਾਮਦੀਆਂ ਨੇ ਤਾਰੀਫ਼ ਕਰ-ਕਰ ਕੇ ਤੇ ਖ਼ੁਸ਼ਾਮਦ ਦੀਆਂ ਗੱਲਾਂ ਸੁਣਾ-ਸੁਣਾ ਕੇ ਰਾਜੇ ਦੇ ਦਿਮਾਗ ਨੂੰ ਏਨਾ ਵਿਗਾੜਿਆ ਕਿ ਇਹ ਆਪਣੇ-ਆਪ ਨੂੰ ਦੂਜਾ ਪਰਮੇਸ਼ੁਰ ਸਮਝਣ ਲੱਗ ਪਿਆ।

ਰਾਜਾ ਜਸਵੰਤ ਸਿੰਘ ਬੈਰਾਗੀਆਂ ਦਾ ਚੇਲਾ ਹੀ ਬਣਿਆ ਸੀ, ਰਾਜਾ ਦੇਵਿੰਦਰ ਸਿੰਘ ਕ੍ਰਿਸ਼ਨ ਬਣ ਬੈਠਾ। ਮੁਸੱਮੀ ਜੈ ਗੋਪਾਲਚਾਰੀ ਬ੍ਰਾਹਮਣ ਵਸਨੀਕ ਕੋਲ ਚਕਰਾਤੀ ਤੋਂ ਸਿੱਖਯਾ ਪਾ ਕੇ ਅਜਿਹਾ ਹੰਕਾਰੀ ਬਣ ਗਿਆ ਕਿ ਦੂਜਿਆਂ ਨੂੰ ਆਪਣੇ ਟਾਕਰੇ 'ਤੇ ਕੁਝ ਸਮਝਦਾ ਹੀ ਨਹੀਂ ਸੀ। ਸਵਾਮੀ ਜੈ ਗੋਪਾਲ ਨੂੰ ਪੰਜਾਂ ਪਿੰਡਾਂ ਦੀ ਮਾਫ਼ੀ ਤੋਂ ਸਿਵਾਇ ਆਪਣਾ ਤਨ ਮਨ ਤੇ ਧਨ ਦੇ ਦਿੱਤਾ ਤੇ ਫਿਰਕਾ ਰਾਮ ਨੁਜ ਦਾ ਤਿਲਕ ਤੇ ਕੰਠੀ ਰੱਖਣ ਲੱਗਾ। ਸਿਵਾਏ ਬੈਰਾਗੀ ਫ਼ਕੀਰਾਂ ਦੇ ਕਿਸੇ ਹੋਰ ਬ੍ਰਾਹਮਣ ਜਾਂ ਸਿੱਖ ਨੂੰ ਕੁਝ ਨਹੀਂ ਦਿੰਦਾ ਸੀ। ਉਹ ਲੋਕ ਦੋਨੋਂ ਹੱਥਾਂ ਨਾਲ ਰਿਆਸਤ ਨੂੰ ਲੁੱਟ ਰਹੇ ਸਨ। ਸੰਨ 1848 ਈ. ਵਿੱਚ ਇਹਨਾਂ ਲੋਕਾਂ ਨੇ ਇਸ ਦੀ ਦੌਲਤ ਲੁੱਟਣ ਵਾਸਤੇ ਇਸ ਨੂੰ ਪ੍ਰੇਰਨਾ ਕੀਤੀ ਕਿ ਤੁਸੀਂ ਅਸਮੇਧ ਯੱਗ ਕਰੋ ਤਾਂ ਤੁਸੀਂ ਚਕਰਵਰਤੀ ਰਾਜੇ ਬਣ ਜਾਓਗੇ। ਸੋ, ਦੇਵਿੰਦਰ ਸਿੰਘ ਨੇ ਅਜਿਹਾ ਹੀ ਕੀਤਾ। ਬ੍ਰਾਹਮਣਾਂ ਦੇ ਕਹੇ ਇਸ ਨੇ ਅਸਮੇਧ ਯੱਗ ਕੀਤਾ। ਜੋ ਖ਼ਜ਼ਾਨਾ ਰਾਜਾ ਜਸਵੰਤ ਸਿੰਘ ਨੇ ਇਕੱਠਾ ਕੀਤਾ ਸੀ, ਉਹ ਇਸ ਨੇ ਸਾਰਾ ਬ੍ਰਾਹਮਣਾਂ ਨੂੰ ਲੁਟਾ ਦਿੱਤਾ। ਬ੍ਰਾਹਮਣਾਂ ਦਾ ਐਨਾ ਕਹਿਣਾ ਮੰਨਦਾ ਸੀ ਕਿ ਆਪ ਵੀ ਬ੍ਰਾਹਮਣ ਹੀ ਬਣ ਗਿਆ ਸੀ।

ਇਹਨਾਂ ਦਿਨਾਂ ਵਿੱਚ ਲਾਹੌਰ ਦਰਬਾਰ ਤੇ ਅੰਗਰੇਜ਼ਾਂ ਵਿੱਚ ਲੜਾਈ ਛਿੜ ਗਈ। ਰਾਜਾ ਦੇਵਿੰਦਰ ਸਿੰਘ ਦਾ ਦਿਮਾਗ਼ ਤਾਂ ਬ੍ਰਾਹਮਣਾਂ ਨੇ ਪਹਿਲਾਂ ਹੀ ਖ਼ਰਾਬ ਕਰ ਰੱਖਿਆ ਸੀ। ਸਰਕਾਰ ਅੰਗਰੇਜ਼ੀ ਨੂੰ ਜੋ ਰਸਦ, ਸਮਾਨ, ਆਦਿ ਦੇਣਾ ਸੀ, ਉਹ ਇਸ ਨੇ ਨਾ ਦਿੱਤਾ। ਮਾੜੇ ਕਰਮਾਂ ਨੂੰ ਉਹਨਾਂ ਦਿਨਾਂ ਵਿੱਚ ਰਾਮ ਸਿੰਘ ਲਾਹੌਰ ਦਰਬਾਰ ਤੋਂ ਆਇਆ। ਉਸ ਨੇ ਦੇਵਿੰਦਰ ਸਿੰਘ ਦੇ ਜੋ ਹਾਲਾਤ ਦੇਖੇ, ਉਨ੍ਹਾਂ ਨੂੰ ਦੇਖ ਕੇ ਉਸ ਨੂੰ ਵੀ ਇਸ ਦੀ ਨੀਅਤ 'ਤੇ ਸ਼ੱਕ ਹੋਣ ਲੱਗ ਪਿਆ।

ਰਾਜਾ ਦੇਵਿੰਦਰ ਸਿੰਘ ਨੂੰ ਮੇਜਰ ਬ੍ਰਾਡਫੁਟ ਨੇ ਲਿਖਯਾ ਕਿ ਜਲਦੀ ਕੱਲ੍ਹ ਸੰਧਯਾ ਤਕ ਸਰਕਾਰ ਅੰਗਰੇਜ਼ੀ ਦੇ ਲਸ਼ਕਰ ਵਿੱਚ ਆ ਜਾਉ, ਨਹੀਂ ਤਾਂ ਸਰਕਾਰ ਦੇ ਵੈਰੀ ਸਮਝੇ ਜਾਓਗੇ। ਰਾਜਾ ਦੇਵਿੰਦਰ ਸਿੰਘ ਨੇ ਇਸ ਨੋਟਿਸ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਇਹਨਾਂ ਦਿਨਾਂ ਵਿੱਚ ਹੀ ਮਹਾਰਾਜਾ ਪਟਿਆਲ਼ਾ ਅਕਾਲ ਚਲਾਣਾ ਕਰ ਗਿਆ, ਜਿਸ ਦੀ ਪੁੱਛ ਵਾਸਤੇ ਇਹਨਾਂ ਨੂੰ ਦੋ-ਤਿੰਨ ਵੇਰ ਪਟਿਆਲ਼ਾ ਆਉਣਾ ਪਿਆ।

ਫੇਰੂ ਤੇ ਮੁੱਦਕੀ ਦੀਆਂ ਲੜਾਈਆਂ ਦੇ ਮਗਰੋਂ ਰਿਆਸਤ ਨਾਭਾ ਵੱਲੋਂ ਅੰਗਰੇਜ਼ਾਂ ਨੂੰ ਜੋ ਮਦਦ ਚਾਹੀਦੀ ਸੀ, ਮਿਲ ਗਈ ਤੇ ਰਾਜਾ ਦੇਵਿੰਦਰ ਸਿੰਘ ਨੇ ਆਪਣੇ ਪਿਛਲੇ ਕੰਮਾਂ ਬਾਬਤ ਆਪਣੇ ਬਿਆਨ ਵਿੱਚ ਸਫ਼ਾਈ ਦਿੱਤੀ, ਪਰ ਅੰਗਰੇਜ਼ਾਂ ਨੂੰ ਤਸੱਲੀ ਨਾ ਹੋਈ। ਸੋ, 13 ਦਸੰਬਰ ਨੂੰ ਦੇਹਾਰੂ ਤੇ ਅਮਲੋਹ ਦੇ ਇਲਾਕੇ ਅੰਗਰੇਜ਼ਾਂ ਨੇ ਜ਼ਬਤ ਕਰ ਲਏ। ਦੇਵਿੰਦਰ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ। ਉਸ ਦੀ ਜਗ੍ਹਾ ਉਸ ਦੇ ਪੁੱਤਰ ਭਰਪੂਰ ਸਿੰਘ ਨੂੰ ਕੌਂਸਲ ਦੀ ਦੇਖ-ਰੇਖ ਅਧੀਨ ਗੱਦੀ 'ਤੇ ਬਿਠਾ ਦਿੱਤਾ ਗਿਆ। ਉਸ ਸਮੇਂ ਭਰਪੂਰ ਸਿੰਘ ਦੀ ਉਮਰ ਸੱਤ ਸਾਲ ਦੀ ਸੀ। ਉਸ ਨੂੰ ਉਸ ਦੀ ਦਾਦੀ ਮਾਂ ਚੰਦ ਕੌਰ ਦੀ ਦੇਖ-ਰੇਖ ਵਿੱਚ ਰੱਖਿਆ ਗਿਆ। ਦੇਵਿੰਦਰ ਸਿੰਘ ਮਥੁਰਾ ਭੇਜ ਦਿੱਤਾ, ਫੇਰ ਲਾਹੌਰ ਭੇਜ ਦਿੱਤਾ। ਨਵੰਬਰ 14-15, 1865 ਨੂੰ ਉਹ ਅਕਾਲ ਚਲਾਣਾ ਕਰ ਗਿਆ।

ਰਾਜਾ ਭਰਪੂਰ ਸਿੰਘ ਦਾ ਜਨਮ 5 ਅਕਤੂਬਰ, 1840 ਨੂੰ ਦੇਵਿੰਦਰ ਸਿੰਘ ਦੇ ਗ੍ਰਿਹ ਵਿਖੇ ਹੋਇਆ। ਰਾਜਾ ਭਰਪੂਰ ਸਿੰਘ ਦੇ ਗੱਦੀ 'ਤੇ ਬੈਠਣ ਸਮੇਂ ਕੁੱਲ ਉਮਰ 7 ਸਾਲ ਸੀ। ਇਸ ਲਈ ਜ਼ਰੂਰੀ ਸੀ ਕਿ ਰਿਆਸਤ ਦੇ ਪੁਰਾਣੇ ਅਹਿਲਕਾਰਾਂ ਵਿੱਚੋਂ ਸਰਦਾਰ ਗੁਰਬਖ਼ਸ਼ ਸਿੰਘ ਸਰਦਾਰ ਫ਼ਤਿਹ ਸਿੰਘ ਤੇ ਬਹਾਲੀ ਮੱਲ ਚੁਣ ਕੇ ਕੌਂਸਲ ਬਣਾਈ ਗਈ। ਰਾਜਾ ਭਰਪੂਰ ਸਿੰਘ ਨੂੰ ਗੱਦੀ 'ਤੇ ਬਿਠਾਣ ਦੀ ਰਸਮ ਮਾਮੂਲੀ ਜਿਹੀ ਹੀ ਕੀਤੀ ਗਈ।

ਕੌਂਸਲ ਪਹਿਲਾਂ-ਪਹਿਲ ਵਧੀਆ ਕੰਮ ਕਰਦੀ ਰਹੀ, ਪਿੱਛੋਂ ਗੜਬੜ ਬਹੁਤ ਹੋਣ ਲੱਗ ਪਈ। ਕੌਂਸਲ ਦੇ ਮੈਂਬਰ ਆਪਣੀ-ਆਪਣੀ ਜਾਇਦਾਦ ਵਧਾਉਣ ਲੱਗ ਪਏ। ਮਿਸਟਰ ਮੈਕਸਲ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਮੁਨਸ਼ੀ ਸਾਹਿਬ ਸਿੰਘ ਨੂੰ ਵੱਖ ਕਰ ਦਿੱਤਾ। ਫਿਰ ਗੁਰਬਖ਼ਸ਼ ਸਿੰਘ ਵੀ ਅਯੋਗ ਢੰਗ ਨਾਲ ਜਾਇਦਾਦ ਬਣਾਉਣ ਲੱਗ ਪਿਆ। 1857 ਵਿੱਚ ਉਸ ਬਾਰੇ ਪੜਤਾਲ ਕੀਤੀ ਗਈ ਤਾਂ ਸਾਰੀ ਗੱਲ ਸਾਹਮਣੇ ਆ ਗਈ। ਉਸ ਨੇ ਰਿਆਸਤ ਵਿੱਚ ਆਪਣੇ ਰਿਸ਼ਤੇਦਾਰ ਨੌਕਰ ਕਰ ਲਏ ਸਨ। ਇਹ ਸਾਰੇ ਹਟਾ ਦਿੱਤੇ ਗਏ। ਮੁਨਸ਼ੀ ਸਾਹਿਬ ਸਿੰਘ ਆਪਣੇ-ਆਪ ਬਿਨਾਂ ਗਵਰਨਮੈਂਟ ਤੋਂ ਪੁੱਛੇ ਕੌਂਸਲ ਦਾ ਪ੍ਰੈਜ਼ੀਡੈਂਟ ਬਣ ਗਿਆ ਤੇ ਰਿਆਸਤ ਦਾ ਕੰਮ ਚਲਾਣਾ ਸ਼ੁਰੂ ਕਰ ਦਿੱਤਾ।

ਸੰਨ 1857 ਵਿੱਚ ਜਦੋਂ ਗ਼ਦਰ ਹੋਇਆ ਤਾਂ ਭਰਪੂਰ ਸਿੰਘ ਨੇ ਅੰਗਰੇਜ਼ਾਂ ਦੀ ਬਹੁਤ ਮਦਦ ਕੀਤੀ। ਉਸ ਸਮੇਂ ਤਕ ਭਰਪੂਰ ਸਿੰਘ ਬਾਲਗ਼ ਹੋ ਗਿਆ ਸੀ। 17 ਮਈ ਨੂੰ ਲੁਧਿਆਣੇ ਦੀ ਛਾਉਣੀ ਇਹਨਾਂ ਦੇ ਹਵਾਲੇ ਕੀਤੀ ਗਈ ਸੀ। ਇਹਨਾਂ ਨੇ ਉੱਥੇ ਛੇ ਮਹੀਨੇ ਰਹਿ ਕੇ ਬੜੀ ਬਹਾਦਰੀ, ਜਵਾਂ-ਮਰਦੀ, ਮਿਹਨਤ ਨਾਲ ਛਾਉਣੀ ਨੂੰ ਬਚਾਈ ਰੱਖਿਆ। ਉਸ ਵੇਲੇ ਰਾਜਾ ਸਾਹਿਬ ਕੋਲ ਕੁੱਲ ਦੋ ਤੋਪਖ਼ਾਨੇ, 350 ਸਵਾਰ

ਤੇ 450 ਪੈਦਲ ਸਨ। ਕਿਲ੍ਹੇ ਤੋੜਨ ਵਾਲੀਆਂ ਤੋਪਾਂ, ਜਿਨ੍ਹਾਂ ਨੂੰ ਫਿਲੌਰ ਤੇ ਦਿੱਲੀ ਜਾਣ ਦਾ ਹੁਕਮ ਹੋਇਆ ਸੀ, ਤਿੰਨ ਸੌ ਸਿਪਾਹੀ ਰਾਜਾ ਭਰਪੂਰ ਸਿੰਘ ਨੇ ਭੇਜੇ। ਜਿੰਨੇ ਬਾਗ਼ੀ ਨਾਭਾ ਦੀ ਹੱਦ ਵਿੱਚੋਂ ਲੰਘੇ, ਸਭ ਨੂੰ ਭਰਪੂਰ ਸਿੰਘ ਨੇ ਕੈਦ ਕਰ ਲਿਆ। ਇਸ ਸਮੇਂ ਢਾਈ ਲੱਖ ਰੁਪਿਆ ਅੰਗਰੇਜ਼ ਸਰਕਾਰ ਨੂੰ ਦਿੱਤਾ।

ਇਸ ਖ਼ਿਦਮਤ ਬਦਲੇ ਸਰਕਾਰ ਅੰਗਰੇਜ਼ੀ ਨੇ ਨਾਭਾ ਸਟੇਟ ਦੇ ਜ਼ਬਤ ਹੋਏ ਇਲਾਕੇ ਝੱਜਰ ਤੇ ਵਿੱਚੋਂ ਬਾਵਲ ਤੇ ਕਾਟੀ ਦੇ ਦੋ ਜ਼ਿਲ੍ਹੇ, ਜਿਨ੍ਹਾਂ ਦੀ ਸਾਲਾਨਾ ਆਮਦਨੀ ਇੱਕ ਲੱਖ ਛੇ ਹਜ਼ਾਰ ਸੀ, ਇਸ ਸ਼ਰਤ 'ਤੇ ਵਾਪਸ ਕੀਤੇ ਕਿ ਅੱਗੋਂ ਤੋਂ ਸਰਕਾਰ ਅੰਗਰੇਜ਼ੀ ਦੇ ਵਫ਼ਾਦਾਰ ਰਹਿਣਾ ਪਵੇਗਾ। ਖ਼ਿਲਅਤ 7 ਦੀ ਥਾਂ 'ਤੇ 15 ਕੱਪੜਿਆਂ ਦੀ ਕੀਤੀ ਗਈ। ਗਿਆਰਾਂ ਤੋਪਾਂ ਦੀ ਸਲਾਮੀ ਮਨਜ਼ੂਰ ਹੋਈ। ਇਸ ਤੋਂ ਛੁੱਟ ਇੱਜ਼ਤ ਦੇ ਖ਼ਿਤਾਬ ਵਿੱਚ ਵਾਧਾ ਹੋਇਆ, ਅਰਥਾਤ ਫ਼ਰਜ਼ੰਦੇ ਅਰਜਮੰਦ ਅਕੀਦਤ ਪੈਵੰਦ ਦੌਲਤੇ ਇੰਗਲਿਸ਼ੀਆ ਬੈਰਾੜ ਵੰਸ਼ ਸਰਮੌਰ ਮਾਲਵੇਂਦ੍ ਬਹਾਦਰ ਰਾਜਾ ਭਰਪੂਰ ਸਿੰਘ ਦਾ ਅਤੇ ਸਤੰਬਰ, 1823 ਵਿੱਚ 'ਸਟਾਰ ਆਫ ਇੰਡੀਆ' ਦਾ ਖ਼ਿਤਾਬ ਵੀ ਮਿਲਿਆ।

ਰਾਜਾ ਭਰਪੂਰ ਸਿੰਘ ਨੇ ਬਾਲਗ ਹੋਣ ਤੇ ਆਪਣੇ-ਆਪ ਨੂੰ ਬੜਾ ਯੋਗ ਤੇ ਮੇਹਨਤੀ ਰਈਸ ਸਿੱਧ ਕੀਤਾ। ਤਖ਼ਤ 'ਤੇ ਬੈਠਦੇ ਹੀ ਇਸ ਨੇ ਪਹਿਲਾਂ ਰਿਆਸਤ ਦਾ ਸੁਧਾਰ ਕਰਨ ਵੱਲ ਧਿਆਨ ਦਿੱਤਾ। 1859 ਵਿੱਚ ਇਸ ਨੇ ਮਹਾਰਾਜਾ ਪਟਿਆਲ਼ਾ ਤੇ ਲੈਫ਼ਟੀਨੈਂਟ ਗਵਰਨਰ ਜਨਰਲ ਦੇ ਏਜੰਟ ਦੀ ਰਾਇ ਨਾਲ ਅਹਿਲਕਾਰਾਂ ਨੂੰ ਹਟਾ ਦਿੱਤਾ।

ਰਿਆਸਤ ਦੇ ਅਹਿਲਕਾਰਾਂ ਦੀ ਤੇ ਰਾਜਾ ਸਾਹਿਬ ਦੇ ਸਲਾਹਕਾਰਾਂ ਦੀ ਇਹ ਰਾਏ ਸੀ ਕਿ ਇਹਨਾਂ ਨੂੰ ਮਹਾਰਾਜਾ ਪਟਿਆਲ਼ਾ ਨਾਲ ਸਲੂਕ ਨਹੀਂ ਰੱਖਣਾ ਚਾਹੀਦਾ, ਪਰੰਤੂ ਰਾਜਾ ਭਰਪੂਰ ਸਿੰਘ ਮੁਲਾਜ਼ਮਾਂ ਦੇ ਹੱਥ ਵਿੱਚ ਕਠਪੁਤਲੀ ਬਣਨ ਵਾਲਾ ਰਾਜਾ ਨਹੀਂ ਸੀ। ਉਹ ਆਪਣੀ ਅਕਲ ਨਾਲ ਚੰਗੇ-ਮੰਦੇ ਦੀ ਪਛਾਣ ਰੱਖਦਾ ਸੀ। ਇਸ ਨੇ ਅੰਤਲੇ ਸਵਾਸਾਂ ਤਕ ਮਹਾਰਾਜਾ ਪਟਿਆਲ਼ਾ ਨਾਲ ਮਿੱਤਰਤਾ ਬਣਾਈ ਰੱਖੀ। ਭਰਪੂਰ ਸਿੰਘ ਨੂੰ ਵਿਦਯਾ ਦਾ ਬੜਾ ਸ਼ੌਕ ਸੀ। ਸਾਰੇ ਕੰਮ ਵਕਤ ਸਿਰ ਕਰਦੇ ਸਨ। ਸਾਰੇ ਮਹਿਕਮਿਆਂ ਤੇ ਦਫ਼ਤਰਾਂ ਨੂੰ ਆਪ ਦੇਖਦਾ ਸੀ। ਸਤੰਬਰ, 1863 ਈ. ਨੂੰ ਲਾਰਡ ਐਲਗਨ ਸਾਹਿਬ ਨੇ ਰਾਜਾ ਭਰਪੂਰ ਸਿੰਘ ਨੂੰ ਕਨੂੰਨ ਘੜਨ ਵਾਲੀ ਕੌਂਸਲ ਦਾ ਮੈਂਬਰ ਨਿਯਤ ਕੀਤਾ। ਇਹ ਇਸ ਗੱਲ ਦੀ ਬੜੀ ਖ਼ੁਸ਼ੀ ਨਾਲ ਉਡੀਕ ਕਰ ਰਹੇ ਸਨ ਕਿ ਸਮਾਂ ਆਉਣ 'ਤੇ ਇਹ ਕਲਕੱਤੇ ਜਾ ਕੇ ਕੌਂਸਲ ਵਿੱਚ ਸ਼ਾਮਲ ਹੋਣਗੇ, ਪਰੰਤੂ 1863 ਈ. 'ਚ ਬੁਖ਼ਾਰ ਨਾਲ ਬਿਮਾਰ ਹੋ ਗਏ। ਕੁਨੈਨ ਖਾਣ ਨਾਲ ਕੁਝ ਅਰਾਮ ਮਿਲਿਆ, ਪਰੰਤੂ ਬੁਖ਼ਾਰ ਨੇ ਫਿਰ ਅਜਿਹਾ ਜ਼ੋਰ ਫੜਿਆ ਕਿ 9 ਨਵੰਬਰ, 1863 ਨੂੰ ਅਕਾਲ ਚਲਾਣਾ ਕਰ ਗਿਆ।

ਰਾਜਾ ਭਰਪੂਰ ਸਿੰਘ ਤੋਂ ਬਾਅਦ ਮਹਾਰਾਜਾ ਪਟਿਆਲ਼ਾ ਤੇ ਜੀਂਦ ਨੇ ਗਵਰਨਮੈਂਟ ਨੂੰ ਲਿਖਿਆ ਕਿ ਰਾਜਾ ਭਰਪੂਰ ਸਿੰਘ ਨੇ ਆਪਣੇ ਜਿਊਂਦਿਆਂ ਕੰਵਰ ਭਗਵਾਨ

ਸਿੰਘ ਨੂੰ ਆਪਣਾ ਮੁਤਬੰਨਾ ਬਣਾ ਰੱਖਿਆ ਸੀ। ਇਸ ਕਰ ਕੇ ਗੱਦੀ 'ਤੇ ਇਹਨਾਂ ਨੂੰ ਬਿਠਾਇਆ ਜਾਵੇ। ਗਵਰਨਮੈਂਟ ਨੇ ਮੁਤਬੰਨੇ ਵਾਲੀ ਗੱਲ ਨਾ ਮੰਨੀ, ਪਰ ਭਗਵਾਨ ਸਿੰਘ ਨੂੰ ਗੱਦੀ 'ਤੇ ਬਿਠਾ ਦਿੱਤਾ। ਭਗਵਾਨ ਸਿੰਘ ਨੂੰ 17 ਫ਼ਰਵਰੀ, 1846 ਨੂੰ ਗੱਦੀ 'ਤੇ ਬਿਠਾਇਆ ਗਿਆ। ਗੱਦੀ 'ਤੇ ਬੈਠਣ ਦੀ ਰਸਮ ਬੜੀ ਧੂਮ-ਧਾਮ ਨਾਲ ਕੀਤੀ ਗਈ, ਜਿਸ ਵਿੱਚ ਮਹਾਰਾਜਾ ਪਟਿਆਲ਼ਾ, ਜੀਂਦ, ਮਲੇਰਕੋਟਲਾ ਤੇ ਸਤਲੁਜ ਪਾਰ ਦੇ ਸਾਰੇ ਰਈਸ ਸ਼ਾਮਲ ਹੋਏ। ਗਵਰਨਰ ਦਾ ਏਜੰਟ ਸਰ ਰਾਬਰਟ ਐਡਵਰਡ, ਅੰਬਾਲੇ ਦੀਆਂ ਫ਼ੌਜਾਂ ਦਾ ਕਮਾਂਡਿੰਗ ਅਫ਼ਸਰ ਤੇ ਹੋਰ ਕਈ ਅੰਗਰੇਜ਼ ਸ਼ਾਮਲ ਸਨ। ਰਾਜਾ ਭਗਵਾਨ ਸਿੰਘ ਨੂੰ ਖ਼ਿਲਅਤ ਵਿੱਚ ਹੇਠ ਲਿਖੀਆਂ ਚੀਜ਼ਾਂ ਦਿੱਤੀਆਂ ਗਈਆਂ :

ਕੱਪੜਿਆਂ ਦੀਆਂ 15 ਕਿਸ਼ਤੀਆਂ, ਤਿੰਨ ਜਵਾਹਰਾਤ, ਦੋ ਹਥਯਾਰ, ਇੱਕ ਘੋੜਾ ਤੇ ਇੱਕ ਹਾਥੀ।

ਭਗਵਾਨ ਸਿੰਘ ਬੜਾ ਸਮਝਦਾਰ ਤੇ ਦੂਰਦਰਸ਼ੀ ਆਦਮੀ ਸੀ, ਪਰੰਤੂ ਇਸ ਦੇ ਗੱਦੀ 'ਤੇ ਬੈਠਦਿਆਂ ਹੀ ਨੌਕਰਾਂ ਦੀ ਧੜੇਬੰਦੀ ਦੇ ਕਾਰਨ ਅਜਿਹੀ ਸਾਜ਼ਿਸ਼ ਘੜੀ ਗਈ ਕਿ ਭਗਵਾਨ ਸਿੰਘ 'ਤੇ ਦੂਸ਼ਣ ਲੱਗਾ ਕਿ ਰਾਜਾ ਭਰਪੂਰ ਸਿੰਘ ਨੂੰ ਮਾਰਨ ਲਈ ਇਸ ਨੇ ਜ਼ਹਿਰ ਦਿੱਤਾ ਹੈ। ਬਾਅਦ ਵਿੱਚ ਜਦੋਂ ਪੜਤਾਲ ਹੋਈ ਤਾਂ ਇਹ ਇੱਕ ਉੱਕਾ ਹੀ ਅਫ਼ਵਾਹ ਨਿਕਲੀ। ਜਿਨ੍ਹਾਂ ਨੇ ਇਹ ਗੱਲ ਛੱਡੀ ਸੀ, ਉਹਨਾਂ ਨੂੰ ਬਾਅਦ ਵਿੱਚ ਕੈਦ ਕਰ ਲਿਆ ਗਿਆ। ਰਾਜਾ ਭਗਵਾਨ ਸਿੰਘ ਨੇ ਕੁਝ ਚਿਰ ਰਿਆਸਤ ਦਾ ਪ੍ਰਬੰਧ ਬੜੀ ਸਿਆਣਪ ਤੇ ਸੂਝ-ਬੂਝ ਨਾਲ ਚਲਾਇਆ। ਪਰਜਾ ਤੇ ਅਹਿਲਕਾਰ ਸਭ ਖ਼ੁਸ਼ ਸਨ। ਇਹਨਾਂ ਦੀ ਆਯੂ ਨੇ ਸਾਥ ਨਾ ਦਿੱਤਾ ਤੇ 4 ਮਹੀਨੇ ਤਪਦਿਕ ਨਾਲ ਬਿਮਾਰ ਰਹਿ ਕੇ 1877 ਨੂੰ ਚਲਾਣਾ ਕਰ ਗਏ।

ਰਾਜਾ ਭਗਵਾਨ ਸਿੰਘ ਦੇ ਚਲਾਣੇ ਤੋਂ ਬਾਅਦ ਸ੍. ਹੀਰਾ ਸਿੰਘ ਨਾਭਾ ਨੂੰ ਰਿਆਸਤ ਦਾ ਮੁਖੀ ਬਣਾਇਆ ਗਿਆ, ਕਿਉਂਕਿ ਰਾਜਾ ਭਗਵਾਨ ਸਿੰਘ ਦੇ ਕੋਈ ਔਲਾਦ ਨਹੀਂ ਸੀ। ਮਹਾਰਾਜਾ ਹੀਰਾ ਸਿੰਘ ਦਾ ਜਨਮ ਸ੍. ਸੁੱਖਾ ਦੇ ਘਰ 18 ਦਸੰਬਰ 1843 ਨੂੰ ਪਿੰਡ ਬਡਰੁੱਖਾਂ ਵਿਖੇ ਹੋਇਆ ਸੀ। ਇਸ ਰਿਆਸਤ ਦੀ ਅੰਗਰੇਜ਼ਾਂ ਨਾਲ ਸੰਧੀ ਹੋਣ ਕਰ ਕੇ ਉਹਨਾਂ ਨੇ ਪਟਿਆਲ਼ਾ ਤੇ ਨਾਭਾ ਦੇ ਖ਼ਾਨਦਾਨਾਂ ਦੇ ਕੁਰਸੀਨਾਮਿਆਂ ਦਾ ਲੇਖਾ ਕਰ ਕੇ ਹੀਰਾ ਸਿੰਘ ਨੂੰ ਨਵਾਂ ਰਾਜਾ ਬਣਾ ਦਿੱਤਾ। ਉਹ ਜੂਨ 9, 1871 ਦੇ ਦਿਨ ਤਖ਼ਤ 'ਤੇ ਬੈਠਿਆ। ਉਸ ਨੇ ਲਗ-ਪਗ 40 ਸਾਲ ਤਕ ਰਾਜ ਕੀਤਾ। ਉਸ ਦੀ ਵਫ਼ਾਦਾਰੀ ਤੋਂ ਖ਼ੁਸ਼ ਹੋ ਕੇ ਅੰਗਰੇਜ਼ਾਂ ਨੇ ਉਸ ਨੂੰ ਪਹਿਲਾਂ ਫਰਜੰਦੇ ਅਰਜੁਮੰਦ, ਮਲਵੇਂਦਰ ਬਹਾਦਰ ਦਾ ਖ਼ਿਤਾਬ 1879 ਈ. ਵਿੱਚ ਦਿੱਤਾ। ਸੰਨ 1903 ਵਿੱਚ ਰਾਜਾਏ ਰਾਜਗਾ ਤੇ ਸੰਨ 1911 ਵਿੱਚ ਬਰਾੜ ਬੰਸ ਸਰਮੌਰ ਅਤੇ ਜੀ.ਸੀ.ਐਸ.ਆਈ. ਵਰਗੇ ਖ਼ਿਤਾਬ ਦਿੱਤੇ ਅਤੇ ਪ੍ਰਿੰਸ ਆਫ਼ ਵੇਲਜ਼ ਗੋਲਡ ਮੈਡਲ ਤੇ ਐਂਪਰੈਸ ਆਫ਼ ਇੰਡੀਆ ਮੈਡਲ ਅਤੇ ਕਈ ਹੋਰ ਅਵਾਰਡ ਵੀ ਦਿੱਤੇ।

ਰਾਜਾ ਹੀਰਾ ਸਿੰਘ ਦੀਆਂ ਚਾਰ ਪਤਨੀਆਂ ਵਿੱਚੋਂ ਸਿਰਫ਼ ਜਸਮੀਤ ਕੌਰ ਤੋਂ ਇੱਕ ਧੀ ਰਿਪੁਦਮਨ ਦੇਵੀ ਸੈਨ 1881 ਵਿੱਚ ਜਨਮੀ ਤੇ ਇੱਕ ਪੁੱਤਰ ਰਿਪੁਦਮਨ ਸਿੰਘ ਸੈਨ 1883 ਈ.ਵਿੱਚ ਪੈਦਾ ਹੋਇਆ। ਉਸ ਨੇ ਆਪਣੀ ਧੀ ਤਾ ਵਿਆਹ ਇੱਕ ਛੋਟੀ ਜਿਹੀ ਰਿਆਸਤ ਧੌਲਪੁਰ ਦੇ ਹਿੰਦੂ ਜਾਟ ਰਾਜੇ ਰਾਮ ਸਿੰਹੁ ਸੈਨ 1883-1911 ਜੋ ਉਸ ਤੋਂ ਦੋ ਸਾਲ ਛੋਟਾ ਸੀ, ਨਾਲ ਕੀਤਾ ਸੀ। 30 ਸਾਲ ਦੀ ਉਮਰ ਵਿੱਚ ਹੀ ਬਿਨਾਂ ਔਲਾਦ ਦੇ ਉਹ ਮਰ ਗਿਆ। ਰਾਜਾ ਹੀਰਾ ਸਿੰਘ ਇੱਕ ਦਾਨੀ ਵਜੋਂ ਬਹੁਤ ਮਸ਼ਹੂਰ ਸੀ। ਮੈਕਸ ਆਰਥਰ ਮੈਕਲਿਫ ਨੂੰ 'ਸਿੱਖ ਰਿਲੀਜਨ' ਕਿਤਾਬ ਲਿਖਣ ਅਤੇ ਛਾਪਣ ਵਾਸਤੇ ਮਾਲੀ ਮਦਦ ਦਿੱਤੀ ਸੀ। ਉਸ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਾਸਤੇ ਵੀ ਖੁੱਲ੍ਹ ਦਿਲੀ ਨਾਲ ਰਕਮ ਖ਼ਰਚੀ ਸੀ। ਇਸ ਦਾ ਪੁੱਤਰ ਕੰਵਰ ਰਿਪੁਦਮਨ ਸਿੰਘ ਵਾਇਸਰਾਇ ਦੀ ਇਮਪੀਰੀਅਲ ਕੌਂਸਲ ਦਾ ਮੈਂਬਰ ਸੀ। ਉਸ ਨੇ ਸੈਨ 1908 ਵਿੱਚ ਇਸ ਕੌਂਸਲ ਵਿੱਚ ਅਨੰਦ ਮੈਰਿਜ ਐਕਟ ਬਿੱਲ ਪੇਸ਼ ਕਰ ਕੇ ਸਿੱਖ ਵਿਆਹ ਨੂੰ ਕਨੂੰਨੀ ਦਰਜਾ ਦਿਵਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਸੀ। ਦੂਸਰੇ ਅਫ਼ਗਾਨ ਯੁੱਧ ਵਿੱਚ (1878-1880 ਈ.) ਵਿੱਚ ਰਾਜਾ ਹੀਰਾ ਸਿੰਘ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ। ਇਸ ਲਈ ਉਸ ਨੂੰ 'ਰਾਜਾਏ ਰਾਜਗਾਨ' ਤੇ 'ਮਹਾਰਾਜਾ' ਦਾ ਖ਼ਿਤਾਬ ਮਿਲਿਆ। 1911 ਵਿੱਚ ਮਹਾਰਾਜਾ ਹੀਰਾ ਸਿੰਘ ਸੁਰਗਵਾਸ ਹੋ ਗਿਆ ਤਾਂ ਉਸ ਦਾ ਪੁੱਤਰ ਰਿਪੁਦਮਨ ਸਿੰਘ ਮਹਾਰਾਜਾ ਬਣਿਆ। ਅਕਾਲੀ ਲਹਿਰ ਨਾਲ ਹਮਦਰਦੀ ਰੱਖਣ ਬਦਲੇ ਜੁਲਾਈ, 1923 ਈ. ਨੂੰ ਅੰਗਰੇਜ਼ੀ ਸਰਕਾਰ ਨੇ ਮਹਾਰਾਜੇ ਨੂੰ ਗੱਦੀ ਤੋਂ ਉਤਾਰ ਦਿੱਤਾ ਤੇ ਉਸ ਦੇ ਬਾਲਕ ਪ੍ਰਤਾਪ ਸਿੰਘ ਨੂੰ ਨਾਭੇ ਦਾ ਮਹਾਰਾਜਾ ਬਣਾ ਦਿੱਤਾ। ਇਹ ਨਾਭੇ ਦਾ ਆਖ਼ਰੀ ਮਹਾਰਾਜਾ ਸੀ। 5 ਮਈ, 1948 ਈ. ਨੂੰ ਮਹਾਰਾਜਾ ਪ੍ਰਤਾਪ ਸਿੰਘ ਨੇ ਪੈਪਸੂ ਵਿੱਚ ਸ਼ਾਮਲ ਹੋਣ ਵਾਸਤੇ ਦਸਤਖ਼ਤ ਕੀਤੇ। 20 ਅਗਸਤ, 1948 ਈ. ਨੂੰ ਰਿਆਸਤ ਨਾਭਾ ਯੂਨੀਅਨ ਵਿੱਚ ਸ਼ਾਮਲ ਹੋ ਗਈ। ਮਹਾਰਾਜਾ ਨਾਭਾ ਨੂੰ ਖ਼ਰਚਿਆਂ ਲਈ ਚਾਰ ਲੱਖ ਦਸ ਹਜ਼ਾਰ ਭੱਤਾ ਸਾਲਾਨਾ ਦੇਣਾ ਪਰਵਾਨ ਕੀਤਾ। ਇਸ ਤੋਂ ਵੱਖਰਾ, ਬਾਕੀ ਰਿਆਸਤਾਂ ਵਾਂਗ ਨਿੱਜੀ ਜਾਇਦਾਦ ਉੱਤੇ ਵੀ ਅਧਿਕਾਰ ਕਾਇਮ ਰਹੇਗਾ।

## ਰਿਆਸਤ ਜੀਂਦ

ਰਿਆਸਤ ਜੀਂਦ ਦਾ ਸ਼ਜਰਾ



ਇਸ ਖ਼ਾਨਦਾਨ ਦਾ ਮੁੱਢ ਵੀ ਫੂਲ ਤੋਂ ਹੈ। ਚੌਧਰੀ ਤਲੋਕ ਸਿੰਘ ਨੂੰ ਚੌਧਰੀ ਬਣਾਇਆ ਗਿਆ ਸੀ। ਇਹਨਾਂ ਦੇ ਦੋ ਲੜਕੇ ਸਨ : ਗੁਰਦਿੱਤ ਸਿੰਘ ਅਤੇ ਸੁਖਚੈਨ ਸਿੰਘ। ਸ੍. ਸੁਖਚੈਨ ਸਿੰਘ ਦੀ ਸੰਤਾਨ ਸਰਦਾਰ ਬਡਰੁੱਖਾਂ ਤੇ ਦਿਆਲਪੁਰਾ ਤੋਂ ਰਿਆਸਤ ਜੀਂਦ ਕਾਇਮ ਹੋਈ। ਸੁਖਚੈਨ ਸਿੰਘ ਕੋਈ ਬਹੁਤ ਪ੍ਰਸਿੱਧ ਵਿਅਕਤੀ ਨਹੀਂ ਸੀ। ਇਸ ਦੇ ਲੜਕੇ ਦੀ ਸ਼ਾਦੀ ਮੰਡੀ ਦੇ ਚੂਹੜ ਸਿੰਘ ਦੀ ਲੜਕੀ ਆਗਾਂ ਨਾਲ ਹੋਈ। ਇਸ ਨੇ ਕੁਝ ਨਵੇਂ ਪਿੰਡ ਵਸਾਏ। ਇਸ ਦੇ ਤਿੰਨ ਲੜਕੇ ਸਨ: ਆਲਮ ਸਿੰਘ, ਗਜਪਤ ਸਿੰਘ, ਬੁਲਾਕੀ ਸਿੰਘ। ਆਲਮ ਸਿੰਘ ਨੇ ਇਸ ਨੂੰ ਪਿੰਡ ਬਾਲਾ ਵਾਲੀ ਦਿੱਤਾ, ਜਿਸ ਨੂੰ 1754 ਈ. ਵਿੱਚ ਵਸਾਯਾ ਸੀ। ਪਿੰਡ ਸੁਖਚੈਨ ਵਾਲਾ, ਜਿਸ ਨੂੰ ਆਪਣੇ ਨਾਮ 'ਤੇ ਵਸਾਯਾ ਸੀ। ਬੁਲਾਕੀ ਸਿੰਘ ਨੂੰ ਇਸ ਤਰ੍ਹਾਂ ਵੰਡ ਕਰ ਕੇ ਸੁਖਚੈਨ ਸਿੰਘ ਆਪਣੇ ਲੜਕੇ ਗਜਪਤ ਸਿੰਘ ਸਮੇਤ ਫੂਲ ਪਿੰਡ ਵਿੱਚ ਹੀ ਰਿਹਾ। ਇਸ ਕਰ ਕੇ ਸੁਖਚੈਨ ਸਿੰਘ ਆਪਣੇ 97 ਪਿੰਡਾਂ ਦਾ ਅੱਧਾ ਮਾਮਲਾ ਵਸੂਲ ਕਰ ਕੇ ਖ਼ਜ਼ਾਨੇ ਵਿੱਚ ਦਾਖ਼ਲ ਕਰਦਾ ਰਿਹਾ। ਸਾਰਿਆਂ ਤੋਂ ਵੱਧ ਝਗੜੇ ਵਾਲੀ ਥਾਂ ਪਿੰਡ ਫੂਲ ਸੀ, ਜੋ ਸਾਂਝਾ ਸੀ, ਜਿਸ ਦੇ ਚੌਧਰੀ ਗੁਰਦਿੱਤ ਸਿੰਘ ਆਪਣੇ-ਆਪ ਨੂੰ ਤਲੋਕ ਸਿੰਘ ਦਾ ਲੜਕਾ ਹੋਣ ਦੇ ਕਾਰਨ ਮਾਲਕ ਦੱਸਦਾ ਸੀ। ਤੇ ਹੋਰਨਾਂ 'ਤੇ ਵਧੀਕ ਹੱਕ ਜਤਾਂਦਾ ਸੀ। ਇਹ ਝਗੜਾ ਇੱਕ ਵੇਰ ਐਨਾ ਵਧ ਗਿਆ ਕਿ ਸੁਖਚੈਨ ਸਿੰਘ ਇੱਕ ਵੇਰ ਆਪਣਾ ਮਾਮਲਾ ਸ਼ਾਹੀ ਖ਼ਜ਼ਾਨੇ ਵਿੱਚ ਦੇ ਨਹੀਂ ਸਕਿਆ। ਇਸ ਦੇ ਫੜਨ ਵਾਸਤੇ ਫ਼ੌਜ ਆਈ ਤੇ ਇਹ ਲੁਕ ਗਿਆ, ਪਰੰਤੂ ਗੁਰਦਿੱਤ ਸਿੰਘ ਨੇ ਸੈਨਤ ਕਰ ਕੇ ਸੁਖਚੈਨ ਸਿੰਘ ਦੇ ਲੜਕੇ ਗਜਪਤ ਸਿੰਘ ਨੂੰ, ਜੋ ਉਸ ਵੇਲੇ ਪੰਜ ਸਾਲ ਦਾ ਸੀ, ਉਹਦੀ ਮਾਂ ਆਗਾਂ ਸਮੇਤ ਗ੍ਰਿਫ਼ਤਾਰ ਕਰਵਾ ਦਿੱਤਾ। ਬਾਦਸ਼ਾਹੀ ਫ਼ੌਜ ਇਹਨਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲੈ ਗਈ, ਪਰੰਤੂ ਉਸ ਵੇਲੇ ਆਗਾਂ ਦੀ ਟਹਿਲਣ ਆਗਾਂ ਦੇ ਕੱਪੜੇ ਪਾ ਕੇ ਉੱਥੇ ਬੈਠ ਗਈ ਤੇ ਆਗਾਂ ਆਪਣੇ ਬੱਚੇ ਸਮੇਤ ਕੈਦ ਵਿੱਚੋਂ ਬਾਹਰ ਨਿਕਲ ਗਈ। ਸੁਖਚੈਨ ਸਿੰਘ ਦੇ ਸਵਾਰ ਭੇਸ ਬਦਲ ਕੇ ਬਾਹਰ ਖੜ੍ਹੇ ਸਨ। ਸੋ, ਇਹ ਘੋੜਿਆਂ 'ਤੇ ਸਵਾਰ ਹੋ ਕਰ ਕੇ ਆਪਣੇ ਪਿੰਡ ਵਾਪਸ ਲੈ ਆਏ। ਇਹਨਾਂ ਦੋਹਾਂ ਭਰਾਵਾਂ ਵਿੱਚ ਦੁਸ਼ਮਣੀ ਹੋਰ ਪੀਡੀ ਹੋ ਗਈ। ਚੌਧਰੀ ਗੁਰਦਿੱਤ ਸਿੰਘ ਦੀ ਸਰਹੰਦ ਦੇ ਸੂਬੇਦਾਰ ਨਾਲ ਚੰਗੀ ਗੱਲਬਾਤ ਸੀ। ਧਨੌਲੇ ਦੇ ਜਵੰਦੇ ਜਾਗੀਰਦਾਰਾਂ ਦਾ ਜੋ ਸਰਹੱਦ ਦਾ ਝਗੜਾ ਸੀ, ਉਸ ਨੂੰ ਨਿਪਟਾਣ ਲਈ ਗੁਰਦਿੱਤ ਸਿੰਘ ਨਿਯਤ ਹੋਇਆ। ਓਸ ਵੇਲੇ ਕੌਮ ਜਵੰਦੇ ਕੇ ਨੇ ਧਨੌਲੇ ਦਾ ਖੰਡਰ ਲੈ ਕੇ ਨਵੇਂ ਸਿਰੇ ਵਸਾਇਆ। ਇੱਕ ਕੱਚੀ ਗੜ੍ਹੀ ਬਣਾ ਕੇ ਰਹਿਣ ਲੱਗਾ। ਗ਼ਦਰ ਦੇ ਦਿਨਾਂ ਵਿੱਚ ਬਡੌਰ ਵਾਲੇ ਰਾਜਪੂਤਾਂ 'ਤੇ ਕਬਜ਼ਾ ਕਰ ਕੇ ਧਨੌਲੇ ਨੂੰ ਆਪਣੀ ਰਾਜਧਾਨੀ ਬਣਾ ਕੇ ਰਹਿਣ ਲੱਗ ਪਿਆ।

ਸੰਨ 1751 ਨੂੰ ਸੁਖਚੈਨ ਸਿੰਘ ਅਕਾਲ ਚਲਾਣਾ ਕਰ ਗਿਆ। ਸੁਖਚੈਨ ਸਿੰਘ ਦੀ ਪਤਨੀ ਆਗਾਂ ਆਪਣੀ ਸੰਤਾਨ ਸਮੇਤ ਤਲਵੰਡੀ ਵਿਆਹ 'ਤੇ ਗਈ ਸੀ। ਪਿੱਛੋਂ

ਗੁਰਦਿੱਤ ਸਿੰਘ ਨੇ ਪਿੰਡ ਫੂਲ 'ਤੇ ਕਬਜ਼ਾ ਕਰ ਲਿਆ। ਉਸ ਦਿਨ ਤੋਂ ਫੂਲ ਪਿੰਡ ਨਾਭੇ ਦੇ ਕਬਜ਼ੇ ਵਿੱਚ ਹੈ।

ਸੁਖਚੈਨ ਸਿੰਘ ਦਾ ਵੱਡਾ ਲੜਕਾ ਆਲਮ ਸਿੰਘ ਬੜਾ ਬਹਾਦਰ ਤੇ ਦਾਨਾ ਬੰਦਾ ਸੀ। ਆਪਣੇ ਨਾਲ ਫੌਜਾਂ ਦੀ ਇਹ ਕਾਫ਼ੀ ਤਾਦਾਦ ਰੱਖਦਾ ਸੀ। ਭੱਟੀਆਂ ਨਾਲ ਇਸ ਦੀ ਲੜਾਈ ਬਣੀ ਰਹਿੰਦੀ ਤੇ ਕਈ ਵਾਰ ਸ਼ਾਹੀ ਲਸ਼ਕਰ ਨਾਲ ਇਹਦਾ ਟਾਕਰਾ ਹੋਇਆ, ਜਿਸ ਵਿੱਚ ਇਹ ਕਾਮਯਾਬ ਰਿਹਾ। 1763 ਈ. ਨੂੰ ਸਰਹਿੰਦ ਦੀ ਜਿੱਤ ਤੋਂ ਮਗਰੋਂ ਬਹੁਤ ਸਾਰਾ ਇਲਾਕਾ ਤਲਵਾਰ ਦੇ ਜ਼ੋਰ ਨਾਲ ਆਪਣੇ ਕਬਜ਼ੇ ਵਿੱਚ ਕਰ ਲਿਆ। ਜੇ ਕਦੀ ਇਹ ਸਰਦਾਰ ਹੋਰ ਚਿਰ ਜਿਊਂਦਾ ਰਹਿੰਦਾ ਤਾਂ ਇਹ ਆਪਣੇ ਬਾਹੂਬਲ ਨਾਲ ਇੱਕ ਨਵੀਂ ਰਿਆਸਤ ਬਣਾ ਲੈਂਦਾ, ਪਰੰਤੂ 1764 ਈ. ਵਿੱਚ ਅਚਾਨਕ ਘੋੜੇ ਤੋਂ ਡਿੱਗ ਕੇ ਮਰ ਗਿਆ। ਇਸ ਦੀ ਕੋਈ ਸੰਤਾਨ ਨਹੀਂ ਸੀ। ਇਸ ਦੀ ਪਤਨੀ ਨਾਲ ਗਜਪਤ ਸਿੰਘ ਨੇ ਅਨੰਦ ਪੜ੍ਹਾ ਲਿਆ ਤੇ ਪਿੰਡ ਬਾਲੀਆਂ ਵਾਲਾ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ।

ਬੁਲਾਕੀ ਸਿੰਘ, ਜੋ ਸੁਖਚੈਨ ਸਿੰਘ ਦਾ ਸਭ ਤੋਂ ਛੋਟਾ ਬੇਟਾ ਸੀ, ਉਹ ਨਿਪਾਲਪੁਰ ਦੇ ਸਰਦਾਰਾਂ ਦਾ ਵੱਡਾ ਹੋਇਆ, ਜਿਸ ਦਾ ਹਾਲ ਉਸ ਖ਼ਾਨਦਾਨ ਦੇ ਹਾਲ ਵਿੱਚ ਆਵੇਗਾ। ਗਜਪਤ ਸਿੰਘ ਸੁਖਚੈਨ ਸਿੰਘ ਦਾ ਵਿਚਕਾਰਲਾ ਲੜਕਾ ਸੀ। ਇਹ ਗੱਦੀ 'ਤੇ ਬੈਠਾ। ਇਹ ਬੜਾ ਬਹਾਦਰ, ਜਵਾਂ-ਮਰਦ, ਦਲੇਰ, ਅਕਲਮੰਦ, ਪੜ੍ਹਿਆ-ਲਿਖਿਆ ਤੇ ਸਿਪਾਹਗਿਰੀ ਦੇ ਕੰਮ ਦਾ ਜਾਣੂੰ ਤੇ ਵੇਖਣ ਵਿੱਚ ਬੜਾ ਸਜੀਲਾ ਤੇ ਫੁਰਤੀਲਾ ਜਵਾਨ ਸੀ। 1763 ਈ. ਵਿੱਚ ਇਹ ਸਰਹੰਦ ਫ਼ਤਿਹ ਕਰਨ ਵੇਲੇ ਖ਼ਾਲਸਾ ਜਥੇ ਨਾਲ ਸ਼ਾਮਲ ਹੋਇਆ ਸੀ। ਉਦੋਂ ਇਸ ਨੂੰ ਬਹੁਤ ਸਾਰਾ ਇਲਾਕਾ, ਜੋ ਖ਼ਾਲੀ ਪਿਆ ਸੀ ਤੇ ਜਿਸ ਵਿੱਚ ਜੀਂਦ ਆਦਿਕ ਸਨ, ਮਿਲ ਗਿਆ। ਇਸ ਨੇ ਇਸ 'ਤੇ ਕਬਜ਼ਾ ਕਰ ਕੇ ਪਾਣੀਪਤ, ਕਰਨਾਲ ਤਕ ਹੱਥ ਵਧਾਇਆ। ਇਸ ਇਲਾਕੇ ਵਿੱਚ ਇਸ ਨੇ ਭਾਵੇਂ ਤਿੰਨ-ਚਾਰ ਸਾਲ ਤੋਂ ਵੱਧ ਕਬਜ਼ਾ ਨਾ ਰੱਖਿਆ, ਪਰੰਤੂ ਉਹਨਾਂ ਤੋਂ ਬਹੁਤ ਸਾਰਾ ਧਨ ਇਸ ਦੇ ਹੱਥ ਲੱਗ ਗਿਆ।

ਗਜਪਤ ਸਿੰਘ ਨੇ ਜਿਸ ਇਲਾਕੇ 'ਤੇ ਕਬਜ਼ਾ ਕੀਤਾ ਸੀ, ਇਹ ਦਿੱਲੀ ਦੇ ਬਾਦਸ਼ਾਹ ਦਾ ਸੀ। ਇਹ ਦਿੱਲੀ ਦੇ ਬਾਦਸ਼ਾਹ ਨੂੰ ਇਸ ਇਲਾਕੇ ਦਾ ਖ਼ਰਾਜ ਬਰਾਬਰ ਭੇਜਦਾ ਰਿਹਾ, ਪਰੰਤੂ ਸੰਨ 1766 ਈ. ਵਿੱਚ ਇਸ ਦੇ ਸਿਰ 'ਤੇ ਡੇਢ ਲੱਖ ਦੇ ਕਰੀਬ ਰੁਪਿਯਾ ਹੋ ਗਿਆ, ਜਿਸ ਨੂੰ ਇਹ ਇੱਕ ਵਾਰ ਦੇ ਨਾ ਸਕਿਆ। ਇਸ ਤੋਂ ਨਜ਼ੀਬ ਖ਼ਾਂ ਰੁਹੇਲਾ ਦਿੱਲੀ ਤੋਂ ਆਇਆ ਤੇ ਇਸ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਿਆ। ਦਿੱਲੀ ਦੇ ਕਿਲ੍ਹੇ ਵਿੱਚ ਗਜਪਤ ਸਿੰਘ ਤਿੰਨ ਸਾਲ ਤਕ ਨਜ਼ਰਬੰਦ ਰਿਹਾ।

ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਗਜਪਤ ਸਿੰਘ ਦੀ ਅਕਲ ਤੇ ਸ਼ਕਲ ਤੋਂ ਪ੍ਰਭਾਵਿਤ ਹੋ ਕੇ ਦੋਸਤ ਬਣ ਗਿਆ। ਫ਼ਾਰਸੀ ਪੜ੍ਹਨ ਲਈ ਇੱਕ ਅਧਿਆਪਕ ਰੱਖ

ਦਿੱਤਾ। ਥੋੜ੍ਹੇ ਚਿਰ ਵਿੱਚ ਹੀ ਇਹ ਫ਼ਾਰਸੀ ਪੜ੍ਹ ਗਿਆ। ਇੱਕ ਦਿਨ ਮੁਹੰਮਦ ਸ਼ਾਹ ਨਾਲ ਇਸ ਨੇ ਗੱਲਾਂਬਾਤਾਂ ਕੀਤੀਆਂ ਤੇ ਮੁਹੰਮਦ ਸ਼ਾਹ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਵੀ ਅਜਿਹੀ ਯੋਗਤਾ ਨਾਲ ਦਿੱਤੇ ਕਿ ਮੁਹੰਮਦ ਸ਼ਾਹ ਨੇ ਇਸ ਨੂੰ ਗਜਪਤ ਸਿੰਘ ਕਿਹਾ। ਜਦ ਕੁਝ ਚਿਰ ਮਗਰੋਂ ਗਜਪਤ ਸਿੰਘ ਆਪਣੇ ਲੜਕੇ ਰੂਪ ਸਿੰਘ ਨੂੰ ਦਿੱਲੀ ਛੱਡ ਕੇ ਜੀਂਦ ਆਇਆ ਤਾਂ ਰਾਜਾ ਦਾ ਖ਼ਿਤਾਬ ਇਸ ਨੂੰ ਮਿਲਿਆ। ਦਿੱਲੀ ਰਹਿਣ ਕਰ ਕੇ ਇਸ ਦਾ ਲਿਬਾਸ ਵੀ ਦਿੱਲੀ ਵਾਲਿਆਂ ਵਰਗਾ ਹੋ ਗਿਆ ਸੀ। ਜੀਂਦ ਪਹੁੰਚ ਕੇ ਇਸ ਨੇ ਤਿੰਨ ਲੱਖ ਰੁਪਿਯਾ ਇਕੱਠਾ ਕਰ ਕੇ ਦਿੱਲੀ ਦਰਬਾਰ ਨੂੰ ਦੇ ਕੇ ਆਪਣੇ ਬੇਟੇ ਨੂੰ ਛੁਡਵਾ ਲਿਆਂਦਾ। ਇਸ ਦੇ ਲਿਬਾਸ ਨੂੰ ਦੇਖ ਕੇ ਤੇ ਇਸ ਦੀ ਸ਼ਕਲ-ਸ਼ੂਰਤ ਦੇਖ ਕੇ ਬਰਾਦਰੀ ਵਾਲੇ ਈਰਖਾ ਕਰਨ ਲੱਗ ਪਏ ਤੇ ਕਹਿਣ ਲੱਗੇ, ਇਹ ਤਾਂ ਮੁਸਲਮਾਨ ਹੋ ਗਿਆ ਹੈ। ਇਸ ਨੇ ਆਪਣੀ ਸਫ਼ਾਈ ਲਈ ਦਿੱਲੀ ਬਾਦਸ਼ਾਹ ਤੋਂ ਗਵਾਹੀ ਵੀ ਮੰਗਵਾਈ ਕਿ ਇਸ ਨੂੰ ਮੁਸਲਮਾਨ ਨਹੀਂ ਕੀਤਾ ਗਿਆ, ਪਰੰਤੂ ਇਸ ਗੱਲ 'ਤੇ ਕਿਸੇ ਨੇ ਇਤਬਾਰ ਨਾ ਕੀਤਾ, ਜਿਸ ਤੋਂ ਪੰਥ ਨੇ ਇਸ ਨੂੰ ਫਿਰ ਨਵੇਂ ਸਿਰੇ ਤੋਂ ਅੰਮ੍ਰਿਤ ਛਕਾ ਕੇ ਪੰਥ ਵਿੱਚ ਸ਼ਾਮਲ ਕੀਤਾ। ਫਿਰ ਇਸ ਦੇ ਹੱਥੋਂ ਪ੍ਰਸ਼ਾਦ ਛਕਿਆ ਤੇ ਇਸ ਨੂੰ ਰਾਜਾ ਗਜਪਤ ਸਿੰਘ ਸੱਦਣ ਲੱਗੇ।

ਗਜਪਤ ਸਿੰਘ ਨੇ 1770 ਈ. ਨੂੰ ਦਿੱਲੀ ਬਾਦਸ਼ਾਹ ਤੋਂ ਜੋੜ-ਤੋੜ ਕਰ ਕੇ ਰਾਜਾ ਦਾ ਖ਼ਿਤਾਬ ਪ੍ਰਾਪਤ ਕੀਤਾ ਅਤੇ ਆਪਣੇ ਨਾਮ ਦਾ ਸਿੱਕਾ ਚਲਾਇਆ, ਜਿਸ 'ਤੇ ਹੋਰ ਤਾਂ ਸਭ ਕੁਝ ਪਟਿਆਲ਼ੇ ਵਾਂਗ ਲਿਖਯਾ ਸੀ, ਕੇਵਲ ਸਰਹੰਦ ਦੀ ਥਾਂ ਜੀਂਦ ਬਦਲਿਆ ਸੀ। ਰਾਜਾ ਗਜਪਤ ਸਿੰਘ ਨੂੰ ਕਸਬਾ ਸੰਗਰੂਰ ਦਾ ਜੋ ਪਿੰਡ ਹਮੀਰ ਸਿੰਘ ਦੇ ਕਬਜ਼ੇ ਵਿੱਚ ਸੀ, ਉਹ ਅੱਖ ਵਿੱਚ ਤੀਲੇ ਵਾਂਗ ਰੜਕਦਾ ਸੀ। ਇਹ ਚਾਹੁੰਦਾ ਸੀ ਕਿ ਇਹ ਜਗ੍ਹਾ ਮੇਰੇ ਪਿੰਡ ਬਡਰੁੱਖਾਂ ਦੇ ਕੋਲ ਹੈ, ਇਸ ਕਰ ਕੇ ਮੇਰੇ ਕਬਜ਼ੇ ਵਿੱਚ ਆ ਜਾਏ। ਇਸ ਨੇ ਧੋਖੇ ਨਾਲ ਹਮੀਰ ਸਿੰਘ ਤੋਂ 1775 ਈ. ਨੂੰ ਵਾਪਸ ਲੈ ਲਿਆ।

ਰਾਜਾ ਗਜਪਤ ਸਿੰਘ ਨੇ ਆਪਣੀ ਰਾਜਧਾਨੀ ਜੀਂਦ ਦੀ ਬਹੁਤ ਤਰੱਕੀ ਕੀਤੀ। ਨਵੀਆਂ ਇਮਾਰਤਾਂ ਬਣਵਾਈਆਂ, ਸ਼ਹਿਰ ਤੋਂ ਉੱਤਰ ਵੱਲ ਇੱਕ ਪੱਕਾ ਕਿਲ੍ਹਾ ਬਣਵਾਇਆ। ਇਹ ਹਮੇਸ਼ਾ ਮਹਾਰਾਜਾ ਪਟਿਆਲ਼ਾ ਦੀ ਮਦਦ 'ਤੇ ਰਿਹਾ ਤੇ ਹਰ ਜੰਗ ਵਿੱਚ ਉਹਨਾਂ ਦੇ ਨਾਲ ਰਿਹਾ। 1780 ਵਿੱਚ ਮਹਾਰਾਜਾ ਪਟਿਆਲ਼ਾ ਦੇ ਨਾਲ ਮਿਰਜ਼ਾ ਸਫ਼ੀ ਬੇਗ ਦੇ ਟਾਕਰੇ 'ਤੇ ਮੇਰਠ ਗਿਆ। ਇੱਥੇ ਲੜਾਈ ਵਿੱਚ ਫੜਿਆ ਗਿਆ, ਪਰ ਉਹਨਾਂ ਦੇ ਪੰਜੇ ਵਿੱਚੋਂ ਨਿਕਲ ਆਇਆ। ਕਹਿਣ ਤੋਂ ਭਾਵ ਪਟਿਆਲ਼ੇ ਵਾਲਿਆਂ ਦੀ ਹਰ ਮੁਸ਼ਕਲ ਵਿੱਚ ਇਹ ਉਹਨਾਂ ਦਾ ਸਾਥ ਦਿੰਦਾ ਰਿਹਾ। ਮਹਾਰਾਜਾ ਪਟਿਆਲ਼ਾ ਦੀ ਸਹਾਇਤਾ ਕਰਦਾ ਰਿਹਾ ਸਵੇਦੂੰ ਦੇ ਮੁਕਾਮ 'ਤੇ ਬੁਖ਼ਾਰ ਨਾਲ ਚੜ੍ਹਾਈ ਕਰ ਗਿਆ।

**ਰਾਜਾ ਗਜਪਤ ਸਿੰਘ ਦੀ ਸੰਤਾਨ :** ਇਸ ਦਾ ਵਿਆਹ ਕਿਸ਼ਨ ਸਿੰਘ ਮਾਨਸ਼ਾਹੀਏ ਦੀ ਲੜਕੀ ਨਾਲ ਹੋਇਆ, ਜਿਸ ਵਿੱਚੋਂ ਮੋਹਰ ਸਿੰਘ, ਭਾਗ ਸਿੰਘ ਤੇ ਰੂਪ ਸਿੰਘ

ਤਿੰਨ ਲੜਕੇ ਹੋਏ ਤੇ ਇੱਕ ਲੜਕੀ ਰਾਜ ਕੌਰ ਸੀ, ਜਿਸ ਦੀ ਕੁੱਖੋਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ।

ਰਾਜਾ ਗਜਪਤ ਸਿੰਘ ਦਾ ਵੱਡਾ ਲੜਕਾ ਮੋਹਰ ਸਿੰਘ ਸੀ, ਜਿਸ ਨੂੰ ਇਸ ਨੇ ਸਫੇਦੂੰ ਦਾ ਇਲਾਕਾ ਦੇ ਰੱਖਿਆ ਸੀ। ਇਹ 1837 ਮੁਤਾਬਕ 1780 ਈ. ਨੂੰ ਇੱਕ ਲੜਕਾ ਹਰੀ ਸਿੰਘ ਛੱਡ ਕੇ ਚਲਾਣਾ ਕਰ ਗਿਆ। 1791 ਈ. ਵਿੱਚ ਸਰਦਾਰ ਮੋਹਰ ਸਿੰਘ ਦੇ ਚਲਾਣੇ ਤੋਂ ਦੋ ਸਾਲ ਬਾਅਦ ਉਸ ਦਾ ਲੜਕਾ ਹਰੀ ਸਿੰਘ ਵੀ ਕੋਠੇ ਤੋਂ ਡਿੱਗ ਕੇ ਮਰ ਗਿਆ। ਇਸ ਦੀ ਕੇਵਲ ਇੱਕ ਲੜਕੀ ਚੰਦ ਕੌਰ ਹੀ ਸੀ, ਜਿਸ ਦਾ ਵਿਆਹ ਸਰਦਾਰ ਬੈਂਹਗਾ ਸਿੰਘ ਥਾਨੇਸਰ ਵਾਲੇ ਦੇ ਲੜਕੇ ਫ਼ਤਿਹ ਸਿੰਘ ਨਾਲ ਹੋਇਆ, ਜੋ ਆਪਣੇ ਪਤੀ ਦੇ ਮਰ ਜਾਣ 'ਤੇ ਰਿਆਸਤ ਦਾ ਪ੍ਰਬੰਧ ਕਰਦੀ ਰਹੀ। ਇਹਨਾਂ ਦੇ ਲਾਵਾਰਸ ਹੋਣ ਕਰ ਕੇ ਸਰਕਾਰ ਅੰਗਰੇਜ਼ੀ ਨੇ ਇਸ ਇਲਾਕੇ 'ਤੇ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਸਰਦਾਰ ਹਰੀ ਸਿੰਘ ਦੀ ਸਿੰਘਣੀ ਵੀ ਜੋ ਖੰਨੇ ਦੇ ਇਲਾਕੇ, ਉਹਨੂੰ ਉਸ ਦੇ ਪਿਤਾ ਸਰਦਾਰ ਦਯਾ ਸਿੰਘ ਨੇ ਦਿੱਤਾ, ਦਾ ਪ੍ਰਬੰਧ ਕਰਦੀ ਰਹੀ, ਪਰੰਤੂ ਇਹ ਵੀ ਸੰਤਾਨਹੀਣ ਸੀ। ਇਸ ਦੇ ਚਲਾਣਾ ਕਰ ਜਾਣ 'ਤੇ ਇਹਦਾ ਮੁਲਕ ਵੀ ਅੰਗਰੇਜ਼ਾਂ ਨੇ ਸਾਂਭ ਲਿਆ ਸੀ।

ਰਾਜਾ ਗਜਪਤ ਸਿੰਘ ਦੇ ਚਲਾਣੇ ਤੋਂ ਬਾਅਦ ਇਸ ਦੇ ਇਲਾਕੇ ਦੀ ਵੰਡ ਕੀਤੀ ਗਈ। ਦੋ ਹਿੱਸੇ ਜੀਂਦ ਦੇ ਸਫੇਦੂੰ ਦਾ ਇਲਾਕਾ, ਸਮੇਤ ਰਾਜਾ ਦੇ ਖ਼ਿਤਾਬ ਦੇ, ਭਾਗ ਸਿੰਘ ਨੂੰ ਮਿਲਿਆ ਤੇ ਬਡਰੁੱਖਾਂ, ਵਹੀਦਪੁਰ ਦਾ ਇਲਾਕਾ (ਤੀਜਾ ਹਿੱਸਾ) ਰੂਪ ਸਿੰਘ ਨੂੰ ਮਿਲਿਆ।

ਭਾਗ ਸਿੰਘ 21 ਸਾਲ ਦੀ ਉਮਰ ਵਿੱਚ ਗੱਦੀ 'ਤੇ ਬੈਠਾ। ਇਹ ਦੁਵਿਚਲਾ ਪੁੱਤਰ ਸੀ, ਕਿਉਂਕਿ ਵੱਡਾ ਪੁੱਤਰ ਸ੍. ਮਿਹਰ ਸਿੰਘ 1780 ਈ. ਵਿੱਚ ਸੁਰਗਵਾਸ ਹੋ ਗਿਆ ਸੀ। ਰਾਜਾ ਭਾਗ ਸਿੰਘ ਪਟਿਆਲ਼ੇ ਦੀਆਂ ਮੁਹਿੰਮਾਂ ਵਿੱਚ ਪਿਤਾ ਵਾਂਗ ਸਾਥ ਦਿੰਦਾ ਰਿਹਾ। ਉਹ ਮਹਾਰਾਜਾ ਰਣਜੀਤ ਸਿੰਘ ਦਾ ਮਾਮੂ ਲਗਦਾ ਸੀ। ਮੁਲਤਾਨ ਦੀ ਲੜਾਈ ਵਿੱਚ ਰਾਜਾ ਭਾਗ ਸਿੰਘ ਨੇ ਸ਼ੇਰਿ-ਪੰਜਾਬ ਦੀ ਫ਼ੌਜ ਦੀ ਮਦਦ ਕੀਤੀ। ਇਸ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਲੁਧਿਆਣਾ ਖ਼ਾਸ ਤੇ ਨਾਲ ਲਗਵੇਂ 24 ਪਿੰਡ (15380 ਰੁ. ਸਾਲਾਨਾ ਦੇ), ਪਰਗਣਾ ਜੰਡਿਆਲਾ ਵਿੱਚ 24 ਪਿੰਡ, ਪਰਗਣਾ ਕੋਟ ਵਿੱਚ ਦੋ ਪਿੰਡ, ਪਰਗਣਾ ਜਗਰਾਓਂ ਵਿੱਚ ਦੋ ਪਿੰਡ ਦਿੱਤੇ। ਅਗਲੇ ਸਾਲ ਦੀ ਮੁਹਿੰਮ ਵਿੱਚ ਉਸ ਨੇ ਕੁਝ ਹੋਰ ਪਿੰਡ ਵੀ ਪ੍ਰਾਪਤ ਕੀਤੇ। ਜਦ 1809 ਈ. ਵਿੱਚ ਮਾਲਵੇ ਦੇ ਰਾਜੇ ਅੰਗਰੇਜ਼ਾਂ ਦੀ ਰੱਖਿਆ ਵਿੱਚ ਗਏ ਤਾਂ ਰਾਜਾ ਭਾਗ ਸਿੰਘ ਵੀ ਨਾਲ ਹੀ ਚਲਾ ਗਿਆ। ਰਾਜਾ ਭਾਗ ਸਿੰਘ ਦੇ ਤਿੰਨ ਪੁੱਤਰ ਸਨ : ਫ਼ਤਿਹ ਸਿੰਘ, ਪ੍ਰਤਾਪ ਸਿੰਘ ਅਤੇ ਮਹਿਤਾਬ ਸਿੰਘ। ਰਾਜਾ ਭਾਗ ਸਿੰਘ ਵੱਡੇ ਪੁੱਤਰ ਫ਼ਤਿਹ ਸਿੰਘ ਦਾ ਹੱਕ ਮਾਰ ਕੇ ਪ੍ਰਤਾਪ ਸਿੰਘ ਨੂੰ ਰਾਜ-ਗੱਦੀ ਦੇਣੀ ਚਾਹੁੰਦਾ ਸੀ, ਪਰ ਅੰਗਰੇਜ਼ ਅਹਿਲਕਾਰਾਂ ਨੇ ਇਹ ਤਜਵੀਜ਼ ਪ੍ਰਵਾਨ ਨਾ ਕੀਤੀ। ਆਖ਼ਰੀ ਉਮਰ ਵਿੱਚ ਰਾਜਾ ਭਾਗ ਸਿੰਘ

ਕਈ ਸਾਲ ਬਿਮਾਰ ਰਿਹਾ। ਉਸ ਸਮੇਂ ਬਹੁਤ ਸੋਚ-ਵਿਚਾਰ ਕੇ ਰਿਆਸਤ ਦਾ ਪ੍ਰਬੰਧ ਭਾਗ ਸਿੰਘ ਦੀ ਰਾਣੀ ਸਭਰਾਈ ਨੂੰ ਸੌਂਪ ਦਿੱਤਾ ਗਿਆ। ਇਸ ਪ੍ਰਬੰਧ ਤੋਂ ਨਰਾਜ਼ ਹੋ ਕੇ ਪ੍ਰਤਾਪ ਸਿੰਘ ਨੇ ਕਿਲ੍ਹਾ ਜੀਂਦ 'ਤੇ ਹਮਲਾ ਕਰ ਕੇ 23 ਅਗਸਤ, 1814 ਈ. ਨੂੰ ਰਾਣੀ ਸਭਰਾਈ ਤੇ ਉਸ ਦੇ ਦੀਵਾਨ ਜੈਸ਼ੀ ਰਾਮ ਨੂੰ ਕਤਲ ਕਰ ਦਿੱਤਾ। ਏਸ ਜੁਰਮ ਵਿੱਚ ਪ੍ਰਤਾਪ ਸਿੰਘ ਨੂੰ ਫੜ ਕੇ ਦਿੱਲੀ ਵਿੱਚ ਕੈਦ ਕਰ ਦਿੱਤਾ, ਉੱਥੇ ਉਹ ਕੈਦ ਵਿੱਚ ਹੀ ਜੂਨ, 1816 ਈ. ਨੂੰ ਚਲਾਣਾ ਕਰ ਗਿਆ। ਉਸ ਦੇ ਕੋਈ ਔਲਾਦ ਨਹੀਂ ਸੀ। ਰਾਜਾ ਭਾਗ ਸਿੰਘ ਦਾ ਤੀਸਰਾ ਪੁੱਤਰ ਮਹਿਤਾਬ ਸਿੰਘ ਪ੍ਰਤਾਪ ਸਿੰਘ ਤੋਂ ਕੁਝ ਮਹੀਨੇ ਪਹਿਲਾਂ ਹੀ ਮਰ ਚੁੱਕਾ ਸੀ। ਪਿੱਛੋਂ ਫ਼ਤਿਹ ਸਿੰਘ ਰਹਿ ਗਿਆ, ਜਿਸ ਦੇ ਹਵਾਲੇ ਰਾਜ ਪ੍ਰਬੰਧ ਕੀਤਾ ਗਿਆ। ਸੰਨ 1818 ਈ. ਵਿੱਚ ਰਾਜਾ ਭਾਗ ਸਿੰਘ ਸੁਰਗਵਾਸ ਹੋ ਗਿਆ ਤੇ ਫ਼ਤਿਹ ਸਿੰਘ ਰਾਜਾ ਬਣਿਆ। ਰਾਜਾ ਫ਼ਤਿਹ ਸਿੰਘ ਦਾ ਜਨਮ 6 ਮਈ, 1789 ਈ. ਵਿੱਚ ਹੋਇਆ ਸੀ। ਰਾਜਾ ਫ਼ਤਿਹ ਸਿੰਘ ਦੇ ਸਮੇਂ ਰਾਜ-ਭਾਗ ਚੰਗੀ ਤਰ੍ਹਾਂ ਚਲਦਾ ਰਿਹਾ। ਰਾਜਾ ਫ਼ਤਿਹ ਸਿੰਘ ਆਪਣੇ ਪਿਤਾ ਤੋਂ ਬਾਅਦ ਥੋੜ੍ਹੀ ਦੇਰ ਹੀ ਜਿਉਂਦਾ ਰਿਹਾ। ਇਹ ਕੇਵਲ ਦੋ ਵਾਰ ਲਾਹੌਰ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਮਾਮੇ ਦਾ ਪੁੱਤ ਭਰਾ ਸਮਝ ਕੇ ਚੰਗੀ ਆਉ-ਭਗਤ ਕੀਤੀ। 3 ਫ਼ਰਵਰੀ, 1822 ਈ. ਨੂੰ 33 ਸਾਲ ਦੀ ਉਮਰ ਭੋਗ ਕੇ ਸੰਗਰੂਰ ਨਿਵਾਸ ਵਿਖੇ ਸੁਰਗਵਾਸ ਹੋ ਗਿਆ।

ਰਾਜਾ ਸੰਗਤ ਸਿੰਘ ਦਾ ਜਨਮ 16 ਜੁਲਾਈ, 1810 ਈ. ਨੂੰ ਹੋਇਆ। 30 ਜੁਲਾਈ, 1822 ਨੂੰ ਰਾਜ-ਗੱਦੀ 'ਤੇ ਜੀਂਦ ਵਿਖੇ ਬੈਠਾ। 1826 ਈ. ਵਿੱਚ ਰਾਜਾ ਸੰਗਤ ਸਿੰਘ ਲਾਹੌਰ ਗਿਆ। ਗੱਦੀ 'ਤੇ ਬੈਠਣ ਮਗਰੋਂ ਦੋ ਸਾਲ ਬਾਅਦ ਇਸ ਦਾ ਵਿਆਹ ਸਰਦਾਰ ਰਣਜੀਤ ਸਿੰਘ ਸ਼ਾਹਬਾਦ ਦੀ ਲੜਕੀ ਦੇ ਨਾਲ ਹੋਇਆ ਜਿਸ ਦਾ ਨਾਮ ਸਭਾ ਕੌਰ ਸੀ। ਇਸ ਵਿਆਹ ਵਿੱਚ ਮਰੇ ਸਾਹਿਬ, ਡਿਪਟੀ ਸੁਪਰਡੈਂਟ ਅੰਗਰੇਜ਼ਾਂ ਵੱਲੋਂ ਤੇ ਸਰਦਾਰ ਵਿਸਾਖਾ ਸਿੰਘ ਮਹਾਰਾਜਾ ਰਣਜੀਤ ਸਿੰਘ ਵੱਲੋਂ ਸ਼ਾਮਲ ਹੋਏ। ਇਸ ਦੇ ਸਮੇਂ ਰਿਆਸਤ ਦੇ ਪ੍ਰਬੰਧ ਵਿੱਚ ਬੜੀ ਬੇਤਰਤੀਬੀ ਹੋ ਗਈ। ਹਰ ਇੱਕ ਅਹਿਲਕਾਰ ਸਵਾਰਥੀ ਹੋ ਗਿਆ, ਹਰ ਇੱਕ ਸਰਕਾਰੀ ਕੰਮ ਵਿੱਚ ਉਸ ਨੂੰ ਆਪਣਾ ਸੁਆਰਥ ਪਹਿਲਾਂ ਦਿਖਾਈ ਦਿੰਦਾ ਸੀ।

ਰਾਜਾ ਸੰਗਤ ਸਿੰਘ 1826 ਈ. ਤੋਂ 1827 ਈ. ਤਕ ਦੋ ਵਾਰ ਲਾਹੌਰ ਸਿੰਘ ਤੇ ਦੁਆਬਾ ਜਲੰਧਰ ਵਿੱਚ ਜਾਗੀਰ ਪ੍ਰਾਪਤ ਕੀਤੀ। ਅੰਗਰੇਜ਼ਾਂ ਨੇ ਇਸ ਗੱਲ ਤੋਂ ਨਰਾਜ਼ਗੀ ਪ੍ਰਗਟ ਕੀਤੀ ਤੇ ਸੰਗਤ ਸਿੰਘ ਨੂੰ ਸਖ਼ਤ ਤਾੜਨਾ ਕੀਤੀ ਤੇ ਅੱਗੇ ਵਾਸਤੇ ਕਨੂੰਨ ਬਣਾ ਦਿੱਤਾ ਕਿ ਅੰਗਰੇਜ਼ਾਂ ਦੀ ਰੱਖਿਆ ਅਧੀਨ ਕੋਈ ਵੀ ਰਈਸ ਕਿਸੇ ਓਪਰੇ ਹੁਕਮਰਾਨ ਨਾਲ ਤੇ ਉਸ ਤੋਂ ਕੋਈ ਜਾਗੀਰ ਜਾਂ ਤੁਹਫ਼ਾ ਪ੍ਰਾਪਤ ਨਹੀਂ ਕਰ ਸਕਦਾ, ਨਾ ਹੀ ਕਿਸੇ ਤਰ੍ਹਾਂ ਦੇ ਸੰਬੰਧ ਰੱਖ ਸਕਦਾ ਹੈ।

ਰਾਜਾ ਸੰਗਤ ਸਿੰਘ ਨੂੰ ਉਸ ਦੇ ਕਰਮਚਾਰੀਆਂ ਨੇ ਹੋਰ ਵਿਗਾੜ ਦਿੱਤਾ। ਖ਼ਜ਼ਾਨਾ ਪਿਓ ਦੇ ਸਮੇਂ ਹੀ ਖ਼ਾਲੀ ਹੋ ਗਿਆ ਸੀ। ਪਰਜਾ ਤੋਂ ਸਖ਼ਤੀ ਨਾਲ ਰੁਪਿਯਾ ਵਸੂਲ

ਕਰਨ ਲੱਗੇ, ਜਿਸ ਤੋਂ ਪਰਜਾ ਬੜੀ ਦੁਖੀ ਹੋਈ। ਸਰ ਲੈਪਲ ਗ੍ਰਿਫਨ ਲਿਖਦੇ ਹਨ ਕਿ ਛੋਟੀ ਉਮਰ ਦੇ ਰਾਜਿਆਂ ਦੇ ਪ੍ਰਬੰਧ ਵਿੱਚ ਖ਼ਰਾਬੀਆਂ ਹੁੰਦੀਆਂ ਹਨ। ਸੰਗਤ ਸਿੰਘ ਦੀ ਆਯੂ ਚਲਾਣਾ ਕਰਨ ਵੇਲੇ 22 ਵਰ੍ਹਿਆਂ ਦੀ ਸੀ। ਇਸ ਦੇ ਪਿਤਾ ਨੇ ਇਸ ਨੂੰ ਛੋਟੀ ਉਮਰ ਵਿੱਚ ਹੀ ਰਿਆਸਤ ਦਾ ਪ੍ਰਬੰਧ ਦੇ ਕੇ ਚਲਾਣਾ ਕੀਤਾ ਸੀ। ਕਰਮਚਾਰੀਆਂ ਨੇ ਇਸ ਨੂੰ ਮੰਦੇ ਕਰਮਾਂ ਵਿੱਚ ਤੇ ਵਿਲਾਸਤਾ ਵਿੱਚ ਪਾ ਦਿੱਤਾ, ਜਿਸ ਨਾਲ ਫ਼ਜ਼ੂਲ ਖ਼ਰਚੀਆਂ ਵਧ ਗਈਆਂ। ਸੰਨ 1834 ਈ. ਵਿੱਚ ਦੁਸਹਿਰੇ ਦੇ ਮੌਕੇ 'ਤੇ ਰਾਜਾ ਸੰਗਤ ਸਿੰਘ ਨੇ ਲਾਹੌਰ ਜਾਣ ਦਾ ਇਰਾਦਾ ਕੀਤਾ। ਸ਼ਾਇਦ ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਖ਼ਾਸ ਮਕਸਦ ਲਈ ਬੁਲਾਇਆ ਸੀ, ਪਰੰਤੂ ਗਵਰਨਮੈਂਟ ਦੀ ਸਖ਼ਤੀ ਨੇ ਇਹਨਾਂ ਨੂੰ ਜਾਣ ਤੋਂ ਰੋਕ ਦਿੱਤਾ ਤੇ ਉਹ ਅਚਨਚੇਤ ਬਸੀਆਂ ਦੇ ਮੁਕਾਮ 'ਤੇ 3 ਨਵੰਬਰ ਨੂੰ ਬਿਮਾਰ ਹੋ ਗਏ। ਹਰ ਘੜੀ ਹਾਲਤ ਵਿਗੜਦੀ ਗਈ। ਇਸ ਲਈ ਇਹ ਸਲਾਹ ਹੋਈ ਕਿ ਇਹਨਾਂ ਨੂੰ ਸੰਗਰੂਰ ਲਿਆਂਦਾ ਜਾਏ। ਸੋ, ਪਾਲਕੀ ਵਿੱਚ ਪਾ ਕੇ ਜਦ ਲਿਆਉਣ ਲੱਗੇ, ਤਦ ਅਜੇ ਇਹ ਬਸੀਆਂ ਦੀ ਹੱਦ ਵਿੱਚੋਂ ਬਾਹਰ ਨਹੀਂ ਨਿਕਲੇ ਸਨ ਕਿ ਰਾਜਾ ਸਾਹਿਬ ਦੇ ਪ੍ਰਾਣ ਨਿਕਲ ਗਏ।

**ਰਾਜਾ ਸੰਗਤ ਸਿੰਘ ਦੀਆਂ ਤਿੰਨ ਰਾਣੀਆਂ ਸਨ** : ਵੱਡੀ ਰਾਣੀ ਸਭਾ ਕੌਰ ਸ਼ਾਹਬਾਦ ਦੇ ਰਈਸ ਦੀ ਲੜਕੀ ਸੀ। ਦੂਜੀ ਸੁੱਖਾਂ ਸਰਦਾਰ ਜੀਵਨ ਸਿੰਘ ਧਾਲੀਵਾਲ ਵਾਲੇ ਦੀ ਲੜਕੀ ਸੀ। ਤੀਜੀ ਸਰਦਾਰ ਦੂਲਾ ਸਿੰਘ ਟਿੱਬਾ ਵਾਲੇ ਦੀ ਲੜਕੀ ਨੰਦ ਕੌਰ ਸੀ। ਇਹਨਾਂ ਵਿਚਾਰੀਆਂ ਨੂੰ ਆਪਣੇ ਪਤੀ ਦਾ ਮੂੰਹ ਦੇਖਣਾ ਵੀ ਨਸੀਬ ਨਾ ਹੋਇਆ, ਸੰਤਾਨ ਤਾਂ ਕੀ ਹੋਣੀ ਸੀ।

ਸਰਕਾਰ ਅੰਗਰੇਜ਼ੀ ਦੀ ਇੱਛਾ ਸੀ ਕਿ ਸਾਰੀ ਰਿਆਸਤ ਜ਼ਬਤ ਕਰ ਲਈ ਜਾਵੇ, ਕਿਉਂਕਿ ਉਹਨਾਂ ਨੂੰ ਇਹ ਰਿਆਸਤ ਲਾਵਾਰਸ ਨਜ਼ਰ ਆ ਰਹੀ ਸੀ, ਪਰੰਤੂ ਰਿਆਸਤ ਦੇ ਦਾਅਵੇਦਾਰ ਕਈ ਨਿਕਲ ਆਏ। ਰਾਣੀਆਂ ਨੇ ਆਪਣੀ ਮਾਲਕੀ 'ਤੇ ਜ਼ੋਰ ਦਿੱਤਾ। ਨਾਭੇ ਵਾਲਿਆਂ ਆਪਣਾ ਹੱਕ ਦੱਸਿਆ। ਇਹ ਝਗੜਾ ਕਾਫ਼ੀ ਦੇਰ ਤਕ ਚੱਲਦਾ ਰਿਹਾ। ਅਖੀਰ ਵਜੀਦਪੁਰ ਵਾਲੇ ਸਰਦਾਰ ਸਰੂਪ ਸਿੰਘ, ਜੋ ਸਰਦਾਰ ਕਰਮ ਸਿੰਘ ਦੇ ਲੜਕੇ ਤੇ ਰਾਜਾ ਗਜਪਤ ਸਿੰਘ ਤੇ ਤੀਜੇ ਪੁੱਤਰ ਰੂਪ ਸਿੰਘ ਦੀ ਸੰਤਾਨ ਵਿੱਚੋਂ ਸਨ, ਨੂੰ ਸਭ ਤੋਂ ਵੱਡੇ ਹੱਕਦਾਰ ਸਮਝਕੇ ਸਰਕਾਰ ਨੇ ਮੌਰੂਸੀ ਹਿੱਸਾ ਉਹਨਾਂ ਦੇ ਹਵਾਲੇ ਕਰ ਦਿੱਤਾ। ਰਾਜਾ ਸਰੂਪ ਸਿੰਘ ਨੂੰ ਜੀਂਦ ਰਿਆਸਤ ਦਾ ਉਹ ਹਿੱਸਾ ਦਿੱਤਾ, ਜੋ ਮੌਰੂਸੀ ਸੀ ਤੇ ਜੋ ਰਾਜਾ ਗਜਪਤ ਸਿੰਘ ਨੂੰ ਖ਼ਾਸ ਵਿਰਸੇ ਵਿੱਚ ਮਿਲਯਾ ਸੀ। ਜੋ ਹਿੱਸਾ ਲਾਹੌਰ ਜਾਂ ਅੰਗਰੇਜ਼ਾਂ ਵੱਲੋਂ ਮਿਲਿਆ ਸੀ, ਉਹ ਲਾਹੌਰ ਦਰਬਾਰ ਤੇ ਅੰਗਰੇਜ਼ਾਂ ਨੇ ਆਪਸ ਵਿੱਚ ਵੰਡ ਲਿਆ।

ਇਸ ਮੌਕੇ 'ਤੇ ਸ੍. ਦਲ ਸਿੰਘ ਜਿਗਾਵਾਲਾ, ਜੋ ਸਰਦਾਰੀ ਦੇ ਵੇਲੇ ਤੋਂ ਰਾਜਾ ਸਰੂਪ ਸਿੰਘ ਦਾ ਵਜ਼ੀਰ ਸੀ, ਉਹ ਨਿਯਤ ਕੀਤੇ, ਜੋ ਕਦਰ ਯੋਗ ਹਨ। ਰਾਜਾ ਸਰੂਪ ਸਿੰਘ ਇਸ ਦੀ ਸੇਵਾ ਨੂੰ ਉਮਰ ਭਰ ਨਹੀਂ ਭੁੱਲਿਆ।

ਰਾਜਾ ਸਰੂਪ ਸਿੰਘ ਨੂੰ ਅਪਰੈਲ, 1837 ਈ. ਵਿੱਚ ਸਾਰੇ ਝਗੜੇ ਅਤੇ ਅਪੀਲਾਂ ਦੇ ਬਾਅਦ ਸਾਰੇ ਫੂਲ ਦੇ ਰਈਸਾਂ ਤੇ ਏਜੰਟ ਸਾਹਿਬ ਬਹਾਦਰ ਦੀ ਹੋਂਦ ਵਿੱਚ ਗੱਦੀ 'ਤੇ ਬਿਠਾਇਆ ਗਿਆ। ਗੱਦੀ 'ਤੇ ਬੈਠਣ ਸਮੇਂ ਨਾਭਾ, ਪਟਿਆਲ਼ਾ, ਕੈਥਲ, ਮਲੇਰਕੋਟਲਾ ਤੇ ਫੂਲ ਦੇ ਸਾਰੇ ਸਰਦਾਰ ਮੌਜੂਦ ਸਨ। ਜਾਰਜ ਰਸਨ ਕਲਾਰਕ ਸਾਹਿਬ, ਏਜੰਟ ਅੰਬਾਲਾ ਨੇ ਵੀ ਅੰਗਰੇਜ਼ਾਂ ਵੱਲੋਂ ਇੱਕ ਖ਼ਿਲਅਤ ਜਿਸ ਵਿੱਚ ਅੱਗੇ ਲਿਖੀਆਂ ਚੀਜ਼ਾਂ ਸਨ, ਪੇਸ਼ ਕੀਤਾ :

ਸਰਪੰਚ ਚੋਗਾ, ਮੋਤੀਆਂ ਦੀ ਮਾਲ਼ਾ, ਦੋ ਸ਼ਾਲਾਂ, ਸਾਲੀ ਰੂਮਾਲ, ਥਾਨ, ਕਮਖਾਬ, ਥਾਨਗੁਲਬਦਨ, ਦਸਤਾਰ, ਕੱਪੜੇ ਦੇ ਦੋ ਥਾਨ, ਤਲਵਾਰ, ਇੱਕ ਹਾਥੀ, ਇੱਕ ਤਿੱਲੇ ਦੀ ਕੱਢੀ ਹੋਈ ਝੂਲ ਤੇ ਹੋਰ ਸਮਾਨ, ਨਾਲ ਘੋੜਾ ਜ਼ੀਨ ਪੂਜੀ ਤੇ ਜੇਵਰਾਂ ਸਮੇਤ ਰਸਮ ਬੜੀ ਧੂਮ-ਧਾਮ ਨਾਲ ਅਦਾ ਹੋਈ।

ਰਾਜਾ ਜੀਂਦ ਨੂੰ ਸਫੇਦੋਂ ਦੇ ਇੱਕ ਇਲਾਕੇ ਦੇ ਬਦਲੇ ਵਿੱਚ ਕੈਥਲ ਦੇ ਜ਼ਬਤ ਹੋਏ 2 ਇਲਾਕਿਆਂ ਵਿੱਚੋਂ ਮਾਹਲਾਂ, ਘਾਬਦਾਂ ਦਾ ਪਰਗਣਾ, ਜਿਸ ਵਿੱਚ 23 ਪਿੰਡ 23042 ਰੁਪਏ ਦੇ ਸ਼ਾਮਲ ਸਨ, ਦਿੱਤਾ ਗਿਆ, ਪਰੰਤੂ ਖ਼ਾਸ ਪਿੰਡ ਸਫੇਦੋਂ ਇਸ ਬਦਲੇ ਤੋਂ ਅੱਡ ਰੱਖਿਆ ਗਿਆ, ਕਿਉਂਕਿ ਇਸ ਵਿੱਚ ਜੀਂਦ ਰਾਜ ਘਰਾਣੇ ਦੀਆਂ ਸਮਾਧਾਂ ਸਨ। ਸਮਾਂ ਪਾ ਕੇ ਸਰੂਪ ਸਿੰਘ ਨੇ ਜੀਂਦ ਦੀ ਥਾਂ 'ਤੇ ਸੰਗਰੂਰ ਨੂੰ ਰਾਜਧਾਨੀ ਬਣਾਇਆ। ਸਤਲੁਜ ਯੁੱਧ ਵਿੱਚ ਰਾਜਾ ਸਰੂਪ ਸਿੰਘ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਤੇ ਚਾਰ ਹਜ਼ਾਰ ਸਾਲਾਨਾ ਆਮਦਨ ਦਾ ਇਲਾਕਾ ਇਨਾਮ ਵਿੱਚ ਪ੍ਰਾਪਤ ਕੀਤਾ। 1857 ਈ. ਦੇ ਗਦਰ ਵਿੱਚ ਅੰਗਰੇਜ਼ਾਂ ਦੀ ਉਹਨੇ ਵਿੱਤ ਤੋਂ ਬਾਹਰ ਮਦਦ ਕੀਤੀ। ਉਹ ਫ਼ੌਜ ਲੈ ਕੇ ਦਿੱਲੀ ਦੀ ਲੜਾਈ ਵਿੱਚ ਆਪ ਸ਼ਾਮਲ ਹੋਇਆ। ਇਸ ਸੇਵਾ ਬਦਲੇ ਦਾਦਰੀ ਦਾ ਇਲਾਕਾ (575 ਮੁਰੱਬਾ ਮੀਲ 1030000 ਸਾਲਾਨਾ ਆਮਦਨ ਦਾ ਪਰਗਣਾ, ਕੁਲਾਰਾਂ ਦੇ 13 ਪਿੰਡ (13813 ਰੁਪਏ ਸਾਲਾਨਾ ਦੇ ਤੇ ਫ਼ਰਜ਼ੰਦ ਦਿਲਬੰਦ, ਰਸੂਖ਼ੁਲ ਇਤਕਾਦ ਦਉਲਤੇ ਇੰਗਲਿਸ਼ੀਆ, ਰਾਜਾ ਸਰੂਪ ਸਿੰਘ 'ਬਹਾਦੁਰ ਵਾਲੀਏ ਜੀਂਦ' ਦਾ ਖ਼ਿਤਾਬ ਮਿਲਿਆ। ਪੰਜ ਮਾਰਚ, 1862 ਈ. ਦੀ ਸਨਦ ਰਾਹੀਂ ਮੁਤਬੰਨਾ ਬਣਾਉਣ ਦਾ ਹੱਕ ਦਿੱਤਾ ਗਿਆ ਤੇ ਸਤੰਬਰ, 1863 ਈ. ਵਿੱਚ ਗਵਰਨਰ ਜਨਰਲ ਨੇ ਰਾਜਾ ਸਰੂਪ ਸਿੰਘ ਨੂੰ 'ਸਤਾਰਾ-ਏ-ਹਿੰਦ' ਖ਼ਿਤਾਬ ਦਿੱਤਾ। ਸ੍. ਸਰੂਪ ਸਿੰਘ 12 ਅਗਸਤ, 1862 ਨੂੰ ਜਦ ਨਿਰਮਲ ਅਖਾੜਾ ਧਰਮਧੁਜਾ ਪਟਿਆਲ਼ਾ ਕਾਇਮ ਹੋਇਆ ਤਦ ਮਹਾਰਾਜਾ ਪਟਿਆਲ਼ਾ ਨੂੰ ਉਸ ਨੂੰ 80 ਹਜ਼ਾਰ ਨਕਦ ਤੇ ਦੋ ਪਿੰਡ ਭੈਣੀ ਤੇ ਝੰਡੀ (4000) ਦੇ, ਨਾਭਾ ਨੇ 16000 ਨਕਦ ਤੇ ਇੱਕ ਪਿੰਡ ਹਰੀਗੜ੍ਹ 575 ਦਾ ਤੇ ਰਾਜਾ ਸਰੂਪ ਸਿੰਘ ਨੇ 20000 ਰੁਪਿਆ ਦੇ ਕੇ ਤੇ ਦੋ ਪਿੰਡ ਮੰਡਲਾਂ ਵਾਲਾ ਤੇ ਬਲਮਗੜ੍ਹ 1300 ਸਾਲਾਨਾ ਆਮਦਨ ਦੇ ਅਖਾੜੇ ਦੀ ਕਾਇਮੀ ਵਾਸਤੇ ਦਿੱਤੇ।

ਰਾਜਾ ਸਰੂਪ ਸਿੰਘ ਜੀਂਦ ਵਾਲੇ ਕਈ ਮਹੀਨੇ ਦਸਤ ਤੇ ਪੇਚਸ਼ ਦੇ ਰੋਗ ਨਾਲ ਬਿਮਾਰ ਰਹਿ ਕੇ ਵਜ਼ੀਦਪੁਰ ਵਿੱਚ 26 ਜਨਵਰੀ, 1864 ਈ. ਨੂੰ ਚਲਾਣਾ ਕਰ ਗਏ।

1864 ਈ. ਵਿੱਚ ਰਾਜਾ ਸਾਹਿਬ ਵਾਸਤੇ ਸੀ.ਸੀ.ਐੱਸ.ਆਈ. ਦਾ ਖਿਤਾਬ ਮਨਜ਼ੂਰ ਹੋਇਆ, ਪਰੰਤੂ ਸ਼ੋਕ ਹੈ ਕਿ ਇਸ ਖਿਤਾਬ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਉਹ ਚਲੇ ਗਏ।

ਇਹਨਾਂ ਦੀਆਂ ਦੋ ਰਾਣੀਆਂ ਸਨ : ਇੱਕ ਕ੍ਰਿਸ਼ਨ ਕੌਰ, ਸਰਦਾਰ ਗਾਰਾ ਸਿੰਘ ਮਾਨਸ਼ਾਹੀਏ ਦੀ ਲੜਕੀ, ਜਿਸ ਦੀ ਕੁੱਖ ਵਿੱਚੋਂ ਰਾਜਾ ਰਘਬੀਰ ਸਿੰਘ 11 ਨਵੰਬਰ, 1832 ਨੂੰ ਪੈਦਾ ਹੋਇਆ। ਦੂਜੀ ਸਦਾ ਕੌਰ ਸਰਦਾਰਨੀ ਸਰਦਾਰ ਕਾਹਨ ਸਿੰਘ ਹਾਂਸੀ ਦੀ ਭੈਣ ਸੀ, ਜਿਸ ਦੀ ਕੁੱਖ ਤੋਂ ਰਣਧੀਰ ਸਿੰਘ 1830 ਨੂੰ ਪੈਦਾ ਹੋਇਆ। ਸਰੂਪ ਸਿੰਘ ਚਲਾਣਾ ਕਰਨ ਸਮੇਂ 51 ਸਾਲ ਦੀ ਉਮਰ ਦਾ ਸੀ। ਇਹ ਗੱਲ ਬੜੇ ਅਫ਼ਸੋਸ ਵਾਲੀ ਹੈ ਕਿ ਤਿੰਨੇ ਵੱਡੀਆਂ ਰਿਆਸਤਾਂ ਪਟਿਆਲ਼ਾ, ਨਾਭਾ ਤੇ ਜੀਂਦ ਲਗ-ਪਗ ਇਕੋ ਵੇਲੇ ਖ਼ਾਲੀ ਹੋ ਗਈਆਂ। ਰਾਜਾ ਸਰੂਪ ਸਿੰਘ ਬਹੁਤ ਆਨ-ਸ਼ਾਨ ਵਾਲਾ ਬਹਾਦਰ ਸ਼ਖ਼ਸੀਅਤ ਦਾ ਮਾਲਕ ਸੀ। ਇਹ ਬੜਾ ਦਿਆਨਤਦਾਰ ਤੇ ਨਿਆਏਸ਼ੀਲ ਸੀ। ਇਸ ਨੇ ਅੰਗਰੇਜ਼ਾਂ ਦੀ ਨਿਰਸੁਆਰਥ ਹੋ ਕੇ ਮਿੱਤਰਤਾਨਾ ਢੰਗ ਨਾਲ ਮਦਦ ਕੀਤੀ।

ਰਾਜਾ ਸਰੂਪ ਸਿੰਘ ਦਾ ਵੱਡਾ ਲੜਕਾ ਰਣਧੀਰ ਸਿੰਘ 1848 ਈ. ਵਿੱਚ ਸੁਰਗਵਾਸ ਹੋ ਗਿਆ ਸੀ। ਸੋ, ਛੋਟਾ ਪੁੱਤਰ ਰਘਬੀਰ ਸਿੰਘ 31 ਮਾਰਚ, 1864 ਈ. ਨੂੰ ਗੱਦੀ 'ਤੇ ਬੈਠਾ। ਗੱਦੀ 'ਤੇ ਬੈਠਣ ਸਮੇਂ ਰਘਬੀਰ ਸਿੰਘ ਦੀ ਉਮਰ 30 ਸਾਲ ਦੀ ਸੀ। ਉਸ ਨੇ ਆਪਣੇ ਪਿਤਾ ਤੋਂ ਰਾਜ ਪ੍ਰਬੰਧ ਦੀ ਚੰਗੀ ਸਿੱਖਿਆ ਲਈ ਸੀ। ਰਿਆਸਤ ਦਾ ਪ੍ਰਬੰਧ ਅੱਗੇ ਨਾਲੋਂ ਵੀ ਚੰਗਾ ਹੋ ਗਿਆ ਸੀ। ਰਾਜਾ ਰਘਬੀਰ ਸਿੰਘ ਨੇ ਆਪਣੇ-ਆਪ ਨੂੰ ਹਰ ਤਰ੍ਹਾਂ ਨਾਲ ਯੋਗ ਸਾਬਤ ਕੀਤਾ। ਰਾਜਾ ਰਘਬੀਰ ਸਿੰਘ ਦੇ ਗੱਦੀ 'ਤੇ ਬੈਠਦਿਆਂ ਹੀ ਦਾਦਰੀ ਦੇ ਜ਼ਿਮੀਂਦਾਰਾਂ ਨੇ ਬਗ਼ਾਵਤ ਕਰ ਦਿੱਤੀ। ਇਹ ਖ਼ਬਰ ਸੁਣਦੇ ਹੀ ਰਾਜਾ ਰਘਬੀਰ ਸਿੰਘ ਨੇ ਉੱਧਰ ਚੜ੍ਹਾਈ ਕਰ ਦਿੱਤੀ ਤੇ 8 ਮਈ ਨੂੰ ਉੱਥੇ ਪੁੱਜ ਗਿਆ। 18 ਮਈ ਦੀ ਸਵੇਰ ਨੂੰ ਚਰਖ਼ੀ ਦੇ ਕਰੀਬ, ਜਿੱਥੇ ਜ਼ਿਮੀਂਦਾਰ ਖਾਈਆਂ ਪੁੱਟ ਕੇ ਬੈਠੇ ਸਨ, ਇਸ ਨੇ ਧਾਵਾ ਬੋਲ ਦਿੱਤਾ। ਜਦੋਂ ਤੋਪ ਚੱਲਣ ਲੱਗੀ ਤਾਂ ਇਹ ਸਾਰੇ ਜ਼ਿਮੀਂਦਾਰ ਭੱਜ ਗਏ। ਰਘਬੀਰ ਸਿੰਘ ਨੇ ਇਹਨਾਂ ਦਾ ਪਿੱਛਾ ਕੀਤਾ। ਇਹਨਾਂ 'ਤੇ ਫ਼ਤਿਹ ਪਾ ਕੇ ਜ਼ਿਮੀਦਾਰਾਂ ਦੇ ਆਖ਼ਰੀ ਪੜਾਓ ਤਕ ਜਾ ਪੁੱਜਾ ਤੇ ਉੱਥੋਂ ਵੀ ਉਹਨਾਂ ਨੂੰ ਕੱਢ ਦਿੱਤਾ। ਇੱਥੇ ਫ਼ਤਿਹ ਪ੍ਰਾਪਤ ਕਰ ਕੇ ਸ੍. ਰਘਬੀਰ ਸਿੰਘ ਦਾ ਦਬਦਬਾ ਰਿਆਸਤ ਵਿੱਚ ਐਸਾ ਬੈਠਾ ਕਿ ਫਿਰ ਕਿਸੇ ਨੇ ਬਗ਼ਾਵਤ ਕਰਨ ਦੀ ਹਿੰਮਤ ਨਹੀਂ ਵਿਖਾਈ।

ਰਾਜਾ ਰਘਬੀਰ ਸਿੰਘ ਨੇ ਤਿੰਨ ਵਿਆਹ ਕੀਤੇ, ਪ੍ਰਤਾਪ ਕੌਰ, ਦਾਦਰੀ ਵਾਲੇ ਜਵਾਹਰ ਸਿੰਘ ਦੀ ਲੜਕੀ, ਜਿਸ ਤੋਂ ਟਿੱਕਾ ਬਲਵੀਰ ਸਿੰਘ ਤੇ ਇੱਕ ਲੜਕੀ ਪੈਦਾ ਹੋਈ; (2) ਇੰਦਰ ਕੌਰ, ਧਿਆਨ ਸਿੰਘ ਗਲਮਾਜਗੀਆ ਦੀ ਲੜਕੀ; (3) ਅਮੀਰ ਕੌਰ, ਸਰਦਾਰ ਲੈਹਣਾ ਸਿੰਘ ਰਾਏਪੁਰੀਏ ਦੀ ਲੜਕੀ, ਪਰੰਤੂ ਇਹਨਾਂ ਵਿੱਚੋਂ ਕੋਈ ਸੰਤਾਨ ਨਹੀਂ ਹੋਈ।

ਰਾਜਾ ਰਘਬੀਰ ਸਿੰਘ ਨੇ ਆਪਣੀ ਰਾਜਧਾਨੀ ਸੰਗਰੂਰ ਬਣਾਈ, ਪਰੰਤੂ ਇਹ ਕਦੇ ਵੀ ਆਪਣੀ ਰਿਆਸਤ ਦੇ ਇਲਾਕੇ ਦੀ ਰਾਜਧਾਨੀ ਤੋਂ ਆਲਸ ਵਿੱਚ ਨਹੀਂ ਪਿਆ। ਇਹ ਬੜਾ ਸਮਝਦਾਰ ਰਈਸ ਸੀ। ਸ਼ੁਰੂ ਤੋਂ ਸਿਪਾਹੀਪਨ ਦਾ ਬੜਾ ਸ਼ੌਕ ਸੀ। ਇਸ ਦੀ ਫ਼ੌਜ ਭਾਵੇਂ ਬਹੁਤ ਥੋੜ੍ਹੀ ਸੀ, ਪਰੰਤੂ ਕਵਾਇਦਦਾਨ ਹੋਣ ਦੇ ਕਾਰਨ ਬੜੀ ਸਾਫ਼ ਸੀ। ਇਸ ਨੂੰ ਰਿਆਸਤ ਦੀ ਤਜਾਰਤ ਤੇ ਵਪਾਰ ਵਧਾਣ ਦਾ ਬੜਾ ਖ਼ਿਆਲ ਸੀ।

1765 ਈ. ਨੂੰ ਇਸ ਨੇ ਸੰਗਰੂਰ ਦੇ ਬਜ਼ਾਰਾਂ ਨੂੰ ਜੈਪੁਰ ਦੇ ਬਜ਼ਾਰਾਂ ਵਾਂਗ ਬਣਾਉਣ ਦਾ ਕੰਮ ਸ਼ੁਰੂ ਕੀਤਾ। ਇੱਕ ਦੀਵਾਨਖ਼ਾਨਾ ਤੇ ਸੰਗਮਰਮਰ ਦੀ ਬਾਰਾਂਦਰੀ ਬਣਵਾਈ। 1769 ਈ. ਵਿੱਚ ਸੰਗਰੂਰ ਵਿੱਚ ਭੂਤੇਸ਼ਵਰ ਨਾਮ ਦਾ ਇੱਕ ਤਾਲਾਬ ਬਣਵਾਇਆ। ਉਹਦੇ ਵਿਚਕਾਰ ਸ੍ਰੀ ਅੰਮ੍ਰਿਤਸਰ ਵਾਂਗ ਸ਼ਿਵ ਜੀ ਦਾ ਮੰਦਰ ਬਣਵਾਇਆ। ਫਿਰ ਸਵੇਰੂੰ ਦੇ ਮੁਕਾਮ 'ਤੇ, ਜਿੱਥੇ ਰਾਜਾ ਜਨਮੇਜਾ ਨੇ ਸੱਪਾਂ ਦਾ ਹਵਨ ਕੀਤਾ ਸੀ, ਨਾਗਛੇਤਰ ਨਾਮ ਦੀ ਇੱਕ ਬੜੀ ਵਧੀਆ ਇਮਾਰਤ ਬਣਵਾਈ। ਸੰਗਰੂਰ ਦੇ ਚਾਰੇ ਪਾਸੀਂ ਬਾਗ਼, ਦੀਵਾਨ, ਮੰਦਰ ਤੇ ਤਾਲਾਬ ਬਣਵਾਏ। ਰਾਜਾ ਰਘਬੀਰ ਸਿੰਘ ਨੇ ਅੰਮ੍ਰਿਤਸਰ ਦੀਆਂ ਜੋ ਢਾਈ ਪਰਕਰਮਾ ਬਾਕੀ ਸਨ, ਨੇ ਬੇਸ਼ੁਮਾਰ ਧਨ ਖ਼ਰਚ ਕੇ ਇੱਥੇ ਸੰਗਮਰਮਰ ਤੇ ਸੰਗਮੂਸਾ ਲਗਵਾ ਕੇ ਸੰਨ 1882 ਤੋਂ 1887 ਈ. ਤਕ ਮੁਕੰਮਲ ਕਰਾ ਦਿੱਤੀਆਂ।

ਜਦੋਂ ਗ਼ਦਰ ਦੇ ਦਿਨਾਂ ਵਿੱਚ ਸਰਕਾਰ ਅੰਗਰੇਜ਼ੀ ਨੇ ਸਿੱਖਾਂ ਦੀ ਮਦਦ ਦੇ ਨਾਲ ਸ਼ਹਿਰ ਦਿੱਲੀ ਨੂੰ ਫ਼ਤਿਹ ਕੀਤਾ ਤਾਂ ਇਸ ਖ਼ੁਸ਼ੀ ਵਿੱਚ ਜਦ ਮਹਾਰਾਜਾ ਪਟਿਆਲ਼ਾ ਨੂੰ ਜ਼ੀਨਤ ਮਹੱਲ ਤੇ ਮਹਾਰਾਜਾ ਨਾਭਾ ਨੂੰ ਇੱਕ ਹੋਰ ਕੋਠੀ ਮਿਲੀ, ਤਦ ਰਾਜਾ ਸਰੂਪ ਸਿੰਘ ਨੇ ਗਵਰਨਮੈਂਟ ਪਾਸੋਂ ਉਹ ਮਸਜਿਦ, ਜੋ ਮੁਸਲਮਾਨਾਂ ਨੇ ਗੁਰਦੁਆਰਾ ਸੀਸਗੰਜ ਦੇ ਸਿਰ 'ਤੇ ਬਣਵਾਈ ਸੀ, ਮੰਗ ਲਈ ਤੇ ਇਸ ਇਮਾਰਤ ਨੂੰ ਗਿਰਾ ਕੇ ਗੁਰਦੁਆਰੇ ਨੂੰ ਖੁੱਲ੍ਹਾ ਕਰ ਦਿੱਤਾ। ਤਿੰਨ-ਚਾਰ ਸਾਲ ਪਿੱਛੋਂ ਜਦ ਸਾਰੇ ਪਾਸੀਂ ਅਮਨ ਹੋ ਗਿਆ, ਤਦ ਮੁਸਲਮਾਨਾਂ ਨੇ ਸਰਕਾਰ ਪਾਸ ਦਾਅਵਾ ਕੀਤਾ, ਜਿੱਥੋਂ ਹੁਕਮ ਹੋਇਆ ਕਿ ਉਹ ਜਗ੍ਹਾ, ਜਿੱਥੇ ਪਹਿਲਾਂ ਮਸਜਿਦ ਸੀ, ਫਿਰ ਗੁਰਦੁਆਰਾ ਬਣਿਆ, ਉੱਥੋਂ ਗੁਰਦੁਆਰਾ ਉਠਾ ਕੇ ਫਿਰ ਮਸਜਿਦ ਬਣਾ ਦਿੱਤੀ ਜਾਵੇ। ਸੋ, ਮੁਸਲਮਾਨਾਂ ਨੇ ਝੱਟ-ਪੱਟ ਗੁਰਦੁਆਰੇ ਦੀ ਇਮਾਰਤ ਗਿਰਾ ਕੇ ਫਿਰ ਮਸਜਿਦ ਬਣਾ ਦਿੱਤੀ। ਇਸ ਗੱਲ ਦੀ ਅਪੀਲ ਰਾਜਾ ਰਘਬੀਰ ਸਿੰਘ ਨੇ ਵਲਾਇਤ ਕੀਤੀ, ਜਿੱਥੋਂ ਅਪੀਲ ਮਨਜ਼ੂਰ ਹੋ ਗਈ ਤੇ ਇਹ ਫ਼ੈਸਲਾ ਹੋਇਆ ਕਿ ਜੋ ਹੁਕਮ ਗ਼ਦਰ ਦੇ ਵੇਲੇ ਅਫ਼ਸਰਾਂ ਵੱਲੋਂ ਜਾਰੀ ਹੋਏ ਸਨ, ਅਟਲ ਸਮਝੇ ਜਾਣ ਤੇ ਉਹਨਾਂ ਦੇ ਵਿੱਚ ਹੁਣ ਦੀ ਅਦਾਲਤ ਦਖ਼ਲ ਨਹੀਂ ਦੇ ਸਕਦੀ। ਹੁਕਮ ਆਉਂਦੇ ਹੀ ਰਾਜਾ ਰਘਬੀਰ ਸਿੰਘ ਨੇ ਇਕਦਮ ਮਸਜਿਦ ਢਵਾ ਦਿੱਤੀ ਤੇ ਇੱਕ ਖੁੱਲ੍ਹਾ ਤੇ ਪੱਕਾ ਗੁਰਦੁਆਰਾ ਬਣਾ ਕੇ ਉਹਦੇ ਨਾਲ ਇੱਕ ਪਿੰਡ ਖ਼ਰਚ ਲਈ ਵੀ ਲਾ ਦਿੱਤਾ। ਇਹ ਗੁਰੂ ਖ਼ਾਲਸੇ ਦੀ ਸੇਵਾ, ਸਰਦਾਰ ਕਾਹਨ ਸਿੰਘ, ਕਰਨੈਲ ਦੀ ਕੋਸ਼ਿਸ਼ ਤੇ ਜਾਂਨਸਾਰੀ ਦਾ ਸਿੱਟਾ ਹੈ।

ਸੰਨ 1765 ਈ. ਵਿੱਚ ਮਲਵਈ ਬੁੰਗੇ ਅੰਮ੍ਰਿਤਸਰ ਵਿਖੇ ਲੰਗਰ ਜਾਰੀ ਕੀਤਾ। ਸੰ. 1932 ਬਿ. ਨੂੰ ਸਦਾਵਰਤ ਕਾਸ਼ੀ ਵਿੱਚ ਲਾਇਆ।

ਰਾਜਾ ਸਰੂਪ ਸਿੰਘ ਨੇ ਉਸ ਵਾਸਤੇ ਇੱਕ ਲੱਖ ਰੁਪਿਆ ਸੰਕਲਪ ਕੀਤਾ ਸੀ। ਜਨਵਰੀ, 1876 ਈ. ਨੂੰ ਰਾਜਾ ਰਘਬੀਰ ਸਿੰਘ ਨੂੰ ਜੀ.ਸੀ.ਐੱਸ.ਆਈ. ਦਾ ਖ਼ਿਤਾਬ ਮਿਲਿਆ। 1878 ਈ. ਵਿੱਚ ਜਵਾਲਾਮੁਖੀ ਗਿਆ। 1879 ਵਿੱਚ 500 ਪੈਦਲ ਤੇ 200 ਸਵਾਰ ਦੇ ਕੇ ਦੋ ਤੋਪਾਂ ਸਰਦਾਰ ਰਤਨ ਸਿੰਘ ਤੇ ਜਗਤ ਸਿੰਘ ਦੀ ਕਮਾਨ ਵਿੱਚ ਕਾਬਲ ਦੀ ਲੜਾਈ 'ਤੇ ਭੇਜੀਆਂ। ਇਸ ਸਹਾਇਤਾ ਦੇ ਬਦਲੇ ਰਾਜਾ ਰਘਬੀਰ ਸਿੰਘ ਨੂੰ 'ਰਾਜਾਏ ਰਾਜਗਨ' ਦਾ ਖ਼ਿਤਾਬ ਮਿਲਿਆ। ਸਰਦਾਰ ਜਗਤ ਸਿੰਘ ਨੂੰ ਸੀ.ਆਈ.ਈ. ਦਾ ਤੇ ਰਤਨ ਸਿੰਘ ਨੂੰ ਇੱਕ ਕਿਰਚ ਮਿਲੀ।

ਰਾਜਾ ਰਘਬੀਰ ਸਿੰਘ ਬੜਾ ਹੀ ਲਾਇਕ ਤੇ ਸਮਝਦਾਰ ਰਈਸ ਸੀ। ਇਸ ਨੇ ਸੰਗਰੂਰ ਵਿੱਚ ਨਹਿਰ ਲਿਆਉਣ ਵਾਸਤੇ ਆਪਣਾ ਪੈਸਾ ਖ਼ਰਚਿਆ। ਇੱਕ ਕਾਰਖ਼ਾਨਾ ਵੀ ਬਣਾਇਆ, ਜਿਸ ਵਿੱਚ ਧੂੰਏਂ ਵਾਲੇ ਇੰਜਣ, ਬਰਫ਼ ਬਨਾਣ ਦੀ ਕਲਾ, ਆਟਾ ਪੀਹਣ ਦੀ ਮਸ਼ੀਨਰੀ ਤੇ ਪਾਣੀ ਦੀ ਕਲਾ (ਵਾਟਰ ਵਰਕਸ) ਦਾ ਪ੍ਰਬੰਧ ਕੀਤਾ। ਇਸ ਨਾਲ ਸੈਂਕੜੇ ਗ਼ਰੀਬ ਲੋਕਾਂ ਨੂੰ ਰੁਜ਼ਗਾਰ ਮਿਲਿਆ। ਰਾਜਾ ਰਘਬੀਰ ਸਿੰਘ ਸਖ਼ਤ ਸੁਭਾਅ ਦੇ ਸਨ। ਦਿਆਨਤਦਾਰ ਵੀ ਸਿਰੇ ਦੇ ਸਨ। ਪਹਿਲਾਂ ਰਿਆਸਤ ਦੀ ਆਮਦਨੀ 9 ਲੱਖ ਰੁਪੈ ਸੀ। ਜਿਸ ਨੂੰ ਆਪਣੀ ਯੋਗਤਾ ਨਾਲ ਡੇਢ ਗੁਣੀ ਕਰ ਦਿੱਤਾ ਸੀ। ਇਹਨਾਂ ਦੀਆਂ ਤਿੰਨ ਰਾਣੀਆਂ ਸਨ: ਇੱਕ ਬਰੇਲੀ ਦੇ ਰਾਜਾ ਸ਼ਿਵ ਦੇਵ ਸਿੰਘ ਦੀ ਲੜਕੀ, ਜੋ ਛੇਤੀ ਹੀ ਗੁਜ਼ਰ ਗਈ, ਦੂਜੀ ਨਰਾਇਣ ਕੌਰ, ਜਿਸ ਦੀ ਕੁੱਖ ਵਿੱਚੋਂ ਟਿੱਕਾ ਬਲਬੀਰ ਸਿੰਘ ਪੈਦਾ ਹੋਇਆ ਤੇ ਦੋ ਲੜਕੀਆਂ। ਤੀਜੀ ਸਰਦਾਰ ਦੀਦਾਰ ਸਿੰਘ ਰਾਜੋਆਣਾ ਦੀ ਲੜਕੀ ਬਿਸ਼ਨ ਕੌਰ ਸੀ। ਇਸ ਦੀ ਕੋਈ ਸੰਤਾਨ ਨਹੀਂ ਸੀ। ਟਿੱਕਾ ਬਲਬੀਰ ਸਿੰਘ, ਜੋ ਬੜਾ ਹੁਸ਼ਿਆਰ ਤੇ ਲਾਇਕ ਸੀ, 1856 ਈ. ਵਿੱਚ ਪੈਦਾ ਹੋਇਆ ਸੀ। ਇਹ ਭਰ ਜਵਾਨੀ ਵਿੱਚ ਚੇਚਕ ਦੀ ਬਿਮਾਰੀ ਨਾਲ ਮਰ ਗਿਆ। ਰਾਜਾ ਰਘਬੀਰ ਸਿੰਘ 'ਤੇ ਪੁੱਤਰ ਦੇ ਚਲਾਣੇ ਦਾ ਬੜਾ ਅਸਰ ਹੋਇਆ। ਆਪ ਬਿਮਾਰ ਹੋ ਕੇ ਜਿਗਰ ਦੀ ਕਿਸੇ ਬਿਮਾਰੀ ਨਾਲ ਤਿੰਨ ਸਾਲ ਦੇ ਅੰਦਰ ਹੀ 7 ਮਾਰਚ, 1887 ਨੂੰ ਚਲਾਣਾ ਕਰ ਗਿਆ।

15 ਮਾਰਚ, 1887 ਈ. ਨੂੰ ਸਰ ਜੇਮਜ਼ ਲਾਇਲ ਸਾਹਿਬ ਪੁੱਛਣ ਦੇ ਵਾਸਤੇ ਸੰਗਰੂਰ ਗਏ। ਉਹਨਾਂ ਨੇ 5 ਮਈ, 1860 ਦੀ ਸਨਦ ਅਨੁਸਾਰ ਰਿਆਸਤ ਦੇ ਪ੍ਰਬੰਧ ਵਾਸਤੇ ਟਿੱਕਾ ਬਲਵੀਰ ਸਿੰਘ ਦੇ ਲੜਕੇ ਰਣਬੀਰ ਸਿੰਘ ਦੇ ਬਾਲਗ ਹੋਣ ਤਕ ਦੇ ਸਮੇਂ ਲਈ ਕੌਂਸਲ ਆਫ਼ ਰਿਜੈਂਸੀ ਨਿਯਤ ਕੀਤਾ, ਜਿਸ ਦੇ ਪ੍ਰਧਾਨ ਸ੍. ਰਤਨ ਸਿੰਘ ਨੂੰ ਨਿਯਤ ਕੀਤਾ ਗਿਆ। 31 ਮਾਰਚ, 1887 ਈ. ਨੂੰ ਕੌਂਸਲ ਦਾ ਕੰਮ ਸ਼ੁਰੂ ਹੋਇਆ। ਇਹਨਾਂ ਦੀ ਕੋਈ ਸ਼ਿਕਾਇਤ ਨਹੀਂ ਸੁਣੀ ਗਈ।

27 ਫ਼ਰਵਰੀ, 1888 ਈ. ਨੂੰ ਟਿੱਕਾ ਰਣਬੀਰ ਸਿੰਘ ਦੇ ਗੱਦੀ 'ਤੇ ਬੈਠਣ ਦੀ ਰਸਮ ਬੜੀ ਧੂਮ-ਧਾਮ ਨਾਲ ਹੋਈ। ਇਸ ਵੇਲੇ ਟਿੱਕਾ ਸਾਹਿਬ ਦੀ ਉਮਰ 9 ਸਾਲ ਦੀ ਸੀ। 1911 ਈ. ਵਿੱਚ ਅੰਗਰੇਜ਼ੀ ਸਰਕਾਰ ਵੱਲੋਂ ਉਸ ਨੂੰ ਮਹਾਰਾਜਾ ਦਾ ਖ਼ਿਤਾਬ ਮਿਲਿਆ। 1949 ਈ. ਵਿੱਚ ਰਣਬੀਰ ਸਿੰਘ ਸੁਰਗਵਾਸ ਹੋ ਗਿਆ ਤਾਂ ਰਾਜਬੀਰ ਸਿੰਘ ਮਹਾਰਾਜਾ ਬਣਿਆ। ਇਹ ਜੀਂਦ ਦਾ ਆਖ਼ਰੀ ਮਹਾਰਾਜਾ ਸੀ। 5 ਮਈ, 1949 ਈ. ਨੂੰ ਇਸ ਨੂੰ ਪੈਪਸੂ ਵਿੱਚ ਸ਼ਾਮਲ ਹੋਣ ਲਈ ਦਸਤਖ਼ਤ ਕੀਤੇ ਤੇ 20 ਅਗਸਤ, 1948 ਈ. ਨੂੰ ਰਿਆਸਤ ਪੈਪਸੂ ਵਿੱਚ ਸ਼ਾਮਲ ਹੋ ਗਈ। ਮਹਾਰਾਜਾ ਜੀਂਦ ਦਾ ਸਾਲਾਨਾ ਭੱਤਾ 328100 ਰੁਪਏ ਨਿਯਤ ਹੋਇਆ। ਦੂਜੀਆਂ ਰਿਆਸਤਾਂ ਵਾਂਗ ਨਿੱਜੀ ਜਾਇਦਾਦ ਉੱਤੇ ਵੀ ਅਧਿਕਾਰ ਕਾਇਮ ਰਹਿਣਗੇ।

ਅਧਿਆਇ ਛੇਵਾਂ

# ਸਿੱਖ ਮਿਸਲਾਂ ਦਾ ਪ੍ਰਬੰਧਕੀ ਢਾਂਚਾ ਤੇ ਫ਼ੌਜੀ ਸ਼ਕਤੀ ਦਾ ਵਿਵਰਣ

ਮੀਰ ਮਨੂੰ ਦਾ ਸਮਾਂ (1747-1753) ਤਕ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵਧ ਕਾਲ਼ਾ ਦੌਰ ਸੀ, ਜਦੋਂ ਸਿੱਖ ਬੀਬੀਆਂ ਅਤੇ ਬੱਚਿਆਂ ਨੂੰ ਗਿ਼ਫ਼ਤਾਰ ਕਰ ਕੇ ਕੈਦ ਕੀਤਾ ਗਿਆ। ਉਹਨਾਂ ਨੂੰ ਭੁੱਖੇ ਰੱਖਿਆ ਗਿਆ ਅਤੇ ਉਹਨਾਂ ਨੂੰ ਲੰਡੇ ਬਜ਼ਾਰ ਦੀਆਂ ਕਾਲ ਕੋਠੜੀਆਂ ਵਿੱਚ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਅਬਦੁੱਲ ਸਮੁੱਦ ਖ਼ਾਂ ਅਤੇ ਜ਼ਕਰੀਆ ਖ਼ਾਂ ਦੇ ਸਮੇਂ ਨਾਲੋਂ ਇਸ ਸਮੇਂ ਵਿੱਚ ਸਿੱਖਾਂ ਨੇ ਬਹੁਤ ਜ਼ਿਆਦਾ ਤਸ਼ੱਦਦ ਤੇ ਤਸੀਹੇ ਝੱਲੇ। ਜ਼ਕਰੀਆ ਖ਼ਾਂ ਦੀ ਮੌਤ 1745 ਵਿੱਚ ਹੋਈ। ਉਸ ਦੀ ਮੌਤ ਤੋਂ ਬਾਅਦ ਉਸ ਦੇ ਦੋਵੇਂ ਪੁੱਤਰਾਂ ਵਿੱਚ ਲਾਹੌਰ ਦੀ ਗਵਰਨਰੀ ਲਈ ਝਗੜਾ ਹੋ ਗਿਆ। ਇਹਨਾਂ ਦੋਵਾਂ ਦੀ ਆਪਸੀ ਲੜਾਈ ਨੇ ਸਿੱਖਾਂ ਨੂੰ ਆਪਣੀ ਸ਼ਕਤੀ ਕੇਂਦਰਤ ਕਰਨ ਦਾ ਮੌਕਾ ਦਿੱਤਾ। ਪੂਰੇ ਪੰਜਾਬ ਵਿੱਚ ਅਰਾਜਕਤਾ ਵਾਲਾ ਮਾਹੌਲ ਸੀ। ਜਿਹੜੇ ਸਿੱਖ ਜੰਗਲਾਂ, ਪਹਾੜਾਂ ਵਿੱਚ ਲੁਕੇ ਹੋਏ ਸਨ, ਉਹ ਆਪਣੀਆਂ ਲੁਕਣਗਾਹਾਂ ਵਿੱਚੋਂ ਬਾਹਰ ਨਿਕਲ ਆਏ। 29 ਮਾਰਚ, 1748 ਨੂੰ ਅੰਮ੍ਰਿਤਸਰ ਵਿਖੇ ਵਿਸਾਖੀ ਵਾਲੇ ਦਿਨ ਇਕੱਠੇ ਹੋਏ। ਨਵਾਬ ਕਪੂਰ ਸਿੰਘ ਨੇ ਗੱਠਜੋੜ, ਏਕਤਾ ਤੇ ਜਥੇਬੰਦੀ ਦੇ ਨਾਂ ਨਾਮ 'ਤੇ ਇੱਕ ਨਵੀਂ ਜਥੇਬੰਦੀ 'ਦਲ ਖ਼ਾਲਸਾ' ਬਣਾਈ। ਸਿੱਖਾਂ ਨੂੰ ਬਾਰਾਂ ਸਮੂਹਾਂ (ਮਿਸਲਾਂ) ਵਿੱਚ ਵੰਡਿਆ ਤੇ ਉਹਨਾਂ ਦੇ ਬਾਰਾਂ ਜਥੇਦਾਰ ਥਾਪੇ ਗਏ। ਹਰ ਇੱਕ ਜਥੇਦਾਰ ਦਾ ਆਪਣਾ ਨਿਸ਼ਾਨ (ਝੰਡਾ) ਸੀ। ਬਾਅਦ ਵਿੱਚ ਇਹਨਾਂ ਹੀ ਜਥੇਦਾਰਾਂ ਨੇ ਆਪਣੀਆਂ ਰਿਆਸਤਾਂ ਕਾਇਮ ਕਰ ਲਈਆਂ।

ਮੀਰ-ਉਲ-ਮੁਲਕ, ਜਿਸ ਨੂੰ ਮੀਰ ਮਨੂੰ ਕਿਹਾ ਜਾਂਦਾ ਸੀ, ਪੰਜਾਬ ਦਾ ਬਹੁਤ ਹੀ ਜ਼ਾਲਮ ਗਵਰਨਰ ਸੀ। ਉਸ ਨੇ ਅਬਦੁੱਲ ਸਮੁੱਦ ਖ਼ਾਂ ਅਤੇ ਜ਼ਕਰੀਆ ਖ਼ਾਂ ਦੀਆਂ ਨੀਤੀਆਂ ਨੂੰ ਅਪਣਾ ਕੇ ਸਿੱਖਾਂ ਦਾ ਖ਼ੁਰਾ-ਖੋਜ ਮਿਟਾਉਣ ਲਈ ਗਸ਼ਤੀ ਟੋਲੇ ਭੇਜੇ। ਜਿਹੜਾ ਵੀ ਸਿੱਖ ਦਾ ਸਿਰ ਲੈ ਕੇ ਆਉਂਦਾ ਸੀ, ਉਸ ਨੂੰ ਇੱਕ ਸਿਰ ਬਦਲੇ 10 ਰੁ. ਦਿੱਤੇ ਜਾਂਦੇ ਸਨ। ਜਿਹੜਾ ਕੋਈ ਸਿੱਖ ਦਾ ਘੋੜਾ ਫੜਕੇ ਲਿਆਉਂਦਾ, ਉਹ ਹੀ ਉਸ ਦਾ ਮਾਲਕ ਹੋ ਜਾਂਦਾ ਸੀ। ਜਿਸ ਕਿਸੇ ਦਾ ਘੋੜਾ ਸਿੱਖਾਂ ਨਾਲ ਜੰਗ ਕਰਦਿਆਂ ਮਰ ਜਾਂਦਾ ਸੀ, ਉਸ ਨੂੰ ਸਰਕਾਰੀ ਅਸਤਬਲ ਵਿੱਚੋਂ ਘੋੜਾ ਦਿੱਤਾ ਜਾਂਦਾ ਸੀ। ਕਈ ਵਾਰ ਉਸ ਨੇ ਸਿੱਖਾਂ 'ਤੇ ਆਪ ਵੀ ਹਮਲਾ ਕੀਤਾ। ਮੀਰ ਮਨੂੰ ਨੇ ਜ਼ਕਰੀਆ ਖ਼ਾਂ ਨੂੰ ਜ਼ੁਲਮ ਕਰਨ ਵਿੱਚ ਪਿੱਛੇ ਛੱਡ ਦਿੱਤਾ ਸੀ, ਕਿਉਂਕਿ ਉਸ ਨੇ ਤਾਂ ਸਿੱਖ ਪਰਿਵਾਰਾਂ (ਬੀਬੀਆਂ-

ਬੱਚਿਆਂ) ਨੂੰ ਵੀ ਨਹੀਂ ਸੀ ਛੱਡਿਆ। ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਬੇਰਹਿਮੀ ਨਾਲ ਕਤਲ ਕੀਤਾ। ਉਸ ਸਮੇਂ ਸਿੱਖ ਇਹ ਕਹਿੰਦੇ ਹੁੰਦੇ ਸਨ ਕਿ 'ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ, ਜਿਉਂ ਜਿਉਂ ਸਾਨੂੰ ਮਨੂੰ ਵਢਦਾ ਅਸੀਂ ਦੂਣੇ ਚੌਉਣੇ ਹੋਏ।'

ਮੀਰ ਮਨੂੰ ਨੇ ਬਹੁਤ ਜ਼ਾਲਮਾਨਾ ਢੰਗ ਅਪਣਾ ਕੇ ਸਿੱਖਾਂ ਨੂੰ ਖ਼ਤਮ ਕਰਨ ਦੇ ਯਤਨ ਕੀਤੇ। ਉਸ ਨੇ ਸਾਰੇ ਹੱਦ-ਬੰਨੇ ਅਪਣਾ ਲਏ, ਪਰ ਉਹ ਸਿੱਖਾਂ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਨਾ ਹੋਇਆ। ਉਸ ਦੇ ਹਰੇਕ ਜ਼ੁਲਮ ਤੋਂ ਬਾਅਦ ਸਿੱਖ ਜ਼ਿਆਦਾ ਜੋਸ਼ ਵਿੱਚ ਆਏ ਤੇ ਉਹ ਆਪਣੇ ਸ਼ਹੀਦਾਂ ਤੋਂ ਪ੍ਰੇਰਨਾ ਲੈ ਕੇ ਹੋਰ ਬਲ ਨਾਲ ਉਗਮਦੇ ਸਨ। ਸਿੱਖਾਂ ਨੇ ਮੀਰ ਮਨੂੰ ਨੂੰ ਸੁੱਖ ਦਾ ਸਾਹ ਨਹੀਂ ਲੈਣ ਦਿੱਤਾ। ਅਚਾਨਕ ਮੀਰ ਮਨੂੰ 1753 ਈ. ਵਿੱਚ ਮਰ ਗਿਆ। ਮੀਰ ਮਨੂੰ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਨਿਸ਼ਚਿਤਤਾ ਦਾ ਮਾਹੌਲ ਪੈਦਾ ਹੋ ਗਿਆ। ਪੰਜਾਬ ਵਿੱਚ ਅਮਨ-ਅਮਾਨ ਦੀ ਕੋਈ ਗੱਲ ਨਹੀਂ ਰਹਿ ਗਈ ਸੀ। ਹਰ ਪਾਸੇ ਅਸ਼ਾਂਤ ਮਾਹੌਲ ਬਣਿਆ ਹੋਇਆ ਸੀ। ਜਦੋਂ ਇਹ ਖ਼ਬਰ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੂੰ ਮਿਲੀ, ਉਸ ਨੇ ਆਪਣੇ ਤਿੰਨ ਸਾਲ ਦੇ ਪੁੱਤਰ ਮਹਿਮੂਦ ਸ਼ਾਹ ਨੂੰ ਲਾਹੌਰ ਅਤੇ ਮੁਲਤਾਨ ਦਾ ਗਵਰਨਰ ਥਾਪ ਦਿੱਤਾ। ਮੀਰ ਮਨੂੰ ਦੇ ਪੁੱਤਰ ਅਮੀਨ ਖ਼ਾਨ ਨੂੰ ਜੋ ਕਿ ਦੋ ਸਾਲ ਦਾ ਸੀ, ਉਸ ਦਾ ਡਿਪਟੀ (ਸਹਾਇਕ) ਥਾਪ ਦਿੱਤਾ, ਜਿਸ ਲਈ (ਜ਼ਮੀਲ-ਉਦ-ਦੀਨ ਦੇ ਹੱਥ ਖ਼ਿਲਅਤ ਭੇਜੀ ਗਈ। ਇਸ ਤਰ੍ਹਾਂ ਲਾਹੌਰ ਦਾ ਪ੍ਰਬੰਧਕ ਮੁਈਨ ਖ਼ਾਨ ਨੂੰ ਥਾਪਿਆ ਗਿਆ, ਪਰ ਅਸਲ ਵਿੱਚ ਲਾਹੌਰ ਦਾ ਪ੍ਰਬੰਧ, ਮੀਰ ਮਨੂੰ ਦਾ ਸਾਰਾ ਪ੍ਰਬੰਧ ਉਸ ਦੀ ਬੇਗਮ ਮੁਗ਼ਲਾਨੀ ਬੇਗਮ ਦੇ ਹੱਥ ਵਿੱਚ ਸੀ। ਸੰਨ 1752 ਈ. ਵਿੱਚ ਪੰਜਾਬ ਦਾ ਰਾਜ-ਭਾਗ ਅਫ਼ਗ਼ਾਨ ਰਾਜ-ਸੱਤਾ ਦਾ ਹਿੱਸਾ ਬਣ ਗਿਆ। ਬੇਗਮ ਇਸ ਗੱਲ ਤੋਂ ਖ਼ੁਸ਼ ਨਹੀਂ ਸੀ। ਬੇਗਮ ਇਸ ਰਸਮੀ ਨਿਯੁਕਤੀ ਤੋਂ ਖ਼ੁਸ਼ ਨਹੀਂ ਸੀ। ਇਸ ਲਈ ਉਸ ਨੇ ਆਪਣੇ ਪੁੱਤਰ ਨੂੰ ਰਾਜਸ਼ਾਹੀ ਵਿੱਚ ਲਿਆਉਣ ਲਈ ਦੁਰਾਨੀ ਰਾਜੇ ਦਾ ਸਹਾਰਾ ਲਿਆ। ਮੀਰ ਮਨੂੰ ਦਾ ਪੁੱਤਰ ਅਮੀਨ ਖ਼ਾਨ ਜਲਦੀ ਹੀ ਮਰ ਗਿਆ। ਮੁਗ਼ਲਾਨੀ ਬੇਗਮ ਨੇ ਆਪਣੇ-ਆਪ ਨੂੰ ਮੁਖੀ ਵਜੋਂ ਸਥਾਪਿਤ ਕਰ ਲਿਆ। ਉਸ ਨੇ ਆਪਣੇ ਦੂਤ ਨੂੰ ਦਿੱਲੀ ਤੇ ਕਾਬਲ 'ਚ ਭੇਜਿਆ, ਤਾਂ ਜੁ ਉਸ ਨੂੰ ਮੁਖੀ ਵਜੋਂ ਮਾਨਤਾ ਮਿਲ ਜਾਵੇ।

ਅਹਿਮਦ ਸ਼ਾਹ ਨੇ ਉਸ ਦੀ ਗਵਰਨਰਸ਼ਿਪ ਨੂੰ ਪ੍ਰਵਾਨ ਕਰ ਲਿਆ। ਇਸ ਦੇ ਇਵਜ਼ ਵਜੋਂ ਆਪਣੀ ਧੀ ਦਾ ਵਿਆਹ ਦਿੱਲੀ ਦੇ ਵਜ਼ੀਰ ਨਾਲ ਕਰ ਦਿੱਤਾ। ਇਸ ਤਰ੍ਹਾਂ ਮੁਗ਼ਲਾਨੀ ਬੇਗਮ ਨੇ ਆਪਣੀ ਨਵਾਬੀ ਸੁਰੱਖਿਅਤ ਕਰ ਲਈ। ਉਸ ਸਮੇਂ ਔਰਤਾਂ ਭਾਵੇਂ ਪ੍ਰਬੰਧਕੀ ਵਿਵਸਥਾ ਵਿੱਚ ਬਹੁਤੀ ਭੂਮਿਕਾ ਨਹੀਂ ਨਿਭਾਉਂਦੀਆਂ ਸਨ, ਪਰੰਤੂ ਮੁਗ਼ਲਾਨੀ ਬੇਗਮ ਦੀਆਂ ਕੁਝ ਹਰਕਤਾਂ ਨੂੰ ਲੈ ਕੇ ਲੋਕਾਂ ਵਿੱਚ ਅਰਾਜਕਤਾ ਫੈਲ ਰਹੀ ਸੀ। ਇਸ ਮੌਕੇ ਦਾ ਫ਼ਾਇਦਾ ਲੈ ਕੇ ਜਲੰਧਰ ਦੇ ਗਵਰਨਰ ਅਦੀਨਾ ਬੇਗ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ, ਪਰ ਮੁਗ਼ਲਾਨੀ ਬੇਗਮ ਨੇ ਅਬਦਾਲੀ ਦੀ ਸਹਾਇਤਾ

ਨਾਲ ਫੇਰ ਲਾਹੌਰ ਦਾ ਕਬਜ਼ਾ ਅਦੀਨਾ ਬੇਗ ਤੋਂ ਲੈ ਲਿਆ। ਉੱਧਰ ਮੁਗ਼ਲਾਨੀ ਬੇਗਮ ਦੇ ਆਚਰਨ ਨੂੰ ਲੈ ਕੇ ਲਾਹੌਰ ਵਿੱਚ ਬਦਅਮਨੀ ਫ਼ੈਲ ਰਹੀ ਸੀ। ਲੋਕ ਉਸ ਦਾ ਵਿਰੋਧ ਕਰ ਰਹੇ ਸਨ। ਇਸ ਤਰ੍ਹਾਂ ਲਾਹੌਰ ਤੋਂ ਵਾਰ-ਵਾਰ ਸੂਬੇਦਾਰ ਬਦਲਣ ਨਾਲ ਕਾਫ਼ੀ ਅਰਾਜਕਤਾ ਵਧਦੀ ਗਈ। ਮੁਲਤਾਨ ਅਲੱਗ ਸੂਬੇਦਾਰ ਦੇ ਅਧੀਨ ਸੀ। ਔਰੰਗਾਬਾਦ, ਗੁਜਰਾਤ, ਸਿਆਲਕੋਟ ਤੇ ਮਸਰੂਰ ਦੇ ਮਹੱਲਾਂ 'ਤੇ ਰੁਸਤਮ ਖ਼ਾਂ ਦਾ ਨਿਯੰਤਰਨ ਸੀ, ਜਿਸ ਨੂੰ ਅਬਦਾਲੀ ਨੇ ਨਿਯੁਕਤ ਕੀਤਾ ਸੀ। ਅਦੀਨਾ ਬੇਗ ਖ਼ਾਂ ਨੇ ਜਲੰਧਰ ਤੇ ਸਰਹੰਦ 'ਤੇ ਕਬਜ਼ਾ ਕਰ ਲਿਆ ਸੀ। ਦੂਜੇ ਪਾਸੇ ਰਈਸਾਂ ਨੇ ਸੁਤੰਤਰਤਾ ਦਾ ਦਾਵਾ ਕਰ ਦਿੱਤਾ। ਸਾਰੇ ਰਈਸ, ਜੋ ਕਿ ਵੱਖ-ਵੱਖ ਪਰਗਣਿਆਂ ਦੇ ਸੀ, ਆਪਣੀ ਧੌਂਸ ਜਮਾਉਣ ਲੱਗ ਪਏ ਸਨ। ਇਸ ਨਾਲ ਆਪੋ-ਧਾਪੀ ਪੈ ਗਈ ਤੇ ਪੰਜਾਬ ਵਿੱਚ ਅਫ਼ਰਾ-ਤਫ਼ਰੀ ਮਚੀ ਹੋਈ ਸੀ। ਪੰਜਾਬ ਦੇ ਆਮ ਲੋਕ ਇਸ ਦੋਹਰੀ ਚਾਲ ਵਿੱਚ ਬੁਰੀ ਤਰ੍ਹਾਂ ਪਿਸ ਰਹੇ ਸਨ। ਇਸ ਦੇ ਨਾਲ ਕਿਸਾਨੀ ਵੀ ਬਹੁਤ ਪ੍ਰਭਾਵਿਤ ਹੋ ਰਹੀ ਸੀ, ਕਿਉਂਕਿ ਉਹਨਾਂ ਨੂੰ ਬਹੁਤ ਜ਼ਿਆਦਾ ਮਾਲੀਆ ਤਾਰਨਾ ਪੈਂਦਾ ਸੀ। ਪੰਜਾਬ ਦਾ ਵਪਾਰੀ ਵਰਗ ਵੀ ਦੁਖੀ ਸੀ। ਆਮ ਲੋਕ ਸਰਕਾਰੀ ਅਧਿਕਾਰੀਆਂ 'ਤੇ ਵਿਸ਼ਵਾਸ ਨਹੀਂ ਸਨ ਕਰਦੇ, ਕਿਉਂਕਿ ਉਹਨਾਂ ਦੀ ਜਾਨ-ਮਾਲ ਖ਼ਤਰੇ ਵਿੱਚ ਸੀ। ਸਾਰੇ ਪਾਸੇ ਅਸਥਿਰਤਾ ਪਾਈ ਜਾ ਰਹੀ ਸੀ। ਲੋਕਾਂ ਨੂੰ ਇਹੀ ਨਹੀਂ ਪਤਾ ਸੀ ਕਿ ਉਹ ਕਿਸ ਬਾਦਸ਼ਾਹ ਦੇ ਅਧੀਨ ਹਨ। ਹਰ ਪਾਸੇ ਅਸੁਰੱਖਿਆ ਬਣੀ ਹੋਈ ਸੀ। ਲੋਕ ਹਰ ਪੱਖੋਂ ਸੁਰੱਖਿਆ ਚਾਹੁੰਦੇ ਸਨ। ਅੰਦਰੋਂ-ਬਾਹਰੋਂ ਸੁਰੱਖਿਅਤ ਲੋਕ ਹੀ ਤਰੱਕੀ ਕਰ ਸਕਦੇ ਸਨ। ਸਾਰਾ ਸੂਬਾ ਕਾਫ਼ੀ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਸਾਰੇ ਰਈਸਾਂ ਦੇ ਅਧਿਕਾਰ ਖੇਤਰ ਵਿਵਾਦਤ ਸਨ। ਅਲੱਗ-ਅਲੱਗ ਅਧਿਕਾਰੀਆਂ ਨੇ ਹਰ ਪਾਸੇ ਲੁੱਟ ਮਚਾਈ ਹੋਈ ਸੀ। ਹਰ ਪਾਸੇ ਹਾਹਾਕਾਰ ਮਚੀ ਹੋਈ ਸੀ। ਉਹ ਨਵੇਂ ਰਾਜ ਦੀ ਇੱਛਾ ਰੱਖ ਰਹੇ ਸਨ। ਲੋਕ ਹੁਣ ਸਿੱਖਾਂ ਵੱਲ ਦੇਖ ਰਹੇ ਸਨ, ਜੋ ਕਿ ਉਹਨਾਂ ਨੂੰ ਵਧੀਆ ਰਾਜ ਪ੍ਰਬੰਧ ਦੇਣ ਦੇ ਯੋਗ ਹਨ। ਲੋਕਾਂ ਅੰਦਰ ਸਿੱਖਾਂ ਪ੍ਰਤੀ ਭਾਵਨਾ ਪੈਦਾ ਹੋਣ ਲੱਗੀ ਤੇ ਉਹ ਅੰਮ੍ਰਿਤ ਛਕ ਕੇ ਸਿੱਖ ਬਣਨ ਲੱਗੇ। ਸਿੱਖ ਸਰਦਾਰਾਂ ਨੇ ਇਹ ਫ਼ੈਸਲਾ ਕੀਤਾ ਕਿ ਇਸ ਮੌਕੇ ਦਾ ਪੂਰਾ-ਪੂਰਾ ਫਾਇਦਾ ਉਠਾਇਆ ਜਾਏ। ਸਿੱਖ ਸਰਦਾਰਾਂ ਨੂੰ ਇਹ ਗਿਆਤ ਹੋ ਗਿਆ ਸੀ ਕਿ ਲੋਕ ਹੁਣ ਮੁਗ਼ਲਾਂ ਦੀ ਸਲਤਨਤ ਤੋਂ ਤੰਗ ਆ ਚੁੱਕੇ ਸਨ ਤੇ ਮੁਗ਼ਲ ਸਲਤਨਤ ਵੀ ਖਿੰਡੀ-ਪੁੰਡੀ ਪਈ ਸੀ। ਸਿੱਖ ਸਰਦਾਰਾਂ ਨੇ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਆਪਣਾ ਰਾਜ-ਭਾਗ ਕਾਇਮ ਕਰਨ ਦੀ ਯੋਜਨਾ ਬਣਾਈ। ਦਲ ਖ਼ਾਲਸਾ ਦੀ ਕਾਮਯਾਬੀ ਨਾਲ ਉਹਨਾਂ ਨੇ ਜ਼ਬਰਦਸਤ ਤਾਕਤ ਗ੍ਰਹਿਣ ਕੀਤੀ। ਸਭ ਤੋਂ ਪਹਿਲਾਂ ਉਹਨਾਂ ਨੇ ਰਾਖੀ ਸਿਸਟਮ ਦੀ ਸ਼ੁਰੂਆਤ ਕੀਤੀ, ਜਿਸ ਦਾ ਵਰਨਣ ਅਸੀਂ ਪਿੱਛੇ ਵੀ ਕਰ ਆਏ ਹਾਂ।

ਅਹਿਮਦ ਸ਼ਾਹ ਅਬਦਾਲੀ ਨੇ 1747 ਤੋਂ ਲੈ ਕੇ 1769 ਤਕ ਲਗਾਤਾਰ ਹਮਲੇ ਕੀਤੇ। ਉਸ ਨੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਪੰਜਾਬ 'ਤੇ ਉਹ ਕਾਬਜ਼ ਹੋਣਾ

ਚਾਹੁੰਦਾ ਸੀ, ਪਰ ਸਿੱਖ ਉਸ 'ਤੇ ਲੁਕ-ਛਿਪ ਕੇ ਹਮਲੇ ਕਰ ਕੇ ਉਸ ਦਾ ਲੁੱਟਿਆ ਹੋਇਆ ਮਾਲ-ਅਸਬਾਬ ਲੁੱਟ ਲੈਂਦੇ ਸਨ। ਸਿੱਖਾਂ ਨੇ ਅਹਿਮਦਸ਼ਾਹ ਅਬਦਾਲੀ ਦੀਆਂ ਫ਼ੌਜਾਂ ਨਾਲ ਗੁਰੀਲਾ ਯੁੱਧ ਕਰ ਕੇ ਦੁਰਾਨੀਆਂ ਨੂੰ ਦੁਖੀ ਕਰੀ ਰੱਖਿਆ। ਕਈ ਵਾਰ ਸਿੱਖਾਂ ਨੇ ਦੁਰਾਨੀਆਂ ਨੂੰ ਹਰਾਇਆ ਵੀ। 1765 ਵਿੱਚ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਅਹਿਮਦ ਸ਼ਾਹ ਅਬਦਾਲੀ ਪੰਜਾਬ ਵਿੱਚ ਆਪਣਾ ਰਾਜ-ਭਾਗ ਕਾਇਮ ਨਾ ਕਰ ਸਕਿਆ। ਸਿੱਖ ਸਰਦਾਰਾਂ ਨੇ ਮੁਗ਼ਲਾਂ ਦੇ ਇਲਾਕਿਆਂ 'ਤੇ ਹਮਲੇ ਕੀਤੇ ਤੇ ਉਹਨਾਂ ਨੂੰ ਆਪਣੇ ਕਬਜ਼ੇ ਵਿੱਚ ਕੀਤਾ। ਸਿੱਖਾਂ ਦੇ ਅਧੀਨ ਜੋ ਇਲਾਕੇ ਆਏ, ਉਹ ਗੰਗਾ ਤੋਂ ਲੈ ਕੇ ਸਹਾਰਨਪੁਰ, ਮੇਰਠ, ਅਲੀਗੜ੍ਹ, ਮੁਜ਼ੱਫ਼ਰਨਗਰ ਤੋਂ ਲੈ ਕੇ ਪੂਰਬ ਵਿੱਚ ਸਿੰਧ ਨਦੀ ਤੋਂ ਲੈ ਕੇ ਅਟਕ ਤਕ, ਪੱਛਮ ਵਿੱਚ ਮਿਲਨਲਕੋਟ ਅਤੇ ਦੱਖਣ ਵਿੱਚ ਸਿੰਧ ਨਦੀ ਤਕ ਸਿੱਖਾਂ ਰਈਸਾਂ ਨੇ ਆਪਣਾ ਰਾਜ ਕਾਇਮ ਕੀਤਾ।

ਸਿੱਖਾਂ ਦੀ ਅਬਾਦੀ ਰੋਪੜ, ਲੁਧਿਆਣਾ, ਫ਼ਿਰੋਜ਼ਪੁਰ ਸਿਸ ਸਤਲੁਜ, ਹੁਸ਼ਿਆਰਪੁਰ ਤੇ ਜਲੰਧਰ, ਗੁਰਦਾਸਪੁਰ ਤੇ ਅੰਮ੍ਰਿਤਸਰ ਤੇ ਲਾਹੌਰ, ਸਿਆਲਕੋਟ ਤੇ ਰਚਨਾ ਦੁਆਬ ਵਿੱਚ ਵੱਧ ਸੀ। ਸਿੱਖ ਅਬਾਦੀ ਵਿੱਚ ਜ਼ਿਆਦਾ ਕਿਸਾਨ ਸਨ। ਅੰਮ੍ਰਿਤਸਰ ਸ਼ਹਿਰ ਲਾਹੌਰ ਸ਼ਹਿਰ ਨਾਲੋਂ ਵੱਡਾ ਸੀ। ਇਹ ਸਿੱਖਾਂ ਦਾ ਸਭ ਤੋਂ ਪੁਰਾਣਾ ਤੇ ਪਵਿੱਤਰ ਸ਼ਹਿਰ ਸੀ। ਇੱਥੇ ਛੋਟੇ-ਵੱਡੇ ਵਪਾਰੀ ਵੀ ਰਹਿ ਰਹੇ ਸਨ। ਅੰਮ੍ਰਿਤਸਰ ਵਿਖੇ ਸਿੱਖ ਵਿਸਾਖੀ ਤੇ ਦੀਵਾਲ਼ੀ 'ਤੇ ਇਕੱਠੇ ਹੁੰਦੇ ਸਨ ਤੇ ਸਰਬਤ ਖ਼ਾਲਸੇ ਵਿੱਚ ਆਪਣੀਆਂ ਮੁਸ਼ਕਲਾਂ ਬਾਰੇ ਵਿਚਾਰ-ਚਰਚਾ ਕਰਦੇ ਸਨ। ਮੁਗ਼ਲਾਂ ਦੇ ਰਾਜ ਨੂੰ ਖ਼ਤਮ ਕਰਨ ਲਈ ਉਹਨਾਂ ਨੇ ਮਿਸਲ ਸਿਸਟਮ ਦੀ ਸਥਾਪਨਾ ਕੀਤੀ ਤੇ ਪੰਜਾਬ ਨੂੰ ਮੁਗ਼ਲਾਂ ਦੇ ਹਮਲਿਆਂ ਤੋਂ ਬਚਾਉਣ ਲਈ ਸਿੱਖ ਰਾਜ ਦੀ ਸਥਾਪਨਾ ਦਾ ਸੰਕਲਪ ਲਿਆ, ਤਾਂ ਜੁ ਪੰਜਾਬ ਨੂੰ ਮੁਗ਼ਲਾਂ ਦੀ ਲੁੱਟ ਤੋਂ ਬਚਾਇਆ ਜਾਵੇ। ਮੁਗ਼ਲਾਂ ਦੇ ਰਾਜ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਰਾਜ ਸੀ। ਪਹਿਲਾਂ ਮਿਸਲ ਰਾਜ ਵਿੱਚ ਗੁਣਾਂ ਦੇ ਆਧਾਰ 'ਤੇ ਸਰਦਾਰ ਚੁਣਿਆ ਜਾਂਦਾ ਸੀ। ਬਾਅਦ ਵਿੱਚ ਜਦੋਂ ਰਿਆਸਤਾਂ ਕਾਇਮ ਹੋਈਆਂ, ਤਾਂ ਇਹ ਖ਼ਾਨਦਾਨੀ ਸਿਸਟਮ ਵਿੱਚ ਤਬਦੀਲ ਹੋ ਗਈ।

ਮਿਸਲ ਰਾਜ ਵਿੱਚ ਸਿਵਲ ਪ੍ਰਬੰਧ ਪੰਚਾਇਤਾਂ ਦੇ ਅਧੀਨ ਹੁੰਦਾ ਸੀ। ਪੰਜ ਜਣੇ ਪੰਚਾਇਤਾਂ ਦੇ ਪੰਚ ਹੁੰਦੇ ਸਨ। ਨੰਬਰਦਾਰ ਪਿੰਡ ਦਾ ਮੁਖੀਆ ਹੁੰਦਾ ਸੀ, ਜੋ ਕਿ ਨਿਗਰਾਨ ਪ੍ਰਬੰਧਕ ਹੁੰਦਾ ਸੀ। ਉਹ ਸਾਰੇ ਪਿੰਡ ਦੀ ਖ਼ਬਰਸਾਰ ਰੱਖਦਾ ਸੀ। ਪੰਚਾਇਤ ਦੇ ਮੈਂਬਰ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤਾਂ ਹੁੰਦੇ ਸਨ। ਉਹ ਵਧੀਆ ਫ਼ੈਸਲੇ ਕਰਦੇ ਸਨ। ਪਟਵਾਰੀਆਂ ਨੂੰ ਜ਼ਮੀਨ ਦੇ ਲੇਖੇ-ਜੋਖੇ ਲਈ ਤੇ ਜ਼ਮੀਨ ਦੀ ਦਰਜਾਬੰਦੀ ਲਈ ਰੱਖਿਆ ਹੋਇਆ ਸੀ। ਚੌਕੀਦਾਰ ਦਾ ਕੰਮ ਹੁੰਦਾ ਸੀ ਕਿ ਉਹ ਪਿੰਡ ਦਾ ਰੱਖ-ਰਖਾਓ ਦਾ ਧਿਆਨ ਰੱਖੇ, ਸਥਾਨਕ ਖ਼ਬਰਾਂ ਤੇ ਸੂਚਨਾਵਾਂ ਸਰਕਾਰੇ-ਦਰਬਾਰੇ ਪਹੁੰਚਾਵੇ। ਪੁਲਿਸ ਦੀ ਸਹਾਇਤਾ ਕਰੇ। ਪੰਚਾਇਤਾਂ ਦਾ ਸੰਵਿਧਾਨ ਲੋਕਤੰਤਰੀ ਹੁੰਦਾ ਸੀ। ਪੰਚਾਂ ਨੂੰ ਪਰਮੇਸ਼ਰ ਮੰਨਿਆ ਜਾਂਦਾ ਸੀ। ਸਿੱਖ ਸਰਦਾਰਾਂ ਨੇ ਪੰਜਾਬ ਦਾ ਪ੍ਰਬੰਧ ਠੀਕ

ਚਲਾਉਣ ਲਈ ਜ਼ਿਲ੍ਹਿਆਂ ਵਿੱਚ ਵੰਡਿਆ। ਹਰ ਇੱਕ ਜ਼ਿਲ੍ਹੇ ਵਿੱਚ ਇੱਕ ਕਾਰਦਾਰ ਅਧਿਕਾਰੀ ਦੀ ਨਿਯੁਕਤੀ ਕੀਤੀ। ਉਹਨਾਂ ਨੂੰ ਸਾਰੇ ਪ੍ਰਸ਼ਾਸਨ ਦੀ ਜ਼ਿਮੇਂਵਾਰੀ ਸੌਂਪੀ ਗਈ। ਉਹ ਆਪਣੀਆਂ ਸੇਵਾਵਾਂ ਕਿਸੇ ਵੀ ਦਖ਼ਲ-ਅੰਦਾਜ਼ੀ ਤੋਂ ਬਗ਼ੈਰ ਬਹੁਤ ਜ਼ਿੰਮੇਵਾਰੀ ਨਾਲ ਨਿਭਾਉਂਦੇ ਸਨ। ਸਰਕਾਰੀ ਆਦੇਸ਼ ਮੁਨਸ਼ੀ ਤੋਂ ਲਿਖਵਾਏ ਜਾਂਦੇ ਸਨ। ਸਰਦਾਰ ਦੇ ਹਸਤਾਖਰ ਜਾਂ ਅੰਗੂਠੇ ਦੇ ਨਿਸ਼ਾਨ ਨਾਲ ਮੋਹਰ ਜ਼ਰੂਰੀ ਹੁੰਦੀ ਸੀ। ਹਰ ਇੱਕ ਪਿੰਡ ਦੀ ਆਪਣੀ ਇੱਕ ਪੂਰਨ ਸਰਕਾਰ ਹੁੰਦੀ ਸੀ। ਜ਼ਿਲ੍ਹੇਦਾਰਾਂ ਨੂੰ ਪਰਗਣਿਆਂ ਦੇ ਸਰਦਾਰ ਵੀ ਕਿਹਾ ਜਾਂਦਾ ਸੀ। ਉਹਨਾਂ ਵੱਲੋਂ ਕੀਤਾ ਜਾਂਦਾ ਪ੍ਰਬੰਧ ਬਹੁਤ ਸੁਚੱਜਾ ਤੇ ਵਧੀਆ ਹੁੰਦਾ ਸੀ।

ਮਿਸਲਦਾਰ ਰਾਜ ਵਿੱਚ ਨਿਆਂਇਕ ਵਿਵਸਥਾ ਐਨੀ ਵਧੀਆ ਨਹੀਂ ਸੀ। ਸਿੱਖਾਂ ਦਾ ਨਿਆਂਇਕ ਪ੍ਰਬੰਧ ਮੋਟੇ ਤੌਰ 'ਤੇ ਹੀ ਕੀਤਾ ਗਿਆ ਸੀ। ਲਿਖਤੀ ਕੋਈ ਕਨੂੰਨ ਨਹੀਂ ਸੀ। ਮਿਸਲਾਂ ਦੇ ਸਰਦਾਰਾਂ 'ਤੇ ਕੋਈ ਕਾਨੂੰਨੀ ਜ਼ਾਬਤਾ ਲਾਗੂ ਨਹੀਂ ਹੋਇਆ ਸੀ। ਉਹ ਆਪਣੇ ਬਿਬੇਕ ਅਤੇ ਆਪਣੇ ਇਸ਼ਟ ਨੂੰ ਮੁੱਖ ਰੱਖ ਕੇ ਫ਼ੈਸਲਾ ਸੁਣਾਉਂਦੇ ਸਨ। ਨਿਆਂਕਾਰਾਂ ਦੇ ਹੱਥ ਵਿੱਚ ਅਥਾਹ ਸ਼ਕਤੀ ਸੀ। ਕਈ ਵਾਰ ਉਹ ਆਪਣੇ ਮੰਨ ਮੰਨੇ ਸੁਭਾਅ ਅਨੁਸਾਰ ਵੀ ਫ਼ੈਸਲੇ ਕਰ ਦਿੰਦੇ ਸਨ। ਸਿੱਖ ਕਾਨੂੰਨ ਵਿਵਸਥਾ ਅੰਗਰੇਜ਼ਾਂ ਦੀ ਕਾਨੂੰਨ ਪ੍ਰਣਾਲੀ ਨਾਲੋਂ ਕਿਤੇ ਚੰਗੀ ਸੀ। ਆਮ ਤੌਰ 'ਤੇ ਦੀਵਾਨੀ ਤੇ ਅਪਰਾਧਿਕ ਮਾਮਲਿਆਂ ਵਿੱਚ ਪੰਚਾਇਤਾਂ ਖ਼ਾਸ ਭੂਮਿਕਾ ਨਿਭਾਉਂਦੀਆਂ ਸਨ। ਪੰਚਾਇਤ ਵਿੱਚ ਦਿਆਨਦਾਰ ਲੋਕ ਹੁੰਦੇ ਸਨ, ਜੋ ਨੈਤਿਕਤਾ ਦੇ ਆਧਾਰ 'ਤੇ ਸਰਬ-ਸੰਮਤੀ ਨਾਲ ਫ਼ੈਸਲਾ ਕਰਦੇ ਸਨ। ਪੰਚਾਇਤਾਂ ਦੇ ਨੁਮਾਇੰਦਿਆਂ ਦਾ ਇਤਨਾ ਰੋਹਬ ਹੁੰਦਾ ਸੀ ਕਿ ਅਪਰਾਧੀ ਉਹਨਾਂ ਦੇ ਫ਼ੈਸਲੇ ਦਾ ਵਿਰੋਧ ਨਹੀਂ ਸਨ ਕਰਦੇ। ਸੰਗੀਨ ਅਪਰਾਧਾਂ ਵਿੱਚ ਅਪਰਾਧੀ ਨੂੰ ਪਿੰਡ ਵਿੱਚੋਂ ਛੇਕ ਦਿੱਤਾ ਸੀ। ਪਿੰਡ ਦੇ ਲੋਕ ਉਸ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਸਨ ਰੱਖਦੇ। ਜੇ ਕੋਈ ਅਜਿਹਾ ਕੁਝ ਕਰਦਾ ਸੀ, ਤਾਂ ਉਸ ਨਾਲ ਵੀ ਉਹੀ ਵਿਵਹਾਰ ਕੀਤਾ ਜਾਂਦਾ ਸੀ। ਉਸ ਸਮੇਂ ਭ੍ਰਿਸ਼ਟਾਚਾਰ ਦਾ ਕੋਈ ਨਾਮ ਨਹੀਂ ਸੀ। ਸਾਰੇ ਫ਼ੈਸਲੇ ਸ਼ਿਸ਼ਟਾਚਾਰ ਨਾਲ ਹੀ ਹੁੰਦੇ ਸਨ। ਸਾਰੇ ਸਿਸਟਮ ਵਿੱਚ ਪੰਚਾਇਤ ਦੇ ਕਿਸੇ ਮੈਂਬਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਨਹੀਂ ਲੱਗੇ ਸਨ। ਪੰਚਾਇਤਾਂ ਤੋਂ ਉੱਪਰ ਵੀ ਇੱਕ ਨਿਆਂ ਪਾਲਿਕਾ ਸੀ, ਜਿਸ ਨੂੰ ਕਾਰਦਾਰ ਕਹਿੰਦੇ ਸਨ। ਉਸ ਦਾ ਨਿਆਂ ਪ੍ਰਬੰਧ ਸਥਾਨਕ ਨਿਯਮਾਂ, ਦਸਤੂਰਾਂ ਤੇ ਪ੍ਰੰਪਰਾਵਾਂ ਅਤੇ ਹਿੰਦੂ-ਸਿੱਖ ਤੇ ਮੁਸਲਮਾਨਾਂ ਦੀ ਧਾਰਮਿਕ ਸ਼ਰਾ ਦੇ ਮੁਤਾਬਕ ਹੁੰਦਾ ਸੀ। ਜ਼ਰੂਰੀ ਜਾਂਚ-ਪੜਤਾਲ ਤੋਂ ਬਾਅਦ ਜੇਕਰ ਚੋਰੀ ਦਾ ਮਾਲ ਫੜਿਆ ਜਾਂਦਾ ਸੀ ਜਾਂ ਚੋਰ ਫੜੇ ਜਾਂਦੇ ਸਨ ਤਾਂ ਉਹਨਾਂ 'ਤੇ ਭਾਰੀ ਜੁਰਮਾਨਾ ਲਾਇਆ ਜਾਂਦਾ ਸੀ। ਜੇਕਰ ਉਹ ਦੁਬਾਰੇ ਫੜਿਆ ਜਾਂਦਾ ਸੀ ਤਾਂ ਉਸ ਦਾ ਇੱਕ ਸੱਜਾ ਹੱਥ ਕੱਟ ਦਿੱਤਾ ਜਾਂਦਾ ਸੀ। ਜੇਕਰ ਅਪਰਾਧੀ ਵਾਰ-ਵਾਰ ਜੁਰਮ ਕਰਦਾ ਸੀ ਤਾਂ ਉਸ ਦਾ ਹੱਥ, ਕੰਨ, ਨੱਕ ਕੱਟ ਦਿੱਤਾ

ਜਾਂਦਾ ਜਾਂ ਅੱਖਾਂ ਕੱਢ ਦਿੱਤੀਆਂ ਜਾਂਦੀਆਂ ਸਨ, ਪਰ ਇਸ ਤਰ੍ਹਾਂ ਬਹੁਤ ਘੱਟ ਹੀ ਹੋਇਆ। ਪਸ਼ੂਆਂ ਦੀ ਚੋਰੀ ਦੇ ਮਾਮਲੇ ਵਿੱਚ ਸੁਰਾਗ ਜਾਂ ਪੈੜ-ਚਿੰਨ੍ਹਾਂ ਦਾ ਸਹਾਰਾ ਲਿਆ ਜਾਂਦਾ ਸੀ। ਜੇਕਰ ਪੈੜ ਦਾ ਪਿੱਛਾ ਕਰਦਿਆਂ ਪਿੰਡ ਦੇ ਖੇਤਾਂ 'ਤੇ ਆ ਕੇ ਰੁਕ ਜਾਂਦੀ ਸੀ ਤਾਂ ਉਸ ਨੂੰ ਮਜਬੂਰ ਕੀਤਾ ਜਾਂਦਾ ਸੀ ਕਿ ਉਹ ਆਪਣੇ ਖੇਤਾਂ ਵਿੱਚ ਪੈੜ ਵਾਲਿਆਂ ਦੀ ਸਹਾਇਤਾ ਕਰੇ ਜਾਂ ਫਿਰ ਡੰਗਰ ਦਾ ਮੁਆਵਜ਼ਾ ਭਰੇ। ਕਸਬਿਆਂ ਵਿੱਚ ਅਦਾਲਤਾਂ ਲੱਗਦੀਆਂ ਸਨ, ਜਿਨ੍ਹਾਂ ਵਿੱਚ ਆਮ ਤੌਰ 'ਤੇ ਕਾਜ਼ੀ, ਹਿੰਦੂ ਕਾਇਸਤ ਜਾਂ ਫੇਰ ਸਿੱਖ ਹੁੰਦੇ ਸਨ। ਸਿੱਖ ਸਰਦਾਰਾਂ ਦੇ ਅੰਤਰਗਤ ਉੱਘੇ ਮੰਨੇ-ਪ੍ਰਮੰਨੇ ਜਾਗੀਰਦਾਰ ਨੂੰ ਵੀ ਦੀਵਾਨੀ ਤੇ ਅਪਰਾਧਿਕ ਮਾਮਲੇ ਤੇ ਵਿੱਤੀ ਮਾਮਲਿਆਂ ਨੂੰ ਨਜਿੱਠਣ ਦਾ ਅਧਿਕਾਰ ਦਿੱਤਾ ਹੋਇਆ ਸੀ। ਇਸ ਵਿਵਸਥਾ ਦੀ ਨਿਰਪੱਖਤਾ ਦਾ ਨਿਰਣਾ ਇਸ ਗੱਲ ਤੋਂ ਕੀਤਾ ਜਾ ਸਕਦਾ ਹੈ ਕਿ ਮਿਸਲਦਾਰ ਦੇ ਖ਼ਿਲਾਫ਼ ਹਰਿਮੰਦਰ ਸਾਹਿਬ ਦੇ ਅਕਾਲੀਆਂ (ਪੁਜਾਰੀਆਂ) ਅੱਗੇ ਸ਼ਿਕਾਇਤ ਕਰ ਸਕਦਾ ਸੀ। ਉਹ ਫੇਰ ਆਮ ਸਭਾ ਬੁਲਾਉਂਦੇ ਸਨ ਤੇ ਗੁਰਮਤਾ ਪਾਸ ਕਰਦੇ ਸਨ ਤੇ ਸਜ਼ਾ-ਯਾਫ਼ਤਾ ਨੂੰ ਤਨਖ਼ਾਹ ਲਾਉਂਦੇ ਸਨ। ਜੋ ਤਨਖ਼ਾਹ ਜਾਂ ਜੁਰਮਾਨਾ ਨਹੀਂ ਸੀ ਦਿੰਦਾ, ਉਸ ਨੂੰ ਤਹਿਖ਼ਾਨੇ ਵਿੱਚ ਕੈਦ ਕਰ ਦਿੱਤਾ ਜਾਂਦਾ ਸੀ।

**ਮਿਸਲਾਂ ਦੀ ਮਾਲੀਆ ਵਿਵਸਥਾ** : ਜ਼ਮੀਨ ਦਾ ਮਾਲੀਆ ਹੀ ਮਿਸਲਾਂ ਦੀ ਆਮਦਨ ਦਾ ਇੱਕੋ ਇੱਕ ਜ਼ਰੀਆ ਸੀ। ਹਰੇਕ ਪਰਗਣੇ ਦਾ ਇੱਕ ਇਕਰਾਰਨਾਮਾ ਕੀਤਾ ਜਾਂਦਾ ਸੀ। ਇੱਕ ਠੇਕੇਦਾਰ ਹੁੰਦਾ ਸੀ। ਉਹ ਹਰ ਇੱਕ ਪਿੰਡ ਨੂੰ ਠੇਕੇ 'ਤੇ ਦਿੰਦਾ ਸੀ, ਜਿਸ ਦੇ ਇੱਕ ਜਾਂ ਦੋ ਮੁਖੀਏ ਹੁੰਦੇ ਸਨ ਜਿਹੜੇ ਕਿ ਹਰ ਇੱਕ ਘਰ ਤੋਂ ਮਾਮਲਾ ਇਕੱਠਾ ਕਰਦੇ ਸਨ। ਪਿੰਡਾਂ ਦੇ ਲੋਕ ਬਿਨਾਂ ਕਿਸੇ ਹਿਚਕਚਾਹਟ ਤੋਂ ਮਾਮਲਾ ਤਾਰਦੇ ਸਨ। ਮਾਮਲਾ ਤਾਰਨਾ ਉਸ ਸਮੇਂ ਮੁਸ਼ਕਲ ਭਰਿਆ ਹੁੰਦਾ ਸੀ, ਜਦੋਂ ਕੋਈ ਕੁਦਰਤੀ ਆਫ਼ਤ ਆ ਜਾਂਦੀ ਸੀ, ਜਿਵੇਂ ਕਿ ਕਾਲ ਪੈ ਗਿਆ, ਹੜ੍ਹ ਆ ਗਿਆ ਜਾਂ ਜ਼ਿਆਦਾ ਬਾਰਸ਼ ਹੋਣ ਕਾਰਨ ਫ਼ਸਲ ਦਾ ਨੁਕਸਾਨ ਹੋ ਗਿਆ ਜਾਂ ਫੇਰ ਕੋਈ ਮਹਾਂਮਾਰੀ ਫੈਲ ਗਈ ਤੇ ਮਾਲ ਡੰਗਰ ਦਾ ਵੀ ਨੁਕਸਾਨ ਹੋ ਗਿਆ। ਉਸ ਸਮੇਂ ਮਾਲੀਆ ਮਾਫ਼ ਕਰਨਾ ਪੈਂਦਾ ਸੀ। ਮਾਲੀਏ ਦੀ ਰਕਮ ਦਾ ਤੈਅ ਕਰਨਾ ਕੁਦਰਤ ਅਤੇ ਜ਼ਮੀਨ ਦੀ ਕਿਸਮ 'ਤੇ ਨਿਰਭਰ ਕਰਦਾ ਸੀ। ਦੋ ਰੁਪਏ ਵਿਘਾ ਵਧੀਆ ਜ਼ਮੀਨ ਦਾ ਲਿਆ ਜਾਂਦਾ ਸੀ। ਡੇਢ ਰੁਪੀਆ ਘੱਟ ਉਪਜਾਊ ਜ਼ਮੀਨ ਦਾ ਲਿਆ ਜਾਂਦਾ ਸੀ ਤੇ ਇੱਕ ਰੁਪਈਆ ਅੱਧ-ਰੇਤਲੀ ਜ਼ਮੀਨ ਦਾ ਅਤੇ ਪੰਜਾਹ ਪੈਸੇ ਤਿੰਨ-ਚੌਥਾਈ ਰੇਤਲੀ ਜ਼ਮੀਨ ਦਾ ਲਿਆ ਜਾਂਦਾ ਸੀ।

ਮਾਲੀਆ ਇਕੱਠਾ ਕਰਨ ਦਾ ਢੰਗ ਵੱਖ-ਵੱਖ ਸਰਦਾਰਾਂ ਦਾ ਵੱਖਰਾ-ਵੱਖਰਾ ਸੀ। ਜਿਹੜਾ ਕਾਰਦਾਰ ਸੀ, ਉਹ ਦਾਣਿਆਂ ਦੀ ਪੈਦਾਵਾਰ ਦਾ ਮੁਲਾਂਕਣ ਦੇ ਆਧਾਰ 'ਤੇ ਹਿਸਾਬ ਰੱਖਦਾ ਸੀ। ਕੁੱਲ ਉੱਪਜ ਦਾ ਚੌਥਾ ਹਿੱਸਾ ਮਸੂਲ ਵਸੂਲ ਕੀਤਾ ਜਾਂਦਾ

ਸੀ। ਇਸ ਨੂੰ ਵਟਾਈ ਕਿਹਾ ਜਾਂਦਾ ਸੀ। ਉਪਜ ਦਾ ਅੱਧਾ ਜਾਂ ਚੌਥਾ ਹਿੱਸਾ ਸਰਦਾਰ ਲੈ ਲੈਂਦੇ ਸਨ। ਇੱਕ ਹੋਰ ਤਰੀਕਾ ਸੀ, ਜਿਸ ਨੂੰ ਕੰਨ-ਕੁੱਟ ਕਹਿੰਦੇ ਸਨ। ਇਸ ਵਿੱਚ ਫ਼ਸਲ ਦੀ ਪੈਦਾਵਾਰ ਦੀ ਕਾਰਦਾਰ ਪ੍ਰਤੀ ਵਿਘੇ ਦੇ ਹਿਸਾਬ ਨਾਲ ਗਣਨਾ ਕਰਦਾ ਸੀ। ਪ੍ਰਤੀ ਵਿਘੇ ਅਨੁਸਾਰ ਜਿੰਨੀ ਦਾਣਿਆਂ ਦੀ ਮਾਤਰਾ ਹੁੰਦੀ ਸੀ, ਹਰ ਇੱਕ ਬੰਦੇ ਦੇ ਖਾਤੇ ਵਿੱਚ ਲਿਖੀ ਜਾਂਦੀ ਸੀ, ਪੇਂਡੂ ਕਾਮਿਆਂ ਨੂੰ ਫ਼ਸਲ ਦਾ ਦਸਵਾਂ ਹਿੱਸਾ ਦਿੱਤਾ ਜਾਂਦਾ ਸੀ। ਬਾਕੀ ਦਾ ਕਿਸਾਨ ਤੇ ਸਰਦਾਰ ਦੇ ਵਿੱਚ ਨਿਸ਼ਚਿਤ ਹਿੱਸੇ ਵਿੱਚ ਵੰਡਿਆ ਜਾਂਦਾ ਸੀ। ਫਿਰ ਫ਼ਸਲ ਦਾ ਰੇਟ (ਭਾਅ) ਤੈਅ ਕੀਤਾ ਜਾਂਦਾ ਸੀ ਤੇ ਉਸ ਦਾ ਮੁਲਾਂਕਣ ਕੀਤਾ ਜਾਂਦਾ ਸੀ। ਉਸ ਤੋਂ ਬਾਅਦ ਪਿੰਡ ਦੇ ਮਹਾਜਨ ਨੂੰ ਸੱਦਿਆ ਜਾਂਦਾ ਤੇ ਕੁਝ ਹਿੱਸਾ ਕਾਰਦਾਰ ਨੂੰ ਦਿੱਤਾ ਜਾਂਦਾ ਸੀ। ਕਾਰਦਾਰ ਕਿਸਾਨ ਦੀ ਫ਼ਸਲ ਇਕੱਠੀ ਕਰਨ ਵਿੱਚ ਮਦਦ ਕਰਦਾ ਸੀ। ਆਮ ਤੌਰ 'ਤੇ ਇੱਕ ਸ਼ਖ਼ਸ ਨੂੰ ਜੋ ਹਿੱਸਾ ਮਿਲਦਾ ਸੀ, ਉਹ 1/3 ਹਿੱਸੇ ਦਾਣੇ ਤੇ 1/4 ਹਿੱਸਾ ਤੂੜੀ (ਭੂਸਾ) (Busa) ਦਾ ਹੁੰਦਾ ਸੀ। ਸਿੱਖ ਮਿਸਲਾਂ ਦੀ ਟੈਕਸ ਵਿਵਸਥਾ ਬਹੁਤ ਵਧੀਆ ਤੇ ਸਫ਼ਲਤਾ ਪੂਰਵਕ ਚਲਦੀ ਸੀ। ਇਸ ਨਾਲ ਫ਼ਸਲ ਦੀ ਉਪਜ ਵਿੱਚ ਵਾਧਾ ਹੁੰਦਾ ਸੀ। ਸਿੱਖ ਮਿਸਲਾਂ ਦੇ ਰਾਜ ਤੋਂ ਪਹਿਲਾਂ ਜੋ ਥਾਂ ਖੇਤੀ ਯੋਗ ਨਹੀਂ ਸੀ, ਉਸ ਨੂੰ ਚਰਾਗਾਹ ਕਿਹਾ ਜਾਂਦਾ ਸੀ। ਸਿੱਖ ਰਾਜ ਸਮੇਂ ਚਰਾਗਾਹਾਂ ਨੂੰ ਵੀ ਉਪਜਾਊ ਜ਼ਮੀਨ ਬਣਾ ਦਿੱਤਾ। ਜਿਸ ਨਾਲ ਫ਼ਸਲ ਵਿੱਚ ਵਾਧਾ ਹੋਇਆ। ਫ਼ਸਲ ਵਿੱਚ ਵਾਧੇ ਨਾਲ ਮਾਲੀਏ ਵਿੱਚ ਵੀ ਵਾਧਾ ਹੋਇਆ। ਆਮ ਤੌਰ 'ਤੇ ਕਰ (ਟੈਕਸ) ਪੈਸਾ ਵਿੱਚ ਨਹੀਂ ਸੀ ਵਸੂਲਿਆ ਜਾਂਦਾ, ਫ਼ਸਲ ਦੇ ਰੂਪ ਵਿੱਚ ਹੀ ਲਿਆ ਜਾਂਦਾ ਸੀ। ਲੋਕਾਂ ਨੂੰ ਇਸ ਮਾਲੀਆ ਵਿਵਸਥਾ ਦਾ ਬਹੁਤ ਫ਼ਾਇਦਾ ਸੀ। ਸਿੱਖ ਮਿਸਲਾਂ ਦੀ ਵਿਤੀ ਆਮਦਨ ਘਟਦੀ ਵਧਦੀ ਰਹਿੰਦੀ ਸੀ। ਇਹ ਜ਼ਿਆਦਾਤਰ ਕੁਦਰਤ 'ਤੇ ਨਿਰਭਰ ਕਰਦੀ ਸੀ। ਸਿੱਖ ਸਰਦਾਰ ਫ਼ਸਲਾਂ 'ਤੇ ਨਿਗਰਾਨ ਵੀ ਲਾਉਂਦਾ ਸੀ, ਤਾਂ ਜੁ ਕੋਈ ਹੇਰਾ-ਫੇਰੀ ਨਾ ਕਰੇ। ਕਈ ਵਾਰ ਸਰਦਾਰ ਵੀ ਧੱਕੇਸ਼ਾਹੀ ਕਰ ਜਾਂਦੇ ਸਨ। ਜ਼ਿਆਦਾ ਫ਼ਸਲ ਚੁੱਕ ਲੈਂਦੇ ਸਨ। ਨਾਲ-ਨਾਲ ਸਿੱਖ ਸਰਦਾਰ ਡਰਦੇ ਵੀ ਰਹਿੰਦੇ ਸਨ ਕਿ ਕਿਤੇ ਕਿਸਾਨ ਲੋਕ ਬਗ਼ਾਵਤ ਕਰ ਕੇ ਦੂਸਰੀ ਮਿਸਲ ਦੇ ਸਰਦਾਰ ਕੋਲ ਨਾ ਚਲੇ ਜਾਣ, ਕਿਉਂਕਿ ਸਿੱਖ ਸਰਦਾਰ ਇੱਕ-ਦੂਜੇ ਦੀਆਂ ਰਿਆਸਤਾਂ ਵਿੱਚ ਕਬਜ਼ੇ ਕਰਨ ਨੂੰ ਤਿਆਰ ਰਹਿੰਦੇ ਸਨ।

ਸਿੱਖ ਮਿਸਲਾਂ ਦੇ ਰਾਜ ਵਿੱਚ ਸਿੰਜਾਈ ਸਿਸਟਮ ਬਹੁਤਾ ਵਿਕਸਿਤ ਨਹੀਂ ਸੀ। ਫ਼ਸਲਾਂ ਜ਼ਿਆਦਾਤਰ ਬਰਸਾਤ 'ਤੇ ਹੀ ਨਿਰਭਰ ਕਰਦੀਆਂ ਸਨ ਜਾਂ ਫੇਰ ਖੂਹਾਂ ਦਾ ਪਾਣੀ ਵਰਤਿਆ ਜਾਂਦਾ ਸੀ। ਦਰਿਆਵਾਂ ਦਾ ਪਾਣੀ ਦਰਿਆ ਦੇ ਨਾਲ ਲਗਦੀਆਂ ਫ਼ਸਲਾਂ ਲਈ ਲਾਹੇਵੰਦ ਹੁੰਦਾ ਸੀ। ਖੂਹ ਹੀ ਇੱਕ ਲਾਹੇਵੰਦ ਤਰੀਕਾ ਸੀ। ਚਾਰ ਬਲ਼ਦ ਤੇ ਦੋ ਬੰਦੇ ਖੇਤ ਨੂੰ ਸਿੰਜਣ ਲਈ ਲਗਦੇ ਸਨ। ਇੱਕ ਖੂਹ ਵਿੱਚੋਂ ਬਲ਼ਦਾਂ ਰਾਹੀਂ ਪਾਣੀ ਕੱਢਦਾ ਸੀ ਤੇ ਦੂਸਰਾ ਨੱਕੇ ਮੋੜਦਾ ਸੀ। ਤਾਲਾਬਾਂ ਤੇ ਟੋਬਿਆਂ ਵਿੱਚ ਬਰਸਾਤਾਂ ਦਾ

ਪਾਣੀ ਇਕੱਠਾ ਕਰ ਕੇ ਵੀ ਸਿੰਜਾਈ ਲਈ ਵਰਤਿਆ ਜਾਂਦਾ ਸੀ। ਜੋ ਨਦੀਆਂ ਦਾ ਪਾਣੀ ਵਰਤਦੇ ਸਨ, ਉਹਨਾਂ ਤੋਂ ਅੱਠ ਆਨੇ ਪ੍ਰਤੀ ਏਕੜ ਦੇ ਹਿਸਾਬ ਨਾਲ ਲਏ ਜਾਂਦੇ ਸਨ। ਆਮ ਤੌਰ 'ਤੇ ਪਾਣੀ ਦਾ ਕੋਈ ਮੁੱਲ ਨਹੀਂ ਲਿਆ ਜਾਂਦਾ ਸੀ। ਕਈ ਸਰਦਾਰ ਨਹੀ ਵੀ ਸਨ ਲੈਂਦੇ। ਸ਼ਾਹੀ ਨਹਿਰ ਹੰਸਲੀ ਵੀ ਰਾਵੀ ਵਿੱਚੋਂ ਕੱਢੀ ਗਈ ਸੀ। ਹੰਸਲੀ ਦੀਨਾ ਨਗਰ, ਮਜੀਠਾ, ਰਾਜਾਸਾਂਸੀ ਤੋਂ ਹੁੰਦੀ ਹੋਈ ਸ਼ਾਲੀਮਾਰਬਾਗ ਲਾਹੌਰ ਤਕ 180 ਕਿਲੋਮੀਟਰ ਦਾ ਸਫ਼ਰ ਤਹਿ ਕਰਦੀ ਸੀ। ਲਾਹੌਰ ਸ਼ਾਲੀਮਾਰ ਬਾਗ਼ ਨੂੰ ਇਸੇ ਦਾ ਪਾਣੀ ਲਗਦਾ ਸੀ। ਸਿੰਜਾਈ ਦੀ ਇਸ ਵਿਵਸਥਾ ਨੇ ਪੰਜਾਬ ਦੀ ਖ਼ੁਸ਼ਹਾਲੀ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਤਾਹੀਓਂ ਪੰਜਾਬ ਦੇ ਲੋਕ ਬਿਨਾਂ ਕਿਸੇ ਵਿਰੋਧ ਦੇ ਮਾਲੀਆ ਦੇ ਦਿੰਦੇ ਸਨ। ਜ਼ਮੀਨੀ ਮਾਮਲਾ ਹੀ ਸਿੱਖ ਸਰਦਾਰਾਂ ਦੀ ਆਮਦਨ ਦਾ ਮੁੱਖ ਸਾਧਨ ਸੀ। ਸਿੱਖ ਸਰਦਾਰ ਇਹ ਪੈਸਾ ਲੋਕ ਭਲਾਈ ਵਿੱਚ ਲਗਾਉਂਦੇ ਸਨ। ਚੰਗੀਆਂ ਨੀਤੀਆਂ ਦੇ ਕਾਰਨ ਸਿੱਖਾਂ ਨੇ ਆਪਣੇ ਰਾਜ ਨੂੰ ਪੱਕੇ ਪੈਰੀਂ ਕਰ ਲਿਆ ਸੀ। ਇਸ ਦੇ ਬਾਵਜੂਦ ਸਿੱਖ ਸਰਦਾਰਾਂ ਨੂੰ ਲਗਾਤਾਰ ਯੁੱਧਾਂ ਵਿੱਚ ਸ਼ਾਮਲ ਹੋਣਾ ਪੈਂਦਾ ਸੀ ਤੇ ਨਜ਼ਰਾਨੇ ਵੀ ਭਰਨੇ ਹੁੰਦੇ ਸਨ। ਉਸ ਸਮੇਂ ਦੇ ਹਿਸਾਬ ਨਾਲ ਅਬਾਦੀ ਵੀ ਜ਼ਿਆਦਾ ਸੀ। ਅਨਾਜ ਦੀ ਪੈਦਾਵਾਰ ਵੀ ਵੱਧ ਹੁੰਦੀ ਸੀ। ਪੰਜਾਬ ਵਿੱਚ ਅਨਾਜ ਪੂਰੇ ਭਾਰਤ ਨਾਲੋਂ ਸਸਤਾ ਹੁੰਦਾ ਸੀ। ਪੰਜਾਬ ਨੂੰ ਇਹ ਫ਼ਾਇਦਾ ਸੀ ਕਿ ਉਸ ਨੂੰ ਦਰਿਆਵਾਂ ਦਾ ਪਾਣੀ ਮਿਲ ਜਾਂਦਾ ਸੀ, ਪਰ ਕਈ ਵਾਰ ਹੜ੍ਹ ਵੀ ਸਾਰੀ ਫ਼ਸਲ ਬਰਬਾਦ ਕਰ ਦਿੰਦੇ ਸਨ।

ਸਿੱਖ ਮਿਸਲਾਂ ਦੇ ਸਮੇਂ ਜ਼ਮੀਨੀ ਮੁਨਿਆਦ ਵਿੱਚ ਉਹੀ ਵਿਵਸਥਾ ਨੂੰ ਅਪਣਾਈ ਰੱਖਿਆ, ਜੋ ਮੁਗ਼ਲਾਂ ਦੇ ਸਮੇਂ ਸੀ। ਪੁਰਾਣੀ ਵਿਵਸਥਾ 'ਪਟੇ' ਨੂੰ ਕਾਇਮ ਰੱਖਿਆ। ਪੰਜਾਬ ਦੇ ਲੋਕਾਂ ਦੇ ਹੱਕਾਂ ਤੇ ਪ੍ਰਚਲਿਤ ਰਸਮੀ ਤੇ ਨੈਤਿਕ ਕਨੂੰਨ ਤਹਿਤ ਨਿਯਮਤ ਤੇ ਸੁਰੱਖਿਅਤ ਕੀਤਾ। ਰਾਜਨੀਤਿਕ ਤੇ ਪ੍ਰਸ਼ਾਸਨਿਕ ਹੱਕ ਬੜੇ ਪਰਿਭਾਸ਼ਿਤ ਸਨ ਤੇ ਚੰਗੀ ਤਰ੍ਹਾਂ ਤਿਆਰ ਕੀਤੀਆਂ ਗਈਆਂ ਰਵਾਇਤਾਂ ਅਨੁਸਾਰ ਸਨ ਤੇ ਉਹਨਾਂ ਵਿੱਚ ਸੁਧਾਰ ਜਾਂ ਤਬਦੀਲੀ ਦੀ ਬਹੁਤ ਘੱਟ ਗੁੰਜਾਇਸ਼ ਸੀ। ਜੇਕਰ ਨਵੇਂ ਖੇਤ ਜਾਂ ਰਿਹਾਇਸ਼ੀ ਇਲਾਕੇ ਨੂੰ ਵਰਤਿਆ ਜਾਂਦਾ ਸੀ, ਤਾਂ ਕਾਸ਼ਤਕਾਰ ਜਾਂ ਮਾਲਕ ਜਾਂ ਇਹਨਾਂ ਨੂੰ ਵਰਤਣ ਵਾਲਿਆਂ ਨੂੰ ਹੱਕ ਪ੍ਰਦਾਨ ਕੀਤੇ ਜਾਂਦੇ ਸਨ। ਪੁਰਾਣੇ ਤੇ ਵਿਰਾਸਤੀ ਮਾਲਕਾਂ ਨਾਲੋਂ ਇੰਨਾ ਫ਼ਰਕ ਸੀ ਕਿ ਉਹਨਾਂ ਨੂੰ ਪਿੰਡਾਂ ਦੇ ਪ੍ਰਬੰਧਕੀ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਅਧਿਕਾਰ ਨਹੀਂ ਸੀ। ਕੁਝ ਸਮੇਂ ਬਾਅਦ ਜਦੋਂ ਉਹ ਮਾਲਕ ਦਾ ਦਰਜਾ ਤੇ ਵਿਰਾਸਤੀ ਮਾਲਕ ਦੀ ਮੁਨਿਆਦ ਪੂਰੀ ਕਰ ਲੈਂਦਾ ਸੀ, ਉਹ ਇਹ ਹੱਕ ਪ੍ਰਾਪਤ ਕਰ ਲੈਂਦਾ ਸੀ। ਸਿੱਖ ਸਰਦਾਰ ਭਾਈਚਾਰੇ ਵਿੱਚ ਘੱਟ ਹੀ ਦਖ਼ਲ ਦਿੰਦੇ ਸਨ। ਕਾਸ਼ਤਕਾਰ, ਜਿਹੜੇ ਕਿਰਾਏਦਾਰ ਹੁੰਦੇ ਸਨ, ਉਹ ਵੀ ਮਾਮਲਾ ਤਾਰਦੇ ਸਨ। ਜਦੋਂ ਤਕ ਕਾਸ਼ਤਕਾਰ ਮਾਮਲਾ ਭਰਦਾ ਰਹਿੰਦਾ ਸੀ ਤੇ ਆਪਣੀ

ਸੰਪਤੀ ਤੋਂ ਵੱਧ ਟੈਕਸ ਦਿੰਦੇ ਰਹਿੰਦੇ ਸੀ, ਤੇ ਉਹ ਆਪਣੀ ਜ਼ਮੀਨ ਨੂੰ ਇਸ ਹਾਲਤ ਵਿੱਚ ਰੱਖਦੇ ਸਨ ਕਿ ਉਹ ਵੱਧ ਤੋਂ ਵੱਧ ਉਪਜ ਦੇਵੇ। ਸਿੱਖ ਸਰਦਾਰ ਇਹਨਾਂ ਮਾਮਲਿਆਂ ਵਿੱਚ ਦਖ਼ਲ-ਅੰਦਾਜ਼ੀ ਨਹੀਂ ਸਨ ਕਰਦੇ ਤੇ ਉਸ ਨੂੰ ਅੰਦਰੂਨੀ ਮਾਮਲਿਆਂ 'ਤੇ ਛੱਡ ਦਿੰਦੇ ਸਨ। ਕਾਰਦਾਰ ਵਿਚੋਲੇ ਦੇ ਰੂਪ ਵਿੱਚ ਹੁੰਦਾ ਸੀ। ਸਿੱਖ ਮਿਸਲਾਂ ਦੇ ਪ੍ਰਬੰਧ ਵਿੱਚ ਪੰਜ ਤਰ੍ਹਾਂ ਦੀ ਕਾਰਜਕਾਰੀ ਵਿਵਸਥਾ ਹੁੰਦੀ ਸੀ।

**ਜਗੀਰਦਾਰੀ** : ਜਾਗੀਰਦਾਰੀ ਦੋ ਸ਼ਬਦਾਂ ਦਾ ਸੁਮੇਲ ਹੈ, ਜੋ ਕਿ ਫ਼ਾਰਸੀ ਸ਼ਬਦ ਹੈ। 'ਜਾ' ਦਾ ਮਤਲਬ ਜਗ੍ਹਾ ਤੇ 'ਗੀਰ' ਦਾ ਮਤਲਬ ਮਾਲਕ। ਇਸ ਤਰ੍ਹਾਂ ਜਗ੍ਹਾ ਦਾ ਮਾਲਕ ਜਾਗੀਰਦਾਰ ਹੁੰਦਾ ਹੈ। ਅਜਿਹੀ ਜ਼ਮੀਨ, ਜੋ ਸਿੱਖ ਸਰਦਾਰ ਆਪਣੇ ਮਾਤਹਿਤ ਅਫ਼ਸਰਾਂ ਨੂੰ ਜਾਂ ਫ਼ੌਜਦਾਰਾਂ ਨੂੰ ਦਿੰਦੇ ਸਨ, ਜਿਹੜੇ ਉਹਨਾਂ ਲਈ ਵਿਸ਼ੇਸ਼ ਸੇਵਾਵਾਂ ਨਿਭਾਉਂਦੇ ਸਨ। ਜਦੋਂ ਜਾਗੀਰ ਵਿੱਚ ਘੋੜ-ਸਵਾਰਾਂ ਦੀ ਵੀ ਸ਼ਮੂਲੀਅਤ ਹੁੰਦੀ ਸੀ, ਤਾਂ ਇਹ ਜਾਗੀਰ ਕੇਵਲ ਉਸ ਦੀਆਂ ਨਿੱਜੀ ਸੇਵਾ ਲਈ ਹੀ ਨਹੀਂ ਹੁੰਦੀ ਸੀ, ਬਲਕਿ ਘੋੜ-ਸਵਾਰਾਂ ਦਾ ਰੱਖ-ਰਖਾਵ ਵੀ ਇਸ ਵਿੱਚ ਸ਼ਾਮਲ ਸੀ। ਘੋੜ ਸਵਾਰਾਂ ਤੇ ਪੈਦਲ ਸਿਪਾਹੀਆਂ ਦੀ ਗਿਣਤੀ ਨਿਰਧਾਰਿਤ ਸੀ। ਲਾਹੌਰ ਰਾਜ ਦੇ ਮਾਲੀਏ/ਟੈਕਸ ਦਾ ਇੱਕ-ਤਿਹਾਈ ਜਾਂ ਅੱਧਾ ਹਿੱਸਾ ਜਾਗੀਰ ਦੇ ਰੂਪ ਵਿੱਚ ਅਤੇ ਦਾਨ ਦੇ ਰੂਪ ਵਿੱਚ ਦਿੱਤਾ ਜਾਂਦਾ ਸੀ। ਜਾਗੀਰਦਾਰ ਨੂੰ ਹੱਕ ਸੀ ਕਿ ਉਹ ਨਕਦੀ ਦੇ ਰੂਪ ਵਿੱਚ ਵੀ ਮਾਲੀਆ ਲੈ ਸਕਦਾ ਸੀ। ਉਸ ਨੂੰ ਮਾਲੀਆ ਇਕੱਠਾ ਕਰਨ ਲਈ ਆਪਣੇ ਇੰਤਜ਼ਾਮ ਕਰਨੇ ਪੈਂਦੇ ਸਨ। ਪੰਜਾਬ ਵਿੱਚ ਪੇਂਡੂ ਭਾਈਚਾਰਾ ਬਹੁਤ ਮਜ਼ਬੂਤ ਸੀ। ਉਹ ਆਪਣੇ ਸ਼ਾਸਕਾਂ ਦੀ ਦਖ਼ਲ-ਅੰਦਾਜ਼ੀ ਪਸੰਦ ਨਹੀਂ ਸਨ ਕਰਦੇ। ਵਿੱਤੀ ਹਾਲਤਾਂ ਮੁਤਾਬਕ ਮਾਲੀਆ ਤੈਅ ਕੀਤਾ ਹੋਇਆ ਸੀ। ਇਹ ਮਈ ਅਤੇ ਅਕਤੂਬਰ ਵਿੱਚ ਹਰ ਫ਼ਸਲ ਦੀ ਕਟਾਈ ਤੋਂ ਬਾਅਦ ਇਕੱਠਾ ਕਰ ਕੇ ਜਾਗੀਰਦਾਰ ਨੂੰ ਦਿੱਤਾ ਜਾਂਦਾ ਸੀ। ਸਰਦਾਰ ਇਸ ਗੱਲ ਦਾ ਧਿਆਨ ਰੱਖਦੇ ਸਨ ਕਿ ਜਾਗੀਰਦਾਰ ਕਿਸਾਨਾਂ (ਕਾਸ਼ਤਕਾਰਾਂ) ਨਾਲ ਸਖ਼ਤੀ ਨਾਲ ਜਾਂ ਨਿਰਾਦਰੀ ਨਾਲ ਪੇਸ਼ ਨਾ ਆਉਣ। ਸਿੱਖ ਤਾਂ ਸਿੱਧੇ ਰੂਪ ਵਿੱਚ ਪਿੰਡ ਵਾਲਿਆਂ ਨਾਲ ਨਜਿੱਠਦੇ ਸਨ। ਇਸ ਤਰ੍ਹਾਂ ਕਬਾਇਲੀ ਸਰਦਾਰਾਂ 'ਤੇ ਹੋਰ ਸ਼ਕਤੀਸ਼ਾਲੀ ਜਾਗੀਰਦਾਰਾਂ ਦੀ ਨਿਰਪੱਖਤਾ ਦਾ ਪਤਾ ਚੱਲ ਜਾਂਦਾ ਸੀ। ਉੱਤਰੀ ਪੱਛਮੀ ਫਰੰਟੀਅਰ ਦੇ ਝਗੜਾਲੂ ਕਬੀਲੇ; ਜਿਵੇਂ ਗਾਖੜ ਸਰਕਾਰੀ ਬਕਾਇਆ ਜਾਂ ਰਕਮ ਨਹੀਂ ਦਿੰਦੇ ਸਨ। ਇਸ 'ਤੇ ਸਿੱਖ ਸਰਦਾਰ ਉਹਨਾਂ ਬਾਗ਼ੀ ਲੋਕਾਂ ਨੂੰ ਬੇਦਖ਼ਲ ਕਰ ਦਿੰਦੇ ਸਨ ਅਤੇ ਉਨ੍ਹਾਂ ਦੀ ਥਾਂ ਨਵੇਂ ਬੰਦਿਆਂ ਨੂੰ ਲੈ ਲੈਂਦੇ ਸਨ ਤੇ ਇਹ ਨਿਸ਼ਚਿਤ ਕਰਦੇ ਸਨ ਕਿ ਭੁਗਤਾਨ ਨਿਯਮਤ ਰੂਪ ਵਿੱਚ ਹੁੰਦਾ ਰਹੇ। ਇਹੋ ਜਿਹੀਆਂ ਕਾਰਵਾਈਆਂ ਨਾਲ ਕੁਦਰਤੀ ਤੌਰ 'ਤੇ ਪੇਂਡੂ ਪਟੇਦਾਰਾਂ ਅਤੇ ਮਾਲਕੀ ਜਮਾਤ ਵਿੱਚ ਬਦਲਾਅ ਲਿਆਉਂਦੇ ਰਹਿੰਦੇ ਸਨ।

**ਪੱਟੀਦਾਰੀ** : ਸਿੱਖ ਮਿਸਲਾਂ ਦੇ ਸਮੇਂ ਦੂਸਰੇ ਤਰ੍ਹਾਂ ਦੀ ਵਿਵਸਥਾ ਪੱਟੀਦਾਰੀ ਸੀ। ਪੱਟੀਦਾਰੀ ਇੱਕ ਅਜਿਹੀ ਵਿਵਸਥਾ ਸੀ, ਜਿਹੜੇ ਮਿਸਲਾਂ ਦੇ ਸਰਦਾਰਾਂ ਦੇ ਸਹਿਯੋਗੀ

ਸਨ। ਸਰਦਾਰਾਂ ਨਾਲੋਂ ਹੇਠਲੇ ਦਰਜੇ ਦੇ ਹਰੇਕ ਮੈਂਬਰ, ਭਾਵੇਂ ਉਹ ਇੱਕ ਘੋੜਾ-ਸਵਾਰ ਹੀ ਹੋਵੇ, ਸਭ ਦੀ ਮਿਸਲ ਦੀ ਜ਼ਮੀਨ ਵਿੱਚ ਹਿੱਸੇਦਾਰੀ ਸੀ। ਉਦਾਹਰਨ ਦੇ ਤੌਰ 'ਤੇ ਜੇਕਰ ਇੱਕ ਪੱਟੀਦਾਰ ਦੇ ਇੱਕ ਪਤਨੀ ਤੋਂ ਦੋ ਪੁੱਤਰ ਸਨ ਅਤੇ ਦੂਸਰੀ ਪਤਨੀ ਤੋਂ ਤਿੰਨ ਪੁੱਤਰ ਤਾਂ ਉਹਨਾਂ ਨੂੰ ਜ਼ਮੀਨ ਕਾਨੂੰਨ ਦੇ ਅੰਤਰਗਤ ਵੰਡੀ ਜਾਂਦੀ ਸੀ। ਵਿਰਾਸਤ 'ਚੁੰਦਾਬੰਤ' (Chundabant) ਦੇ ਮੁਤਾਬਕ ਅੱਧਾ ਹਿੱਸਾ ਉਸ ਦੀ ਪਹਿਲੀ ਪਤਨੀ ਦੇ ਦੋ ਪੁੱਤਰਾਂ ਨੂੰ ਦਿੱਤਾ ਜਾਏਗਾ ਤੇ ਬਾਕੀ ਦਾ ਅੱਧਾ ਹਿੱਸਾ ਦੂਜੀ ਪਤਨੀ ਦੇ ਤਿੰਨ ਪੁੱਤਰਾਂ ਨੂੰ ਦਿੱਤਾ ਜਾਏਗਾ ਪਿੰਡ ਦੇ ਹਰੇਕ ਹਿੱਸੇ ਦੀ ਅੱਗੋਂ ਆਮ ਕਾਨੂੰਨ ਤਹਿਤ ਉਪ-ਵੰਡ ਹੁੰਦੀ ਸੀ। ਹਰੇਕ ਉਪ-ਮੰਡਲ ਨੂੰ ਪੱਟੀ ਕਿਹਾ ਜਾਂਦਾ ਸੀ ਤੇ ਇਸ ਵਿਵਸਥਾ ਨੂੰ ਪੱਟੀਦਾਰੀ ਵਿਵਸਥਾ ਕਿਹਾ ਜਾਂਦਾ ਸੀ। ਸੋ, ਪੱਟੀਦਾਰੀ ਵਿਵਸਥਾ ਵਿੱਚ ਜੱਦੀ ਜਾਂ ਵਿਰਾਸਤੀ ਜਾਇਦਾਦ ਦੀ ਵੰਡ ਤਹਿਤ ਅੰਸ਼ਿਕ ਭਾਗ ਦੀ ਕਨੂੰਨੀ ਵੰਡ ਆਉਂਦੀ ਸੀ। ਵਿਰਾਸਤੀ ਹੱਕ ਤਹਿਤ ਹਰੇਕ ਦਾ ਹਿੱਸਾ ਨਿਰਧਾਰਿਤ ਕੀਤਾ ਜਾਂਦਾ ਸੀ ਤੇ ਕਦੀ-ਕਦਾਈਂ ਉਸ ਦੇ ਵਿੱਚ ਸੋਧ ਵੀ ਕੀਤੀ ਗਈ ਸੀ। ਕਈ ਵਾਰ ਇਸ ਤਰ੍ਹਾਂ ਹੁੰਦਾ ਸੀ ਕਿ ਇੱਕੋ ਪੂਰਵਜ ਦੇ ਬੱਚਿਆਂ ਵਿੱਚੋਂ ਇੱਕ ਸਿੱਖ ਬਣ ਜਾਂਦਾ ਸੀ, ਦੂਜਾ ਮੁਸਲਮਾਨ ਬਣ ਜਾਂਦਾ ਸੀ ਤੇ ਤੀਜਾ ਹਿੰਦੂ ਰਹਿੰਦਾ ਸੀ ਤਾਂ ਇਹੋ ਜਿਹੇ ਮਾਮਲੇ ਵਿੱਚ ਪਿੰਡ ਦਾ ਇੱਕ ਹਿੱਸਾ ਹਿੰਦੂ ਨਾਲ ਸੰਬੰਧਿਤ ਹੁੰਦਾ ਸੀ, ਦੂਜਾ ਹਿੱਸਾ ਸਿੱਖਾਂ ਨਾਲ ਤੇ ਤੀਜਾ ਮੁਸਲਮਾਨਾਂ ਨਾਲ, ਪਰ ਉਹਨਾਂ ਦੇ ਹਿੱਸੇ ਦੇ ਇਲਾਕੇ ਦਾ ਨਿਯੰਤਰਣ ਉਹਨਾਂ ਦੇ ਧਰਮ ਦੇ ਕਾਨੂੰਨ ਤਹਿਤ ਹੁੰਦਾ ਸੀ। ਪੱਟੀਦਾਰ ਆਪਣੀ ਜ਼ਮੀਨ ਨੂੰ ਵੇਚ ਨਹੀਂ ਸਕਦਾ ਸੀ, ਪਰ ਉਸ ਨੂੰ ਗਹਿਣੇ ਰੱਖਿਆ ਜਾ ਸਕਦਾ ਸੀ, ਉਸ ਜ਼ਮੀਨ ਨੂੰ ਖ਼ਰੀਦ ਨਹੀਂ ਸਕਦਾ ਸੀ। ਜੇਕਰ ਕੋਈ ਬਾਹਰੀ ਵਿਅਕਤੀ ਜ਼ਮੀਨ ਖਰੀਦਦਾ ਸੀ ਤੇ ਪੱਟੀਦਾਰ ਜਾਂ ਉਸ ਦਾ ਕੋਈ ਨੇੜਲਾ ਰਿਸ਼ਤੇਦਾਰ ਉਸ ਦੇ ਖ਼ਿਲਾਫ਼ ਅਪੀਲ ਕਰਦਾ ਸੀ ਤਾਂ ਉਹ ਸੌਦਾ ਉਸੇ ਵੇਲੇ ਰੱਦ ਕਰ ਦਿੱਤਾ ਜਾਂਦਾ ਸੀ।

**ਮਿਸਲਦਾਰੀ** : ਮਿਸਲਦਾਰੀ ਵਿਵਸਥਾ ਵਿੱਚ ਮਿਸਲ ਦੇ ਸਰਦਾਰ ਆਪਣੇ ਸਹਿਯੋਗੀਆਂ ਨੂੰ ਲੁੱਟ ਦਾ ਹਿੱਸਾ ਦਿੰਦੇ ਸਨ ਅਤੇ ਜ਼ਮੀਨ ਵੰਡਦੇ ਸਨ। ਇਸ ਤਰ੍ਹਾਂ ਮਿਸਲ ਦੇ ਹਰੇਕ ਮੈਂਬਰ ਨੂੰ ਕੁਝ ਜ਼ਮੀਨ ਦਾ ਪਟਾ ਲਿਖਿਆ ਜਾਂਦਾ ਸੀ। ਜ਼ਮੀਨ ਦਾ ਕੁਝ ਹਿੱਸਾ ਬਾਹਰੀ ਬੰਦਿਆਂ ਨੂੰ ਉਹਨਾਂ ਦੀ ਸੇਵਾ ਦੇ ਇਵਜ਼ ਵਜੋਂ ਦਿੱਤਾ ਜਾਂਦਾ ਸੀ, ਜੋ ਹੋਣਹਾਰ, ਕਾਬਲ ਸਨ ਅਤੇ ਉਹਨਾਂ ਦੀ ਕਾਰਗੁਜ਼ਾਰੀ ਸ਼ਾਨਦਾਰ ਹੁੰਦੀ ਸੀ। ਉਹ ਆਪਣੀ ਜ਼ਮੀਨ ਮਿਸਲ ਦੇ ਅੰਦਰਲੇ ਹੀ ਕਿਸੇ ਬੰਦੇ ਦੇ ਨਾਂ ਕਰਵਾ ਸਕਦੇ ਸਨ ਅਤੇ ਦੂਸਰੀ ਮਿਸਲ ਵਿੱਚ ਨਹੀਂ ਦੇ ਸਕਦੇ ਸਨ, ਕਿਉਂਕਿ ਇਸ ਨੂੰ ਗ਼ਲਤ ਦਾਵਾ ਮੰਨਿਆ ਜਾਂਦਾ ਸੀ।

**ਮਾਫ਼ੀ ਜਾਂ ਇਨਾਮ** : ਸਿੱਖ ਸਰਦਾਰ ਆਪਣੇ ਕਬਜ਼ੇ ਅਧੀਨ ਛੋਟੀਆਂ ਜ਼ਮੀਨਾਂ ਨੂੰ ਨੇਕ, ਧਰਮੀ ਜਾਂ ਭਲੇ ਪੁਰਖਾਂ ਨੂੰ, ਗੁਰਦੁਆਰਿਆਂ ਨੂੰ, ਮੰਦਰਾਂ ਨੂੰ, ਮਸਜਿਦਾਂ, ਸਕੂਲਾਂ, ਤਾਲਾਬ ਜਾਂ ਪੁਲ ਬਣਾਉਣ ਲਈ ਦਾਨ ਵਜੋਂ ਦੇ ਦਿੰਦੇ ਸਨ, ਜਿਨ੍ਹਾਂ 'ਤੇ

ਕੋਈ ਮਸੂਲ ਜਾਂ ਟੈਕਸ ਨਹੀਂ ਸੀ ਲੱਗਦਾ। ਇਹਨਾਂ ਨੂੰ ਮਾਫ਼ੀ ਜਾਂ ਇਨਾਮ ਕਿਹਾ ਜਾਂਦਾ ਸੀ। ਇਹ ਜ਼ਮੀਨ ਕਨੂੰਨੀ ਤੌਰ 'ਤੇ ਜਾਂ ਪੱਕੇ ਰੂਪ ਵਿੱਚ ਦਿੱਤੀ ਜਾਂਦੀ ਸੀ ਅਤੇ ਵਿਰਾਸਤੀ ਬਣ ਜਾਂਦੀ ਸੀ।

**ਤਾਬੇਦਾਰੀ** : ਪਿੰਡ ਵਿੱਚ ਵਿਰਾਸਤੀ ਗ਼ੈਰ-ਮਲਕੀਅਤ ਵਾਲੇ ਨਿਵਾਸੀ ਤਾਬੇਦਾਰੀ ਪਟੇ ਅਧੀਨ ਆਉਂਦੇ ਸਨ। ਇਸ ਦੇ ਅੰਤਰਗਤ ਆਉਣ ਵਾਲੇ ਕਾਸ਼ਤਕਾਰਾਂ ਨੂੰ ਮੌਰੂਸੀ ਮੁਜ਼ਾਰ (Maurusi muzar) ਕਿਹਾ ਜਾਂਦਾ ਸੀ। ਕਿਉਂਕਿ ਉਹ ਜ਼ਮੀਨ ਦੇ ਮਾਲਕ ਨਹੀਂ ਸਨ, ਪਰ ਇਹਨਾਂ ਨੂੰ ਜ਼ਮੀਨ ਸੰਬੰਧੀ ਕਾਨੂੰਨ ਦੇ ਤਹਿਤ ਬਾਹਰ ਵੀ ਨਹੀਂ ਰੱਖਿਆ ਜਾ ਸਕਦਾ ਸੀ। ਗ਼ੈਰ-ਕਾਸ਼ਤਕਾਰਾਂ ਨੂੰ ਰਿਹਾਇਸ਼ੀ ਜ਼ਮੀਨ ਤੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਸੀ, ਭਾਵੇਂ ਕਿ ਉਹਨਾਂ ਕੋਲ ਮਾਲਕਾਨਾ ਹੱਕ ਨਹੀਂ ਸਨ। ਉਹ ਇਸ ਜ਼ਮੀਨ ਨੂੰ ਵੇਚ ਨਹੀਂ ਸਨ ਸਕਦੇ, ਪਰ ਗਿਰਵੀ ਰੱਖ ਸਕਦੇ ਸਨ।

**ਮਿਲਟਰੀ ਪ੍ਰਸ਼ਾਸਨ** : ਮਿਸਲਾਂ ਦੇ ਮਿਲਟਰੀ (ਫ਼ੌਜੀ) ਪ੍ਰਸ਼ਾਸਨ ਦੀ ਤੁਲਨਾ ਉਹਨਾਂ ਦੇ ਸਮਕਾਲੀ ਮੁਗ਼ਲਾਂ, ਮਰਾਠਿਆਂ ਅਤੇ ਅਫ਼ਗਾਨਾਂ ਦੇ ਮਿਲਦੇ ਪ੍ਰਸ਼ਾਸਨ ਨਾਲ ਸਹਿਜੇ ਹੀ ਕੀਤੀ ਜਾ ਸਕਦੀ ਹੈ। ਕੁਝ ਪਹਿਲੂਆਂ ਵਿੱਚ ਉਹਨਾਂ ਸਮਕਾਲੀ ਪ੍ਰਸ਼ਾਸਕਾਂ ਨਾਲੋਂ ਸੁਧਾਰ ਸੀ। ਸਿੱਖ ਮਿਸਲਾਂ ਵਿੱਚ ਭਰਤੀ ਪ੍ਰਣਾਲੀ ਹੋਰਾਂ ਨਾਲੋਂ ਵੱਖਰੀ ਸੀ। ਇਸ ਵਿੱਚ ਕੇਵਲ ਸਿੱਖਾਂ ਨੂੰ ਹੀ ਭਰਤੀ ਕੀਤਾ ਜਾਂਦਾ ਸੀ ਅਤੇ ਹੋਰ ਕਿਸੇ ਜਾਤ ਜਾਂ ਧਰਮ ਦੇ ਲੋਕਾਂ ਬਾਰੇ ਵਿਚਾਰ ਵੀ ਨਹੀਂ ਕੀਤੀ ਜਾਂਦੀ ਸੀ। ਭਰਤੀ ਤੋਂ ਪਹਿਲਾਂ ਉਹਨਾਂ ਨੂੰ ਖੰਡੇ ਦੀ ਪਹੁਲ ਲੈਣੀ ਪੈਂਦੀ ਸੀ ਤੇ ਕੇਸਾਧਾਰੀ ਹੋਣਾ ਪੈਂਦਾ ਸੀ। ਨਵੇਂ ਭਰਤੀ ਹੋਣ ਵਾਲੇ ਕਿਸੇ ਵੀ ਮਿਸਲ ਵਿੱਚ ਜਾ ਸਕਦੇ ਸਨ ਅਤੇ ਉਹਨਾਂ ਨੂੰ ਇਹ ਅਜ਼ਾਦੀ ਸੀ ਕਿ ਉਹ ਆਪਣੀਆਂ ਸੇਵਾਵਾਂ ਕਿਸੇ ਹੋਰ ਮਿਸਲ ਵਿੱਚ ਤਬਦੀਲ ਕਰ ਸਕਦੇ ਸਨ। ਸਿਪਾਹੀਆਂ ਦੇ ਨਾਵਾਂ, ਤਨਖ਼ਾਹ ਦੇ ਭੁਗਤਾਨ, ਤਰੱਕੀ, ਛੁੱਟੀਆਂ ਅਤੇ ਸੇਵਾ ਕਾਲ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾਂਦਾ ਸੀ। ਉਹਨਾਂ ਸਿਪਾਹੀਆਂ ਨੂੰ ਸਿਖਲਾਈ, ਮਸ਼ਕ, ਅਨੁਸ਼ਾਸਨ, ਪੈਦਲ ਜਾਂ ਕੂਚ ਕਰਨਾ, ਅਪਰਾਧ ਅਤੇ ਰੱਖਿਆ ਦੇ ਤਰੀਕੇ ਸਿਖਾਉਣ ਦੀ ਕੋਈ ਸਹੂਲਤ ਨਹੀਂ ਸੀ। ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਨਿਯਮਤ ਮਸ਼ਕਾਂ ਦੀ ਪ੍ਰਣਾਲੀ ਨੂੰ ਲਾਗੂ ਕੀਤਾ। ਮਿਲਟਰੀ ਪ੍ਰਣਾਲੀ ਦੀ ਕਮੀ ਧਾਰਮਿਕ ਨਿਸ਼ਾਨੇ, ਖ਼ਾਲਸੇ ਪ੍ਰਤੀ ਇੱਕ ਮਨ ਸ਼ਰਧਾ ਅਤੇ ਸਵੈਮਾਨ ਦੀ ਭਾਵਨਾ ਦੀ ਤੀਬਰ ਇੱਛਾ ਰਾਹੀਂ ਪੂਰੀ ਕੀਤੀ ਜਾਂਦੀ ਸੀ। ਸਿਪਾਹੀਆਂ ਨੂੰ ਰੈਜੀਮੈਂਟਾਂ ਜਾਂ ਬਟਾਲੀਅਨਾਂ ਵਿੱਚ ਜਥੇਬੰਦ ਨਹੀਂ ਕੀਤਾ ਜਾਂਦਾ ਸੀ। ਜਦੋਂ ਕੋਈ ਰਾਸ਼ਟਰੀ ਖ਼ਤਰਾ ਪੈਦਾ ਹੁੰਦਾ ਸੀ ਤਾਂ ਅਲੱਗ-ਅਲੱਗ ਦਲਾਂ ਦੇ ਮੁਖੀ ਭਾਵੇਂ ਉਹ ਛੋਟੇ ਦਲ ਸਨ ਜਾਂ ਵੱਡੇ, ਮਿਸਲ ਦੀ ਫ਼ੌਜ ਨਾਲ ਜਾ ਰਲਦੇ ਸਨ। ਅਫ਼ਸਰਾਂ ਦੀ ਹੁਕਮ-ਅਦੂਲੀ ਦੀ ਸਜ਼ਾ ਜੰਗੀ ਸਭਾ ਦੇ ਪੰਜ ਮੈਂਬਰਾਂ ਵੱਲੋਂ ਦਿੱਤੀ ਜਾਂਦੀ ਸੀ, ਭਾਵੇਂ ਇਹੋ ਜਿਹੇ ਬਹੁਤ ਘੱਟ ਮੌਕੇ ਜਾਂ ਕੇਸ ਆਏ।

ਘੋੜ-ਸਵਾਰ ਸਿੱਖ ਸਰਦਾਰਾਂ ਦੀ ਫ਼ੌਜ ਦਾ ਮਹੱਤਵਪੂਰਨ ਹਿੱਸਾ ਸਨ। ਜੇਕਰ ਸਿਪਾਹੀ ਬਿਨਾਂ ਘੋੜੇ ਤੋਂ ਵਿਚਰਦਾ ਸੀ ਤਾਂ ਉਹ ਇਸ ਨੂੰ ਆਪਣੀ ਹੱਤਕ ਸਮਝਦਾ ਸੀ। ਹਰੇਕ ਮੁਖੀ ਆਪਣੀ ਆਮਦਨ ਦੇ ਸ੍ਰੋਤਾਂ ਵਿੱਚੋਂ ਆਪਣੇ ਰੱਖਿਅਕਾਂ, ਜਿਨ੍ਹਾਂ ਨੂੰ ਬਾਰਗੀਰ (Bargirs) ਕਿਹਾ ਜਾਂਦਾ ਸੀ, ਦੇ ਘੋੜਿਆਂ ਅਤੇ ਹਥਿਆਰਾਂ ਦੀ ਸੰਭਾਲ (ਦੇਖ-ਰੇਖ) ਕਰਦਾ ਸੀ। ਜਿੱਤੇ ਹੋਏ ਜ਼ਿਲ੍ਹਿਆਂ ਵਿੱਚੋਂ ਜਿਹੜਾ ਪਹਿਲਾ ਢੁਕਵਾਂ ਸਨਮਾਨ ਮਿਲਦਾ ਸੀ, ਉਹ ਘੋੜੇ ਸਨ। ਹਰੇਕ ਸਫ਼ਲ ਮੁਹਿੰਮ ਤੋਂ ਬਾਅਦ ਪੈਦਲ ਸਿਪਾਹੀਆਂ ਨੂੰ ਸੈਨਿਕ ਬਣਾ ਦਿੱਤਾ ਜਾਂਦਾ ਸੀ। ਸਿਪਾਹੀਆਂ ਨੂੰ ਕੋਈ ਤਨਖ਼ਾਹ ਨਹੀਂ ਸੀ ਮਿਲਦੀ। ਉਹਨਾਂ ਨੂੰ ਕੇਵਲ ਲੁੱਟ ਦੇ ਸਮਾਨ ਦਾ ਹਿੱਸਾ ਮਿਲਦਾ ਸੀ। ਜਿੱਤੇ ਹੋਏ ਦੇਸ਼ ਦੇ ਲੁੱਟ ਦੇ ਸਮਾਨ ਵਿੱਚੋਂ ਉਹਨਾਂ ਨੂੰ ਘੋੜਿਆਂ ਦੀ ਗਿਣਤੀ ਅਨੁਸਾਰ ਹਿੱਸਾ ਮਿਲਦਾ ਸੀ।

ਸਿੱਖ ਸਿਪਾਹੀ ਉਚਿਤ ਆਕਰਸ਼ਕ ਤੇ ਰੱਖਿਅਕ ਹਥਿਆਰਾਂ ਨਾਲ ਲੈਸ ਹੁੰਦੇ ਸਨ। ਉਹਨਾਂ ਦੇ ਹਥਿਆਰਾਂ ਵਿੱਚ ਕਿਰਪਾਨਾਂ, ਬਰਛੇ, ਖੰਡੇ, ਦੋ-ਧਾਰੀ ਖੰਜਰ, ਭਾਲੇ, ਬੰਦੂਕਾਂ, ਤਲਵਾਰ, ਤੀਰ ਤੇ ਕਮਾਨ ਸ਼ਾਮਲ ਸਨ। ਇੱਕ ਅਨੁਮਾਨ ਅਨੁਸਾਰ ਹਰੇਕ ਸਿੱਖ ਸਿਪਾਹੀ ਵੀਹ ਕਿੱਲੋ ਲੋਹੇ ਦੇ ਭਾਰ ਜਿੰਨੇ ਹਥਿਆਰ ਚੁੱਕਦਾ ਸੀ, ਪਰ ਜ਼ਿਆਦਾਤਰ ਉਹ ਕਿਰਪਾਨ (ਤੇਗ਼ਾ) ਦੀ ਵਰਤੋਂ 'ਤੇ ਦਿੰਦੇ ਸਨ, ਕਿਉਂਕਿ ਸਿੱਖ ਯੋਧਿਆਂ ਦੇ ਤਿੰਨ ਨਾਹਰੇ ਦੇਗ ਤੇਗ ਫ਼ਤਿਹ ਦੀ ਇਸ ਨਾਲ ਪੂਰਤੀ ਹੁੰਦੀ ਸੀ। ਉਹਨਾਂ ਦੀ ਵਰਦੀ ਵਿੱਚ ਪਗੜੀ (ਚੋਲੇ), ਕਮੀਜ਼, ਕਛਹਿਰਾ ਅਤੇ ਕਸਵੀਆਂ ਚੱਪਲਾਂ (ਜੁੱਤੀ) ਹੁੰਦੀਆਂ ਸਨ। ਹਰੇਕ ਘੋੜ ਸਵਾਰ ਕੋਲ ਦੋ ਕੰਬਲ਼ ਹੁੰਦੇ ਸਨ ਇੱਕ ਉਹਦੇ ਆਪਣੇ ਲਈ ਤੇ ਦੂਜਾ ਉਹਦੇ ਘੋੜੇ ਲਈ। ਸਿੱਖ ਫ਼ੌਜ ਦਾ ਝੰਡਾ ਕੇਸਰੀ ਰੰਗ ਦਾ ਹੁੰਦਾ ਸੀ, ਪਰ ਉਸ 'ਤੇ ਉਕਰੇ ਚਿੰਨ੍ਹ ਬਾਰੇ ਨਹੀਂ ਪਤਾ। ਉਹਨਾਂ ਦਾ ਜੰਗੀ ਨਾਹਰਾ ਹੁੰਦਾ ਸੀ: ਸਤਿ ਸ੍ਰੀ ਅਕਾਲ ਜਾਂ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥

ਸਿੱਖ ਮੁਖੀਆਂ ਕੋਲ ਭਾਰੀ ਤੋਪਖ਼ਾਨਾ ਨਹੀਂ ਸੀ ਹੁੰਦਾ ਅਤੇ ਬਾਅਦ ਦੇ ਸਿੱਖਾਂ ਵੱਲੋਂ ਬੰਦੂਕਾਂ ਦੀ ਵਰਤੋਂ ਤੋਂ ਵੀ ਇਹੀ ਪਤਾ ਚੱਲਦਾ ਹੈ ਕਿ ਇਹ ਉਹਨਾਂ ਵਿੱਚ ਇੰਨੀਆਂ ਮਕਬੂਲ ਜਾਂ ਲੋਕਪ੍ਰਿਯ ਨਹੀਂ ਸਨ। ਪੈਦਲ ਸੈਨਾ ਇਸ ਨੌਕਰੀ ਦਾ ਮਹੱਤਵਪੂਰਨ ਹਿੱਸਾ ਨਹੀਂ ਸੀ। ਜੰਗ ਦੇ ਸਮੇਂ ਉਹਨਾਂ ਨੂੰ ਕਿਲ੍ਹਿਆਂ ਅਤੇ ਔਰਤਾਂ ਦੀ ਰਾਖੀ ਲਈ ਛੱਡ ਦਿੱਤਾ ਜਾਂਦਾ ਸੀ।

ਮੁਗ਼ਲਾਂ ਅਤੇ ਅਫ਼ਗ਼ਾਨਾਂ ਵਿਰੁੱਧ ਲੜਨ ਵੇਲੇ ਉਹ ਆਮ ਤੌਰ 'ਤੇ ਗੁਰੀਲਾ ਯੁੱਧ ਨੂੰ ਤਰਜੀਹ ਦਿੰਦੇ ਸਨ। ਅੱਧੀ ਸਦੀ ਦੇ ਕਰੀਬ ਮੁਗ਼ਲਾਂ ਅਤੇ ਅਫ਼ਗ਼ਾਨਾਂ ਵਿਰੁੱਧ ਜ਼ਿੰਦਗੀ ਅਤੇ ਮੌਤ ਦੇ ਸੰਘਰਸ਼ ਵਿੱਚ ਉਹਨਾਂ ਨੂੰ ਇਸ ਜ਼ਮੀਨ-ਦੋਜ਼ ਅਤੇ ਅਚਾਨਕ ਰੁਕ-ਰੁਕ ਕੇ ਹਮਲੇ ਕਰਨ ਦੀ ਅਹਿਮੀਅਤ ਦਾ ਪਤਾ ਚੱਲ ਗਿਆ ਸੀ। ਤਕਰੀਬਨ ਸੌ ਸਾਲਾਂ ਤਕ ਸਿੱਖ ਗੁਰੀਲਾ ਯੁੱਧ ਕਰਦੇ ਰਹੇ। ਅਸੀਂ ਗੁਰੀਲਾ ਯੁੱਧ ਨੂੰ

ਇਸ ਤਰ੍ਹਾਂ ਪਰਿਭਾਸ਼ਿਤ ਕਰ ਸਕਦੇ ਹਾਂ ਕਿ ਲੋਕਾਂ ਦਾ ਭਿਆਨਕ ਦੁਸ਼ਮਣ ਦੇ ਖ਼ਿਲਾਫ਼ ਬਿਨਾਂ ਕਿਸੇ ਮਿਲਟਰੀ ਟ੍ਰੇਨਿੰਗ ਦੇ, ਨਿਗੂਣੇ ਹਥਿਆਰਾਂ ਨਾਲ ਅਤੇ ਬਿਨਾਂ ਤਨਖ਼ਾਹ ਤੋਂ ਘੱਟੋ-ਘੱਟ ਸੋ੍ਤਾਂ ਨਾਲ ਯੁੱਧ। ਇਸ ਵਿੱਚ ਭੁੱਖ ਝੱਲਣ ਦੀ, ਬਿਨਾਂ ਸੁੱਤੇ, ਬਿਨਾਂ ਇਨਾਮ ਦੀ ਇੱਛਾ ਰੱਖੇ ਦੁਸ਼ਮਣ 'ਤੇ ਲਗਾਤਾਰ ਤੇ ਗੁਪਤ ਤਰੀਕੇ ਨਾਲ ਝਪਟਣ ਦੀ ਇੱਛਾ ਸ਼ਕਤੀ ਹੋਣੀ ਜ਼ਰੂਰੀ ਹੈ। ਸਿੱਖ ਸਰਦਾਰ ਵਿਦੇਸ਼ੀ ਹਮਲਿਆਂ ਨੂੰ ਰੋਕਣ ਲਈ ਗੁਰੀਲਾ ਯੁੱਧ ਦੀ ਤਕਨੀਕ ਦਾ ਇਸਤੇਮਾਲ ਕਰਦੇ ਸਨ, ਜਿਸ ਦੇ ਲਈ ਉਹ ਉਹਨਾਂ ਤਕ ਪਹੁੰਚ ਰਹੀਆਂ ਰਸਦਾਂ ਜਾਂ ਅਸਲੇ ਨੂੰ ਲੁੱਟ ਲੈਂਦੇ ਸਨ। ਜਦੋਂ ਦੁਸ਼ਮਣ ਵਿਸ਼ਰਾਮ ਕਰਨ ਲਈ ਪੜਾਅ ਕਰਦਾ ਜਾਂ ਕੂਚ ਕਰਦਾ ਤਾਂ ਉਹਨਾਂ ਦੇ ਆਸ-ਪਾਸ ਮੰਡਰਾਉਂਦੇ ਰਹਿੰਦੇ ਸਨ ਤੇ ਜਦੋਂ ਦੁਸ਼ਮਣ ਮੈਦਾਨ ਛੱਡ ਕੇ ਭੱਜਦੇ ਸਨ ਤਾਂ ਉਹਨਾਂ ਦਾ ਪਿੱਛਾ ਕਰ ਕੇ ਉਹਨਾਂ 'ਤੇ ਛਾਪਾ ਮਾਰਦੇ ਸਨ। ਪਿੱਛੇ ਰਹਿ ਗਈ ਟੁਕੜੀ ਨੂੰ ਅੱਗਿਓਂ ਤੇ ਪਿੱਛੋਂ ਘੇਰ ਲੈਂਦੇ ਸਨ ਭਾਵੇਂ ਉਹ ਸੜਕੀ ਮਾਰਗ ਹੋਵੇ ਜਾਂ ਦਰਿਆ ਹੋਵੇ। ਕਈ ਵਾਰ ਉਹ ਅਚਾਨਕ ਹਮਲਾ ਬੋਲ ਕੇ ਦੁਸ਼ਮਣ ਦੀ ਫ਼ੌਜ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਿੱਚ ਸਫ਼ਲ ਹੋ ਜਾਂਦੇ ਸਨ। ਉਹਨਾਂ ਦੀ ਰਣਨੀਤੀ ਹੁੰਦੀ ਸੀ ਮਾਰ ਕੇ ਭੱਜ ਜਾਣਾ, ਜਿਸ ਨੂੰ ਉਹ ਢਾਈ ਫੁੱਟ ਕਹਿੰਦੇ ਸਨ। ਰਤਨ ਸਿੰਘ ਭੰਗੂ ਇਸ ਯੁੱਧਨੀਤੀ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ, "ਸਿਆਣੇ ਤੇ ਅਨੁਭਵੀ ਸਿੱਖ ਲੜਾਕਿਆਂ ਦਾ ਇਹ ਮੱਤ ਸੀ ਕਿ ਜੰਗ ਵਿੱਚ ਢਾਈ ਚਾਲਾਂ ਹੁੰਦੀਆਂ ਹਨ। ਤੇਜ਼ੀ ਨਾਲ ਹਨੇਰੀ ਵਾਂਗ ਦੁਸ਼ਮਣ 'ਤੇ ਹਮਲਾ ਕਰਨਾ ਅਤੇ ਫਿਰ ਪਿੱਛੇ ਹਟਣਾ ਇਹ ਦੋ ਚਾਲਾਂ ਹਨ ਅਤੇ ਵਾਰ ਕਰਨਾ ਅੱਧੀ ਚਾਲ ਹੈ। ਗੁਰੂ ਸਾਹਿਬ ਨੇ ਸਾਨੂੰ ਇਹੀ ਸਿਖਾਇਆ ਸੀ ਕਿ ਹਮਲਾ ਕਰ ਕੇ ਭੱਜ ਜਾਓ ਤੇ ਫਿਰ ਲੜਨ ਲਈ ਵਾਪਸ ਆਓ। ਇਹ ਇੱਕ ਵਧੀਆ ਰਣਨੀਤੀ ਹੈ। ਗੁਰੂ ਸਾਹਿਬ ਦੀ ਇਹੀ ਤਰੀਕਾ ਅਪਣਾਉਂਦੇ ਸਨ ਅਤੇ ਇਸ ਵਿੱਚ ਕੋਈ ਜ਼ਲਾਲਤ ਤੇ ਬੇਇੱਜ਼ਤੀ ਨਹੀਂ ਹੈ।

ਸਿੱਖ ਮਿਸਲਾਂ ਦੀ ਫ਼ੌਜੀ ਸ਼ਕਤੀ ਦਾ ਵੱਖ-ਵੱਖ ਤਰ੍ਹਾਂ ਨਾਲ ਅਨੁਮਾਨ ਲਗਾਇਆ ਜਾਂਦਾ ਸੀ। ਅਲੈਗਜ਼ੈਂਡਰ ਡਿਊ ਲਿਖਦਾ ਹੈ ਕਿ ਸਿੱਖਾਂ ਕੋਲ 1768 ਵਿੱਚ 60000 ਵਧੀਆ ਘੋੜੇ ਸਨ। ਇੱਕ ਹੋਰ ਲੇਖਕ ਲਿਖਦਾ ਹੈ ਕਿ 1772 ਈ. ਉਸ ਨੇ ਛੇ ਮਿਸਲਾਂ ਦੀ ਗਿਣਤੀ ਇਸ ਪ੍ਰਕਾਰ ਕੀਤੀ ਹੈ : (1) ਭੰਗੀ ਮਿਸਲ ਕੋਲ 10000, (2) ਡੱਲੇਵਾਲੀ ਮਿਸਲ ਕੋਲ 1500, (13) ਕਰੋੜ ਸਿੰਘੀਆ ਮਿਸਲ ਕੋਲ 12000, (4) ਨਿਸ਼ਾਨਾਂ ਵਾਲੀ ਮਿਸਲ ਕੋਲ 12000, (5) ਫੂਲਕੀਆ ਸਟੇਟ (ਰਿਆਸਤ) ਕੋਲ 5000, (6) ਸ਼ਹੀਦਾਂ ਦੀ ਮਿਸਲ ਕੋਲ 2000। ਇਸ ਅਨੁਸਾਰ ਮਿਸਲਾਂ ਕੋਲ 48500 ਘੋੜੇ ਸਨ।

Geroge Forster ਲਿਖਦਾ ਹੈ ਕਿ 1783 ਵਿੱਚ ਸਿੱਖ ਮਿਸਲਾਂ ਕੋਲ ਜਦੋਂ ਉਹ ਇਕੱਠੇ ਹੁੰਦੇ ਸਨ ਤਾਂ ਉਹਨਾਂ ਕੋਲ 2,00,000 ਘੋੜੇ ਹੁੰਦੇ ਸਨ, ਉਹਨਾਂ ਦੀ ਘੋੜ-ਸਵਾਰਾਂ ਦੀ ਫ਼ੌਜ ਹਿੰਦੁਸਤਾਨ ਦੀ ਕਿਸੇ ਵੀ ਵੱਡੀ ਤਾਕਤ ਨਾਲੋਂ ਜ਼ਿਆਦਾ

ਤੇ ਤਾਕਤਵਰ ਸੀ। ਜੇਮਜ਼ ਬਰਾਊਨ (James Browne)1785 ਵਿੱਚ ਇੱਕ ਅਨੁਮਾਨ ਪੇਸ਼ ਕਰਦਾ ਹੈ ਕਿ ਸਿਰਫ਼ ਸਤਲੁਜ ਦੇ ਸਿੱਖ ਸਰਦਾਰਾਂ ਕੋਲ 18225 ਘੋੜੇ ਅਤੇ 6075 ਪੈਦਲ ਸਿਪਾਹੀ ਸਨ। ਕੁੱਲ ਮਿਲਾ ਕੇ 24300 ਅਤੇ ਉਹਨਾਂ ਦੀ ਪੂਰੀ ਤਾਕਤ ਟਰਾਂਸ ਸਤਲੁਜ ਸਿੱਖਾਂ ਕੋਲ 73,150 ਘੋੜੇ ਅਤੇ 25050 ਪੈਦਲ ਸਿਪਾਹੀ ਸਨ। ਕੁੱਲ ਫ਼ੌਜ 98200 ਸੀ। William Franklin 'The Sikhs and their country' ਵਿੱਚ ਲਿਖਦਾ ਹੈ ਕਿ 1793-94 ਵਿੱਚ ਸਿੱਖ ਫ਼ੌਜ ਦੀ ਕੁੱਲ ਗਿਣਤੀ 2,48,000 ਸੀ। ਇਸੇ ਤਰ੍ਹਾਂ ਹੀ A.L.H. Polier ਆਪਣੀ ਪੁਸਤਕ An Accountants of the Sikhs Reproduced in Early European Accounts of Sikhs (ed) Gardee Sinyl P-61 'ਤੇ ਲਿਖਦਾ ਹੈ ਕਿ ਸਿੱਖ ਫ਼ੌਜ ਕੋਲ ਘੋੜਿਆਂ ਦੀ ਗਿਣਤੀ 200000 ਸੀ। ਇਹ ਸੱਚਮੁੱਚ ਇੱਕ ਭਿਆਨਕ ਗਿਣਤੀ ਸੀ। Henery Prinsep ਆਪਣੀ ਪੁਸਤਕ Origin of the Sikh Power in Punjab and Political life of Ranjit Singh P 29-32 'ਤੇ ਹਰ ਇੱਕ ਮਿਸਲ ਦੀ ਫ਼ੌਜ ਦੀ ਗਿਣਤੀ ਇਸ ਤਰ੍ਹਾਂ ਪ੍ਰਸਤੁਤ ਕਰਦਾ ਹੈ :

| | | |
|---|---|---|
| 1. | ਭੰਗੀ ਮਿਸਲ | 10000 |
| 2. | ਰਾਮਗੜ੍ਹੀਆ ਮਿਸਲ | 3000 |
| 3. | ਕਨ੍ਹਈਆ ਮਿਸਲ | 8000 |
| 4. | ਆਹਲੂਵਾਲੀਆ ਮਿਸਲ | 2000 |
| 5. | ਨਕਈ ਮਿਸਲ | 3000 |
| 6. | ਡੱਲੇਵਾਲੀਆ ਮਿਸਲ | 7500 |
| 7. | ਨਿਸ਼ਾਨ ਵਾਲੀ ਮਿਸਲ | 12000 |
| 8. | ਫ਼ੈਜ਼ਲਪੁਰੀਆ ਮਿਸਲ | 2500 |
| 9. | ਕਰੋੜਸਿੰਘੀਆ ਮਿਸਲ | 12000 |
| 10. | ਸ਼ਹੀਦ ਮਿਸਲ | 2000 |
| 11. | ਸ਼ੁਕਰਚੱਕੀਆ ਮਿਸਲ | 5000 |
| 12. | ਫੂਲਕੀਆ ਮਿਸਲ | 2500 |
| | ਕੁੱਲ ਗਿਣਤੀ | 69,500 |

**ਗੁਰਮਤਾ :** ਸ਼ਬਦ ਗੁਰਮਤਾ ਦੋ ਸ਼ਬਦਾਂ ਦਾ ਸ਼ਬਦ-ਜੋੜ ਹੈ: ਇੱਕ ਗੁਰੂ ਹੈ ਅਤੇ ਦੂਜਾ ਮਤਾ। ਗੁਰਮਤ ਅਨੁਸਾਰ ਕੀਤਾ ਹੋਇਆ ਮੰਤ੍ਰ, ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਅਰੰਭ ਕਰਨ ਤੋਂ ਪਹਿਲਾਂ ਦੀਵਾਨ ਦੀ ਸਲਾਹ ਕਰਦੇ ਸਨ। ਜੋ ਗੁਰਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ ਗੁਰਮਤਾ

ਕਿਹਾ ਜਾਂਦਾ ਸੀ ਜੋ ਗੁਰਮਤਿ ਦੇ ਵਿਰੁੱਧ ਕੋਈ ਕਰਮ ਕਰੇ, ਉਹ ਤਨਖ਼ਾਹੀਆ ਹੁੰਦਾ ਸੀ। ਖ਼ਾਲਸੇ ਦੇ ਗੁਰਮਤੇ ਅਕਾਲ ਬੁੰਗੇ (ਅਕਾਲ ਤਖ਼ਤ) ਸਾਹਿਬ ਦੇ ਦੀਵਾਨ ਵਿੱਚ ਖ਼ਾਸ ਕਰ ਕੇ ਹੋਲੇ ਮਹੱਲੇ ਦੇ ਸਮੇਂ ਤਖ਼ਤ ਕੇਸਗੜ੍ਹ ਹੋਇਆ ਕਰਦੇ ਸਨ। ਗੁਰਮਤੇ ਲਈ ਜਾਤੀ ਵੈਰ-ਵਿਰੋਧ ਦੂਰ ਕਰ ਕੇ ਸਿੰਘ ਦੀਵਾਨ ਵਿੱਚ ਬੈਠਿਆ ਕਰਦੇ ਸਨ।

ਗੁਰਮਤਾ ਸਿੱਖਾਂ ਦੀ ਇੱਕ ਤਾਕਤ ਸੀ। ਖ਼ਾਲਸਾਪੰਥ ਅਕਾਲ ਤਖ਼ਤ ਸਾਹਿਬ 'ਤੇ ਸਾਲ ਵਿੱਚ ਦੋ ਵਾਰ ਇਕੱਤਰ ਹੁੰਦੇ ਸਨ, ਇੱਕ ਦੀਵਾਲੀ 'ਤੇ ਦੂਜੀ ਵਾਰ ਵਿਸਾਖੀ 'ਤੇ। ਇਹਨਾਂ ਜੋੜ ਮੇਲਿਆਂ 'ਤੇ ਸਿੱਖ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਹਜ਼ੂਰੀ ਵਿੱਚ ਪੰਥਕ ਮਸਲੇ ਵਿਚਾਰੇ ਜਾਂਦੇ ਸਨ ਤੇ ਇਹ ਮਸਲੇ ਪੰਜ ਪਿਆਰਿਆਂ ਦੀ ਹਜ਼ੂਰੀ ਵਿੱਚ ਲਏ-ਵਿਚਾਰੇ ਜਾਂਦੇ ਸਨ। ਇਸ ਨੂੰ ਗੁਰਮਤਾ ਕਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਿੱਖਾਂ ਨੂੰ ਇਹੀ ਆਗਿਆ ਕੀਤੀ ਸੀ ਕਿ ਉਹ ਪੰਥਕ ਮਸਲਿਆਂ 'ਤੇ ਗੁਰਮਤਾ ਕਰਿਆ ਕਰਨ। ਸਭ ਤੋਂ ਪਹਿਲਾ ਗੁਰਮਤਾ ਚਮਕੌਰ ਸਾਹਿਬ ਹੋਇਆ। ਸਿੱਖਾਂ ਨੇ ਅਠ੍ਹਾਰਵੀਂ ਸਦੀ ਵਿੱਚ ਗੁਰਮਤੇ ਨੂੰ ਬਹੁਤ ਅਹਿਮੀਅਤ ਦਿੱਤੀ ਤੇ ਸਾਰੇ ਮਸਲੇ ਅਕਾਲ ਤਖ਼ਤ ਤੋਂ ਹੀ ਗੁਰਮਤਾ ਕਰ ਕੇ ਸੁਲਝਾਏ ਜਾਂਦੇ ਸਨ। ਇਹ ਗੁਰਮਤਾ ਸਿੱਖਾਂ ਦੀ ਇੱਕ ਕੌਮੀ ਸ਼ਕਤੀ ਸੀ।

ਸੰਨ 1745 ਤੋਂ ਲੈ ਕੇ 1748 ਦੇ ਸਾਲਾਂ ਦਾ ਸਮਾਂ ਗੜਬੜੀ ਵਾਲਾ ਸੀ। ਇਸੇ ਸਮੇਂ ਵਿੱਚ ਸਿੰਘਾਂ ਨੇ ਆਪਣੇ ਆਪ ਨੂੰ ਮੁੜ ਕੇ ਜਥੇਬੰਦ ਕਰ ਲਿਆ ਸੀ। ਪਹਿਲਾਂ 1733-34 ਦੇ ਸਾਲਾਂ ਦੌਰਾਨ ਨਵਾਬ ਕਪੂਰ ਸਿੰਘ ਨੇ ਖ਼ਾਲਸੇ ਦੀ ਸਮੁੱਚੀ ਸ਼ਕਤੀ ਨੂੰ ਦੋ ਭਾਗਾਂ— ਬੁੱਢਾ ਦਲ ਤੇ ਤਰੁਣਾ ਦਲ ਵਿੱਚ ਜਿਸ ਤਰ੍ਹਾਂ ਵੰਡਿਆ ਸੀ, ਉਸ ਦੇ ਵਧੀਆ ਨਤੀਜੇ ਆਏ ਸਨ। ਤਰੁਣਾ ਦਲ ਦੇ ਸਿੰਘਾਂ ਦੀ ਲੜਾਈ ਦੇ ਮੈਦਾਨ ਵਿੱਚ ਸਰਗਰਮੀ ਨੇ ਗਿਣਤੀ ਛੇਤੀ ਹੀ ਬਹੁਤ ਵਧਾ ਦਿੱਤੀ। ਇਸ ਕਰ ਕੇ ਇਸ ਨੂੰ ਮੁੜ ਜਥੇਬੰਦ ਕਰਨ ਦੀ ਜ਼ਰੂਰਤ ਸੀ। ਇਸ ਜ਼ਰੂਰਤ ਨੂੰ ਪੰਜ ਜਥਿਆਂ ਵਿੱਚ ਵੰਡ ਕੇ ਪੂਰਾ ਕੀਤਾ ਗਿਆ, ਪਰ ਕੁਝ ਅਰਸੇ ਬਾਅਦ ਇਹਨਾਂ ਪੰਜ ਜਥਿਆਂ ਦੀ ਸੰਖਿਆ ਵੀ ਬਹੁਤ ਵਧ ਗਈ ਸੀ ਅਤੇ ਇਹਨਾਂ ਨੂੰ ਵੀ ਪੁਨਰ-ਜਥੇਬੰਦ ਕਰਨ ਦੀ ਲੋੜ ਪਈ।

ਸਿੱਖ ਲੀਡਰਸ਼ਿਪ ਆਪਣੇ ਹਰ ਮਸਲੇ ਦੇ ਹੱਲ ਲਈ ਸਿਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਤੋਂ ਹੀ ਸੇਧ ਲੈਂਦੀ ਸੀ। ਇਸ ਕਰ ਕੇ ਇਸ ਸਮੇਂ ਦੌਰਾਨ ਖ਼ਾਲਸੇ ਦੀ ਲੀਡਰਸ਼ਿਪ ਨੇ ਸਾਲ ਵਿੱਚ ਦੋ ਮੌਕੇ ਕਰ ਰੱਖੇ ਸਨ, ਜਿਨ੍ਹਾਂ 'ਤੇ ਉਹ ਅਕਾਲ ਤਖ਼ਤ ਸਾਹਿਬ ਉੱਪਰ ਇਕੱਠੇ ਹੁੰਦੇ ਸਨ। ਇਹ ਮੌਕੇ ਵਿਸਾਖੀ ਤੇ ਦੀਵਾਲੀ ਸਨ। (ਇਹ ਅਸੀਂ ਪਿੱਛੇ ਵੀ ਲਿਖ ਆਏ ਹਾਂ।)

1746 ਦੀ ਦੀਵਾਲੀ ਦੇ ਮੌਕੇ 'ਤੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖ਼ਾਲਸਾ ਦੇ ਰੂਪ ਵਿੱਚ ਇਕੱਠੇ ਹੋਏ। ਇਸ ਸਮਾਗਮ ਵਿੱਚ ਸਭ ਖਿੰਡੇ-ਪੁੰਡੇ ਜਥਿਆਂ ਨੂੰ 25 ਜਥਿਆਂ ਵਿੱਚ ਜਥੇਬੰਦ ਕਰਨ ਦਾ ਗੁਰਮਤਾ ਪਾਸ ਕੀਤਾ ਗਿਆ। ਫੇਰ 30

ਮਾਰਚ, 1747 ਨੂੰ ਸਮੂਹ ਜਥੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ ਅਤੇ ਗੁਰਮਤਾ ਕੀਤਾ ਕਿ ਖ਼ਾਲਸੇ ਨੂੰ ਇੱਕ ਕਿਲ੍ਹਾ-ਨੁਮਾ ਗੜ੍ਹੀ ਉਸਾਰ ਲੈਣੀ ਚਾਹੀਦੀ ਹੈ, ਜਿੱਥੇ ਉਹ ਆਪਣਾ ਜੰਗੀ ਸਮਾਨ ਅਤੇ ਅਨਾਜ ਇਕੱਠਾ ਕਰ ਸਕਣ। ਇਸ ਤੋਂ ਇਲਾਵਾ ਮੀਰ ਮਨੂੰ ਦੀ ਮਦਦ ਕਰਨ ਦਾ ਗੁਰਮਤਾ ਵੀ ਹੋਇਆ। ਤੈਮੂਰ 'ਤੇ ਹਮਲਾ ਕਰਨ ਦਾ ਗੁਰਮਤਾ ਹੋਇਆ। ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ 7 ਨਵੰਬਰ, 1760 ਨੂੰ ਹੋਇਆ। ਅਬਦਾਲੀ ਦੇ ਸਹਾਇਕ ਨੂੰ ਮਾਰਨ ਦਾ ਗੁਰਮਤਾ 1761 ਨੂੰ ਹੋਇਆ। ਘੱਲੂਘਾਰੇ ਦਾ ਬਦਲਾ ਲੈਣ ਦਾ ਗੁਰਮਤਾ ਹੋਇਆ। ਬ੍ਰਾਹਮਣ ਦੀ ਬਾਹਮਣੀ ਨੂੰ ਛੁਡਾਉਣ ਦਾ ਗੁਰਮਤਾ ਹੋਇਆ। ਇਸ ਤਰ੍ਹਾਂ ਕਈ ਗੁਰਮਤੇ ਸਮੇਂ-ਸਮੇਂ 'ਤੇ ਹੁੰਦੇ ਰਹੇ।